# ਅਮਰ-ਕਵੀ ਗੁਰੂ ਅਮਰਦਾਸ
# (GURU AMAR DAS—THE POET)

ਪੰਜਾਬ ਯੂਨੀਵਰਸਿਟੀ ਦੀ ਪੀ-ਐਚ. ਡੀ. ਡਿਗਰੀ ਲਈ
ਪੇਸ਼ ਕੀਤਾ ਗਿਆ ਸ਼ੋਧ-ਪ੍ਰਬੰਧ
ਮਈ ੧੯੬੮


ਨਿਰਦੇਸ਼ਕ :
ਡਾ: ਸੁਰਿੰਦਰ ਸਿੰਘ ਕੋਹਲੀ,
ਅਧਿਅਕਸ਼, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ

ਸ਼ੋਧ ਕਰਤਾ :
ਬਲਬੀਰ ਸਿੰਘ ਦਿਲ,
ਅਧਿਅਕਸ਼, ਪੰਜਾਬੀ ਵਿਭਾਗ,
ਗੌਰਮਿੰਟ ਕਾਲਿਜ,
ਚੰਡੀਗੜ੍ਹ

# ਭੂਮਿਕਾ

ਗਿਆਰ੍ਹਾਂ-ਬਾਰ੍ਹਾਂ ਸਾਲ ਹੋਏ, ਜਦੋਂ ਆਦਿ-ਗ੍ਰੰਥ ਦੀ ਬੀੜ ਖ਼ਰੀਦ ਕੇ ਅਸਾਂ ਘਰ ਵਿੱਚ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ । ਸ਼ੁਰੂ ਸ਼ੁਰੂ ਵਿੱਚ ਸ਼ਰਧਾ-ਭਾਵ ਪ੍ਰਬਲ ਸੀ ਅਤੇ ਵੱਧ ਤੋਂ ਵੱਧ ਪੱਤਰੇ ਸਰਲ-ਪਾਠ ਕਰ ਸਕਣ ਵਿੱਚ ਹੀ ਕੁਝ ਖ਼ੁਸ਼ੀ ਮਿਲ ਜਾਂਦੀ ਸੀ, ਪਰ ਜਲਦੀ ਹੀ ਮਨ ਵਿੱਚ ਵਿਚਾਰ ਦਾ ਫੁਰਨਾ ਫੁਰਿਆ ਅਤੇ ਗੁਰਬਾਣੀ ਦੇ ਅਰਥਾਂ ਨੂੰ ਸਮਝਣ ਲਈ "ਸ਼ਬਦਾਰਥ"[1] ਦੀਆਂ ਪੋਥੀਆਂ ਤੋਂ ਛੁੱਟ ਮਹਾਨ-ਕੋਸ਼( ਰਚਿਤ ਭਾਈ ਕਾਹਨ ਸਿੰਘ)[2], ਗੁਰੂ-ਗ੍ਰੰਥ ਕੋਸ਼( ਰਚਿਤ ਭਾਈ ਵੀਰ ਸਿੰਘ)[3] ਅਤੇ ਗੁਰਬਾਣੀ ਦੇ ਅਨੇਕਾਂ ਟੀਕਿਆਂ ਨੂੰ ਵਾਚਣ ਦਾ ਸਮਾਂ ਮਿਲ ਗਿਆ । ਇਸੇ ਪ੍ਰਸੰਗ ਵਿੱਚ ਸਿੱਖ-ਧਰਮ ਜਾਂ ਗੁਰਮਤਿ ਦੀ ਵਿਆਖਿਆ ਬਾਰੇ ਲਿਖੇ ਕਈ ਵਿਦਵਾਨਾਂ ਦੇ ਗ੍ਰੰਥ, ਪੁਸਤਕਾਂ ਅਤੇ ਟ੍ਰੈਕਟ ਸਾਡੀ ਨਜ਼ਰ ਵਿੱਚੋਂ ਲੰਘਦੇ ਰਹੇ ਹਨ।

ਪਰ ਗੁਰੂ ਅਮਰਦਾਸ ਦੀ ਕਾਵਿ-ਕਲਾ ਬਾਰੇ ਸ਼ੋਧ-ਪ੍ਰਬੰਧ ਲਿਖਣ ਦੀ ਪ੍ਰੇਰਨਾ ਪਿਛਲੇ ਪੰਜਾਂ ਕੁ ਸਾਲਾਂ ਤੋਂ ਹੋਈ । ਇਸ ਪ੍ਰੇਰਨਾ ਦਾ ਭੇਤ ਇਹੋ ਹੈ, ਕਿ ਗੁਰੂ ਅਮਰਦਾਸ ਦੀ ਬਾਣੀ ਬਾਰੇ ਕਿਸੇ ਭੀ ਵਿਦਵਾਨ ਨੇ 1963 ਦੇ ਆਰੰਭ ਤਕ( ਜਦੋਂ ਇਸ ਸ਼ੋਧ-ਪ੍ਰਬੰਧ ਨਾਲ ਸੰਬੰਧਿਤ ਵਿਸ਼ਾ ਚੁਣ ਕੇ ਪੰਜਾਬ ਯੂਨੀਵਰਸਿਟੀ ਨੂੰ ਪ੍ਰਾਰਥਨਾ ਪੱਤਰ ਭੇਜਿਆ ਗਿਆ) ਕੋਈ ਭੀ ਵਰਣਨ-ਯੋਗ ਕੰਮ ਨਹੀਂ ਸੀ ਕੀਤਾ। ਪ੍ਰਸਿਧ ਵਿਦਵਾਨਾਂ ਅਤੇ ਨੌਜੁਆਨ ਰੀਸਰਚ-ਸਕਾਲਰਾਂ ਦੀ ਰੁਚੀ ਆਮ ਕਰਕੇ ਗੁਰੂ ਨਾਨਕ ਦੀ ਰਚਨਾ ਬਾਰੇ ਖੋਜ ਕਰਨ ਵਲ ਹੀ ਰਹੀ ਹੈ। ਗੁਰੂ ਨਾਨਕ ਦੀ ਬਾਣੀ ਮੈਨੂੰ ਭੀ ਬਹੁਤ ਟੁੰਬਦੀ ਹੈ, ਪਰ ਕਿਉਂਕਿ ਗੁਰੂ ਨਾਨਕ ਬਾਰੇ ਕਾਫੀ ਖੋਜ ਹੋ ਚੁੱਕੀ ਸੀ ਅਤੇ ਗੁਰੂ ਅਮਰਦਾਸ ਦੀ ਬਾਣੀ ਵਲ ਵਿਦਵਾਨਾਂ ਦਾ ਧਿਆਨ ਘੱਟ ਸੀ, ਸੋ ਮੈਂ ਆਦਿ-ਗ੍ਰੰਥ ਨਾਲ ਸੰਬੰਧਿਤ ਕਵੀਆਂ ਵਿੱਚੋਂ ਗੁਰੂ ਅਮਰਦਾਸ ਦੀ ਬਾਣੀ ਦਾ ਡੂੰਘਾ ਅਧਿਅਨ ਕਰਨਾ ਹੀ ਯੋਗ ਸਮਝਿਆ ।

ਇੱਥੇ ਇਹ ਸੰਕੇਤ ਕਰਨਾ ਅਯੋਗ ਨਹੀਂ ਹੋਵੇਗਾ, ਕਿ ਆਦਿ-ਗ੍ਰੰਥ ਵਿੱਚ ਗੁਰੂ ਅਮਰਦਾਸ ਦੀ ਬਾਣੀ ਗੁਰੂ ਅਰਜਨ ਅਤੇ ਗੁਰੂ ਨਾਨਕ ਤੋਂ ਪਿੱਛੋਂ ਆਕਾਰ ਵਿੱਚ ਬਾਕੀ ਦੇ ਸਭਨਾਂ ਗੁਰੂ-ਕਵੀਆਂ ਅਤੇ ਭਗਤਾਂ ਨਾਲੋਂ ਵਧੀਕ ਹੁੰਦੇ ਹੋਇਆਂ ਭੀ ਕਿਸੇ ਵਿਦਵਾਨ ਨੂੰ ਗੁਰੂ ਅਮਰਦਾਸ ਦੀ ਕਵਿਤਾ ਬਾਰੇ ਡੂੰਘੀ-ਖੋਜ ਕਰਨ ਦੀ ਅਜੇ ਤਕ ਵਿਹਲ ਨਹੀਂ ਮਿਲੀ। ਇੱਥੋਂ ਤਕ, ਕਿ ਭਾਸ਼ਾ-ਵਿਭਾਗ( ਪੰਜਾਬ) ਵਲੋਂ ਜਿੱਥੇ ਗੁਰੂ ਨਾਨਕ, ਗੁਰੂ ਅਰਜਨ ਅਤੇ ਗੁਰੂ ਰਾਮਦਾਸ ਆਦਿਕ ਗੁਰੂਆਂ ਦੀ ਬਾਣੀ ਵੱਖੋ ਵੱਖਰੀਆਂ ਸੈਂਚੀਆਂ( ਦੇਵਨਾਗਰੀ-ਲਿੱਪੀ) ਵਿੱਚ ਕਈ ਸਾਲਾਂ ਤੋਂ ਛਪ ਚੁੱਕੀ ਹੈ, ਉਥੇ ਗੁਰੂ ਅਮਰਦਾਸ ਦੀ ਬਾਣੀ

---

1. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ( ਚਾਰ ਜਿਲਦਾਂ)- ਇਸ ਸ਼ੋਧ-ਪ੍ਰਬੰਧ ਵਿੱਚ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਸ਼ਬਦਾਰਥ ਦੀਆਂ ਚਹੁੰ-ਜਿਲਦਾਂ( ਪਹਿਲੀ ਪੋਥੀ, 1944, ਦੂਜੀ ਪੋਥੀ, 1945, ਤੀਜੀ ਪੋਥੀ, 1956 ਅਤੇ ਚੌਥੀ ਪੋਥੀ, 1957) ਦੇ ਆਧਾਰ ਉਤੇ ਦਿੱਤੇ ਗਏ ਹਨ।
2. ਭਾਈ ਕਾਹਨ ਸਿੰਘ ਰਚਿਤ ਮਹਾਨ-ਕੋਸ਼( ਦੂਜੀ ਐਡੀਸ਼ਨ), 1960, ਪ੍ਰਕਾਸ਼ਕ: ਭਾਸ਼ਾ ਵਿਭਾਗ( ਪਟਿਆਲਾ)
3. ਗੁਰੂ ਗ੍ਰੰਥ-ਕੋਸ਼..............ਪ੍ਰਕਾਸ਼ਕ: ਖਾਲਸਾ ਸਮਾਚਾਰ( ਅੰਮ੍ਰਿਤਸਰ)।

(ਭਾਸ਼ਾ-ਵਿਭਾਗ ਦੀ ਇਕ ਦਫ਼ਤਰੀ-ਲਿਖਤ ਅਨੁਸਾਰ) ਅਪ੍ਰੈਲ 1968 ਤਕ ਭੀ ਨਹੀਂ ਛਪ ਸਕੀ। ਇਸੇਤਰ੍ਹਾਂ ਗੁਰੂ ਨਾਨਕ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਆਦਿਕ ਗੁਰੂ-ਕਵੀਆਂ ਤੋਂ ਛੁੱਟ, ਭਾਈ ਗੁਰਦਾਸ, ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁੱਲੇ-ਸ਼ਾਹ, ਵਾਰਸ-ਸ਼ਾਹ(ਦੋ ਵਾਰੀ) ਅਤੇ ਦਮੋਦਰ ਤਕ ਅਨੇਕਾਂ ਕਵੀਆਂ ਬਾਰੇ "ਪੰਜਾਬੀ ਦੁਨੀਆਂ" ਦੇ ਵਿਸ਼ੇਸ਼-ਅੰਗ ਨਿਕਲ ਚੁੱਕੇ ਹਨ। ਕਈ ਹੋਰ ਮਾਸਕ-ਪੱਤਰਾਂ ਦੇ ਸੰਪਾਦਕਾਂ ਨੇ ਆਧੁਨਿਕ-ਕਾਲ ਦੇ ਕਵੀਆਂ ਬਾਰੇ ਭੀ ਵਿਸ਼ੇਸ਼-ਅੰਕ ਕੱਢੇ ਹਨ, ਪਰ ਗੁਰੂ ਅਮਰਦਾਸ ਵਰਗੇ ਮਹਾਨ ਕਵੀ ਬਾਰੇ ਅਜੇ ਤਕ ਕਿਸੇ ਭੀ ਪਰਚੇ ਦੇ ਸੰਪਾਦਕ ਨੂੰ ਵਿਸ਼ੇਸ਼-ਅੰਕ ਕੱਢਣ ਦਾ ਖਿਆਲ ਨਹੀਂ ਆਇਆ। ਸੋ ਇਸ ਸ਼ੋਧ-ਪ੍ਰਬੰਧ ਰਾਹੀਂ ਪੰਜਾਬੀ ਖੋਜ ਦੇ ਖੇਤਰ ਵਿੱਚ ਪਏ ਇਕ ਖੱਪੇ ਨੂੰ ਪੂਰਾ ਕੀਤਾ ਗਿਆ ਹੈ।

ਗੁਰੂ ਅਮਰਦਾਸ ਦੀ ਬਾਣੀ ਦੇ ਸਾਰੇ ਪੱਖਾਂ ਬਾਰੇ ਭਰਪੂਰ-ਖੋਜ ਪਹਿਲੀ ਵਾਰ ਇਸੇ ਸ਼ੋਧ-ਪ੍ਰਬੰਧ ਰਾਹੀਂ ਹੋਈ ਹੈ। ਵੈਸੇ ਸਾਡੇ ਤੋਂ ਪਹਿਲਾਂ ਜਿਹੜਾ ਥੋੜ੍ਹਾ ਬਹੁਤ ਕੰਮ ਹੋਇਆ ਹੈ, ਉਸ ਵਲ ਭੀ ਸੰਕੇਤ ਕਰਨਾ ਜ਼ਰੂਰੀ ਹੈ। ਜਿੱਥੋਂ ਤਕ ਪ੍ਰਾਚੀਨ ਇਤਿਹਾਸਕਾਰਾਂ ਦਾ ਸੰਬੰਧ ਹੈ, ਗੁਰੂ ਅਮਰਦਾਸ ਦੇ ਜੀਵਨ-ਚਮਤਕਾਰਾਂ ਬਾਰੇ ਕੁਝ ਇਕ ਸਾਖੀਆ ਅਤੇ ਉਨ੍ਹਾਂ ਦੀ ਬਾਣੀ ਦੀ ਵਿਆਖਿਆ ਬਾਰੇ ਕੁਝ ਇਕ ਗੋਸ਼ਟਾਂ ਭੀ ਮਿਲਦੀਆਂ ਹਨ। ਬਹੁਤੀਆਂ ਗੋਸ਼ਟਾਂ ਮਿਹਰਬਾਨ-ਸਕੂਲ ਨਾਲ ਸੰਬੰਧਤ ਹਨ। ਸੈਂਟਰਲ ਪਬਲਿਕ ਲਾਇਬ੍ਰੇਰੀ (ਪਟਿਆਲਾ)[1] ਵਿੱਚ ਇਕ ਬਹੁਤ ਪੁਰਾਣੇ ਖਰੜੇ(1740 ਬਿਕ੍ਰਮੀ ਜਾਂ 1683 ਈਸਵੀ) ਵਿੱਚ ਗੁਰੂ ਅਮਰਦਾਸ ਦੀਆਂ ਤਿੰਨ ਗੋਸ਼ਟਾਂ ਭੀ ਸੰਭਾਲੀਆਂ ਪਈਆਂ ਹਨ। ਵੈਸੇ ਪ੍ਰੋ:ਪ੍ਰੀਤਮ ਸਿੰਘ ਦੀ ਜ਼ਾਤੀ-ਲਾਇਬ੍ਰੇਰੀ ਵਿੱਚ ਭੀ ਮਿਹਰਬਾਨ-ਸਕੂਲ ਨਾਲ ਸੰਬੰਧਤ ਗੋਸ਼ਟਾਂ ਦਾ ਇਕ ਖਰੜਾ ਹੈ, ਜੋ ਭਾਸ਼ਾ-ਵਿਭਾਗ(ਪਟਿਆਲਾ) ਵਲੋਂ ਛਪੀ "ਹੱਥ-ਲਿਖਤਾਂ ਦੀ ਸੂਚੀ"[2] ਅਨੁਸਾਰ ਲਗਪਗ ਸੌ ਕੁ ਵਰ੍ਹਾ ਪੁਰਾਣਾ ਹੈ। ਇਨ੍ਹਾਂ ਸਾਖੀਆਂ ਅਤੇ ਗੋਸ਼ਟਾਂ ਤੋਂ ਛੁੱਟ ਕਵੀ ਸਰੂਪਦਾਸ ਭੱਲਾ[3] ਰਚਿਤ "ਮਹਿਮਾ ਪ੍ਰਕਾਸ਼" ਸਾਡੇ ਸਾਹਮਣੇ ਹੈ। ਅਸਾਂ ਮਹਿਮਾ-ਪ੍ਰਕਾਸ਼ ਦੇ ਤਿੰਨੇ ਦੁਰਲੱਭ-ਖਰੜੇ[3] ਚੰਗੀ ਤਰ੍ਹਾਂ ਵੇਖੇ ਹਨ ਅਤੇ ਗੁਰੂ ਅਮਰਦਾਸ ਦੇ ਜੀਵਨ-ਚਮਤਕਾਰਾਂ ਬਾਰੇ ਸੰਬੰਧਤ ਖਰੜਿਆਂ ਵਿੱਚੋਂ ਜਿੱਥੇ ਕਾਫੀ ਲਾਭ ਉਠਾਇਆ ਹੈ, ਉਥੇ ਕਈ ਗੁਰਮਤਿ-ਵਿਰੋਧੀ ਸਾਖੀਆਂ ਉੱਤੇ ਆਲੋਚਨਾ ਭੀ ਕੀਤੀ ਹੈ। ਪ੍ਰਾਚੀਨ ਰਚਨਾਵਾਂ ਵਿੱਚੋਂ ਦੂਜੀ ਮਹਾਨ ਰਚਨਾ ਕਵੀ ਸੰਤੋਖ ਸਿੰਘ[4] ਦਾ "ਗੁਰਪ੍ਰਤਾਪ ਸੂਰਜ ਗ੍ਰੰਥ" ਹੈ, ਜਿਸ ਰਾਹੀਂ ਮਹਾਂਕਵੀ ਨੇ ਗੁਰੂ ਅਮਰਦਾਸ ਦੇ ਜੀਵਨ-ਚਮਤਕਾਰਾਂ ਨੂੰ ਮਹਿਮਾ-ਪ੍ਰਕਾਸ਼ ਦੇ ਕਰਤਾ ਵਾਂਗ ਹੀ ਸ਼ਰਧਾ-ਭਰਪੂਰ ਢੰਗ ਨਾਲ ਬਿਆਨ ਕੀਤਾ ਹੈ। ਕਵੀ ਬੀਰ ਸਿੰਘ[5] ਰਚਿਤ ਗੁਰਕੀਰਤ-ਪ੍ਰਕਾਸ਼ ਭੀ ਇਸੇ ਸ਼੍ਰੇਣੀ ਵਿੱਚ ਹੀ ਗਿਣਿਆ ਜਾ ਸਕਦਾ ਹੈ। ਜਿੱਥੋਂ ਤਕ ਰਤਨ ਸਿੰਘ ਭੰਗੂ ਰਚਿਤ "ਪੰਥ-ਪ੍ਰਕਾਸ਼"[6] ਦਾ ਸੰਬੰਧ ਹੈ, ਉਸ ਵਿੱਚ ਗੁਰੂ ਅਮਰਦਾਸ ਦੇ ਜੀਵਨ ਬਾਰੇ ਨਾਮ ਮਾਤਰ ਹੀ ਸੰਕੇਤ ਹਨ। ਇਸੇਤਰ੍ਹਾਂ ਗਿਆਨੀ ਗਿਆਨ

---

1. ਗੁਰੂ ਅਮਰਦਾਸ ਦੀਆਂ ਗੋਸ਼ਟਾਂ ਲਈ ਵੇਖੋ: ਆਦਿ-ਬਾਣੀ ਤੇ ਸਾਖੀਆਂ(ਹੱਥ-ਲਿਖਤ), ਖਰੜਾ ਨੰ:678 ਸੈਂਟਰਲ ਪਬਲਿਕ ਲਾਇਬ੍ਰੇਰੀ(ਪਟਿਆਲਾ), ਪੰਨੇ 100 ਤੋਂ 120
2. ਪੰਜਾਬੀ ਹੱਥਲਿਖਤਾਂ ਦੀ ਸੂਚੀ(ਦੂਜਾ ਭਾਗ), ਪ੍ਰਕਾਸ਼ਕ: ਭਾਸ਼ਾ-ਵਿਭਾਗ(ਪਟਿਆਲਾ), 1963, ਪੰਨੇ 251-52
3. ਕਵੀ ਸਰੂਪਦਾਸ ਭੱਲਾ- ਮਹਿਮਾ-ਪ੍ਰਕਾਸ਼(ਹੱਥ-ਲਿਖਤ)- ਖਰੜਾ ਨੰ:176 ਭਾਸ਼ਾ-ਵਿਭਾਗ(ਪਟਿਆਲਾ), ਭਾਈ ਵੀਰ ਸਿੰਘ ਪੁਸਤਕਾਲਯ(ਡੇਹਰਾਦੂਨ) ਵਾਲਾ ਖਰੜਾ ਅਤੇ ਖਰੜਾ ਨੰ:1151, ਸਿੱਖ ਰੈਫ਼ਰੈਂਸ ਲਾਇਬ੍ਰੇਰੀ(ਅੰਮ੍ਰਿਤਸਰ)।
4. ਕਵੀ ਸੰਤੋਖ ਸਿੰਘ ਰਚਿਤ ਗੁਰਪ੍ਰਤਾਪ ਸੂਰਜ ਗ੍ਰੰਥ, ਜੋ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਹੋ ਕੇ ਖਾਲਸਾ ਸਮਾਚਾਰ(ਅੰਮ੍ਰਿਤਸਰ) ਵਲੋਂ ਪ੍ਰਕਾਸ਼ਿਤ ਹੋ ਚੁੱਕਾ ਹੈ। ਹਵਾਲੇ ਲਈ ਵੇਖੋ:1954
5. ਕਵੀ ਬੀਰ ਸਿੰਘ ਰਚਿਤ ਗੁਰਕੀਰਤ ਪ੍ਰਕਾਸ਼(ਹੱਥ-ਲਿਖਤ) ਖਰੜਾ ਨੰ:682(1891 ਬਿਕ੍ਰਮੀ), ਸਟੇਟ ਆਰਕਾਈਵਜ਼(ਪਟਿਆਲਾ)।
6. ਰਤਨ ਸਿੰਘ ਭੰਗੂ- ਪੰਥ ਪ੍ਰਕਾਸ਼ ।

ਸਿੰਘ ਰਚਿਤ "ਪੰਥ-ਪ੍ਰਕਾਸ਼"[1] ਵਿੱਚ ਭੀ ਗੁਰੂ ਅਮਰਦਾਸ ਦੇ ਜੀਵਨ ਬਾਰੇ ਕੋਈ ਮੌਲਿਕ-ਖੋਜ ਨਹੀਂ ਕੀਤੀ ਗਈ।

ਉਪਰੋਕਤ ਸਭਨਾਂ ਇਤਿਹਾਸਕਾਰਾਂ ਨੇ ਗੁਰੂ ਅਮਰਦਾਸ ਦੇ ਜੀਵਨ ਅਤੇ ਸ਼ਖ਼ਸੀਅਤ ਨੂੰ ਕਰਾਮਾਤਾਂ ਦੀ ਸੰਘਣੀ ਧੁੰਦ ਹੇਠ ਢੱਕ ਦਿੱਤਾ ਹੈ। ਮਧਕਾਲੀਨ-ਯੁੱਗ ਸ਼ਰਧਾ ਦਾ ਯੁੱਗ ਸੀ ਅਤੇ ਗੁਰੂਆਂ, ਪੀਰਾਂ ਤੇ ਪੈਗੰਬਰਾਂ ਦੇ ਜੀਵਨ ਦੁਆਲੇ ਕਰਾਮਾਤਾਂ ਦੀ ਸੁਨਹਿਰੀ-ਧੁੰਦ ਸ਼ਰਧਾਲੂਆਂ ਨੂੰ ਅਕਹਿ ਵਜਦ ਵਿੱਚ ਲੈ ਜਾਂਦੀ ਸੀ। ਪਰ ਆਧੁਨਿਕ-ਯੁੱਗ ਦੇ ਨੌਜੁਆਨ ਮਹਾਂ-ਪੁਰਖਾਂ ਦੇ ਜੀਵਨ ਨੂੰ ਆਧੁਨਿਕ ਤਰਕਵਾਦੀ-ਦ੍ਰਿਸ਼ਟੀ ਤੋਂ ਵਾਚਣਾ ਚਾਹੁੰਦੇ ਹਨ। ਸੋ ਬੇਸ਼ੱਕ ਪ੍ਰਾਚੀਨ ਇਤਿਹਾਸਕਾਰਾਂ ਦੁਆਰਾ ਲਿਖੀਆਂ ਗਈਆਂ ਸਾਖੀਆਂ ਗੁਰੂ ਅਮਰਦਾਸ ਦੀ ਸ਼ਖ਼ਸੀਅਤ ਨੂੰ ਸਿੱਖ-ਪੰਥ ਦੇ ਇਕ ਮਹਾਨ ਗੁਰੂ ਦੇ ਰੂਪ ਵਿੱਚ ਪੇਸ਼ ਕਰਦੀਆਂ ਹਨ, ਪਰ ਆਧੁਨਿਕ-ਯੁੱਗ ਦੇ ਨੌਜੁਆਨ ਇਨ੍ਹਾਂ ਸਾਖੀਆਂ ਅਤੇ ਗੋਸ਼ਟਾਂ ਤੋਂ ਛੁੱਟ ਕੁਝ ਹੋਰ ਭੀ ਮੰਗ ਕਰਦੇ ਹਨ। ਲੋੜ ਸੀ, ਕੋਈ ਵਿਦਵਾਨ ਪ੍ਰਾਚੀਨ-ਸ਼ਰਧਾ ਅਤੇ ਆਧੁਨਿਕ-ਤਰਕ ਦਾ ਸਮਝੌਤਾ ਕਰਵਾ ਕੇ ਮਧਕਾਲ ਅਤੇ ਆਧੁਨਿਕ-ਯੁੱਗ ਦੇ ਵਿਚਕਾਰ ਪੁਲ ਬਣ ਸਕਦਾ। ਇਹ ਭੀ ਜ਼ਰੂਰੀ ਸੀ, ਕਿ ਕੋਈ ਸਹਜਵਾਦੀ-ਚਿੰਤਕ ਜਾਂ ਸਾਹਿਤਕ-ਖੋਜੀ ਗੁਰੂ ਅਮਰਦਾਸ ਦੇ ਜੀਵਨ ਅਤੇ ਸ਼ਖ਼ਸੀਅਤ ਦਾ ਉਨ੍ਹਾਂ ਦੀ ਕਵਿਤਾ ਦੇ ਨਾਲ ਸੰਬੰਧ ਜੋੜ ਸਕਦਾ। ਪਰ ਇੰਜ ਕੋਈ ਵਿਦਵਾਨ ਭੀ ਨਹੀਂ ਕਰ ਸਕਿਆ ਅਤੇ ਇਸ ਘਾਟ ਨੂੰ ਪਹਿਲੀ ਵਾਰ ਇਸੇ ਸ਼ੋਧ-ਪ੍ਰਬੰਧ ਰਾਹੀਂ ਪੂਰਾ ਕੀਤਾ ਜਾ ਰਿਹਾ ਹੈ।

ਜਿੱਥੋਂ ਤਕ ਗੁਰੂ ਅਮਰਦਾਸ ਦੇ ਆਧੁਨਿਕ ਜੀਵਨੀਕਾਰਾਂ ਜਾਂ ਸਿੱਖ ਇਤਿਹਾਸ ਦੇ ਆਧੁਨਿਕ ਲੇਖਕਾਂ ਦਾ ਸੰਬੰਧ ਹੈ, ਕਨਿੰਘਮ[2] ਦਾ "ਸਿੱਖ-ਇਤਿਹਾਸ" ਅਤੇ ਮੈਕਾਲਿਫ[3] ਦੀ "ਸਿੱਖ-ਰਿਲੇਜਨ" ਖਾਸ ਤੌਰ ਤੇ ਵਰਣਨ-ਯੋਗ ਹਨ। ਕਨਿੰਘਮ ਨੇ ਗੁਰੂ ਅਮਰਦਾਸ ਦੇ ਜੀਵਨ ਬਾਰੇ ਬੇਸ਼ੱਕ ਕੁਝ ਇਕ ਵਿਸ਼ੇਸ਼ ਗੱਲਾਂ ਭੀ ਆਖੀਆਂ ਹਨ, ਪਰ ਜਿਵੇਂ ਮੈਕਾਲਿਫ[4] ਨੇ ਆਪਣੇ ਇਕ ਲੈਕਚਰ(19[illegible] ਈਸਵੀ) ਰਾਹੀਂ ਸੰਕੇਤ ਕੀਤਾ ਸੀ, ਕਨਿੰਘਮ ਦਾ ਸਿੱਖ-ਇਤਿਹਾਸ ਵਿਸ਼ੇਸ਼-ਰੂਪ ਵਿੱਚ ਇਕ ਪੁਲੀਟੀਕਲ-ਇਤਿਹਾਸ ਹੈ। ਉਹ ਗੁਰੂਆਂ ਅਤੇ ਗੁਰਬਾਣੀ ਦੀ ਅੰਤ੍ਰੀਵ-ਆਤਮਾ ਤਕ ਨਹੀਂ ਪਹੁੰਚ ਸਕਿਆ। ਇਸੇਤਰ੍ਹਾਂ ਮੈਕਾਲਿਫ ਨੇ ਬੇਸ਼ੱਕ ਗੁਰੂ ਅਮਰਦਾਸ ਦੇ ਜੀਵਨ ਅਤੇ ਬਾਣੀ ਬਾਰੇ ਕੁਝ ਵਿਸਥਾਰ ਸਹਿਤ ਲਿਖਿਆ ਹੈ, ਪਰ ਜੀਵਨੀ ਦੇ ਪੱਖ ਤੋਂ ਆਮ ਕਰਕੇ ਉਹ ਮਹਿਮਾ-ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜਗ੍ਰੰਥ ਆਦਿਕ ਲਿਖਤਾਂ ਦੇ ਪਿੱਛੇ ਪਿੱਛੇ ਹੀ ਤੁਰਿਆ ਹੈ। ਉਸਨੇ ਗੁਰੂ ਅਮਰਦਾਸ ਦੀ ਬਾਣੀ ਬਾਰੇ ਸਾਹਿਤਕ ਜਾਂ ਦਾਰਸ਼ਨਿਕ-ਪੱਖ ਤੋਂ ਕੋਈ ਭੀ ਮੌਲਿਕ-ਖੋਜ ਨਹੀਂ ਕੀਤੀ। ਮੈਕਾਲਿਫ ਦੀ ਵਡਿਆਈ ਗੁਰੂ ਅਮਰਦਾਸ ਅਤੇ ਦੂਸਰੇ ਗੁਰੂ ਸਾਹਿਬਾਨ ਦੇ ਜੀਵਨ ਚਮਤਕਾਰਾਂ ਅਤੇ ਗੁਰਬਾਣੀ ਨੂੰ ਜਜ਼ਬੇ-ਗੁੱਧੀ ਬੋਲੀ ਅਤੇ ਸ਼ਰਧਾ-ਭਰਪੂਰ ਲਹਿਜੇ ਵਿੱਚ ਪੱਛਮੀ-ਪਾਠਕਾਂ ਤਕ ਪਹੁੰਚਾਉਣਾ ਹੈ। ਟਰੰਪ[5] ਨੇ

---

1. ਗਿਆਨੀ ਗਿਆਨ ਸਿੰਘ- ਪੰਥ-ਪ੍ਰਕਾਸ਼
2. J.D.Cunningham- A History of The Sikhs,1955(Indian Edition).
3. M.A.Macauliffe- The Sikh Religion, 1909.
4. Susil Gupta(Editor)- The Sikh Religion(A Symposium by M.A.Macauliffe & Others),Calcultta,1958, ਪੰਨਾ
5. Earnest Trumpp- Adi Granth, London,1877.

ਆਦਿ-ਗ੍ਰੰਥ ਬਾਰੇ ਕੁਝ ਕੰਮ ਜ਼ਰੂਰ ਕੀਤਾ ਸੀ, ਪਰ ਜਿੱਥੋਂ ਗੁਰੂ ਅਮਰਦਾਸ ਦੇ ਜੀਵਨ ਅਤੇ ਬਾਣੀ ਦਾ ਸੰਬੰਧ ਹੈ, ਉਹ ਭੀ ਸਧਾਰਨ ਅਤੇ ਸੰਕੁਚਵੇਂ ਜਿਹੇ ਰੂਪ ਵਿੱਚ ਹੀ ਕੁਝ ਸਤਰਾਂ ਝਰੀਟ ਸਕਿਆ ਹੈ। ਮੁਹੰਮਦ ਲਤੀਫ਼[1], ਖ਼ਜ਼ਾਨ ਸਿੰਘ[2], ਬਾਵਾ ਛੱਜੂ ਸਿੰਘ[3], ਤੇਜਾ ਸਿੰਘ[4], ਗੰਡਾ ਸਿੰਘ[4], ਸ਼ੇਰ ਸਿੰਘ[5], ਆਰਚਰ[6], ਖੁਸ਼ਵੰਤ ਸਿੰਘ[7], ਡਾ:ਕੋਹਲੀ[8], ਡਾ:ਗੋਪਾਲ ਸਿੰਘ[9] ਅਤੇ ਡਾ:ਤਾਰਨ ਸਿੰਘ[10] ਆਦਿਕ ਵਿਦਵਾਨਾਂ ਨੇ ਆਪਣੀਆਂ ਕਈ ਰਚਨਾਵਾਂ ਵਿੱਚ ਗੁਰੂ ਅਮਰਦਾਸ ਦੇ ਜੀਵਨ ਬਾਰੇ ਸੰਖੇਪ ਜਿਹੇ ਸੰਕੇਤ ਦਿੱਤੇ ਹਨ, ਪਰ ਆਮ ਕਰਕੇ ਅਜਿਹਾ ਕਰਨ ਸਮੇਂ ਉਹ ਕਨਿੰਘਮ ਆਦਿਕ ਪੱਛਮੀ-ਇਤਿਹਾਸਕਾਰਾਂ ਦੇ ਹੀ ਪਿੱਛੇ ਤੁਰੇ ਹਨ।

ਇਸੇਤਰ੍ਹਾਂ ਭਾਈ ਜੋਧ ਸਿੰਘ[11] ਨੇ ਗੁਰੂ ਅਮਰਦਾਸ ਦੀ ਜਿਹੜੀ ਸੰਖੇਪ ਜਿਹੀ ਜੀਵਨੀ ਲਿਖੀ ਹੈ, ਉਸਦੇ ਮੁਖ-ਬੰਧ ਵਿੱਚ ਉਨ੍ਹਾਂ ਆਪ ਮੰਨਿਆ ਹੈ, ਕਿ ਸੰਬੰਧਤ ਜੀਵਨੀ ਗੁਰਪ੍ਰਤਾਪ ਸੂਰਜਗ੍ਰੰਥ ਦੀਆਂ ਸਾਖੀਆਂ ਉਤੇ ਹੀ ਆਧਾਰਿਤ ਹੈ। ਇਕ ਹੋਰ ਜੀਵਨੀ, ਜੋ ਐਮ-ਐਲ.ਪੀਸ[12] ਨੇ ਲਿਖੀ ਹੈ, ਉਸ ਵਿੱਚ ਭੀ ਪ੍ਰਾਚੀਨ ਸਾਖੀਆਂ ਨੂੰ ਹੀ ਸ਼ਰਧਾ-ਭਰਪੂਰ ਅੰਗ੍ਰੇਜ਼ੀ ਵਿੱਚ ਦੁਹਰਾਇਆ ਗਿਆ ਹੈ। ਵੈਸੇ ਉਪਰੋਕਤ ਦੋ ਜੀਵਨੀਆਂ ਤੋਂ ਬਿਨਾ ਸੋਢੀ ਤੇਜਾ ਸਿੰਘ[13] ਰਚਿਤ "ਗੁਰੂ ਅਮਰਦਾਸ ਦਾ ਜੀਵਨ" ਭੀ ਸਾਡੀ ਨਜ਼ਰ ਵਿੱਚੋਂ ਗੁਜ਼ਰਿਆ ਹੈ, ਪਰ ਉਸ ਵਿੱਚ ਕੋਈ ਭੀ ਮੌਲਿਕ-ਖੋਜ ਨਹੀਂ। ਹੋਰ ਤਾਂ ਹੋਰ, ਗੁਰੂ ਅਮਰਦਾਸ ਦੇ ਜੀਵਨ ਨਾਲ ਸੰਬੰਧਤ ਕਈ ਮਹੱਤਵ-ਪੂਰਨ ਘਟਨਾਵਾਂ ਦਾ ਭੀ ਵਰਣਨ ਨਹੀਂ ਕੀਤਾ ਗਿਆ ।

ਉਪਰੋਕਤ ਪ੍ਰਮਾਣਾਂ ਦੁਆਰਾ ਇਹ ਭਲੀ-ਭਾਂਤ ਸਿੱਧ ਹੋ ਜਾਂਦਾ ਹੈ, ਕਿ ਲਗਪਗ ਸਾਰੇ ਵਿਦਵਾਨਾਂ ਨੇ ਹੁਣ ਤਕ ਗੁਰੂ ਅਮਰਦਾਸ ਦੇ ਜੀਵਨ-ਚਮਤਕਾਰਾਂ ਨੂੰ ਹੀ ਅੰਗ੍ਰੇਜ਼ੀ ਜਾਂ ਪੰਜਾਬੀ ਆਦਿਕ ਬੋਲੀਆਂ ਵਿੱਚ ਲਿਖਣ ਦਾ ਉਦਮ ਕੀਤਾ ਹੈ। ਡਾ:ਕੋਹਲੀ,[8] ਡਾ:ਤਾਰਨ ਸਿੰਘ,[10] ਡਾ:ਜੈਰਾਮ ਮਿਸ਼ਰ,[14] ਡਾ:ਕਾਲਾ ਸਿੰਘ ਬੇਦੀ,[15] ਡਾ:ਗੋਪਾਲ ਸਿੰਘ[9], ਟਰੰਪ[16] ਅਤੇ ਡੰਕਨ ਗ੍ਰੀਨਲੀ[17], ਆਦਿਕ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ-ਮਹਾਨਤਾ ਦਰਸਾਉਣ ਸਮੇਂ ਗੁਰੂ ਅਮਰਦਾਸ ਦੀ ਬਾਣੀ ਬਾਰੇ ਭੀ ਕਿਤੇ ਕਿਤੇ ਟੂਕਾਂ ਦਿੱਤੀਆਂ

---

1. Mohd. Latif- History of Panjab, Calcutta, 1891.
2. Khazan Singh- History and Philosophy of the Sikh Religion(Part I), Lahore, 1914.
3. Chhajju Singh- The Ten Gurus and their teachings, Lahore, 1903.
4. Teja Singh & Ganda Singh-A Short History of The Sikhs(Vol.I), 1950.
5. Sher Singh- Philosophy of Sikhism-, Lahore, 1943.
6. J.C.Archer- The Sikhs, 1946.
7. Khushwant Singh- The Sikhs, London, 1953.
8. S.S.Kohli- A Critical Study of Adi Granth, New Delhi, 1961.
9. Gopal Singh- ਪੰਜਾਬੀ ਸਾਹਿਤ ਦਾ ਇਤਿਹਾਸ (1952) ਅਤੇ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ-ਵਿਸ਼ੇਸ਼ਤਾ, 1958
10. ਤਾਰਨ ਸਿੰਘ- (ੳ) ਸਹਜ ਤੇ ਅਨੰਦ, (ਅ) ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, 1963.
11. Jodh Singh Life of Guru Amar Dass Ji, Ludhiana, 1953.
12. M.L.Peace Shri Guru Amar Dass, 1960.
13. Sodhi Teja Singh - Guru Amar Das da Jiwan(Panjabi).
14. ਜੈਰਾਮ ਮਿਸ਼ਰ- ਗੁਰੂ ਗ੍ਰੰਥ ਦਰਸ਼ਨ(ਹਿੰਦੀ), ਇਲਾਹਾਬਾਦ, 1960
15. ਕਾਲਾ ਸਿੰਘ ਬੇਦੀ- ਗੁਰੂ ਨਾਨਕ ਦਰਸ਼ਨ, 1965
16. Ernest Trumpp Adi Granth, London, 1877.
17. Duncan Greenlees The Gospel of The Guru Granth Sahib, Adyar, 1952.

ਹਨ, ਪਰ ਜਿੱਥੋਂ ਤਕ ਗੁਰੂ ਅਮਰਦਾਸ ਨੂੰ ਇਕ ਕਵੀ ਦੇ ਰੂਪ ਵਿੱਚ ਚਿਤ੍ਰਨ ਦਾ ਸੰਬੰਧ ਹੈ, ਪੰਜਾਬੀ ਵਿੱਚ ਅਜੇ ਤਕ ਕੋਈ ਭੀ ਵਰਣਨ-ਯੋਗ ਕੰਮ ਨਹੀਂ ਹੋਇਆ। ਡਾ:ਤਾਰਨ ਸਿੰਘ[1] ਨੇ ਗੁਰੂ ਅਮਰਦਾਸ ਰਚਿਤ "ਰਾਮਕਲੀ-ਅਨੰਦ" ਦਾ ਟੀਕਾ ਜ਼ਰੂਰ ਲਿਖਿਆ ਹੈ, ਪਰ ਸਹਜ ਤੇ ਅਨੰਦ(ਜਿਨ੍ਹਾਂ ਦੇ ਦੁਆਲੇ "ਰਾਮਕਲੀ-ਅਨੰਦ" ਦਾ ਅਨੁਭਵ ਘੁੰਮਦਾ ਹੈ) ਦੇ ਕਾਲਪਨਿਕ-ਮੂਲ ਬਾਰੇ ਕੋਈ ਖੋਜ਼ ਨਹੀਂ ਕੀਤੀ ਗਈ ਅਤੇ ਨਾ ਹੀ ਸਹਜ ਤੇ ਅਨੰਦ ਦੇ ਫ਼ਲਸਫ਼ੇ ਨੂੰ ਵੱਖ ਵੱਖ ਮਧਕਾਲੀਨ ਧਰਮ-ਸਾਧਨਾਵਾਂ ਦੇ ਪ੍ਰਸੰਗ ਵਿੱਚ ਰੱਖ ਕੇ ਵਿਚਾਰਿਆ ਗਿਆ ਹੈ। ਇਸੇ ਸ਼ੋਧ-ਪ੍ਰਬੰਧ ਵਿੱਚ ਇਕ ਲੇਖ "ਲੋਕ-ਪ੍ਰਿਯ ਰਚਨਾ "ਅਨੰਦ" ਦੀ ਸਾਹਿਤਕ ਅਤੇ ਸਿਧਾਂਤਕ ਮਹਾਨਤਾ" ਭੀ ਸ਼ਾਮਿਲ ਹੈ ਅਤੇ ਉਸ ਲੇਖ ਨੂੰ ਪੜ੍ਹ ਕੇ ਇਹ ਭਲੀ-ਭਾਂਤ ਸਿੱਧ ਹੋ ਜਾਂਦਾ ਹੈ, ਕਿ ਡਾ:ਤਾਰਨ ਸਿੰਘ ਅਤੇ ਦਰਜਨਾਂ ਹੋਰ ਵਿਦਵਾਨਾਂ ਦੁਆਰਾ ਪ੍ਰਕਾਸ਼ਤ ਹੋਏ ਅਨੰਦ-ਬਾਣੀ ਦੇ ਟੀਕਿਆਂ ਦੇ ਹੁੰਦੇ ਹੋਇਆਂ ਭੀ ਗੁਰੂ ਅਮਰਦਾਸ ਰਚਿਤ "ਅਨੰਦ" ਬਾਰੇ ਹੋਰ ਖੋਜ ਦੀ ਲੋੜ ਸੀ।

ਗੁਰੂ ਅਮਰਦਾਸ ਦੇ ਅਨੁਭਵ ਦੀ ਦ੍ਰਿਸ਼ਟੀ ਤੋਂ ਇਕ ਸੰਖੇਪ ਜਿਹਾ ਲੇਖ ਸੰਤ ਸਿੰਘ ਸੇਖੋਂ[2] ਨੇ ਭੀ ਪ੍ਰਕਾਸ਼ਤ ਕੀਤਾ ਹੈ, ਪਰ ਜਿਵੇਂ ਅਸਾਂ "ਗੁਰੂ ਅਮਰਦਾਸ ਦਾ ਜੀਵਨ-ਦਰਸ਼ਨ" ਨਾਮੀ ਲੇਖ(ਵੇਖੋ:ਇਸੇ ਸ਼ੋਧ-ਪ੍ਰਬੰਧ ਦਾ ਅਖੀਰਲਾ ਅਧਿਆਇ) ਦੁਆਰਾ ਸਿੱਧ ਕੀਤਾ ਹੈ, ਸੰਤ ਸਿੰਘ ਸੇਖੋਂ ਗੁਰੂ ਅਮਰਦਾਸ ਦੇ ਜੀਵਨ-ਫਲਸਫ਼ੇ ਨਾਲ ਇਨਸਾਫ਼ ਨਹੀਂ ਕਰ ਸਕਿਆ। ਇਸੇਤਰ੍ਹਾਂ ਇਕ ਦੋ ਲੇਖ ਹੋਰ ਭੀ ਪਿਛਲੇ ਪੰਜਾਂ ਸੱਤਾਂ ਸਾਲਾਂ ਵਿੱਚ "ਪੰਜਾਬੀ ਦੁਨੀਆਂ" ਆਦਿਕ ਮਾਸਕ-ਪੱਤਰਾਂ ਵਿੱਚ ਗੁਰੂ ਅਮਰਦਾਸ ਬਾਰੇ ਪ੍ਰਕਾਸ਼ਤ ਹੋਏ ਹਨ, ਪਰ ਉਨ੍ਹਾਂ ਵਿੱਚ ਕੋਈ ਭੀ ਮੌਲਿਕ-ਖੋਜ ਨਾ ਹੋਣ ਕਰਕੇ , ਉਨ੍ਹਾਂ ਬਾਰੇ ਇੱਥੇ ਵਿਚਾਰ ਕਰਨ ਦੀ ਲੋੜ ਨਹੀਂ।

ਹੁਣ ਇਸ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ, ਕਿ ਇਸ ਸ਼ੋਧ-ਪ੍ਰਬੰਧ ਲਈ ਜਿਹੜਾ ਵਿਸ਼ਾ ਚੁਣਿਆ ਗਿਆ ਹੈ, ਉਸ ਬਾਰੇ ਅਜੇ ਤਕ ਕੋਈ ਭੀ ਵਰਣਨ-ਯੋਗ ਪੁਸਤਕ ਨਹੀਂ ਲਿਖੀ ਗਈ। ਸੋ ਗੁਰੂ ਅਮਰਦਾਸ ਦੇ ਜੀਵਨ, ਸ਼ਖ਼ਸੀਅਤ, ਬੋਲੀ, ਕਾਵਿਕ-ਬਿੰਬਾਂ, ਪ੍ਰਤੀਕਾਂ, ਅਲੰਕਾਰਾਂ, ਰਾਗਾਂ, ਰਾਗਨੀਆਂ, ਕਾਵਿ-ਭੇਦਾਂ, ਵੰਨ-ਸੁਵੰਨੇ ਛੰਦਾਂ ਅਤੇ ਹੋਰ ਕਾਵਿਕ-ਗੁਣਾਂ ਤੋਂ ਛੁੱਟ, ਉਨ੍ਹਾਂ ਦੇ ਕਾਵਿ-ਅਨੁਭਵ ਅਤੇ ਜੀਵਨ-ਦਰਸ਼ਨ ਬਾਰੇ ਖੋਜ ਕਰਨ ਲਈ ਸਾਨੂੰ ਸੰਘਣੇ ਹਨੇਰੇ ਨੂੰ ਚੀਰ ਕੇ ਰੋਸ਼ਨੀ ਦਾ ਮੂੰਹ ਵੇਖਣਾ ਪਿਆ ਹੈ। ਇਸ ਸ਼ੋਧ-ਪ੍ਰਬੰਧ ਨੂੰ ਵੱਖ ਵੱਖ ਅਧਿਆਵਾਂ ਵਿੱਚ ਵੰਡਿਆ ਗਿਆ ਹੈ ਅਤੇ ਹਰ ਅਧਿਆਇ ਦਾ ਮਹੱਤਵ ਇਸ ਪਰਕਾਰ ਹੈ।

ਆਰੰਭ ਵਿੱਚ ਗੁਰੂ ਅਮਰਦਾਸ ਦੇ ਜੀਵਨ ਬਾਰੇ ਦੁਰਲਭ-ਸੋਮਿਆਂ ਤੋਂ ਰੋਸ਼ਨੀ ਪ੍ਰਾਪਤ ਕਰ ਕੇ ਇਕ ਭਰਪੂਰ ਲੇਖ ਲਿਖਿਆ ਗਿਆ ਹੈ ਅਤੇ ਗੁਰੂ ਅਮਰਦਾਸ ਦੇ ਜਨਮ-ਸੰਮਤ,ਭੱਲਾ-ਬੰਸ, ਜਨਮ-ਅਸਥਾਨ, ਵਿਹਾਰਕ ਅਤੇ ਪ੍ਰਮਾਰਥਕ(ਗੁਰਸਿੱਖੀ ਅਤੇ ਗੁਰਗੱਦੀ ਦੇ ਸਮਿਆਂ ਨਾਲ ਸੰਬੰਧਤ) ਜੀਵਨ ਤੋਂ ਛੁੱਟ, ~~ਗੁਰੂ ਅਮਰਦਾਸ ਦੀ~~

1.ਤਾਰਨ ਸਿੰਘ- ਸਹਿਜ ਤੇ ਅਨੰਦ(ਪਹਿਲੀ ਐਡੀਸ਼ਨ),ਭਾਈ ਫ਼ਕੀਰ ਸਿੰਘ ਐਂਡ ਸਨਜ਼(ਅੰਮ੍ਰਿਤਸਰ)
2.ਸੰਤ ਸਿੰਘ ਸੇਖੋਂ- ਪੰਜਾਬੀ ਕਾਵ ਸ਼ਿਰੋਮਣੀ, ਲੁਧਿਆਣਾ,1964

ਗੁਰੂ ਅਮਰਦਾਸ ਦੀ ਸ਼ਖ਼ਸੀਅਤ ਬਾਰੇ ਡੂੰਘੀ ਖੋਜ ਕੀਤੀ ਗਈ ਹੈ। ਇਸੇਤਰ੍ਹਾਂ ਸਿੱਖ-ਧਰਮ ਦੇ ਪਰਚਾਰ ਲਈ "ਬਾਈ-ਮੰਜੀਆਂ" ਦੀ ਸਥਾਪਨਾ ਬਾਰੇ ਸਦੀਆਂ ਤੋਂ ਤੁਰੀ ਆ ਰਹੀ ਰਵਾਇਤ ਬਾਰੇ ਮੌਲਿਕ-ਖੋਜ ਦੁਆਰਾ ਮੂਲੋਂ ਨਵਾਂ-ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਗੁਰੂ ਅਮਰਦਾਸ ਦੀ ਬਾਣੀ ਦਾ ਵੇਰਵਾ ਭੀ ਸਾਡੀ ਖੋਜ ਅਨੁਸਾਰ ਬਾਕੀ ਦੇ ਸਭਨਾ ਵਿਦਵਾਨਾਂ ਨਾਲੋਂ ਕੁਝ ਅੰਤਰ ਰੱਖਦਾ ਹੈ। ਇਹ ਗੱਲ ਭੀ ਮਹੱਤਵ-ਪੂਰਨ ਹੈ।

ਦੂਸਰਾ ਅਧਿਆਇ ਗੁਰੂ ਅਮਰਦਾਸ ਦੀ ਬਾਣੀ ਨਾਲ ਸੰਬੰਧਤ ਰਾਗਾਂ, ਰਾਗਨੀਆਂ, ਕਾਵਿ-ਭੇਦਾਂ ਅਤੇ ਛੰਦ-ਪ੍ਰਬੰਧ ਬਾਰੇ ਹੈ। ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ ਦੇ ਬਾਕੀ ਕਵੀਆਂ(ਗੁਰੂ-ਕਵੀ ਅਤੇ ਭਗਤ-ਕਵੀ ਦੋਵੇਂ) ਦੀ ਬਾਣੀ ਨਾਲ ਸੰਬੰਧਤ ਰਾਗਾਂ ਬਾਰੇ ਮਧਕਾਲੀਨ-ਭਾਰਤ ਦੀ ਰਾਗ-ਪਰੰਪਰਾ ਨਾਲ ਸੰਬੰਧਤ ਦਰਜਨਾਂ ਦੁਰਲੱਭ ਅਤੇ ਪ੍ਰਮਾਣੀਕ ਗ੍ਰੰਥਾਂ ਵਿੱਚੋਂ ਹਵਾਲੇ ਦੇਣ ਉਪਰੰਤ ਇਹ ਗੱਲ ਪੱਕੀ ਕੀਤੀ ਹੈ, ਕਿ ਗੁਰੂ ਅਮਰਦਾਸ ਆਪਣੇ ਸਮੇਂ ਦੇ ਮਹਾਨ ਸੰਗੀਤਕਾਰ ਸਨ ਅਤੇ ਉਨ੍ਹਾਂ ਦੀ ਬਾਣੀ ਵਿਚਲੇ ਰਾਗਾਂ ਦੀ ਭਾਰਤ ਦੀ ਰਾਗ-ਪਰੰਪਰਾ ਨਾਲ ਅਨਿਖੜ-ਸਾਂਝ ਹੈ। ਪਰ ਨਾਲ ਹੀ ਰਾਗ, ਸ਼ਬਦ ਅਤੇ ਬਾਣੀ ਬਾਰੇ ਗੁਰੂ ਅਮਰਦਾਸ ਦੇ ਮਤ ਦੀ ਵਿਸ਼ੇਸ਼ਤਾ ਭੀ ਦਰਸਾਈ ਹੈ, ਜਿਸ ਦੁਆਰਾ ਸੰਗੀਤ ਬਾਰੇ ਗੁਰੂ ਅਮਰਦਾਸ ਦਾ ਦ੍ਰਿਸ਼ਟੀਕੋਣ ਨਿਵੇਕਲਾ ਵਿਖਾਈ ਦਿੰਦਾ ਹੈ। ਇਸੇਤਰ੍ਹਾਂ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਇਕ ਦਰਜਨ ਦੇ ਕਰੀਬ ਕਾਵਿ-ਭੇਦਾਂ(ਉਨ੍ਹਾਂ ਦੇ ਉਪ-ਭੇਦਾਂ ਸਮੇਤ) ਅਤੇ ਲਗਪਗ ਤਿੰਨ ਦਰਜਨ ਵੰਨ-ਸੁਵੰਨੇ ਛੰਦਾਂ ਬਾਰੇ ਭੀ ਡੂੰਘੀ-ਖੋਜ ਕੀਤੀ ਗਈ ਹੈ। ਇਸ ਵਿੱਚ ਸ਼ੱਕ ਨਹੀਂ, ਕਿ ਭਾਈ ਕਾਹਨ ਸਿੰਘ ਆਦਿਕ ਵਿਦਵਾਨਾਂ ਨੇ "ਗੁਰੁਛੰਦ ਦਿਵਾਕਰ" ਆਦਿਕ ਪੁਸਤਕਾਂ ਰਾਹੀਂ ਆਦਿ-ਗ੍ਰੰਥ ਨਾਲ ਸੰਬੰਧਤ ਛੰਦਾਂ ਬਾਰੇ ਕੁਝ ਕੀਮਤੀ ਸੁਝਾਉ ਦਿੱਤੇ ਹਨ, ਪਰ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਵੱਖ ਵੱਖ ਕਾਵਿ-ਭੇਦਾਂ ਅਤੇ ਛੰਦਾਂ ਨੂੰ ਖੋਜਣਾ ਅਤੇ ਰਵਾਇਤੀ ਛੰਦ-ਪ੍ਰਬੰਧ ਬਾਰੇ ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ ਉਨ੍ਹਾਂ ਦਾ ਦ੍ਰਿਸ਼ਟੀਕੋਣ ਉਜਾਗਰ ਕਰਨਾ ਇਸੇ ਸ਼ੋਧ-ਪ੍ਰਬੰਧ ਦੇ ਹਿੱਸੇ ਆਇਆ ਹੈ।

ਤੀਸਰਾ ਅਧਿਆਇ ਗੁਰੂ ਅਮਰਦਾਸ ਦੀ ਬੋਲੀ ਦਾ ਅਨੇਕ-ਪੱਖੀ ਅਧਿਅਨ ਹੈ। ਕਿਉਂਕਿ ਪੰਜਾਬੀ ਬੋਲੀ ਦੇ ਨਿਕਾਸ ਤੇ ਵਿਕਾਸ ਬਾਰੇ ਭੀ ਅਤੇ ਸਿੱਖ-ਗੁਰੂਆਂ(ਗੁਰੂ ਅਮਰਦਾਸ ਸਮੇਤ) ਦੀ ਬੋਲੀ ਦੇ ਸ਼ੁੱਧ-ਸਰੂਪ ਬਾਰੇ ਭੀ ਵਿਦਵਾਨਾਂ ਵਿੱਚ ਬਹੁਤ ਮਤਭੇਦ ਹੈ, ਸੋ ਇਸ ਲੇਖ ਰਾਹੀਂ ਗੁਰੂ ਅਮਰਦਾਸ ਦੀ ਬੋਲੀ ਦੇ ਸ਼ੁੱਧ-ਸਰੂਪ ਬਾਰੇ ਖੋਜ ਕੀਤੀ ਗਈ ਹੈ ਅਤੇ ਨਾਲ ਹੀ ਗੁਰੂ ਅਮਰਦਾਸ ਦੀ ਸ਼ਬਦਾਵਲੀ ਦੁਆਰਾ ਪੰਜਾਬੀ ਬੋਲੀ ਦੇ ਮਧਕਾਲੀਨ-ਸਰੂਪ ਅਤੇ ਪੰਜਾਬੀ ਦੇ ਨਿਕਾਸ-ਵਿਕਾਸ ਬਾਰੇ ਭੀ ਕਈ ਨਵੇਂ ਸੁਝਾਉ ਦਿੱਤੇ ਗਏ ਹਨ। ਗੁਰੂ ਅਮਰਦਾਸ ਦੀ ਸਮੁੱਚੀ-ਸ਼ਬਦਾਵਲੀ ਦਾ ਕੋਸ਼ ਤਿਆਰ ਕਰਕੇ, ਹਰ ਸ਼ਬਦ ਦਾ ਮੂਲ ਭੀ ਅਸਾਂ ਢੂੰਡ ਰੱਖਿਆ ਹੈ ਅਤੇ ਇਸਤਰ੍ਹਾਂ ਗੁਰੂ ਅਮਰਦਾਸ ਦੀ ਬੋਲੀ ਉਤੇ ਪਏ ਸੰਸਕ੍ਰਿਤ, ਅਰਬੀ, ਫ਼ਾਰਸੀ ਅਤੇ ਸਿੰਧੀ ਆਦਿਕ ਬੋਲੀਆਂ ਦੇ ਪ੍ਰਭਾਵਾਂ ਨੂੰ ਨਿਖੇੜਿਆ ਗਿਆ ਹੈ। ਪੰਜਾਬੀ ਦੀ ਮੂਲ-ਅਪਭ੍ਰੰਸ਼ ਨਾਲ ਗੁਰੂ ਅਮਰਦਾਸ ਦੀ ਬੋਲੀ ਦੀ ਅਨਿਖੜ-ਸਾਂਝ ਦਰਸਾਉਣ ਉਪਰੰਤ ਸੰਸਕ੍ਰਿਤ, ਅਰਬੀ, ਫ਼ਾਰਸੀ, ਆਦਿਕ ਬੋਲੀਆਂ ਵਿੱਚੋਂ ਆਏ ਅਨੇਕਾਂ ਸ਼ਬਦਾਂ ਦੀਆਂ ਉਦਾਹਰਨਾਂ ਸਮੇਤ, ਗੁਰੂ ਅਮਰਦਾਸ ਦੀ ਬੋਲੀ ਦੁਆਰਾ ਪੰਜਾਬੀ ਵਿੱਚ ਧੁਨੀ-ਪਰਿਵਰਤਨ ਦੀਆਂ ਵਿਸ਼ੇਸ਼ ਰੁਚੀਆਂ ਭੀ ਦਰਸਾਈਆਂ ਗਈਆਂ ਹਨ। ਗੁਰੂ ਅਮਰਦਾਸ

ਦੀ ਬੋਲੀ ਨੂੰ ਮਾਝੀ (ਜਿਸਦੇ ਪਿੰਡੇ ਉਤੇ ਬਾਅਦ ਵਿੱਚ ਕੇਂਦਰੀ-ਪੰਜਾਬੀ ਦੀ ਉਸਾਰੀ ਹੋਈ) ਸਿੱਧ ਕਰਕੇ, ਉਸਦੀ ਲਹਿੰਦੀ ਅਤੇ ਮਲਵਈ ਆਦਿਕ ਉਪ-ਭਾਖਾਵਾਂ ਨਾਲ ਸਾਂਝ ਭੀ ਦਰਸਾਈ ਗਈ ਹੈ। ਇਸਤੋਂ ਛੁੱਟ ਗੁਰੂ ਅਮਰਦਾਸ ਦੀ ਬੋਲੀ ਦੀਆਂ ਕਾਵਿਕ-ਵਿਸ਼ੇਸ਼ਤਾਈਆਂ ਭੀ ਅਨੇਕਾਂ ਉਦਾਹਰਨਾਂ ਸਮੇਤ ਉਲੀਕੀਆਂ ਗਈਆਂ ਹਨ।

ਚੌਥਾ ਅਧਿਆਇ ਗੁਰੂ ਅਮਰਦਾਸ ਦੇ ਕਾਵਿ-ਅਨੁਭਵ ਦੀ ਖੋਜ ਲਈ ਉਨ੍ਹਾਂ ਦੀ ਸ਼ਬਦਾਵਲੀ ਦੇ ਅੰਤ੍ਰੀਵ-ਅਰਥਾਂ ਤਕ ਪਹੁੰਚਣ ਦਾ ਜਤਨ ਹੈ। ਗੁਰੂ ਅਮਰਦਾਸ ਦੀ ਸ਼ਬਦਾਵਲੀ ਅਤੇ ਅਨੁਭਵ ਦੇ ਖੇਤਰ ਨੂੰ ਤਿੰਨਾਂ ਭਾਗਾਂ ਵਿੱਚ ਵੰਡਿਆ ਗਿਆ ਹੈ। ਅਧਿਆਤਮਕ ਅਤੇ ਮਿਥਿਹਾਸਕ ਅਨੁਭਵ ਦੇ ਖੇਤਰ ਵਿੱਚ ਬ੍ਰਹਮਵਾਚਕ-ਸ਼ਬਦਾਵਲੀ ਤੋਂ ਛੁੱਟ ਦੇਵ-ਮਾਲਾ, ਯੋਗ-ਅਭਿਆਸ, ਕਰਮ-ਕਾਂਡ, ਆਦਿਕ ਅਨੇਕਾਂ ਵਿਸ਼ਿਆਂ ਅਤੇ ਧਰਮ-ਸਾਧਨਾ ਨਾਲ ਸੰਬੰਧਤ ਵੱਖ ਵੱਖ ਆਤਮਕ-ਅਵੱਸਥਾਵਾਂ ਬਾਰੇ ਗੁਰੂ ਅਮਰਦਾਸ ਦੀ ਬੋਲੀ ਅਰਥਾਤ ਬਾਣੀ ਵਿੱਚੋਂ ਉਦਾਹਰਨਾਂ ਦਿੰਦੇ ਹੋਇਆਂ ਵਿਚਾਰ ਕੀਤੀ ਗਈ ਹੈ। ਆਦਿ-ਗ੍ਰੰਥ ਨਾਲ ਸੰਬੰਧਤ ਵੱਖ ਵੱਖ ਗੁਰੂ-ਕਵੀਆਂ ਅਤੇ ਭਗਤ-ਕਵੀਆਂ ਦੀ ਬਾਣੀ ਵਿੱਚ ਧਰਮ-ਸਾਧਨਾ ਬਾਰੇ ਆਏ ਕੁਝ ਇਕ ਮੂਲ-ਸ਼ਬਦਾਂ ਦੀ ਆਪੋ ਵਿੱਚ ਸਾਂਝ ਦਰਸਾਉਣ ਉਪਰੰਤ ਇਸ ਗੱਲ ਦਾ ਭੀ ਨਿਤਾਰਾ ਕੀਤਾ ਗਿਆ ਹੈ, ਕਿ ਗੁਰੂ ਅਮਰਦਾਸ ਦੇ ਅਨੁਭਵ ਵਿੱਚ ਉਨ੍ਹਾਂ ਦੇ ਟਾਕਰੇ ਵਿੱਚ ਕਿਹੜਾ ਨਿਵੇਕਲਾਪਣ ਹੈ। ਇਸੇਤਰ੍ਹਾਂ ਬ੍ਰਹਮ, ਜੀਵ, ਦੇਵਤੇ, ਦੈਂਤ, ਮਨੁੱਖ (ਮਨੁੱਖੀ-ਸੰਬੰਧਾਂ ਅਤੇ ਰਿਸ਼ਤੇ-ਨਾਤਿਆਂ ਸਮੇਤ) ਅਤੇ ਸ੍ਰਿਸ਼ਟੀ-ਰਚਨਾ (ਪ੍ਰਕ੍ਰਿਤੀ ਦੇ ਭਿੰਨ ਭਿੰਨ ਦ੍ਰਿਸ਼ਾਂ ਸਮੇਤ) ਆਦਿਕ ਅਨੇਕ ਪਰਕਾਰ ਦੇ ਬੁਨਿਆਦੀ-ਵਿਸ਼ਿਆਂ ਬਾਰੇ ਗੁਰੂ ਅਮਰਦਾਸ ਦੇ ਵਿਚਾਰ ਵਿਸਥਾਰ ਸਹਿਤ ਪੇਸ਼ ਕੀਤੇ ਗਏ ਹਨ। ਇਸ ਅਧਿਆਇ ਵਿੱਚ ਗੁਰੂ ਅਮਰਦਾਸ ਦੀ ਸ਼ਬਦਾਵਲੀ ਵਿੱਚੋਂ ਦਿੱਤੀਆਂ ਗਈਆਂ ਉਦਾਹਰਨਾਂ ਗੁਰੂ ਅਮਰਦਾਸ ਦੇ ਅਨੁਭਵ-ਖੇਤਰ ਦੀਆਂ ਬਾਹਰ-ਲਕੀਰਾਂ ਉਲੀਕਦੀਆਂ ਹਨ, ਜਿਨ੍ਹਾਂ ਦੀ ਸੇਧ ਉਤੇ ਗੁਰੂ ਅਮਰਦਾਸ ਦੇ ਜੀਵਨ-ਦਰਸ਼ਨ ਅਤੇ ਸਹਜ-ਅਨੰਦ ਆਦਿਕ ਬਾਰੇ ਵਿਚਾਰਾਂ ਦੀ ਉਸਾਰੀ ਕੀਤੀ ਗਈ ਹੈ।

ਪੰਜਵਾਂ ਅਧਿਆਇ ਗੁਰੂ ਅਮਰਦਾਸ ਦੀ ਕਵਿਤਾ ਵਿੱਚ ਉਸਾਰੇ ਗਏ "ਪ੍ਰਤੀਕਾਂ" ਦਾ ਅਧਿਅਨ ਹੈ। ਪ੍ਰਤੀਕ ਦੀ ਪਰਿਭਾਸ਼ਾ ਬਾਰੇ ਪੱਛਮੀ ਸੁਹਜਵਾਦੀ-ਚਿੰਤਕਾਂ ਦੀਆਂ ਖੋਜਾਂ ਦੀ ਰੌਸ਼ਨੀ ਵਿੱਚ ਭਗਤੀ-ਸਾਹਿਤ, ਵਿਸ਼ੇਸ਼ ਕਰਕੇ ਗੁਰੂ ਅਮਰਦਾਸ ਦੀ ਬਾਣੀ ਵਿਚਲੇ ਪ੍ਰਤੀਕਾਂ ਬਾਰੇ ਡੂੰਘਾ ਅਧਿਅਨ ਕੀਤਾ ਗਿਆ ਹੈ। ਗੁਰੂ ਅਮਰਦਾਸ ਦੀ ਬਾਣੀ ਵਿਚਲੇ ਪ੍ਰਤੀਕਾਂ ਦਾ ਬਿਉਰਾ ਬਣਾ ਕੇ ਉਨ੍ਹਾਂ ਦੇ ਲੱਛਣ ਭੀ ਦਰਸਾਏ ਗਏ ਹਨ ਅਤੇ ਨਾਲ ਹੀ ਸੰਬੰਧਤ ਭਾਵਾਂ ਅਤੇ ਆਤਮਕ-ਅਵੱਸਥਾਵਾਂ (ਜਿਨ੍ਹਾਂ ਦੇ ਉਹ ਪ੍ਰਤਿਨਿਧ ਹਨ) ਦੀ ਵਿਆਖਿਆ ਭੀ ਕੀਤੀ ਗਈ ਹੈ, ਤਾਂਜੋ ਇਕ ਪਾਸੇ ਪ੍ਰਤੀਕ ਦਾ ਸੰਬੰਧ ਗੁਰੂ ਅਮਰਦਾਸ ਦੀ ਕਾਵਿ-ਕਲਾ ਅਤੇ ਦੂਜੇ ਪਾਸੇ ਉਨ੍ਹਾਂ ਦੇ ਅਨੁਭਵ ਨਾਲ ਭੀ ਜੋੜਿਆ ਜਾ ਸਕੇ। ਹਰ ਵਿਚਾਰ ਦੀ ਪੁਸ਼ਟੀ ਲਈ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਥਾਂ-ਪਰ-ਥਾਂ ਅਨੇਕਾਂ ਉਦਾਹਰਨਾਂ ਭੀ ਦਿੱਤੀਆਂ ਗਈਆਂ ਹਨ।

ਛੇਵਾਂ ਅਧਿਆਇ ਗੁਰੂ ਅਮਰਦਾਸ ਦੀ ਕਵਿਤਾ ਵਿਚਲੇ ਕਾਵਿਕ-ਬਿੰਬਾਂ ਅਤੇ ਅਲੰਕਾਰਾਂ ਦਾ ਨਿਰੂਪਣ ਕਰਦਾ ਹੈ। ਪ੍ਰਤੀਕਾਂ ਵਾਂਗ ਕਾਵਿਕ-ਬਿੰਬਾਂ ਅਤੇ ਅਲੰਕਾਰਾਂ ਬਾਰੇ ਭੀ ਪੱਛਮੀ ਅਤੇ ਭਾਰਤੀ ਸੁਹਜਵਾਦੀ-ਚਿੰਤਕਾਂ

ਦੁਆਰਾ ਹੁਣ ਤਕ ਹੋਈਆਂ ਖੋਜਾਂ ਨੂੰ ਘੋਖ-ਘਾਖ ਕੇ, ਗੁਰੂ ਅਮਰਦਾਸ ਦੀ ਕਵਿਤਾ ਨਾਲ ਸੰਬੰਧਤ ਬਿੰਬਾਂ ਅਤੇ ਅਲੰਕਾਰਾਂ ਬਾਰੇ ਵਿਚਾਰ ਕੀਤੀ ਗਈ ਹੈ। ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਉਦਾਹਰਨਾਂ ਦੇਣ ਉਪਰੰਤ ਪੱਛਮੀ ਬਿੰਬ-ਸਿਧਾਂਤ ਨੂੰ ਸਪਸ਼ਟ ਕਰਨ ਦਾ ਜਤਨ ਭੀ ਕੀਤਾ ਗਿਆ ਹੈ। ਇਸੇਤਰ੍ਹਾਂ ਜਿੱਥੋਂ ਤਕ ਅਲੰਕਾਰਾਂ ਦਾ ਸੰਬੰਧ ਹੈ, ਉਪਮਾ, ਰੂਪਕ ਅਤੇ ਦ੍ਰਿਸ਼ਟਾਂਤ ਆਦਿਕ ਵਿਸ਼ੇਸ਼ ਅਲੰਕਾਰਾਂ ਬਾਰੇ ਵਿਸਥਾਰ ਸਹਿਤ ਵਿਚਾਰ ਕਰਨ ਉਪਰੰਤ ਲਗਪਗ ਤਿੰਨ ਦਰਜਨ ਹੋਰ ਵੰਨ-ਸੁਵੰਨੇ ਅਲੰਕਾਰਾਂ ਦੀਆਂ ਉਦਾਹਰਨਾਂ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਦਿੱਤੀਆਂ ਗਈਆਂ ਹਨ। ਸੰਬੰਧਤ ਅਲੰਕਾਰਾਂ ਦੇ ਲੱਛਣਾਂ ਬਾਰੇ ਭੀ ਕੁਝ ਇਕ ਸਤਰਾਂ ਰਾਹੀਂ ਸੰਖੇਪ ਨੋਟ ਭੀ ਨਾਲੋ-ਨਾਲ ਦਿੱਤੇ ਗਏ ਹਨ, ਤਾਂਜੋ ਗੁਰੂ ਅਮਰਦਾਸ ਦੀ ਬਾਣੀ ਵਿਚੋਂ ਚੁਣੀਆਂ ਉਦਾਹਰਨਾਂ ਦੀ ਪੁਸ਼ਟੀ ਹੋ ਸਕੇ।

ਸਤਵੇਂ ਅਧਿਆਇ ਦੁਆਰਾ ਗੁਰੂ ਅਮਰਦਾਸ ਦੀ ਲੋਕ-ਪ੍ਰੀਯ ਰਚਨਾ "ਅਨੰਦ" ਦੀ ਸਾਹਿਤਕ ਅਤੇ ਸਿਧਾਂਤਕ ਮਹਾਨਤਾ ਬਾਰੇ ਖੋਜ ਕੀਤੀ ਗਈ ਹੈ। ਸਭ ਤੋਂ ਪਹਿਲਾਂ ਅਨੰਦ-ਬਾਣੀ ਦੇ ਲੋਕ-ਪ੍ਰੀਯ ਹੋਣ ਦੇ ਕਾਰਨਾਂ ਬਾਰੇ ਖੋਜ ਕੀਤੀ ਗਈ ਹੈ। ਫਿਰ ਅਨੰਦ-ਬਾਣੀ ਦੇ ਕਾਵਿਕ-ਗੁਣਾਂ ਦਾ ਨਿਰੂਪਣ ਕੀਤਾ ਗਿਆ ਹੈ ਅਤੇ ਅਖੀਰ ਤੇ "ਅਨੰਦ" ਦੀ ਸਿਧਾਂਤਕ-ਮਹਾਨਤਾ ਬਾਰੇ ਵਿਸਥਾਰ ਸਹਿਤ ਵਿਚਾਰ ਕੀਤੀ ਗਈ ਹੈ। ਰਾਮਕਲੀ-ਅਨੰਦ ਨਾਲ ਸੰਬੰਧਤ "ਸਹਜ" ਤੇ "ਅਨੰਦ" ਦੇ ਕਾਲਪਨਿਕ-ਮੂਲ ਬਾਰੇ ਪ੍ਰਾਚੀਨ ਭਾਰਤੀ ਗ੍ਰੰਥਾਂ, ਮਧਕਾਲੀਨ ਧਰਮ-ਸਾਧਨਾਵਾਂ ਜਾਂ ਸਾਧਨਾ-ਪੱਧਤੀਆਂ ਅਤੇ ਆਧੁਨਿਕ ਭਾਰਤੀ ਵਿਚਾਰਵਾਨਾਂ ਦੀਆਂ ਲਿਖਤਾਂ ਦੇ ਆਧਾਰ ਤੇ ਪੰਜਾਬੀ ਵਿੱਚ ਪਹਿਲੀ ਵਾਰ ਖੋਜ ਕੀਤੀ ਗਈ ਹੈ। ਇਸੇਤਰ੍ਹਾਂ ਗੁਰੂ ਅਮਰਦਾਸ ਦੇ ਪੋਤਰੇ "ਅਨੰਦ" ਨਾਲ ਅਨੰਦ-ਬਾਣੀ ਦੀ ਸਦੀਆਂ ਤੋਂ ਤੁਰੀ ਆਉਂਦੀ ਰਵਾਇਤ ਬਾਰੇ ਭੀ ਗੁਰੂਮਤਿ ਦੇ ਖੋਜੀਆਂ ਨੂੰ ਖ਼ਬਰਦਾਰ ਕੀਤਾ ਗਿਆ ਹੈ ਅਤੇ ਨਾਲ ਹੀ ਇਹ ਸਾਬਤ ਕੀਤਾ ਗਿਆ ਹੈ, ਕਿ ਅਨੰਦ-ਬਾਣੀ ਦਾ ਫ਼ਲਸਫ਼ਾ ਕਿਸੇ ਬੱਚੇ ਦੇ ਜਨਮ( ਜੋ ਟਪਲਾ ਆਮ ਵਿਦਵਾਨਾਂ ਨੂੰ ਹੈ) ਨਾਲ ਸੰਬੰਧਤ ਨਹੀਂ।

ਅਠਵਾਂ ਅਧਿਆਇ ਇਕ ਤਰ੍ਹਾਂ ਇਸ ਸ਼ੋਧ-ਪ੍ਰਬੰਧ ਦਾ ਅੰਤਮ-ਅਧਿਆਇ ਹੈ ਅਤੇ ਇਸ ਦੁਆਰਾ ਗੁਰੂ ਅਮਰਦਾਸ ਦੇ ਜੀਵਨ-ਦਰਸ਼ਨ ਬਾਰੇ ਖੋਜ ਕੀਤੀ ਗਈ ਹੈ। ਮਧਕਾਲੀਨ-ਭਾਰਤ ਦੀਆਂ ਵੱਖ ਵੱਖ ਧਰਮ-ਸਾਧਨਾਵਾਂ ਜਾਂ ਸਾਧਨਾ-ਪੱਧਤੀਆਂ ਨਾਲ ਗੁਰੂ ਅਮਰਦਾਸ ਜਾਂ ਗੁਰਮਤਿ ਦੇ ਸਹਜ-ਮਾਰਗ ਦਾ ਤੁਲਨਾਤਮਕ-ਅਧਿਅਨ ਕਰਨ ਉਪਰੰਤ ਗੁਰੂ ਨਾਨਕ ਅਤੇ ਦੂਸਰੇ ਗੁਰੂਆਂ ਨਾਲੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਜਿਹੜੀਆਂ ਗੱਲਾਂ ਉਤੇ ਵਧੇਰੇ ਬਲ ਦਿੱਤਾ ਗਿਆ ਹੈ, ਉਨ੍ਹਾਂ ਬਾਰੇ ਭਰਪੂਰ ਖੋਜ ਕੀਤੀ ਗਈ ਹੈ। ਇਸੇਤਰ੍ਹਾਂ ਗੁਰੂ ਅਮਰਦਾਸ ਦੀ ਵਿਚਾਰਧਾਰਾ ਦਾ ਆਧੁਨਿਕ-ਯੁੱਗ ਵਿੱਚ ਜੋ ਮਹੱਤਵ ਹੈ ਅਰਥਾਤ ਅਜੋਕੇ-ਮਨੁੱਖ ਨੂੰ ਗੁਰੂ ਅਮਰਦਾਸ ਦੇ ਜੀਵਨ-ਅਨੁਭਵ ਦੁਆਰਾ ਜਿਹੜੀ ਸੇਧ ਮਿਲਦੀ ਹੈ, ਉਸ ਬਾਰੇ ਭੀ ਸੰਕੇਤ ਕੀਤਾ ਗਿਆ ਹੈ।

ਗੁਰੂ ਅਮਰਦਾਸ ਦੀ ਬਾਣੀ ਦੇ ਅਨੇਕਾਂ ਪੱਖਾਂ ਬਾਰੇ ਵਿਸਥਾਰ ਸਹਿਤ ਖੋਜ ਕਰਨ ਉਪਰੰਤ ਅਖੀਰ ਤੇ ਸਾਰੀ ਖੋਜ ਦਾ "ਉਪਸੰਹਾਰ" ਭੀ ਦਿੱਤਾ ਗਿਆ ਹੈ, ਤਾਂਜੋ ਗੁਰੂ ਅਮਰਦਾਸ ਦੀ ਕਾਵਿ-ਸੁਖ਼ਸੀਅਤ, ਕਾਵਿ-ਅਨੁਭਵ ਅਤੇ ਕਾਵਿ-ਕਲਾ ਬਾਰੇ ਕੋਈ ਸਿੱਟਾ ਕੱਢਿਆ ਜਾ ਸਕੇ ਅਤੇ ਪੰਜਾਬੀ ਸਾਹਿਤ ਜਾਂ ਭਾਰਤੀ-ਸਾਹਿ

ਵਿੱਚ ਉਨ੍ਹਾਂ ਦਾ ਅਸਥਾਨ ਨਿਯਤ ਕੀਤਾ ਜਾ ਸਕੇ।

ਅਖੀਰ ਤੇ ਇਹ ਸੰਕੇਤ ਕਰਨਾ ਭੀ ਅਯੋਗ ਨਹੀਂ ਹੋਵੇਗਾ, ਕਿ ਇਸ ਸ਼ੋਧ-ਪ੍ਰਬੰਧ ਨੂੰ ਅੰਗ੍ਰੇਜ਼ੀ ਦੀ ਥਾਂ ਪੰਜਾਬੀ ਵਿੱਚ ਲਿਖਣ ਸਮੇਂ ਜਿੱਥੇ ਵਿਚਾਰਾਂ ਦੇ ਪ੍ਰਗਟਾਉ ਲਈ ਕੁਝ ਸੁਖੈਣਤਾ ਮਿਲੀ ਹੈ, ਉਥੇ ਪੱਛਮੀ ਅਤੇ ਕਈ ਭਾਰਤੀ ਵਿਦਵਾਨਾਂ ਦੀਆਂ ਅੰਗ੍ਰੇਜ਼ੀ ਵਿੱਚ ਛਪੀਆਂ ਰਾਵਾਂ ਨੂੰ ਸੌਖੀ ਅਤੇ ਸਰਲ ਪੰਜਾਬੀ ਵਿੱਚ ਉਲਥਾਉਣ ਸਮੇਂ ਕੁਝ ਮੁਸ਼ਕਿਲ ਭੀ ਪੇਸ਼ ਆਈ ਹੈ। ਉਦਾਹਰਨ ਵਜੋਂ ਕਈ ਅੰਗ੍ਰੇਜ਼, ਫ੍ਰਾਂਸੀਸੀ, ਇਟੇਲੀਅਨ ਅਤੇ ਜਰਮਨ ਲਿਖਾਰੀਆਂ(ਜਿਨ੍ਹਾਂ ਦੀਆਂ ਰਾਵਾਂ ਇਸ ਸ਼ੋਧ-ਪ੍ਰਬੰਧ ਵਿੱਚ ਭੀ ਦਿੱਤੀਆਂ ਗਈਆਂ ਹਨ) ਦੇ ਨਾਵਾਂ ਦਾ ਉਚਾਰਨ ਜੇਕਰ ਉਨ੍ਹਾਂ ਦੀ ਮਾਤ-ਭਾਸ਼ਾ ਅਨੁਸਾਰ ਲਿਖਣ ਦਾ ਜਤਨ ਕਰੀਏ, ਤਾਂ ਪੰਜਾਬੀ ਵਿੱਚ ਬਹੁਤ ਕਠਨਾਈ ਦਾ ਮੂੰਹ ਵੇਖਣਾ ਪੈਂਦਾ ਹੈ। ਇਹ ਗੱਲ ਓਦੋਂ ਹੋਰ ਭੀ ਮੁਸ਼ਕਿਲ ਹੋ ਜਾਂਦੀ ਹੈ, ਜਦੋਂ ਇੱਕੋ ਨਾਮ ਦਾ ਉਚਾਰਨ ਦੋ ਜਾਂ ਕਈ ਵਾਰ ਦੋ ਤੋਂ ਵਧੀਕ ਪੰਜਾਬੀ-ਵਿਦਵਾਨ ਵੱਖੋ ਵੱਖਰੇ ਅੰਦਾਜ਼ ਵਿੱਚ ਕਰਨ। ਤਤਕਾਲ-ਉਦਾਹਰਨ ਵਜੋਂ ਇੰਗਲੈਂਡ ਦੇ ਅਜੋਕ ਪ੍ਰਸਿਧ-ਕਵੀ "ਲਿਊਇਸ"[1]ਦਾ ਉਚਾਰਨ ਅੰਗ੍ਰੇਜ਼ੀ ਦੇ ਤਿੰਨ ਪ੍ਰੋਫ਼ੈਸਰਾਂ ਨੇ ਤਿੰਨ/ਚਾਰ ਤਰ੍ਹਾਂ (ਲੂਈ, ਲੂਇਸ, ਲੀਵਿਸ ਅਤੇ ਲਿਊਇਸ)ਕਰਕੇ ਸਾਨੂੰ ਦੱਸਿਆ ਹੈ, ਪਰ ਜਦੋਂ ਵਧੇਰੇ ਭਰੋਸੇ-ਯੋਗ ਗੁਆਹੀ ਦੁਆਰਾ "ਲਿਊਇਸ" ਠੀਕ ਸਿੱਧ ਹੋਇਆ, ਤਾਂ ਇਸੇ ਪਿਛਲੇਰੇ ਉਚਾਰਨ ਨੂੰ ਸਵੀਕਾਰ ਕੀਤਾ ਗਿਆ। ਸੋ ਅੱਵਲ ਤਾਂ ਬਦੇਸ਼ੀ-ਨਾਵਾਂ ਬਾਰੇ ਕਾਫ਼ੀ ਤਸੱਲੀ ਕੀਤੀ ਗਈ ਹੈ, ਪਰ ਕਿਉਂਕਿ ਉਹ ਬਦੇਸ਼ੀ-ਨਾਮ ਹਨ, ਇਸਲਈ ਵਿਦਵਾਨਾਂ ਦੀ ਪੂਰੀ ਤਸੱਲੀ ਲਈ, ਸੰਬੰਧਤ ਨਾਵਾਂ ਨੂੰ ਪੰਜਾਬੀ ਦੇ ਨਾਲ ਅੰਗ੍ਰੇਜ਼ੀ ਵਿੱਚ ਭੀ ਨਾਲ ਹੀ ਲਿਖ ਦਿੱਤਾ ਗਿਆ ਹੈ।

ਜਿਨ੍ਹਾਂ ਪੁਸਤਕਾਂ ਜਾਂ ਲੇਖਕਾਂ ਦਾ ਇਸ ਸ਼ੋਧ-ਪ੍ਰਬੰਧ ਵਿੱਚ ਹਵਾਲਾ ਦਿੱਤਾ ਗਿਆ ਹੈ, ਉਨ੍ਹਾਂ ਬਾਰੇ ਸੰਪੂਰਨ-ਸੂਚੀ ਅਖੀਰ ਤੇ ਦਿੱਤੀ ਗਈ ਹੈ। ਸੰਬੰਧਤ ਪੁਸਤਕਾਂ ਦਾ ਛਪਣ-ਸੰਮਤ (ਪ੍ਰਕਾਸ਼ਕਾਂ ਦੇ ਨਾਵਾਂ ਸਮੇਤ) ਭੀ ਅਖੀਰ ਤੇ "ਸਹਾਇਕ-ਗ੍ਰੰਥਾਂ ਦੀ ਸੂਚੀ" ਵਿੱਚ ਹੀ ਦਿੱਤਾ ਗਿਆ ਹੈ।

ਇਸ ਸ਼ੋਧ-ਪ੍ਰਬੰਧ ਨੂੰ ਸੰਪੂਰਨ ਹੋਇਆ ਵੇਖ ਕੇ, ਅੱਜ ਮੈਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਕਿਰਪਾ ਦੁਆਰਾ ਮੈਨੂੰ ਦੋ ਸਾਲਾਂ ਲਈ ਰੀਸਰਚ-ਫ਼ੈਲੋਸ਼ਿਪ ਦਿੱਤੀ ਗਈ ਅਤੇ ਮੈਂ ਸਰਕਾਰੀ-ਕਾਲਜ ਵਿੱਚੋਂ ਲੰਮੀ ਛੁੱਟੀ ਲੈ ਕੇ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਗੁਰੂ ਅਮਰਦਾਸ ਦੀ ਬਾਣੀ ਬਾਰੇ ਸੰਬੰਧਤ ਖੋਜ ਉਤੇ ਕੇਂਦ੍ਰਿਤ ਕਰ ਸਕਿਆ ਹਾਂ।

ਇਸੇਤਰ੍ਹਾਂ ਮੈਂ ਆਪਣੇ ਨਿਰਦੇਸ਼ਕ, ਡਾ:ਸੁਰਿੰਦਰ ਸਿੰਘ ਕੋਹਲੀ ਦਾ ਭੀ ਧੰਨਵਾਦੀ ਹਾਂ, ਜਿਨ੍ਹਾਂ ਦੀ ਵਿਦਵਤਾ-ਭਰਪੂਰ ਅਗਵਾਈ ਨੇ "ਖੰਨਿਅਹੁ ਤਿੱਖੀ ਵਾਲਹੁ ਨਿੱਕੀ" ਖੋਜ-ਸਾਧਨਾ ਵਿੱਚ ਮੈਨੂੰ ਕਿਤੇ ਭੀ ਡਿੱਗਣ-ਡੋਲਣ ਨਹੀਂ ਦਿੱਤਾ ।

(ਬਲਬੀਰ ਸਿੰਘ ਦਿਲ)

*.*.*.*.*.*.*.*.*.*.*.*.*.*.*.*.*.*

1. C.Day.Lewis.

## ਵਿਸ਼ੇ-ਸੂਚੀ

(1) ਭੂਮਿਕਾ.......

(2) ਪਹਿਲਾ ਅਧਿਆਇ (ਗੁਰੂ ਅਮਰਦਾਸ ਦਾ ਜੀਵਨ, ਸ਼ਖ਼ਸੀਅਤ ਅਤੇ ਰਚਨਾ):
- (ੳ) ਜਨਮ-ਸੰਮਤ ਅਤੇ ਸਮਾਂ
- (ਅ) ਭੱਲਾ-ਬੰਸ ਅਤੇ ਗੁਰੂ ਅਮਰਦਾਸ
- (ੲ) ਕੁਝ ਜਨਮ-ਅਸਥਾਨ ਬਾਰੇ
- (ਸ) ਗੁਰਦੇਵ ਦੇ ਮਾਤਾ-ਪਿਤਾ ਅਤੇ ਹੋਰ ਪਰਵਾਰ
- (ਹ) ਵਿਹਾਰਕ-ਜੀਵਨ
- (ਕ) ਪ੍ਰਮਾਰਥ ਦੀ ਲਗਨ
- (ਖ) ਗੁਰੂ ਅਮਰਦਾਸ, ਗੁਰਸਿੱਖ ਦੇ ਰੂਪ ਵਿੱਚ
- (ਗ) ਗੁਰਗੱਦੀ ਮਿਲਣ ਤੋਂ ਪਿੱਛੋਂ
- (ਘ) ਪ੍ਰਸਿਧ ਸਿੱਖਾਂ ਅਤੇ ਬਾਈ ਮੰਜੀਆਂ ਬਾਰੇ
- (ਙ) ਰਾਮਕਲੀ-ਸੱਦ ਅਤੇ ਗੁਰੂ ਅਮਰਦਾਸ
- (ਚ) ਗੁਰੂ ਅਮਰਦਾਸ ਦੀ ਸ਼ਖ਼ਸੀਅਤ
- (ਛ) ਬਾਣੀ ਜਾਂ ਰਚਨਾ ਦਾ ਵੇਰਵਾ

(3) ਦੂਜਾ ਅਧਿਆਇ (ਰਾਗ, ਰਾਗਣੀਆਂ, ਕਾਵਿ-ਭੇਦ ਅਤੇ ਛੰਦ-ਪ੍ਰਬੰਧ):
- (ੳ) ਗੁਰੂ ਅਮਰਦਾਸ ਦੀ ਰਾਗ-ਵਿਦਿਆ ਬਾਰੇ ਸੂਝ
- (ਅ) ਮਧਕਾਲੀਨ ਰਾਗ-ਪਰੰਪਰਾ ਨਾਲ ਸੰਬੰਧ
- (ੲ) ਰਸ, ਭਾਵ ਅਤੇ ਸਮਾਂ ਬੰਨ੍ਹਣ ਦੀ ਵਿਸ਼ੇਸ਼ਤਾ
- (ਸ) ਰੰਗ-ਸੁਵੰਨੇ ਕਾਵਿ-ਭੇਦ
- (ਹ) ਰੰਗ-ਸੁਵੰਨੇ ਛੰਦਾਂ ਦਾ ਪ੍ਰਯੋਗ

(4) ਤੀਜਾ ਅਧਿਆਇ (ਗੁਰੂ ਅਮਰਦਾਸ ਦੀ ਬੋਲੀ ਦਾ ਅਨੇਕ-ਪੱਖੀ ਅਧਿਅਨ):
- (ੳ) ਗੁਰੂ ਅਮਰਦਾਸ ਦਾ ਸ਼ਬਦ-ਕੋਸ਼
- (ਅ) ਕਲਾਸੀਕਲ-ਸੰਸਕ੍ਰਿਤ ਦਾ ਪ੍ਰਭਾਵ
- (ੲ) ਅਪਭ੍ਰੰਸ਼ਾਂ ਦਾ ਪ੍ਰਭਾਵ
- (ਸ) ਸ਼ੌਰਸੈਨੀ ਅਤੇ ਗੁਰੂ ਅਮਰਦਾਸ ਦੀ ਬੋਲੀ
- (ਹ) ਧੁਨ-ਪਰਿਵਰਤਨ ਦੀਆਂ ਵਿਸ਼ੇਸ਼ ਰੁਚੀਆਂ
- (ਕ) ਧੁਨੀ ਪਰਿਵਰਤਨ ਦੇ ਕੁਝ ਹੋਰ ਨਿਯਮ
- (ਖ) ਅਰਬੀ-ਭਾਸ਼ਾ ਦਾ ਪ੍ਰਭਾਵ
- (ਗ) ਫ਼ਾਰਸੀ-ਭਾਸ਼ਾ ਦਾ ਪ੍ਰਭਾਵ
- (ਘ) ਬ੍ਰਜੀ ਹਿੰਦੀ, ਉਰਦੂ ਅਤੇ ਸੰਤ-ਭਾਖਾ
- (ਙ) ਲਹਿੰਦੀ ਨਾਲ ਸਾਂਝ
- (ਚ) ਕੁਝ ਸੰਧੀ ਦੀ ਸ਼ਬਦਾਵਲੀ ਬਾਰੇ
- (ਛ) ਮਲਵਈ ਨਾਲ ਸੰਬੰਧ
- (ਜ) ਮਾਝੀ ਦੇ ਪੱਖ ਵਿੱਚ ਹੋਰ ਪ੍ਰਮਾਣ
- (ਝ) ਗੁਰੂ ਅਮਰਦਾਸ ਦੀ ਬੋਲੀ ਵਿੱਚ ਸ਼ਬਦ-ਬਣਤਰ

(ਞ) ਗੁਰੂ ਅਮਰਦਾਸ ਰਚਿਤ "ਪੱਟੀ"
(ਟ) ਕੁਝ ਦੇਸੀ ਸ਼ਬਦਾਂ ਬਾਰੇ
(ਠ) ਸਾਰ-ਅੰਸ਼
(ਡ) ਗੁਰੂ ਅਮਰਦਾਸ ਦੀ ਬੋਲੀ ਦੀਆਂ ਕਾਵਿਕ-ਵਿਸ਼ੇਸ਼ਤਾਈਆਂ

(5) ਚੌਥਾ ਅਧਿਆਇ(ਗੁਰੂ ਅਮਰਦਾਸ ਦੀ ਬੋਲੀ ਅਤੇ ਅਨੁਭਵ):
(ੳ) ਬੋਲੀ ਅਤੇ ਅਨੁਭਵ ਦੀ ਸਾਂਝ
(ਅ) ਅਧਿਆਤਮਿਕ ਅਤੇ ਮਿਥਿਹਾਸਕ ਸ਼ਬਦਾਵਲੀ
(ੲ) ਮਨੁੱਖ ਅਤੇ ਮਨੁੱਖੀ-ਸੰਬੰਧਾਂ ਬਾਰੇ ਸ਼ਬਦਾਵਲੀ
(ਸ) ਸ੍ਰਿਸ਼ਟੀ-ਰਚਨਾ ਅਤੇ ਪ੍ਰਕ੍ਰਿਤਕ-ਦ੍ਰਿਸ਼ਾਂ ਨਾਲ ਸੰਬੰਧਤ ਸ਼ਬਦਾਵਲੀ

(6) ਪੰਜਵਾਂ ਅਧਿਆਇ(ਗੁਰੂ ਅਮਰਦਾਸ ਦੀ ਕਵਿਤਾ ਵਿੱਚ "ਪ੍ਰਤੀਕ"):
(ੳ) ਪ੍ਰਤੀਕ ਦੇ ਲੱਛਣ ਅਤੇ ਗੁਰੂ ਅਮਰਦਾਸ ਰਚਿਤ ਪ੍ਰਤੀਕਾਂ ਦੀਆਂ ਵਿਸ਼ੇਸ਼ਤਾਈਆਂ
(ਅ) ਦੋ ਵਿਸ਼ੇਸ਼-ਪ੍ਰਤੀਕਾਂ(ਧਨ-ਪਿਰ ਅਤੇ ਬੰਬੀਹਾ-ਅੰਮ੍ਰਿਤਜਲ) ਦੇ ਪ੍ਰਯੋਗ ਬਾਰੇ
(ੲ) ਵੰਨ-ਸੁਵੰਨੇ ਪ੍ਰਤੀਕਾਂ ਦੀ ਰੂਪ-ਰੇਖਾ ਅਤੇ ਸੰਬੰਧਤ ਭਾਵ

(7) ਛੇਵਾਂ ਅਧਿਆਇ(ਗੁਰੂ ਅਮਰਦਾਸ ਦੀ ਕਵਿਤਾ ਵਿੱਚ ਬਿੰਬ ਅਤੇ ਅਲੰਕਾਰ):
(ੳ) ਗੁਰੂ ਅਮਰਦਾਸ ਦੁਆਰਾ ਰਚਿਤ ਬਿੰਬਾਂ ਅਤੇ ਅਲੰਕਾਰਾਂ ਦੀਆਂ ਵਿਸ਼ੇਸ਼ਤਾਈਆਂ
(ਅ) ਉਪਮਾ, ਰੂਪਕ ਅਤੇ ਦ੍ਰਿਸ਼ਟਾਂਤ ਦੇ ਪ੍ਰਯੋਗ ਬਾਰੇ
(ੲ) ਤਿੰਨ ਦਰਜਨ ਤੋਂ ਉੱਪਰ ਅਲੰਕਾਰਾਂ ਦੀ ਰੂਪ-ਰੇਖਾ

(8) ਸਤਵਾਂ ਅਧਿਆਇ(ਲੋਕ-ਪ੍ਰਿਯ ਰਚਨਾ "ਅਨੰਦ" ਦੀ ਸਾਹਿਤਕ ਅਤੇ ਸਿਧਾਂਤਕ ਮਹਾਨਤਾ):
(ੳ) ਅਨੰਦ-ਬਾਣੀ ਦੇ ਲੋਕ-ਪ੍ਰਿਯ ਹੋਣ ਦੇ ਕਾਰਨ
(ਅ) ਮਿਥਿਹਾਸਕ ਅਤੇ ਇਤਿਹਾਸਕ ਮਹੱਤਵ
(ੲ) ਕਾਵਿਕ-ਗੁਣ
(ਸ) ਅਨੁਭਵ ਦੀ ਮਹਾਨਤਾ
(ਹ) ਰਾਮਕਲੀ-ਅਨੰਦ ਵਿਰਲੇ ਵਿਚਾਰਾਂ ਦੀ ਵਿਆਖਿਆ ।

(9)ਅਠਵਾਂ ਅਧਿਆਇ(ਗੁਰੂ ਅਮਰਦਾਸ ਦਾ ਜੀਵਨ-ਦਰਸ਼ਨ):
(ੳ) ਮਧਕਾਲੀਨ-ਧਰਮ-ਸਾਧਨਾ ਅਤੇ ਉਸਦਾ ਪਿਛੋਕੜ
(ਅ) ਗੁਰੂ ਨਾਨਕ ਦਾ ਗੁਰਮਤਿ-ਮਾਰਗ ਅਤੇ ਗੁਰੂ ਅਮਰਦਾਸ
(ੲ) ਗੁਰੂ ਅਮਰਦਾਸ ਦੀ ਵਿਚਾਰਧਾਰਾ ਦੀਆਂ ਵਿਸ਼ੇਸ਼ਤਾਈਆਂ

(10) ਉਪਸੰਹਾਰ........

(11) ਸਹਾਇਕ-ਗ੍ਰੰਥਾਂ ਦੀ ਸੂਚੀ ।

*.*.*.*.*.*.*.*.*.*.*.*.*.

## ਪਹਿਲਾ ਅਧਿਆਇ

### ਗੁਰੂ ਅਮਰਦਾਸ ਦਾ ਜੀਵਨ, ਸ਼ਖ਼ਸੀਅਤ ਅਤੇ ਰਚਨਾ

ਲਗਪਗ ਡੇਢ ਸੌ ਵਰ੍ਹਾ ਪਹਿਲਾਂ ਕਵੀ ਸੰਤੋਖ ਸਿੰਘ ਨੇ ਸਿੱਖ-ਗੁਰੂਆਂ ਦੇ ਜੀਵਨ ਚਮਤਕਾਰਾਂ ਬਾਰੇ ਖੋਜ ਕਰਦਿਆਂ ਲਿਖਿਆ ਸੀ:-

ਸ੍ਰੀਗੁਰ ਕੋ ਇਤਿਹਾਸ ਜਗਤ ਮਹਿਂ ।
ਰਲਮਿਲਿ ਰਹਯੋ ਏਕ ਥਲ ਸਭਿ ਨਹਿਂ ।
ਜਿਮ ਸਿਕਤਾ ਮਹਿਂ ਕੰਚਨ ਮਿਲੈ ।
ਬੀਨ ਡਾਂਵਲਾ ਲੇ ਤਿਹ ਭਲੈ ।
(ਗੁਰਪ੍ਰਤਾਪ ਸੂਰਜ ਗ੍ਰੰਥ)[1]

ਅਰਥਾਤ ਕਵੀ ਸੰਤੋਖ ਸਿੰਘ ਨੇ ਇਹ ਮੰਨਿਆ ਸੀ, ਕਿ ਉਨ੍ਹਾਂ ਨੂੰ ਗੁਰੂ ਸਾਹਿਬਾਨ ਦਾ ਇਤਿਹਾਸ ਵੱਖ ਵੱਖ ਸੋਮਿਆਂ ਤੋਂ ਇਕੱਤ੍ਰ ਕਰਨਾ ਪਿਆ ਹੈ। ਬੇਸ਼ਕ ਕਵੀ ਸੰਤੋਖ ਸਿੰਘ ਦੀ ਮਹਾਨ ਖੋਜ ਸਚਮੁਚ ਰੇਤ ਵਿੱਚ ਰਲੇ ਸੋਨੇ ਦੇ ਅੰਸ਼ਾਂ ਨੂੰ ਚੁਣ ਕੇ ਨਿਆਰੇ ਕਰਨੇ ਦੇ ਬਰਾਬਰ ਹੈ, ਪਰ ਇਤਿਹਾਸਕ-ਰਾਹ ਲੰਮੇਰੇ ਹੋਣ ਕਰਕੇ ਅਤੇ ਰਾਹਾਂ ਉੱਤੇ ਵਾਪਰ ਚੁੱਕੀਆਂ ਘਟਨਾਵਾਂ ਦੀ ਰੇਤ ਬਹੁਤ ਸੰਘਣੀ ਹੋਣ ਕਰਕੇ, ਇਕੱਲੇ ਇਤਿਹਾਸਕਾਰ ਪਾਸੋਂ ਸੱਚ ਦਾ ਸੋਨਾ ਪੂਰੀ ਤਰ੍ਹਾਂ ਨਿਖੇੜਿਆ ਨਹੀਂ ਸੀ ਜਾ ਸਕਦਾ । ਇਸੇ ਲਈ ਗੁਰੂ ਅਮਰਦਾਸ ਦੇ ਜੀਵਨ-ਚਰਿਤ੍ਰ ਬਾਰੇ ਖੋਜ ਕਰਦਿਆਂ ਸਾਨੂੰ ਗੁਰਪ੍ਰਤਾਪ ਸੂਰਜ ਗ੍ਰੰਥ ਤੋਂ ਛੁੱਟ ਮਹਿਮਾ ਪ੍ਰਕਾਸ਼[2] ਅਤੇ ਗੁਰਕੀਰਤ ਪ੍ਰਕਾਸ਼[3] ਆਦਿਕ ਦਰਜਨਾਂ ਪ੍ਰਾਚੀਨ ਹੱਥ-ਲਿਖਤ ਖਰੜਿਆਂ ਨੂੰ ਵਾਚਣਾ ਪਿਆ ਹੈ। ਗੁਰੂ ਅਮਰਦਾਸ ਦੀ ਸ਼ਖ਼ਸੀਅਤ ਨਾਲ ਸੰਬੰਧਤ ਕਈ ਸਾਖੀਆਂ[4] ਅਤੇ ਬਾਣੀ ਦੀ ਵਿਆਖਿਆ ਲਈ ਕਈ ਗੋਸ਼ਟਾਂ[5] ਭੀ ਮਿਲਦੀਆਂ ਹਨ, ਪਰ ਕਿਸੇ ਇਕ ਪੁਸਤਕ ਜਾਂ ਹੱਥ-ਲਿਖਤ ਖਰੜੇ ਨੂੰ ਗੁਰਦੇਵ ਦੇ ਜੀਵਨ ਅਤੇ ਸ਼ਖ਼ਸੀਅਤ ਦੀ ਚਿਤ੍ਰਕਾ ਲਈ ਆਧਾਰ-ਸ਼ਿਲਾ ਨਹੀਂ ਬਣਾਇਆ ਜਾ ਸਕਦਾ।

ਗੁਰੂ ਅਮਰਦਾਸ ਨਾਲ ਸੰਬੰਧਤ ਕਈ ਸਾਖੀਆਂ ਅਤੇ ਗੋਸ਼ਟਾਂ ਉਨ੍ਹਾਂ ਦੇ ਜੀਵਨ ਨਾਲੋਂ ਬਾਣੀ ਦੀ ਵਿਆਖਿਆ ਵਧੇਰੇ ਕਰਦੀਆਂ ਹਨ। ਉਦਾਹਰਨ ਵਜੋਂ ਸੈਂਟਰਲ ਪਬਲਿਕ ਲਾਇਬ੍ਰੇਰੀ(ਪਟਿਆਲਾ) ਵਿੱਚ ਗੁਰੂ ਅਮਰਦਾਸ ਦੀਆਂ ਤਿੰਨ ਗੋਸ਼ਟਾਂ[6] ਦਾ ਇਕ ਬਹੁਤ ਪੁਰਾਣਾ ਖਰੜਾ(1740 ਬਿਕ੍ਰਮੀ ਜਾਂ 1683 ਈਸਵੀ)

1. ਕਵੀ ਸੰਤੋਖ ਸਿੰਘ- ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 5, ਖਾਲਸਾ ਸਮਾਚਾਰ(ਅੰਮ੍ਰਿਤਸਰ), 1954 ।
2. ਕਵੀ ਸਰੂਪਦਾਸ ਭੱਲੇ ਦਾ ਮਹਿਮਾ ਪ੍ਰਕਾਸ਼(ਅੰਦਰਲੀ ਗੁਆਹੀ ਅਨੁਸਾਰ) 1833 ਬਿਕ੍ਰਮੀ ਵਿੱਚ ਸੰਪੂਰਨ ਹੋਇਆ। ਜਿਹੜੇ ਤਿੰਨ ਖਰੜੇ ਅਸਾਂ ਵੇਖੇ ਹਨ, ਉਨ੍ਹਾਂ ਵਿੱਚੋਂ ਭਾਈ ਵੀਰ ਸਿੰਘ ਪੁਸਤਕਾਲਯ(ਡੇਰ੍ਹਾਦੂਨ) ਵਾਲਾ ਖਰੜਾ 1851 ਬਿਕ੍ਰਮੀ(ਵੇਖੋ:ਪੰਨਾ 413), ਭਾਸ਼ਾ-ਵਿਭਾਗ(ਪਟਿਆਲਾ) ਵਾਲਾ ਖਰੜਾ(ਨੰ:176) 1857 ਬਿਕ੍ਰਮੀ(ਵੇਖੋ:ਪੰਨਾ 462) ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ(ਅੰਮ੍ਰਿਤਸਰ) ਵਾਲਾ ਖਰੜਾ(ਨੰ:1151) 1897 ਬਿਕ੍ਰਮੀ(ਵੇਖੋ:ਪੰਨਾ 779) ਦਾ ਸਿੱਧ ਹੁੰਦਾ ਹੈ ।
3. ਕਵੀ ਬੀਰ ਸਿੰਘ ਰਚਿਤ ਗੁਰਕੀਰਤ ਪ੍ਰਕਾਸ਼, ਖਰੜਾ ਨੰ:682(1891 ਬਿ:), ਸਟੇਟ ਆਰਕਾਈਵਜ਼, ਪਟਿਆਲਾ ।
4. ਸਾਖੀ ਮਹਲੇ ਤੀਜੇ ਕੀ(ਕਈ ਹੱਥ-ਲਿਖਤਾਂ ਵਿੱਚ ਅਜਿਹੀਆਂ ਸਾਖੀਆਂ ਮਿਲਦੀਆਂ ਹਨ)।
5. ਭਾਈ ਮਿਹਰਬਾਨ-ਸਕੂਲ ਨਾਲ ਸੰਬੰਧਤ ਗੁਰੂ ਅਮਰਦਾਸ ਦੀਆਂ ਤਿੰਨ ਗੋਸ਼ਟਾਂ ਦਾ ਪ੍ਰਾਚੀਨ ਖਰੜਾ (1740 ਬਿਕ੍ਰਮੀ) ਸੈਂਟਰਲ ਪਬਲਿਕ ਲਾਇਬ੍ਰੇਰੀ(ਪਟਿਆਲਾ) ਵਿੱਚ ਪਿਆ ਹੈ(ਵੇਖੋ:ਖਰੜਾ ਨੰ:678- ਪੰਨੇ 100 ਤੋਂ 120)। ਵੈਸੇ ਪ੍ਰੋ:ਪ੍ਰੀਤਮ ਸਿੰਘ ਦੀ ਜ਼ਾਤੀ-ਲਾਇਬ੍ਰੇਰੀ ਵਿੱਚ ਭੀ ਗੁਰੂ ਅਮਰਦਾਸ ਦੀਆਂ ਗੋਸ਼ਟਾਂ ਦਾ ਇਕ ਖਰੜਾ ਹੈ, ਜੋ ਲਗਪਗ ਇਕ ਸੌ ਵਰ੍ਹਾ ਪੁਰਾਣਾ ਹੈ। ਸੰਬੰਧਤ ਗੋਸ਼ਟਾਂ ਦੀ ਵੰਨਗੀ ਲਈ ਵੇਖੋ: ਪੰਜਾਬੀ ਹੱਥ-ਲਿਖਤਾਂ ਦੀ ਸੂਚੀ(ਦੂਜਾ ਭਾਗ), ਭਾਸ਼ਾ ਵਿਭਾਗ(ਪਟਿਆਲਾ), 1963, ਪੰਨੇ 251-252 ।
6. ਖਰੜਾ ਨੰ:678, ਸੈਂਟਰਲ ਪਬਲਿਕ ਲਾਇਬ੍ਰੇਰੀ(ਪਟਿਆਲਾ), ਪੰਨੇ 100-120 ।

ਮਿਲਦਾ ਹੈ, ਜਿਸਨੂੰ ਵਾਚਣ ਤੇ ਸਿੱਧ ਹੁੰਦਾ ਹੈ, ਕਿ ਸੰਬੰਧਤ ਗੋਸ੍ਟਾਂ ਗੁਰੂ ਅਮਰਦਾਸ ਦੇ ਜੀਵਨ ਦੀ ਥਾਂ ਉਨ੍ਹਾਂ ਦੀ ਬਾਣੀ ਨਾਲ ਸੰਬੰਧਤ ਕਈ ਤੁਕਾਂ ਦੀ ਵਿਆਖਿਆ ਕਰਕੇ ਚੁੱਪ ਹੋ ਜਾਂਦੀਆਂ ਹਨ, ਜਿਵੇਂ:-

(1) <u>ਗੋਸਟਿ ਗੁਰੂ ਅਮਰਦਾਸ ਜੀ ਕੀ</u>

> " ਏਕ ਦਿਨਿ ਗੁਰੂ ਅਮਰਦਾਸੁ ਨਗਰਿ ਵਡਾਲੀ ਬੈਠਾ ਥਾ। ਅਰੁ ਏਕ ਗੋਬਿੰਦ ਲੋਕ ਆਇ ਗਏ। ...........ਤਬ ਗੁਰੂ ਅਮਰਦਾਸ ਪਹਿ ਉਨਹੁ ਗੋਬਿੰਦ ਲੋਕਹੁ ਕਹਿਆ ਜਿ ਏਹੀ ਬੇਨਤੀ ਹੈ ਜੀ। ਜਿ ਏਸ ਜਗਤ ਮਹਿ ਜਿ ਮੀਠੀ ਬਸਤੁ ਹੈ ਸਿ ਕਵਣੁ ਹੈ ਜੀ। ਸੈਸਾਰੁ ਪੂਛਤਾ ਹੈ ਤਬ ਕੋਈ ਕਿਛੁ ਕਹਤਾ ਹੈ ਕੋਈ ਕਿਛੁ ਕਹਤਾ ਹੈ। ਲੋਕਾ ਕੀ ਕਹਾਵਤ ਸੁਨਿ ਕਰਿ ਮਨੁ ਠਹਰਤਾ ਨਾਹੀ। ਤੇਰਿਆ ਚਰਨਾ ਪਹਿ ਆਏ ਹੈ ਜੀ। ਜਿ ਤੁਮ ਬਤਾਇ ਦੇਹੁ ਸਾਈ ਬਸਤੁ ਸਚੁ।........... ਗੁਰੂ ਜੀ ਬੋਲੇ....ਭਾਈ ਰੇ ਹਰਿ ਕਾ ਨਾਮੁ ਅਤਿ ਮੀਠਾ। ਜਨਮ ਜਨਮ ਕੇ ਕਿਲਬਿਖ ਭਉ ਭੰਜਨੁ ਗੁਰਮੁਖਿ ਏਕੋ ਡੀਠਾ। ਰਹਾਉ।............."....(ਪੰਨੇ100-101)[1]

ਦੂਜੇ ਸ਼ਬਦਾਂ ਵਿੱਚ ਉਪਰੋਕਤ ਗੋਸ਼ਟਿ, ਗੁਰੂ ਅਮਰਦਾਸ ਦੀ ਇਕ ਅਸ਼ਟਪਦੀ(ਸਾਰੰਗ ਮ:3)[2]ਦੀਆਂ ਕੁਝ ਤੁਕਾਂ ਦੀ ਵਿਆਖਿਆ ਹੈ, ਬੇਸ਼ਕ ਮੁਢਲੀ-ਤੁਕ ਆਦਿ-ਗ੍ਰੰਥ ਨਾਲੋਂ ਕੁਝ ਅੰਤਰ ਰੱਖਦੀ ਹੈ। ਆਦਿ-ਗ੍ਰੰਥ ਵਿੱਚ ਸੰਬੰਧਤ ਤੁਕ ਇਸ ਪਰਕਾਰ ਹੈ,"ਮਨ ਮੇਰੇ ਹਰਿ ਕਾ ਨਾਮ ਅਤਿ ਮੀਠਾ"(ਸਾਰੰਗ ਮ:3)[2]। ਇਸੇਤਰ੍ਹਾਂ ਸੈਂਟਰਲ ਪਬਲਿਕ ਲਾਇਬ੍ਰੇਰੀ(ਪਟਿਆਲਾ) ਵਾਲੇ ਖਰੜੇ ਵਿੱਚ ਦੂਜੀ ਗੋਸ਼ਟਿ[3], ਗੁਰੂ ਅਮਰਦਾਸ ਦੇ ਇਸ ਵਿਚਾਰ(ਗੁਰ ਬਿਨ ਦਾਤਾ ਕੋਈ ਨਾਹੀ....ਮਲਾਰ ਮ:3)[4] ਅਤੇ ਤੀਜੀ ਗੋਸ਼ਟਿ[5] "ਆਪਣੇ ਭਾਣੇ ਵਿਚਿ ਸਦਾ ਰਖੁ ਸੁਆਮੀ"(ਪ੍ਰਭਾਤੀ ਮ:3)[6]ਦੀ ਵਿਆਖਿਆ ਵਿੱਚ ਰਚੀਆਂ ਗਈਆਂ ਪ੍ਰਤੀਤ ਹੁੰਦੀਆਂ ਹਨ।

ਜਿੱਥੋਂ ਤਕ ਗੁਰੂ ਅਮਰਦਾਸ ਨਾਲ ਸੰਬੰਧਤ ਕਈ ਵਿੱਕੋਲਿਤਰੀਆਂ ਸਾਖੀਆਂ ਦਾ ਸੰਬੰਧ ਹੈ, ਉਨ੍ਹਾਂ ਵਿੱਚੋਂ ਭੀ ਕਈ ਗੁਰਦੇਵ ਦੀਆਂ ਗੋਸ਼ਟਾਂ ਵਾਂਗ ਉਨ੍ਹਾਂ ਦੇ ਜੀਵਨ ਦੀ ਥਾਂ ਵਿਚਾਰਾਂ ਦੀ ਹੀ ਵਿਆਖਿਆ ਕ ਜਾਪਦੀਆਂ ਹਨ। ਉਦਾਹਰਨ ਵਜੋਂ ਪੰਜਾਬ ਯੂਨੀਵਰਸਿਟੀ(ਚੰਡੀਗੜ੍ਹ)[7] ਦੇ ਇਕ ਹੱਥ-ਲਿਖਤ ਖਰੜੇ ਵਿੱਚ "ਸਾਖੀ ਗੁਰੂ ਅਮਰਦਾਸ ਜੀ ਕੀ" ਦੇ ਸਿਰਲੇਖ ਹੇਠਾਂ ਲਿਖਿਆ ਹੈ:-

> "ਜੋ ਗੁਰੂ ਕਾ ਸਿਖ ਹੈ ਤਿਨਾ ਜੋਗ ਉਪਦੇਸ ਹੈ। ਪਰਾਈ ਇਸਤ੍ਰੀ ਨਾਲਿ ਪ੍ਰੀਤਿ ਨਹੀਂ ਕਰਣੀ। ਜੇ ਪਰਮੇਸਰ ਕੀ ਭਗਤ ਹੋਵੈ ਤਾ ਭੀ ਤੋਟਾ ਹੈ। ਲਾਹਾ ਨਹੀ। ਮਨੁ ਸ਼ਬਦੈ ਨਾਲਿ ਰਖਣਾ।....."

ਸੋ ਪ੍ਰਾਚੀਨ ਲਿਖਤਾਂ ਨੂੰ ਵਿਗਿਆਨਕ-ਦ੍ਰਿਸ਼ਟੀ ਤੋਂ ਵਾਚਣ ਦੀ ਲੋੜ ਹੈ। ਵੈਸੇ ਗੁਰੂ ਅਮਰਦਾਸ ਦੀ ਨਿੱਜੀ-ਬਾਣੀ ਤੋਂ ਛੁੱਟ, ਬਾਣੀ ਗੁਰੂ ਰਾਮਦਾਸ, ਰਾਮਕਲੀ ਵਾਰ ਸੱਤਾ ਬਲਵੰਡ, ਸਵਈਏ ਮਹਲੇ ਤੀਜੇ ਕੇ, ਰਾਮਕਲੀ ਸੱਦ ਬਾਬਾ ਸੁੰਦਰ, ਵਾਰਾਂ ਭਾਈ ਗੁਰਦਾਸ ਅਤੇ ਸਿੱਖਾਂ ਦੀ ਭਗਤ-ਮਾਲ(ਰਚਿਤ ਭਾਈ ਮਨੀ ਸਿੰਘ),ਆਦਿਕ ਪ੍ਰਾਚੀਨ ਰਚਨਾਵਾਂ ਵਿੱਚੋਂ ਭੀ ਸਾਨੂੰ ਕਈ ਕੀਮਤੀ-ਸੁਝਾਉ ਮਿਲੇ ਹਨ। ਪਰ ਸਭ ਤੋਂ ਬਹੁਤੀ ਸਹਾਇਤਾ "ਮਹਿਮਾ ਪ੍ਰਕਾਸ਼" ਆਦਿਕ ਗ੍ਰੰਥਾਂ ਨੇ ਹੀ ਕੀਤੀ ਹੈ। ਬਾਬਰ ਅਤੇ ਅਕਬਰ ਦੇ ਸਮੇਂ ਨਾਲ ਸੰਬੰਧਤ ਮੁਗਲ-ਰਿਕਾਰਡਾਂ ਵਿੱਚ ਗੁਰੂ ਅਮਰਦਾਸ ਬਾਰੇ ਵਰਣਨ ਨਹੀਂ ਮਿਲਦਾ। "ਦਬਿਸਤਾਨ-ਇ-ਮਜ਼ਾਹਿਬ"ਦਾ ਕਰਤਾ ਮੋਹਸਨ ਫ਼ਾਨੀ[8] ਭੀ ਗੁਰੂ ਅਮਰਦਾਸ ਬਾਰੇ ਇਕ ਦੋ ਸਤਰਾਂ ਝਰੀਟ ਕੇ ਹੀ ਚੁੱਪ ਕਰ ਗਿਆ ਹੈ। ਸੋ ਪ੍ਰਾਚੀਨ ਅਤੇ ਆਧੁਨਿਕ

---

1. ਸੈਂਟਰਲ ਪਬਲਿਕ ਲਾਇਬ੍ਰੇਰੀ(ਪਟਿਆਲਾ),ਖਰੜਾ ਨੰ:678, ਪੰਨੇ 100-101
2. ਆਦਿ-ਗ੍ਰੰਥ..........ਪੰਨੇ1233-1234
3. ਸੈਂਟਰਲ ਪਬਲਿਕ ਲਾਇਬ੍ਰੇਰੀ(ਪਟਿਆਲਾ),ਖਰੜਾ ਨੰ:678, ਪੰਨੇ 111-115
4. ਆਦਿ-ਗ੍ਰੰਥ..........ਪੰਨਾ 1258
5. ਸੈਂਟਰਲ ਪਬਲਿਕ ਲਾਇਬ੍ਰੇਰੀ(ਪਟਿਆਲਾ),ਖਰੜਾ ਨੰ:678, ਪੰਨੇ 116- 120
6. ਆਦਿ-ਗ੍ਰੰਥ.............ਪੰਨਾ 1333
7. ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ(ਚੰਡੀਗੜ੍ਹ),ਹੱਥ-ਲਿਖਤ ਖਰੜਾ ਨੰ:1173, ਪੰਨੇ 422-423
8. ਮੋਹਸਨ-ਫ਼ਾਨੀ- ਦਬਿਸਤਾਨ-ਇ-ਮਜ਼ਾਹਿਬ(ਫ਼ਾਰਸੀ),ਹੱਥ-ਲਿਖਤ ਖਰੜਾ ਨੰ:1353,ਸਿੱਖ ਰੈਫਰੈਂਸ ਲਾਇਬ੍ਰੇ " ਸਰ

ਲਿਖਤਾਂ ਨੂੰ ਚੰਗੀ ਤਰ੍ਹਾਂ ਵਾਚਣ ਉਪਰੰਤ ਅਸਾਂ ਆਪਣੀ ਖੋਜ ਦੇ ਸਿੱਟਿਆਂ ਨੂੰ ਹੇਠ ਲਿਖੇ ਭਾਗਾਂ ਵਿੱਚ ਵੰਡਿਆ ਗਿਆ ਹੈ:-

(ੳ) ਜਨਮ-ਸੰਮਤ ਅਤੇ ਸਮਾਂ ।
(ਅ) ਭੱਲਾ-ਬੰਸ ਅਤੇ ਗੁਰੂ ਅਮਰਦਾਸ ।
(ੲ) ਕੁਝ ਜਨਮ-ਅਸਥਾਨ ਬਾਰੇ ।
(ਸ) ਗੁਰਦੇਵ ਦੇ ਮਾਤਾ-ਪਿਤਾ ਅਤੇ ਹੋਰ ਪਰਵਾਰ।
(ਹ) ਵਿਹਾਰਕ-ਜੀਵਨ।
(ਕ) ਪ੍ਰਮਾਰਥ ਦੀ ਲਗਨ।
(ਖ) ਗੁਰੂ ਅਮਰਦਾਸ, ਗੁਰਸਿੱਖ ਦੇ ਰੂਪ ਵਿੱਚ।
(ਗ) ਗੁਰਗੱਦੀ ਮਿਲਣ ਤੋਂ ਪਿਛੋਂ।
(ਘ) ਪ੍ਰਸਿਧ ਸਿੱਖਾਂ ਅਤੇ ਬਾਈ ਮੰਜੀਆਂ ਬਾਰੇ।
(ਙ) ਰਾਮਕਲੀ ਸੱਦ ਅਤੇ ਗੁਰੂ ਅਮਰਦਾਸ।
(ਚ) ਗੁਰੂ ਅਮਰਦਾਸ ਦੀ ਸ਼ਖ਼ਸੀਅਤ।
(ਛ) ਬਾਣੀ ਜਾਂ ਰਚਨਾ ਦਾ ਵੇਰਵਾ।

## (ੳ) ਜਨਮ-ਸੰਮਤ ਅਤੇ ਸਮਾਂ

ਗੁਰੂ ਅਮਰਦਾਸ ਦੇ ਜੋਤੀ ਜੋਤ ਸਮਾਉਣ ਬਾਰੇ ਸਿੱਖ ਇਤਿਹਾਸ ਦੇ ਖੋਜੀਆਂ ਵਿੱਚ ਬਹੁਤਾ ਮਤ-ਭੇਦ ਨਹੀਂ। ਮਹਿਮਾ ਪ੍ਰਕਾਸ਼,[1] ਗੁਰ ਪ੍ਰਤਾਪ ਸੂਰਜ ਗ੍ਰੰਥ,[2] ਰਾਮਰਾਏ ਦਰਬਾਰ(ਡੇਰ੍ਹਾਦੂਨ) ਵਿੱਚ ਪਈਆਂ ਦੋ ਪ੍ਰਾਚੀਨ-ਬੀੜਾਂ ਦੀ ਅੰਤਕਾ[3], ਉਮਦਤੁਲ-ਤਵਾਰੀਖ[4](ਬੇਸ਼ਕ ਦੋ ਰਾਵਾਂ ਦੇਣ ਕਰਕੇ ਲੇਖਕ ਦੀ ਗੁਆਹੀ ਸ਼ੰਕਾਵਾਦੀ ਹੋ ਜਾਂਦੀ ਹੈ), ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀ-ਨਾਮਾ[5], ਮੁਹੰਮਦ ਲਤੀਫ਼ ਰਚਿਤ ਪੰਜਾਬ ਦਾ ਇਤਿਹਾਸ[6], ਕਨਿੰਘਮ ਦੀ ਸਿਖ ਹਿਸਟਰੀ[7], ਮੈਕਾਲਿਫ਼[8], ਇਮਪੀਰੀਅਲ ਗੈਜ਼ਟੀਅਰ ਔਫ ਇੰਡੀਆ[9], ਵਿਸ਼ਵ-ਧਰਮ ਐਨਸਾਈਕਲੋਪੀਡੀਆ[10], ਟਰੰਪ[11], ਖਜ਼ਾਨ ਸਿੰਘ[12], ਗੰਡਾ ਸਿੰਘ[13], ਤੇਜਾ ਸਿੰਘ[13], ਜੋਧ ਸਿੰਘ[14], ਸ਼ੇਰ ਸਿੰਘ[15], ਸੁਰਿੰਦਰ ਸਿੰਘ ਕੋਹਲੀ,[16] ਆਰਚਰ[17], ਖੁਸ਼ਵੰਤ ਸਿੰਘ[18], ਅਤੇ ਐਮ.ਐਲ.ਪੀਸ[19], ਆਦਿਕ ਸਭ ਨੇ ਮੰਨਿਆ ਹੈ, ਕਿ ਗੁਰੂ ਅਮਰਦਾਸ ਸੰਮਤ 1631 ਬਿਕ੍ਰਮੀ

---

1. ਸਰੂਪਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼, ਹੱਥ-ਲਿਖਤ ਖਰੜਾ ਨੰ:1151, ਸਿਖ ਰੈਫ਼ਰੈਂਸ ਲਾਇਬ੍ਰੇਰੀ, [ਪੰਨਾ 24
2. ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 1 ਅੰਸੂ 68(ਖਾਲਸਾ ਸਮਾਚਾਰ, 1954)।
3. ਇਨ੍ਹਾਂ ਬੀੜਾਂ ਦਾ ਉਤਾਰਾ ਮਾਈ ਪੰਜਾਬ ਕੌਰ(ਸੁਪਤਨੀ ਬਾਬਾ ਰਾਮ ਰਾਏ) ਦੇ ਚਲਾਣਾ ਕਰਨ ਉਪਰੰਤ(ਸੰਮਤ 1798 ਬਿ:) ਵਿੱਚ ਹੋਇਆ ਜਾਪਦਾ ਹੈ ।
4. ਸੋਹਨ ਲਾਲ ਰਚਿਤ ਉਮਦਤੁਲ-ਤਵਾਰੀਖ(ਦਫ਼ਤਰ ਅੱਵਲ), ਫ਼ਾਰਸੀ ਹੱਥ-ਲਿਖਤ ਖਰੜਾ ਨੰ:280, ਸਿੱਖ ਰੈਫ਼ਰੈਂਸ ਲਾਇਬ੍ਰੇਰੀ(ਅੰਮ੍ਰਿਤਸਰ), ਪੰਨਾ 22.23
5. ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀ-ਨਾਮਾ(ਹੱਥ-ਲਿਖਤ), ਖਰੜਾ ਨੰ:291, ਸਿੱਖ:ਰੈਫ਼:ਲਾ:, ਪੰਨਾ 55
6. Mohd.Latif- A History of Panjab,1891 Ed.,P.252
7. J.D.Cunningham- A History of the Sikhs,1955 Ed.,P.45
8. M.A.Macauliffe- The Sikh Religion(Vol.II),1909 Ed.,P.44
9. Imperial Gazetteer of India(Vol.V),1908 Ed.,P.320
10. Encyclopaedia of Religion and Ethics,Vol.IX,1954 Ed.,P.507
11. Dr.Earnest Trumpp-Adi Granth,1877 Ed.,See Introduction.
12. Khazan Singh- History & Philosophy of the Sikhs(Part I),P.115
13. Teja Singh & Ganda Singh- A Short History of the Sikhs(Vol.I),1950 P.
14. Jodh Singh- Life of Guru Amar Dass Ji(P.107)1950 Ed.,P.19
15. Sher Singh- Philosophy of Sikhism,P.24
16. S.S.Kohli- A Critical Study of Adi Granth(1st Ed.),P.6
17. J.C.Archer- The Sikhs,1946 Ed.,P.139
18. Khushwant Singh- The Sikhs, P.26, 1953 Ed.
19. M.L.Peace- Shri Guru Amar Das,P.4, 1960 Ed.

(1574 ਈਸਵੀ) ਵਿੱਚ ਜੋਤੀ ਜੋਤ ਸਮਾਏ। ਮਹਿਮਾ ਪ੍ਰਕਾਸ਼[1], ਅਤੇ ਗੁਰਪ੍ਰਤਾਪ ਸੂਰਜ ਗ੍ਰੰਥ[2] ਆਦਿਕ ਦੇ ਲੇਖਕਾਂ ਨੇ ਭਾਦਰੋਂ ਸੁਦੀ ਪੂਰਨਮਾਸ਼ੀ ਅਤੇ ਮੰਗਲਵਾਰ ਵਲ ਭੀ ਸੰਕੇਤ ਕੀਤਾ ਹੈ:-

(ੳ) ਸੋਲਾ ਸੈ ਇਕਤੀ ਬਰਖ ਸਮਤੁ ਮੰਗਲਵਾਰ।
ਪੁਨਿਆ ਤਿਥ ਭਾਦੋ ਸੁਦੀ ਹਰਿਪੁਰ ਅਮਰ ਸਿਧਾਰ।
(ਮਹਿਮਾ ਪ੍ਰਕਾਸ਼)[1]

(ਅ) ਚੰਦ ਅਗਨਿ ਰਸ ਮਹੀ ਗਿਨ ਭਾਦੋਂ ਪੂਰਨ ਮਾਸਿ।
ਦੂਜ ਦਿਨ ਮਹਿੰ ਸ੍ਰੀ ਸਤਿਗੁਰੂ ਜੋਤੀ ਜੋਤ ਮਿਲਾਸ।
(ਗੁਰਪ੍ਰਤਾਪ ਸੂਰਜ ਗ੍ਰੰਥ)[2]

ਵੈਸੇ ਉਮਦਤੁਲ-ਤਵਾਰੀਖ[3] ਦਾ ਲੇਖਕ ਸੰਮਤ 1631 ਦੇ ਨਾਲ 1639 ਵਲ ਭੀ ਸੰਕੇਤ ਕਰਦਾ ਹੈ ਅਤੇ ਕਨਿੰਘਮ[4] ਭੀ ਗੁਰਦੇਵ ਦੇ ਜੋਤੀ ਜੋਤ ਸਮਾਉਣ ਬਾਰੇ 1574 ਤੋਂ ਛੁੱਟ ਈਸਵੀ ਸੰਮਤ 1580 ਵਲ ਸੈਨਤ ਕਰਦਾ ਹੈ, ਪਰ ਉਪਰੋਕਤ ਦੋਵੇਂ ਲੇਖਕ ਕੋਈ ਇਤਿਹਾਸਕ-ਗੁਆਹੀ ਨਹੀਂ ਪੇਸ਼ ਕਰ ਸਕੇ। ਇਸੇਤਰ੍ਹਾਂ ਬਾਵਾ ਛੱਜੂ ਸਿੰਘ[5] ਨੇ ਗੁਰੂ ਅਮਰਦਾਸ ਦੇ ਜੋਤੀ ਜੋਤ ਸਮਾਉਣ ਦਾ ਸੰਮਤ 1632 ਬਿਕ੍ਰਮੀ ਜਾਂ 1575 ਈਸਵੀ ਲਿਖਿਆ ਹੈ, ਜੋ ਸ਼ਾਇਦ ਛਾਪੇ ਦੀ ਗ਼ਲਤੀ ਦਾ ਸਿੱਟਾ ਹੈ, ਕਿਉਂਕਿ ਉਹੀ ਲੇਖਕ ਗੁਰੂ ਅੰਗਦ ਦੇਵ ਦੇ ਜੋਤੀ ਜੋਤ ਸਮਾਉਣ ਦਾ ਸੰਮਤ 1609 ਬਿਕ੍ਰਮੀ (1552 ਈਸਵੀ) ਆਖਕੇ ਗੁਰੂ ਅਮਰਦਾਸ ਦੀ ਗੁਰਗੱਦੀ ਦਾ ਸਮਾਂ ਬਾਕੀ ਇਤਿਹਾਸਕਾਰਾਂ ਵਾਂਗ 22 ਸਾਲ 5 ਮਹੀਨੇ ਅਤੇ 11 ਦਿਨ ਹੀ ਮੰਨਦਾ ਹੈ। ਸੋ ਗੁਰੂ ਅਮਰਦਾਸ ਦੇ ਜੋਤੀ ਜੋਤ ਸਮਾਉਣ ਦਾ ਸੰਮਤ 1631 ਬਿਕ੍ਰਮੀ ਮੁਤਾਬਿਕ ਸੰਨ 1574 ਈਸਵੀ ਸਹੀ ਸਿੱਧ ਹੁੰਦਾ ਹੈ। ਡਾ: ਗੰਡਾ ਸਿੰਘ[6] ਅਨੁਸਾਰ ਭਾਦਰੋਂ ਸੁਦੀ ਪੂਰਨਮਾਸ਼ੀ ਜਾਂ ਅਸੂ ਦਿਨੋ ਇਕ ਸੰਮਤ 1631 ਬਿਕ੍ਰਮੀ ਦੇ ਮੁਤਾਬਿਕ ਸੰਨ 1574 ਈਸਵੀ ਅਤੇ ਪਹਿਲੀ ਸਤੰਬਰ ਦਾ ਦਿਨ ਸੀ।

ਪਰ ਜਿਥੋਂ ਤਕ ਗੁਰਦੇਵ ਦੇ ਜਨਮ-ਸੰਮਤ ਦਾ ਸੰਬੰਧ ਹੈ, ਬਹੁਤੇ ਪ੍ਰਮਾਣੀਕ ਨੁਸਖਿਆਂ ਤੋਂ ਛੁੱਟ ਗੁਰਪ੍ਰਤਾਪ ਸੂਰਜ ਗ੍ਰੰਥ, ਵਿਸ਼ਵ-ਧਰਮ ਐਨਸਾਈਕਲੋਪੀਡੀਆ, ਇਮਪੀਰੀਅਲ ਗਜ਼ਟੀਅਰ ਔਫ ਇੰਡੀਆ, ਮਿ: ਟਰੰਪ, ਬਾਵਾ ਛੱਜੂ ਸਿੰਘ, ਆਦਿਕ ਸਾਰੇ ਗੁਰੂ ਅਮਰਦਾਸ ਦੇ ਜਨਮ-ਸੰਮਤ ਬਾਰੇ ਚੁੱਪ ਹਨ। ਕਨਿੰਘਮ[4], ਮੁਹੰਮਦਲਤੀਫ[7] ਅਤੇ ਕੇਸਰ ਸਿੰਘ ਛਿੱਬਰ[8] ਤਿੰਨਾ ਨੇ ਗ਼ਲਤ ਲਿਖਿਆ ਹੈ, ਕਿ

---

1. ਮਹਿਮਾ ਪ੍ਰਕਾਸ਼ (ਹੱਥ-ਲਿਖਤ) ਖਰੜਾ ਨੰ: 1151 ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਪੰਨਾ 24.
2. ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ਪਹਿਲੀ, ਅੰਸੂ 68
3. ਉਮਦਤੁਲ-ਤਵਾਰੀਖ (ਦਫ਼ਤਰ ਅੱਵਲ) ਖਰੜਾ ਨੰ: 280 ਸਿੱਖਿ ਰੈਫਰੈਂਸ ਲਾਇਬ੍ਰੇਰੀ, ਪੰਨਾ 22-23
4. J.D. Cunningham- A History of the Sikhs, 1955, P.44-45
5. Bawa Chhajju Singh- The Ten Gurus & their teachings, 1903 Ed., P.205
6. Ganda Singh, Sources of Sikh History (Persian Script Mss) ( ماخذ تواریخ سکھاں ), Sikh Reference library, 1959, P.3
7. Syed Mohd. Latif- A History of the Panjab, P.252, 1891 Ed.
8. Kesar Singh Chhibbar- Bansawali-Nama of Sikh Gurus, Mss. No. 5290/891, Sikh Reference Library, ASR, P.44

ਗੁਰਦੇਵ ਦਾ ਜਨਮ-ਸੰਮਤ 1566 ਬਿਕ੍ਰਮੀ (1509 ਈਸਵੀ) ਜਾਂ 1568 ਬਿਕ੍ਰਮੀ(ਛਿੱਬਰ) ਵਿੱਚ ਹੋਇਆ। ਇਸੇਤਰ੍ਹਾਂ ਭਾਈ ਵੀਰ ਸਿੰਘ[1] ਅਤੇ ਡਾ: ਸ਼ੇਰ ਸਿੰਘ[2] ਦੋਵੇਂ ਜਨਮ-ਸੰਮਤ 1526 ਬਿਕ੍ਰਮੀ (1469 ਈਸਵੀ) ਲਿਖਕੇ ਕੋਈ ਸਬੂਤ ਨਹੀਂ ਪੇਸ਼ ਕਰ ਸਕੇ। ਇਸ ਦੇ ਉਲਟ ਮੈਕਾਲਿਫ[3] ਅਤੇ ਉਸਤੋਂ ਪਿਛੋਂ ਖਜ਼ਾਨ ਸਿੰਘ[4], ਗੰਡਾ ਸਿੰਘ[5], ਤੇਜਾ ਸਿੰਘ[5], ਜੋਧ ਸਿੰਘ[6], ਐਮ.ਐਲ.ਪੀਸ[7], ਡਾ: ਕੋਹਲੀ[8] ਅਤੇ ਖੁਸ਼ਵੰਤ ਸਿੰਘ[9], ਆਦਿਕ ਸਭ ਨੇ ਜਨਮ-ਸੰਮਤ 1536 ਬਿਕ੍ਰਮੀ(ਮੁਤਾਬਿਕ 1479 ਈਸਵੀ) ਕਥਨ ਕੀਤਾ ਹੈ। ਪਰ ਉਮਦਤੁਲ-ਤਵਾਰੀਖ10 , ਦਾ ਲੇਖਕ ਗੁਰੂ ਅਮਰਦਾਸ ਦੇ ਜਨਮ-ਸੰਮਤ ਬਾਰੇ ਦੋ ਰਾਵਾਂ (ਸੰਮਤ 1536 ਜਾਂ 1532 ਬਿਕ੍ਰਮੀ) ਦਿੰਦਾ ਹੈ। ਬੇਸ਼ਕ ਉਸਨੇ ਕੋਈ ਇਤਿਹਾਸਕ ਗੁਆਹੀ ਪੇਸ਼ ਨਹੀਂ ਕੀਤੀ, ਪਰ ਮਹਮਾ ਪ੍ਰਕਾਸ਼ ( ਸ੍ਰੀ ਗੁਰੂ ਅਮਰਦੇਵ) ਦੇ ਇਕ ਖਰੜੇ[11] ਨਾਲ ਉਮਦਤੁਲ-ਤਵਾਰੀਖ ਦੇ ਜਨਮ-ਸੰਮਤ ਦੀ ਸੰਮਤੀ ਹੋਣ ਕਰਕੇ ਡੂੰਘੀ ਵਿਚਾਰ ਦੀ ਲੋੜ ਹੈ। ਮਹਿਮਾ ਪ੍ਰਕਾਸ਼(ਸ੍ਰੀ ਗੁਰੂ ਅਮਰਦੇਵ) ਵਿੱਚ ਲਿਖਿਆ ਹੈ:-

ਲੀਓ ਜਨਮੁ ਬਾਸ੍ਰਕੀ ਗ੍ਰਾਮ।
ਵੈਸਾਖੁ ਵੀਹ ਦਿਨੁ ਬੀਤੇ ਜਾਨ।
ਸੰਮਤੁ ਪੰਦ੍ਰਾਂ ਸੈ ਬਤੀ ਜਾਨੋ।
ਸੁਕ੍ਰਵਾਰ ਕੋ ਦਿਨ ਪ੍ਰਮਾਨੋ।
ਡੂਡੁ ਪਹਿਰੁ ਰਾਤ ਜਬੁ ਰਹੀ।
ਕ੍ਰਿਤੁਕਾ ਨਛਤ੍ਰ ਚਰਨਿ ਚੌਥੇ ਮਹੀ।

(ਮਹਿਮਾ ਪ੍ਰਕਾਸ਼ ਸ੍ਰੀ ਗੁਰੂ ਅਮਰਦੇਵ)[12]

---

1.ਭਾਈ ਵੀਰ ਸਿੰਘ(ਵੇਖੋ ਫੁਟ ਨੋਟ) ਗੁਰਪ੍ਰਤਾਪ ਸੂਰਜ ਗ੍ਰੰਥ (ਖਾਲਸਾ ਸਮਾਚਾਰ 1954 ਐਡੀਸ਼ਨ),ਜਿਲਦ ਪੰਜਵੀਂ; ਪੰਨਾ 1492.

2.Sher Singh- Philosophy of Sikhism, P.24 (1943 Ed.)
3.M.A.Macauliffe- The Sikh Religion(Vol.II),P.30 (1909 Ed.)
4.Khazan Singh- History and Philosophy of the Sikhs(Part I),P.111 (1914 Ed.)
5.Teja Singh & Ganda Singh-A Short History of the Sikhs,P.19 (1950 Ed.)
6.Jodh Singh- Life of Guru Amar Dass Ji- P.10 (1953 Ed.)
7.M.L.Peace- Shri Guru Amar Dass, P.4 (1960 Ed.)
8.S.S.Kohli- A Critical Study of Adi Granth, P.6 (1961 Ed.)
9.Khushwant Singh- The Sikhs, P.26 (1953 Ed.)
10.Sohan Lal-Umadtul Twarikh(Persian),Mss.No.280,Sikh Reference Library,Amritsar,P.22-23

11.ਇਹ ਮਹਿਮਾ ਪ੍ਰਕਾਸ਼ ਪਹਿਲੀ ਵਾਰ ਸੰਮਤ 1925 ਤੋਂ 1935 ਈਸਵੀ ਦੇ ਵਿਚਕਾਰ (ਸੰਮਤ ਨਹੀਂ ਲਿਖਿਆ) ਵਜ਼ੀਰ ਹਿੰਦ ਪ੍ਰੈਸ ਵਿਚ ਅੰਮ੍ਰਿਤਸਰ ਛਪਿਆ ਪ੍ਰਤੀਤ ਹੁੰਦਾ ਹੈ। ਸਿਵਾਏ ਕੁਝ ਇਕ ਪੰਨਿਆਂ (ਜਿਨ੍ਹਾਂ ਵਿੱਚ ਵਿਸ਼ੇਸ਼ ਕਰਕੇ ਭੱਲਾ-ਬੰਸ ਦਾ ਮੁੱਢ ਅਤੇ ਗੁਰੂ ਅਮਰਦਾਸ ਦੇ ਮੁਢਲੇ-ਜੀਵਨ ਦੀ ਵਾਰਤਾ ਹੈ) ਦੇ ਬਾਕੀ ਦਾ ਸਾਰਾ ਖਰੜਾ ਸਾਧਾਰਨ ਪਾਠਾਂਤਰ-ਭੇਦਾਂ ਦੇ ਹੁੰਦੇ ਹੋਇਆਂ ਪ੍ਰਾਚੀਨ ਮਹਿਮਾ ਪ੍ਰਕਾਸ਼ ਦੇ ਪ੍ਰਮਾਣੀਕ ਨੁਸਖਿਆਂ ਨਾਲ ਮਿਲਦਾ ਜੁਲਦਾ ਹੈ। ਬਾਬਾ ਬਿਸ਼ਨ ਸਿੰਘ ਅਤੇ ਬਾਬਾ ਸਾਹਿਬ ਸਿੰਘ (ਜਿਨ੍ਹਾਂ ਦਾ ਨਾਮ ਕਰਤਾ ਵਜੋਂ ਪੁਸਤਕ ਦੇ ਸਰਵਰਕ ਉਤੇ ਛਪਿਆ ਹੈ) ਦੇ ਵਾਰਸ ਬਾਬਾ ਕਰਤਾਰ ਸਿੰਘ ਭੱਲਾ ਪਾਸੋਂ ਜ਼ੁਬਾਨੀ ਪੁੱਛਣ ਉਤੇ ਪਤਾ ਲੱਗਾ ਹੈ ਕਿ ਸੰਬੰਧਤ ਹੱਥ-ਲਿਖਤ ਖਰੜਾ (ਜੋ ਛਪੀ ਪੁਸਤਕ ਦਾ ਮੂਲ ਹੈ) ਉਨ੍ਹਾਂ ਦੇ ਅਸਥਾਨ (ਬਾਬਾ ਪਾਹੌੜੀ ਵਾਲਾ, ਅੰਮ੍ਰਿਤਸਰ) ਤੋਂ ਕਈ ਵਰ੍ਹੇ ਹੋਏ ਲੋਪ ਹੋ ਚੁੱਕਾ ਹੈ।
12.ਪੁਨਾ.........................ਪੰਨਾ 13-14

ਬੇਸ਼ੁਕ ਉਪਰੋਕਤ ਸਤਰਾਂ ਦਾ ਕਰਤਾ ਕਵੀ ਸਰੂਪ ਦਾਸ ਭੱਲਾ (ਪ੍ਰਾਚੀਨ ਮਹਿਮਾ ਪ੍ਰਕਾਸ਼ ਦਾ ਅਸਲ ਲੇਖਕ ) ਹੈ ਜਾਂ ਬਾਬਾ ਬਿਸ਼ਨ ਸਿੰਘ ਅਤੇ ਬਾਬਾ ਸਾਹਬ ਸਿੰਘ (ਜਿਨ੍ਹਾਂ ਨੂੰ ਬਾਬਾ ਹੁਕਮ ਸਿੰਘ ਪਰੌੜੀਵਾਲੇ ਨੇ ਸੰਬੰਧਤ ਗ੍ਰੰਥ ਦੇ ਰਚਨਹਾਰ ਮੰਨਕੇ ਗ੍ਰੰਥ ਛਾਪਿਆ ਹੈ), ਇਸ ਗੱਲ ਦੀ ਦਾਦ ਜ਼ਰੂਰ ਦੇਣੀ ਪੈਂਦੀ ਹੈ, ਕਿ ਸੰਬੰਧਤ ਕਵੀ ਨੇ ਗੁਰੂ ਅਮਰਦਾਸ ਦੇ ਜਨਮ ਬਾਰੇ ਇਸਤਰ੍ਹਾਂ ਵੇਰਵਾ ਦਿੱਤਾ ਹੈ ਜਿਵੇਂ ਉਸਨੇ ਗੁਰਦੇਵ ਦਾ ਟੇਵਾ ਵੇਖਿਆ ਹੋਵੇ। ਕਵੀ ਨੂੰ ਜੋਤਸ਼-ਵਿਦਿਆ ਦੀ ਸੂਝ ਪ੍ਰਤੀਤ ਹੁੰਦੀ ਹੈ ਅਤੇ 'ਆਖ ਦਮੋਦਰ ਅੱਖੀਂ ਡਿੱਠਾ' ਦੀ ਬਿਆਨੀਆ-ਸ਼ੁਕਤੀ ਤੋਂ ਭੀ ਉਹ ਜਾਣੂ ਜਾਪਦਾ ਹੈ। ਇਸੇਲਈ ... ਬਾਰੀਕ ਤੋਂ ਬਾਰੀਕ ਵੇਰਵਾ ਦਿੱਤਾ ਹੈ। ਪਰ ਇਹੋ ਕਵੀ ਇਸੇ ਗ੍ਰੰਥ ਵਿੱਚ ਅੱਗੇ ਚੱਲ ਕੇ ਗੁਰੂ ਅਮਰਦਾਸ ਦੇ ਜੋਤੀ ਜੋਤ ਸਮਾਉਣ ਦਾ ਸੰਮਤ 1631 ਬਿਕ੍ਰਮੀ[1] ਮੰਨਦਾ ਹੈ ਅਤੇ ਉਸ ਸਮੇਂ ਉਹ ਗੁਰਦੇਵ ਦੀ ਉਮਰ 107 ਵਰ੍ਹੇ ਦਸਦਾ ਹੈ:-

ਇਕਸੌ ਸਾਤ ਬਰਸ ਮਮੁ ਔਧ।
ਛੇ ਬੰਰਸ ਮੁਝ ਦੀਨੀ ਜੇਠੇਂ ਕੋ ਔਧ।

(ਮਹਿਮਾ ਪ੍ਰਕਾਸ਼ ਸ੍ਰੀ ਗੁਰੂ ਅਮਰਦੇਵ)[2ਅਤੇ3]

ਉਪਰੋਕਤ ਕਵੀ ਦੇ ਆਪਣੇ ਹਿਸਾਬ ਅਨੁਸਾਰ ਹੀ ਗੁਰੂ ਅਮਰਦਾਸ ਦਾ ਜਨਮ-ਸੰਮਤ 1631 ਮਨਫ਼ੀ 107 ਜਾਂ 1524 ਬਿਕ੍ਰਮੀ ਹੋਣਾ ਚਾਹੀਦਾ ਸੀ। ਸੋ ਮਹਿਮਾਂ ਪ੍ਰਕਾਸ਼ (ਸ੍ਰੀ ਗੁਰੂ ਅਮਰਦੇਵ) ਦੀ ਅੰਦਰਲੀ ਗੁਆਹੀ ਵਿੱਚ ਪਰਸਪਰ-ਵਿਰੋਧ ਹੋਣ ਕਰਕੇ 1532 ਸੰਮਤ ਨੂੰ ਗੁਰੂ ਅਮਰਦਾਸ ਦੇ ਜਨਮ-ਸੰਮਤ ਵਜੋਂ ਪਰਵਾਨ ਨਹੀਂ ਕੀਤਾ ਜਾ ਸਕਦੌਂ।

ਹੁਣ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਅੰਦਰਲੀ ਗੁਆਹੀ ... ਬਾਰੇ ਭੀ ਵਿਚਾਰ ਕਰਨੀ ਜ਼ਰੂਰੀ ਹੈ। ਜਿਵੇਂ ਪਿਛੇ ਸੰਕੇਤ ਕੀਤਾ ਜਾ ਚੁਕਾ ਹੈ, ਕਵੀ ਸੰਤੋਖ ਸਿੰਘ ਨੇ ਗੁਰੂ ਅਮਰਦਾਸ ਦੇ ਜੋਤੀ ਜੋਤ ਸਮਾਉਣ ਦਾ ਸੰਮਤ 1631 ਬਿਕ੍ਰਮੀ ਅਤੇ ਭਾਦਰੋਂ ਸੁਦੀ ਪੂੰਨਿਆ ਵਾਲਾ ਦਿਨ ਮੰਨਿਆ ਹੈ। ਇਕ ਹੋਰ ਥਾਂ ਕਵੀ ਸੰਤੋਖ ਸਿੰਘ ਨੇ ਗੁਰੂ ਅਮਰਦਾਸ ਦੇ ਜੋਤੀ ਜੋਤ ਸਮਾਉਣ ਸਮੇਂ ਉਨ੍ਹਾਂ ਦੀ ਉਮਰ 105 ਵਰ੍ਹੇ 12 ਦਿਨ (112 ਮਨਫ਼ੀ 6 ਸਾਲ 11 ਮਹੀਨੇ ਅਤੇ 18 ਦਿਨ) ਦੀ ਦਰਸਾਈ ਹੈ। ਹੇਠ ਲਿਖੀਆਂ ਸਤਰਾਂ ਗੁਰਦੇਵ ਵਲੋਂ ਗੁਰੂ ... ਰਾਮਦਾਸ ਨੂੰ ਸੰਬੋਧਨ ਹਨ:-

---

1.ਪੁਨਾ..................................ਪੰਨਾ 246
2.ਬਾਬਾ ਬਿਸ਼ਨ ਸਿੰਘ ਅਤੇ ਬਾਬਾ ਸਾਹਬ ਸਿੰਘ ਪਰੌੜਾਂਵਾਲੇ ਦਾ ਖਰੜਾ: ਮਹਿਮਾ ਪ੍ਰਕਾਸ਼ (ਸ੍ਰੀ ਗੁਰੂ ਅਮਰਦੇਵ) , ਪੰਨਾ 240
3.ਮਹਿਮਾ ਪ੍ਰਕਾਸ਼ ਦਾ ਜਿਹੜਾ ਪ੍ਰਮਾਣੀਕ-ਖਰੜਾ ਭਾਈ ਵੀਰ ਸਿੰਘ ਪੁਸਤਕਾਲਯ (ਡੇਰ੍ਹਾਦੂਨ) ਵਿੱਚ ਸੁਰਖਿਅਤ ਹੈ, ਉਸਦੇ ਪੰਨਾ 211 ਉਤੇ ਲਿਖਿਆ ਹੈ, ਕਿ ਗੁਰੂ ਅਮਰਦਾਸ ਨੇ ਗੁਰੂ ਰਾਮਦਾਸ ਨੂੰ ਛੇ ਵਰ੍ਹੇ ਅਤੇ 6 ਮਹੀਨੇ (ਆਪਣੀ ਬਾਕੀ ਰਹਿੰਦੀ ਆਯੂ) ਦਾਨ ਕੀਤੀ। ਕਿਉਂਕਿ ਗੁਰੂ ਰਾਮਦਾਸ 6 ਵਰ੍ਹੇ ਅਤੇ 6 ਮਹੀਨੇ ਦੀ ਥਾਂ ਗੁਰੂ ਅਮਰਦਾਸ ਤੋਂ ਪਿਛੋ 6 ਸਾਲ 11 ਮਹੀਨੇ ਅਤੇ 18 ਦਿਨ ਗੁਰਗੱਦੀ ਉਤੇ ਬੈਠੇ (ਸਨ), ਇਸ ਪੱਖ ਤੋਂ ਮਹਿਮਾ ਪ੍ਰਕਾਸ਼ ਦੀ ਬਜਾਏ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਗੁਆਹੀ ਵਧੇਰੇ ਮੰਨਣਯੋਗ ਹੈ।
4.

ਇਕ ਸਤ ਸੰਮਤ ਆਠ ਰ ਚਾਰੀ।
ਆਰਬਲਾ ਹਮਰੇ ਤਨ ਸਾਰੀ।
ਅਬ ਖਟ ਬਰਖ ਇਕਾਦਸ਼ ਮਾਸ।
ਦਯੋਸ ਅਸ਼ਟ ਦਸ ਸ਼ੇਸ਼ ਰਹਾਸ।
ਸੋ ਅਪਨੀ ਹਮ ਤੁਮ ਕੋ ਦੀਨਸਿ।
ਪ੍ਰੇਮ ਭਗਤਿ ਮੈ ਲੀਨ ਪ੍ਰਬੀਨਸਿ।

( ਗੁਰਪ੍ਰਤਾਪ ਸੂਰਜ ਗ੍ਰੰਥ)[1]

ਸੋ ਕਵੀ ਸੰਤੋਖ ਸਿੰਘ ਦੇ ਉਪਰੋਕਤ ਹਿਸਾਬ ਅਨੁਸਾਰ ਗੁਰੂ ਅਮਰਦਾਸ ਦਾ ਜਨਮ ਭਾਦੋਂ ਸੁਦੀ ਤੀਜ ਸੰਮਤ 1526 ਬਿਕ੍ਰਮੀ ਸਿੱਧ ਹੁੰਦਾ ਹੈ। ਪਰ ਇਸੇ ਲੇਖਕ ਨੇ ਇਕ ਹੋਰ ਥਾਂ ਗੁਰੂ ਅਮਰਦਾਸ ਦੀ ਕੁਲ ਆਯੂ 106 ਸਾਲ 5 ਮਹੀਨੇ 11 ਦਿਨ ਦੀ ਕਥਨ ਕੀਤੀ ਹੈ, ਜਿਵੇਂ 72 ਸਾਲ ਦੀ ਉਮਰ ਵਿੱਚ ਗੁਰਦੇਵ ਗੁਰੂ ਅੰਗਦ ਦੇਵ ਦੀ ਸੇਵਾ ਵਿੱਚ ਆਏ, ਬਾਰ੍ਹਾਂ ਬਰਸ ਸੇਵਾ ਕੀਤੀ ਅਤੇ 22 ਵਰ੍ਹੇ 5 ਮਹੀਨੇ 11 ਦਿਨ ਗੁਰਗੱਦੀ ਉਤੇ ਬੈਠੇ:-

(ੳ) ਜਬਹਿ ਬਹੱਤ੍ਰ ਬਰਖ ਬਯ ਭਈ।
ਤਬਹਿ ਆਇ ਗੁਰ ਸੇਵਾ ਲਈ।
ਦ੍ਵਾਦਸ਼ ਸੰਮਤ ਕਰਿ ਸਮੁਖ੍ਯਾ।
ਮੁਰਯੋ ਨ ਮਨ ਕਬਿ, ਰਹਯੋ ਅਦੂਖਾ।

( ਗੁਰਪ੍ਰਤਾਪ ਸੂਰਜ ਗ੍ਰੰਥ )[2]

(ਅ) ਦ੍ਵੈ ਬਿੰਸਤ ਸੰਮਤ ਹ੍ਵੈ ਇਕਰਸ।
ਪੰਚ ਮਾਸ ਅਰੁ ਦਿਵਸ ਇਕਾਦਸ।
ਗੁਰਤਾ ਗਾਦੀ ਕੀਨਿ ਅਬਾਦੀ।
ਗਨ ਉਰ ਦਈ ਗਯਾਨ ਕੀ ਸ੍ਵਾਦੀ।

(ਗੁਰਪ੍ਰਤਾਪ ਸੂਰਜ ਗ੍ਰੰਥ)[3]

ਗੁਰਪ੍ਰਤਾਪ ਸੂਰਜ ਗ੍ਰੰਥ ਦੇ ਉਪਰੋਕਤ ਹਵਾਲੇ ਅਨੁਸਾਰ ਗੁਰੂ ਅਮਰਦਾਸ ਦਾ ਜਨਮ ਚੇਤ ਸੁਦੀ ਚੌਦਸ ਸੰਮਤ 1525 ਬਿਕ੍ਰਮੀ ਸਿੱਧ ਹੁੰਦਾ ਹੈ। ਕਿਉਂਕਿ ਇਕੋ ਲੇਖਕ ਦੀ ਲਿਖਤ ਗੁਰਦੇਵ ਦੇ ਜਨਮ ਬਾਰੇ ਦੋ ਵਖ ਵਖ ਸੰਮਤਾਂ 1526 ਅਤੇ 1525 ਬਿਕ੍ਰਮੀ ਵਲ ਸੰਕੇਤ ਕਰਦੀ ਹੈ, ਇਸਲਈ ਇਹ ਗੁਆਹੀ ਭੀ ਸ਼ੰਕਾ ਉਤਪੰਨ ਕਰਦੀ ਹੈ।

ਪ੍ਰਸ਼ਨ ਉਠਦਾ ਹੈ, ਫਿਰ ਗੁਰੂ ਅਮਰਦਾਸ ਦੇ ਜਨਮ ਬਾਰੇ ਸਹੀ ਸੰਮਤ ਕਿਹੜਾ ਹੋਇਆ?

---

1.ਗੁਰਪ੍ਰਤਾਪ ਸੂਰਜ ਗ੍ਰੰਥ (ਰਾਸਿ 1 ਅੰਸੂ 67)
2.ਪੁਨਾ......................ਰਾਸਿ 1 ਅੰਸੂ 7
3.ਪੁਨਾ........................

ਕਿਉਂਕਿ ਗੁਰੂ ਅਮਰਦਾਸ ਦੇ ਜੋਤੀ ਜੋਤ ਸਮਾਉਣ ਬਾਰੇ (ਸੰਮਤ 1631 ਬਿਕ੍ਰਮੀ, ਭਾਦਰੋਂ ਸੁਦੀ ਪੂੰਨਿਆ-ਮੁਤਾਬਿਕ 1 ਸਤੰਬਰ 1774 ਈਸਵੀ) ਟਪਲੇ ਦੀ ਕੋਈ ਗੁੰਜਾਇਸ਼ ਨਹੀਂ ਅਤੇ ਉਨ੍ਹਾਂ ਦੀ ਕੁਲ ਆਯੂ ਖੋਜ ਅਨੁਸਾਰ 105 ਸਾਲ ਅਤੇ 12 ਦਿਨ ਬਣਦੀ ਹੈ, ਸੋ ਜਦੋਂ ਤਕ ਕੋਈ ਨਵੀਂ ਰੌਸ਼ਨੀ ਨਾ ਮਿਲੇ, ਗੁਰੂ ਅਮਰਦਾਸ ਦਾ ਜਨਮ ਭਾਦਰੋਂ ਸੁਦੀ ਤੀਜ ਸੰਮਤ 1526 ਬਿਕ੍ਰਮੀ(ਮੁਤਾਬਿਕ ਸੰਮਤ 1469 ਈਸਵੀ) ਮੰਨ ਲੈਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿੱਚ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੋਹਾਂ ਦਾ ਜਨਮ-ਸੰਮਤ ਇਕੋ ਹੈ ਅਤੇ ਉਹ ਸਹੀ ਅਰਥਾਂ ਵਿੱਚ ਇੱਕ ਦੂਸਰੇ ਦੇ ਸਮਕਾਲੀ ਹਨ ।

ਗੁਰੂ ਅਮਰਦਾਸ ਦੇ ਜਨਮ ਸਮੇਂ ਭਾਰਤ ਵਿੱਚ ਬਹਿਲੋਲ ਲੋਧੀ ਦਾ ਰਾਜ ਸੀ ਅਤੇ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤਕ ਦਿੱਲੀ ਦੇ ਤਖ਼ਤ ਉਤੇ ਵਾਰੋ ਵਾਰ ਕਈ ਬਾਦਸ਼ਾਹਾਂ, ਜਿਵੇਂ ਸਿਕੰਦਰ ਲੋਧੀ, ਇਬਰਾਹੀਮ ਲੋਧੀ, ਬਾਬਰ, ਹਿਮਾਯੂੰ, ਸ਼ੇਰ ਸ਼ਾਹ ਸੂਰੀ ਅਤੇ ਅਖੀਰ ਤੇ ਅਕਬਰ ਨੇ ਹਕੂਮਤ ਕੀਤੀ ।

(ਅ) ਭੱਲਾ-ਬੰਸ ਅਤੇ ਗੁਰੂ ਅਮਰਦਾਸ

ਆਦਿ-ਗ੍ਰੰਥ ਦੇ ਦੋ ਭੱਟ-ਕਵੀਆਂ ਨੇ ਗੁਰੂ ਅਮਰਦਾਸ ਦੀ ਉਪਮਾ ਕਰਦਿਆਂ ਲਿਖਿਆ ਹੈ:-

(ੳ) ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ।

(ਅ) ਭਲੇ ਅਮਰਦਾਸੁ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ।

(ਸਵਈਏ ਮਹਲੇ ਤੀਜੇ ਕੇ)[1]

ਦੂਜੇ ਸ਼ਬਦਾਂ ਵਿੱਚ ਕਵੀਜਨ "ਸਲ" ਅਤੇ ਕਵੀਜਨ "ਭਲ" ਨੇ ਗੁਰੂ ਅਮਰਦਾਸ ਨੂੰ ਭੱਲਿਆਂ ਦੀ ਕੁਲ ਦਾ ਰਾਜਾ ਜਾਂ ਸ਼੍ਰੋਮਣੀ ਮਹਾਂ-ਪੁਰਖ ਆਖ ਕੇ ਸਤਿਕਾਰਿਆ ਹੈ, ਜਿਸਦੇ ਗੁਣਾਂ ਦੀ ਉਪਮਾ ਲਈ ਸ਼ਬਦ ਨਹੀਂ ਮਿਲਦੇ ।

ਜਿਥੋਂ ਤਕ ਭੱਲਾ-ਜਾਤੀ ਦਾ ਸੰਬੰਧ ਹੈ, ਸਰ ਇਬਟਸਨ[2] ਨੇ ਕੇਵਲ ਇਤਨਾ ਹੀ ਲਿਖਿਆ ਹੈ, ਕਿ "ਉਹ ਖੱਤਰੀਆਂ ਦਾ ਇਕ ਭਾਗ ਹਨ।" ਕਨਿੰਘਮ[3] ਨੇ ਭੱਲਿਆਂ ਨੂੰ ਖੱਤਰੀਆਂ ਦੀਆਂ ਬਵੰਜਾ-ਗੋਤਾਂ ਵਿੱਚ ਗਿਣਿਆ ਹੈ ਅਤੇ ਭਾਈ ਕਾਹਨ ਸਿੰਘ[4] ਅਨੁਸਾਰ ਉਹ "ਸਰੀਣ ਖੱਤਰੀਆਂ ਦੀ ਇਕ ਗੋਤ ਹਨ।" ਪਰ ਭੱਲਾ-ਜਾਤੀ ਦੇ ਮੁਢ ਅਤੇ ਵਿਕਾਸ ਬਾਰੇ ਸਾਨੂੰ ਉਪਰੋਕਤ ਗ੍ਰੰਥਾਂ ਦੀ ਥਾਂ ਬਾਬਾ ਬਿਸ਼ਨ ਸਿੰਘ ਅਤੇ ਬਾਬਾ ਸਾਹਬ ਸਿੰਘ ਪਹੌੜੀ-ਵਾਲਿਆਂ ਦੁਆਰਾ ਛਪੇ ਮਹਿਮਾ ਪ੍ਰਕਾਸ਼(ਸ੍ਰੀ ਗੁਰੂ ਅਮਰਦੇਵ)[5] ਦਾ ਸਹਾਰਾ ਲੈਣਾ ਪੈਂਦਾ ਹੈ । ਸੰਬੰਧਤ ਮਹਿਮਾ ਪ੍ਰਕਾਸ਼(ਸ੍ਰੀ ਗੁਰੂ ਅਮਰਦੇਵ) ਅਨੁਸਾਰ ਭੱਲਾ-ਬੰਸ ਦਾ ਮੋਢੀ[6]

---

1.ਆਦਿ-ਗ੍ਰੰਥ....................ਪੰਨਾ 1396

2.Sir Denzil Ibbetson & Sir Edward Maclagan- A Glossory of the Tribes and Castes of Panjab & N.W.F.P.,1919,P.53

3.J.D.Cunningham- History of the Sikhs(Appendix No.III),PP.302-303

4.ਭਾਈ ਕਾਹਨ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼,1960,ਪੰਨਾ 680

5.ਮਹਿਮਾ ਪ੍ਰਕਾਸ਼(ਸ੍ਰੀ ਗੁਰੂ ਅਮਰਦੇਵ),ਵਜ਼ੀਰ ਹਿੰਦ ਪ੍ਰੈਸ(ਅੰਮ੍ਰਿਤਸਰ)ਐਡੀਸ਼ਨ,ਪੰਨਾ 3 ਅਤੇ 13

6.ਮੈਕਾਲਿਫ ਨੇ ਭੀ ਇਸ ਗੱਲ ਨੂੰ ਪਰਵਾਨ ਕੀਤਾ ਹੈ, ਵੇਖੋ: "ਦੀ ਸਿੱਖ ਰਿਲੇਜਨ"(ਅੰਗ੍ਰੇਜ਼ੀ), ਭਾਗ ਦੂਜਾ, ਪੰਨਾ 30

ਰਾਮਚੰਦਰ ਜੀ ਦਾ ਭਰਾਤਾ "ਭਰਥ"(ਭਰਤ) ਸੀ ਅਤੇ ਗੁਰੂ ਅਮਰਦਾਸ ਉਸੇ ਲੋਕ-ਪ੍ਰੀਯ ਨਾਇਕ "ਭਰਤ" ਦੀ ਅੰਸ ਹਨ:-

ਰਾਮੁਚੰਦ੍ਰ ਕਾ ਭਰਥੁ ਭਰਾਤਾ ।
ਤ੍ਰਈਲੋਕ ਮੈ ਸੋ ਬਖਿਯਾਤਾ ।
ਤਾਸੁ ਅੰਸ ਹੈ ਭਲੇ ਬੰਸ ।
ਭਟਿਨੇਰੁ ਨਗ੍ਰ ਤਿਸ ਰਾਖੀ ਅੰਸ ।

(ਮਹਿਮਾ ਪ੍ਰਕਾਸ਼ ਸ੍ਰੀ ਗੁਰੂ ਅਮਰਦੇਵ)[1]

"ਭਰਥ" ਜਾਂ ਭਰਤ ਦੀ ਕੁਲ ਵਿਚੋਂ ਸਭ ਤੋਂ ਪਹਿਲਾਂ ਜਿਹੜਾ ਮਹਾਂ-ਪੁਰਖ ਬਾਸਰਕੀ-ਗ੍ਰਾਮ(ਗੁਰਦੇਵ ਦਾ ਜਨਮ-ਅਸਥਾਨ) ਵਿੱਚ ਆਣ ਕੇ ਵੱਸਿਆ, ਉਸਦਾ ਨਾਮ "ਰਾਮ ਨਰਾਇਣ" ਦੱਸਿਆ ਗਿਆ ਹੈ, ਜਿਸਦੀ ਅੰਸ ਬਹੁਤ ਵਧੀ ਫੁੱਲੀ । ਉਸੇ ਰਾਮ-ਨਰਾਇਣ ਦੀ ਅੰਸ ਵਿਚੋਂ ਸੈਂਕੜੇ ਵਰ੍ਹਿਆਂ ਪਿੱਛੋਂ ਤੇਜ-ਭਾਨ ਦੇ ਗ੍ਰਿਹ ਵਿਖੇ ਗੁਰੂ ਅਮਰਦਾਸ ਨੇ ਜਨਮ ਲਿਆ ।

(ੲ) ਕੁਝ ਜਨਮ-ਅਸਥਾਨ ਬਾਰੇ

ਗੁਰੂ ਅਮਰਦਾਸ ਦਾ ਜਨਮ-ਅਸਥਾਨ (ਪਿੰਡ ਬਾਸਰਕੀ ਜਾਂ ਬਾਸਰਕੇ) ਰੇਲਵੇ ਸਟੇਸ਼ਨ ਛੇਹਰਟਾ (ਜ਼ਿਲਾ ਅੰਮ੍ਰਿਤਸਰ) ਤੋਂ ਲਗਪਗ ਪੰਜ ਕਿਲੋਮੀਟਰ ਦੱਖਣ-ਪੱਛਮ ਵੱਲ ਵਾਲੇ ਪਾਸੇ ਹੈ । ਬਾਸਰਕੀ-ਗਿੱਲਾਂ (ਅੱਜ ਕੱਲ ਘੁਗ ਵਸਦਾ ਪਿੰਡ) ਦੇ ਕਈ ਬਿਰਧ ਵਸਨੀਕਾਂ ਨੂੰ ਪੁੱਛਣ ਤੇ ਪਤਾ ਲਗਦਾ ਹੈ, ਕਿ ਅਸਲੀ "ਬਾਸਰਕੀ" ਪਿੰਡ ਸਦੀਆਂ ਤੋਂ ਤਬਾਹ ਹੋ ਚੁੱਕਾ ਹੈ ਅਤੇ ਉਸਦੀ ਥਾਂ ਇਕ ਥੇਹ(ਬਾਸਰਕੀ-ਗਿੱਲਾਂ ਤੋਂ ਪੌਣਾ ਕੁ ਕਿਲੋ-ਮੀਟਰ ਪਾਰ) ਖੜਾ ਹੈ । ਉਸ ਥੇਹ ਉਪਰ ਇਕ ਸ਼ਰਧਾਲੂ ਗੁਰਮੁਖ ਪਿਆਰੇ ਨੇ ਕੁਝ ਸਾਲਾਂ ਤੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਕੱਚੀਆਂ ਇੱਟਾਂ ਦਾ ਗੁਰਦੁਆਰਾ ਭੀ ਬਣਾ ਲਿਆ ਹੈ । ਸ਼ਰਧਾਲੂ-ਸਿੱਖਾਂ ਦਾ ਵਿਸ਼ਵਾਸ ਹੈ, ਕਿ ਜੇਕਰ ਸਰਕਾਰ ਵਲੋਂ ਸੰਬੰਧਤ ਥੇਹ ਦੀ ਪੁਟਾਈ ਕਰਵਾਈ ਜਾਵੇ ਤਾਂ ਪ੍ਰਾਚੀਨ ਬਾਸਰਕੀ ਅਤੇ ਗੁਰੂ ਅਮਰਦਾਸ ਦੇ ਮੁਢਲੇ ਜੀਵਨ ਬਾਰੇ ਭਰੋਸੇ-ਯੋਗ ਗੁਆਹੀ ਮਿਲ ਸਕਦੀ ਹੈ । ਸੰਬੰਧਤ ਥੇਹ ਤੋਂ ਕੁਝ ਕਦਮਾਂ ਤੇ ਪਹਾੜ ਦੀ ਬਾਹੀ ਵਲ ਕੋਟਲੀ ਮੀਏਂ ਖਾਂ(ਛੋਟੀ ਕੋਟਲੀ) ਅਤੇ ਲਗਪਗ ਇਕ ਕਿਲੋਮੀਟਰ ਚੜ੍ਹਦੇ ਵਲ ਕੋਟਲੀ ਨਸੀਬ ਖਾਂ (ਵੱਡੀ ਕੋਟਲੀ) ਆਬਾਦ ਹਨ।

ਸੰਬੰਧਤ ਥੇਹ ਤੋਂ ਪੌਣਾ ਕੁ ਕਿਲੋਮੀਟਰ (ਬਾਸਰਕੀ-ਗਿੱਲਾਂ ਪਿੰਡ ਤੋਂ ਦੋ ਕੁ ਸੌ ਮੀਟਰ) ਦੀ ਵਿੱਥ ਉਤੇ ਗੁਰੂ ਅਮਰਦਾਸ ਦੇ ਪ੍ਰਸਿਧ ਗੁਰਦੁਆਰੇ 'ਸੰਨ੍ਹ ਸਾਹਿਬ' ਵਾਲੇ ਅਸਥਾਨ ਤੇ ਪੁਰਤਾਨ ਸਮਿਆਂ ਵਿੱਚ ਇਕ ਕੱਚਾ ਜਿਹਾ ਕੋਠਾ ਹੁੰਦਾ ਸੀ, ਜਿਸ ਵਿੱਚ ਬੈਠਕੇ ਗੁਰਦੇਵ ਇਕ ਵਾਰ ਸਮਾਧੀ ਵਿੱਚ ਇਸਥਿਤ ਹੋਏ ਸਨ ਅਤੇ ਦਰਵਾਜ਼ੇ ਦੇ ਬਾਹਰ ਇਹ ਹੁਕਮ ਲਿਖਵਾ ਦਿੱਤਾ ਸੀ, ਕਿ ਜੋ ਕੋਈ ਦਰਵਾਜ਼ਾ ਖੋਲ੍ਹੇਗਾ ਉਹ ਸਾਡਾ ਸਿੱਖ ਨਹੀਂ। ਉਸ ਕੋਠੇ ਵਿੱਚ ਗੁਰਦੇਵ ਦੇ ਏਕਾਂਤ-ਵਾਸ ਦਾ ਕਾਰਨ ਇਹ ਸੀ, ਕਿ ਗੁਰੂ ਅੰਗਦ ਦੇ ਪੁੱਤਰ ਦਾਤੂ ਨੇ ਗੁਰਗੱਦੀ ਲਈ ਈਰਖਾ ਵਿਚ ਸੜਕੇ ਭਰੀ-ਸੰਗਤ ਵਿੱਚ ਗੁਰੂ ਅਮਰਦਾਸ ਦਾ ਅਨਾਦਰ

1.ਮਹਿਮਾ ਪ੍ਰਕਾਸ਼ (ਸ੍ਰੀ ਗੁਰੂ ਅਮਰਦੇਵ)-ਪੰਨਾ 3

ਕੀਤਾ ਸੀ ਅਤੇ ਆਖਿਆ ਸੀ 'ਤੁਸੀ ਖਡੂਰ ਵਿਚੋਂ ਚਲੇ ਜਾਓ'। ਸ਼ਾਂਤ-ਸਰੂਪ ਗੁਰਦੇਵ ਨੇ ਦਾਤੂ ਦੇ ਤਪਦੇ-ਮਨ ਨੂੰ ਸ਼ਾਂਤ ਕਰਨ ਲਈ ਜਾਂ ਸਿੱਖ-ਸੰਗਤਾਂ ਵਿੱਚ ਗੁਰਮਤਿ ਦਾ ਪਿਆਰ ਤੀਬਰ ਕਰਨ ਲਈ ਖਡੂਰ ਸਾਹਿਬ ਤੋਂ ਕਿਨਾਰਾ ਕਰਕੇ ਆਪਣੇ ਜਨਮ-ਅਸਥਾਨ (ਬਾਸਰਕੀ) ਦੇ ਕਰੀਬ ਸੰਬੰਧਤ ਕੋਠੇ ਵਿਚ ਆਣ ਨਿਵਾਸ ਕੀਤਾ ਸੀ। ਗੁਰਪ੍ਰਤਾਪ ਸੂਰਜ ਗ੍ਰੰਥ[1] ਆਦਿਕ ਕਈ ਪ੍ਰਚੀਨ ਗ੍ਰੰਥਾਂ ਵਿੱਚ ਇਸ ਗੱਲ ਦਾ ਹਵਾਲਾ ਮਿਲਦਾ ਹੈ, ਕਿ ਸਿੱਖ ਗੁਰੂਆਂ ਦੇ ਅਨਿਨ ਭਗਤ ਬਾਬਾ ਬੁੱਢਾ ਜੀ ਨੇ ਉਸ ਕੋਠੇ ਦੇ ਪਿੱਛੋਂ ਸੰਨ੍ਹ ਲਾ ਕੇ ਸੰਗਤ ਸਮੇਤ ਗੁਰਦੇਵ ਦਾ ਦਰਸ਼ਨ ਕੀਤਾ ਅਤੇ ਏਕਾਂਤ-ਵਾਸੀ ਗੁਰੂ ਨੂੰ ਸਿੱਖ-ਸੰਗਤਾਂ ਦੇ ਪਿਆਰ-ਵੱਸ ਮੁੜ ਗੋਇੰਦਵਾਲ ਜਾਣ ਲਈ ਮਜਬੂਰ ਹੋਣਾ ਪਿਆ।

ਗੁਰਦੁਆਰਾ ਸੰਨ੍ਹ ਸਾਹਿਬ (ਬਾਸਰਕੀ) ਦੇ ਨਿਕਟ ਇਕ ਪੁਰਾਤਨ ਖੂਹ ਹੈ,ਜਿਸ ਵਿੱਚ ਲੱਗੇ ਪੱਥਰ ਉਤੇ ਲਿਖਿਆ ਹੈ "ਖੂਹਿਆਂ ਗੁਰੂ ਅਮਰਦਾਸ" । ਗੁਰਦੁਆਰਾ ਸੰਨ੍ਹ-ਸਾਹਿਬ ਦੇ ਕੋਲ ਪੱਕੀ ਸੜਕ ਦੇ ਨਿਕਟ ਇਕ ਪੀਰ ਦੀ ਭੀ ਕਬਰ ਹੈ, ਜਿਸਨੂੰ "ਜੰਡ ਪੀਰ" ਆਖਕੇ ਅਜੇ ਤੱਕ ਕਈ ਆਸ ਪਾਸ ਦੇ ਪਿੰਡਾਂ ਵਾਲੇ ਲੋਕ ਉਸ ਅਸਥਾਨ ਦਾ ਸਤਿਕਾਰ ਕਰਦੇ ਹਨ। ਅੱਜ ਤੋਂ 40/50 ਸਾਲ ਪਹਿਲਾਂ ਉਥੇ ਇਕ ਖੂਹੀ ਭੀ ਹੁੰਦੀ ਸੀ, ਜਿਸਨੂੰ "ਜੰਡ ਪੀਰ ਦਾ ਖੂਹ" ਆਖਿਆ ਜਾਂਦਾ ਸੀ। ਬਾਸਰਕੀ-ਗਿੱਲਾਂ ਦੇ ਇਕ ਬਿਰਧ-ਦੁਕਾਨਦਾਰ (ਕਰਮਚੰਦ ਭੱਲਾ) ਦੇ ਆਖਣ ਅਨੁਸਾਰ ਸੰਬੰਧਤ "ਜੰਡ ਪੀਰ ਦਾ ਅਸਲੀ ਨਾਮ "ਜੀਵਨਦਾਸ"ਸੀ ਅਤੇ ਉਹ ਗੁਰੂ ਅਮਰਦਾਸ ਦਾ ਸਮਕਾਲੀ ਸੀ। ਪਰ ਜੰਡ-ਪੀਰ ਬਾਰੇ ਸਾਨੂੰ ਕੋਈ ਲਿਖਤੀ ਸਬੂਤ ਨਹੀਂ ਮਿਲ ਸਕਿਆ। ਵੈਸੇ ਉਸੇ ਦੁਕਾਨਦਾਰ ਦੀ "ਅੱਖੀਂ ਡਿੱਠੀ" ਗੁਆਹੀ ਅਨੁਸਾਰ "ਜੰਡ ਪੀਰ" ਦੇ ਖੂਹ ਵਿਚੋਂ ਅਕਾਲੀ-ਲਹਿਰ ਦੇ ਦਿਨਾਂ ਵਿਚ ਇਕ ਪੱਥਰ ਨਿਕਲਿਆ ਸੀ, ਜਿਸ ਉਤੇ ਹੇਠ ਲਿਖੇ ਸ਼ਬਦ ਉੱਕਰੇ ਹੋਏ ਸਨ:-

ਦਾਦੂ ਘੁਮਿਆਰ ਨੇ ਆਵਾ ਚੜ੍ਹਾਇਆ।
ਸ਼ਾਹ ਸਿਕੰਦਰ ਨੇ ਪੈਸਾ ਲਾਇਆ।

ਹੋ ਸਕਦਾ ਹੈ, ਉਪਰੋਕਤ ਸੰਕੇਤ ਸਿਕੰਦਰ ਲੋਧੀ ਵਲ ਹੋਵੇ ਜਿਸਦਾ ਰਾਜ ਭਾਰਤ ਵਿਚ 1489 ਤੋਂ 1517 ਈਸਵੀ ਤਕ ਰਿਹਾ। ਪਰ ਉਪਰੋਕਤ ਪੱਥਰ ਸਾਨੂੰ ਨਹੀਂ ਮਿਲ ਸਕਿਆ। ਆਖਿਆ ਜਾਂਦਾ ਹੈ, ਕਿ ਸੰਬੰਧਤ ਪੱਥਰ ਈਸ਼ਰ ਸਿੰਘ ਮਹੰਤ ( ਜੋ ਸੁਰਗਵਾਸ ਹੋ ਚੁਕਾ ਹੈ)ਲੈ ਗਿਆ ਸੀ। ਕੁਝ ਭੀ ਹੈ, ਜੰਡ-ਪੀਰ ਦਾ ਖੂਹ ਬੇਸ਼ਕ ਪੂਰਿਆ ਜਾ ਚੁੱਕਾ ਹੈ, ਉਸਦੀ ਕਬਰ ਅਜੇ ਤੱਕ ਕਾਇਮ-ਦਾਇਮ ਹੈ ਅਤੇ ਉਸਦੇ ਅਸਥਾਨ ਉਤੇ ਬਾਸਰਕੀ-ਗਿੱਲਾਂ ਦੇ ਕਈ ਸ਼ਰਧਾਲੂ ਹਰ ਵੀਰਵਾਰ ਦੀ ਰਾਤ ਨੂੰ ਦੀਵੇ ਜਗਾਉਂਦੇ

---

1.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 35

ਹਨ। ਸੋ ਬੇਸ਼ੁਕ ਜੰਡ-ਪੀਰ ਅਤੇ ਗੁਰੂ ਅਮਰਦਾਸ ਦਾ ਮੇਲ ਹੋਇਆ ਜਾਂ ਨਾ, ਪਰ ਉਸ ਨਾਲ ਸੰਬੰਧਤ ਗੱਲਾਂ ਦੁਆਰਾ ਇਹ ਗੱਲ ਜ਼ਰੂਰ ਪੱਕੀ ਹੋ ਜਾਂਦੀ ਹੈ, ਕਿ ਗੁਰਦੁਆਰਾ 'ਸੰਨ੍ਹ ਸਾਹਿਬ' ਵਾਲਾ ਅਸਥਾਨ ਗੁਰੂ ਅਮਰਦਾਸ ਦੇ ਸਮੇਂ ਜਿਤਨਾ ਪੁਰਾਣਾ ਹੈ ਅਤੇ ਵੀਹਵਿਸਵੇ ਗੁਰੂ ਅਮਰਦਾਸ ਦਾ ਜਨਮ-ਪਿੰਡ ਗੁਰਦੁਆਰਾ ਸੰਨ੍ਹ ਸਾਹਿਬ ਤੋਂ ਪੌਣਾ ਕੁ ਕਿਲੋਮੀਟਰ ਦੀ ਵਿੱਥ ਉਤੇ ਉਸੇ ਥੇਹ ਵਾਲੇ ਅਸਥਾਨ ਉਤੇ ਸੀ, ਜਿਸ ਬਾਰੇ ਪਿੱਛੇ ਸੰਕੇਤ ਕੀਤਾ ਜਾ ਚੁੱਕਾ ਹੈ। ਬਾਸਰਕੀ-ਗਿੱਲਾਂ ਵਾਲੇ ਅਸਥਾਨ ਉਤੇ ਗੁਰੂ ਅਮਰਦਾਸ ਦੇ ਸਮੇਂ ਲੋਕਾਂ ਦੇ ਖੇਤ ਹੋਣਗੇ। ਇਸ ਗੱਲ ਦੀ ਪੁਸ਼ਟੀ ਸੰਬੰਧਤ ਪਿੰਡ ਦੇ ਇਕ ਦੋ ਪੁਰਾਤਨ ਖੂਹ ਭੀ ਹਨ, ਜਿਨ੍ਹਾਂ ਨੂੰ ਪੂਰ ਕੇ ਹੁਣ ਰਹਾਇਸ਼ੀ ਮਕਾਨ ਬਣਾਏ ਜਾ ਚੁੱਕੇ ਹਨ। ਇਸੇ ਪਿੰਡ ਦੇ ਬਾਹਰ (ਥੇਹ ਵਾਲੇ ਪਾਸੇ) ਇਕ ਹੋਰ ਪੁਰਾਤਨ ਖੂਹ (ਸਿੰਘਾਂ ਵਾਲਾ ਖੂਹ) ਹੈ, ਜਿਸ ਦੇ ਅੰਦਰ ਲੱਗੇ ਪੱਥਰ ਤੋਂ ਪਤਾ ਲਗਦਾ ਹੈ, ਕਿ ਸੰਬੰਧਤ ਖੂਹ ਗੁਰੂ ਅਮਰਦਾਸ ਦੇ ਸਮੇਂ ਤੋਂ ਬਹੁਤ ਪਿੱਛੋਂ ਪੁੱਟਿਆ ਗਿਆ ਸੀ।

ਪਰ ਬਾਸਰਕੀ-ਗਿੱਲਾਂ ਦੇ ਹੇਠਲੇ ਪਾਸੇ ਇਕ ਤਾਲ ਕਾਫ਼ੀ ਇਤਿਹਾਸਕ-ਮਹੱਤਵ ਰਖਦਾ ਹੈ। ਸੰਬੰਧਤ ਤਾਲ ਬੇਸ਼ੁਕ ਦੇਖ-ਭਾਲ ਦੀ ਅਣਗਹਿਲੀ ਕਾਰਨ ਇਕ ਛੱਪੜ ਵਾਂਗ ਜਾਪਦਾ ਹੈ, ਪਰ ਉਸਦੇ ਇਕ ਪਾਸੇ ਆਮ ਤਲਾਵਾਂ ਵਾਂਗ ਪਉੜੀਆਂ ਇਸ ਗੱਲ ਦੀ ਸਾਖੀ ਭਰਦੀਆਂ ਹਨ, ਕਿ ਕਦੇ ਉਹ ਸੁੰਦਰ-ਤਾਲ ਸੀ। ਉਸ ਤਾਲ ਦੇ ਕੰਢੇ ਬੀਬੀ ਅਮਰੋ (ਗੁਰੂ ਅੰਗਦ ਦੇਵ ਦੀ ਸਪੁੱਤਰੀ) ਦੀ ਸਮਾਧ ਬਣੀ ਹੋਈ ਹੈ ਅਤੇ ਜਾਪਦਾ ਹੈ, ਜਿਵੇਂ ਗੁਰੂ ਅਮਰਦਾਸ ਦੇ ਸਮੇਂ ਜਾਂ ਉਨ੍ਹਾਂ ਤੋਂ ਕੁਝ ਪਿੱਛੋਂ ਬੀਬੀ ਅਮਰੋ ਦੇ ਸਤਿਕਾਰ ਵਜੋਂ ਸੰਬੰਧਤ ਤਾਲ ਨਾਲ ਬੀਬੀ ਅਮਰੋ ਦਾ ਨਾਮ ਜੋੜ ਦਿੱਤਾ ਗਿਆ ਹੋਵੇ। ਬਾਸਰਕੀ-ਗਿੱਲਾਂ ਦੇ ਕਈ ਬਿਰਧ (ਸੌ ਵਰ੍ਹੇ ਤੋਂ ਉੱਪਰ ਦੇ) ਦਸਦੇ ਹਨ, ਕਿ ਉਹ ਆਪਣੇ ਬਜ਼ੁਰਗਾਂ ਤੋਂ ਪੁਸ਼ਤੋ-ਪੁਸ਼ਤ ਇਹੀ ਸੁਣਦੇ ਆ ਰਹੇ ਹਨ, ਕਿ ਅਸਲੀ ਬਾਸਰਕੀ ਦੇ ਤਬਾਹ ਹੋ ਜਾਣ ਉਪਰੰਤ ਸਾਡਾ ਪਿੰਡ ਬੀਬੀ ਅਮਰੋ ਦੇ ਤਾਲ ਕੰਢੇ ਆਣ ਵੱਸਿਆ ਸੀ। ਪਰ ਅਸਲੀ-ਬਾਸਰਕੀ ਪਿੰਡ ਕਿਵੇਂ ਅਤੇ ਕਦੋਂ ਬਰਬਾਦ ਹੋ ਕੇ ਥੇਹ ਦਾ ਰੂਪ ਧਾਰਨ ਕਰ ਗਿਆ, ਇਸ ਬਾਰੇ ਅਜੇ ਹੋਰ ਖੋਜ ਦੀ ਲੋੜ ਹੈ।

### (ਸ) ਗੁਰਦੇਵ ਦੇ ਮਾਤਾ-ਪਿਤਾ ਅਤੇ ਹੋਰ ਪਰਵਾਰ

ਸਾਰੇ ਇਤਿਹਾਸਕਾਰ ਮੰਨਦੇ ਹਨ, ਕਿ ਗੁਰੂ ਅਮਰਦਾਸ ਦੇ ਪਿਤਾ ਦਾ ਨਾਮ 'ਤੇਜ ਭਾਨ' ਸੀ। ਪਰ ਗੁਰਦੇਵ ਦੀ ਮਾਤਾ ਦੇ ਨਾਮ ਬਾਰੇ ਤਿੰਨ ਵੱਖ ਵੱਖ ਰਾਵਾਂ ਹਨ। ਮਹਮਾ ਪ੍ਰਕਾਸ਼[1] ਦਾ ਕਰਤਾ ਗੁਰੂ ਅਮਰਦਾਸ ਦੀ ਮਾਤਾ ਦਾ ਨਾਮ 'ਲੱਖੋ' (ਸ਼ਾਇਦ ਸੁਲੱਖਣੀ ਦਾ ਸੰਖੇਪ ਹੈ), ਗੁਰਪ੍ਰਤਾਪ ਸੂਰਜ ਗ੍ਰੰਥ[2] ਦਾ ਕਰਤਾ 'ਰੂਪ ਕੌਰ' ਅਤੇ ਮੈਕਾਲਿਫ[3] 'ਬਖ਼ਤ ਕੌਰ' ਦਸਦਾ ਹੈ। ਕਿਉਂਕਿ ਮਹਿਮਾ ਪ੍ਰਕਾਸ਼ ਦੀ

1.ਮਹਿਮਾ ਪ੍ਰਕਾਸ਼-(ਹੱਥ-ਲਿਖਤ ਖਰੜਾ) ਭਾਈ ਵੀਰ ਸਿੰਘ ਪੁਸਤਕਾਲਯ (ਡੇਰ੍ਹਾਦੂਨ), ਪੰਨਾ 212
2.ਗੁਰਪ੍ਰਤਾਪ ਸੂਰਜ ਗ੍ਰੰਥ - ਰਾਸਿ। ਅੰਸੂ 7
3.Macauliffe- The Sikh Religion(Vol.II), 1909, P.30

ਗੁਆਹੀ ਬਾਕੀ ਦੀਆਂ ਲਿਖਤਾਂ ਨਾਲੋਂ ਵਧੇਰੇ ਪ੍ਰਾਚੀਨ ਹੈ, ਇਸਲਈ ਗੁਰੂ ਅਮਰਦਾਸ ਦੀ ਮਾਤਾ ਦਾ ਨਾਮ ਲੱਖੋ(ਜਾਂ ਸੁਲੱਖਣੀ) ਹੀ ਵਧੇਰੇ ਮੰਨਣਯੋਗ ਹੈ:-

ਭਲੇ ਕੁਲ ਤੇਜੋ ਪਿਤਾ ਮਾਤਾ ਲਖੋ ਮਾਤ ।

(ਮਹਿਮਾ ਪ੍ਰਕਾਸ਼)[1]

ਮਹਿਮਾ ਪ੍ਰਕਾਸ਼ (ਸ੍ਰੀ ਗੁਰੂ ਅਮਰਦੇਵ) ਵਿੱਚ ਬਾਕੀ ਖਰੜਿਆਂ ਨਾਲੋਂ ਗੁਰੂ ਅਮਰਦਾਸ ਦੇ ਬਜ਼ੁਰਗਾਂ ਬਾਰੇ ਵਿਸਥਾਰ ਅਤੇ ਵੇਰਵਾ ਕੁਝ ਵਧੀਕ ਹੈ । ਹੇਠ ਲਿਖੀਆਂ ਸਤਰਾਂ ਰਾਹੀਂ ਸੰਬੰਧਤ ਲੇਖਕ ਨੇ ਗੁਰਦੇਵ ਦੇ ਮਾਤਾ ਪਿਤਾ ਤੋਂ ਛੁੱਟ ਦੋ ਤਿੰਨ ਪੁਸ਼ਤਾਂ ਪਹਿਲਾਂ ਹੋਏ ਵੱਡੇ ਵਡੇਰਿਆਂ ਦੇ ਨਾਮ ਭੀ ਉਜਾਗਰ ਕੀਤੇ ਹਨ, ਜਿਵੇਂ:-

ਹਰਿ ਜੀ ਭਏ ਵਡੇ ਸੋਹਿਰਦੁ ।
ਤਿਨੁ ਗ੍ਰਿਹਿ ਮਹਿਲੁ ਮਿਲਾਵੀ ਸੁਬੁਧ ।
ਭੈਓ ਪੁਤ੍ਰ ਭੈਰਉ ਤਿਸੁ ਗ੍ਰੇਹੁ ।
ਧਰਮ ਗਿਆਨੁ ਅਰੁ ਭਗਤੁ ਸਨੇਹੁ ।
ਤਿਨ ਗ੍ਰਿਹਿ ਮਹਿਲੁ ਬਸੰਤੀ ਜਾਨੋ ।
ਤੇਜੁ ਭਾਨੁ ਸੁਤ ਬਡ ਸੁਰ ਗਿਯਾਨੋ ।
ਧੀਰਜ ਧ੍ਰਮੁ ਭਗਤੁ ਕੇ ਹੇਤੂ ।
ਤਿਸੁ ਗ੍ਰਿਹਿ ਮਹਿਲੁ ਲਖੋ ਗੁਣ ਸੇਤੂ ।
ਤਾਸ ਉਦ੍ਰ ਤੇ ਭਏ ਅਮਰ ਗੁਰੁ ।
ਹਰਿ ਭਗਤਿ ਜਨਿ ਸੇਵਾ ਜਿਸੁ ਬਸੈ ਉਰ ।

(ਮਹਿਮਾ ਪ੍ਰਕਾਸ਼ ਸ੍ਰੀ ਗੁਰੂ ਅਮਰਦੇਵ)[2]

ਪ੍ਰਾਚੀਨ ਗ੍ਰੰਥਾਂ ਅਨੁਸਾਰ ਗੁਰੂ ਅਮਰਦਾਸ ਜੀ ਦੇ ਤਿੰਨ ਭਰਾ ਹੋਰ ਸਨ ਅਤੇ ਆਪ ਸਭ ਭਰਾਵਾਂ ਨਾਲੋਂ ਵੱਡੇ ਸਨ । ਇਹ ਭੀ ਆਖਿਆ ਜਾਂਦਾ ਹੈ, ਕਿ ਭਾਈ ਗੁਰਦਾਸ ਅਤੇ ਬਾਬਾ ਸਾਵਣ ਮੱਲ ਦੋਵੇਂ ਗੁਰੂ ਅਮਰਦਾਸ ਦੇ ਭਤੀਜੇ ਸਨ । ਪ੍ਰਸਿੱਧ ਸੰਪ੍ਰਦਾਇਕ ਗਿਆਨੀ ਅਮੀਰ ਸਿੰਘ[3] ਅਨੁਸਾਰ ਗੁਰਦੇਵ ਦੇ ਭਰਾਵਾਂ ਦੇ ਨਾਮ ਇਸ ਪ੍ਰਕਾਰ ਹਨ: ਈਸ਼ੁਰ ਦਾਸ(ਭਾਈ ਗੁਰਦਾਸ ਦਾ ਪਿਤਾ), ਖੇਮ ਰਾਇ (ਬਾਬਾ ਸਾਵਣ ਮੱਲ ਦਾ ਪਿਤਾ) ਅਤੇ ਮਾਣਕ ਚੰਦ । ਗੁਰਦੇਵ ਦੇ ਮਾਤਾ-ਪਿਤਾ ਅਤੇ ਭਰਾਵਾਂ ਬਾਰੇ ਹੋਰ ਵਾਕਫੀਅਤ ਨਹੀਂ ਮਿਲਦੀ । ਕਿਉਂਕਿ ਇਹ ਰਵਾਇਤ ਚਲੀ ਆਉਂਦੀ ਹੈ, ਕਿ ਗੁਰਦੇਵ ਇੱਕੀਸ ਵਾਰ

1. ਮਹਿਮਾ ਪ੍ਰਕਾਸ਼(ਹੱਥ-ਲਿਖਤ ਖਰੜਾ), ਭਾਈ ਵੀਰ ਸਿੰਘ ਪੁਸਤਕਾਲਯ(ਡੇਰ੍ਹਾਦੂਨ), ਪੰਨਾ 212
2. ਬਾਬਾ ਸਾਹਬ ਸਿੰਘ ਪਰੌੜੀਵਾਲੇ ਦੁਆਰਾ ਪ੍ਰਕਾਸ਼ਤ ਖਰੜਾ(ਮਹਿਮਾ ਪ੍ਰਕਾਸ਼ ਸ੍ਰੀਗੁਰੂ ਅਮਰਦੇਵ), ਪੰ:1
3. ਗਿਆਨੀ ਅਮੀਰ ਸਿੰਘ- ਅਨੰਦੁ-ਸਾਗਰ(ਟੀਕਾ), 1959 ਐਡੀਸ਼ਨ, ਪੰਨਾ 115

ਗੰਗਾ-ਯਾਤ੍ਰਾ ਲਈ ਹਰਿਦੁਆਰ ਗਏ ਸਨ। ਸੋ ਬਾਸਰਕੀ (ਗੁਰਦੇਵ ਦਾ ਜਨਮ-ਅਸਥਾਨ) ਅਤੇ ਗੋਇੰਦਵਾਲ ਦੇ ਭੱਲਿਆਂ ਵਲੋਂ ਪ੍ਰਮਾਣਿਤ ਪ੍ਰੋਹਤਾਂ ਜਾਂ ਪੰਡਿਆਂ ਦੀਆਂ ਵਹੀਆਂ ਫਰੋਲਣ ਦੀ ਉਤਜੇਨਾ ਭੀ ਮੈਨੂੰ ਹੋਈ। ਖਿਆਲ ਸੀ, ਸ਼ਾਇਦ ਉਨ੍ਹਾਂ ਦੀਆਂ ਵਹੀਆਂ ਵਿੱਚੋਂ ਗੁਰਦੇਵ ਤੋਂ ਛੁੱਟ ਉਨ੍ਹਾਂ ਦੇ ਮਾਤਾ, ਪਿਤਾ, ਜਾਂ ਭਰਾਵਾਂ ਦੇ ਹਸਤਾਖ਼ਰ ਮਿਲ ਜਾਣ। ਪਰ ਸੰਬੰਧਤ ਪੰਡਿਆਂ ਦਾ ਰੀਕਾਰਡ ਡੇਢ ਦੋ ਸੋ ਸਾਲ ਤੋਂ ਪਿੱਛੇ ਨਹੀਂ ਜਾਂਦਾ ਲਭਦਾ। ਸੋ ਗੁਰਦੇਵ ਦੇ ਪਰਵਾਰ ਬਾਰੇ ਜਾਣਕਾਰੀ ਲਈ ਸਾਨੂੰ ਵੱਖ ਵੱਖ ਪ੍ਰਾਚੀਨ ਖਰੜਿਆਂ ਤੇ ਪੁਸਤਕਾਂ ਵਿਚੋਂ ਹੀ ਸੰਕੇਤ ਪ੍ਰਾਪਤ ਕਰਨ ਪਏ ਹਨ। ਕਿਉਂਕਿ ਸਾਰੇ ਵਿਦਵਾਨਾਂ ਦੀਆਂ ਲਿੱਖਤਾਂ ਵਿਚ ਗੁਰਦੇਵ ਦੇ ਪਰਵਾਰ ਦੇ ਜੀਆਂ ਬਾਰੇ ਸੰਮਤੀ ਨਹੀਂ, ਇਸ ਲਈ ਵੱਖ ਵੱਖ ਰਾਵਾਂ ਦੀ ਆਪੋ ਵਿਚ ਟਾਕਰਾ ਕਰਕੇ ਸਾਨੂੰ ਆਪ ਨਿਰਣਾ ਕਰਨਾ ਪਿਆ ਹੈ।

ਕਈ ਇਤਿਹਾਸਕਾਰਾਂ ਨੂੰ ਸਭ ਤੋਂ ਵੱਡਾ ਟਪਲਾ ਗੁਰਦੇਵ ਦੇ ਬੱਚਿਆਂ ਬਾਰੇ ਲੱਗਾ ਹੈ। ਕਨਿੰਘਮ[1] ਅਤੇ ਉਸ ਤੋਂ ਪਿਛਲੇ ਕਈ ਇਤਿਹਾਸਕਾਰਾਂ ਨੇ ਗੁਰੂ ਅਮਰਦਾਸ ਦਾ ਇੱਕੋ ਸਪੁੱਤਰ ਬਾਬਾ ਮੋਹਰੀ ਅਤੇ ਇਕੋ ਲੜਕੀ ਬੀਬੀ ਭਾਨੀ ਵਲ ਸੰਕੇਤ ਕੀਤਾ ਹੈ। ਪਰ ਮਹਿਮਾ ਪ੍ਰਕਾਸ਼[2], ਗੁਰਪ੍ਰਤਾਪ ਸੂਰਜ ਗ੍ਰੰਥ[3] ਅਤੇ ਗੁਰਕੀਰਤ ਪ੍ਰਕਾਸ਼[4] ਤੋਂ ਬਿਨਾ ਭਾਈ ਗੁਰਦਾਸ[5] ਦੀਆਂ ਵਾਰਾਂ ਵਿੱਚ ਭੀ ਇਹ ਸੰਕੇਤ ਮਿਲਦੇ ਹਨ, ਕਿ ਗੁਰੂ ਅਮਰਦਾਸ ਦੇ ਦੋ ਸਪੁੱਤਰ ਸਨ: ਬਾਬਾ ਮੋਹਰੀ ਜੀ ਅਤੇ ਬਾਬਾ ਮੋਹਨ ਜੀ, ਜਿਵੇਂ:-

(ੳ) ਗੁਰੂ ਅਮਰਦਾਸ ਮਾਲੀ ਪਤੇ ਮੋਹਰੀ ਮੋਹਨ ਤਾਤ।
(ਮਹਿਮਾ ਪ੍ਰਕਾਸ਼)[2]

(ਅ) ਦ੍ਵੈ ਸੁਤ ਜਿਸਕੇ ਜਨਮਤਿ ਭਏ।
ਮੋਹਨ ਨਾਮ ਮੋਹਰੀ ਥਏ।
(ਗੁਰਪ੍ਰਤਾਪ ਸੂਰਜ ਗ੍ਰੰਥ)[3]

(ੲ) ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ।
(ਵਾਰਾਂ ਭਾਈ ਗੁਰਦਾਸ)[5]

ਗੁਰੂ ਅਮਰਦਾਸ ਦੇ ਦੋਹਾਂ ਸਪੁੱਤਰਾਂ (ਬਾਬਾ ਮੋਹਰੀ ਤੇ ਬਾਬਾ ਮੋਹਨ) ਬਾਰੇ ਇਕ ਹੋਰ ਗੁਆਹੀ ਉਨ੍ਹਾਂ ਦਾ 'ਬੰਸਾਵਲੀ-ਨਾਮਾ[6] ਹੈ, ਜੋ ਸ੍ਰੀ ਗੁਰੂ ਅਮਰ-ਬੰਸ (ਗੋਇੰਦਵਾਲ) ਵਲੋਂ ਛਪ ਚੁਕਾ ਹੈ। ਬਖ਼ਤ ਮੱਲ ਦੀ ਫਾਰਸੀ ਰਚਨਾ 'ਖਾਲਸਾ ਨਾਮਾ'[7] ਵਿਚ ਭੀ ਬਾਬਾ ਮੋਹਨ ਅਤੇ ਬਾਬਾ ਮੋਹਰੀ ਵਲ ਸੰਕੇਤ ਮਿਲਦਾ

1. J.D. Cunningham- A History of the Sikhs, 1955, P.45
2. ਮਹਿਮਾ ਪ੍ਰਕਾਸ਼ (ਹੱਥ-ਲਿਖਤ ਖਰੜਾ), ਭਾਈ ਵੀਰ ਸਿੰਘ ਪੁਸਤਕਲਯ (ਡੇਰ੍ਹਾਦੂਨ), ਪੰਨਾ 212
3. ਗੁਰਪ੍ਰਤਾਪ ਸੂਰਜ ਗ੍ਰੰਥ-ਰਾਸਿ। ਅੰਸੂ 7 (ਖਾਲਸਾ ਸਮਾਚਾਰ, 1954), ਜਿਲਦ ਪੰਜਵੀ, ਪੰਨਾ 1334
4. ਗੁਰਕੀਰਤ ਪ੍ਰਕਾਸ਼ (ਹੱਥ-ਲਿਖਤ ਖਰੜਾ) ਸਟੇਟ ਆਰਕਾਈਵਜ਼ (ਪਟਿਆਲਾ) ਨੰ: 682, ਪੰਨਾ 39
5. ਵਾਰਾਂ ਭਾਈ ਗੁਰਦਾਸ-ਵਾਰ 26-ਪਉੜੀ 33
6. ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਰੀ ਜੀ ਅਤੇ ਬਾਬਾ ਮੋਹਨ ਜੀ ਦੇ ਪਰਵਾਰ ਦਾ 'ਬੰਸਾਵਲੀ-ਨਾਮਾ ਸ੍ਰੀ ਗੁਰੂ ਅਮਰ-ਬੰਸ ਜੱਥਾ (ਗੋਇੰਦਵਾਲ) ਦੁਆਰਾ ਸੰਨ 1934 ਤੋਂ ਛਪ ਚੁਕਾ ਹੈ ਅਤੇ ਉਹਦੀ ਇਕ ਕਾਪੀ ਸਾਡੇ ਪਾਸ ਸੁਰੱਖਿਅਤ ਹੈ। ਸੰਬੰਧਤ ਸ਼ੁੱਜਰੇ ਜਾਂ ਬੰਸਾਵਲੀ-ਨਾਮੇ ਵਿੱਚ ਬਾਬਾ ਮੋਹਨ ਜੀ ਦੇ ਸਪੁੱਤਰ ਬਾਬਾ ਸਹੰਸਰ ਦਾਸ ਅਤੇ ਬਾਬਾ ਮੋਹਰੀ ਜੀ ਦੇ ਸਪੁੱਤਰ ਬਾਬਾ ਅਨੰਦ ਜੀ, ਬਾਬਾ ਅਰਜਾਨੀ ਜੀ ਅਤੇ ਬਾਬਾ ਅਰਥ ਮੱਲ ਜੀ ਦੇ ਪਰਵਾਰਾਂ ਦਾ ਵੇਰਵਾ ਇਹ ਸਾਬਤ ਕਰਨ ਲਈ ਕਾਫੀ ਹੈ, ਕਿ ਗੁਰੂ ਅਮਰਦਾਸ ਦੇ ਦੋ ਸਪੁੱਤਰ ਸਨ।
7. ਬਖ਼ਤਮੱਲ ਰਚਿਤ ਖਾਲਸਾ-ਨਾਮਾ ਫਾਰਸੀ (ਹੱਥ-ਲਿਖਤ ਖਰੜਾ), ਸਟੇਟ ਆਰਕਾਈਵਜ਼ (ਪਟਿਆਲਾ) ਨੰ: 1006

ਹੈ। ਇਸੇਤਰ੍ਹਾਂ ਮਹਿਮਾ ਪ੍ਰਕਾਸ਼[1], ਗੁਰਪ੍ਰਤਾਪ ਸੂਰਜ ਗ੍ਰੰਥ[2] ਅਤੇ ਗੁਰਕੀਰਤ ਪ੍ਰਕਾਸ਼[3], ਆਦਿਕ ਪ੍ਰਾਚੀਨ ਗ੍ਰੰਥਾਂ ਅਨੁਸਾਰ ਗੁਰੂ ਅਮਰਦਾਸ ਦੀਆਂ ਦੋ ਹੀ ਸਪੁੱਤਰੀਆਂ( ਬੀਬੀ ਦਾਨੀ ਅਤੇ ਬੀਬੀ ਭਾਨੀ) ਸਿੱਧ ਹੁੰਦੀਆਂ ਹਨ। ਇਕ ਦੀ ਸ਼ਾਦੀ ਸੁਰੀ ਕੁਲ ਦੇ "ਰਾਮਾ ਜੀ" ਅਤੇ ਦੂਜੀ ਦਾ ਵਿਆਹ ਸੋਢੀ ਕੁਲ ਦੇ "ਜੇਠਾ ਜੀ"(ਗੁਰੂ ਰਾਮਦਾਸ) ਨਾਲ ਹੋਇਆ:-

> ਸੂਰੀ ਕੁਲ ਰਾਮ ਤਿਹ ਨਾਮੁ ।
> ਤਿਨ ਸੁਤਾ ਬਡੀ ਬਿਆਹੀ ਸੁਭ ਕਾਮ ।
> ਹਰਿਦਾਸ ਤਨੇ ਸੋਢੀ ਕੁਲ ਚਾਰ ।
> ਜੇਠਾ ਨਾਮ ਭਗਤ ਅਵਤਾਰ ।
>
> (ਮਹਿਮਾ ਪ੍ਰਕਾਸ਼)[1]

ਟਰੰਪ[4]ਨੇ ਭਾਨੀ ਦਾ ਨਾਮ "ਮੋਹਨੀ" ਅਤੇ ਖਜ਼ਾਨ ਸਿੰਘ[5]ਨੇ ਦਾਨੀ ਦਾ ਨਾਮ "ਸੁਲੱਖਣੀ" ਲਿਖਿਆ ਹੈ, ਪਰ ਉਨ੍ਹਾਂ ਆਪਣੇ ਕਥਨ ਦੀ ਪੁਸ਼ਟੀ ਵਿੱਚ ਕਿਸੇ ਭੀ ਪ੍ਰਾਚੀਨ ਗ੍ਰੰਥ ਵਲ ਸੰਕੇਤ ਨਹੀਂ ਕੀਤਾ । ਦਰਅਸਲ ਪਰਵਾਰ ਦੇ ਨਾਵਾਂ ਬਾਰੇ ਬਹੁਤੇ ਇਤਿਹਾਸਕਾਰਾਂ ਨੂੰ ਟਪਲਾ ਲੱਗਾ ਹੈ । ਇੱਥੋਂ ਤਕ, ਕਿ ਗੁਰੂ ਅਮਰਦਾਸ ਦੇ ਮਹਿਲ(ਸੁਪੱਤਨੀ) ਦੇ ਨਾਮ ਬਾਰੇ ਭੀ ਤਿੰਨ ਰਾਵਾਂ ਹਨ । ਮੈਕਾਲਿਫ[6]ਨੇ ਗੁਰਦੇਵ ਦੇ ਮਹਿਲਾਂ ਦਾ ਨਾਮ "ਮਨਸਾ ਦੇਵੀ" ਲਿਖਿਆ ਹੈ । ਇਸਦੇ ਉਲਟ ਗੁਰਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਗੁਰੂ ਅਮਰਦਾਸ ਦੇ ਮਹਿਲਾਂ ਦਾ ਨਾਮ "ਮਾਤਾ ਰਾਮੋ" ਸਿੱਧ ਹੁੰਦਾ ਹੈ:-

> ਰਾਮੋ ਨਾਮ ਭਾਰਜਾ ਅਹੈ ।
>
> (ਗੁਰਪ੍ਰਤਾਪ ਸੂਰਜ ਗ੍ਰੰਥ)[2]

ਮਿ:ਪੀਸ[7]ਨੇ ਭੀ ਗੁਰੂ ਅਮਰਦਾਸ ਦੀ ਸ਼ਾਦੀ ਮਾਤਾ ਰਾਮੋ ਨਾਲ ਦਰਸਾਈ ਹੈ ਅਤੇ ਮਾਤਾ ਰਾਮੋ ਦੇ ਪਿਤਾ ਦਾ ਨਾਮ ਦੇਵ ਚੰਦ ਤੇ ਪਿੰਡ ਸੰਖੱਤਰਾ(ਜ਼ਿਲਾ ਸਿਆਲਕੋਟ) ਵਲ ਭੀ ਸੰਕੇਤ ਕੀਤਾ ਹੈ । ਪਰ ਮਹਿਮਾ ਪ੍ਰਕਾਸ਼(ਸ੍ਰੀ ਗੁਰੂ ਅਮਰਦੇਵ)[8]ਦਾ ਲੇਖਕ ਗੁਰਦੇਵ ਦਾ ਵਿਆਹ "ਮਾਤਾ ਮਾਲੀ" ਨਾਲ ਕਰਵਾ ਕੇ "ਰਾਮੀ" ਨਾਮ ਉਨ੍ਹਾਂ ਦੀ ਵੱਡੀ ਲੜਕੀ(ਬੀਬੀ ਦਾਨੀ) ਦਾ ਦਸਦਾ ਹੈ । ਮਹਿਮਾ ਪ੍ਰਕਾਸ਼ ਦੇ ਕਈ ਦੂਸਰੇ ਖਰੜਿਆਂ ਵਿੱਚ ਭੀ ਗੁਰੂ ਅਮਰਦਾਸ ਨੂੰ "ਮਾਲੀ-ਪਤੈ" ਆਖ ਕੇ ਸਤਿਕਾਰਿਆ ਗਿਆ ਹੈ, ਜਿਵੇਂ:-

> (ੳ) ਬਿਆਹੁ ਭੈਆ ਅਮਰਦਾਸ ਕੋ ।
> ਤਿਨ ਗ੍ਰਿਹਿ ਮਹਲੁ ਮਾਲੀ ਆਈ ਜੋ ।
>
> (ਮਹਿਮਾ ਪ੍ਰਕਾਸ਼ ਸ੍ਰੀਗੁਰੂ ਅਮਰਦੇਵ)[8]

1.ਮਹਿਮਾ ਪ੍ਰਕਾਸ਼( ਹੱਥ-ਲਿਖਤ ਖਰੜਾ)ਭਾਈ ਵੀਰ ਸਿੰਘ ਪੁਸਤਕਾਲਯ(ਡੇਰ੍ਹਾਦੂਨ), ਪੰਨਾ 156
2.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 7
3.ਗੁਰਕੀਰਤ ਪ੍ਰਕਾਸ਼( ਹੱਥ-ਲਿਖਤ), ਖਰੜਾ ਨੰ:682, ਸਟੇਟ ਆਰਕਾਈਵਜ਼( ਪਟਿਆਲਾ), ਪੰਨਾ 39
4.Dr.Ernest Trumpp- Adi Granth,1877 Ed.,(See Introduction).
5.Khazan Singh- History & Philosophy of the Sikh Religion,1914,P111
6.M.A.Macauliffe- The Sikh Religion(Vol.II),P.30
7.M.L.Peace- Guru Amar Dass, P.8
8.ਮਹਿਮਾ ਪ੍ਰਕਾਸ਼(ਸ੍ਰੀ ਗੁਰੂ ਅਮਰਦੇਵ), ਪੰਨਾ 14

(ਅ) ਤਿਸੁ ਪੀਛੈ ਕੰਨਿਆ ਇਕ ਭਈ ।
ਰਾਮੀ ਨਾਮੁ ਧਰਾ ਤਿਸੁ ਸਹੀ ।
(ਮਹਿਮਾ ਪ੍ਰਕਾਸ਼ ਸ੍ਰੀਗੁਰੂ ਅਮਰਦੇਵ)[1]

(ੲ) ਭਲੇ ਕੁਲ ਤੇਜੋ ਪਿਤਾ ਮਾਤਾ ਲਖੋ ਮਾਤ ।
ਗੁਰੂ ਅਮਰਦਾਸ ਮਾਲੀ ਪਤੇ ਮੋਹਰੀ ਮੋਹਨ ਤਾਤ ।
( ਪ੍ਰਾਚੀਨ ਮਹਿਮਾ-ਪ੍ਰਕਾਸ਼—ਸੰਪੂਰਨ ਖਰੜਾ)[2]

ਸਾਡੇ ਖਿਆਲ ਵਿੱਚ ਗੁਰਦੇਵ ਦੇ ਪਰਵਾਰ ਬਾਰੇ ਪ੍ਰਾਚੀਨ ਮਹਿਮਾ ਪ੍ਰਕਾਸ਼ ਦੀ ਗੁਆਹੀ ਵਧੇਰੇ ਭਰੋਸੇ-ਯੋਗ ਹੈ । ਹੋ ਸਕਦਾ ਹੈ, ਕਿ ਵੱਡੀ ਲੜਕੀ ਨੂੰ ਘਰ ਵਿੱਚ ਸਭਨਾਂ ਬੱਚਿਆਂ ਤੋਂ ਵੱਡੀ ਹੋਣ ਕਰਕੇ "ਦਾਨੀ" ਆਖਿਆ ਜਾਂਦਾ ਹੋਵੇ ਅਤੇ ਛੋਟੀ ਨੂੰ ਲਾਡਲੀ (ਪਰ ਭਾਣਾ ਮੰਨਣ ਵਾਲੀ) ਹੋਣ ਕਰਕੇ ਲਾਡ ਨਾਲ "ਭਾਨੀ" ਦਾ ਨਾਮ ਦਿੱਤਾ ਗਿਆ ਹੋਵੇ । ਕੁਝ ਭੀ ਹੈ, ਨਾਵਾਂ ਦੇ ਚੱਕਰ ਵਿੱਚ ਬਹੁਤਾ ਉਲਝਣ ਦੀ ਲੋੜ ਨਹੀਂ । ਇਤਨਾ ਹੀ ਕਾਫੀ ਹੈ, ਕਿ ਗੁਰੂ ਅਮਰਦਾਸ ਦੇ ਦੋ ਲੜਕੇ ਅਤੇ ਦੋ ਲੜਕੀਆਂ ਸਨ ।

## (ਹ) ਵਿਹਾਰਕ-ਜੀਵਨ

ਗੁਰੂ ਅਮਰਦਾਸ ਦੀ ਬਾਣੀ ਵਿੱਚ ਖੇਤੀ, ਵਣਜ, ਵਾਪਾਰ, ਸਉਦਾ, ਵੱਥ, ਰਾਸਿ, ਆਦਿਕ ਸ਼ਬਦਾਂ ਅਤੇ ਬਿੰਬਾਂ ਦੇ ਅਣਗਿਣਤ ਵਾਰ ਹੋਏ ਪ੍ਰਯੋਗ ਤੋਂ ਪ੍ਰਤੀਤ ਹੁੰਦਾ ਹੈ, ਕਿ ਉਹ ਖੇਤੀ ਅਤੇ ਵਣਜ ਦੋਹਾਂ ਤਰ੍ਹਾਂ ਦਾ ਧੰਦਾ ਕਰਦੇ ਸਨ । ਗੁਰਪ੍ਰਤਾਪ ਸੂਰਜ ਗ੍ਰੰਥ[3] ਅਨੁਸਾਰ ਭੀ ਗੁਰੂ ਅਮਰਦਾਸ ਅਤੇ ਉਨ੍ਹਾਂ ਦੇ ਬਾਕੀ ਭਰਾਤਾ ਖੇਤੀ ਕਰਦੇ ਸਨ । ਮੈਕਾਲਿਫ[4] ਨੇ ਭੀ ਮੰਨਿਆ ਹੈ, ਕਿ ਗੁਰੂ ਅਮਰਦਾਸ ਖੇਤੀ ਅਤੇ ਵਣਜ ਦੋਹਾਂ ਤਰ੍ਹਾਂ ਦਾ ਰੋਜ਼ਗਾਰ ਕਰਦੇ ਸਨ । ਇਹ ਹੋ ਸਕਦਾ ਹੈ, ਕਿ ਉਹ ਵੱਡੇ ਜ਼ਿਮੀਂਦਾਰ ਨਾ ਹੋਣ, ਪਰ ਆਰਥਕ-ਸਥਿਤੀ ਇਤਨੀ ਮਾੜੀ ਨਹੀਂ ਸੀ ਹੋ ਸਕਦੀ ਜਿਤਨੀ ਕਈ ਆਧੁਨਿਕ ਇਤਿਹਾਸਕਾਰਾਂ ਨੇ ਦਰਸਾਈ ਹੈ । ਟਰੰਪ[5], ਮੁਹੰਮਦ ਲਤੀਫ਼[6] ਅਤੇ ਖ਼ਜ਼ਾਨ ਸਿੰਘ[7] ਆਦਿਕ ਲਿਖਾਰੀਆਂ ਨੇ ਗੁਰੂ ਅਮਰਦਾਸ ਨੂੰ ਇਕ ਨਿਮਾਣੇ-ਪਰਵਾਰ ਦੀ ਉਪਜ ਆਖਣ ਦੀ ਗ਼ਲਤੀ ਕੀਤੀ ਹੈ । ਇਨ੍ਹਾਂ ਲਿਖਾਰੀਆਂ ਦੇ ਕਥਨ ਅਨੁਸਾਰ ਗੁਰਦੇਵ ਦੀ ਕੁਲ ਜਾਇਦਾਦ ਕੇਵਲ ਇਕ ਲੱਦੂ-ਘੋੜਾ ਸੀ, ਜਿਸ ਉਤੇ ਮਾਲ ਲੱਦ ਕੇ ਉਹ ਪਿੰਡੋ-ਪਿੰਡ ਫਿਰ ਕੇ ਰੋਜ਼ੀ ਕਮਾਉਂਦੇ ਸਨ । ਸਾਡੇ ਅਨੁਮਾਨ ਅਨੁਸਾਰ ਗੁਰੂ ਅਮਰਦਾਸ ਦੀ ਆਰਥਕ-ਸਥਿਤੀ ਪੰਦਰ੍ਹਵੀਂ ਸਦੀ ਦੇ ਇਕ ਰੱਜੇ-ਪੁੱਜੇ ਗ੍ਰਿਹਸਥੀ ਵਾਲੀ ਸੀ । ਇਸ ਗੱਲ ਦੀ ਪੁਸ਼ਟੀ ਵਿੱਚ

1.ਬਾਬਾ ਸਾਹਬ ਦਾ ਖਰੜਾ ਮਾ ਪ੍ਰਕਾਸ਼ ਅਮਰ , 14
2.ਮਹਿਮਾ ਪ੍ਰਕਾਸ਼(ਹੱਥ-ਲਿਖਤ ਖਰੜਾ),ਭਾਈ ਵੀਰ ਸਿੰਘ ਪੁਸਤਕਾਲੱਯ(ਡੇਰ੍ਹਾਦੂਨ ,ਪੰਨਾ 212
3.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 14
4.Macauliffe- The Sikh Religion(Vol.II),P.30
5.Trumpp.- Adi Granth(Introduction).
6.Latif.-History of the Panjab,P.250-251.
7.Khazan Singh- History & Philosophy of the Sikh Religion,P.111

ਹੇਠ ਲਿਖੇ ਪ੍ਰਮਾਣ ਪੇਸ਼ ਕੀਤੇ ਜਾਂਦੇ ਹਨ:-

1. ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ)[1]ਅਨੁਸਾਰ ਗੁਰੂ ਅਮਰਦਾਸ ਦਾ ਬਿਉਹਾਰ ਦਰਿਆਈ-ਰੇਸ਼ਮ ਦਾ ਸੀ(ਕਰੈ ਬਿਵਹਾਰੁ ਰੇਸ਼ਮ ਦਰਿਆਈ) ਅਤੇ ਅਜਿਹੇ ਕੀਮਤੀ ਰੇਸ਼ਮ ਨੂੰ ਉਹ ਜਲੰਦਰ ਅਤੇ ਮਾਝੇ ਦੇ ਇਲਾਕਿਆਂ ਵਿੱਚ ਵੇਚਦੇ ਸਨ(ਲੈ ਜਲੰਧ੍ਰ ਤੇ ਮਾਝੇ ਵੇਚਾਈ)। ਕੀ ਦਰਿਆਈ-ਰੇਸ਼ਮ ਵੇਚਣ ਵਾਲੇ ਦੀ ਆਰਥਕ-ਸਥਿਤੀ ਇਤਨੀ ਮਾੜੀ ਹੋ ਸਕਦੀ ਹੈ ਜਿਤਨੀ ਉਪਰੋਕਤ ਇਤਿਹਾਸਕਾਰਾਂ ਨੇ ਦਰਸਾਈ ਹੈ ?

2. ਉਪਰੋਕਤ ਗ੍ਰੰਥ[1]ਦੁਆਰਾ ਇਹ ਸੰਕੇਤ ਭੀ ਮਿਲਦਾ ਹੈ, ਕਿ ਗੁਰੂ ਅਮਰਦਾਸ ਨੇ ਲੋਕ-ਭਲਾਈ ਲਈ ਇਕ ਖੂਹ ਅਤੇ ਇਕ ਤਲਾਉ ਭੀ ਲਗਵਾਇਆ । ਖੂਹ ਅਤੇ ਤਲਾਉ ਲਗਵਾਉਣ ਵਾਲਾ ਗ੍ਰਿਹਸਥੀ ਜ਼ਰੂਰ ਇਕ ਰੱਜਿਆ-ਪੁੱਜਿਆ ਇਨਸਾਨ ਸੀ ।

3. ਪ੍ਰਾਚੀਨ ਮਹਿਮਾ ਪ੍ਰਕਾਸ਼[2]ਅਤੇ ਗੁਰਪ੍ਰਤਾਪ ਸੂਰਜ ਗ੍ਰੰਥ[3]ਆਦਿਕ ਲਿਖਤਾਂ ਅਨੁਸਾਰ ਗੁਰੂ ਅਮਰਦਾਸ ਨੇ ਗੁਰੂ ਅੰਗਦ ਦੀ ਸੇਵਾ ਵਿੱਚ ਪਹੁੰਚਣ ਤੋਂ ਪਹਿਲਾਂ ਵੀਹ ਵਾਰ ਗੰਗਾ-ਯਾਤ੍ਰਾ ਕੀਤੀ । ਪੰਦਰ੍ਹਵੀਂ ਸਦੀ ਵਿੱਚ ਬਾਸਰਕੀ(ਜਿਲਾ ਅੰਮ੍ਰਿਤਸਰ) ਤੋਂ ਗੰਗਾ ਜੀ(ਹਰਿਦੁਆਰ) ਜਾਣਾ ਕਿਸੇ ਪੁਜਦੇ ਵਾਲੇ ਗ੍ਰਿਹਸਥੀ ਦਾ ਹੀ ਕੰਮ ਸੀ । ਸੋ ਗੁਰੂ ਅਮਰਦਾਸ ਦਾ ਹਰ ਸਾਲ(ਕਈ ਸਾਖੀਕਾਰਾਂ ਅਨੁਸਾਰ ਸਾਲ ਵਿੱਚ ਦੋ ਵਾਰੀ) ਗੰਗਾ-ਯਾਤ੍ਰਾ ਲਈ ਤੁਰ ਪੈਣਾ ਇਸ ਗੱਲ ਦਾ ਪ੍ਰਮਾਣ ਹੈ, ਕਿ ਉਨ੍ਹਾਂ ਦੀ ਆਰਥਕ-ਸਥਿਤੀ ਖਾਸੀ ਚੰਗੀ ਸੀ।

4. ਪ੍ਰਾਚੀਨ ਅਤੇ ਆਧੁਨਿਕ ਦੋਹਾਂ ਯੁੱਗਾਂ ਦੇ ਇਤਿਹਾਸਕਾਰਾਂ ਨੇ ਲਿਖਿਆ ਹੈ, ਕਿ ਗੁਰੂ ਅੰਗਦ ਦੇਵ ਦੀ ਸਪੁੱਤਰੀ(ਬੀਬੀ ਅਮਰੋ) ਗੁਰੂ ਅਮਰਦਾਸ ਦੇ ਭਤੀਜੇ ਨਾਲ ਵਿਆਹੀ ਹੋਈ ਸੀ । ਬੇਸ਼ਕ ਬੀਬੀ ਅਮਰੋ ਦੇ ਵਿਆਹ ਸਮੇਂ ਗੁਰੂ ਅੰਗਦ ਦੇਵ ਗੁਰਗੱਦੀ ਉਤੇ ਬੈਠ ਚੁੱਕੇ ਸਨ ਜਾਂ ਨਹੀਂ, ਪਰ ਉਹ ਕਿਸੇ ਹਾਲਤ ਵਿੱਚ ਭੀ ਇਕ ਸਾਧਾਰਨ ਵਿਅਕਤੀ ਨਹੀਂ ਸਨ । ਉਚੇਰੀ ਪਦਵੀ ਦੇ ਪਰਵਾਰ ਵਿੱਚ ਹੀ ਉਚੇਰੀ ਪਦਵੀ ਦੇ ਲੋਕ ਧੀਆਂ-ਭੈਣਾਂ ਦੇ ਰਿਸ਼ਤੇ-ਨਾਤੇ ਕਰਦੇ ਹਨ। ਭਾਈ ਜੇਠਾ ਜੀ(ਜੋ ਬੀਬੀ ਭਾਨੀ ਜੀ ਦੇ ਪਤੀ ਅਤੇ ਗੁਰੂ ਅਮਰਦਾਸ ਦੇ ਜੁਆਈ ਬਣੇ) ਦੀ ਮਿਸਾਲ ਬੇਸ਼ਕ ਇਸ ਕਥਨ ਦਾ ਵਿਰੋਧ ਕਰਦੀ ਭਾਸਦੀ ਹੈ, ਪਰ ਇਤਿਹਾਸ ਗੁਆਹ ਹੈ, ਕਿ ਜੇਠਾ ਜੀ(ਜੋ ਘੁੰਙਣੀਆਂ ਵੇਚਦੇ ਸਨ) ਵਲ ਤਕਦੀਰਾਂ ਬਣਾਉਣ ਵਾਲੇ ਗੁਰੂ ਨੇ ਆਪ ਕ੍ਰਿਪਾ-ਦ੍ਰਿਸ਼ਟੀ ਕੀਤੀ ਸੀ । ਪਰ ਬੀਬੀ ਅਮਰੋ ਦੇ ਵਿਆਹ ਬਾਰੇ ਇਹੋ ਜਿਹੀ ਕਿਸੇ ਕਰਾਮਾਤ ਦਾ ਜ਼ਿਕਰ ਨਹੀਂ ਮਿਲਦਾ । ਉਹ ਰਿਸ਼ਤਾ ਵੀਹ-ਵਿਸਵੇ ਗੁਰੂ ਅਮਰਦਾਸ ਦੇ ਖਾਨਦਾਨ ਦੀ ਮਾਨ-ਪ੍ਰਤਿਸ਼ਠਾ ਨੂੰ ਵੇਖ ਕੇ ਕੀਤਾ ਗਿਆ ਸੀ ।

ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ)[1]ਦੇ ਲੇਖਕ ਅਨੁਸਾਰ ਗੁਰੂ ਅਮਰਦਾਸ ਦੀ ਸ਼ਾਦੀ ਸੰਮਤ 1552 ਬਿਕ੍ਰਮੀ ਮਾਘ ਦਿਨ 15 ਨੂੰ ਹੋਈ ਅਤੇ ਲੰਮੇ ਸਮੇਂ ਤਕ ਉਨ੍ਹਾਂ ਦੇ ਘਰ ਔਲਾਦ ਨਾ ਹੋਈ । ਜਦੋਂ ਗੁਰਦੇਵ ਦੀ ਉਮਰ ਚਾਲ੍ਹੀ ਵਰ੍ਹਿਆਂ ਦੇ ਕਰੀਬ ਹੋਈ, ਤਾਂ ਅੰਸ ਦੀ ਆਸ ਮਨ ਵਿੱਚ ਤੀਬਰ ਹੋ ਗਈ। ਸੰਤਾਂ

1.ਸਾਹਬ ਸਿੰਘ ਪਰੋੜੀਵਾਲੇ ਦਾ ਖਰੜਾ(ਮ੍ਰਿਕ ਮਹਿਮਾ ਪ੍ਰਕਾਸ਼ ਸ੍ਰੀਗੁਰੂ ਅਮਰਦੇਵ), ਪੰਨਾ 14-15
2.ਮਹਿਮਾ ਪ੍ਰਕਾਸ਼(ਹੱਥ-ਲਿਖਤ)-ਭਾਈ ਵੀਰ ਸਿੰਘ ਪੁਸਤਕਾਲਯ(ਡੇਰ੍ਹਾਦੂਨ), ਪੰਨੇ 156-157
3.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 14

ਸਾਧਾਂ ਦੀ ਸੰਗਤ ਦਾ ਸ਼ੌਕ ਬਚਪਣ ਤੋਂ ਸੀ, ਪਰ ਘਰ ਵਿੱਚ ਬੱਚਿਆਂ ਦੀ ਅਣਹੋਂਦ ਨੇ ਬਚਪਣ ਦੇ ਸ਼ੌਕ ਨੂੰ ਉਮਰਾਂ ਦੀ ਲਗਨ ਵਿੱਚ ਬਦਲ ਦਿੱਤਾ । ਪੰਡਿਤਾਂ ਪਾਂਧਿਆਂ ਨੂੰ ਭੀ ਸ਼ਾਇਦ ਉਸ ਸਮੇਂ ਪੁੱਛਿਆ ਹੋਵੇ, ਬੇਸ਼ੁਕ ਗੁਰੂ ਅੰਗਦ ਦੀ ਸੇਵਾ ਵਿੱਚ ਆਉਣ ਤੋਂ ਪਿਛੋਂ ਗੁਰਦੇਵ ਪੰਡਿਤਾਂ-ਪਾਂਧਿਆਂ ਦੇ ਕਰੜੇ ਆਲੋਚਕ ਬਣ ਗਏ। ਕਿਸੇ ਨੇ ਕਿਹਾ "ਖੂਹਾ ਲਗਵਾਉ" ਤੇ ਪੰਜਾਂ ਮਹੀਨਿਆਂ ਵਿੱਚ ਖੂਹ ਲੱਗ ਗਿਆ । ਉਸ ਸਮੇਂ ਵੱਡੀ ਲੜਕੀ ਦਾ ਜਨਮ ਹੋਇਆ । ਪਰ ਲੜਕੀ ਦੇ ਜਨਮ ਉਪਰੰਤ ਲੜਕੇ ਦੀ ਆਸ ਹੋਰ ਭੀ ਤੀਬਰ ਹੋ ਗਈ । ਕਾਫੀ ਸਮਾਂ ਆਸ਼ਾ ਤੇ ਨਿਰਾਸ਼ਾ ਦੇ ਚੱਕਰ ਵਿੱਚ ਲੰਘ ਗਿਆ । ਪੁੰਨ-ਦਾਨ ਅਤੇ ਸੰਤ-ਸਾਧ ਦੀ ਸੇਵਾ ਦਾ ਸੁਭਾ ਮੁੱਢ ਕਦੀਮ ਤੋਂ ਸੀ । ਭਲੇ ਪੁਰਸ਼ਾਂ ਨੇ ਸਲਾਹ ਦਿੱਤੀ, "ਲੋਕ-ਭਲਾਈ ਲਈ ਇਕ ਤਾਲ ਪੁਟਾਉ"। ਸਖੀ-ਦਿਲ ਗੁਰਦੇਵ ਨੇ ਹੱਕ-ਹਲਾਲ ਦੀ ਕਮਾਈ ਵਿੱਚੋਂ ਖੁੱਲ੍ਹੇ-ਹੱਥੀਂ ਖ਼ਰਚ ਕੀਤਾ। ਦੋ ਮਜ਼ਦੂਰ ਕਈ ਸਾਲ ਇਸ ਕੰਮ ਵਿੱਚ ਜੁੱਟੇ ਰਹੇ। ਮਹਿਮਾ ਪ੍ਰਕਾਸ਼ (ਸ੍ਰੀਗੁਰੂ ਅਮਰਦੇਵ)[1]ਦੇ ਕਰਤਾ ਅਨੁਸਾਰ ਗੁਰੂ ਅਮਰਦਾਸ ਆਪਣੇ ਹੱਥੀਂ ਭੀ ਉਸ ਤਾਲ ਦੀ ਸੇਵਾ ਕਰਦੇ ਸਨ। ਪੱਕੀ ਤਰ੍ਹਾਂ ਨਹੀਂ ਆਖਿਆ ਜਾ ਸਕਦਾ, ਕਿ ਸੰਬੰਧਤ ਤਾਲ ਕਿਹੜਾ ਸੀ। ਹੋ ਸਕਦਾ ਹੈ, ਪਿੰਡ ਬਾਸਰਕੀ-ਗਿੱਲਾਂ ਦੇ ਪਾਸ ਜਿਹੜਾ ਤਾਲ ਹੈ, ਉਹੀ ਗੁਰੂ ਅਮਰਦਾਸ ਦੇ ਵਕਤਾਂ ਦਾ ਹੋਵੇ, ਕਿਉਂਕਿ ਇਕ ਤਾਂ ਬੀਬੀ ਅਮਰੋ ਦੀ ਸਮਾਧ ਉਸੇ ਤਾਲ ਦੇ ਕੰਢੇ ਬਣੀ, ਦੂਜੇ ਜਦੋਂ ਅਸਲੀ ਪਿੰਡ ਬਾਸਰਕੀ ਤਬਾਹ ਤੇ ਬਰਬਾਦ ਹੋ ਗਿਆ, ਉਸ ਪਿੰਡ ਦੇ ਵਸਨੀਕਾਂ ਨੇ ਤਾਲ ਦੇ ਕੰਢੇ ਨਵਾਂ-ਪਿੰਡ ਬੰਨ੍ਹ ਲਿਆ, ਜੋ ਅਜੇ ਤਾਈਂ ਕਾਇਮ-ਦਾਇਮ ਹੈ । ਤਾਲ ਦੇ ਆਰੰਭ ਹੋਣ ਤੋਂ ਪਿੱਛੋਂ ਛੋਟੀ ਲੜਕੀ (ਬੀਬੀ ਭਾਨੀ) ਦਾ ਜਨਮ ਹੋਇਆ । ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ)[2]ਅਨੁਸਾਰ ਇਹ ਗੱਲ ਸੰਮਤ 1587 ਬਿਕ੍ਰਮੀ ਦੀ ਹੈ, ਪਰ ਸੰਬੰਧਤ ਲੇਖਕ ਦੀ ਗੁਰਦੇਵ ਦੇ ਜਨਮ ਬਾਰੇ ਸੰਮਤ ਟਪਲੇ ਵਾਲੀ ਹੋਣ ਕਰਕੇ ਇਹ ਸੰਮਤ ਭੀ ਭਰੋਸੇ-ਯੋਗ ਨਹੀਂ ਜਾਪਦੀ ।

ਵੱਡੀ ਬੀਬੀ ਦਾਨੀ(ਜਿਸਨੂੰ ਮਹਿਮਾ ਪ੍ਰਕਾਸ਼ ਸ੍ਰੀਗੁਰੂ ਅਮਰਦੇਵ ਦਾ ਲੇਖਕ ਬੀਬੀ ਰਾਮੀ ਆਖਦਾ ਹੈ) ਦੀ ਸ਼ਾਦੀ (ਸੰਮਤ 1584 ਬਿਕ੍ਰਮੀ) ਤੋਂ ਪਿੱਛੋਂ ਗੁਰੂ ਅਮਰਦਾਸ ਨੇ ਗੰਗਾ-ਯਾਤ੍ਰਾ ਆਰੰਭ ਦਿੱਤੀ ਅਤੇ ਸਾਲ ਵਿੱਚ ਲਗਪਗ ਦੋ ਵਾਰ(ਵਿਸਾਖ ਅਤੇ ਕੱਤਕ) ਉਹ ਜਾਂਦੇ ਰਹੇ । ਹੋ ਸਕਦਾ ਹੈ, ਕਿਸੇ ਸਾਲ ਗੁਰਦੇਵ ਇਕ ਵਾਰ ਭੀ ਗਏ ਹੋਣ । ਖੈਰ, ਜਦੋਂ ਉਨੀਵੀਂ ਵਾਰ ਉਹ ਗੰਗਾ ਤੋਂ ਮੁੜੇ, ਤਾਂ ਤਲਾਉ ਮੁਕੰਮਲ ਹੋ ਚੁੱਕਾ ਸੀ । ਤਾਲ ਪੂਰਨ ਹੋਣ ਦੀ ਖ਼ੁਸ਼ੀ ਵਿੱਚ ਗੁਰੂ ਅਮਰਦਾਸ ਨੇ ਕੋਈ ਯੱਗ ਭੀ ਜ਼ਰੂਰ ਕੀਤਾ ਹੋਵੇਗਾ ਅਤੇ ਉਸ ਸਮਾਗਮ ਉਤੇ ਦੂਰ ਦੂਰ ਦੇ ਪਿੰਡਾਂ ਤੋਂ ਲੋਕ ਆਏ ਹੋਣਗੇ । ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ)[1]ਦੇ ਕਰਤਾ ਅਨੁਸਾਰ ਜੇਠਾ ਜੀ(ਜੋ ਆਪਣੇ ਪਿਤਾ ਦੇ ਸੁਰਗਵਾਸ ਹੋਣ ਉਪਰੰਤ ਲਾਹੌਰੋਂ ਅੰਮ੍ਰਿਤਸਰ ਆ ਕੇ ਮਾਸੀ ਪਾਸ ਬਾਸਰਕੀ ਪਿੰਡ ਵਿੱਚ ਹੀ ਰਹਿਣ ਲੱਗ ਪਏ ਸਨ)

---

1.ਬਾਬਾ ਸਾਹਬ ਸਿੰਘ ਪਰੋੜੀਵਾਲੇ ਦਾ ਖਰੜਾ(ਮਹਿਮਾ ਪ੍ਰਕਾਸ਼ ਸ੍ਰੀਗੁਰੂ ਅਮਰਦੇਵ),ਪੰਨਾ 14
2.ਉਹੀ.....................ਪੰਨਾ 18

ਅਤੇ ਬੀਬੀ ਭਾਨੀ ਦਾ ਵਿਆਹ ਬਾਸਰਕੀ ਵਿੱਚ ਉਸੇ ਸਮੇਂ ਸੋਧਿਆ ਗਿਆ । ਜੇਠਾ ਜੀ ਦੀਆਂ ਘੁੰਡਣੀਆਂ ਅਤੇ ਸੰਜੋਗਾਂ ਦੀ ਕਰਾਮਾਤ ਸਭ ਕੁਝ ਮਿੰਟਾਂ ਸਕਿੰਟਾਂ ਵਿੱਚ ਵਾਪਰ ਗਿਆ । ਭਾਈ ਵੀਰ ਸਿੰਘ[1] ਨੇ ਭੀ ਬੀਬੀ ਭਾਨੀ ਦਾ ਵਿਵਾਹ ਗੋਇੰਦਵਾਲ ਪੁੱਜਣ ਤੋਂ ਪਹਿਲਾਂ ਬਾਸਰਕੀ ਵਿੱਚ ਹੀ ਮੰਨਿਆ ਹੈ। ਪ੍ਰਾਚੀਨ ਮਹਿਮਾ ਪ੍ਰਕਾਸ਼ ਦਾ ਕਰਤਾ ਸਰੂਪ ਦਾਸ ਭੱਲਾ ਭੀ ਇਹੋ ਦਸਦਾ ਹੈ, ਕਿ ਜਦੋਂ ਗੁਰੂ ਅੰਗਦ ਦੇਵ ਨੇ ਗੁਰੂ ਅਮਰਦਾਸ ਨੂੰ ਸਭ ਪਰਵਾਰ ਬਾਸਰਕੀ ਤੋਂ ਗੋਇੰਦਵਾਲ ਲੈ ਆਉਣ ਬਾਰੇ ਹੁਕਮ ਕੀਤਾ, ਤਾਂ ਉਨ੍ਹਾਂ ਆਪਣੇ ਪਰਵਾਰ (ਵਿਸ਼ੇਸ਼ ਕਰਕੇ ਲੜਕੀਆਂ ਦੀ ਜ਼ਿੰਮੇਵਾਰੀ ਬਾਰੇ) ਦੀ ਤਸਵੀਰ ਇਸਤਰ੍ਹਾਂ ਪੇਸ਼ ਕੀਤੀ:-

ਗੁਰੂ ਅਮਰ ਸਾਹਿਬ ਸਭ ਕਥਾ ਸੁਣਾਈ ।
ਦੁਇ ਕੰਨਯਾ ਥੀ ਸੋ ਦੋਊ ਬਿਆਹੀ ।
(ਮਹਿਮਾ ਪ੍ਰਕਾਸ਼)[2]

ਸੋ ਗੋਇੰਦਵਾਲ ਵਿੱਚ ਬੀਬੀ ਭਾਨੀ ਦੇ ਵਿਵਾਹ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ । ਵੈਸੇ ਗੁਰਪ੍ਰਤਾਪ ਸੂਰਜ ਗ੍ਰੰਥ[3] ਅਤੇ ਗੁਰਕੀਰਤ ਪ੍ਰਕਾਸ਼[4] ਦੇ ਲੇਖਕ ਅਤੇ ਮੁਹੰਮਦ ਲਤੀਫ਼[5] ਆਦਿਕ ਬਹੁਤੇ ਇਤਿਹਾਸਕਾਰਾਂ ਨੇ ਬੀਬੀ ਭਾਨੀ ਦਾ ਵਿਵਾਹ ਗੁਰੂ ਅਮਰਦਾਸ ਦੀ ਗੁਰਗੱਦੀ ਦੇ ਸਮੇਂ ਗੋਇੰਦਵਾਲ ਵਿੱਚ ਮੰਨਿਆ ਹੈ, ਜੋ ਠੀਕ ਨਹੀਂ ਸਿੱਧ ਹੁੰਦਾ । ਇਸ ਬਾਰੇ ਦਲੀਲਾਂ ਦੇ ਵਿਸਥਾਰ ਲਈ ਵੇਖੋ ਭਾਈ ਵੀਰ ਸਿੰਘ ਦਾ ਉੱਪਰ ਸੰਕੇਤ ਕੀਤਾ ਨੋਟ[1]।

## (ੳ) ਪ੍ਰਮਾਰਥ ਦੀ ਲਗਨ

ਮਹਿਮਾ ਪ੍ਰਕਾਸ਼[6] ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਲੇਖਕਾਂ ਤੋਂ ਛੁੱਟ ਮੈਕਾਲਿਫ[8] ਆਦਿਕ ਅੰਗ੍ਰੇਜ਼ ਇਤਿਹਾਸਕਾਰਾਂ ਨੇ ਭੀ ਮੰਨਿਆ ਹੈ, ਕਿ ਵੀਹਵੀਂ ਵਾਰ ਗੰਗਾ ਤੋਂ ਮੁੜਦਿਆਂ ਗੁਰੂ ਅਮਰਦਾਸ ਰਸਤੇ ਵਿੱਚ ਇਕ ਦੁਪਹਿਰੇ ਮਿਹੜਾ(ਜਾਂ ਮਹੋੜਾ)[9] ਗ੍ਰਾਮ ਵਿਖੇ ਇਕ ਪੰਡਿਤ(ਜਿਸਦਾ ਨਾਮ ਦੁਰਗੋ ਦੱਸਿਆ ਜਾਂਦਾ ਹੈ) ਦੇ ਘਰ ਠਿਕੇ। ਦੇਵਨੇਤ ਨਾਲ ਉਸ ਪੰਡਿਤ ਦੀ ਨਜ਼ਰ ਗੁਰੂ ਅਮਰਦਾਸ ਦੇ

1.ਭਾਈ ਵੀਰ ਸਿੰਘ(ਵੇਖੋ ਫੁਟ-ਨੋਟ),ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 41-ਖਾਲਸਾ ਸਮਾਚਾਰ (ਅੰਮ੍ਰਿਤਸਰ)ਐਡੀਸ਼ਨ,1954,ਜਿਲਦ 5,ਪੰਨਾ 1492
2.ਮਹਿਮਾ ਪ੍ਰਕਾਸ਼(ਹੱਥਲਿਖਤ),ਭਾਈ ਵੀਰ ਸਿੰਘ ਪੁਸਤਕਾਲਯ(ਡੇਰ੍ਹਾਦੂਨ),ਪੰਨਾ 161
3.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 41
4.ਗੁਰਕੀਰਤ ਪ੍ਰਕਾਸ਼(ਹੱਥ-ਲਿਖਤ)ਖਰੜਾ ਨੰ:682,ਸਟੇਟ ਆਰਕਾਈਵਜ਼(ਪਟਿਆਲਾ),ਪੰਨਾ 40
5.ਮੁਹੰਮਦ ਲਤੀਫ਼- ਹਿਸਟਰੀ ਔਫ ਦੀ ਪੰਜਾਬ(ਅੰਗ੍ਰੇਜ਼ੀ),1891,ਪੰਨਾ 252
6.ਮਹਿਮਾ ਪ੍ਰਕਾਸ਼(ਹੱਥ-ਲਿਖਤ)-ਭਾਈ ਵੀਰ ਸਿੰਘ ਪੁਸਤਕਾਲਯ,ਪੰਨੇ 156-157
7.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 14
8.ਮੈਕਾਲਿਫ- "ਦੀ ਸਿੱਖ ਰਿਲੇਜਨ"(ਅੰਗ੍ਰੇਜ਼ੀ),ਭਾਗ ਦੂਜਾ, ਪੰਨਾ 30
9.ਪਰ ਮਿਹੜਾ ਜਾਂ ਮਹੋੜਾ ਗ੍ਰਾਮ ਅਜੇ ਤਕ ਸਾਨੂੰ ਨਹੀਂ ਲੱਭਿਆ। ਅੰਮ੍ਰਿਤਸਰ ਤੋਂ ਹਰਿਦੁਆਰ ਦੇ ਰਾਹ ਤੇ (ਅੰਬਾਲਾ ਛਾਉਣੀ ਤੋਂ ਲਗਪਗ ਅੱਠ ਕਿਲੋਮੀਟਰ ਦਿੱਲੀ ਵਾਲੇ ਪਾਸੇ) ਇਕ ਪਿੰਡ "ਮੋਹਰਾ" ਜ਼ਰੂਰ ਹੈ ਅਤੇ ਇਕ ਹੋਰ ਪਿੰਡ "ਮੋਹੜੀ" (ਰੇਲਵੇ ਸਟੇਸ਼ਨ) ਭੀ ਹੈ, ਪਰ ਉਥੇ ਗੁਰੂ ਅਮਰਦਾਸ ਦਾ ਕੋਈ ਭੀ ਇਤਿਹਾਸਕ ਅਸਥਾਨ ਨਹੀਂ। ਸੋ ਸੰਬੰਧਤ ਗ੍ਰਾਮ ਬਾਰੇ ਹੋਰ ਖੋਜ ਦੀ ਲੋੜ ਹੈ ।

ਚਰਨਾਂ ਉਤੇ ਜਾ ਪਈ ਅਤੇ ਉਸਨੂੰ "ਚਰਨ-ਪਦਮ" ਦੇ ਦਰਸ਼ਨ ਹੋਏ। ਬੱਸ ਫੇਰ ਕੀ ਸੀ, ਦੁਰਗੋ ਦੀ ਜੋਤਿਸ਼ ਵਿਦਿਆਂ ਚਮਕ ਉਠੀ:-

ਨਿਰਖਿਓ ਚਰਨ ਪਦਮ ਆਕਾਰ ।
**ਤਬ** ਤਿਨ ਮਨ ਮੋ ਕੀਓ ਬਿਚਾਰ ।
ਇਹ ਕੋਊ ਅਵਤਾਰ ਅਥਵ ਹੋਵੈ ਰਾਜਾ ਚਕ੍ਰਵਤ ।
ਹੈ ਛਤ੍ਰ ਕੁਲ ਸੁਭ ਚਾਰ ਤਾਸੋ ਲੇਵੇ ਬਚਨ ਅਬ ।
(ਮਹਿਮਾ ਪ੍ਰਕਾਸ਼)[1]

ਦੁਪਹਿਰਾ ਕੱਟ ਕੇ ਜਦੋਂ ਗੁਰਦੇਵ ਵਿਦਾ ਹੋਣ ਸਮੇਂ ਦੁਰਗੋ ਨੂੰ ਕੁਝ ਮਾਇਆ ਭੇਟ ਕਰਨ ਲੱਗੇ, ਤਾਂ ਉਸਨੇ ਇਹ ਆਖ ਕੇ ਭੇਟਾ ਵਾਪਸ ਕਰ ਦਿੱਤੀ, ਕਿ ਜਦੋਂ ਮੇਰਾ ਜੋਤਿਸ਼ ਪੂਰਾ ਉਤਰਿਆ, ਮੈਂ ਮੂੰਹ-ਮੰਗੀ ਮੁਰਾਦ ਲਵਾਂਗਾ । ਦੁਰਗੋ ਦੇ ਸ਼ਬਦਾਂ ਨੇ, ਕਿ "ਆਪ ਰੱਬੀ-ਅਵਤਾਰ ਜਾਂ ਚਕ੍ਰਵਰਤੀ ਰਾਜਾ ਬਣਨ ਵਾਲੇ ਹੋ" ਗੁਰੂ ਅਮਰਦਾਸ ਦੇ ਮਨ ਵਿੱਚ ਭਵਿਖਤ ਬਾਰੇ ਨਵੀਂ ਉਤੇਜਨਾ ਉਤਪੰਨ ਕਰ ਦਿੱਤੀ । ਜੇਕਰ ਜੋਤਿਸ਼-ਵਿਦਿਆ ਤੋਂ ਉੱਚੇ ਉਠ ਕੇ ਅਧਿਆਤਮਕ-ਦ੍ਰਿਸ਼ਟੀ ਤੋਂ ਪ੍ਰਮਾਰਥ ਦੇ ਪਾਂਧੀਆਂ, ਸੰਤਾਂ, ਭਗਤਾਂ ਜਾਂ ਅਵਤਾਰਾਂ ਦੀਆਂ ਜੀਵਨੀਆਂ ਨੂੰ ਵਾਚੀਏ, ਤਾਂ ਇਹੋ ਗੱਲ ਸਿੱਧ ਹੁੰਦੀ ਹੈ, ਕਿ ਪ੍ਰਮਾਰਥਕ-ਲਗਨ ਦਾ ਬੀਜ ਤਾਂ ਹਰ ਜਗਿਆਸੂ ਦੇ ਮਨ ਵਿੱਚ ਹੁੰਦਾ ਹੈ, ਪਰ ਜਦੋਂ ਅਤੇ ਜਿਸਦੇ ਮਨ ਵਿੱਚੋਂ ਉਹ ਬੀਜ ਅੰਕੁਰ ਬਣ ਕੇ ਫੁੱਟ ਨਿਕਲਦਾ ਹੈ, ਉਹ ਜਗਿਆਸੂ ਸੰਤ, ਭਗਤ, ਗੁਰੂ, ਪੀਰ ਜਾਂ ਅਵਤਾਰ ਬਣ ਜਾਂਦਾ ਹੈ। ਹੋਇਆ ਗੁਰੂ ਅਮਰਦਾਸ ਨਾਲ ਭੀ ਇੰਜ ਹੀ ਹੋਵੇਗਾ, ਪਰ ਸਿਹਰਾ ਸਾਖੀਕਾਰਾਂ ਦੁਆਰਾ ਦੁਰਗੋ ਪੰਡਿਤ ਨੂੰ ਮਿਲਣਾ ਸੀ । ਹੈਰਾਨੀ ਦੀ ਗੱਲ ਹੈ, ਕਿ ਇਕ ਪਾਸੇ ਕਈ ਸਾਖੀਕਾਰ ਗੁਰੂ ਅਮਰਦਾਸ ਨੂੰ ਸ਼ੁਰਧਾ-ਵੱਸ ਰੱਬੀ-ਅਵਤਾਰ ਦਾ ਦਰਜਾ ਦਿੰਦੇ ਹਨ, ਪਰ ਦੂਜੇ ਪਾਸੇ ਉਹ ਗੁਰਦੇਵ ਨੂੰ ਇਕ ਸਾਧਾਰਨ-ਮਨੁੱਖ ਵਾਂਗ ਜੋਤਿਸ਼ੀ ਪਾਸੋਂ ਨਿੱਕੀ ਤੋਂ ਨਿੱਕੀ ਗੱਲ ਦਾ ਲੰਮੇ ਤੋਂ ਲੰਮਾ ਵੇਰਵਾ ਪੁੱਛਦਿਆਂ ਵਿਖਾਉਂਦੇ ਹਨ। ਉਦਾਹਰਨ ਵਜੋਂ ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ) ਦੇ ਲੇਖਕ ਅਨੁਸਾਰ ਗੁਰੂ ਅਮਰਦਾਸ ਨੇ ਦੁਰਗੋ ਪਾਸੋਂ ਪੁੱਛਿਆ, ਮੈਨੂੰ ਗੁਰੂ ਕਦੋਂ ਅਤੇ ਕਿਸ ਥਾਂ ਮਿਲੇਗਾ? ਇਹ ਸੁਣ ਕੇ ਦੁਰਗੋ ਪੰਡਿਤ ਨੇ ਉੱਤਰ ਦਿੱਤਾ, ਅੱਜ ਤੋਂ ਪੰਦਰਵੇਂ ਦਿਨ, ਤਿੰਨਾਂ ਯੋਜਨਾਂ ਦੀ ਵਿੱਥ ਉਤੇ:-

(ੳ) ਪੰਧ੍ਰਵੇਂ ਦਿਨ ਗੁਰ ਤੁਧ ਮਿਲੇ ਮੁਹਿ ਜੋਤਸ਼ ਕਹੈ ਪ੍ਰਮਾਨੁ ।

(ਅ) ਗੁਰ ਅਮਰ ਕਹਾ ਕੇਤੀ ਦੂਰ ਪਰਿ ਗੁਰ ਕ੍ਰਿਪਾ ਕਰ ਮਿਲੈ ਆਇ ।
ਪੁਸਤਕੁ ਸੋਧ ਬ੍ਰਹਮਨੁ ਕਹਾ ਤ੍ਰੈ ਜੋਜਨੁ ਊਪਰ ਮਿਲੈ ਆਇ ।
(ਮਹਿਮਾ ਪ੍ਰਕਾਸ਼ ਸ੍ਰੀਗੁਰੂ ਅਮਰਦੇਵ)[2]

1. ਮਹਿਮਾ ਪ੍ਰਕਾਸ਼(ਹੱਥਲਿਖਤ ਖਰੜਾ), ਭਾਈ ਵੀਰ ਸਿੰਘ ਪੁਸਤਕਾਲਯ(ਡੇਰ੍ਹਾਦੂਨ), ਪੰਨਾ 157
2. ਬਾਬਾ **ਸਾਹਬ ਸਿੰਘ** ਪਰੌੜੀਵਾਲੇ ਦਾ ਖਰੜਾ(ਮਹਿਮਾ ਪ੍ਰਕਾਸ਼ ਸ੍ਰੀਗੁਰੂ ਅਮਰਦੇਵ), ਪੰਨਾ 20

ਉਪਰੋਕਤ ਗ੍ਰੰਥਕਾਰ ਇਹ ਭੀ ਆਖਦਾ ਹੈ, ਕਿ ਗੁਰੂ ਅਮਰਦਾਸ ਦੇ ਮਨ ਵਿੱਚ ਗੁਰੂ-ਮਿਲਾਪ ਦੀ ਤਾਂਘ ਦੁਰਗੋ ਪੰਡਿਤ ਪਾਸ ਪਹੁੰਚਣ ਤੋਂ ਪਹਿਲਾਂ ਹਰਿਦੁਆਰ[1] ਜਾਂ ਗੰਗਾ ਦੇ ਘਾਟ ਉਤੇ ਹੀ ਪੈਦਾ ਹੋ ਚੁੱਕੀ ਸੀ। ਟਰੰਪ[2] ਨੇ ਭੀ ਇਹੋ ਲਿਖਿਆ ਹੈ, ਕਿ ਗੁਰਦੇਵ ਨੂੰ "ਨਿਗੁਰਾ" ਹੋਣ ਦਾ ਤਾਹਨਾ ਹਰਿਦੁਆਰ ਦੇ ਕਿਸੇ ਪ੍ਰੋਹਿਤ ਨੇ ਮਾਰਿਆ ਸੀ। ਪਰ ਹਰਿਦੁਆਰ ਦੇ ਪੰਡੇ ਇਤਨੇ ਬੇਲਿਹਾਜ਼ ਨਹੀਂ ਜਾਪਦੇ। ਉਹ ਤਾਂ ਤੁਰਤ ਦਾਨ, ਮਹਾਂ-ਕਲਿਆਨ ਕਰਨ ਵਾਲੇ ਹਨ। ਫੇਰ ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ)[2] ਦੇ ਲੇਖਕ ਅਨੁਸਾਰ ਤਾਂ ਗੁਰੂ ਅਮਰਦਾਸ ਨੇ ਸੰਬੰਧਤ ਪ੍ਰੋਹਿਤ ਦੁਆਰਾ ਦਸ ਗਊਆਂ ਦਾਨ ਕਰਨ ਉਪਰੰਤ ਦੋ ਸੌ ਬ੍ਰਾਹਮਣਾਂ ਨੂੰ ਭੋਜਨ ਖੁਆਇਆ ਅਤੇ ਵਸਤਰ ਭੀ ਦਿੱਤੇ ਸਨ। ਸੋ ਹਰਿਦੁਆਰ ਦੀ ਥਾਂ ਨਿਗੁਰੇ ਹੋਣ ਦਾ ਤਾਹਨਾ ਗੁਰਦੇਵ ਨੂੰ ਬਾਸਰਕੀ ਪਹੁੰਚ ਕੇ ਇਕ ਬ੍ਰਹਮਚਾਰੀ(ਜਿਸਨੂੰ ਮੈਕਾਲਿਫ[4] ਭਿਖਸ਼ੂ ਦਾ ਨਾਮ ਦਿੰਦਾ ਹੈ) ਨੇ ਦਿੱਤਾ। ਪਤਾ ਨਹੀਂ, ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ) ਦਾ ਲੇਖਕ ਦੋ ਤਿੰਨ ਪੰਨਿਆਂ ਜੇਡੀ ਛੋਟੀ ਜਿਹੀ ਵਾਰਤਾ ਵਿੱਚ ਦੋ ਪਰਸਪਰ-ਵਿਰੋਧੀ ਗੱਲਾਂ ਕਿਵੇਂ ਲਿਖ ਗਿਆ ਹੈ? ਇਕ ਪਾਸੇ[1] ਉਹ ਗੁਰੂ ਅਮਰਦਾਸ ਨੂੰ ਨਿਗੁਰਾ ਹੋਣ ਦਾ ਫ਼ਤਵਾ ਹਰਿਦੁਆਰ ਦੇ ਪ੍ਰੋਹਿਤ ਰਾਹੀਂ ਲਗਵਾਉਂਦਾ ਹੈ ਅਤੇ ਦੂਜੇ ਪਾਸੇ ਇਹੋ ਦਿਲ-ਕਾਟਵੀਂ ਗੱਲ ਉਹ ਬਾਸਰਕੀ ਵਿੱਚ ਗੁਰਦੇਵ ਨਾਲ ਪਹੁੰਚੇ ਬ੍ਰਹਮਚਾਰੀ ਦੇ ਮੂੰਹੋਂ ਅਖਵਾਉਂਦਾ ਹੈ:-

ਪੰਥ ਮੈ ਬ੍ਰਹਮੁਚਾਰੀ ਇਕੁ ਮਿਲਾ।
ਹਰਿ ਚਰਿਚਾ ਕਰੈ ਮਗੁ ਮੈ ਅਤੁ ਭਲਾ।
ਚਲਾ ਸਾਹਬੁ ਸੰਗ ਘਰਿ ਲੈ ਚਲਾ ਗੈਆ।
ਖਾਨ ਪਾਨੁ ਸਭੁ ਸੇਵ ਕਰਾਇਆ।
ਪਾਇ ਪ੍ਰਸਾਦੁ ਕੋਠੇ ਪਰੁ ਗਏ।
ਬ੍ਰਹਮੁਚਾਰੀ ਤਬੁ ਪੂਛਤੁ ਭਏ।
ਤੁਮ ਕਿਸ ਗੁਰ ਗ੍ਰਿਹਿ ਕੇ ਸੇਵਕੁ ਅਹੋ।
ਯਹਿ ਬ੍ਰਿਤੰਤੁ ਸੱਤ ਮੁਝ ਕਹੋ।
ਇਹੀ ਬਚਨੁ ਅਮ੍ਰ ਗੁਰਤਾ ਸੋ ਕਹਾ।
ਮੈ ਅਬੁ ਤਕੁ ਗੁਰ ਖੋਜਤ ਹੀ ਰਹਾ। ਦੋਹਰਾ।।
ਬ੍ਰਹਮਚਾਰੀ ਇਹੁ ਬਚਨੁ ਸੁਨ ਅਤੁ ਮਨਿ ਤਨਿ ਦੁਖ ਮਾਨ।
ਮੁਹਿ ਤੀਰਥੁ ਬ੍ਰਤੁ ਬ੍ਰਿਥਾ ਭਏ ਸਭ ਕੀਓ ਜੁ ਤੁਮ ਸੰਗ ਖਾਨ।
।ਚੌਪਈ। ਬਹੁਤ ਕਲਪਨਾ ਤਿਨ ਤਬੁ ਕੀਆ।
ਤੁਮ ਨਿਗੁਰੇ ਸੰਗ ਮਮੁ ਬ੍ਰਿਥਾ ਪੁੰਨ ਸਭੁ ਗੈਆ।
ਮੁਹਿ ਬ੍ਰਤ ਨੇਮ ਬ੍ਰਿਥਾ ਸਭੁ ਭਏ।
ਇਹ ਕਹਿ ਚਰਿਚਾ ਤਿਹਤੇ ਉਠ ਗਏ।
(ਮਹਿਮਾ ਪ੍ਰਕਾਸ਼ ਸ੍ਰੀਗੁਰੂ ਅਮਰਦੇਵ)[5]

1. ਬਾਬਾ ਸਾਹਬ ਸਿੰਘ ਪਰੋੜੀਵਾਲੇ ਦਾ ਖਰੜਾ(ਮਹਿਮਾ ਪ੍ਰਕਾਸ਼ ਸ੍ਰੀਗੁਰੂ ਅਮਰਦੇਵ), ਪੰਨਾ 19
2. ਟਰੰਪ- ਆਦਿ-ਗ੍ਰੰਥ(ਅੰਗ੍ਰੇਜ਼ੀ), ਵੇਖੋ ਭੂਮਿਕਾ।
3. ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ), ਪੰਨਾ 20
4. ਮੈਕਾਲਿਫ- ਸਿੱਖ ਰਿਲੀਜਨ(ਅੰਗ੍ਰੇਜ਼ੀ), ਭਾਗ ਦੂਜਾ, ਪੰਨਾ 30
5. ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ), ਪੰਨਾ 21

ਗੁਰੂ ਅਮਰਦਾਸ ਦੇ ਤਪੇ ਹੋਏ ਮਨ ਉਤੇ "ਨਿਗੁਰੇ" ਹੋਣ ਦਾ ਤਾਹਨਾ ਹਥੌੜੇ ਵਾਂਗ ਵੱਜਾ ਅਤੇ ਉਹ ਗੁਰੂ-ਮਿਲਾਪ ਲਈ ਵਿਆਕੁਲ ਹੋ ਉਠੇ । ਅਜਿਹੀ ਮਹਾਨ ਵਿਆਕੁਲਤਾ ਦਾ ਵਰਣਨ ਸ਼ਬਦਾਂ ਦੁਆਰਾ ਨਹੀਂ ਕੀਤਾ ਜਾ ਸਕਦਾ । ਕੌਣ ਆਖ ਸਕਦਾ ਹੈ, ਗੁਰਦੇਵ ਦੇ ਮਨ ਉੱਤੇ ਕੀ ਗੁਜ਼ਰੀ ਹੋਵੇਗੀ ? ਉਨ੍ਹਾਂ ਦਾ ਹਰ ਅੰਗ, ਹਰ ਲੂੰਅ ਅਤੇ ਹਰ ਅਣੂ ਗੁਰੂ ਦੇ ਦੀਦਾਰ ਦੀ ਤੜਪਣ ਵਿੱਚ ਨੈਣ ਨੈਣ ਹੋ ਰਿਹਾ ਸੀ, ਪਰ ਗੁਰੂ ਸੀ, ਕਿ ਨਜ਼ਰ ਹੀ ਨਹੀਂ ਸੀ ਆਉਂਦਾ । ਮਹਿਮਾ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ[1] ਅਨੁਸਾਰ ਗੁਰਦੇਵ ਨੇ ਰੰਗਾ ਅਤੇ ਰੰਗਾ ਨੂੰ ਪੈਦਾ ਕਰਨ ਵਾਲੇ ਪ੍ਰਭੂ ਦੇ ਚਰਨਾਂ ਵਿੱਚ ਇਕਾਗਰ ਹੋ ਅਰਦਾਸਾਂ ਕਰਦਿਆਂ ਸਾਰੀ ਰਾਤ ਜਗਰਾਤਾ ਕੱਟਿਆ । ਅੰਤ ਕਾਲੀ ਬੋਲੀ ਤੇ ਭਿਆਨਕ ਰਾਤ ਦੀ ਕਾਲਖ ਦਾ ਸੀਨਾ ਚੀਰਦੀ ਹੋਈ ਇਕ ਸੁਨਹਿਰੀ-ਕਿਰਨ ਆਈ, ਅੰਮ੍ਰਿਤ-ਵੇਲੇ ਗੁਰਦੇਵ ਦੇ ਕੰਨਾਂ ਵਿੱਚ ਰੂਹਾਨੀ-ਅੰਮ੍ਰਿਤ ਦੀ ਕੁਲ ਕੁਲ ਹੋਈ ਅਤੇ ਹੇਠ ਲਿਖੀਆਂ ਤੁਕਾਂ ਗੁਰਦੇਵ ਦੇ ਮਨ ਦੀਆਂ ਅੰਤ੍ਰੀਵ-ਡੂੰਘਾਣਾਂ ਵਿੱਚ ਉਤਰ ਗਈਆਂ । ਬੀਬੀ ਅਮਰੋ[2] (ਸਪੁੱਤਰੀ ਗੁਰੂ ਅੰਗਦ ਦੇਵ) ਗੁਰੂ ਨਾਨਕ ਦਾ ਨਿਮਨ-ਲਿਖਤ **ਸ਼ਬਦ** ਪੜ੍ਹ ਰਹੀ ਸੀ:-

> ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ।
> ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ । 1 ।
> ਚਿਤ ਚੇਤਸਿ ਕੀ ਨਹੀ ਬਾਵਰਿਆ । ਹਰਿ ਬਿਸਰਤ ਤੇਰੇ ਗੁਣ ਗਲਿਆ।ਰਹਾਉ।
> ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ।
> ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ।2।
> ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ।
> ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ ।3।
> ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ।
> ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ।4।
>
> (ਮਾਰੂ ਮਹਲਾ 1 ਘਰੁ 1)[3]

ਉਪਰੋਕਤ ਤੁਕਾਂ ਨੇ ਗੁਰੂ ਅਮਰਦਾਸ ਨੂੰ ਕੀਲ ਲਿਆ ਅਤੇ ਉਹ ਨਾਮ-ਅੰਮ੍ਰਿਤ ਦੀ ਸਵਾਂਤ-ਬੂੰਦ ਲਈ ਚਾਤ੍ਰਿਕ ਵਾਂਗ ਚਿਤਵਨ ਕਰਦੇ ਬੀਬੀ ਅਮਰੋ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਪਾਸ "ਖਡੂਰ ਸਾਹਿਬ" ਪਹੁੰਚੇ। ਪ੍ਰਾਚੀਨ ਇਤਿਹਾਸਕਾਰ ਲਿਖਦੇ ਹਨ, ਕਿ ਪਹਿਲਾਂ ਬੀਬੀ ਅਮਰੋ ਨੇ ਅੱਗੇ ਜਾ ਕੇ

1. ਗੁਰਪ੍ਰਤਾਪ ਸੂਰਜ ਰ ਸ 1 14
2. ਬੇਸ਼ਕ ਗੁਰਪ੍ਰਤਾਪ ਸੂਰਜ ਗ੍ਰੰਥ (ਰਾਸਿ 1 ਅੰਸੂ 15) ਅਨੁਸਾਰ ਬੀਬੀ ਅਮਰੋ ਦਾ ਵਿਵਾਹ ਕਈ ਬਰਸਾਂ ਤੋਂ ਹੋ ਚੁੱਕਾ ਸੀ, ਪਰ ਸਾਡਾ ਖਿਆਲ ਹੈ, ਕਿ ਬੀਬੀ ਅਮਰੋ ਦਾ ਵਿਵਾਹ ਗੁਰੂ ਅਮਰਦਾਸ ਦੇ ਭਤੀਜੇ ਨਾਲ ਨਵਾਂ ਨਵਾਂ ਹੀ ਹੋਇਆ ਸੀ, ਇਸੇਲਈ ਸ਼ਾਇਦ ਉਨ੍ਹਾਂ ਨੂੰ ਗੁਰੂ ਅੰਗਦ ਬਾਰੇ ਉਹਨੀਂ ਦਿਨੀਂ ਪੂਰੀ ਵਾਕਫੀਅਤ ਨਹੀਂ ਸੀ ।
3. ਆਦਿ ਗ੍ਰੰਥ...........ਪੰਨਾ 990

ਗੁਰੂ ਅੰਗਦ ਦੇਵ ਨੂੰ ਬਿਨ ਬੁਲਾਏ ਪੇਕੇ-ਘਰ ਆਉਣ ਦਾ ਕਾਰਨ ਦੱਸਿਆ । ਭਾਈਚਾਰਕ-ਜੀਵਨ ਬਾਰੇ ਪਿਤਾ-ਪੁਰਖੀ-ਵਤੀਰਾ ਗੁਰੂ ਅੰਗਦ ਦੀ ਸਪੁੱਤਰੀ ਲਈ ਨਿਬਾਹੁਣਾ ਭੀ ਜ਼ਰੂਰੀ ਸੀ । ਗੁਰੂ ਅੰਗਦ ਨੇ ਜਦੋਂ ਸੁਣਿਆ, ਕਿ ਉਨ੍ਹਾਂ ਦੇ ਕੁੜਮ ਦਾ ਵੱਡਾ ਭਰਾਤਾ ਆਇਆ ਹੈ, ਉਹ ਗੁਰਗੱਦੀ ਤੋਂ ਉਠ ਕੇ ਗਲੇ ਮਿਲਣ ਲਈ ਅੱਗੇ ਵਧੇ, ਪਰ ਗੁਰੂ ਅਮਰਦਾਸ ਕੁੜਮਾਚਾਰੀ ਪਿੱਛੇ ਬਾਸਰਕੀ ਛੱਡ ਆਏ ਸਨ ਤੇ ਆਪਣੇ ਨਾਲ ਲਿਆਏ ਸਨ ਕੇਵਲ ਗੁਰੂ-ਪਿਆਰ ਲਈ ਬਿਹਬਲ ਇਕ ਗੁਰਸਿੱਖ ਦਾ ਹਿਰਦਾ । ਸੋ ਗੁਰੂ ਅਮਰਦਾਸ ਨੇ ਗਲੇ ਮਿਲਣ ਦੀ ਥਾਂ ਗੁਰੂ ਅੰਗਦ ਦੇ ਚਰਨਾਂ ਉਤੇ ਸਿਰ ਧਰ ਦਿੱਤਾ । ਬੱਸ ਫੇਰ ਕੀ ਸੀ, ਪਾਰਸ ਦੀ ਛੁਹ ਨਾਲ ਮਨੂਰ-ਰੂਪੀ ਮਨ ਕੰਚਨ ਹੋ ਗਿਆ, ਭਟਕਣ ਲੋਪ ਹੋ ਗਈ ਤੇ ਸਦਾ ਲਈ ਸਹਿਜ ਦਾ ਅਡੋਲ-ਘਰ ਮਿਲ ਗਿਆ ।

ਮਹਿਮਾ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੋਹਾਂ ਵਿੱਚ ਲਿਖਿਆ ਹੈ, ਕਿ ਗੁਰੂ ਅੰਗਦ ਨਾਲ ਪਹਿਲੀ ਮਿਲਣੀ ਸਮੇਂ ਜਦੋਂ ਗੁਰੂ ਅਮਰਦਾਸ ਪ੍ਰਸ਼ਾਦਿ ਛਕਣ ਲਈ ਗੁਰੂ ਕੇ ਲੰਗਰ ਵਿੱਚ ਗਏ, ਤਾਂ ਦਾਲ ਚਾਵਲ ਦੇ ਨਾਲ ਮਹਾਂ-ਪ੍ਰਸ਼ਾਦਿ(ਮਾਸ ਦਾ ਆਹਾਰ) ਭੀ ਸੰਗਤਾਂ ਨੂੰ ਪੰਗਤਾਂ ਵਿੱਚ ਵਰਤਾਇਆ ਜਾ ਰਿਹਾ ਸੀ। ਕਿਉਂਕਿ ਗੁਰੂ ਅਮਰਦਾਸ ਮਾਸਾਹਾਰੀ ਨਹੀਂ ਸਨ ਅਤੇ ਸਦਾ ਵੈਸ਼ਨੋ-ਭੋਜਨ ਛਕਦੇ ਸਨ, ਸੋ ਉਨ੍ਹਾਂ ਦੇ ਮਨ ਵਿੱਚ ਭਰਮ ਜਾਗਿਆ, ਕਿਤੇ ਲਾਂਗਰੀ ਬਾਕੀ ਸਿੱਖਾਂ ਵਾਂਗ ਸਾਡੇ ਅੱਗੇ ਭੀ ਮਾਸ ਨਾ ਲਿਆ ਧਰੇ । ਗੁਰੂ ਅੰਗਦ ਦੇਵ ਨੇ ਗੁਰੂ ਅਮਰਦਾਸ ਦੇ ਮਨ ਦੀ ਬੁੱਝ ਲਈ ਅਤੇ ਸੇਵਕ ਨੂੰ ਹੁਕਮ ਕੀਤਾ,"ਪੰਗਤ ਵਿੱਚ ਬੈਠੇ ਨਵੇਂ ਵਿਅਕਤੀ ਨੂੰ ਮਾਸ ਦਾ ਭੋਜਨ ਨਹੀਂ ਵਰਤਾਉਣਾ"। ਗੁਰਮਤਿ ਵਿੱਚ ਮਾਸ ਖਾਣਾ ਵਿਵਰਜਿਤ ਹੈ ਕਿ ਨਹੀਂ, ਇਸ ਬਾਰੇ ਵਿਸਥਾਰ ਵਿੱਚ ਜਾਣ ਦੀ ਲੋੜ ਨਹੀਂ। ਪਰ ਗੁਰੂ ਅੰਗਦ ਦੇਵ ਦੇ ਲੰਗਰ ਵਿੱਚ ਮਾਸ ਦਾ ਖੁੱਲ੍ਹੇ-ਹੱਥੀਂ ਵਰਤਾਏ ਜਾਣਾ ਜ਼ਰੂਰ ਸ਼ੰਕਾ ਉਤਪੰਨ ਕਰਦਾ ਹੈ, ਕਿਉਂਕਿ ਕਵੀ ਸੰਤੋਖ ਸਿੰਘ(ਕਰਤਾ ਗੁਰਪ੍ਰਤਾਪ ਸੂਰਜ ਗ੍ਰੰਥ) ਤੋਂ ਕਈ ਸਦੀਆਂ ਪਹਿਲਾਂ ਗੁਰੂ ਸਾਹਿਬਾਨ ਦੇ ਸਮਕਾਲੀ ਰਬਾਬੀਆਂ(ਸੱਤਾ ਤੇ ਬਲਵੰਡ)[2]ਨੇ ਗੁਰੂ ਅੰਗਦ ਦੇ ਲੰਗਰ ਦੀ ਉਪਮਾ ਕਰਦਿਆਂ "ਰਸੁ ਅੰਮ੍ਰਿਤੁ ਖੀਰਿ ਘਿਆਲੀ"(ਘਿਉ ਵਾਲੀ ਅੰਮ੍ਰਿਤਮਈ ਖੀਰ) ਦਾ ਜ਼ਿਕਰ ਤਾਂ ਕੀਤਾ ਹੈ, ਪਰ ਮਾਸ ਜਾਂ ਮਹਾਂ-ਪ੍ਰਸ਼ਾਦਿ ਦਾ ਸੰਕੇਤ ਕਿਤੇ ਨਹੀਂ ਮਿਲਦਾ । ਹੋ ਸਕਦਾ ਹੈ, ਗੁਰੂ ਅੰਗਦ ਦੇ ਲੰਗਰ ਵਿੱਚ(ਜੋ ਸਭ ਧਰਮਾਂ,ਵਰਣਾਂ ਤੇ ਜਾਤੀਆਂ ਦੇ ਲੋਕਾਂ ਦਾ ਸਾਂਝਾ-ਲੰਗਰ ਸੀ) ਮਾਸ ਦਾ ਮਸਾਲੇਦਾਰ ਵਰਣਨ ਕਰਨ ਵਾਲੇ ਇਤਿਹਾਸਕਾਰ ਆਪ ਮਾਸ ਦਾ ਸੇਵਨ ਕਰਦੇ ਹੋਣ ਅਤੇ ਉਨ੍ਹਾਂ ਪਾਸੋਂ ਇਹ ਗੱਲ ਸ਼ੋਰਬੇ ਦੇ ਸੁਆਦ ਵਿੱਚ ਚਟਖਾਰੇ ਲੈਂਦਿਆਂ ਲਿਖੀ ਗਈ ਹੋਵੇ । ਭਾਈ ਰਣਧੀਰ ਸਿੰਘ[3]ਨੇ "ਝਟਕਾ ਮਾਸ ਪ੍ਰਥਾਇ"ਵਿਚਾਰ ਕਰਦਿਆਂ

1.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 15
2.ਸੱਤਾ ਬਲਵੰਡ- ਵਾਰ ਰਾਮਕਲੀ,ਪਉੜੀ ਨੰ:3, ਪੰਨਾ 967(ਆਦਿ-ਗ੍ਰੰਥ)
3.ਭਾਈ ਰਣਧੀਰ ਸਿੰਘ- ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ(ਮੁਖਬੰਧ)

ਗਿਆਨੀ ਗਿਆਨ ਸਿੰਘ (ਕਰਤਾ ਤਵਾਰੀਖ ਗੁਰੂ ਖਾਲਸਾ) ਦੀ ਇਹੋ ਜਿਹੀ ਇਕ ਰੁਚੀ ਤੋਂ ਪਰਦਾ ਚੁੱਕਿਆ ਸੀ। ਕਿਉਂਕਿ ਗਿਆਨੀ ਜੀ ਆਪ ਅਫ਼ੀਮ ਦਾ ਸੇਵਨ ਕਰਦੇ ਸਨ, ਇਸਲਈ ਉਨ੍ਹਾਂ ਗੁਰੂ ਗੋਬਿੰਦ ਸਿੰਘ ਨੂੰ ਭੀ ਅਫ਼ੀਮ ਦਾ ਸੇਵਨ ਕਰਦਿਆਂ ਵਿਖਾ ਦਿੱਤਾ। ਭਾਈ ਰਣਧੀਰ ਸਿੰਘ ਦੇ ਕਥਨ ਅਨੁਸਾਰ ਗਿਆਨੀ ਗਿਆਨ ਸਿੰਘ ਨੂੰ ਆਪਣੀ ਗ਼ਲਤੀ ਮੰਨਣੀ ਪਈ ਸੀ । ਸੋ ਕੀ ਪਤਾ, ਗੁਰਪ੍ਰਤਾਪ ਸੂਰਜ ਗ੍ਰੰਥ ਦਾ ਕਰਤਾ ਭੀ ਮਹਾਂ-ਪ੍ਰਸ਼ਾਦਿ ਛਕਦਾ ਹੋਵੇ, ਕਿਉਂਕਿ ਸੰਬੰਧਤ ਗ੍ਰੰਥ ਗੁਰੂ ਗੋਬਿੰਦ ਸਿੰਘ ਅਤੇ ਬੰਦਾ ਬਹਾਦਰ ਦੇ ਮੁਗਲਾਂ ਨਾਲ ਹੋਏ ਯੁੱਧਾਂ ਤੋਂ ਕਾਫੀ ਸਮਾਂ ਪਿੱਛੋਂ ਲਿਖਿਆ ਗਿਆ। ਉਹਨੀਂ ਦਿਨੀਂ ਜੰਗੀ-ਸਪਿਰਟ ਦੇ ਪ੍ਰਭਾਵ ਹੇਠਾਂ ਬਕਰੇ ਝਟਕਾਏ ਜਾਂਦੇ ਸਨ ਅਤੇ ਸਿੰਘਾਂ ਵਿੱਚ ਮਹਾਂ-ਪ੍ਰਸ਼ਾਦਿ ਦਾ ਸੇਵਨ ਕਾਫੀ ਸੀ। ਸੋ ਆਪਣੇ ਸਮਕਾਲੀ-ਵਾਤਾਵਰਨ ਦੇ ਪ੍ਰਭਾਵ ਹੇਠਾਂ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਕਰਤਾ ਗੁਰੂ ਅੰਗਦ ਦੇ ਲੰਗਰ ਵਿੱਚ ਭੀ ਸਾਰੀ ਸੰਗਤ ਨੂੰ ਮਾਸ ਛਕਾਉਂਦਾ ਹੈ। ਗੁਰੂ ਅਮਰਦਾਸ ਦਾ ਲਿਹਾਜ਼ ਕੇਵਲ ਗੁਰੂ ਅੰਗਦ ਦੀ ਸਿਫ਼ਾਰਸ਼ ਉਤੇ ਕੀਤਾ ਗਿਆ । ਪਰ ਇਹ ਲਿਹਾਜ਼ਦਾਰੀ ਕੁਝ ਮਿੰਟਾਂ ਲਈ ਹੀ ਸੀ, ਕਿਉਂਕਿ ਉਸੇ ਘੜੀ ਪੰਗਤ ਵਿੱਚੋਂ ਉੱਠਣ ਤੋਂ ਪਹਿਲਾਂ ਹੀ(ਗੁਰਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਅਨੁਸਾਰ)[1] ਗੁਰੂ ਅਮਰਦਾਸ ਦੀ ਇੱਛਾ ਅਨੁਸਾਰ ਉਨ੍ਹਾਂ ਨੂੰ ਗੁਰੂ ਅੰਗਦ ਦੇ ਥਾਲ ਵਿੱਚੋਂ ਬਚਿਆ ਆਹਾਰ (ਸਮੇਤ ਮਹਾਂ-ਪ੍ਰਸ਼ਾਦਿ) ਸੀਤ-ਪ੍ਰਸ਼ਾਦਿ ਦੇ ਰੂਪ ਵਿੱਚ ਬਖਸ਼ਿਸ਼ ਕੀਤਾ ਗਿਆ, ਜਿਸਨੂੰ ਛਕ ਕੇ ਗੁਰੂ ਅਮਰਦਾਸ ਦੇ ਮਨ ਵਿੱਚੋਂ ਦੁਬਿਧਾ ਦੂਰ ਹੋ ਗਈ ।

ਉਸ ਦਿਨ ਤੋਂ ਉਪਰੰਤ ਗੁਰੂ ਅਮਰਦਾਸ ਗੁਰੂ ਅੰਗਦ ਦੀ ਸੇਵਾ ਵਿੱਚ ਖਡੂਰ-ਸਾਹਿਬ ਹੀ ਰਹਿਣ ਲੱਗ ਪਏ ।

## (ਖ) ਗੁਰੂ ਅਮਰਦਾਸ, ਗੁਰਸਿੱਖ ਦੇ ਰੂਪ ਵਿੱਚ

ਭੱਟਾਂ ਦੇ ਸਵਈਆਂ ਅਨੁਸਾਰ ਗੁਰੂ ਅਮਰਦਾਸ 71 ਵਰ੍ਹਿਆਂ ਦੀ ਉਮਰ ਵਿੱਚ ਗੁਰੂ ਅੰਗਦ ਦੀ ਸੇਵਾ ਵਿੱਚ ਆਏ:-

ਤੀਸ ਇਕੁ ਅਰੁ ਪੰਜਿ ਸਿਧੁ ਪੈਂਤੀਸ ਨ ਖੀਣਉ ।
(ਸਵਈਏ ਮਹਲੇ ਤੀਜੇ ਕੇ)[2]

ਪਰ ਮਹਿਮਾ ਪ੍ਰਕਾਸ਼[3] ਅਤੇ ਗੁਰਪ੍ਰਤਾਪ ਸੂਰਜ ਗ੍ਰੰਥ[4] ਆਦਿਕ ਲਿਖਤਾਂ ਅਨੁਸਾਰ ਗੁਰੂ ਅਮਰਦਾਸ 72 ਬਰਸ ਦੀ ਆਯੂ ਵਿੱਚ ਗੁਰੂ ਅੰਗਦ ਦੀ ਸ਼ਰਨ ਆਏ ਅਤੇ ਲਗਪਗ 12 ਸਾਲ ਉਨ੍ਹਾਂ ਗੁਰੂ-ਸੇਵਾ ਕੀਤੀ । ਇਨ੍ਹਾਂ ਗ੍ਰੰਥਾਂ ਅਨੁਸਾਰ ਹੀ ਗੁਰੂ ਅੰਗਦ ਕੇਵਲ 12 ਸਾਲ 6 ਮਹੀਨੇ ਅਤੇ 9 ਦਿਨ ਗੁਰਗੱਦੀ ਉਤੇ ਰਹੇ। ਇਸ

1. ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 16
2. ਭੱਟਾਂ ਦੇ ਸਵਈਏ, ਆਦਿ-ਗ੍ਰੰਥ, ਪੰਨਾ 1394
3. ਮਹਿਮਾ ਪ੍ਰਕਾਸ਼(ਸਾਰੇ ਪ੍ਰਮਾਣਿਕ ਨੁਸਖੇ)
4. ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 7

ਹਿਸਾਬ ਜਦੋਂ ਗੁਰੂ ਅਮਰਦਾਸ ਖਡੂਰ ਸਾਹਿਬ ਪਹੁੰਚੇ ਸਨ, ਗੁਰੂ ਅੰਗਦ ਦੇਵ ਨੂੰ ਗੁਰੂ ਨਾਨਕ ਦੀ ਗੱਦੀ ਉਤੇ ਬੈਠਿਆਂ ਅਜੇ ਬਹੁਤੇ ਦਿਨ ਨਹੀਂ ਸਨ ਹੋਏ । ਸੋ ਗੁਰੂ ਅੰਗਦ ਅਤੇ ਗੁਰੂ ਅਮਰਦਾਸ ਦੀ ਪਹਿਲੀ ਮਿਲਣੀ ਸੰਮਤ 1597 ਜਾਂ 1598 ਬਿਕ੍ਰਮੀ ਵਿੱਚ ਹੋਈ ਜਾਪਦੀ ਹੈ।

ਇਹ ਆਖਣਾ ਮੁਸ਼ਕਿਲ ਹੈ, ਕਿ ਗੁਰੂ ਅਮਰਦਾਸ ਨੇ ਭਗਤੀ-ਭਾਵ ਦੁਆਰਾ ਸ਼ਿਸ਼ੁ ਤੋਂ ਗੁਰੂ ਦੀ ਪਦਵੀ ਪ੍ਰਾਪਤ ਕੀਤੀ ਜਾਂ ਗੁਰ-ਸੇਵਾ ਦੁਆਰਾ । ਗੁਰਮਤਿ ਦੇ ਸਾਧਕ ਅਤੇ ਅਨੁਭਵੀ-ਮਹਾਂ-ਪੁਰਖ ਜਾਣਦੇ ਹਨ, ਕਿ ਭਗਤੀ-ਭਾਵ ਅਤੇ ਸੇਵਾ-ਭਾਵ ਇੱਕੋ ਸਾਗਰ ਦੀਆਂ ਦੋ ਲਹਿਰਾਂ ਹਨ । ਨਾ ਭਗਤੀ ਆਪਣੇ ਵੱਸ ਹੈ ਅਤੇ ਨਾ ਸੇਵਾ ।ਦੋਵੇਂ ਗੁਰੂ ਦੀ ਕ੍ਰਿਪਾ-ਦ੍ਰਿਸ਼ਟੀ ਦੁਆਰਾ ਪ੍ਰਾਪਤ ਹੁੰਦੀਆਂ ਹਨ। ਆਖਣ ਵਿੱਚ ਸਿੱਖ ਗੁਰੂ ਨੂੰ ਲੱਭਦਾ ਹੈ, ਪਰ ਹਕੀਕਤ ਇਹ ਹੈ, ਕਿ ਗੁਰੂ ਭੀ ਆਪਣੇ ਪੂਰਨ-ਸਿੱਖ ਨੂੰ ਭਾਲ ਰਿਹਾ ਹੁੰਦਾ ਹੈ । ਸਿੱਖ-ਇਤਿਹਾਸ ਗੁਆਹ ਹੈ, ਕਿ "ਭਾਈ ਲਹਿਣਾ" ਜਦੋਂ ਗੁਰੂ ਨਾਨਕ ਪਾਸ ਪਹੁੰਚਾ, ਗੁਰਦੇਵ ਨੂੰ ਕੁਝ ਦੇਣਾ ਪੈ ਗਿਆ । ਇਸੇਤਰ੍ਹਾਂ ਸ਼ਿਸ਼ੁ-ਰੂਪ ਵਿੱਚ, ਅਮਰਦਾਸ ਜੀ ਆਏ ਸਨ ਗੁਰੂ ਅੰਗਦ ਨੂੰ ਢੂੰਡਦੇ ਹੋਏ, ਪਰ ਗੁਰੂ ਅੰਗਦ ਦੀ ਮਿੱਠੀ-ਨਦਰਿ ਨੇ ਦੱਸ ਦਿੱਤਾ, ਕਿ ਉਹ ਭੀ ਆਪਣੇ ਪਰਮ-ਸ਼ਿਸ਼ੁ ਨੂੰ ਉਡੀਕ ਰਹੇ ਸਨ । ਗੁਰੂ ਤ੍ਰੈਕਾਲ-ਦਰਸ਼ੀ ਹੁੰਦਾ ਹੈ । ਉਹ ਭੂਤ, ਭਵਿੱਖਤ ਅਤੇ ਵਰਤਮਾਨ ਤਿੰਨਾਂ ਬਾਰੇ ਸਭ ਕੁਝ ਜਾਣਦਾ ਹੈ । ਪ੍ਰਸ਼ਨ ਉਠਦਾ ਹੈ, ਫੇਰ ਸਿੱਖ ਦੀ ਅਜ਼ਮਾਇਸ਼ ਕਿਉਂ ? ਭਾਈ ਲਹਿਣੇ ਦਾ ਇਮਤਿਹਾਨ ਕਿਉਂ ? ਅਮਰਦਾਸ ਕਿਤੇ "ਅਮਰੂ ਨਿਥਾਵਾਂ" ਅਤੇ ਕਿਤੇ "ਨਿਥਾਵਿਆਂ ਦਾ ਥਾਂਵ" ਕਿਉਂ? ਇਸ ਗੱਲ ਦਾ ਉਤਰ ਸਿੱਧਾ ਹੈ, ਕਿ ਉਪਰੋਂ ਗੁਰੂ ਸਿੱਖ ਦੀ ਅਜ਼ਮਾਇਸ਼ ਕਰਦਾ ਹੈ, ਪਰ ਅੰਦਰੋਂ ਉਹ ਉਸ ਸਮੇਂ ਸਿੱਖ ਨੂੰ ਆਪਣੀ ਸ਼ਕਤੀ ਪ੍ਰਦਾਨ ਕਰ ਰਿਹਾ ਹੁੰਦਾ ਹੈ। ਜਿਹੜਾ ਗੁਰੂ ਦੀ ਰਮਜ਼ ਨੂੰ ਸਮਝ ਕੇ ਅਜਰ ਨੂੰ ਜਰਦਾ ਹੈ, ਉਹ ਤਪ ਕੇ ਕੁੰਦਨ ਹੋ ਜਾਂਦਾ ਹੈ । ਜਦੋਂ ਸਿੱਖ "ਪੂਰਨ ਸਿੱਖ" ਬਣ ਜਾਵੇ, ਗੁਰੂ ਆਪਣਾ ਆਪ ਉਸਨੂੰ ਅਰਪਣ ਕਰਕੇ ਦੇਹ ਤੋਂ ਬਦੇਹ ਹੋ ਜਾਂਦਾ ਹੈ। ਗੁਰੂ ਅਮਰਦਾਸ ਉੱਤੇ ਭੀ ਗੁਰੂ ਅੰਗਦ ਦੀ ਬਖਸ਼ਿਸ਼ ਇਸੇਤਰ੍ਹਾਂ ਹੋਈ ।

ਬੇਸ਼ਕ ਗੁਰੂ ਅਮਰਦਾਸ ਲੰਗਰ ਦੀ ਸੇਵਾ ਤੋਂ ਛੁੱਟ ਹੋਰ ਭੀ ਕਈ ਪ੍ਰਕਾਰ ਦੀ ਸੇਵਾ ਕਰਦੇ ਸਨ, ਪਰ ਗੁਰੂ ਅੰਗਦ ਦੇਵ ਨੂੰ ਅੰਮ੍ਰਿਤ-ਵੇਲੇ ਇਸ਼ਨਾਨ ਕਰਵਾਉਣ ਲਈ ਪਾਣੀ ਢੋਣ ਦੀ ਸੇਵਾ ਨੂੰ ਉਨ੍ਹਾਂ ਆਪਣਾ ਪਰਮ-ਧਰਮ ਬਣਾ ਲਿਆ । ਵਗਦੇ-ਪਾਣੀ ਨਾਲ ਗੁਰੂ ਅਮਰਦਾਸ ਦੀ ਪ੍ਰੀਤ ਗੰਗਾ-ਯਾਤ੍ਰਾ ਅਤੇ ਉਸਤੋਂ ਭੀ ਪਹਿਲਾਂ ਲੋਕ-ਭਲਾਈ ਲਈ ਖੂਹ ਲਗਵਾਉਣ ਜਾਂ ਤਾਲ ਪੁਟਵਾਉਣ ਤੋਂ ਭੀ ਪਰਗਟ ਹੁੰਦੀ ਹੈ । ਸੋ ਬਿਰਧ-ਅਵੱਸਥਾ ਵਿੱਚ ਭੀ ਉਨ੍ਹਾਂ ਜੁਆਨਾਂ ਵਾਲੀ ਸੇਵਾ ਨੂੰ ਹੀ ਹੱਥ ਪਾਇਆ । ਮੀਂਹ ਜਾਏ, ਹਨੇਰੀ ਜਾਏ, ਉਹ ਅੰਮ੍ਰਿਤ ਵੇਲੇ ਉਠ ਕੇ ਘੜਾ ਚੁੱਕ ਲੈਂਦੇ ਅਤੇ ਗੁਰੂ ਅੰਗਦ ਦੇ ਜਾਗਣ ਤੋਂ ਪਹਿਲਾਂ "ਗੁਰੂ ਕੇ ਖੂਹ"[1] ਤੋਂ ਪਾਣੀ ਭਰ ਲਿਆਉਂਦੇ । ਕਈ ਆਧੁਨਿਕ ਲਿਖਾਰੀਆਂ[2] ਅਨੁਸਾਰ

---

1. Jodh Singh- Life of Sri Guru Amar Dass,1953,P.20
2. M.L.Peace- Shri Guru Amar Dass,1960,P.21

ਉਹ ਪਾਣੀ ਬਿਆਸਾ ਨਦੀ ਤੋਂ ਲਿਆਉਂਦੇ ਸਨ(ਜੋ ਖਡੂਰ ਸਾਹਿਬ ਤੋਂ 8/10 ਕਿਲੋਮੀਟਰ ਦੂਰ ਹੈ), ਪਰ ਪ੍ਰਾਚੀਨ ਗ੍ਰੰਥਾਂ ਵਿੱਚ ਐਸਾ ਪ੍ਰਮਾਣ ਨਹੀਂ ਮਿਲਦਾ । ਖੈਰ, ਜੇਕਰ ਉਹ ਬਿਆਸਾ ਨਦੀ ਦੀ ਥਾਂ ਕਿਸੇ ਖੂਹ ਤੋਂ ਭੀ ਪਾਣੀ ਲਿਆਉਂਦੇ ਹੋਣ, ਤਾਂ ਭੀ ਉਨ੍ਹਾਂ ਦੀ ਲਗਨ ਅਤੇ ਦ੍ਰਿੜ੍ਹਤਾ ਬੇਮਿਸਾਲ ਹੈ । ਬਿਰਧ-ਅਵੱਸਥਾ ਵਿੱਚ "ਅਲਪ ਅਹਾਰ" ਅਤੇ "ਸੁਲਪ ਸੀ ਨਿੰਦ੍ਰਾ" ਉਤੇ ਰਹਿਣਾ ਅਰਥਾਤ ਓਗਰਾ (ਪਤਲੀ ਜਿਹੀ ਖਿਚੜੀ) ਖਾਣਾ ਅਤੇ ਮਸਾਂ ਦੋ ਤਿੰਨ ਘੰਟੇ ਸੌਣਾ, ਬੇਸ਼ਕ ਇਤਨੀ ਵੱਡੀ ਗੱਲ ਨਾ ਜਾਪੇ, ਪਰ ਕਾਲੀ ਤੇ ਬੋਲੀ ਰਾਤ ਵਿੱਚ ਜਦੋਂ ਚਾਰੇ ਪਾਸੇ ਮੌਤ ਵਰਗੀ ਚੁੱਪ ਹੋਵੇ, ਸਿਰ ਉਤੇ ਘੜਾ ਚੁੱਕੀ ਡਗਮਗਾਉਂਦੇ ਕਦਮਾਂ ਨਾਲ ਬੁਢੇਪੇ ਦਾ ਖਿੜੇ-ਮੱਥੇ ਤੁਰੇ ਜਾਣਾ ਨਿਸ਼ਕਾਮ-ਸੇਵਾ ਦੇ ਇਤਿਹਾਸ ਵਿੱਚ ਸਦਾ ਚਮਕਦਾ ਰਹੇਗਾ । ਸ਼ਾਇਦ "ਭਗਤਾਂ ਦੀ ਨਿਰਾਲੀ ਚਾਲ" ਦਾ ਵਰਣਨ ਕਰਨ ਸਮੇਂ ਗੁਰੂ ਅਮਰਦਾਸ ਦੀ ਆਪਣੀ ਸਹਜ-ਸਾਧਨਾ ਹੇਠ ਲਿਖੀਆਂ ਤੁਕਾਂ ਰਾਹੀਂ ਬੋਲ ਰਹੀ ਹੈ:-

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ।
(ਰਾਮਕਲੀ ਅਨੰਦੁ)[1]

ਗੁਰੂ ਅਮਰਦਾਸ ਦੀ ਕਠਨ-ਘਾਲਣਾ ਅਤੇ ਲੰਮੀ ਗੁਰੂ-ਸੇਵਾ ਦੇ ਸਮੇਂ ਨਾਲ ਸੰਬੰਧਤ ਕਈ ਸਾਖੀਆਂ ਪ੍ਰਚਲਤ ਹਨ । ਜਿੱਥੇ ਕਈ ਸਾਖੀਆਂ ਗੁਰਦੇਵ ਦੀ ਸ਼ਖ਼ਸੀਅਤ ਨੂੰ ਸਮਝਣ ਵਿੱਚ ਸਹਾਇਤਾ ਕਰਦੀਆਂ ਹਨ, ਉਥੇ ਕੁਝ ਇਕ ਸਾਖੀਆਂ ਜਜ਼ਬਾਤੀ-ਕਵੀਆਂ ਦੀ ਨਾਜ਼ੁਕ-ਖਿਆਲੀ ਤੋਂ ਵੱਧ ਹੈਸੀਅਤ ਨਹੀਂ ਰਖਦੀਆਂ । ਭਾਈ ਵੀਰ ਸਿੰਘ[2] ਨੇ ਭੀ ਮੰਨਿਆ ਹੈ, ਕਿ ਅਜਿਹੀਆਂ ਸਾਖੀਆਂ ਗੁਰੂ-ਘਰ ਦੇ ਨਿੰਦਕਾਂ ਨੇ ਘੜੀਆਂ ਅਤੇ ਸ਼ਰਧਾਲੂ-ਕਵੀਆਂ ਨੇ ਉਨ੍ਹਾਂ ਨੂੰ ਨਵੇਂ-ਅਰਥ ਦੇਣ ਦਾ ਜਤਨ ਕੀਤਾ ਹੈ । ਉਦਾਹਰਨ ਵਜੋਂ:-

(1) ਗੁਰਪ੍ਰਤਾਪ ਸੂਰਜ ਗ੍ਰੰਥ[3] ਅਨੁਸਾਰ ਗੁਰੂ ਅੰਗਦ ਦੇ ਪੈਰ ਉਤੇ ਇਕ ਜ਼ਖ਼ਮ ਸੀ, ਜੋ ਕਈ ਵਾਰ ਇਤਨਾ ਦੁੱਖ ਦਿੰਦਾ ਸੀ, ਕਿ ਉਹ ਰਾਤ ਨੂੰ ਸੌਂ ਨਹੀਂ ਸਨ ਸਕਦੇ । ਜਦੋਂ ਇਕ ਰਾਤ ਗੁਰੂ ਅਮਰਦਾਸ ਨੇ ਮਲਕੜੇ ਜਿਹੇ ਗੁਰਦੇਵ ਦੇ ਜ਼ਖ਼ਮ ਦਾ ਜ਼ਹਿਰ ਚੂਸ ਕੇ ਗੁਰਦੇਵ ਨੂੰ ਹੈਰਾਨ ਕਰ ਦਿੱਤਾ, ਤਾਂ ਗੁਰੂ ਅੰਗਦ ਦੇਵ ਖ਼ੁਸ਼ ਹੋਣ ਦੀ ਥਾਂ ਸਗੋਂ ਨਾਰਾਜ਼ ਹੋਏ, ਕਿਉਂਕਿ ਸੰਬੰਧਤ ਜ਼ਖ਼ਮ ਗੁਰੂ ਅੰਗਦ ਦੇ ਆਪਣੇ ਸਰਾਪ ਦਾ ਫਲ ਸੀ, ਜੋ ਉਨ੍ਹਾਂ ਗੁਰੂ ਨਾਨਕ ਦੇ ਮੱਥਾ ਟੇਕਣ ਸਮੇਂ(ਗੁਰਗੱਦੀ ਬਖ਼ਸ਼ਣ ਵੇਲੇ ) ਆਪਣੇ ਪੈਰਾਂ ਨੂੰ ਦਿੱਤਾ ਸੀ ।

(2) ਮਹਿਮਾ ਪ੍ਰਕਾਸ਼[4] ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੋਹਾਂ ਵਿੱਚ ਇਕ ਹੋਰ ਗੁਰਮਤਿ-ਵਿਰੋਧੀ ਵਾਰਤਾ ਅਨੁਸਾਰ ਸੰਬੰਧਤ ਸਾਖੀਕਾਰਾਂ ਨੇ ਗੁਰੂ ਅਮਰਦਾਸ ਨੂੰ ਸਰੀਰਕ ਸਫ਼ਾਈ ਵਲੋਂ ਲਾਪਰਵਾਹੀ ਕਰਦਿਆਂ ਵਿਖਾਇਆ ਹੈ । ਵਿਦਵਾਨ ਗ੍ਰੰਥਕਾਰ ਲਿਖਦੇ ਹਨ, ਕਿ ਗੁਰੂ ਅਮਰਦਾਸ ਨੂੰ ਗੁਰੂ-ਘਰ ਦੀ ਸੇਵਾ ਦੇ ਫਲ-ਸਰੂਪ ਗੁਰੂ ਅੰਗਦ ਪਾਸੋਂ ਹਰ ਸਾਲ ਡੇਢ ਗਜ਼ ਦਾ ਇਕ ਰੁਮਾਲ ਮਿਲਦਾ ਸੀ ਤੇ ਸੰਬੰਧਤ

---

1.ਆਦਿ ਗ੍ਰੰਥ..............ਪੰਨਾ 918
2.ਭਾਈ ਵੀਰ ਸਿੰਘ(ਫੁਟ-ਨੋਟ)-ਗੁਰਪ੍ਰਤਾਪ ਸੂਰਜ ਗ੍ਰੰਥ(ਸੰਪਾਦਿਤ),ਜਿਲਦ 5,1954,ਪੰਨੇ 1380-1383
3.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 16
4.ਮਹਿਮਾ ਪ੍ਰਕਾਸ਼ ਵਿੱਚ ਇਹ ਭੀ ਲਿਖਿਆ ਹੈ, ਕਿ ਗੁਰੂ ਅਮਰਦਾਸ ਬਾਰ੍ਹਾਂ ਸਾਲ ਉਹੀ ਬਸਤ੍ਰ ਵਰਤਦੇ ਰਹੇ, ਜਿਹੜੇ ਪਹਿਨ ਕੇ ਉਹ ਗੁਰੂ ਅੰਗਦ ਦੀ ਸੇਵਾ ਵਿੱਚ ਆਏ ਸਨ ।ਵਿਸਥਾਰ ਲਈ ਵੇਖੋ ਭਾਈ ਵੀਰ ਸਿੰਘ ਦਾ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਉਪਰ ਸੰਕੇਤ ਕੀਤਾ ਫੁਟ-ਨੋਟ ।

ਰੁਮਾਲ ਗੁਰਦੇਵ ਸਦਾ ਸਿਰ ਉਤੇ ਲੁਪੇਟੀ ਰਖਦੇ ਸਨ । ਇਸਤਰ੍ਹਾਂ ਗਿਆਰਾਂ ਸਾਲਾਂ ਵਿੱਚ ਇਕ ਇਕ ਕਰਕੇ ਗੁਰੂ ਅਮਰਦਾਸ ਦੇ ਸਿਰ ਉਤੇ ਗਿਆਰਾਂ ਰੁਮਾਲ ਬੱਝ ਗਏ, ਪਰ ਸਫ਼ਾਈ ਵਲੋਂ ਲਾ-ਪਰਵਾਹੀ ਕਾਰਨ ਉਨ੍ਹਾਂ ਰੁਮਾਲਾਂ ਵਿੱਚ ਕਿਰਮ ਚੱਲਣ ਲੱਗ ਪਏ । ਵਿਦਵਾਨ ਗ੍ਰੰਥਕਾਰਾਂ ਨੇ ਭੋਲੇਪਣ ਵਿੱਚ ਇੱਥੋਂ ਤਕ ਲਿਖ ਦਿੱਤਾ ਹੈ, ਕਿ ਗੁਰਦੇਵ ਦੇ ਕੇਸਾਂ ਵਿੱਚ ਭੀ ਕਿਰਮ ਚਲਦੇ ਸਨ, ਪਰ ਉਹ ਕੋਈ ਉਪਾਓ ਨਹੀਂ ਸਨ ਕਰਦੇ । ਕੀ ਉਪਰੋਕਤ ਸਤਰਾਂ ਲਿਖਣ ਵਾਲੇ ਸਾਖੀਕਾਰ ਗੁਰੂ ਅਮਰਦਾਸ ਦਾ ਸਤਿਕਾਰ ਕਰਨ ਦੇ ਉਹਲੇ ਅਨਾਦਰ ਕਰਨ ਦੇ ਜ਼ਿੰਮੇਵਾਰ ਨਹੀਂ ? ਜੇਕਰ ਗੁਰੂ ਅਮਰਦਾਸ ਦੀ ਬਾਣੀ ਦਾ ਅਧਿਅਨ ਕੀਤਾ ਜਾਵੇ, ਤਾਂ ਦੇਹੀ ਜਾਂ ਸਰੀਰ ਦੀ ਸੰਭਾਲ ਬਾਰੇ ਗੁਰਦੇਵ ਦੀਆਂ ਅਨੇਕਾਂ ਤੁਕਾਂ ਮਿਲਦੀਆਂ ਹਨ । ਮਨ ਦੀ ਨਿਰਮਲਤਾ ਦੇ ਨਾਲ ਨਾਲ ਤਨ ਦੀ ਨਿਰਮਲਤਾ ਨੂੰ ਭੀ ਪੂਰਾ ਮਹੱਤਵ ਦਿੱਤਾ ਗਿਆ ਹੈ, ਜਿਵੇਂ:-

(ੳ) ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ।
(ਮਾਝ ਮ:3)[1]

(ਅ) ਜੀਅਹੁ ਨਿਰਮਲ ਬਾਹਰਹੁ ਨਿਰਮਲ ।
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ।
(ਰਾਮਕਲੀ ਅਨੰਦੁ )[2]

ਫੇਰ ਬਿਰਧ-ਅਵੱਸਥਾ ਵਿੱਚ ਗੁਰਦੇਵ ਦਾ ਅੰਮ੍ਰਿਤ-ਵੇਲੇ ਉਠਣਾ ਅਤੇ ਸਾਰਾ ਦਿਨ ਸੇਵਾ ਵਿੱਚ ਜੁੱਟੇ ਰਹਿਣਾ, ਨਾ ਅੱਕਣਾ ਤੇ ਨਾ ਥੱਕਣਾ, ਇਹ ਸਭ ਗੱਲਾਂ ਨਰੋਏ-ਮਨ, ਨਰੋਏ-ਤਨ ਅਤੇ ਨਰੋਈਆਂ-ਆਦਤਾਂ ਦੀਆਂ ਲਖਾਇਕ ਹਨ। ਹੈਰਾਨੀ ਦੀ ਗੱਲ ਹੈ, ਕਿ ਗੁਰਦੇਵ ਦੀ ਸਰੀਰਕ-ਸਫ਼ਾਈ ਬਾਰੇ ਆਲੋਚਨਾ ਕਰਨ ਵਾਲੇ ਇਤਿਹਾਸਕਾਰ ਆਪ ਹੀ ਕਿਸੇ ਹੋਰ ਥਾਈਂ ਆਪਣੇ ਕਥਨ ਦਾ ਵਿਰੋਧ ਕਰਦੇ ਭਾਸਦੇ ਹਨ । ਮਹਿਮਾ ਪ੍ਰਕਾਸ਼ ਵਿੱਚ ਇਕ ਸਾਖੀ ਗੁਰੂ ਅਮਰਦਾਸ ਦੇ "ਨਿਤਾਕਰਮ" ਬਾਰੇ ਹੈ ਅਤੇ ਇਕ ਸਾਖੀ ਗੁਰਦੇਵ ਵਲੋਂ "ਸਿੱਖੀ-ਰਹਿਣੀ" ਦਾ ਉਪਦੇਸ਼ ਭੀ ਕਰਦੀ ਹੈ। ਦੋਹਾਂ ਸਾਖੀਆਂ ਵਿੱਚ ਅੰਮ੍ਰਿਤ-ਵੇਲੇ ਉਠ ਕੇ ਇਸ਼ਨਾਨ ਕਰਨ ਦਾ ਮਹੱਤਵ ਦਰਸਾਇਆ ਗਿਆ ਹੈ, ਜਿਵੇਂ:-

(ੳ) ਜਬ ਪਹਰ ਰਾਤ ਰਹੇ ਅੰਮ੍ਰਿਤ ਵੇਲਾ ।
ਗੁਰ ਕਰੇ ਬਿਵਸਥਾ ਜਾਗਤ ਵੇਲਾ ।
ਆਗਿਆ ਲੈ ਬਲੂ ਜਲ ਲਿਆਵੈ ।
ਸਤਿਗੁਰ ਜੀ ਇਸਨਾਨੁ ਕਰਾਵੈ ।
(ਮਹਿਮਾ ਪ੍ਰਕਾਸ਼)[3]

(ਅ) ਪਹਰ ਰਾਤ ਪਿਛਲੀ ਜਬ ਰਹੈ ।
ਕਰ ਇਸਨਾਨ ਇਕੰਤ੍ਰ ਹੋਇ ਬਹੈ ।
(ਮਹਿਮਾ ਪ੍ਰਕਾਸ਼)[4]

---
1. ਆਦਿ ਗ੍ਰੰਥ............ਪੰਨਾ 121
2. ਆਦਿ ਗ੍ਰੰਥ............ਪੰਨਾ 919
3. ਮਹਿਮਾ ਪ੍ਰਕਾਸ਼(ਹੱਥਲਿਖਤ), ਭਾਈ ਵੀਰ ਸਿੰਘ ਪੁਸਤਕਾਲਯ(ਡੇਰ੍ਹਾਦੂਨ), ਪੰਨਾ 170
4. ਉਹੀ..................ਪੰਨਾ 208

ਇਸੇਤਰ੍ਹਾਂ ਗੁਰਪ੍ਰਤਾਪ ਸੂਰਜ ਗ੍ਰੰਥ[1]ਦਾ ਕਰਤਾ ਭੀ ਗੁਰੂ ਅਮਰਦਾਸ ਦੇ "ਨਿਤ ਬਿਵਹਾਰ" ਦਾ ਵਰਣਨ ਕਰਦਾ ਹੋਇਆ ਰੋਜ਼ਾਨਾ ਕੇਸੀ-ਇਸ਼ਨਾਨ ਕਰਨ ਬਾਰੇ ਲਿਖਦਾ ਹੈ:-

(ੳ) ਬਲ੍ਹੂ ਆਗਯਾ ਲੇਹਿ ਤਬ ਜਲੁ ਕੋ ਉਠਿ ਜਾਵੈ ।
ਸਲਿਤਾ ਤੇ ਭਰ ਕਲਸ ਕੋ ਮੱਜਨ ਕਰਿਵਾਵੈ ।
ਕੇਸਨਿ ਮਹਿ ਨਿਤਿ ਦਧੀ ਸੋਂ ਗੁਰ ਕਰਹਿ ਸਕਾਰੇ ।
ਪਰਮ ਬ੍ਰਿੱਧ ਬਹੁ ਸੇਤ ਕਚ ਕਰਸ਼ਮਸ਼ ਪਖਾਰੇ ।
(ਗੁਰਪ੍ਰਤਾਪ ਸੂਰਜ ਗ੍ਰੰਥ)[1]

ਉਪਰੋਕਤ ਤੁਕਾਂ ਨੂੰ ਪੜ੍ਹ ਕੇ ਹੁਣ ਕੋਈ ਸ਼ੰਕਾ ਨਹੀਂ ਰਹਿ ਜਾਂਦਾ, ਕਿ ਗੁਰੂ ਅਮਰਦਾਸ ਨੇ ਸਰੀਰਕ-ਸਫ਼ਾਈ ਵਲੋਂ ਕਦੇ ਲਾ-ਪਰਵਾਹੀ ਨਹੀਂ ਸੀ ਕੀਤੀ, ਸਗੋਂ ਉਨ੍ਹਾਂ ਦੀ ਲੰਮੀ ਉਮਰ ਅਤੇ ਅਰੋਗ-ਸਿਹਤ ਦੇ ਭੇਤਾਂ ਵਿੱਚੋਂ ਇਕ ਰਾਜ਼ ਇਹ ਭੀ ਸੀ, ਕਿ ਉਹ ਰੋਜ਼ਾਨਾ ਕੇਸੀ-ਇਸ਼ਨਾਨ ਕਰਦੇ ਅਤੇ ਤਨ ਤੇ ਮਨ ਦੋਹਾਂ ਨੂੰ ਨਿਰਮਲ ਰਖਦੇ ਸਨ ।

ਗੁਰੂ ਅੰਗਦ ਦੇਵ ਦੇ ਪਰਮ-ਸੇਵਕ ਦੇ ਰੂਪ ਵਿੱਚ ਗੁਰੂ ਅਮਰਦਾਸ ਨੇ ਕਈ ਕੌਤਕ ਕੀਤੇ । ਇੱਥੇ ਕੇਵਲ ਉਨ੍ਹਾਂ ਦੋ ਚਮਤਕਾਰਾਂ ਦਾ ਵਿਸਥਾਰ ਕੀਤਾ ਜਾਵੇਗਾ, ਜਿਨ੍ਹਾਂ ਦੁਆਰਾ ਗੁਰੂ ਅਮਰਦਾਸ ਦੀ ਸ਼ਖ਼ਸੀਅਤ ਪਰਮ-ਸਿੱਖ ਤੋਂ ਪਰਮ-ਗੁਰੂ ਵਿੱਚ ਢਲਦੀ ਵਿਖਾਈ ਦਿੰਦੀ ਹੈ ।

ਪਹਿਲਾ ਚਮਤਕਾਰ ਖਡੂਰ ਸਾਹਿਬ ਦੇ ਇਕ ਜੋਗੀ ਬਾਰੇ ਹੈ, ਜਿਸਨੂੰ ਮਹਿਮਾ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਆਦਿਕ ਲਿਖਤਾਂ ਵਿੱਚ "ਤਪੇ" ਦਾ ਨਾਮ ਦਿੱਤਾ ਗਿਆ ਹੈ । ਇਹ ਗੱਲ ਸਾਰੇ ਜਾਣਦੇ ਹਨ, ਕਿ ਗੁਰੂ ਨਾਨਕ ਤੋਂ ਪਹਿਲਾਂ ਪੰਜਾਬ ਦੀ ਧਰਤੀ ਉਤੇ ਨਾਥ-ਪੰਥੀ ਜੋਗੀਆਂ ਅਤੇ ਮੰਤਰਾਂ ਜੰਤਰਾਂ ਦੁਆਰਾ ਸ਼ਕਤੀ ਦਾ ਵਿਖਾਵਾ ਕਰਨ ਵਾਲੇ ਸਾਕਤਾਂ ਦਾ ਬੋਲ-ਬਾਲਾ ਸੀ । ਗੁਰੂ ਨਾਨਕ ਨੇ ਸਾਰੀ ਉਮਰ ਰਿਧੀਆਂ ਸਿਧੀਆਂ ਵਿੱਚ ਉਲਝੇ ਭਾਰਤਵਾਸੀਆਂ ਨੂੰ ਨਿਰਵਿਕਲਪ-ਭਗਤੀ ਅਤੇ ਨਿਸ਼ਕਾਮ-ਸੇਵਾ ਦਾ ਉਪਦੇਸ਼ ਕੀਤਾ । ਉਨ੍ਹਾਂ ਰੱਬੀ-ਹੁਕਮ ਨੂੰ ਰਿਧੀਆਂ ਸਿਧੀਆਂ ਦੁਆਰਾ ਉਲਟਾਉਣ ਦੀ ਥਾਂ ਹੁਕਮ ਨੂੰ ਸਮਝਣ ਅਤੇ ਰਜ਼ਾ ਵਿੱਚ ਚੱਲਣ ਦਾ ਪਰਚਾਰ ਕੀਤਾ । ਗੁਰੂ ਅੰਗਦ ਦੇਵ ਭੀ ਗੁਰੂ ਨਾਨਕ ਦੇ ਹੁਕਮ ਅਨੁਸਾਰ ਜਦੋਂ ਖਡੂਰ ਵਿੱਚ ਆ ਕੇ ਰਹਿਣ ਲੱਗ ਪਏ, ਉਨ੍ਹਾਂ ਗੁਰਮਤਿ ਦੇ ਸਹਜ-ਮਾਰਗ ਦਾ ਪਰਚਾਰ ਆਰੰਭ ਦਿੱਤਾ । ਗੁਰਮਤਿ ਦੀ ਰਹੁ-ਰੀਤ ਸੌਖੀ ਅਤੇ ਸਰਲ ਹੋਣ ਕਰਕੇ ਪੰਜਾਬ ਦੇ ਕਿਸਾਨ ਤੇ ਜ਼ਿਮੀਂਦਾਰ ਜੋਗੀਆਂ ਦੇ ਜਾਲ ਵਿੱਚੋਂ ਨਿਕਲਣ ਲੱਗ ਪਏ । ਕਿਉਂਕਿ ਖਡੂਰ ਦੇ ਜੋਗੀ ਜਾਂ ਤਪੇ ਨੂੰ ਭੀ ਹੁਣ ਆਪਣੇ ਪਾਖੰਡ ਦੀ ਦੁਕਾਨਦਾਰੀ(ਭੋਲੇ-ਭਾਲੇ ਲੋਕਾਂ ਦਾ ਉਹ ਭੀ ਗੁਰੂ ਬਣੀ ਬੈਠਾ ਸੀ) ਬੰਦ ਹੁੰਦੀ ਨਜ਼ਰ ਆ ਰਹੀ ਸੀ, ਸੋ ਉਸ ਨੇ ਗੁਰੂ ਅੰਗਦ ਦੇਵ ਨੂੰ ਪਿੰਡ ਵਿੱਚੋਂ ਬਾਹਰ ਕਢਵਾਉਣ ਲਈ ਕੂਟਲ-ਨੀਤੀ ਤੋਂ ਕੰਮ ਲਿਆ । ਦੇਵਨੇਤ ਨਾਲ ਉਸ ਸਾਲ ਪੰਜਾਬ ਦੀ ਧਰਤੀ ਉਤੇ ਵਰਖਾ ਨਾ ਹੋਈ । ਸਾਵਣ ਸੁੱਕਾ ਲੰਘ ਗਿਆ ਅਤੇ ਭਾਦਰੋਂ ਭੀ ਬੀਤਣ ਉਤੇ ਆਇਆ ਸੀ । ਜ਼ਿਮੀਂਦਾਰਾਂ ਤੇ ਕਿਸਾਨਾਂ ਦਾ

1.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 30

ਚਿੰਤਾਤੁਰ ਹੋਣਾ ਸੁਭਾਵਕ ਸੀ । ਜਾਪਦਾ ਹੈ, ਕਿ ਗੁਰੂ ਅੰਗਦ ਦੇਵ ਉਹਨੀਂ ਦਿਨੀਂ ਖਡੂਰ ਵਿੱਚ ਨਵੇਂ ਨਵੇਂ ਹੀ ਆਏ ਸਨ। ਦੂਜੇ ਗੁਰੂ ਨਾਨਕ ਵਾਂਗ "ਹੁਕਮਿ ਰਜਾਈ ਚੱਲਣਾ" ਦਾ ਉਪਦੇਸ਼ ਭੀ ਉਹ ਜ਼ਰੂਰ ਕਰਦੇ ਹੋਣਗੇ। ਸੋ ਪਿੰਡ ਦੇ ਮੁਖੀ ਇਕੱਠੇ ਹੋ ਕੇ ਹੁਕਮਿ ਰਜਾਈ ਚੱਲਣ ਵਾਲੇ ਗੁਰੂ ਦੀ ਥਾਂ ਕਰਾਮਾਤਾਂ ਦੇ ਪੂਜਕ ਜੋਗੀ ਪਾਸ ਪਹੁੰਚੇ ਅਤੇ ਵਰਖਾ ਪਾਉਣ ਲਈ ਬਿਨੈ ਕੀਤੀ । ਜੋਗੀ ਨੇ ਅਜਿਹੇ ਮੌਕੇ ਨੂੰ ਗ਼ਨੀਮਤ ਸਮਝ ਕੇ ਪਿੰਡ ਦੇ ਮੁਖੀਆਂ ਨੂੰ ਗੁਰਦੇਵ ਦੇ ਵਿਰੁਧ ਭੜਕਾ ਦਿੱਤਾ ਅਤੇ ਨਾਲ ਹੀ ਡਰਾਵਾ ਦਿੱਤਾ,"ਤੁਸਾਂ ਇਕ ਗ੍ਰਿਹਸਥੀ ਨੂੰ (ਭਾਵ ਗੁਰੂ ਅੰਗਦ) ਆਪਣਾ ਗੁਰੂ ਮੰਨ ਕੇ ਸ਼ਾਸਤਰ ਵਿਰੁਧ ਕਰਮ ਕੀਤਾ ਹੈ ਅਤੇ ਉਤਨਾ ਚਿਰ ਵਰਖਾ ਨਹੀਂ ਹੋ ਸਕਦੀ, ਜਦੋਂ ਤਕ **ਤੁਸੀਂ** ਗ੍ਰਿਹਸਥੀ-ਗੁਰੂ ਨੂੰ ਪਿੰਡੋਂ ਬਾਹਰ ਕੱਢ ਕੇ ਮੇਰੇ ਪਾਸ ਨਹੀਂ ਆਉਂਦੇ ।" ਭਾਦਰੋਂ ਦੀ ਤਿੱਖੀ-ਧੁੱਪ ਨੇ ਜ਼ਿਮੀਂਦਾਰਾਂ ਦਾ ਮਨ ਤਪਾ ਛੱਡਿਆ ਸੀ, ਉਤੋਂ ਪਾਖੰਡੀ-ਤਪੇ ਨੇ ਬਲਦੀ ਉਤੇ ਤੇਲ ਪਾ ਦਿੱਤਾ । ਸੋ ਉਨ੍ਹਾਂ ਮੂਰਖਤਾ ਵਿੱਚ ਮੂੰਹ ਪਾੜ ਕੇ ਗੁਰੂ ਅੰਗਦ ਦੇਵ ਨੂੰ ਆਖ ਦਿੱਤਾ,"ਜੋਗੀ ਆਖਦੈ, ਜਿੰਨਾ ਚਿਰ ਤੁਸੀਂ ਇੱਥੋਂ ਨਹੀਂ ਜਾਂਦੇ, ਪਿੰਡ ਵਿੱਚ ਮੀਂਹ ਨਹੀਂ ਪਵੇਗਾ ।" ਗੁਰੂ ਅੰਗਦ ਨੇ ਭੂਤਰੇ ਹੋਏ ਲੋਕਾਂ ਨੂੰ ਸਮਝਾਉਣਾ ਬੁਝਾਉਣਾ ਯੋਗ ਨਾ ਸਮਝਿਆ ਅਤੇ ਇਸਤੋਂ ਪਹਿਲਾਂ ਕਿ ਪਿੰਡ ਵਾਲੇ ਕੁਝ ਹੋਰ ਆਖਦੇ, ਗੁਰੂ ਅੰਗਦ ਇਤਨਾ ਆਖ ਕੇ ਪਿੰਡੋਂ ਬਾਹਰ ਨਿਕਲ ਤੁਰੇ,"ਜੇਕਰ ਮੇਰੇ ਇੱਥੋਂ ਚਲੇ ਜਾਣ ਨਾਲ ਪਿੰਡ ਵਿੱਚ ਮੀਂਹ ਪੈ ਸਕਦਾ ਹੈ, ਤਾਂ ਮੈਨੂੰ ਕੀ ਉਜ਼ਰ ਹੋ ਸਕਦਾ ਹੈ?" ਆਖਿਆ ਜਾਂਦਾ ਹੈ, ਕਿ ਗੁਰਦੇਵ ਖਡੂਰੋਂ ਨਿਕਲ ਕੇ ਇਕ ਬੇਹ ਵਲ ਹੋ ਤੁਰੇ ਅਤੇ "ਕੋਟ ਰਜਾਦੇ" ਜਾ ਡੇਰਾ ਲਗਾਇਆ । ਅੱਗੇ ਅੱਗੇ ਗੁਰੂ, ਪਿੱਛੇ ਪਿੱਛੇ ਗੁਰਸਿੱਖ ।

ਓਧਰ ਜੰਗਲ ਵਿੱਚ ਮੰਗਲ ਹੋ ਗਿਆ । ਪਰ ਏਧਰ ਗੁਰੂ ਅਮਰਦਾਸ ਜਦੋਂ ਪੱਛੜ ਕੇ ਖਡੂਰ ਪਹੁੰਚੇ, ਗੁਰਦੇਵ ਨਾਲ ਹੋਏ ਅਨਾਦਰ ਦੀ ਖ਼ਬਰ ਸੁਣ ਕੇ ਬਹੁਤ ਦੁਖੀ ਹੋਏ । ਗੁਰੂ ਅੰਗਦ ਉੱਤੇ ਗੁਰੂ ਅਮਰਦਾਸ ਨੂੰ ਰੱਬਿ ਜੇਡੀ ਸ਼ਰਧਾ ਸੀ ਅਤੇ ਗੁਰੂ ਅੰਗਦ ਦਾ ਨਿਰਾਦਰ ਉਨ੍ਹਾਂ ਰੱਬ ਦਾ ਨਿਰਾਦਰ ਸਮਝਿਆ । ਉਨ੍ਹਾਂ ਨੂੰ ਖ਼ਤਰਾ ਸੀ, ਕਿ ਇਕ ਪਾਖੰਡੀ-ਜੋਗੀ ਦੀ ਕੁਟਲਤਾ ਕਾਰਨ ਸਾਰੇ ਪਿੰਡ ਉੱਤੇ ਕੁਦਰਤ ਦਾ ਕਹਿਰ ਨਾ ਵਰਤੇ । ਸੋ ਉਨ੍ਹਾਂ ਮੂਰਖ ਜ਼ਿਮੀਂਦਾਰਾਂ ਉੱਤੇ ਇਕ ਪਾਸੇ ਤਰਸ ਕੀਤਾ ਅਤੇ ਦੂਜੇ ਪਾਸੇ ਪਾਖੰਡੀ-ਜੋਗੀ ਦੇ ਪਾਖੰਡ ਦੀ ਸਫ਼ ਵਲੇਟਣ ਦਾ ਫੈਸਲਾ ਭੀ ਕਰ ਲਿਆ । ਗੁਰੂ ਅਮਰਦਾਸ ਦੀ ਥਾਂ ਜੇਕਰ ਕੋਈ ਹੋਰ ਮਹਾਂ-ਪੁਰਖ ਹੁੰਦਾ ਤਾਂ ਸ਼ਾਇਦ ਸਾਰੇ ਪਿੰਡ ਨੂੰ ਭੂਤਰਿਆ ਵੇਖ ਕੇ ਥੋੜ੍ਹਾ ਬਹੁਤ ਜ਼ਰੂਰ ਡੋਲ ਜਾਂਦਾ । ਪਰ ਧੰਨ ਸੀ ਗੁਰੂ ਅਮਰਦਾਸ ਦਾ ਸ੍ਵੈ-ਭਰੋਸਾ । ਇਕ ਇਕ ਕਰਕੇ ਉਨ੍ਹਾਂ ਖਡੂਰ-ਵਾਸੀਆਂ ਦੀ ਜ਼ਮੀਰ ਨੂੰ ਟੁਣਕਾਰਿਆ ਅਤੇ ਉਨ੍ਹਾਂ ਰਾਹੀਂ ਪਾਖੰਡੀ-ਜੋਗੀ ਨੂੰ ਚਿਣੌਤੀ ਦਿੱਤੀ, "ਹੁਣ ਵਰਖਾ ਕਰ, ਨਹੀਂ ਤਾਂ ਆਪਣੇ ਕੀਤੇ ਦਾ ਫਲ ਭੋਗ ।"

ਭੂਤਰੇ ਹੋਏ ਲੋਕ ਕਦੇ ਜੋਗੀ ਦੇ ਮੂੰਹ ਵਲ ਵੇਖਦੇ ਸਨ ਅਤੇ ਕਦੇ ਗੁਰੂ ਅਮਰਦਾਸ ਦੇ। ਉਹ

ਆਪਣੇ ਸੁਆਰਥ ਦੇ ਚੇਲੇ ਸਨ ਤੇ ਜਿਹੜਾ ਵਰਖਾ ਪਾ ਸਕੇ, ਉਸੇ ਦੇ ਮਗਰ ਲੱਗਣ ਲਈ ਤਿਆਰ ਸਨ:-

ਹਮ ਤੋ ਹੈਂ ਤਿਸਕੇ ਅਨੁਸਾਰੀ ।
ਜੋ ਜਲ ਦੇਹਿ ਕਿਦਾਰ ਮਝਾਰੀ ।
(ਗੁਰਪ੍ਰਤਾਪ ਸੂਰਜ ਗ੍ਰੰਥ)[1]

ਜਦੋਂ ਤਪੇ ਨੇ ਵਰਖਾ ਦੀ ਥਾਂ ਉਨ੍ਹਾਂ ਨੂੰ ਗਲੀਆਂ ਸੜੀਆਂ ਸੁਣਾਉਣੀਆਂ ਆਰੰਭ ਦਿੱਤੀਆਂ, ਜਾਪਦਾ ਹੈ, ਭੂਤਰੇ ਹੋਏ ਲੋਕ ਹੋਰ ਭੀ ਬੇਕਾਬੂ ਹੋ ਗਏ ਅਤੇ ਉਨ੍ਹਾਂ ਤਪੇ ਨੂੰ ਗਲੋਂ ਧੂਹ ਕੇ ਜ਼ਮੀਨ ਉਤੇ ਘਸੀਟਣਾ ਸ਼ੁਰੂ ਕਰ ਦਿੱਤਾ । ਕਿਉਂਕਿ ਗੁਰੂ ਅੰਗਦ ਨੂੰ ਪਿੰਡੋਂ ਬਾਹਰ ਕਢਵਾਉਣ ਵਿੱਚ ਭੀ ਕੇਵਲ ਉਹੀ ਜੋਗੀ ਜਾਂ ਤਪਾ ਜ਼ਿੰਮੇਵਾਰ ਸੀ, ਸੋ ਪਿੰਡ ਦੇ ਲੋਕਾਂ ਨੇ ਪ੍ਰਾਸ਼ਚਿਤ ਵਜੋਂ ਭੀ ਤਪੇ ਦੀ ਚੰਗੀ ਖ਼ਾਤਰ ਕੀਤੀ ਹੋਵੇਗੀ ਅਤੇ ਹੋ ਸਕਦਾ ਹੈ, ਕਿ ਉਸੇ ਖ਼ਾਤਰ-ਤਵਾਜ਼ਿਆ, ਟਹਿਲ-ਟਕੋਰ ਅਰਥਾਤ ਧੂਹ-ਘਸੀਟ ਵਿੱਚ ਹੀ ਤਪੇ ਨੇ ਪ੍ਰਾਣ ਤਿਆਗ ਦਿੱਤੇ ਹੋਣ। ਪਰ ਕਈ ਪ੍ਰਾਚੀਨ ਗ੍ਰੰਥਕਾਰਾਂ ਅਨੁਸਾਰ ਜੋਗੀ ਜਾਂ ਤਪੇ ਦੀ ਮੌਤ ਦਾ ਕਾਰਨ ਗੁਰੂ ਅਮਰਦਾਸ ਦਾ ਉਹ ਕਰਾਮਾਤੀ-ਹੁਕਮ ਸੀ, ਜੋ ਉਨ੍ਹਾਂ ਖਡੂਰ ਦੇ ਮੂਰਖ ਜ਼ਿਮੀਂਦਾਰਾਂ ਨੂੰ ਵਰਖਾ ਲਈ ਪੇਸ਼ੀਨਗੋਈ ਕਰਦਿਆਂ ਦਿੱਤਾ ਸੀ। ਮਹਿਮਾ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਆਦਿਕ ਪ੍ਰਾਚੀਨ ਲਿਖਤਾਂ ਇਸ ਗੱਲ ਨਾਲ ਸੰਮਤੀ ਪਰਗਟ ਕਰਦੀਆਂ ਹਨ, ਕਿ ਜਦੋਂ ਤਪੇ ਦੀਆਂ ਰਿਧੀਆਂ ਸਿਧੀਆਂ ਵਰਖਾ ਨਾ ਪਾ ਸਕੀਆਂ, ਗੁਰੂ ਅਮਰਦਾਸ ਨੇ ਸਹਿਜ-ਸੁਭਾ ਆਖ ਦਿੱਤਾ, "ਵਰਖਾ ਸੂਰਜ ਅਸਤ ਹੋਣ ਤੋਂ ਪਹਿਲਾਂ ਪਹਿਲਾਂ ਹੋਣ ਵਾਲੀ ਹੈ, ਪਰ ਕੇਵਲ ਉਨ੍ਹਾਂ ਖੇਤਾਂ ਉਤੇ, ਜਿਨ੍ਹਾਂ ਵਿੱਚੋਂ ਤੁਸੀਂ ਕਰਾਮਾਤੀ-ਤਪੇ ਨੂੰ ਲੰਘਾਓਗੇ ।" ਇਹ ਸੁਣ ਕੇ ਖਡੂਰ ਦੇ ਜ਼ਿਮੀਂਦਾਰਾਂ ਵਿੱਚ ਆਪੋ-ਧਾਪੀ ਪੈ ਗਈ । ਕਿਸੇ ਨੇ ਤਪੇ ਦੀ ਬਾਂਹ ਖਿੱਚੀ, ਕਿਸੇ ਨੇ ਲੱਤ, ਤੇ ਮਿੰਟਾਂ ਸਕਿੰਟਾਂ ਵਿੱਚ ਤਪੇ ਦਾ ਮਾਸ ਤੇ ਅਸਥੀਆਂ ਅੱਡ ਅੱਡ ਹੋ ਕੇ ਖੇਤਾਂ ਵਿੱਚ ਖਿੱਲਰ ਗਈਆਂ ।

ਜਦੋਂ ਤਪੇ ਦੀ ਮੌਤ ਦੀ ਖ਼ਬਰ ਗੁਰੂ ਅੰਗਦ ਪਾਸ ਕੋਟ-ਰਜਾਦੇ ਪਹੁੰਚੀ, ਉਹ ਗੁਰੂ ਅਮਰਦਾਸ ਨਾਲ ਬਹੁਤ ਨਾਰਾਜ਼ ਹੋਏ ਅਤੇ ਆਖਿਆ, ਤੁਸਾਂ ਰੱਬੀ-ਹੁਕਮ ਉਲਟਾਇਆ, ਅਣਲਿਖਿਆ ਮੀਂਹ ਵਰਸਾਇਆ, ਬਦਲਾ ਲੈਣ ਲਈ ਤਪਾ ਮਰਵਾਇਆ, ਕੀ ਇਹ ਸਭ ਕੁਝ ਗੁਰਮਤਿ ਦੇ ਉਲਟ ਨਹੀਂ ਸੀ ? ਬੇਸ਼ੱਕ ਗੁਰੂ ਅਮਰਦਾਸ ਨੇ ਜੋ ਕੁਝ ਕੀਤਾ ਸੀ, ਉਹ ਆਪਣੇ ਗੁਰੂ ਦੇ ਪਿਆਰ ਅਤੇ ਸਤਿਕਾਰ ਲਈ ਕੀਤਾ ਸੀ, ਫੇਰ ਭੀ ਉਨ੍ਹਾਂ ਗੁਰਦੇਵ ਪਾਸੋਂ ਖਿਮਾ ਮੰਗੀ ਅਤੇ ਅੱਗੇ ਤੋਂ ਰਾਜ਼ੀ-ਬਰ-ਰਜ਼ਾ ਰਹਿਣ ਦਾ ਪ੍ਰਣ ਕੀਤਾ। ਉਸਤਤਿ-ਨਿੰਦਾ ਤੋਂ ਉਚੇਰੇ ਉਠਣ ਲਈ ਗੁਰੂ ਅਮਰਦਾਸ ਲਈ ਇਹ ਸਭ ਤੋਂ ਵੱਡਾ ਸਬਕ ਸੀ ।

ਦੂਸਰਾ ਮਹਾਨ ਚਮਤਕਾਰ ਗੁਰੂ ਅਮਰਦਾਸ ਦੇ ਸ਼ਿਸ਼-ਰੂਪ-ਜੀਵਨ ਦਾ ਸਿਖਰ ਹੈ। ਇਉਂ ਭੀ ਆਖਿਆ ਜਾ ਸਕਦਾ ਹੈ, ਕਿ ਉਨ੍ਹਾਂ ਦੀ ਲੰਮੀ ਸਾਧਨਾ, ਸੇਵਾ-ਭਾਵ ਅਤੇ ਭਗਤੀ ਪਰਿਪੂਰਨ ਰੂਪ ਵਿੱਚ

1.ਗੁਰਪ੍ਰਤਾਪ ਸੂਰਜ ਗ੍ਰੰਥ.. ਰਾਸਿ 1 ਅੰਸੂ 23

ਗੁਰੂ ਅੰਗਦ ਦੇ ਦਰ ਉਤੇ ਪਰਵਾਨ ਚੜ੍ਹੀ ਅਤੇ ਗੁਰਗੱਦੀ ਲਈ ਚੋਣ ਤੋਂ ਛੁੱਟ ਅਨੇਕਾਂ ਵਰ ਬਖ਼ਸ਼ਿਸ਼ ਵਜੋਂ ਪ੍ਰਾਪਤ ਹੋਏ । ਅਸਾਂ ਪਿੱਛੇ ਸੰਕੇਤ ਕੀਤਾ ਹੈ, ਕਿ ਗੁਰੂ ਅਮਰਦਾਸ ਅੰਮ੍ਰਿਤ-ਵੇਲੇ ਤੋਂ ਭੀ ਪਹਿਲਾਂ ਉਠ ਕੇ ਗੁਰੂ ਅੰਗਦ ਦੇਵ ਦੇ ਇਸ਼ਨਾਨ ਲਈ ਰੋਜ਼ਾਨਾ ਪਾਣੀ ਢੋਂਦੇ ਸਨ । ਇਸਤਰ੍ਹਾਂ ਦੀ ਕਠਨ-ਘਾਲ ਕਰਦਿਆਂ ਉਨ੍ਹਾਂ ਨੂੰ ਗਿਆਰਾਂ ਸਾਲ ਹੋ ਚੁੱਕੇ ਸਨ ਅਤੇ ਬਾਰ੍ਹਵਾਂ-ਸਾਲ ਭੀ ਮੁੱਕਣ ਤੇ ਆਇਆ ਸੀ । ਦੂਜੇ ਸ਼ਬਦਾਂ ਵਿੱਚ ਉਨ੍ਹਾਂ ਦੀ ਸੇਵਾ ਹੁਣ ਪੂਰਨ ਹੋਣ ਵਾਲੀ ਸੀ। ਸੋ ਇਕ ਰਾਤ ਜੋ ਵੀਹ-ਵਿਸਵੇ ਸਿਆਲ ਦੀ ਕਾਲੀ ਤੇ ਬੋਲੀ ਰਾਤ ਸੀ ਅਤੇ ਲੋਕ ਅੰਦਰੋਂ ਦਰਵਾਜ਼ੇ ਬੰਦ ਕਰਕੇ ਸੁੱਤੇ ਪਏ ਸਨ, ਗੁਰੂ ਅਮਰਦਾਸ ਦੀ ਸਿੱਖੀ ਦੇ ਇਤਿਹਾਸ ਦੀ ਰਾਤ ਸੀ। ਪਿਛਲੀ ਰਾਤ, ਭਿਆਨਕ ਹਨੇਰਾ, ਸਭ ਲੋਕ ਸੁੱਤੇ ਹੋਏ, ਸੁੰਨਸਾਨ ਗਲੀਆਂ, ਗਰਜਦੇ ਬੱਦਲ, ਕੜਕਦੀ ਬਿਜਲੀ, ਬਿਰਧ-ਅਵੱਸਥਾ, ਕੰਬਦੇ ਹੱਥ, ਡਗਮਗਾਉਂਦੇ ਕਦਮ, ਸਿਰ ਉਤੇ ਡੋਲਦਾ ਘੜਾ ਤੇ ਉਸ ਵਿੱਚ ਡੋਲਦਾ ਪਾਣੀ, ਗੁਰੂ ਅਮਰਦਾਸ ਕਈ ਵਾਰ ਡਿਗਦੇ ਡਿਗਦੇ ਬਚੇ । ਹੁਣ ਮੰਜ਼ਿਲ ਕਰੀਬ ਸੀ, ਪਰ ਇੱਕ ਜੁਲਾਹੇ ਦੇ ਘਰ ਅੱਗੇ ਗੱਡੇ ਕਰੀਰ ਦੇ ਕਿੱਲੇ ਨਾਲ ਅਜਿਹਾ ਠੇਡਾ ਲੱਗਾ, ਕਿ ਗੁਰਦੇਵ ਚਿੱਕੜ ਤੇ ਤਿਲਕਣ ਵਿੱਚੋਂ ਸੰਭਲਦੇ ਸੰਭਲਦੇ ਜੁਲਾਹੇ ਦੀ ਖੱਡੀ ਵਿੱਚ ਜਾ ਪਏ । ਲੱਤਾਂ ਗੋਡੇ ਛਿੱਲੇ ਗਏ, ਇੱਕ ਬਾਂਹ ਉਤੇ ਭੀ ਜ਼ਰੂਰ ਜ਼ਰਬ ਆਈ ਹੋਵੇਗੀ, ਪਰ ਗੁਰੂ ਅਮਰਦਾਸ ਦੇ ਸਿੱਖੀ-ਸਿਦਕ ਨੂੰ ਅਜਾ ਤਕ ਨਾ ਲੱਗੀ ਅਰਥਾਤ ਉਹ ਆਪ ਬੇਸ਼ਕ ਢਹਿ ਪਏ, ਪਰ ਉਨ੍ਹਾਂ ਪਾਣੀ ਦੇ ਘੜੇ ਨੂੰ ਡਿੱਗਣ ਨਾ ਦਿੱਤਾ । ਗੁਰਦੇਵ ਦੇ ਡਿੱਗਣ ਨਾਲ ਖੜਾਕ ਹੋਣਾ ਕੁਦਰਤੀ ਸੀ । ਖੜਾਕ ਨੂੰ ਸੁਣ ਕੇ ਜੁਲਾਹਾ ਤੇ ਜੁਲਾਹੀ ਦੋਵੇਂ ਜਾਗ ਪਏ ।

"ਕਿਹੜਾ ਏ ਖੱਡੀ ਲਾਗੇ ?" ਜੁਲਾਹੇ ਨੇ ਕੜਕ ਕੇ ਪੁੱਛਿਆ ।

"ਆਪਣੇ ਗੁਰੂ ਦਾ ਨਿਮਾਣਾ ਸੇਵਕ ।"ਗੁਰੂ ਅਮਰਦਾਸ ਨੇ ਨਿਰਮਾਣ-ਭਾਵ ਵਿੱਚ ਉੱਤਰ ਦਿੱਤਾ। ਸ਼ਾਇਦ ਜੁਲਾਹਾ ਚੁੱਪ ਕਰ ਰਹਿੰਦਾ, ਪਰ ਵਿੱਚੋਂ ਹੀ ਜੁਲਾਹੀ ਬੋਲ ਉਠੀ,"ਛੱਡ ਸੂ ਪਰਾਂ,ਮੈਂ ਜਾਣਨੀ ਆਂ ਇਹਨੂੰ....ਇਹ ਅਮਰੂ ਨਿਥਾਵਾਂ ਏ.....ਵੱਡੇ ਗੁਰੂ ਵਾਲਾ...ਨਾ ਦਿਨੇ ਚੈਨ ਨਾ ਰਾਤ ਆਰਾਮ..... ਅੱਧੀ ਰਾਤੀਂ ਨੀਂਦ ਖਰਾਬ ਕਰ ਛੱਡੀ ਸੂ........।"

ਗੁਰੂ ਅਮਰਦਾਸ ਹੋਰ ਤਾਂ ਸਭ ਕੁਝ ਜਰ ਸਕਦੇ ਸਨ, ਪਰ ਆਪਣੇ ਗੁਰੂ ਦੀ ਸ਼ਾਨ ਵਿਰੁਧ ਇਕ ਸ਼ਬਦ ਭੀ ਉਹ ਬਰਦਾਸ਼ਤ ਨਹੀਂ ਸਨ ਕਰ ਸਕਦੇ। ਸੋ ਜੁਲਾਹੀ ਦੀ ਗੱਲ ਸੁਣਦੇ ਸਾਰ ਉਨ੍ਹਾਂ ਦੇ ਮੂੰਹੋਂ ਸਹਿਜ-ਸੁਭਾ ਨਿਕਲ ਗਿਆ,"ਕਮਲੀਏ, ਮੈਨੂੰ ਜੋ ਮਰਜ਼ੀ ਆਖ ਲੈ, ਪਰ ਸਤਿਗੁਰਾਂ ਦੀ ਸ਼ਾਨ ਵਿਰੁਧ ਮੁੜਕੇ ਨਾ ਕੁਝ ਆਖੀਂ ।" ਇਤਨਾ ਆਖ ਕੇ ਉਹ ਗੁਰੂ ਅੰਗਦੇਂ ਦੀ ਸੇਵਾ ਲਈ ਤੁਰ ਪਏ ।

ਦੂਜੇ ਦਿਨ ਸਵੇਰ-ਸਾਰ ਸਾਰੇ ਪਿੰਡ ਵਿੱਚ ਇਹ ਗੱਲ ਫੈਲ ਗਈ, ਕਿ ਗੁਰੂ ਅਮਰਦਾਸ ਦੇ ਸਰਾਪ ਕਾਰਨ ਜੁਲਾਹੀ ਕਮਲੀ ਹੋਈ ਫਿਰਦੀ ਏ । ਹੌਲੀ ਹੌਲੀ ਕੰਨਸੋਅ ਗੁਰੂ ਅੰਗਦ ਤਕ ਭੀ ਪਹੁੰਚ ਗਈ ਅਤੇ ਉਨ੍ਹਾਂ ਗੁਰੂ ਅਮਰਦਾਸ ਨੂੰ ਸਦਵਾ ਭੇਜਿਆ । ਜੁਲਾਹੀ ਦੇ ਸੰਬੰਧੀ ਪਹਿਲਾਂ ਹੀ ਪਹੁੰਚ ਚੁੱਕੇ ਸਨ। ਜਦੋਂ ਗੁਰੂ ਅੰਗਦ ਨੂੰ ਇਹ ਪਤਾ ਲੱਗਾ, ਕਿ ਉਨ੍ਹਾਂ ਦੇ ਪਰਮ-ਸੇਵਕ ਨੂੰ ਜੁਲਾਹੀ ਨੇ

ਨਿਥਾਵਾਂ ਆਖਣ ਦੀ ਗੁਸਤਾਖੀ ਕੀਤੀ ਹੈ, ਤਾਂ ਉਹ ਗੁਰੂ ਅਮਰਦਾਸ ਦੇ ਪਿਆਰ ਵਿੱਚ ਡੁੱਲ੍ਹ ਪਏ ਅਤੇ ਸਾਰੀ ਸੰਗਤ ਦੇ ਸਨਮੁਖ 12 ਵਰ ਦਿੱਤੇ, ਜਿਵੇਂ:ਨਿਥਾਵਿਆਂ ਦਾ ਥਾਨ, ਨਿਮਾਣਿਆਂ ਦਾ ਮਾਨ, ਨਿਤਾਣਿਆਂ ਦਾ ਤਾਨ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ, ਨਿਧਰਿਆਂ ਦੀ ਧਰ, ਨਿਧੀਰਨ ਦੀ ਧੀਰ, ਪੀਰਾਂ ਦੇ ਪੀਰ, ਦਿਆਲ ਗਈ ਬਹੋੜ, ਜਗਤ ਬੰਦੀ-ਛੋੜ, ਭੰਨਣ ਘੜਨ ਸਮਰੱਥ, ਸਭ ਜੀਵਕਾ ਜਿਸ ਹੱਥ, ਆਦਿਕ ।

ਇਤਨੇ ਵਰ ਬਖ਼ਸ਼ਣ ਪਿੱਛੋਂ ਗੁਰੂ ਅੰਗਦ ਦੇਵ ਨੇ ਇਕ ਤਰ੍ਹਾਂ ਐਲਾਨ ਕਰ ਦਿੱਤਾ, ਕਿ ਮੇਰੇ ਪਿੱਛੋਂ ਗੁਰੂ ਨਾਨਕ ਦੀ ਗੱਦੀ ਦਾ ਵਾਰਸ ਗੁਰੂ ਅਮਰਦਾਸ ਹੋਵੇਗਾ । ਜਿਵੇਂ ਗੁਰਗੱਦੀ ਦੇ ਲਾਲਚ ਕਾਰਨ ਗੁਰੂ ਨਾਨਕ ਦੇ ਸਪੁੱਤਰਾਂ ਨੂੰ ਗੁਰੂ ਅੰਗਦ ਨਾਲ ਈਰਖਾ ਹੋ ਗਈ ਸੀ, ਤਿਵੇਂ ਹੀ (ਸਗੋਂ ਉਸ ਤੋਂ ਭੀ ਕਰੂਪ-ਰੂਪ ਵਿੱਚ) ਗੁਰੂ ਅੰਗਦ ਦੇ ਸਪੁੱਤਰ(ਦਾਤੂ ਅਤੇ ਦਾਸੂ) ਗੁਰੂ ਅਮਰਦਾਸ ਨਾਲ ਈਰਖਾ ਕਰਨ ਲੱਗੇ । ਸੋ ਜਿਉਂ ਹੀ ਇਕ ਜਾਗੀਰਦਾਰ (ਜਿਸਦਾ ਨਾਮ ਗੋਂਦਾ ਸੀ) ਨੇ ਆਪਣਾ ਪਿੰਡ ਬੰਨ੍ਹਣ ਲਈ ਗੁਰੂ ਅੰਗਦ ਦੇਵ ਦੀ ਅਸ਼ੀਰਵਾਦ ਮੰਗੀ, ਉਨ੍ਹਾਂ ਗੁਰੂ ਅਮਰਦਾਸ ਨੂੰ ਅਪਾਰ-ਸ਼ਕਤੀ ਬਖ਼ਸ਼ ਕੇ ਗੋਂਦੇ ਨਾਲ ਟੋਰ ਦਿੱਤਾ । ਯਾਦ ਰਹੇ,ਗੋਂਦੇ ਦਾ ਪਿੰਡ ਇਸਲਈ ਨਹੀਂ ਸੀ ਵਸਦਾ, ਕਿ ਲੋਕ ਉਸ ਧਰਤੀ ਦੇ ਵਾਯੂ-ਮੰਡਲ ਵਿੱਚ ਭੂਤਾਂ-ਪ੍ਰੇਤਾਂ ਦੀ ਹੋਂਦ ਨੂੰ ਮੰਨਦੇ ਸਨ। ਪਹਿਲਾਂ ਗੁਰੂ ਅੰਗਦ ਨੇ ਦਾਤੂ ਅਤੇ ਦਾਸੂ ਨੂੰ ਗੋਂਦੇ ਨਾਲ ਜਾਣ ਲਈ ਆਖਿਆ, ਪਰ ਉਨ੍ਹਾਂ ਕਿਸੇ ਮਾਨਸਿਕ-ਡਰ ਕਾਰਨ ਗੁਰੂ ਅਮਰਦਾਸ ਦਾ ਨਾਮ ਤਜਵੀਜ਼ ਕਰ ਦਿੱਤਾ । ਪਰ ਉਨ੍ਹਾਂ ਨੂੰ ਕੀ ਪਤਾ ਸੀ, ਕਿ ਗੋਇੰਦਵਾਲ ਨੂੰ ਵਸਾਉਣ ਵਾਲਾ ਅਮਰਦਾਸ ਬਹੁਤ ਜਲਦੀ ਗੁਰਗੱਦੀ ਦਾ ਵਾਰਸ ਬਣਨ ਵਾਲਾ ਸੀ ।

ਗੁਰੂ ਅਮਰਦਾਸ ਦੇ ਗੋਇੰਦਵਾਲ ਚਲੇ ਜਾਣ ਉਪਰੰਤ ਸਿੱਖ-ਧਰਮ ਵਿੱਚ ਕਈ ਸਾਖੀਆਂ[1] ਪ੍ਰਚਲਤ ਹਨ, ਜੋ ਕਰਾਮਾਤਾਂ ਦੀ ਸੁਨਹਿਰੀ-ਧੁੰਦ ਹੇਠ ਢੱਕੀਆਂ ਹੋਈਆਂ ਹਨ। ਮਹਿਮਾ ਪ੍ਰਕਾਸ਼[2]ਅਨੁਸਾਰ ਗੁਰੂ ਅਮਰਦਾਸ ਦੇ ਦੋ ਸਪੁੱਤਰਾਂ(ਬਾਬਾ ਮੋਹਰੀ ਅਤੇ ਬਾਬਾ ਮੋਹਨ) ਦਾ ਜਨਮ ਭੀ ਗੁਰੂ ਅੰਗਦ ਦੇਵ ਦੀ ਅਸ਼ੀਰਵਾਦ ਦੁਆਰਾ ਗੋਇੰਦਵਾਲ ਜਾ ਕੇ ਹੋਇਆ, ਪਰ ਗੁਰਪ੍ਰਤਾਪ ਸੂਰਜ ਗ੍ਰੰਥ[3]ਅਨੁਸਾਰ ਬਾਬਾ ਮੋਹਰੀ ਅਤੇ ਬਾਬਾ ਮੋਹਨ ਦੋਹਾਂ ਦਾ ਜਨਮ ਗੋਇੰਦਵਾਲ ਪਹੁੰਚਣ ਤੋਂ ਪਹਿਲਾਂ ਹੋ ਚੁੱਕਾ ਸੀ। ਵੈਸੇ ਇਸ ਗੱਲ ਬਾਰੇ ਕੋਈ ਮਤ-ਭੇਦ ਨਹੀਂ, ਕਿ ਗੁਰੂ ਅਮਰਦਾਸ ਦੇ ਦੋਹਾਂ ਸਪੁੱਤਰਾਂ ਦਾ ਜਨਮ ਇੱਕੋ ਦਿਨ ਹੋਇਆ । ਬਾਬਾ ਮੋਹਰੀ ਜੀ ਬਾਬਾ ਮੋਹਨ ਨਾਲੋਂ ਕੁਝ ਘੰਟੇ ਪਹਿਲਾਂ ਜਨਮੇ ਸਨ। ਸ਼ਾਇਦ ਇਸੇਲਈ ਉਨ੍ਹਾਂ ਦਾ ਨਾਮ "ਮੋਹਰੀ" ਰੱਖਿਆ ਗਿਆ ।

---

1.ਵਿਸਥਾਰ ਲਈ ਵੇਖੋ:(1) ਮਹਿਮਾ ਪ੍ਰਕਾਸ਼(ਸਾਰੇ ਪ੍ਰਮਾਣੀਕ ਖਰੜੇ),(2)ਗੁਰਪ੍ਰਤਾਪ ਸੂਰਜ ਗ੍ਰੰਥ, ਅਤੇ (3) ਗੁਰਕੀਰਤ ਪ੍ਰਕਾਸ਼, ਆਦਿਕ ਗ੍ਰੰਥ ।
2.ਮਹਿਮਾ ਪ੍ਰਕਾਸ਼(ਹੱਥਲਿਖਤ)-ਭਾਈ ਵੀਰ ਸਿੰਘ ਪੁਸਤਕਾਲਯ(ਡੇਰਾਦੂਨ), ਪੰਨਾ 162
3.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 17

(ਗ) ਗੁਰਗੱਦੀ ਦਾ ਸਮਾਂ

ਮਹਿਮਾ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਆਦਿਕ ਸਾਰੇ ਪ੍ਰਾਚੀਨ ਗ੍ਰੰਥਾਂ ਅਨੁਸਾਰ ਗੁਰੂ ਅੰਗਦ ਸੰਮਤ 1609 ਬਿਕ੍ਰਮੀ ਅਤੇ ਚੇਤ ਸੁਦੀ ਚੌਥ ਨੂੰ ਜੋਤੀ ਜੋਤਿ ਸਮਾਏ । ਸੋ ਉਸੇ ਦਿਨ ਗੁਰੂ ਅਮਰਦਾਸ ਜੀ ਗੁਰਗੱਦੀ ਉਤੇ ਬੈਠੇ । ਗੁਰੂ ਅਮਰਦਾਸ ਦੀ ਗੁਰਗੱਦੀ ਦਾ ਸਮਾਂ 22 ਸਾਲ 5 ਮਹੀਨੇ ਅਤੇ 11 ਦਿਨ ਸਿੱਧ ਹੁੰਦਾ ਹੈ । ਦੂਜੇ ਸ਼ਬਦਾਂ ਵਿੱਚ ਗੁਰੂ ਅਮਰਦਾਸ ਨੇ ਲਗਪਗ ਸੰਮਤ 1752 ਤੋਂ 1774 ਈਸਵੀ ਤਕ ਗੁਰੂ ਨਾਨਕ ਅਤੇ ਗੁਰੂ ਅੰਗਦ ਦੇ ਬਣਾਏ ਹੋਏ ਗਾਡੀ-ਰਾਹ ਨੂੰ ਵਧੇਰੇ ਪੱਧਰਾ, ਸਾਫ਼, ਸੁਖੈਨ ਅਤੇ ਚੌੜਾ ਕਰਨ ਦਾ ਯਤਨ ਕੀਤਾ । ਗੁਰੂ ਅਮਰਦਾਸ ਨੇ ਆਪਣੇ ਜੀਵਨ-ਕਰਤਵ ਅਤੇ ਬਾਣੀ ਦੁਆਰਾ ਗੁਰਮਤਿ ਦੇ ਸਿਧਾਂਤ ਨੂੰ ਵਧੇਰੇ ਸਪਸ਼ਟ ਅਤੇ ਸਰਲ ਬਣਾਇਆ ਅਤੇ ਸਿੱਖ-ਸੰਗਤ, ਸਮਾਜ ਅਤੇ ਭਾਈਚਾਰੇ ਲਈ ਉਹ ਪੂਰਨੇ ਪਾਏ ਜੋ ਆਉਣ ਵਾਲੀਆਂ ਪੁਸ਼ਤਾਂ ਲਈ ਚਾਨਣ-ਮੁਨਾਰੇ ਬਣ ਗਏ । ਪ੍ਰਾਚੀਨ ਗ੍ਰੰਥਕਾਰਾਂ ਨੇ ਮਧ-ਕਾਲੀਨ ਅਪਾਰ-ਸ਼ਰਧਾ ਅਤੇ ਧਾਰਮਕ-ਵਿਸ਼ਵਾਸ ਤੋਂ ਪ੍ਰੇਰਤ ਹੋ ਕੇ, ਦੂਸਰੇ ਧਰਮਾਂ ਦੇ ਪੀਰਾਂ, ਪੈਗੰਬਰਾਂ ਅਤੇ ਅਵਿਤਾਰਾਂ ਵਾਂਗ ਸਿੱਖ-ਗੁਰੂਆਂ ਦੇ ਜੀਵਨ ਨੂੰ ਭੀ ਅਣਗਿਣਤ ਕਰਾਮਾਤਾਂ ਅਤੇ ਦੈਵੀ-ਚਮਤਕਾਰਾਂ ਦੀ ਸੁਨਹਿਰੀ-ਧੁੰਦ ਵਿੱਚ ਰੰਗ ਕੇ ਪੇਸ਼ ਕੀਤਾ ਹੈ । ਪਰ ਆਧੁਨਿਕ-ਯੁੱਗ ਵਿੱਚ ਸ਼ਰਧਾ ਦੀ ਥਾਂ ਮੰਤਕ ਨੇ ਮੱਲ ਲਈ ਹੈ ਅਤੇ ਵੱਖ ਵੱਖ ਧਰਮਾਂ ਦੇ ਪੜ੍ਹੇ-ਲਿਖੇ ਅਨੁਯਾਈਆਂ ਨੂੰ ਮਹਾਂ-ਪੁਰਖਾਂ ਦੇ ਜੀਵਨ ਵਿਚਲੇ ਕਰਾਮਾਤੀ-ਅੰਸ਼ ਨਾਲ ਕੁਝ ਚਿੜ੍ਹ ਜਿਹੀ ਹੋ ਗਈ ਜਾਪਦੀ ਹੈ । ਅਸੀਂ ਵਿਗਿਆਨਕ-ਦ੍ਰਿਸ਼ਟੀ ਦੀ ਕਦਰ ਕਰਦੇ ਹਾਂ, ਪਰ ਮਹਾਂ-ਪੁਰਖਾਂ ਦੀਆਂ ਦੈਵੀ-ਸ਼ਕਤੀਆਂ ਤੋਂ ਮੁਨਕਰ ਨਹੀਂ । ਸਿੱਖ-ਧਰਮ ਵਿੱਚ ਸਭ ਤੋਂ ਬਹੁਤੀਆਂ ਕਰਾਮਾਤਾਂ ਜਾਂ ਚਮਤਕਾਰਾਂ ਦਾ ਵਰਣਨ ਗੁਰੂ ਨਾਨਕ ਅਤੇ ਉਨ੍ਹਾਂ ਤੋਂ ਪਿੱਛੋਂ ਗੁਰੂ ਅਮਰਦਾਸ ਦੇ ਜੀਵਨ ਨਾਲ ਸੰਬੰਧਤ ਸਾਖੀਆਂ ਰਾਹੀਂ ਉਜਾਗਰ ਹੁੰਦਾ ਹੈ । ਜਿੱਥੋਂ ਤਕ ਇਸ ਲੇਖ ਦਾ ਸੰਬੰਧ ਹੈ, ਜੇਕਰ ਅਸੀਂ ਗੁਰੂ ਅਮਰਦਾਸ ਨਾਲ ਸੰਬੰਧਤ ਕਰਾਮਾਤਾਂ ਦਾ ਵਰਣਨ ਨਾ ਭੀ ਕਰੀਏ ਅਤੇ ਗੁਰਦੇਵ ਦੇ ਹੋਣੀਆਂ-ਭਰਪੂਰ ਜੀਵਨ ਦੀਆਂ ਕੁਝ ਇਕ ਮਹਾਨ ਘਟਨਾਵਾਂ ਦਾ ਹੀ ਨਿਰੂਪਣ ਕਰੀਏ, ਤਾਂ ਭੀ ਸਾਡਾ ਵਿਸ਼ਵਾਸ ਹੈ, ਕਿ ਗੁਰੂ ਅਮਰਦਾਸ ਦੀ ਸ਼ਖ਼ਸੀਅਤ ਦੁਨੀਆਂ ਦੇ ਇਤਿਹਾਸ ਵਿੱਚ ਅਨੂਪਮ ਜਾਪੇਗੀ ।

ਗੁਰਗੱਦੀ ਦੇ ਸਮੇਂ ਨਾਲ ਸੰਬੰਧਤ, ਗੁਰੂ ਅਮਰਦਾਸ ਦੇ ਮਹਾਨ ਕਾਰਜਾਂ ਨੂੰ ਹੇਠ ਲਿਖੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:-

(1) ਸਿੱਖ-ਸੰਗਤ ਦੀ ਜੱਥੇ-ਬੰਦੀ

ਗੁਰਗੱਦੀ ਉਤੇ ਬੈਠਣ ਉਪਰੰਤ ਗੁਰੂ ਅਮਰਦਾਸ ਨੇ ਗੁਰਮਤਿ ਦੇ ਪ੍ਰਚਾਰ ਲਈ ਗੋਇੰਦਵਾਲ ਨੂੰ ਕੇਂਦਰ ਬਣਾ ਲਿਆ । ਭੂਗੋਲਕ ਅਤੇ ਰਾਜਸੀ-ਪ੍ਰਬੰਧ ਦੀ ਦ੍ਰਿਸ਼ਟੀ ਤੋਂ ਉਹਨੀਂ ਦਿਨੀਂ ਗੋਇੰਦਵਾਲ ਦਾ ਇਲਾਕਾ ਲਾਹੌਰ ਅਤੇ ਦਿੱਲੀ ਦੇ ਰਾਹ ਉਤੇ ਹੋਣ ਕਰਕੇ ਬਹੁਤ ਮਹੱਤਵ ਰੱਖਦਾ ਸੀ । ਸੋ ਗੋਇੰਦਵਾਲ ਦੀ ਉਸਾਰੀ ਲਈ ਗੁਰੂ ਅਮਰਦਾਸ ਨੇ ਠੋਸ ਕਦਮ ਚੁੱਕੇ । ਮਹਿਮਾ ਪ੍ਰਕਾਸ਼[1] ਆਦਿਕ ਪ੍ਰਾਚੀਨ ਗ੍ਰੰਥਾਂ

1.ਮਹਿਮਾ ਪ੍ਰਕਾਸ਼(ਹੱਥਲਿਖਤ),ਖਰੜਾ ਨੰ:1151, ਸਿੱਖ ਰੈਫਰੈਂਸ ਲਾਇਬ੍ਰੇਰੀ(ਅੰਮ੍ਰਿਤਸਰ),ਪੰਨਾ 378

ਅਨੁਸਾਰ ਗੋਇੰਦਵਾਲ ਵਿੱਚ ਹਵੇਲੀਆਂ ਦੀ ਉਸਾਰੀ ਲਈ ਉਨ੍ਹਾਂ ਆਪਣੇ ਭਤੀਜੇ ਸਾਵਣ ਮੱਲ[1]ਨੂੰ ਹਰੀਪੁਰ (ਨਜ਼ਦੀਕ ਕਾਂਗੜਾ) ਦੇ ਰਾਜੇ ਪਾਸ ਭੇਜਿਆ ਸੀ ।ਮਹਿਮਾ ਪ੍ਰਕਾਸ਼[2], ਗੁਰਪ੍ਰਤਾਪ ਸੂਰਜ ਗ੍ਰੰਥ[3], ਅਤੇ ਗੁਰਕੀਰਤ ਪ੍ਰਕਾਸ਼[4], ਆਦਿਕ ਅਨੇਕਾਂ ਗ੍ਰੰਥ ਸਿੱਖ-ਮਤ ਜਾਂ ਗੁਰਮਤਿ ਦੇ ਪ੍ਰਚਾਰ ਲਈ "ਬਾਈ ਮੰਜੀਆਂ" ਦੀ ਅਸਥਾਪਨਾ ਵਲ ਭੀ ਸੰਕੇਤ ਕਰਦੇ ਹਨ । ਸਾਡੀ ਖੋਜ ਅਨੁਸਾਰ, ਬੇਸ਼ੱਕ ਬਾਈ-ਮੰਜੀਆਂ ਦੀ ਅਸਥਾਪਨਾ ਬਾਰੇ ਠੋਸ ਸਬੂਤ ਨਹੀਂ ਮਿਲਦੇ(ਵੇਖੋ ਇਸੇ ਲੇਖ ਵਿੱਚ ਅੱਗੇ ਚੱਲ ਕੇ), ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿ ਗੁਰੂ ਅਮਰਦਾਸ ਦੇ ਸਮੇਂ ਸਿੱਖ-ਧਰਮ ਦੇ ਸ਼ਰਧਾਲੂ ਪੰਜਾਬ ਤੋਂ ਬਾਹਰ ਭਾਰਤ ਦੇ ਕਈ ਇਲਾਕਿਆਂ ਵਿੱਚ ਪਹੁੰਚ ਚੁੱਕੇ ਸਨ । ਗੁਰਦੇਵ ਦੀ ਫੈਲ ਰਹੀ ਮਹਿਮਾ ਅਤੇ ਵਧ ਰਹੀ ਸਿੱਖੀ-ਸੇਵਕੀ ਨੂੰ ਹੀ ਸ਼ਾਇਦ ਮੁਖ ਰੱਖ ਕੇ ਭਾਈ ਪਾਰੋ ਪਰਮਹੰਸ[5]ਨੇ ਸਰਬ ਸਿੱਖ-ਸੰਗਤ ਦੇ ਜੁੜ ਬੈਠਣ ਲਈ ਹਰ ਸਾਲ "ਵੈਸਾਖੀ ਦਾ ਮੇਲਾ" ਮਨਾਉਣ ਬਾਰੇ ਗੁਰੂ ਅਮਰਦਾਸ ਨੂੰ ਪ੍ਰਾਰਥਨਾ ਕੀਤੀ ਸੀ । ਉਸ ਦਿਨ ਤੋਂ ਵੈਸਾਖੀ ਦਾ ਪੁਰਬ ਸਿੱਖ-ਪੰਥ ਲਈ ਵਿਸ਼ੇਸ਼ ਕਰਕੇ ਅਤੇ ਸਮੁੱਚੇ-ਭਾਰਤ ਲਈ ਆਮ ਕਰਕੇ ਇਕ ਮਹਾਨ ਅਤੇ ਹੋਣੀਆਂ-ਭਰਪੂਰ ਦਿਵਸ ਬਣ ਗਿਆ । ਉਦਾਹਰਨ ਵਜੋਂ ਗੁਰੂ ਗੋਬਿੰਦ ਸਿੰਘ ਨੇ "ਖਾਲਸਾ-ਪੰਥ" ਨੂੰ ਸਾਜਣ ਲਈ ਵੈਸਾਖੀ ਦਾ ਦਿਨ ਹੀ ਚੁਣਿਆ ਸੀ । ਆਧੁਨਿਕ-ਯੁੱਗ ਵਿੱਚ ਭਾਰਤ ਦੀ ਆਜ਼ਾਦੀ ਲਈ "ਜੱਲ੍ਹਿਆਂ ਵਾਲੇ ਬਾਗ਼ ਦਾ ਮਹਾਨ ਸਾਕਾ" ਭੀ ਉਸੇ ਦਿਨ ਹੀ ਹੋਇਆ ਸਿੱਧ ਹੁੰਦਾ ਹੈ । ਹੋਰ ਤਾਂ ਹੋਰ, ਪੰਜਾਬੀ ਸਰਕਾਰ ਨੇ ਰਾਜ-ਪੱਧਰ ਤਕ ਪੰਜਾਬੀ ਨੂੰ ਪੱਕੀ ਤਰ੍ਹਾਂ ਲਾਗੂ ਕਰਨ ਲਈ ਭੀ ਵੈਸਾਖੀ(1968) ਦਾ ਦਿਨ ਹੀ ਸ਼ੁਭ-ਦਿਵਸ ਸਮਝਿਆ ਹੈ ।

ਵੈਸੇ ਅੱਜ ਕੱਲ ਗੋਇੰਦਵਾਲ ਵਿੱਚ ਹਰ ਸਾਲ ਭਾਦਰੋਂ ਦੀ ਪੂਰਨਮਾਸ਼ੀ ਨੂੰ ਜਿਹੜਾ ਮੇਲਾ ਲੱਗਦਾ ਹੈ, ਉਸਦਾ ਸੰਬੰਧ ਉਪਰੋਕਤ ਮੇਲੇ ਨਾਲ ਨਹੀਂ ਸਿੱਧ ਹੁੰਦਾ, ਸਗੋਂ ਇਸਦੇ ਉਲਟ ਭਾਦਰੋਂ ਦੀ ਪੂਰਨਮਾਸ਼ੀ ਦਾ ਮੇਲਾ ਭੱਲਾ-ਬੰਸ ਵਲੋਂ ਗੁਰੂ ਅਮਰਦਾਸ ਦੇ ਸ਼ਰਾਧ ਜਾਂ ਯੱਗ ਦੇ ਨਾਮ ਨਾਲ ਪ੍ਰਸਿੱਧ ਹੈ । ਸ਼ਾਇਦ ਇਸ ਪਿਛਲੇ ਮੇਲੇ ਤੋਂ ਹੀ ਪ੍ਰਭਾਵਤ ਹੋ ਕੇ ਭਾਈ ਵੀਰ ਸਿੰਘ[6]ਨੇ "ਬਸੋਇ" (ਜਿਸ ਸ਼ਬਦ ਦਾ ਵਰਣਨ ਕਈ ਪ੍ਰਾਚੀਨ ਗ੍ਰੰਥਾਂ ਵਿੱਚ ਮਿਲਦਾ ਹੈ) ਦਾ ਅਰਥ "ਬੈਸਾਖੀ" ਦੀ ਥਾਂ "ਬਰਸਾਤ" ਸਿੱਧ ਕਰਨ ਦਾ ਜਤਨ ਭੀ ਕੀਤਾ ਹੈ, ਪਰ ਸਾਡੇ ਵਿਚਾਰ ਅਨੁਸਾਰ "ਬਸੋਇ" ਦਾ ਸੰਬੰਧ "ਬੈਸਾਖੀ" ਜਾਂ ਵਸਾਖੀ ਨਾਲ ਹੈ ਅਤੇ ਵਸਾਖੀ ਦਾ ਦਿਵਸ ਸਿੱਖ-ਕੌਮ ਜਾਂ ਖ਼ਾਲਸਾ-ਪੰਥ ਦੇ ਇਤਿਹਾਸ ਵਿੱਚ ਇਕ ਮਹਾਨ ਦਿਨ ਹੈ ।

ਗੁਰੂ ਅਮਰਦਾਸ ਦੇ ਸਮੇਂ ਸਿੱਖ-ਸੰਗਤ ਵਲੋਂ "ਵੈਸਾਖੀ ਦਾ ਮੇਲਾ" ਜਿੱਥੇ ਇੱਕ ਪਾਸੇ ਸਿੱਖ-ਸੰਗਤ ਦੀ ਜੱਥੇ-ਬੰਦੀ ਮਜ਼ਬੂਤ ਕਰਨ ਵਿੱਚ ਸਹਾਇਕ ਹੋਇਆ, ਉਥੇ ਦੂਜੇ ਪਾਸੇ ਇਸ ਦੁਆਰਾ ਗੁਰਮਤਿ ਦੇ

---

1.ਬਾਬਾ ਸਾਵਣ ਮੱਲ ਦੀ ਯਾਦਗਾਰ "ਮਟੌਰ ਸਾਹਿਬ" (ਜ਼ਿਲਾ ਕਾਂਗੜਾ) ਦੇ ਨਾਮ ਨਾਲ ।
2.ਮਹਿਮਾ ਪ੍ਰਕਾਸ਼(ਹੱਥ-ਲਿਖਤ ਖਰੜਾ),ਭਾਈ ਵੀਰ ਸਿੰਘ ਪੁਸਤਕਾਲਯ(ਡੇਰ੍ਹਾਦੂਨ),ਪੰਨਾ 24
3.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 40
4.ਗੁਰਕੀਰਤ ਪ੍ਰਕਾਸ਼(ਹੱਥ-ਲਿਖਤ),ਖਰੜਾ ਨੰ:682,ਸਟੇਟ ਆਰਕਾਈਵਜ਼(ਪਟਿਆਲਾ),ਪੰਨਾ 57
5.ਮਹਿਮਾ ਪ੍ਰਕਾਸ਼(ਹੱਥ-ਲਿਖਤ),ਖਰੜਾ ਨੰ:1151,ਸਿੱਖ ਰੈਫਰੈਂਸ ਲਾਇਬ੍ਰੇਰੀ(ਅੰਮ੍ਰਿਤਸਰ),ਪੰਨਾ 393-396
6.ਵੇਖੋ ਭਾਈ ਵੀਰ ਸਿੰਘ ਦਾ ਫੁਟ-ਨੋਟ- ਗੁਰਪ੍ਰਤਾਪ ਸੂਰਜ ਗ੍ਰੰਥ(ਸੰਪਾਦਤ),ਖਾਲਸਾ ਸਮਾਚਾਰ ਐਡੀਸ਼ਨ, 1954, ਜਿਲਦ 5, ਪੰਨਾ 1502

ਵਿਰੋਧੀਆਂ ਵਿੱਚ ਇਕ ਤਰ੍ਹਾਂ ਦਾ ਮਾਨਸਿਕ-ਡਰ ਭੀ ਉਤਪੰਨ ਹੋ ਗਿਆ, ਜੋ ਕੁਝ ਸਮਾਂ ਪਾ ਕੇ ਘਿਣਾਉਣਾ-ਰੂਪ ਧਾਰ ਸ਼ਹਿਨਸ਼ਾਹ ਅਕਬਰ ਦੇ ਦਰ ਉਤੇ ਗੁਰਦੇਵ ਦੀ ਨਿੰਦਾ ਦਾ ਕਾਲਾ-ਚਿੱਠਾ ਬਣ ਗਿਆ। ਮਹਿਮਾ ਪ੍ਰਕਾਸ਼[1] ਅਤੇ ਗੁਰਪ੍ਰਤਾਪ ਸੂਰਜ ਗ੍ਰੰਥ[2] ਦੋਹਾਂ ਅਨੁਸਾਰ ਇਲਾਕੇ ਦੇ ਬ੍ਰਾਹਮਣਾਂ ਅਤੇ ਖੱਤਰੀਆਂ ਨੇ ਰਲ ਕੇ ਅਕਬਰ ਪਾਸ ਫ਼ਰਿਆਦ ਕੀਤੀ, ਕਿ ਗੁਰੂ ਅਮਰਦਾਸ ਨੇ ਚਹੁੰ-ਵਰਣਾਂ ਨੂੰ ਰਲਾ-ਮਿਲਾ ਕੇ ਸਾਡੇ ਧਰਮ ਦੀ ਮਰਯਾਦਾ ਨੂੰ ਤੋੜ ਦਿੱਤਾ ਹੈ:-

(ੳ) ਮਿਲ ਖਤ੍ਰੀ ਬ੍ਰਹਮਨ ਮਸਲਤ ਸਾਧੀ ।
ਬਾਦਸਾਹ ਪਹਿ ਗਏ ਫਰਿਆਦੀ ।
ਯਹ ਬਡੀ ਅਨੀਤ ਜਗਤ ਮੈ ਚਲੀ ।
ਮਿਰਜਾਦਾ ਚਾਰ ਵਰਨ ਕੀ ਟਲੀ ।
(ਮਹਿਮਾ ਪ੍ਰਕਾਸ਼[1])

(ਅ) ਚਤੁਰ ਬਰਨ ਕੋ ਇਕ ਮਤ ਕਰਯੋ ।
ਭ੍ਰਿਸ਼ਟ ਹੋਇ ਜਗ ਧਰਮ ਪ੍ਰਹਰਯੋ ।
ਇਕ ਥਲ ਭੋਜਨ ਸਭਿ ਕੋ ਖਈ ।
ਸੰਕਰਿ ਬਰਨ ਪ੍ਰਜਾ ਅਬਿ ਭਈ ।
(ਗੁਰਪ੍ਰਤਾਪ ਸੂਰਜ ਗ੍ਰੰਥ)[2]

ਉਨ੍ਹਾਂ ਇਹ ਭੀ ਸ਼ਿਕਾਇਤ ਕੀਤੀ, ਕਿ ਗੁਰੂ ਅਮਰਦਾਸ ਆਪਣੇ ਸਿੱਖਾਂ ਨੂੰ ਸ਼੍ਰੁਤੀ, ਸਿੰਮ੍ਰਿਤੀ ਅਤੇ ਗਾਇਤ੍ਰੀ-ਮੰਤ੍ਰ ਵਲੋਂ ਹਟਾ ਕੇ ਗੁਰਬਾਣੀ ਪੜ੍ਹਨ ਲਈ ਆਖਦਾ ਹੈ। ਉਪਰੋਕਤ ਗ੍ਰੰਥਾਂ ਅਨੁਸਾਰ ਅਕਬਰ ਉਹਨੀਂ ਦਿਨੀਂ ਲਵਪੁਰ(ਲਾਹੌਰ) ਠਹਿਰਿਆ ਹੋਇਆ ਸੀ ਅਤੇ ਉਸਨੇ ਸ਼ਿਕਾਇਤ ਦਾ ਨਿਤਾਰਾ ਕਰਨ ਲਈ ਗੁਰੂ ਅਮਰਦਾਸ ਨੂੰ ਲਾਹੌਰ ਬੁਲਵਾਇਆ। ਗੁਰੂ ਅਮਰਦਾਸ ਨੇ ਜੇਠਾ ਜੀ(ਗੁਰੂ ਰਾਮਦਾਸ) ਨੂੰ ਆਪਣਾ ਪ੍ਰਤੀਨਿਧ ਬਣਾ ਕੇ ਲਾਹੌਰ ਅਰਥਾਤ ਅਕਬਰ ਦੇ ਦਰਬਾਰ ਵਿੱਚ ਭੇਜਿਆ ਅਤੇ ਜੇਠਾ ਜੀ ਨੇ ਭਰੀ-ਸਭਾ ਵਿੱਚ ਬ੍ਰਾਹਮਣਾਂ ਅਤੇ ਖੱਤਰੀਆਂ ਦੇ ਸਾਰੇ ਅਲਜ਼ਾਮਾਂ ਨੂੰ ਗ਼ਲਤ ਸਾਬਤ ਕਰ ਦਿੱਤਾ। ਇਹ ਭੀ ਲਿਖਿਆ ਹੈ, ਕਿ ਅਕਬਰ[3], ਜੇਠਾ ਜੀ ਦੀਆਂ ਦਲੀਲਾਂ(ਗੁਰਬਾਣੀ ਦੇ ਪ੍ਰਮਾਣਾਂ ਸਮੇਤ) ਨੂੰ ਸੁਣ ਕੇ ਬਹੁਤ ਪ੍ਰਭਾਵਤ ਹੋਇਆ ਅਤੇ ਉਸ ਨੇ ਸ਼ਿਕਾਇਤ ਕਰਨ ਵਾਲੇ ਬ੍ਰਾਹਮਣਾਂ ਤੇ ਖੱਤਰੀਆਂ ਨੂੰ ਸੰਬੋਧਨ ਕਰਕੇ ਆਖਿਆ, "ਮੌਲਾ ਅਤੇ ਵਲੀ ਵਿੱਚ ਕੋਈ ਭੇਦ ਨਹੀਂ...ਤੁਸਾਂ ਕੇਵਲ ਸ਼ਾਸਤ੍ਰਾਂ ਨੂੰ ਪੜ੍ਹਿਆ ਹੈ, ਪਰ ਇਨ੍ਹਾਂ(ਭਾਵ ਗੁਰੂ ਅਮਰਦਾਸ ਅਤੇ ਉਨ੍ਹਾਂ ਦੇ ਗੁਰਸਿੱਖਾਂ) ਹਕੀਕਤ ਵਿੱਚ ਅਮਲ ਕੀਤਾ ਹੈ।" ਸੰਬੰਧਤ ਇਤਿਹਾਸਕਾਰਾਂ ਅਨੁਸਾਰ ਅਕਬਰ ਨੇ ਜੇਠਾ ਜੀ ਰਾਹੀਂ ਗੁਰੂ ਅਮਰਦਾਸ ਨੂੰ ਸੰਦੇਸ ਭੇਜਿਆ,

1.ਮਹਿਮਾ ਪ੍ਰਕਾਸ਼(ਹੱਥਲਿਖਤ), ਖਰੜਾ ਨੰ:1151, ਸਿੱਖ ਰੈਫਰੈਂਸ ਲਾਇਬ੍ਰੇਰੀ(ਅੰਮ੍ਰਿਤਸਰ), ਪੰਨਾ 391
2.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 43
3.ਵੈਸੇ "ਆਇਨੇ-ਅਕਬਰੀ" ਜਾਂ "ਅਕਬਰ-ਨਾਮਾ" ਆਦਿਕ ਅਕਬਰ ਦੇ ਰਾਜ ਨਾਲ ਸੰਬੰਧਤ ਰੀਕਾਰਡਾਂ ਵਿੱਚ ਉਪਰੋਕਤ ਘਟਨਾ ਵਲ ਕਿਧਰੇ ਸੰਕੇਤ ਨਹੀਂ ਮਿਲਦਾ।

ਕਿ ਤੁਸੀਂ ਮੂਰਖਾਂ ਨੂੰ ਸਿੱਧੇ ਰਸਤੇ ਪਾਉਣ ਲਈ ਇਕ ਵਾਰ ਫੇਰ ਤੀਰਥ-ਯਾਤ੍ਰਾ ਕਰੋ ਅਤੇ ਇਹ ਮੰਨਿਆ ਜਾਂਦਾ ਹੈ, ਕਿ ਗੁਰੂ ਰਾਮਦਾਸ ਰਚਿਤ ਹੇਠ ਲਿਖਿਆ ਸ਼ਬਦ[1] ਗੁਰੂ ਅਮਰਦਾਸ ਦੀ ਤੀਰਥ-ਯਾਤ੍ਰਾ ਤੋਂ ਪ੍ਰੇਰਤ ਹੋ ਕੇ ਲਿਖਿਆ ਗਿਆ ਸੀ:-

ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ।
ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ।
ਗੁਰਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ।
ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ।
ਹਰਿ ਆਪਿ ਕਰਤੈ ਪਰਬੁ ਕੀਆ ਸਤਿਗੁਰ ਦਰਸ ਭਇਆ ।1।
ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ।
ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ।
ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ ।
ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ ।
ਤੀਰਥ ਉਦਮੁ ਸਤਿਗੁਰੁ ਕੀਆ ਸਭ ਲੋਕ ਉਧਰਣ ਅਰਥਾ ।
ਮਾਰਗਿ ਪੰਥਿ ਚਲੇ ਗੁਰਿ ਸਤਿਗੁਰ ਸੰਗਿ ਸਿਖਾ ।2।
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ।
ਖਬਰਿ ਭਈ ਸੰਸਾਰਿ ਆਏ ਤ੍ਰੈਲੋਆ ।
ਦੇਖਣਿ ਆਏ ਤੀਨਿ ਲੋਕ ਸੁਰਿਨਰ ਮੁਨਿਜਨ ਸਭਿ ਆਇਆ ।
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ ।
ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ ।
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ।3।
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ।
ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ।
ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ।
ਗੁਰਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ ।
ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ।
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ।4।
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ।
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ ।
ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ ।
ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ ਸਤਿਗੁਰੂ ਪਿਛੈ ਪਈ ।
ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭਿ ਉਠਿ ਗਇਆ ।
ਤ੍ਰਿਤੀਆ ਆਏ ਸੁਰਸਰੀ ਤਹ ਕਉਤਕ ਚਲਤੁ ਭਇਆ ।5।
ਮਿਲਿ ਆਏ ਨਗਰ ਮਹਾਜਨਾ ਗੁਰ ਸਤਿਗੁਰ ਓਟ ਗਹੀ ।
ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ ।
ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ

---

1.ਆਦਿ ਗ੍ਰੰਥ..........ਪੰਨਾ 1116-1117

ਦੇਹੀ ਨਗਰ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ ।
ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰਬਚਨਿ ਨਾਨਕਿ ਹਰਿਭਗਤਿ ਲਹੀ ।
ਮਿਲਿ ਆਏ ਨਗਰ ਮਹਾਜਨਾ ਗੁਰ ਸਤਿਗੁਰ ਓਟ ਗਹੀ ।
(ਤੁਖਾਰੀ ਮਹਲਾ 4)[1]

ਗੁਰੂ ਰਾਮਦਾਸ ਦੀ ਉਪਰੋਕਤ ਗੁਆਹੀ ਅਨੁਸਾਰ ਗੁਰੂ ਅਮਰਦਾਸ (ਸਮੇਤ ਸਿੱਖ-ਸੰਗਤਾਂ ਦੇ) ਅਭਿਜਿਤ-ਲਗਨ ਵਾਲੇ ਪੁਰਬ (ਜੋ ਪ੍ਰਿੰਸੀਪਲ ਜੋਧ ਸਿੰਘ[2] ਦੇ ਕਥਨ ਅਨੁਸਾਰ 25 ਵਰ੍ਹਿਆਂ ਪਿੱਛੋਂ ਆਉਂਦਾ ਹੈ) ਤੇ ਗੰਗਾ, ਜਮਨਾ ਅਤੇ ਕੁਰਖੇਤਰ ਆਦਿਕ ਤੀਰਥਾਂ ਉਤੇ ਜਗਤ ਦੇ ਉਧਾਰ ਲਈ ਗਏ (ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ)। ਸੰਬੰਧਤ ਪੁਰਬ ਸਮੇਂ ਭਾਰਤ ਦੇ ਸਭ ਕੋਨਿਆਂ ਤੋਂ ਵੱਖ ਵੱਖ ਸੰਪ੍ਰਦਾਵਾਂ (ਜਿਵੇਂ: ਵੈਸ਼ਨਵ, ਸ਼ੈਵ, ਜੋਗੀ, ਜੰਗਮ, ਬੋਧੀ, ਸਰੇਵੜੇ, ਦਿਗੰਬਰ, ਬੈਰਾਗੀ, ਆਦਿਕ) ਦੇ ਮੁਖੀਆਂ ਨਾਲ ਗੁਰੂ ਅਮਰਦਾਸ ਦੀਆਂ ਗੋਸ਼ਟਾਂ ਭੀ ਜ਼ਰੂਰ ਹੋਈਆਂ ਹੋਣਗੀਆਂ (ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ)। ਕੁਝ ਭੀ ਹੈ, ਜਗਿਆਸੂਆਂ ਵਿੱਚ ਸਿੱਖ-ਧਰਮ ਦਾ ਡੰਕਾ ਵੱਜ ਗਿਆ ।

ਇਕ ਹੋਰ ਗੱਲ ਜੋ ਖਾਸ ਮਹੱਤਵ ਰੱਖਦੀ ਹੈ, ਉਹ ਮੁਗਲ-ਸਾਮਰਾਜ ਵਲੋਂ ਗੁਰਦੇਵ ਨੂੰ ਯਾਤ੍ਰਾ-ਟੈਕਸ[3] ਦੀ ਛੋਟ ਮਿਲਣ ਬਾਰੇ ਹੈ। ਹਿੰਦੂਆਂ ਨੂੰ ਤੀਰਥ-ਯਾਤ੍ਰਾ ਲਈ ਟੈਕਸ ਹਰ ਹਾਲਤ ਵਿੱਚ ਦੇਣਾ ਪੈਂਦਾ ਸੀ । ਪਰ ਗੁਰੂ ਅਮਰਦਾਸ ਦੀ ਕਿਰਪਾ ਦੁਆਰਾ ਦੂਸਰੇ ਧਰਮਾਂ ਵਾਲੇ ਭੀ ਬਚ ਗਏ । ਗੁਰੂ ਰਾਮਦਾਸ ਦੀਆਂ ਉਪਰੋਕਤ ਤੁਕਾਂ ਇਸ ਗੱਲ ਦੀ ਭੀ ਸਾਖੀ ਭਰਦੀਆਂ ਹਨ, ਕਿ ਯਾਤ੍ਰਾ-ਟੈਕਸ ਤੋਂ ਬਚਣ ਲਈ ਦੂਸਰੇ ਧਰਮਾਂ ਅਤੇ ਸੰਪ੍ਰਦਾਵਾਂ ਦੇ ਅਨੇਕਾਂ ਅਨੁਯਾਈਆਂ ਨੇ ਆਪਣੇ ਆਪ ਨੂੰ ਗੁਰੂ ਅਮਰਦਾਸ ਦੇ ਸਿੱਖ ਸਾਬਤ ਕੀਤਾ । ਜਮਨਾ ਜੀ ਅਤੇ ਗੰਗਾ (ਹਰਿਦੁਆਰ) ਦੋਹੀਂ ਥਾਈਂ ਇਵੇਂ ਹੀ ਹੋਇਆ । ਯਾਤ੍ਰਾ-ਟੈਕਸ ਉਗਰਾਹੁਣ ਵਾਲੇ ਜਾਗਾਤੀ (ਮਸੂਲੀਏ) ਯਾਤ੍ਰੀਆਂ ਦੇ ਮੂੰਹ ਤੱਕਦੇ ਹੀ ਰਹਿ ਗਏ ਅਤੇ ਸਾਰੀ ਖ਼ਲਕਤ ਦੌੜ ਕੇ ਗੁਰੂ ਅਮਰਦਾਸ ਦੀ ਸ਼ਰਨ ਆ ਗਈ ।

ਗੰਗਾ ਦੀ ਉਪਰੋਕਤ ਯਾਤ੍ਰਾ ਇੱਕੀਵੀਂ ਸੀ, ਪਰ ਕੰਨਖਲ[4] (ਹਰਿਦੁਆਰ ਦੇ ਨਜ਼ਦੀਕ) ਵਿੱਚ ਗੁਰੂ ਅਮਰਦਾਸ ਦੀ ਯਾਦ ਵਿੱਚ ਜਿਹੜਾ ਗੁਰਦੁਆਰਾ ਅੱਜ ਕੱਲ ਹੈ, ਉਸ ਵਿੱਚ ਬਾਈ ਕਲਸ ਲੱਗੇ ਹੋਏ ਹਨ। ਜਾਪਦਾ ਹੈ, ਸੰਬੰਧਤ ਸ਼ਰਧਾਲੂਆਂ ਨੇ ਉਸ ਗੁਰਦੁਆਰੇ ਦੀ ਮਹਾਨਤਾ ਵਧਾਉਣ ਲਈ ਇਹ ਸਾਬਤ ਕਰਨ ਦਾ ਯਤਨ ਕੀਤਾ ਹੈ, ਕਿ ਗੁਰੂ ਅਮਰਦਾਸ ਦੇ ਜੋਤੀ ਜੋਤਿ ਸਮਾਉਣ ਤੋਂ ਪਿੱਛੋਂ ਉਨ੍ਹਾਂ ਦੇ ਫੁੱਲ ਗੰਗਾ ਵਿੱਚ ਪਾਏ ਗਏ ਸਨ । ਪਰ ਜਿੱਥੋਂ ਤਕ ਆਦਿ-ਗ੍ਰੰਥ ਵਿੱਚ ਸ਼ਾਮਿਲ ਬਾਬਾ ਸੁੰਦਰ ਦੀ ਸੱਦ[5] ਦਾ ਸੰਬੰਧ

---

1.ਇਹ ਯਾਤ੍ਰਾ ਟੈਕਸ ਅਕਬਰ ਨੇ
1.ਆਦਿ-ਗ੍ਰੰਥ........ਪੰਨਾ 1116-17
2.ਜੋਧ ਸਿੰਘ. "ਲਾਈਫ਼ ਔਫ਼ ਗੁਰੂ ਅਮਰਦਾਸ ਜੀ" (ਅੰਗ੍ਰੇਜ਼ੀ), 1953, ਪੰਨਾ 50
3.ਇਹ ਯਾਤ੍ਰਾ-ਟੈਕਸ ਅਕਬਰ ਨੇ ਅਕਬਰ-ਨਾਮਾ (ਕ੍ਰਿਤ ਅਬੂ-ਅਲ-ਫ਼ਜ਼ਲ) ਦੀ ਗੁਆਹੀ ਅਨੁਸਾਰ ਆਪਣੇ ਰਾਜ ਦੇ ਅੱਠਵੇਂ ਸਾਲ (ਲਗਪਗ 1563 ਈਸਵੀ) ਵਿੱਚ ਹਟਾਇਆ ।
(Refer Elliot-Dowson-History of India (as told by its own historians) Vol.VI (1965) P. 29
4.ਵੈਸੇ ਕੰਨਖਲ ਬਾਰੇ ਇਹ ਭੀ ਆਖਿਆ ਜਾਂਦਾ ਹੈ, ਕਿ ਗੁਰੂ ਅਮਰਦਾਸ ਧੰਨਾ ਨਾਮੀਂ ਕਾਇਥ ਸਿੱਖ ਨੂੰ ਦਰਸ਼ਨ ਦੇਣ ਉੱਥੇ ਗਏ ਸਨ......ਵੇਖੋ: ਸ੍ਰੀਗੁਰਦੁਆਰੇ ਦਰਸ਼ਨ (ਰਚਿਤ ਭਾਈ ਠਾਕਰ ਸਿੰਘ ਗਿਆਨੀ), ਅੰਮ੍ਰਿਤਸਰ, 1934, ਪੰਨਾ 86-87
5.ਆਦਿ ਗ੍ਰੰਥ........923-924

ਹੈ, "ਫੂਲ ਹਰਿਸਰ ਪਾਵਏ" ਦਾ ਅਰਥ ਗੰਗਾ-ਪ੍ਰਵਾਹ ਦੀ ਥਾਂ ਆਤਮਿਕ-ਅਵੱਸਥਾ ਵਿੱਚ ਲੀਨ ਹੋਣ ਦਾ ਸੰਕੇਤ ਕਰਦੇ ਹਨ। ਕੰਨਖਲ ਵਾਲਾ ਗੁਰਦੁਆਰਾ ਬਾਬਾ ਦਰਗਾਹ ਸਿੰਘ ਨੇ ਸਿੰਘਾਂ ਦੇ ਰਾਜ ਵਿੱਚ ਬਣਾਇਆ ਸੀ, ਪਰ ਸੰਬੰਧਤ ਬਾਈ ਕਲਸ ਬਹੁਤ ਸਮਾਂ ਪਿੱਛੋਂ ਜਾ ਕੇ ਚੜ੍ਹਾਏ ਗਏ । ਉਸੇ ਗੁਰਦੁਆਰੇ ਵਿੱਚ ਇਕ ਥਾਂ ਲਿਖਿਆ ਹੈ, ਕਿ ਗੁਰੂ ਅਮਰਦਾਸ ਨੇ ਗੰਗਾ ਦੀ ਇੱਕੀਵੀਂ-ਯਾਤ੍ਰਾ ਸੰਮਤ 1613 ਬਿਕ੍ਰਮੀ ਵਿੱਚ ਕੀਤੀ ਸੀ, ਪਰ ਜਿਵੇਂ ਪ੍ਰਿੰਸੀਪਲ ਜੋਧ ਸਿੰਘ[1] ਨੇ ਭੀ ਮੰਨਿਆ ਹੈ, ਸੰਬੰਧਤ ਗੰਗਾ-ਯਾਤ੍ਰਾ 1623 ਬਿਕ੍ਰਮੀ ਵਿੱਚ ਕੀਤੀ ਗਈ ਪ੍ਰਤੀਤ ਹੁੰਦੀ ਹੈ ।

## (2) ਬਾਉਲੀ ਸਾਹਿਬ(ਗੋਇੰਦਵਾਲ) ਦੀ ਤਿਆਰੀ

ਕੁਰਖੇਤਰ, ਜਮਨਾ ਅਤੇ ਗੰਗਾ ਆਦਿਕ ਤੀਰਥਾਂ ਦੀ ਯਾਤ੍ਰਾ ਤੋਂ ਮੁੜਨ ਪਿੱਛੋਂ ਹੀ ਜਾਪਦਾ ਹੈ, ਗੁਰੂ ਅਮਰਦਾਸ ਨੇ ਫੈਸਲਾ ਕਰ ਲਿਆ, ਤੀਰਥ-ਯਾਤ੍ਰਾ ਜਾਂ ਗੰਗਾ-ਇਸ਼ਨਾਨ ਦੀ ਪਿਤਾ-ਪੁਰਖੀ ਲਕੀਰ ਨੂੰ ਤੋੜਨ ਦਾ । ਇਸ ਵਿੱਚ ਸ਼ੱਕ ਨਹੀਂ, ਕਿ ਗੁਰੂ ਅਮਰਦਾਸ ਗੁਰੂ ਅੰਗਦ ਦੀ ਸ਼ਰਨ ਵਿੱਚ ਆਉਣ ਤੋਂ ਪਹਿਲਾਂ ਅਨੇਕਾਂ ਵਾਰ ਗੰਗਾ ਆਦਿਕ ਤੀਰਥਾਂ ਦੀ ਯਾਤ੍ਰਾ ਕਰ ਚੁੱਕੇ ਸਨ, ਪਰ ਗੁਰਮਤਿ ਦਾ ਗਿਆਨ ਹੋਣ ਉਪਰੰਤ ਉਨ੍ਹਾਂ ਨੂੰ ਤੀਰਥ-ਯਾਤ੍ਰਾ ਭੀ ਇੱਕ ਫੋਕਟ-ਕਰਮ ਜਾਪਣ ਲੱਗ ਪਈ। ਹੁਣ ਉਨ੍ਹਾਂ ਲਈ ਸਤਿਗੁਰੂ ਹੀ "ਮਨਕਾਮਨਾ-ਤੀਰਥ" ਸੀ ਅਤੇ ਨਾਮ-ਸਰੋਵਰ ਵੇਦ-ਸ਼ਾਸਤਰ । ਗੁਰਦੇਵ ਦੇ ਕਥਨ ਅਨੁਸਾਰ ਗੰਗਾ ਪ੍ਰਭੂ ਦੇ ਚਰਨਾਂ ਵਿੱਚ ਸਮਾ ਰਹੀ ਹੈ, ਸੋ ਗੰਗਾ ਆਦਿਕ ਤੀਰਥਾਂ ਉਤੇ ਭ੍ਰਮਣ ਦੀ ਥਾਂ ਪ੍ਰਭੂ ਦੇ ਚਰਨਾਂ ਵਿੱਚ ਸਮਾਉਣ ਦੀ ਲੋੜ ਹੈ:-

> ਸਾਸਤ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸੁਰੀ ਚਰਣ ਸਮਾਣੀ ।
>
> (ਆਸਾ ਮ:3 ਅਸਟਪਦੀਆਂ)[2]

ਪਰ ਗੁਰੂ ਦੀ ਉਚੇਰੀ ਆਤਮਿਕ-ਅਵੱਸਥਾ ਤਕ ਸਾਰੇ ਸਿੱਖ ਨਹੀਂ ਪਹੁੰਚ ਸਕਦੇ । ਸੋ ਇਹ ਖਤਰਾ ਸੀ, ਕਿ ਗੁਰੂ ਦੇ ਸਿੱਖ ਭੀ ਕਈ ਦੂਸਰੇ ਧਰਮਾਂ ਦੀ ਵੇਖਾ-ਵੇਖੀ ਮੁੜ ਗੰਗਾ ਆਦਿਕ ਤੀਰਥਾਂ ਦੇ ਭ੍ਰਮਣ ਵਿੱਚ ਨਾ ਪੈ ਜਾਣ । ਇਸਲਈ ਉਨ੍ਹਾਂ ਗੋਇੰਦਵਾਲ ਦੀ ਧਰਤੀ ਉਤੇ ਇਕ ਨਵਾਂ ਤੀਰਥ ਰਚ ਕੇ ਐਲਾਨ ਕਰ ਦਿੱਤਾ, ਕਿ ਬਾਉਲੀ ਵਿੱਚ ਇਸ਼ਨਾਨ ਕਰਨ ਦਾ ਮਹਾਤਮ ਗੰਗਾ ਜੀ ਦੇ ਇਸ਼ਨਾਨ ਨਾਲੋਂ ਘੱਟ ਨਹੀਂ । ਇਸਦਾ ਇਹ ਭਾਵ ਨਹੀਂ, ਕਿ ਗੁਰੂ ਅਮਰਦਾਸ ਇਕ ਨਵਾਂ ਤੀਰਥ ਰਚ ਕੇ ਤੀਰਥ-ਯਾਤ੍ਰਾ ਦੀ ਨਵੀਂ ਪਿਰਤ ਪਾ ਰਹੇ ਸਨ, ਸਗੋਂ ਇਹ ਆਖਣਾ ਵਧੇਰੇ ਠੀਕ ਹੈ, ਕਿ ਉਹ ਤੀਰਥ-ਯਾਤ੍ਰਾ ਦੇ ਭਰਮ ਨੂੰ ਤੋੜ ਰਹੇ ਸਨ । ਦਰਅਸਲ ਗੁਰੂ ਅਮਰਦਾਸ ਲੋਕ-ਦਿਲਾਂ ਦੀ ਨਬਜ਼ ਨੂੰ ਟੋਹਣਾ ਜਾਣਦੇ ਸਨ । ਸ਼ਾਇਦ ਇਸੇਲਈ ਉਨ੍ਹਾਂ ਬਾਉਲੀ ਦੀ ਰਚਨਾ ਕਰਨ ਉਪਰੰਤ ਚਉਰਾਸੀ ਪਉੜੀਆਂ ਦੀ ਉਸਾਰੀ ਕਰਵਾਈ ਅਤੇ ਆਖਿਆ, ਜੋ ਕੋਈ ਬਾਉਲੀ ਵਿੱਚ ਇਸ਼ਨਾਨ ਕਰਨ ਉਪਰੰਤ ਚਉਰਾਸੀ

---

1. Principal Jodh Singh- Life of Guru Amar Dass Ji, 1953, P.49
2. ਆਦਿ-ਗ੍ਰੰਥ............ਪੰਨਾ 422

ਪਉੜੀਆਂ ਉੱਤੇ ਵਾਰੋ ਵਾਰ "ਜਪੁਜੀ" ਦਾ ਪਾਠ ਇਕਾਗਰ-ਚਿਤ ਹੋ ਕੇ ਕਰੇਗਾ, ਉਸਦੀ ਚਉਰਾਸੀ ਕੱਟੀ ਜਾਵੇਗੀ ਅਰਥਾਤ ਜਨਮ ਮਰਨ ਤੋਂ ਮੁਕਤ ਹੋ ਜਾਵੇਗਾ । ਬੱਸ ਫੇਰ ਕੀ ਸੀ, ਦਰਿਆਵਾਂ ਦੇ ਰੁਖ ਪਲਟ ਗਏ ਅਤੇ ਗੰਗਾ-ਯਾਤ੍ਰਾ ਦੇ ਅਭਿਲਾਖੀ ਗੋਇੰਦਵਾਲ ਵਲ ਮੁੜਨ ਲੱਗ ਪਏ । ਬੇਸ਼ੱਕ ਬਾਉਲੀ ਸਾਹਿਬ ਦੇ ਇਸ਼ਨਾਨ ਲਈ ਅੱਜ ਕੱਲ ਭੀ ਕਾਫੀ ਸ਼ਰਧਾਲੂ ਓਧਰ ਤੁਰੇ ਰਹਿੰਦੇ ਹਨ, ਪਰ ਗੁਰੂ ਅਮਰਦਾਸ ਦੇ ਸਮੇਂ(ਜਦੋਂ ਅਜੇ ਅੰਮ੍ਰਿਤਸਰ ਦਾ ਤਾਲ ਨਹੀਂ ਸੀ ਬਣਿਆ) ਗੋਇੰਦਵਾਲ ਸਿੱਖਾਂ ਲਈ ਜੰਨਤ ਸੀ ਅਤੇ ਬਾਉਲੀ ਦਾ ਇਸ਼ਨਾਨ "ਜ਼ਮਜ਼ਮ" ਵਿੱਚ ਨਹਾਉਣ ਦੇ ਬਰਾਬਰ ਸਮਝਿਆ ਜਾਂਦਾ ਸੀ ।

ਮਹਿਮਾ ਪ੍ਰਕਾਸ਼[1] ਅਤੇ ਗੁਰਪ੍ਰਤਾਪ ਸੂਰਜ ਗ੍ਰੰਥ[2] ਅਨੁਸਾਰ ਗੋਇੰਦਵਾਲ ਦੀ ਬਾਉਲੀ ਦਾ ਕੜ ਉਸ ਦਿਨ ਟੁੱਟਾ, ਜਿਸ ਦਿਨ ਅਕਬਰ[3] ਨੇ ਚਿਤੌੜ ਦੇ ਕਿਲ੍ਹੇ ਨੂੰ ਤੋੜਿਆ ਸੀ:-

(ੳ) ਬਾਵਲੀ ਮੇ ਕੰਕਰ ਜਬ ਫੂਟਾ ।
ਉਸੀ ਸਮੇਂ ਚਿਤੌੜ ਗੜ ਟੂਟਾ ।
(ਮਹਿਮਾ ਪ੍ਰਕਾਸ਼)[1]

(ਅ) ਜਿਸ ਛਿਨ ਕੜ ਟੁਟਯੋ ਤਿਸ ਕਾਲ ।
ਤਬਹੂੰ ਛੂਟਯੋ ਚਿਤੌੜ ਬਿਸਾਲੁ ।
(ਗੁਰਪ੍ਰਤਾਪ ਸੂਰਜ ਗ੍ਰੰਥ)[2]

ਸੰਬੰਧਤ ਸਾਖੀਕਾਰਾਂ ਨੇ ਇਹ ਭੀ ਲਿਖਿਆ ਹੈ, ਕਿ ਚਿਤੌੜ ਦੀ ਵਿਜੇ ਲਈ ਅਕਬਰ ਨੇ ਗੁਰੂ ਅਮਰਦਾਸ ਪਾਸੋਂ ਅਸ਼ੀਰਵਾਦ ਪ੍ਰਾਪਤ ਕੀਤੀ ਸੀ ਅਤੇ ਗੁਰੂ ਅਮਰਦਾਸ ਨੇ ਸਹਿਜ-ਸੁਭਾ ਆਖਿਆ ਸੀ,"ਕੜ ਟੁੱਟੇ, ਗੜ੍ਹ ਛੁੱਟੇ" । ਉਪਰੋਕਤ ਗ੍ਰੰਥਕਾਰ ਇਹ ਭੀ ਮੰਨਦੇ ਹਨ, ਕਿ ਚਿਤੌੜ ਦੀ ਵਿਜੇ ਉਪਰੰਤ ਅਕਬਰ[3] ਗੁਰੂ ਅਮਰਦਾਸ ਦੇ ਦਰਸ਼ਨਾਂ ਲਈ ਗੋਇੰਦਵਾਲ ਭੀ ਆਇਆ ਅਤੇ ਉਸ ਨੇ ਗੁਰਦੇਵ ਨੂੰ ਸਤਿਕਾਰ ਵਜੋਂ "ਦਸਤੁ ਬੈਸੀ ਨਿਕਟੁ ਹੋਇ ਕਰੀ" । ਸ਼ਾਹੀ-ਸੈਨਾ ਸਮੇਤ ਅਕਬਰ ਨੇ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦਿ ਭੀ ਛਕਿਆ । ਮਹਿਮਾ ਪ੍ਰਕਾਸ਼[1] ਅਤੇ ਗੁਰਪ੍ਰਤਾਪ ਸੂਰਜ ਗ੍ਰੰਥ[2] ਅਨੁਸਾਰ ਅਕਬਰ ਨੇ ਗੁਰੂ ਅਮਰਦਾਸ ਨੂੰ ਕੁਝ ਜਾਗੀਰ ਭੀ ਪੇਸ਼ ਕੀਤੀ, ਜੋ ਪੇਸ਼ਕਸ਼ ਉਨ੍ਹਾਂ ਠੁਕਰਾ ਦਿੱਤੀ । ਸੋ ਅਕਬਰ ਨੇ ਨੀਤੀ ਵਰਤ ਕੇ ਜਾਗੀਰ ਦਾ ਪਟਾ "ਜੇਠਾ ਜੀ"(ਗੁਰੂ ਰਾਮਦਾਸ) ਦੇ ਨਾਮ ਲਿਖ ਦਿੱਤਾ । ਉਸੇ ਜਾਗੀਰ ਉਤੇ ਬਾਅਦ ਵਿੱਚ ਗੁਰੂ ਰਾਮਦਾਸ[4] ਨੇ ਅੰਮ੍ਰਿਤ-ਸਰੋਵਰ ਬਣਾਇਆ ਅਤੇ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰੱਖੀ ।

ਉਪਰੋਕਤ ਗੱਲਾਂ ਬਾਰੇ ਅਕਬਰ ਦੇ ਸਮੇਂ ਨਾਲ ਸੰਬੰਧਤ ਸ਼ਾਹੀ-ਰੀਕਾਰਡਾਂ ਵਿੱਚ ਕੋਈ ਹਵਾਲਾ ਮਿਲੇ ਨਾ ਮਿਲੇ, ਪਰ ਸਿੱਖ ਸਾਖੀਕਾਰਾਂ ਦੀਆਂ ਲਿਖਤਾਂ ਦੇ ਆਧਾਰ ਉਤੇ ਇਹ ਆਖਿਆ ਜਾ ਸਕਦਾ ਹੈ,

---

1.ਮਹਿਮਾ ਪ੍ਰਕਾਸ਼(ਹੱਥ-ਲਿਖਤ),ਖਰੜਾ ਨੰ:1151,ਸਿੱਖ ਰੈਫਰੈਂਸ ਲਾਇਬ੍ਰੇਰੀ, ਪੰਨਾ 439 ਅਤੇ 4/3
2.ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 63
3.ਵੈਸੇ ਆਈਨੇ-ਅਕਬਰੀ ਅਤੇ ਅਕਬਰ-ਨਾਮਾ ਆਦਿਕ ਅਕਬਰ ਦੇ ਰਾਜ ਨਾਲ ਸੰਬੰਧਤ ਗ੍ਰੰਥਾਂ ਵਿੱਚ ਇਨ੍ਹਾਂ ਗੱਲਾਂ ਦਾ ਹਵਾਲਾ ਕਿਤੇ ਨਹੀਂ ਮਿਲਦਾ । ਡਾ:ਗੰਡਾ ਸਿੰਘ ਨੇ ਭੀ ਇੱਕ ਥਾਂ ਇਸ ਗੱਲ ਨੂੰ ਮੰਨਿਆ ਹੈ, ਕਿ ਆਈਨੇ-ਅਕਬਰੀ ਅਤੇ ਅਕਬਰ-ਨਾਮਾ ਵਿੱਚ ਗੁਰੂ ਅਮਰਦਾਸ ਬਾਰੇ ਕੋਈ ਜ਼ਿਕਰ ਨਹੀਂ । (ਵੇਖੋ:ਗੰਡਾ ਸਿੰਘ ਰਚਿਤ "ਮਾਖ਼ਜ਼ ਤਾਰੀਖੇ-ਸਿੱਖਾਂ"(ਉਰਦੂ),ਸਿੱਖ ਰੈਫਰੈਂਸ ਲਾਇਬ੍ਰੇਰੀ(ਅੰਮ੍ਰਿਤਸਰ) ।

4.Imperial Gazetteer of India(Vol.5),1908,P.320

ਕਿ ਗੁਰੂ ਅਮਰਦਾਸ ਦੁਆਰਾ ਬਾਉਲੀ ਦੀ ਰਚਨਾ ਇਕ ਮਹਾਨ ਘਟਨਾ ਸੀ, ਜਿਸਨੇ ਵੱਖ ਵੱਖ ਧਰਮਾਂ ਦੇ ਅਨੁਯਾਈਆਂ ਤੋਂ ਛੁਟ ਮੁਗਲਾਂ ਦੀ ਹਕੂਮਤ ਦਾ ਭੀ ਧਿਆਨ ਖਿੱਚ ਲਿਆ ।

(3) ਵਰਣ-ਭੇਦ ਦਾ ਖਾਤਮਾ

ਸਿੱਖ-ਸੰਗਤ ਦੀ ਜੱਥੇ-ਬੰਦੀ ਬਾਰੇ ਵਿਚਾਰ ਕਰਦਿਆਂ ਅਸਾਂ ਖਡੂਰ ਅਤੇ ਆਸ ਪਾਸ ਦੇ ਇਲਾਕਿਆਂ ਦੇ ਬ੍ਰਾਹਮਣਾਂ ਤੇ ਖੱਤਰੀਆਂ ਵਲੋਂ ਗੁਰੂ ਅਮਰਦਾਸ ਵਿਰੁਧ ਅਕਬਰ ਦੇ ਦਰਬਾਰ ਵਿੱਚ ਭੇਜੇ ਗਏ ਫ਼ਰਿਆਦੀ-ਪੱਤਰ ਵਲ ਸੰਕੇਤ ਕਰ ਚੁੱਕੇ ਹਾਂ । ਸੰਬੰਧਤ ਬ੍ਰਾਹਮਣਾਂ ਅਤੇ ਖੱਤਰੀਆਂ ਨੇ ਬੇਸ਼ੱਕ ਹੋਰ ਭੀ ਬਹੁਤ ਕੁਝ ਲਿਖਿਆ ਹੋਵੇਗਾ, ਪਰ ਸਭ ਤੋਂ ਵੱਡੀ ਅਨੀਤੀ ਜੋ ਉਨ੍ਹਾਂ ਨੂੰ ਨਜ਼ਰ ਆਈ ਸੀ, ਉਹ ਚਹੁੰ-ਵਰਣਾਂ ਨੂੰ ਖਲਤ-ਮਲਤ(ਵਰਣ-ਸ਼ੰਕਰ) ਕਰਕੇ ਇੱਕ-ਵਰਣ ਬਣਾਉਣ ਦੀ ਨੀਤੀ ਸੀ । ਗੁਰਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਉਨ੍ਹਾਂ ਵਿਸ਼ੇਸ਼ ਕਰਕੇ ਗੁਰੂ ਕੇ ਲੰਗਰ ਵਿੱਚ ਉਚੇਰੀ ਅਤੇ ਨੀਵੀਂ ਜਾਤੀ ਦੇ ਲੋਕਾਂ ਨੂੰ ਇੱਕੋ ਪੰਗਤ ਵਿੱਚ ਬਿਠਾਉਣ ਦਾ ਹਵਾਲਾ ਪੇਸ਼ ਕੀਤਾ ਸੀ:-

ਚਤੁਰ ਬਰਨ ਕੋ ਇਕ ਮਤ ਕਰਯੋ ।
ਭ੍ਰਿਸ਼ਟ ਹੋਇ ਜਗ ਧਰਮ ਪ੍ਰਹਰਯੋ ।
ਇਕ ਥਲ ਭੋਜਨ ਸਭਿ ਕੋ ਖਈ ।
ਸ਼ੰਕਰਿ ਬਰਨ ਪ੍ਰਜਾ ਅਬਿ ਭਈ ।

(ਗੁਰਪ੍ਰਤਾਪ ਸੂਰਜ ਗ੍ਰੰਥ)[1]

ਇਸ ਵਿੱਚ ਸ਼ੱਕ ਨਹੀਂ, ਕਿ ਗੁਰੂ ਅਮਰਦਾਸ ਤੋਂ ਪਹਿਲਾਂ ਗੁਰੂ ਅੰਗਦ ਦਾ ਲੰਗਰ ਭੀ ਸਭ ਧਰਮਾਂ ਦੇ ਲੋਕਾਂ ਲਈ ਸਾਂਝਾ ਸੀ। ਇਹ ਭੀ ਠੀਕ ਹੈ, ਕਿ ਗੁਰੂ ਨਾਨਕ ਨੇ ਮਲਕ-ਭਾਗੋ ਦੇ ਬ੍ਰਹਮ-ਭੋਜ ਨੂੰ ਠੁਕਰਾ ਕੇ ਲਾਲੋ-ਤਰਖਾਣ ਦੇ ਘਰ ਰੋਟੀ ਖਾਧੀ ਸੀ, ਪਰ ਪਹਿਲੇ ਦੋ ਗੁਰੂਆਂ ਦੇ ਸਮੇਂ ਵਰਣ-ਭੇਦ ਦੇ ਖਾਤਮੇ ਦੀ ਲਹਿਰ ਅਜੇ ਇਤਨੀ ਤਕੜੀ ਨਹੀਂ ਸੀ ਹੋਈ, ਕਿ ਉਸਨੂੰ ਦਬਾਉਣ ਲਈ ਉਚੇਰੀ-ਜਾਤੀ ਦੇ ਬ੍ਰਾਹਮਣਾਂ ਅਤੇ ਖੱਤਰੀਆਂ ਨੂੰ ਵੇਲੇ ਦੀ ਸਰਕਾਰ ਦਾ ਦਰਵਾਜ਼ਾ ਖੜਕਾਉਣਾ ਪਵੇ । ਦੂਜੇ ਸ਼ਬਦਾਂ ਵਿੱਚ ਗੁਰੂ ਅਮਰਦਾਸ ਨੇ ਲੰਗਰ ਵਿੱਚ ਉਚ-ਨੀਚ, ਅਮੀਰ-ਗਰੀਬ ਅਤੇ ਰਾਜਾ-ਫ਼ਕੀਰ, ਸਭ ਨੂੰ ਇੱਕੋ ਥਾਂ ਬਿਠਾ ਕੇ ਜਦੋਂ ਇਹ ਐਲਾਨ ਕਰ ਦਿੱਤਾ, ਕਿ ਮੇਰਾ ਦਰਸ਼ਨ ਕਰਨ ਤੋਂ ਪਹਿਲਾਂ ਲੰਗਰ ਵਿੱਚੋਂ ਪ੍ਰਸ਼ਾਦਿ ਛਕਣਾ ਜ਼ਰੂਰੀ ਹੈ, ਤਾਂ ਵਰਣ-ਭੇਦ ਦੇ ਖਾਤਮੇ ਦੀ ਲਹਿਰ ਇੱਕ ਤਕੜੀ ਲੋਕ-ਲਹਿਰ ਗਈ, ਜਿਸਨੂੰ ਵੇਖ ਕੇ ਉਚੇਰੀ-ਜਾਤੀ ਦੇ ਬ੍ਰਾਹਮਣ ਤੇ ਖੱਤਰੀ ਡੋਲ ਗਏ । ਗੁਰੂ ਅਮਰਦਾਸ ਤੋਂ ਪਿੱਛੋਂ ਦੂਸਰੇ ਗੁਰੂ ਸਾਹਿਬਾਨ ਦੇ ਸਮੇਂ ਭੀ ਇਹ ਲਹਿਰ ਇਸੇਤਰ੍ਹਾਂ ਚਲਦੀ ਰਹੀ। ਗੁਰੂ ਗੋਬਿੰਦ ਸਿੰਘ ਦੁਆਰਾ "ਪੰਜਾਂ ਪਿਆਰਿਆਂ" ਨੂੰ ਇੱਕੋ-ਬਾਟੇ ਵਿੱਚ ਅੰਮ੍ਰਿਤ ਛਕਾ ਕੇ ਬਾਅਦ ਵਿੱਚ ਉਨ੍ਹਾਂ ਪਾਸੋਂ ਗੁਰਦੇਵ ਦਾ ਆਪ ਅੰਮ੍ਰਿਤ ਛਕਣਾ ਇਸ ਲਹਿਰ ਦਾ ਸਿਖਰ ਸੀ ।

1 ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 43

(4) ਸਤੀ ਦੀ ਰਸਮ ਨੂੰ ਬੰਦ ਕਰਨਾ

ਰਾਜਾ ਰਾਮ ਮੋਹਨ ਰਾਏ[1] ਅਤੇ ਲਾਰਡ ਵਿਲੀਅਮ ਬੈਂਟਿਕ ਤੋਂ ਲਗਪਗ ਢਾਈ ਸੌ ਵਰ੍ਹੇ ਪਹਿਲਾਂ ਗੁਰੂ ਅਮਰਦਾਸ ਨੇ ਸਤੀ ਦੀ ਰਸਮ ਵਿਰੁਧ ਇਤਨੀ ਜ਼ੋਰਦਾਰ ਆਵਾਜ਼ ਉਠਾਈ, ਜਿਸਦੀ ਮਿਸਾਲ ਭਗਤੀ-ਕਾਲ ਦੇ ਹੋਰ ਕਿਸੇ ਭੀ ਕਵੀ ਵਿੱਚ ਨਹੀਂ ਮਿਲਦੀ। ਇਹ ਉਹ ਸਮਾਂ ਸੀ, ਜਦੋਂ ਅਕਬਰ ਵਰਗਾ ਮੁਗਲ ਸ਼ਹਿਨਸ਼ਾਹ ਭੀ ਸਤੀ ਦੀ ਰਸਮ ਵਿਰੁਧ ਕੋਈ ਪੱਥਰ-ਲਕੀਰ ਪਾਉਣ ਤੋਂ ਡਰਦਾ ਸੀ। ਅਕਬਰ-ਨਾਮਾ[2] ਦੇ ਲੇਖਕ ਅਬੁ-ਅਲ-ਫ਼ਜ਼ਲ ਅਨੁਸਾਰ ਅਕਬਰ ਨੇ ਆਪਣੇ ਰਾਜ ਦੇ ਅਠਾਈਵੇਂ ਵਰ੍ਹੇ (ਅਰਥਾਤ ਗੁਰੂ ਅਮਰਦਾਸ ਦੇ ਜੋਤੀ ਜੋਤਿ ਸਮਾਉਣ ਤੋਂ ਪਿੱਛੋਂ ਇਕ ਕਾਨੂੰਨ ਰਾਹੀਂ ਵਿਧਵਾ ਨੂੰ ਜਬਰੀ ਜਲਾਉਣ ਦੇ ਵਿਰੁਧ ਮਨਾਹੀ ਕੀਤੀ, ਪਰ ਇਸਦੇ ਉਲਟ ਜੇ ਕੋਈ ਵਿਧਵਾ ਆਪਣੀ ਮਰਜ਼ੀ ਨਾਲ ਪਤੀ ਦੀ ਮਿਰਤੂ ਉਪਰੰਤ ਚਿਤਾ ਉਤੇ ਚੜ੍ਹ ਜਾਵੇ, ਤਾਂ ਕਾਨੂੰਨ ਉਸਦੇ ਰਾਹ ਵਿੱਚ ਨਹੀਂ ਸੀ ਆ ਸਕਦਾ। ਕਿਉਂਕਿ ਗੁਰੂ ਅਮਰਦਾਸ ਨੇ ਜਬਰੀ ਅਤੇ ਮਨ-ਮਰਜ਼ੀ ਨਾਲ ਸਤੀ ਹੋਣ ਦੇ ਵਿੱਚ ਕੋਈ ਅੰਤਰ ਨਹੀਂ ਰੱਖਿਆ ਅਤੇ ਇਸ ਰਸਮ ਨੂੰ ਮੁਲੋਂ ਹੀ ਮਨੁੱਖਤਾ-ਹੀਣ ਮੰਨਿਆ, ਸੋ ਉਨ੍ਹਾਂ ਨੇ ਆਪਣੀ ਬਾਣੀ ਦੁਆਰਾ ਲੋਕ-ਰਾਏ ਨੂੰ ਇਸ ਰਸਮ ਦੇ ਵਿਰੁਧ ਤਿਆਰ ਕੀਤਾ।

ਕਿਉਂਕਿ ਅਕਬਰ ਨੇ ਜਬਰੀ-ਸਤੀ ਹੋਣ ਜਾਂ ਜਬਰੀ ਸਤੀ ਕਰਨ ਦੇ ਵਿਰੁਧ ਜੋ ਕਾਨੂੰਨ ਬਣਾਇਆ, ਉਹ ਗੁਰੂ ਅਮਰਦਾਸ ਦੇ ਜੋਤੀ ਜੋਤਿ ਸਮਾਉਣ ਤੋਂ ਕਈ ਵਰ੍ਹੇ ਬਾਅਦ ਵਿੱਚ ਬਣਾਇਆ ਸੀ, ਸੋ ਇਹ ਆਖਣ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ, ਕਿ ਗੁਰੂ ਅਮਰਦਾਸ ਆਪਣੇ ਸਮੇਂ ਤੋਂ ਬਹੁਤ ਅੱਗੇ ਸਨ ਅਤੇ ਉਨ੍ਹਾਂ ਦਾ ਜੀਵਨ ਬਾਰੇ ਦ੍ਰਿਸ਼ਟੀਕੋਨ ਅਗਰ-ਗਾਮੀ ਸੀ।

ਹੇਠ ਲਿਖੀਆਂ ਤੁਕਾਂ ਦੁਆਰਾ ਗੁਰੂ ਅਮਰਦਾਸ ਨੇ ਜਿਥੇ ਜਬਰੀ ਜਾਂ ਮਨ-ਮਰਜ਼ੀ ਨਾਲ ਸਤੀ ਹੋਣ ਦੀ ਰਸਮ ਦਾ ਖੰਡਨ ਕੀਤਾ ਹੈ, ਉਥੇ ਆਦਰਸ਼-ਸਤੀ ਜਾਂ ਆਦਰਸ਼-ਪਤਨੀ ਦੇ ਲੱਛਣ ਭੀ ਦੱਸੇ ਹਨ। ਗੁਰੂ ਅਮਰਦਾਸ ਦੀ ਸਮੁੱਚੀ-ਵਿਚਾਰਧਾਰਾ ਹਠ ਅਤੇ ਜਬਰ ਦੇ ਥਾਂ ਸਹਿਜ-ਸੁਭਾ ਆਪਣੇ ਲਖਸ਼ ਨੂੰ ਪ੍ਰਾਪਤ ਕਰਨ ਉਤੇ ਜ਼ੋਰ ਦਿੰਦੀ ਹੈ। ਚਿਤਾ ਉਤੇ ਜਲ ਕੇ ਸੜਨ ਨਾਲੋਂ ਪਤੀ ਦੀ ਯਾਦ ਨੂੰ ਸੀਨੇ ਵਿੱਚ ਜਗਾਈ ਰੱਖਣਾ ਅਰਥਾਤ ਬਿਰਹਾ ਦੀ ਚੋਟ ਨਾਲ ਮਰਨਾ ਵਧੇਰੇ ਕਲਿਆਣਕਾਰੀ ਹੈ। ਗੁਰਦੇਵ ਲਿਖਦੇ ਹਨ:-

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ।1।ਮ:3।
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ ।
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ ।2।ਮ:3।
(ਵਾਰ ਸੂਹੀ ਕੀ ਮ:3)[3]

---

1. ਭਾਈ ਕਾਹਨ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1860, ਪੰਨਾ 112

2. Elliot & Dowson-History of India (as told by its own Historians), Vol.VK, 1965, P.69 and 395.

3. ਆਦਿ-ਗ੍ਰੰਥ.........ਪੰਨਾ 787

(5) ਉਦਾਸੀ-ਮਤ ਅਤੇ ਗੁਰੂ ਅਮਰਦਾਸ

ਕਨਿੰਘਮ[1] ਨੇ ਇਕ ਥਾਂ ਲਿਖਿਆ ਹੈ, ਕਿ ਗੁਰੂ ਅਮਰਦਾਸ ਨੇ ਵਿਰਕਤੀ-ਉਦਾਸੀਆਂ ਨੂੰ ਗ੍ਰਿਹਸਥੀ-ਸਿੱਖਾਂ ਨਾਲੋਂ ਬਿਲਕੁਲ ਅੱਡ ਸੰਪ੍ਰਦਾਏ ਆਖ ਕੇ ਗੁਰਮਤਿ ਦੇ ਪ੍ਰੰਗਰਦੇ-ਧਰਮ ਨੂੰ ਭਾਰਤ ਦੇ ਅਨੇਕਾਂ ਭੇਖਾਂ ਦੀ ਭੀੜ ਵਿੱਚ ਗੁਆਚਣ ਤੋਂ ਬਚਾ ਲਿਆ।" ਬੇਸ਼ਕ ਗੁਰੂ ਨਾਨਕ ਜਾਂ ਗੁਰੂ ਅੰਗਦ ਆਦਿਕ ਕਿਸੇ ਭੀ ਗੁਰੂ ਨੇ ਆਪਣੇ ਆਪ ਨੂੰ ਕਦੇ ਉਦਾਸੀ-ਮਤ ਨਾਲ ਸੰਬੰਧਤ ਨਹੀਂ ਸੀ ਕੀਤਾ, ਪਰ ਬਾਬਾ ਸਿਰੀ ਚੰਦ[1], ਗੁਰੂ ਨਾਨਕ ਦਾ ਸਪੁੱਤਰ ਹੋਣ ਤੋਂ ਉਪਰੰਤ ਉਨ੍ਹਾਂ ਦਾ ਸਿੱਖ ਭੀ ਸੀ। ਇਸਲਈ ਗੁਰੂ ਨਾਨਕ ਦੇਵ ਦੇ ਜੋਤੀ ਜੋਤਿ ਸਮਾਉਣ ਤੋਂ ਉਪਰੰਤ ਜਦੋਂ ਬਾਬਾ ਸਿਰੀ ਚੰਦ ਨਿਰੋਲ ਉਦਾਸੀ-ਮਤ ਦਾ ਸੰਚਾਲਕ ਬਣ ਗਿਆ, ਗੁਰਮਤਿ ਅਤੇ ਉਦਾਸੀ-ਮਤ ਵਿੱਚ ਸਿਧਾਂਤਕ-ਵਿਰੋਧ ਹੋਰ ਭੀ ਵਧ ਗਿਆ। ਕਿਉਂਕਿ ਗੁਰੂ ਅਮਰਦਾਸ ਦੀ ਬਾਣੀ ਵਿੱਚ "ਗਿਰਹੀ ਮਾਹਿ ਉਦਾਸਾ" ਦਾ ਵਾਰ ਵਾਰ ਸੰਕੇਤ ਕੀਤਾ ਗਿਆ ਹੈ, ਸੋ ਉਦਾਸੀ-ਸੰਪ੍ਰਦਾਏ ਨਾਲੋਂ ਗੁਰਮਤਿ ਦਾ ਮਾਰਗ ਬਿਲਕੁਲ ਅੱਡਰਾ ਹੈ। ਗੁਰੂ ਨਾਨਕ ਨੂੰ ਉਦਾਸੀ-ਮਤ ਦਾ ਸੰਚਾਲਕ ਆਖਣ ਵਾਲੇ ਭੁੱਲ ਜਾਂਦੇ ਹਨ, ਕਿ ਗੁਰੂ ਨਾਨਕ ਨੇ ਜਗਤ ਦੇ ਉਧਾਰ ਲਈ ਕਈ ਵਾਰ ਉਦਾਸੀ-ਭੇਖ ਜ਼ਰੂਰ ਧਾਰਨ ਕੀਤਾ, ਪਰ ਭੇਖ ਇਕ ਸਾਧਨ ਸੀ, ਆਦਰਸ਼ ਨਹੀਂ ਸੀ। ਭਾਈ ਰਣਧੀਰ ਸਿੰਘ ਨੇ ਭੀ "ਉਦਾਸੀ ਸਿੱਖਾਂ ਦੀ ਵਿਥਿਆ" ਪੁਸਤਕ ਰਾਹੀਂ ਇਸ ਗੱਲ ਨੂੰ ਮੰਨਿਆ ਹੈ, ਕਿ "ਜੋ ਉਦਾਸੀ-ਭੇਖ ਤੇ ਰੀਤਿ ਸਤਿਗੁਰੂ ਨਾਨਕ ਨੇ ਧਾਰਨ ਕੀਤੀ, ਉਹ ਉਨ੍ਹਾਂ ਦਾ "ਪ੍ਰਯੋਜਨ" ਯਾ "ਮਤ" ਨਹੀਂ ਸੀ, ਸਗੋਂ ਸਾਧਨ ਸੀ, ਸੱਚੁ ਧਰਮ ਦੇ ਪ੍ਰਚਾਰ ਦਾ।"[2] ਸੋ ਜੇਕਰ ਗੁਰੂ ਨਾਨਕ ਦਾ ਸਪੁੱਤਰ ਹੋਣ ਦੇ ਨਾਤੇ, ਬਾਬਾ ਸਿਰੀ ਚੰਦ ਦੇ ਉਦਾਸੀ-ਮਤ ਨਾਲ ਕੁਝ ਇੱਕ ਸ਼ਰਧਾਲੂ-ਸਿੱਖਾਂ ਦੀ ਸਾਂਝ ਬਣੀ ਭੀ ਰਹੀ ਸੀ, ਤਾਂ ਗੁਰੂ ਅਮਰਦਾਸ ਦੇ ਸਮੇਂ ਤਕ ਪਹੁੰਚਣ ਤੇ ਉਪਰੋਕਤ ਪਰਸਪਰ-ਸਾਂਝ ਨਾ ਹੋਣ ਦੇ ਬਰਾਬਰ ਰਹਿ ਗਈ।

(6) ਗੁਰਮਤਿ ਦੀ ਸਿਧਾਂਤਕ-ਵਿਆਖਿਆ

ਮਹਿਮਾ ਪ੍ਰਕਾਸ਼, ਗੁਰਪ੍ਰਤਾਪ ਸੂਰਜ ਗ੍ਰੰਥ ਅਤੇ ਗੁਰਕੀਰਤ ਪ੍ਰਕਾਸ਼ ਤੋਂ ਛੁੱਟ ਗੁਰੂ ਅਮਰਦਾਸ ਦੇ ਜੀਵਨ ਅਤੇ ਸ਼ਖ਼ਸੀਅਤ ਬਾਰੇ ਅਨੇਕਾਂ ਸਾਖੀਆਂ ਅਤੇ ਗੋਸ਼ਟਾਂ ਨੂੰ ਗਹੁ ਨਾਲ ਵਾਚਣ ਉਪਰੰਤ ਸਿੱਧ ਹੁੰਦਾ ਹੈ, ਕਿ ਗੁਰਦੇਵ ਨੇ ਗੁਰਬਾਣੀ ਦੀ ਸਿਧਾਂਤਕ-ਵਿਆਖਿਆ ਅਤੇ ਗੁਰਮਤਿ ਦੇ ਗਿਆਨ ਨੂੰ ਫੈਲਾਉਣ ਲਈ ਕਈ ਉਪਰਾਲੇ ਕੀਤੇ। ਗੁਰੂ ਅਮਰਦਾਸ ਦੀ ਨਿੱਜੀ-ਬਾਣੀ ਵਿੱਚ ਭੀ ਗੁਰਮਤਿ ਦੀ ਸਿਧਾਂਤਕ-ਵਿਆਖਿਆ ਦਾ ਰੰਗ ਬਹੁਤ ਪ੍ਰਭਾਵਸ਼ਾਲੀ ਹੈ। ਤੀਰਥ-ਯਾਤ੍ਰਾ (ਜਿਸਦਾ ਵਰਣਨ ਉੱਪਰ ਕੀਤਾ ਜਾ ਚੁੱਕਾ ਹੈ) ਸਮੇਂ

---

1. J. D. Cunningham- A History of the Sikhs (Indian Edition, 1955), P.44
2. ਭਾਈ ਰਣਧੀਰ ਸਿੰਘ-ਉਦਾਸੀ-ਸਿੱਖਾਂ ਦੀ ਵਿਥਿਆ, ਅੰਮ੍ਰਿਤਸਰ, 2016 ਬਿਕ੍ਰਮੀ, ਪੰਨੇ 39 ਅਤੇ 12

ਕੁਰਖੇਤਰ, ਜਮਨਾ ਅਤੇ ਗੰਗਾ ਆਦਿਕ ਪ੍ਰਸਿਧ ਅਸਥਾਨਾਂ ਉਤੇ ਭੀ ਜ਼ਰੂਰ ਕਈ ਗੋਸ਼ਟੀਆਂ ਅਤੇ ਸ਼ੰਕਾ-ਸਮਾਧਾਨ ਹੋਏ ਹੋਣਗੇ । ਮਾਈਦਾਸ ਵੈਸ਼ਨੋ ਦੇ ਕਪਾਟ ਖੋਲ੍ਹਣ ਬਾਰੇ ਇਕ ਸਾਖੀ ਮਹਿਮਾ ਪ੍ਰਕਾਸ਼[1] ਵਿੱਚ ਹੈ । ਇਸੇਤਰ੍ਹਾਂ ਬੇਣੀ ਪੰਡਿਤ[2](ਜੋ ਸ਼ਾਸਤ੍ਰਾਰਥ ਲਈ ਨੌ ਭਾਰ ਪ੍ਰਾਚੀਨ ਗ੍ਰੰਥਾਂ ਦੇ ਨਾਲ ਲਿਆਇਆ ਸੀ) ਅਤੇ ਮਹਾਜਨਾ ਦੇ ਨਗਰ ਦੇ ਮੁਖੀਆਂ[3]ਦੇ ਸ਼ੰਕੇ ਨਵਿਰਤ ਕਰਨ ਲਈ ਭੀ ਗੁਰਦੇਵ ਨੇ ਗੁਰਮਤਿ ਦੇ ਸਿਧਾਂਤਕ-ਪੱਖ ਨੂੰ ਸਪਸ਼ਟ ਕੀਤਾ । ਇਹ ਭੀ ਆਖਿਆ ਜਾਂਦਾ ਹੈ, ਕਿ "ਇਹ ਮਨੁ ਗਿਰਹੀ ਇਹੁ ਮਨੁ ਉਦਾਸੀ"[4] ਵਾਲਾ ਸ਼ਬਦ ਗੁਰੂ ਅਮਰਦਾਸ ਨੇ ਬੇਣੀ ਪੰਡਿਤ ਪ੍ਰਥਾਇ ਉਚਾਰਿਆ ਸੀ । ਇਹ ਸਭ ਕੁਝ ਜਦੋਂ ਹੋ ਰਿਹਾ ਸੀ, ਭਾਈ ਜੇਠਾ ਜੀ, ਬਾਬਾ ਬੁੱਢਾ ਜੀ, ਬਾਬਾ ਸਾਵਣ ਮੱਲ ਅਤੇ ਭਾਈ ਪਾਰੋ ਜੁਲਕਾ ਪਰਮਹੰਸ ਵਰਗੇ ਅਨੇਕਾਂ ਗੁਰਸਿੱਖ ਭੀ ਗੁਰਮਤਿ ਦੀ ਸਿਧਾਂਤਕ-ਵਿਆਖਿਆ ਵਿੱਚ ਪਰਪੱਕ ਹੋ ਰਹੇ ਸਨ ।ਉਹਨੀਂ ਦਿਨੀਂ ਭਾਈ ਗੁਰਦਾਸ ਬਹੁਤ ਛੋਟੇ ਸਨ, ਪਰ ਜਾਪਦਾ ਹੈ, ਕਿ ਗੁਰੂ ਅਮਰਦਾਸ ਦੀ ਅਸ਼ੀਰਵਾਦ ਮਹਾਨ ਵਾਰ-ਲੇਖਕ ਨੂੰ ਜ਼ਰੂਰ ਪ੍ਰਾਪਤ ਹੋਈ ।

ਜੇਠਾ ਜੀ(ਗੁਰੂ ਰਾਮਦਾਸ) ਨੇ ਤਾਂ(ਮਹਿਮਾ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ਪਿੱਛੇ ਸੰਕੇਤ ਕੀਤੀਆਂ ਸਾਖੀਆਂ ਅਨੁਸਾਰ) ਅਕਬਰ ਦੀ ਅਦਾਲਤ ਵਿੱਚ ਕਈ ਧਰਮਾਂ ਦੇ ਵਿਦਵਾਨਾਂ ਦੇ ਸਨਮੁਖ ਬ੍ਰਾਹਮਣਾਂ ਅਤੇ ਖੱਤਰੀਆਂ ਦੇ ਸਾਰੇ ਅਲਜ਼ਾਮਾਂ ਨੂੰ ਰੱਦ ਕਰਕੇ ਮੁਕੱਦਮਾਂ ਜਿੱਤ ਲਿਆ ਸੀ । ਜੇਠਾ ਜੀ ਦੀ ਜਿੱਤ ਕਿਸੇ ਕਰਾਮਾਤ ਦਾ ਨਤੀਜਾ ਨਹੀਂ ਸੀ, ਸਗੋਂ ਉਨ੍ਹਾਂ ਹਿੰਦੂ-ਧਰਮ ਬਾਰੇ ਬੁਨਿਆਦੀ ਜਾਣਕਾਰੀ ਦਰਸਾਉਣ ਉਪਰੰਤ ਸਿੱਖ-ਧਰਮ ਦੀ ਵਕਾਲਤ ਇਤਨੇ ਵਿਦਵਤਾ-ਭਰਪੂਰ ਢੰਗ ਨਾਲ ਕੀਤੀ ਸੀ, ਕਿ ਅਕਬਰ ਨੂੰ ਆਪਣਾ ਫੈਸਲਾ ਗੁਰੂ ਅਮਰਦਾਸ ਦੇ ਹੱਕ ਵਿੱਚ ਕਰਨਾ ਪਿਆ ਸੀ । ਬੇਸ਼ਕ ਉਪਰੋਕਤ ਘਟਨਾ ਦਾ ਹਵਾਲਾ ਅਕਬਰ ਦੇ ਸਮੇਂ ਨਾਲ ਸੰਬੰਧਤ ਮੁਗਲ-ਰੀਕਾਰਡਾਂ ਵਿੱਚ ਨਹੀਂ ਮਿਲਦਾ, ਪਰ ਅਕਬਰ-ਨਾਮਾ[5] ਅਤੇ ਕਈ ਹੋਰ ਲਿਖਤਾਂ[6] ਰਾਹੀਂ ਇਹ ਜ਼ਰੂਰ ਸਿੱਧ ਹੋ ਜਾਂਦਾ ਹੈ, ਕਿ ਅਕਬਰ ਨੂੰ ਸਾਲਸ ਬਣ ਕੇ ਧਾਰਮਕ-ਝਗੜੇ ਨਿਪਟਾਉਣੇ ਆਉਂਦੇ ਸਨ । ਸੰਨ 1578 ਈਸਵੀ ਤੋਂ ਅਕਬਰ ਦੇ ਸ਼ਾਹੀ-ਇਬਾਦਤਖ਼ਾਨੇ ਵਿੱਚ ਹਰ ਵੀਰਵਾਰ ਵੱਖ ਵੱਖ ਧਰਮਾਂ ਦੇ ਆਲਮ-ਫ਼ਾਜ਼ਲ ਅਕਬਰ ਦੀ ਪ੍ਰਧਾਨਤਾ ਵਿੱਚ ਜੁੜਨ ਲੱਗ ਪਏ ਸਨ ਅਤੇ ਕਾਫੀ ਜ਼ੋਰ ਸ਼ੋਰ ਨਾਲ ਧਾਰਮਕ ਵਾਦ-ਵਿਵਾਦ ਚਲਦਾ ਸੀ । ਹੋ ਸਕਦਾ ਹੈ, ਕਿ ਜੇਠਾ ਜੀ ਅਤੇ ਜਾਤ-ਅਭਿਮਾਨੀ ਬ੍ਰਾਹਮਣਾਂ ਤੇ ਖੱਤਰੀਆਂ ਦਾ ਸਿਧਾਂਤਕ-ਝਗੜਾ ਭੀ ਅਕਬਰ ਲਈ ਸਿੱਖਿਆ ਦਾ ਸਾਧਨ ਬਣਿਆ ਹੋਵੇ ਅਤੇ ਕੁਝ ਵਰ੍ਹੇ ਪਿੱਛੋਂ ਉਸਨੇ ਸ਼ਾਹੀ-ਇਬਾਦਤਖ਼ਾਨੇ ਰਾਹੀਂ ਹਰ ਵੀਰਵਾਰ ਨੂੰ ਧਾਰਮਕ ਵਾਦ-ਵਿਵਾਦ ਦਾ ਮਜਲਸ ਲਗਾਉਣੀ ਆਪਣਾ ਨੇਮ ਬਣਾ ਲਿਆ ਹੋਵੇ ।

---

1.ਮਹਿਮਾ ਪ੍ਰਕਾਸ਼(ਹੱਥਲਿਖਤ),ਖਰੜਾ ਨੰ:1151,ਸਿੱਖ ਰੈਫਰੈਂਸ ਲਾਇਬ੍ਰੇਰੀ(ਅੰਮ੍ਰਿਤਸਰ),ਪੰਨਾ 407
2.ਪੁਨਾ.............ਪੰਨਾ 434
3.ਤੁਖਾਰੀ ਮ:4, ਆਦਿ-ਗ੍ਰੰਥ....ਪੰਨਾ 1117
4.ਮਲਾਰ ਮ:3, ਆਦਿ-ਗ੍ਰੰਥ......ਪੰਨਾ 1261

5.Ellict-Dowson-History of India(as told by its own Historians), Vol.V,1964,P.59-60.
6.H.G.Rawlinson-India(A Short Cultural History),1954,P.311

(7) ਸਾਹਿਤ ਦੀ ਸੰਭਾਲ

ਗੁਰੂ ਅਮਰਦਾਸ ਦੁਆਰਾ ਕਬੀਰ ਅਤੇ ਫ਼ਰੀਦ ਦੇ ਸ਼ਲੋਕਾਂ ਉਤੇ ਆਲੋਚਨਾ ਵਜੋਂ ਲਿਖੇ ਗਏ ਦੋ ਤਿੰਨ ਸ਼ਲੋਕ ਇਸ ਗੱਲ ਦਾ ਪ੍ਰਮਾਣ ਹਨ, ਕਿ ਕਬੀਰ ਅਤੇ ਫ਼ਰੀਦ ਦੀ ਬਾਣੀ ਤਕ ਉਨ੍ਹਾਂ ਦੀ ਪੂਰੀ ਪਹੁੰਚ ਸੀ । ਨਾਮਦੇਵ ਅਤੇ ਕਬੀਰ ਆਦਿਕ ਭਗਤਾਂ ਨੂੰ ਗੁਰਦੇਵ ਨੇ ਸ਼ਰਧਾਂਜਲੀ ਭੀ ਪੇਸ਼ ਕੀਤੀ ਹੈ :-

ਨਾਮਾ ਛੀਬਾ ਕਬੀਰ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ ।
(ਸਿਰੀ ਰਾਗੁ ਮ:3)[2]

ਸੋ ਨਾਮਦੇਵ ਆਦਿਕ ਭਗਤਾਂ ਬਾਰੇ ਭੀ ਇਹ ਗੱਲ ਪੱਕੀ ਹੋ ਜਾਂਦੀ ਹੈ, ਕਿ ਗੁਰੂ ਅਮਰਦਾਸ ਦੇ ਹੱਥਾਂ ਵਿੱਚ ਉਨ੍ਹਾਂ ਭਗਤਾਂ ਦੀ ਬਾਣੀ ਪਹੁੰਚ ਚੁੱਕੀ ਸੀ । ਕਿਉਂਕਿ ਗੁਰੂ ਨਾਨਕ ਦੀ ਬਾਣੀ ਦਾ ਗੁਰੂ ਅਮਰਦਾਸ ਦੀ ਬਾਣੀ ਉਤੇ ਸੰਘਣਾ ਪ੍ਰਭਾਵ ਹੈ ਅਤੇ ਗੁਰੂ ਅੰਗਦ ਦੀ ਸੇਵਾ ਵਿੱਚ ਗੁਰਦੇਵ ਬਾਰ੍ਹਾਂ ਵਰ੍ਹਿਆਂ ਤੋਂ ਭੀ ਵਧੀਕ ਸਮਾਂ ਰਹੇ, ਇਸਲਈ ਪ੍ਰਤੀਤ ਹੁੰਦਾ ਹੈ, ਕਿ ਪਹਿਲੇ ਦੋਹਾਂ ਗੁਰੂਆਂ ਦੀ ਬਾਣੀ ਭੀ ਗੁਰੂ ਅਮਰਦਾਸ ਨੇ ਇਕੱਤਰ ਕਰ ਲਈ ਸੀ । ਹੋ ਸਕਦਾ ਹੈ, ਕੁਰਖੇਤਰ, ਜਮਨਾ ਅਤੇ ਗੰਗਾ ਦੀ ਯਾਤ੍ਰਾ ਸਮੇਂ ਆਦਿ-ਗ੍ਰੰਥ ਵਿੱਚ ਸ਼ਾਮਿਲ ਕਈ ਹੋਰ ਭਗਤਾਂ ਦੀ ਬਾਣੀ ਭੀ ਗੁਰੂ ਅਮਰਦਾਸ ਨੇ ਪ੍ਰਾਪਤ ਕੀਤੀ ਹੋਵੇ, ਕਿਉਂਕਿ ਉਪਰੋਕਤ ਤੀਰਥਾਂ ਉਤੇ ਵੱਖ ਵੱਖ ਸੰਤ-ਕਵੀਆਂ ਦੇ ਸ਼ਰਧਾਲੂਆਂ ਦਾ ਮਿਲਣਾ ਸੁਭਾਵਕ ਸੀ । ਬੇਸ਼ਕ ਆਦਿ-ਗ੍ਰੰਥ ਨੂੰ ਸੰਪਾਦਨ ਕਰਨ ਦਾ ਸਭ ਤੋਂ ਔਖਾ ਕੰਮ ਪਿੱਛੋਂ ਜਾ ਕੇ ਗੁਰੂ ਅਰਜਨ ਦੇਵ ਨੂੰ ਕਰਨਾ ਪਿਆ, ਪਰ ਸਾਡਾ ਵਿਸ਼ਵਾਸ ਹੈ, ਕਿ ਗੁਰੂ ਅਮਰਦਾਸ ਨੇ ਗੁਰੂ ਅਰਜਨ ਦੇਵ ਤੋਂ ਪਹਿਲਾਂ ਕਾਫ਼ੀ ਮਾਤ੍ਰਾ ਵਿੱਚ ਗੁਰੂ-ਸਾਹਿਤ ਅਤੇ ਭਗਤ-ਬਾਣੀ ਨੂੰ ਇਕੱਤਰ ਕਰ ਲਿਆ ਸੀ । ਦੂਜੇ ਸ਼ਬਦਾਂ ਵਿੱਚ ਗੁਰੂ ਅਮਰਦਾਸ ਨੇ ਗੁਰੂ ਅਰਜਨ ਦੇਵ ਲਈ ਆਦਿ-ਗ੍ਰੰਥ ਨੂੰ ਸੰਪਾਦਨ ਕਰਨ ਦਾ ਕੰਮ ਕਾਫ਼ੀ ਹੱਦ ਤਕ ਸਰਲ ਕਰ ਛੱਡਿਆ ਸੀ। ਸਿੱਖ-ਪੰਥ ਵਿੱਚ ਇਹ ਰਵਾਇਤ ਭੀ ਸਦੀਆਂ ਤੋਂ ਤੁਰੀ ਆ ਰਹੀ ਹੈ, ਕਿ ਆਦਿ-ਗ੍ਰੰਥ ਨੂੰ ਸੰਪਾਦਨ ਕਰਨ ਸਮੇਂ ਗੁਰੂ ਅਰਜਨ ਦੇਵ ਨੇ ਬਾਬਾ ਮੋਹਨ (ਗੁਰੂ ਅਮਰਦਾਸ ਦਾ ਸਪੁੱਤਰ) ਪਾਸੋਂ ਗੁਰਬਾਣੀ ਦੀਆਂ ਪੋਥੀਆਂ ਪ੍ਰਾਪਤ ਕੀਤੀਆਂ ਸਨ। ਗੁਰਪ੍ਰਤਾਪ ਸੂਰਜ ਗ੍ਰੰਥ[3], ਮੈਕਾਲਿਫ਼[4] ਅਤੇ ਭਾਈ ਕਾਹਨ ਸਿੰਘ[5] (ਕਰਤਾ ਗੁਰਸ਼ਬਦ ਰਤਨਾਕਰ ਮਹਾਨ ਕੋਸ਼) ਦੁਆਰਾ ਇਸ ਰਵਾਇਤ ਦੀ ਤਸਦੀਕ ਹੋ ਜਾਂਦੀ ਹੈ । ਕਵੀ ਸੰਤੋਖ ਸਿੰਘ (ਕਰਤਾ ਗੁਰਪ੍ਰਤਾਪ ਸੂਰਜ ਗ੍ਰੰਥ)[3] ਸੰਬੰਧਤ ਪੋਥੀਆਂ ਵਿੱਚ ਬਾਣੀ ਦਾ ਉਤਾਰਾ ਸੰਸਰਾਮ (ਬਾਬਾ ਮੋਹਨ ਦਾ ਸਪੁੱਤਰ) ਦੁਆਰਾ ਮੰਨਦਾ ਹੈ, ਪਰ ਸੰਬੰਧਤ ਪੋਥੀਆਂ ਦੀ ਸੇਵਾ-ਸੰਭਾਲ ਕਰਨ ਵਾਲੇ ਪ੍ਰੇਮੀ ਉਨ੍ਹਾਂ ਪੋਥੀਆਂ ਨੂੰ ਗੁਰੂ ਅਮਰਦਾਸ ਦੁਆਰਾ ਲਿਖੀਆਂ ਗਈਆਂ ਦਸਦੇ ਹਨ। ਪਰ ਇਸ ਬਾਰੇ ਪੱਕੀ ਤਰ੍ਹਾਂ ਕੁਝ ਨਹੀਂ ਆਖਿਆ ਜਾ ਸਕਦਾ, ਕਿਉਂਕਿ ਸੰਬੰਧਤ ਪੋਥੀਆਂ ਵਿੱਚ ਗੁਰੂ ਅਮਰਦਾਸ ਦੇ ਦਸਖ਼ਤਾਂ

---

1. ਆਦਿ-ਗ੍ਰੰਥ............ਪੰਨੇ 947,948,380 ਅਤੇ 1383
2. ਆਦਿ-ਗ੍ਰੰਥ............ਪੰਨਾ 67
3. ਕਵੀ ਸੰਤੋਖ ਸਿੰਘ-ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 1 ਅੰਸੂ 60
4. ਮੈਕਾਲਿਫ਼-"ਸਿੱਖ ਰਿਲੇਜਨ" (ਅੰਗ੍ਰੇਜ਼ੀ), ਭਾਗ ਤੀਜਾ, 1909 ਐਡੀਸ਼ਨ, ਪੰਨੇ 55 ਤੋਂ 58
5. ਭਾਈ ਕਾਹਨ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1960, ਪੰਨੇ 320 ਅਤੇ 177

ਬਾਰੇ ਕਿਸੇ ਨੇ ਹਾਮੀ ਨਹੀਂ ਭਰੀ । ਵੈਸੇ ਪ੍ਰਿੰ:ਪ੍ਰੀਤਮ ਸਿੰਘ[1] ਨੇ ਪਟਿਆਲੇ ਵਾਲੀ ਪੋਥੀ ਦੇ ਪੰਨਾ 93 ਉਤੇ ਅਤੇ ਪ੍ਰਿੰ:ਜੋਧ ਸਿੰਘ[2] ਨੇ ਪੰਨਾ 94 ਉਤੇ( ਦੋਹਾਂ ਵਿੱਚੋਂ ਇੱਕ ਨੂੰ ਪੰਨਾ ਨੰਬਰ ਦੀ ਗਲਤੀ ਲੱਗੀ ਹੈ) "ਗਲਾਮ ਮਸਤਾਨ ਜੇਠ ਚੰਦ" ਦੇ ਦਸਖ਼ਤਾਂ ਵਲ ਸੰਕੇਤ ਕੀਤਾ ਹੈ। ਜੇਠ ਚੰਦ, ਗੁਰੂ ਰਾਮਦਾਸ ਦਾ ਗੁਰਸਿੱਖੀ ਦੇ ਸਮੇਂ ਨਾਲ ਸੰਬੰਧਤ ਨਾਮ ਹੈ। ਕਿਉਂਕਿ ਪ੍ਰਿੰ:ਜੋਧ ਸਿੰਘ[2] ਨੇ ਬਾਬਾ ਪ੍ਰੇਮ ਸਿੰਘ ਹੋਤੀ (ਜਿਸਦੀ ਇਨ੍ਹਾਂ ਪੋਥੀਆਂ ਤਕ ਲੰਮੇ ਸਮੇਂ ਲਈ ਪਹੁੰਚ ਰਹੀ) ਦੀ ਇਕ ਜ਼ਾਤੀ-ਚਿੱਠੀ ਦਾ ਹਵਾਲਾ ਦਿੰਦੇ ਹੋਇਆਂ ਇਹ ਸੰਕੇਤ ਭੀ ਕੀਤਾ ਹੈ, ਕਿ ਬਾਬਾ ਪ੍ਰੇਮ ਸਿੰਘ ਹੋਤੀ ਦੀ ਖੋਜ ਅਨੁਸਾਰ "ਗੁਲਾਮ ਮਸਤਾਨ ਜੇਠ ਚੰਦ" ਨਾਲ ਮਿਲਦੀ ਜੁਲਦੀ ਲਿਖਤ ਸੰਬੰਧਤ ਪੋਥੀਆਂ ਵਿੱਚ ਕੇਵਲ ਦੋ ਸ਼ਬਦਾਂ ਦੀ ਹੈ, ਸੋ ਇਸ ਬਾਰੇ ਅਜੇ ਹੋਰ ਖੋਜ ਦੀ ਲੋੜ ਹੈ, ਕਿ ਸੰਬੰਧਤ ਪੋਥੀਆਂ ਕਿਸ ਮਹਾਂ-ਪੁਰਖ ਦੀ ਕਲਮ ਨਾਲ ਲਿਖੀਆਂ ਗਈਆਂ। ਕੁਝ ਭੀ ਹੈ, ਇਨ੍ਹਾਂ ਪੋਥੀਆਂ ਦੀ ਸਾਹਿਤਕ-ਕੀਮਤ ਬਹੁਤ ਹੈ। ਪ੍ਰਿੰ:ਪ੍ਰੀਤਮ ਸਿੰਘ[1] ਨੇ "ਸਾਖੀਆਂ ਗੁਰੂ ਅਮਰਦਾਸ ਭੱਲੇ ਕੀਆਂ" ਦੇ ਆਧਾਰ ਉਤੇ ਸੰਬੰਧਤ ਪੋਥੀਆਂ ਦਾ ਰਚਨਾ-ਕਾਲ 1565 ਈਸਵੀ ਤੋਂ 1574 ਈਸਵੀ( ਗੁਰੂ ਅਮਰਦਾਸ ਦੀ ਗੁਰਗੱਦੀ ਦੇ ਸਮੇਂ ਨਾਲ ਸੰਬੰਧਤ ਸਮਾਂ) ਦੇ ਵਿਚਕਾਰ ਮੰਨਿਆ ਹੈ। ਪਰ ਸੰਬੰਧਤ ਪੋਥੀਆਂ ਵਿੱਚ ਕਿਧਰੇ ਉਨ੍ਹਾਂ ਦੇ ਲਿਖਣ ਦਾ ਸੰਮਤ ਨਹੀਂ ਮਿਲ ਸਕਿਆ। ਸੋ ਇਸ ਬਾਰੇ ਭੀ ਅਜੇ ਹੋਰ ਖੋਜ ਦੀ ਲੋੜ ਹੈ ।

ਅਸਾਂ ਉੱਪਰ-ਕਥਿਤ ਪੋਥੀਆਂ ਦੇ ਦਰਸ਼ਨ ਕੀਤੇ ਹਨ। ਇਕ ਪੋਥੀ ਅੱਜ ਕੱਲ ਮੰਡੀ ਦਾਰਾਪੁਰ (ਭਾਈ ਕਾਹਨ ਸਿੰਘ[3] ਨੇ ਪਿੰਡ ਅਹੀਆਪੁਰ ਲਿਖਿਆ ਸੀ, ਪਰ ਹੁਣ ਉੱਥੋਂ ਪੋਥੀ ਦੀ ਸੇਵਾ-ਸੰਭਾਲ ਵਾਲੇ ਸੱਜਣ ਸੰਬੰਧਤ ਪੋਥੀ ਮੰਡੀ ਦਾਰਾਪੁਰ ਲੈ ਆਏ ਹਨ), ਟਾਂਡਾ ਉੜਮੁੜ(ਜ਼ਿਲਾ ਹੁਸਿਆਰਪੁਰ) ਵਿੱਚ ਬਾਬਾ ਦਲੀਪ ਦੇ ਪਾਸ ਪਈ ਹੈ ਅਤੇ ਦੂਜੀ ਪੋਥੀ ਮਹੱਲਾ ਛੱਪੜ-ਬੰਦੀਆਂ( ਪਟਿਆਲਾ) ਵਿੱਚ ਬਾਵਾ ਭਗਤ ਸਿੰਘ ਦੇ ਪਾਸ ਹੈ ।ਪਹਿਲੀ ਪੋਥੀ ਦੇ ਦਰਸ਼ਨ ਸੰਗਰਾਂਦ ਵਾਲੇ ਦਿਨ ਅਤੇ ਦੂਜੀ ਦੇ ਪੂਰਨਮਾਸ਼ੀ ਨੂੰ ਕੀਤੇ ਜਾ ਸਕਦੇ ਹਨ। ਕਿਉਂਕਿ ਸੰਬੰਧਤ ਪੋਥੀਆਂ ਦੇ ਵਾਰਸ ਪੋਥੀਆਂ ਨੂੰ ਵਾਚਣ ਦੀ ਆਗਿਆ ਨਹੀਂ ਦਿੰਦੇ , ਇਸਲਈ ਉਨ੍ਹਾਂ ਬਾਰੇ ਕੋਈ ਭੀ ਨਿਰਣਾ ਅੰਤਮ ਨਹੀਂ ਆਖਿਆ ਜਾ ਸਕਦਾ। ਇਹ ਭੀ ਪੱਕੀ ਤਰ੍ਹਾਂ ਨਹੀਂ ਦੱਸਿਆ ਜਾ ਸਕਦਾ, ਕਿ ਆਦਿ-ਗ੍ਰੰਥ ਵਿੱਚ ਸ਼ਾਮਿਲ ਬਾਣੀ ਨਾਲ ਸੰਬੰਧਤ ਪੋਥੀਆਂ ਵਿਚਲੀ ਬਾਣੀ ਕਿਸ ਹੱਦ ਤਕ ਮੇਲ ਖਾਂਦੀ ਹੈ । ਵੈਸੇ ਪੰਛੀ-ਨਜ਼ਰ ਨਾਲ ਕੁਝ ਇਕ ਪੰਨਿਆ ਨੂੰ ਵਾਚਣ ਉਪਰੰਤ ਹੇਠ ਲਿਖੇ ਨੁਕਤੇ ਵਿਦਵਾਨ ਖੋਜੀਆਂ ਦੀ ਸੇਵਾ ਵਿੱਚ ਪੇਸ਼ ਕੀਤੇ ਜਾਂਦੇ ਹਨ, ਤਾਂਜੋ ਸੰਬੰਧਤ ਪੋਥੀਆਂ ਦੀ ਸਾਹਿਤਕ-ਮਹਾਨਤਾ ਦਰਸਾਈ ਜਾ ਸਕੇ:-

(1) ਪਟਿਆਲੇ ਵਾਲੀ ਪੋਥੀ ਦੇ ਮੁੱਢ ਵਿੱਚ ਗੁਰੂ ਨਾਨਕ ਰਚਿਤ ਰਾਮਕਲੀ ਰਾਗੁ ਦਾ ਸ਼ਬਦ "ਕੋਈ ਪੜਤਾ ਸਹਸਕ੍ਰਿਤੀ ਕੋਈ ਪੜਹ ਪੁਰਾਨਾ"[4] ਦਰਜ ਹੈ ।

---

1. ਵੇਖੋ:ਪ੍ਰੀਤਮ ਸਿੰਘ ਦਾ ਲੇਖ "ਪੰਜਾਬੀ ਬੋਲੀ ਅਤੇ ਗੁਰਮੁਖੀ ਲਿੱਪੀ ਬਾਰੇ"-ਪੁਸਤਕ ਦਾ ਨਾਮ "ਪੰਜਾਬ" ਸੰਪਾਦਕ ਡਾ:ਐਮ.ਐਸ.ਰੰਧਾਵਾ, ਪ੍ਰਕਾਸ਼ਕ:ਭਾਸ਼ਾ ਵਿਭਾਗ( ਪੰਜਾਬ), 1960, ਪੰਨਾ 386
2. ਪ੍ਰਿੰ:ਜੋਧਸਿੰਘ ਦਾ ਮੁਖ-ਬੰਧ( ਡਾ:ਰਤਨ ਸਿੰਘ ਜੱਗੀ ਦੁਆਰਾ ਸੰਪਾਦਤ ਪੁਸਤਕ "ਗੁਰੂ ਨਾਨਕ ਬਾਣੀ"-1968 ਐਡੀਸ਼ਨ।
3. ਭਾਈ ਕਾਹਨ ਸਿੰਘ-ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 25
4. ਆਦਿ-ਗ੍ਰੰਥ..........ਪੰਨਾ 876

(2) ਗੁਰੂ ਨਾਨਕ ਅਤੇ ਗੁਰੂ ਅਮਰਦਾਸ ਆਦਿਕ ਗੁਰੂਆਂ ਤੋਂ ਛੁੱਟ ਕਈ ਭਗਤਾਂ ਦੀ ਬਾਣੀ ਭੀ ਸੰਬੰਧਤ ਪੋਥੀ ਵਿੱਚ ਮਿਲਦੀ ਹੈ ।

(3) ਸੰਬੰਧਤ ਪੋਥੀ ਵਿੱਚ ਕਈ ਥਾਈਂ ਪੱਤਰੇ ਖਾਲੀ ਛੱਡੇ ਹੋਏ ਹਨ । ਇਸ ਹਾਲਤ ਵਿੱਚ ਲਿਖਤੀ-ਪੰਨਿਆਂ ਦੀ ਕੁਲ ਗਿਣਤੀ ਬਾਰੇ ਪੱਕਾ ਫੈਸਲਾ ਦੇਣ ਤੋਂ ਅਸੀਂ ਝਿਜਕਦੇ ਹਾਂ, ਖਾਸ ਕਰਕੇ ਉਸ ਹਾਲਤ ਵਿੱਚ ਜਦੋਂ ਪੋਥੀਆਂ ਦੇ ਵਾਰਸ ਪੱਤਰੇ ਉਲਟਾਉਣ ਦੀ ਆਗਿਆ ਨਹੀਂ ਦਿੰਦੇ । ਜਿੱਥੋਂ ਤਕ ਪੱਤਰਿਆਂ ਦੇ ਆਕਾਰ ਦਾ ਸੰਬੰਧ ਹੈ, ਪਟਿਆਲੇ ਵਾਲੀ ਪੋਥੀ ਵਿੱਚ ਗੁਰੂ ਅਮਰਦਾਸ ਦਾ ਸੋਰਠ ਰਾਗ ਨਾਲ ਸੰਬੰਧਤ ਸ਼ਬਦ(ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ)[1] ਢਾਈ ਪੰਨਿਆਂ ਜਿਤਨੀ ਥਾਂ ਨੂੰ ਮੱਲੀ ਬੈਠਾ ਹੈ। ਇਸੇ ਸ਼ਬਦ ਨੇ ਆਦਿ-ਗ੍ਰੰਥ ਦੀ ਪ੍ਰਚਲਤ ਬੀੜ(1430 ਪੰਨੇ) ਦਾ ਅੱਧੇ ਤੋਂ ਭੀ ਥੋੜ੍ਹਾ ਪੰਨਾ ਘੇਰਿਆ ਹੈ।

(4) ਰਾਮਕਲੀ ਅਨੰਦੁ(ਰਚਿਤ ਗੁਰੂ ਅਮਰਦਾਸ) ਦੀ ਚਾਲ੍ਹੀਵੀਂ ਪਉੜੀ(ਅਨੰਦ ਸੁਣਹੁ ਵਡਭਾਗੀਹੋ.....)[2] ਪਟਿਆਲੇ ਵਾਲੀ ਪੋਥੀ ਵਿੱਚ ਨਹੀਂ ਮਿਲਦੀ । ਕਈ ਪ੍ਰਾਚੀਨ ਗ੍ਰੰਥਾਂ[3] ਅਨੁਸਾਰ ਉਂਜ ਭੀ ਇਹ ਮੰਨਿਆ ਜਾਂਦਾ ਹੈ, ਕਿ ਗੁਰੂ ਅਮਰਦਾਸ ਨੇ ਰਾਮਕਲੀ ਅਨੰਦੁ ਦੀਆਂ ਕੇਵਲ 38 ਪਉੜੀਆਂ ਉਚਾਰਨ ਕੀਤੀਆਂ ਸਨ, ਉਨਤਾਲੀਵੀਂ ਪਉੜੀ ਗੁਰੂ ਰਾਮਦਾਸ ਨੇ ਅਤੇ ਚਾਲ੍ਹੀਵੀਂ ਗੁਰੂ ਅਰਜਨ ਦੇਵ ਨੇ ਅਨੰਦ-ਬਾਣੀ ਦੇ ਮੰਗਲ ਵਜੋਂ ਉਚਾਰਨ ਕੀਤੀਆਂ । ਕਿਉਂਕਿ ਪਟਿਆਲੇ ਵਾਲੀ ਪੋਥੀ ਵਿੱਚ ਉਨਤਾਲੀਵੀਂ ਪਉੜੀ ਜ਼ਰੂਰ ਮਿਲਦੀ ਹੈ ਅਤੇ ਸੰਬੰਧਤ ਪਉੜੀ ਉਸੇ ਸਿਆਹੀ ਨਾਲ ਲਿਖੀ ਹੋਈ ਹੈ ਜਿਸ ਨਾਲ ਬਾਕੀ ਦੀਆਂ ਅਠੱਤੀ ਪਉੜੀਆਂ, ਸੋ ਇਹੋ ਪ੍ਰਤੀਤ ਹੁੰਦਾ ਹੈ, ਕਿ ਉਨਤਾਲੀ ਦੀਆਂ ਉਨਤਾਲੀ ਪਉੜੀਆਂ ਹੀ ਗੁਰੂ ਅਮਰਦਾਸ ਨੇ ਉਚਾਰਨ ਕੀਤੀਆਂ ਸਨ । ਸੰਬੰਧਤ ਪੋਥੀ ਵਿੱਚ ਜੇਕਰ"ਜੇਠ ਚੰਦ" ਤੋਂ ਭਾਵ ਗੁਰੂ ਰਾਮਦਾਸ ਹਨ, ਤਾਂ ਭੀ ਇਹੋ ਗੱਲ ਸਿੱਧ ਹੁੰਦੀ ਹੈ, ਕਿ ਉਸ ਸਮੇਂ ਗੁਰੂ ਰਾਮਦਾਸ ਅਜੇ ਗੁਰਗੱਦੀ ਉਤੇ ਨਹੀਂ ਸਨ ਬੈਠੇ, ਸੋ ਸ਼ਿਸ਼-ਰੂਪ ਵਿੱਚ ਉਹ ਗੁਰੂ ਅਮਰਦਾਸ ਦੀ ਬਾਣੀ ਨਾਲ ਆਪਣੀ ਪਉੜੀ ਨਹੀਂ ਸਨ ਜੋੜ ਸਕਦੇ ।

(5) ਗੁਰਮੁਖੀ ਵਰਣਮਾਲਾ ਦੇ ਕੁਝ ਇਕ ਅੱਖਰਾਂ (ਅ,ੲ,ਹ,ਘ,ਙ,ਣ ਅਤੇ ਲ, ਆਦਿਕ) ਦੀ ਬਣਾਵਟ ਪ੍ਰਚਲਤ ਅੱਖਰਾਂ ਨਾਲੋਂ ਭਿੰਨਤਾ ਰੱਖਦੀ ਹੈ। ਸੋ ਗੁਰਮੁਖੀ ਵਰਣਮਾਲਾ ਦੇ ਨਿਕਾਸ ਅਤੇ ਵਿਕਾਸ ਬਾਰੇ ਖੋਜ ਕਰਨ ਲਈ ਸੰਬੰਧਤ ਪੋਥੀਆਂ ਕਾਫੀ ਸਹਾਇਤਾ ਕਰ ਸਕਦੀਆਂ ਹਨ। ਪ੍ਰਿੰ:ਪ੍ਰੀਤਮ ਸਿੰਘ[4] ਨੇ ਗੁਰਮੁਖੀ ਲਿੱਪੀ ਦੀ ਖੋਜ ਬਾਰੇ ਆਪਣੇ ਇਕ ਲੇਖ ਦੁਆਰਾ ਪਟਿਆਲੇ ਵਾਲੀ ਪੋਥੀ ਤੋਂ ਕਾਫੀ ਲਾਭ ਪ੍ਰਾਪਤ ਕੀਤਾ ਹੈ ।

(6) ਲਗਾਂ-ਮਾਤ੍ਰਾਂ ਵਿੱਚੋਂ ਕੰਨਾ ਮੂਲੋਂ ਹੀ ਗਾਇਬ ਹੈ। ਅਨੇਕ ਥਾਈਂ ਕੰਨੇ ਦੀ ਥਾਂ ਗੁੜ੍ਹੀ-ਬਿੰਦੀ ਜਾਂ ਸਿਫ਼ਰ ਦਾ ਪ੍ਰਯੋਗ ਕੀਤਾ ਗਿਆ ਹੈ ।

---

1.ਆਦਿ-ਗ੍ਰੰਥ......ਪੰਨਾ 601
2.ਆਦਿ-ਗ੍ਰੰਥ.......ਪੰਨਾ 922
3.ਮਹਿਮਾ ਪ੍ਰਕਾਸ਼(ਹੱਥ-ਲਿਖਤ),ਭਾਈ ਵੀਰ ਸਿੰਘ ਪੁਸਤਕਾਲਯ(ਡੇਰਾਦੂਨ),ਪੰਨਾ 425
4.ਪ੍ਰਿੰ:ਪ੍ਰੀਤਮ ਸਿੰਘ ਦਾ ਲੇਖ(ਗੁਰਮੁਖੀ ਲਿੱਖੀ ਬਾਰੇ ),ਪੁਸਤਕ ਦਾ ਨਾਮ "ਪੰਜਾਬ"—ਸੰਪਾਦਕ:ਡਾ:ਐਮ. ਐਸ.ਰੰਧਾਵਾ,1960, ਪੰਨੇ 386 ਤੋਂ 410

(7) ਬਹੁਤੀ ਥਾਈਂ ਅੱਖਰ ਇਕ ਦੂਜੇ ਨਾਲ ਜੁੜੇ ਹੋਏ ਨਹੀਂ, ਸਗੋਂ ਲੰਡਿਆਂ ਵਾਂਗ ਅੱਡੋ-ਅੱਡਰੇ ਜਾਪਦੇ ਹਨ। ਕਈ ਥਾਈਂ ਲਗਾਂ-ਮਾਤ੍ਰਾਂ ਭੀ ਲੰਡਿਆਂ ਵਾਂਗ ਹੀ ਲੋਪ ਹਨ।

(8) ਲਿਖਾਈ ਕਿਸੇ ਕੱਚੀ-ਉਮਰ ਵਾਲੇ ਬੱਚੇ ਦੀ ਨਹੀਂ, ਸਗੋਂ ਪੱਕੀ-ਉਮਰ ਵਾਲੇ ਵਿਦਵਾਨ ਪੁਰਖ ਦੀ ਜਾਪਦੀ ਹੈ। ਪਟਿਆਲੇ ਵਾਲੀ ਪੋਥੀ ਦੇ ਮੁਢਲੇ ਪੰਨੇ ਉਤੇ ਗੁਰੂ ਨਾਨਕ ਦੇ ਸ਼ਬਦ ਹੇਠਾਂ ਕਾਗ਼ਜ਼ ਦੀ ਜ਼ਮੀਨ ਰੰਗਦਾਰ ਹੈ । ਬਾਕੀ ਸਾਰੀ ਪੋਥੀ ਚਿੱਟੇ ਜਾਂ ਮੋਤੀਆਂ ਜਿਹੇ ਰੰਗ ਦੇ ਮੋਟੇ ਕਾਗ਼ਜ਼ਾਂ ਵਿੱਚ ਪੱਕੀ-ਜਿਲਦ ਨੇ ਸੰਭਾਲ ਰੱਖੀ ਹੈ ।

(ਘ) ਪ੍ਰਸਿਧ-ਸਿੱਖਾਂ ਅਤੇ ਬਾਈ ਮੰਜੀਆਂ ਬਾਰੇ

ਭਾਈ ਗੁਰਦਾਸ ਦੀ ਗਿਆਰਵੀਂ ਵਾਰ[1]ਦੀ ਪੰਦਰ੍ਹਵੀਂ ਪਉੜੀ ਅਨੁਸਾਰ ਪਿਰਥੀਆ, ਤੁਲਸਾ, ਮੱਲਣ, ਰਾਮੂ, ਦੀਪਾ, ਉਗ੍ਰਸੈਣ, ਨਾਗਉਰੀ, ਮੋਹਨ, ਰਾਮੂ ਮਹਿਤਾ, ਅਮਰੂ, ਗੋਪੀ, ਸਹਾਰੂ, ਗੰਗੂ, ਭਾਗੂ, ਖਾਨੂ ਛੁਰਾ, ਤਾਰੂ, ਵੇਗਾ ਪਾਸੀ, ਉਗਰੂ, ਨੰਦੂ ਸੂਦਨਾ, ਪੂਰੋ, ਝੰਟਾ(ਝੰਡਾ), ਮਲੀਆ(ਮਲਿਆਰ), ਸਹਾਰੂ ਛੀਂਬਾ, ਬੂਲਾ ਪਾਂਧਾ, ਆਦਿਕ ਡੱਲ-ਨਿਵਾਸੀ ਸਿੱਖਾਂ ਉਤੇ ਗੁਰੂ ਅਮਰਦਾਸ ਦੀ ਬਖ਼ਸ਼ਿਸ਼ ਹੋਈ। ਭਾਈ ਮਨੀ ਸਿੰਘ[2]ਨੇ "ਸਿੱਖਾਂ ਦੀ ਭਗਤ ਮਾਲ" ਵਿੱਚ ਉਪਰੋਕਤ ਸਿੱਖਾਂ ਦੀ ਕਰਣੀ ਬਾਰੇ ਕੁਝ ਸੰਕੇਤ ਦਿੱਤੇ ਹਨ।

ਗੁਰਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਕਵੀ ਸੰਤੋਖ ਸਿੰਘ[3]ਨੇ ਉਪਰੋਕਤ ਨਾਵਾਂ ਤੋਂ ਛੁੱਟ ਭਾਈ ਕਿਦਾਰੀ, ਮਹੇਸਾ, ਲਾਲੂ, ਦੁਰਗਾ, ਜੀਵੰਦਾ, ਜੱਗਾ, ਖਾਨੂ, ਮਾਈਆ, ਗੋਵਿੰਦ, ਜੋਧ ਰਸੋਈਆ, ਆਦਿਕ ਦੀ ਭੀ ਉਸਤਤਿ ਕੀਤੀ ਹੈ। ਇਸੇਤਰ੍ਹਾਂ ਮਹਿਮਾ ਪ੍ਰਕਾਸ਼[4]ਵਿੱਚ ਵਿਸ਼ੇਸ਼ ਕਰਕੇ ਬੱਲੂ, ਸਾਵਣ ਮੱਲ, ਪਾਰੋ ਜੁਲਕਾ, ਮਾਣਕ ਚੰਦ, ਮਥੋ ਮੁਰਾਰੀ, ਖੇਡਾ ਸੋਇਰੀ, ਫਿਰਿਆ, ਕਟਾਰਾ, ਸੱਚਣ ਸੱਚ, ਗੰਗੋ ਸ਼ਾਹ, ਹੰਦਾਲ ਅਤੇ ਭੀਖਾ ਭੱਟ ਤੋ ਬਿਨਾ ਕਾਬਲ ਦੀ ਇਕ ਪਤਿਬ੍ਰਤ ਮਾਈ ਬਾਰੇ ਲੋਕ-ਪ੍ਰਿਯ ਸਾਖੀਆਂ ਹਨ। ਮਾਈਦਾਸ ਵੈਸ਼ਨੋ, ਬੇਣੀ ਪੰਡਿਤ ਅਤੇ ਦੁਰਗੋ(ਜਿਸਨੇ ਗੁਰੂ ਅਮਰਦਾਸ ਬਾਰੇ ਪੇਸ਼ੀਨਗੋਈ ਕੀਤੀ, ਕਿ ਆਪ ਇਕ ਮਹਾਨ ਅਵਿਤਾਰ ਜਾਂ ਚੱਕ੍ਰਵਰਤੀ ਰਾਜਾ ਬਣੋਗੇ) ਬਾਰੇ ਭੀ ਆਖਿਆ ਜਾਂਦਾ ਹੈ, ਕਿ ਉਹ ਭੀ ਗੁਰੂ ਅਮਰਦਾਸ ਦੀ ਕਿਰਪਾ ਦੇ ਪਾਤਰ ਬਣ ਕੇ ਸਿੱਖ-ਧਰਮ ਵਿੱਚ ਸ਼ਾਮਿਲ ਹੋ ਗਏ ਸਨ।

ਉਪਰੋਕਤ ਗੁਰਸਿੱਖਾਂ ਵਿੱਚੋਂ ਪਾਰੋ ਜੁਲਕਾ ਪਰਮਹੰਸ ਅਤੇ ਬਾਬਾ ਸਾਵਣ ਮੱਲ ਨੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਮਹਿਮਾ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ[5]ਵਿੱਚ ਤਾਂ ਇੱਥੋਂ ਤਕ ਲਿਖਿਆ ਹੈ, ਕਿ ਗੁਰੂ ਅਮਰਦਾਸ ਨੇ ਭਾਈ ਪਾਰੋ ਪਰਮਹੰਸ ਨੂੰ ਗੁਰਗੱਦੀ ਬਖ਼ਸ਼ਣ ਬਾਰੇ ਭੀ ਸੰਕੇਤ ਕੀਤਾ ਸੀ, ਪਰ ਭਾਈ ਪਾਰੋ ਨੇ ਗੁਰੂ ਬਣਨ ਨਾਲੋਂ ਗੁਰਸਿੱਖ ਬਣੇ ਰਹਿਣ ਨੂੰ ਪਸੰਦ ਕੀਤਾ। ਭਾਈ ਪਾਰੋ ਡੱਲੇ(ਜ਼ਿਲਾ

1. ਵਾਰਾਂ ਭਾਈ ਗੁਰਦਾਸ- ਪ੍ਰਕਾਸ਼ਕ ਖਾਲਸਾ ਸਮਾਚਾਰ, ਅੰਮ੍ਰਿਤਸਰ, 1951, ਪੰਨਾ 230
2. ਭਾਈ ਮਨੀ ਸਿੰਘ- ਸਿੱਖਾਂ ਦੀ ਭਗਤ-ਮਾਲ(ਹੱਥ-ਲਿਖਤ), ਖਰੜਾ ਨੰ: 1137, ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ(ਅੰਮ੍ਰਿਤਸਰ), ਪੰਨੇ 80-81
3. ਭਾਈ ਸੰਤੋਖ ਸਿੰਘ- ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 38, 39 ਅਤੇ 40
4. ਮਹਿਮਾ ਪ੍ਰਕਾਸ਼.....ਸਾਰੇ ਪ੍ਰਮਾਣਿਕ ਖਰੜੇ ।
5. ਗੁਰਪ੍ਰਤਾਪ ਸੂਰਜ ਗ੍ਰੰਥ- ਰਾਸਿ 1 ਅੰਸੂ 66

ਕਪੂਰਥਲਾ) ਦੀ ਸੰਗਤ ਦੇ ਮੁਖੀਏ ਸਨ ਅਤੇ ਬਾਬਾ ਸਾਵਣ ਮੱਲ ਬਹੁਤਾ ਸਮਾਂ ਪਹਾੜੀ ਇਲਾਕੇ ਵਿੱਚ ਰਹੇ । ਬਾਬਾ ਬੁੱਢਾ ਜੀ ਵਰਗੇ ਮਹਾਂ-ਪੁਰਖ, ਜਿਨ੍ਹਾਂ ਉਤੇ ਗੁਰੂ ਨਾਨਕ ਦੀ ਅਪਾਰ ਕਿਰਪਾ ਹੋਈ ਸੀ, ਗੁਰੂ ਅਮਰਦਾਸ ਦੇ ਸਮੇਂ ਭੀ ਆਪਣੀ ਥਾਂ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ ।

ਪਰ ਇਸ ਗੱਲ ਦੀ ਸਮਝ ਨਹੀਂ ਆਉਂਦੀ, ਕਿ ਗੁਰੂ ਅਮਰਦਾਸ ਵਲੋਂ ਸਿੱਖੀ ਦੇ ਪ੍ਰਚਾਰ ਲਈ ਬਾਈ ਮੰਜੀਆਂ ਅਸਥਾਪਨ ਕਰਨ ਦੀ ਰਵਾਇਤ ਕਦੋਂ ਅਤੇ ਕਿਵੇਂ ਪ੍ਰਚਲਤ ਹੋ ਗਈ, ਕਿਉਂਕਿ ਬਾਈ ਮੰਜੀਆਂ ਬਾਰੇ ਸਾਡੇ ਹੇਠ ਲਿਖੇ ਸ਼ੰਕਿਆਂ ਦਾ ਜੁਆਬ ਅਜੇ ਤਕ ਕਿਤੋਂ ਨਹੀਂ ਮਿਲ ਸਕਿਆ:-

(1) ਮਹਿਮਾ ਪ੍ਰਕਾਸ਼ ਦੇ ਪ੍ਰਮਾਣੀਕ ਖਰੜਿਆਂ ਵਿੱਚ ਬਾਈ ਮੰਜੀਆਂ ਦੀ ਅਸਥਾਪਨਾਂ ਬਾਰੇ ਸੰਕੇਤ ਜ਼ਰੂਰ ਮਿਲਦਾ ਹੈ, ਪਰ ਸੰਬੰਧਤ ਮੰਜੀਆਂ ਦੇ ਨਾਵਾਂ ਅਤੇ ਥਾਵਾਂ ਦਾ ਵੇਰਵਾ ਨਹੀਂ ਦਿੱਤਾ ਗਿਆ । ਵੈਸੇ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਇਨ੍ਹਾਂ ਮੰਜੀਆਂ ਦੀ ਅਸਥਾਪਨਾਂ ਬਾਰੇ ਸਪਸ਼ਟ ਸ਼ਬਦਾਂ ਰਾਹੀਂ ਸੰਕੇਤ ਭੀ ਨਹੀਂ ਕੀਤਾ ਗਿਆ। ਸੋ ਹੋ ਸਕਦਾ ਹੈ, ਕਿ ਪਿਛਲੇਰੇ-ਕਾਲ ਦੇ ਸਿੱਖ ਇਤਿਹਾਸਕਾਰਾਂ ਨੇ ਆਪਣੇ ਆਪਣੇ ਅਨੁਮਾਨ ਅਨੁਸਾਰ ਬਾਈ ਮੰਜੀਆਂ ਦੀ ਵੱਖੋ ਵੱਖਰੀ ਲਿਸਟ ਤਿਆਰ ਕਰ ਲਈ ਹੋਵੇ ।

(2) ਜਿਵੇਂ ਉੱਪਰ ਸੰਕੇਤ ਕੀਤਾ ਗਿਆ ਹੈ, ਬਾਈ ਮੰਜੀਆਂ ਦੇ ਨਾਵਾਂ(ਕਈ ਹਾਲਤਾਂ ਵਿੱਚ ਥਾਵਾਂ) ਬਾਰੇ ਤਿੰਨ ਵੱਖੋ ਵੱਖਰੀਆਂ ਲਿਸਟਾਂ ਮਿਲਦੀਆਂ ਹਨ। ਸਿੱਖ-ਇਤਿਹਾਸ ਦੇ ਖੋਜੀਆਂ ਦੀ ਸਹੂਲਤ ਲਈ ਅਸੀਂ ਉਨ੍ਹਾਂ ਤਿੰਨਾਂ ਲਿਸਟਾਂ ਨੂੰ (ੳ) ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ), (ਅ) ਗੋਇੰਦਵਾਲ ਦੇ ਸੁਨਹਿਰੀ-ਪੱਤਰੇ ਵਾਲੀ, ਅਤੇ (ੲ) ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਵਾਲੀਆਂ ਲਿਸਟਾਂ ਆਖ ਕੇ ਉਨ੍ਹਾਂ ਦਾ ਆਪੋ ਵਿੱਚ ਟਾਕਰਾ ਕਰਾਂਗੇ :-

(ੳ) <u>ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ) ਵਾਲੀ-ਲਿਸਟ</u>

ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ)[1] ਅਨੁਸਾਰ ਬਾਈ ਮੰਜੀਆਂ ਦੇ ਨਾਮ ਇਸ ਪਰਕਾਰ ਹਨ:-

> ਸਾਵਣ ਮੱਲ, ਸਚਨਿ ਸਚੁ, ਲਾਲੂ, ਮਹੇਸਾ ਧੀਰ, ਭਾਟ(ਸੁਲਤਾਨਪੁਰ), ਭਾਈ ਪਾਰੋ (ਡੱਲਾ), ਖਾਨਾ ਛੁਰਾ(ਡੱਲਾ), ਫਿਰਾ ਕਟਾਰਾ(ਮਾਲਵਾ), ਰੰਗ ਦਾਸ(ਪਿੰਡ ਘਾਘੋ), ਪ੍ਰੇਮਾ(ਬਹਿਰਾਮਪੁਰ), ਬੀਬੀ ਭਾਗੋ(ਕਾਬਲ), ਮਾਣਕ ਚੰਦ ਜੀਵੜਾ(ਵੈਰੋਵਾਲ), ਮਾਈਦਾਸ(ਨਾਰਲੀ), ਖੇਡਾ ਸੋਇਰੀ(ਖੇਮਕਰਨ), ਮਥੋ ਮੁਰਾਰੀ, ਭਾਈ ਹੰਦਾਲ(ਜੰਡਿਆਲਾ), ਸਧਾਰਨ ਲੁਹਾਰ, ਭਲੇ ਬੀਬੇ ਕੇ, ਦੁਰ[illegible]ੀ(ਮਹੇੜਾ ਗ੍ਰਾਮ), ਭੀਖਾ ਭਾਟ(ਸੁਲਤਾਨਪੁਰ), ਕੇਸ਼ੋ ਪੰਡਿਤ ਅਤੇ ਸਾਈਂ ਦਾਸ ਗੋਸਾਈਂ, ਆਦਿਕ ।

(ਅ) <u>ਗੋਇੰਦਵਾਲ ਦੇ ਸੁਨਹਿਰੀ-ਪੱਤਰੇ ਵਾਲੀ ਲਿਸਟ</u>

ਗੁਰਦੁਆਰਾ ਹਵੇਲੀ ਸਾਹਿਬ(ਗੋਇੰਦਵਾਲ) ਦੇ ਵਰਾਂਡੇ ਵਿੱਚ ਇਕ ਸੁਨਹਿਰੀ ਤਸਵੀਰ ਉੱਤੇ ਬਾਈ ਮੰਜੀਆਂ ਦੇ ਨਾਮ ਇਸ ਪਰਕਾਰ ਉੱਕਰੇ ਹੋਏ ਹਨ:-

> ਪਾਰੋ ਜੁਲਕਾ(ਡੱਲਾ), ਲਾਲੂ ਬੁਧੂਵਾਰ(ਭਾਵ ਬੁਧੀਵਾਨ ਤੋਂ ਹੈ), ਮਹੇਸ਼ਾ ਧੀਰ(ਸੁਲਤਾਨਪੁਰ), ਮਾਈਦਾਸ ਬੈਰਾਗੀ, ਮਾਨਕ ਦਾਸ ਜੀਵੜਾ(ਵੈਰੋਵਾਲ), ਸਾਵਣ ਮੱਲ(ਵੈਰੋਵਾਲ), ਮੱਲ ਜੀ ਸੇਵਾ,

---

1. ਬਾਬਾ ਸਾਹਬ ਸਿੰਘ ਪਹੌੜੀਵਾਲੇ ਦਾ ਖਰੜਾ(ਮਹਿਮਾ ਪ੍ਰਕਾਸ਼ ਸ੍ਰੀਗੁਰੂ ਅਮਰਦੇਵ), ਪੰਨੇ 211-212 (ਜਿਵੇਂ ਇਸ ਲੇਖ ਦੇ ਮੁੱਢ ਵਿੱਚ ਸੰਕੇਤ ਕੀਤਾ ਜਾ ਚੁੱਕਾ ਹੈ, ਬਾਬਾ ਸਾਹਿਬ ਸਿੰਘ ਦੇ ਖਰੜੇ ਵਿੱਚ ਮਹਿਮਾ ਪ੍ਰਕਾਸ਼ ਦੇ ਪ੍ਰਮਾਣੀਕ ਨੁਸਖਿਆਂ ਨਾਲੋਂ ਕੁਝ ਸਮਾਚਾਰ ਵਾਧੂ ਹੈ। ਹੋ ਸਕਦਾ ਹੈ, ਕਿ ਭੱਲਾ-ਬੰਸ ਦੇ ਇਤਿਹਾਸ ਵਾਂਗ ਬਾਈ ਮੰਜੀਆਂ ਬਾਰੇ ਵਿਸਥਾਰ ਭੀ ਕਵੀ ਸਰੂਪਦਾਸ ਭੱਲੇ ਦੀ ਥਾਂ ਬਾਬਾ ਬਿਸ਼ਨ ਸਿੰਘ ਜਾਂ ਬਾਬਾ ਸਾਹਿਬ ਸਿੰਘ ਪਹੌੜੀਵਾਲਿਆਂ ਦੀ ਕਲਪਨਾ-ਸ਼ਕਤੀ ਦਾ ਚਮਤਕਾਰ ਹੋਵੇ ।

(ਨਾਮ ਸਪਸ਼ਟ ਨਹੀਂ),ਔਧਾਲ ਜੱਟ(ਜੰਡਿਆਲਾ), ਨਿਸੱਚ(ਜੰਬਰਾਂ ਵਿੱਚ), ਗੰਗੂ ਖੱਤਰੀ (ਘੱਘੋ ਪਿੰਡ), ਸਧਾਰਨ ਲੁਹਾਰ(ਬਕਾਲਾ ਪਿੰਡ), ਮਥੋ ਮੁਰਾਰੀ, ਖੇੜਾ ਸਿਹਰੀ(ਖੇਮਕਰਨ), ਫਿਰਿਆ, ਕਟਾਰਾ(ਮਾਲਵਾ), ਸਾਈਂਦਾਸ ਗੁਸਾਈਂ, ਦਿੱਤੇ ਕੇ ਭਲੇ(ਜਮਦੋਹ), ਮਾਈ ਸੇਵਾਂ (ਕਾਬਲ), ਦੁਰਗੋ ਪੰਡਤ(ਮਹੇੜਾ), ਜੀਤ ਬੰਗਾਲੀ, ਬੀਬੀ ਭਾਗੋ(ਕਸ਼ਮੀਰ) ਅਤੇ ਬੱਲੂ ਨਾਈ(ਵੈਰੋਵਾਲ) ।

(ੲ) ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵਾਲੀ ਲਿਸਟ

ਗੁਰਸ਼ਬਦ ਰਤਨਾਕਰ ਮਹਾਨ ਕੋਸ਼[1]ਦੇ ਕਰਤਾ ਭਾਈ ਕਾਹਨ ਸਿੰਘ ਨੇ ਬਾਈ ਮੰਜੀਆਂ ਦੇ ਨਾਮ ਇਸ ਪਰਕਾਰ ਵਰਣਨ ਕੀਤੇ ਹਨ:-

ਅੱਲਾ ਯਾਰ(ਲਾਹੌਰ), ਸਚਣ ਸਚ, ਸਾਧਾਰਨ(ਗੋਇੰਦਵਾਲ), ਸਾਵਣ ਮੱਲ(ਗੋਇੰਦਵਾਲ), ਸੁੱਖਣ(ਧਮਿਆਲ-ਪੋਠੋਹਾਰ), ਹੰਦਾਲ, ਕੇਦਾਰੀ, ਖੇੜਾ, ਗੰਗੂ ਸ਼ਾਹ(ਗੜ੍ਹ ਸ਼ੰਕਰ), ਦਰਬਾਰੀ, ਪਾਰੋ ਭਾਈ, ਫੇਰਾ,(ਮੀਰਪੁਰ ਜੰਮੂ),ਬੂਆ(ਸ੍ਰੀ ਹਰਿਗੋਬਿੰਦਪੁਰ), ਬੇਣੀ(ਪਿੰਡ ਚੂਹਣੀਆਂ-ਲਾਹੌਰ), ਮਹੇਸਾ(ਸੁਲਤਾਨਪੁਰ), ਮਾਈਦਾਸ(ਨਰੋਲੀ), ਮਾਣਕ ਚੰਦ(ਵੈਰੋਵਾਲ), ਮਥੋ ਮੁਰਾਰੀ(ਖਾਈ ਪਿੰਡ-ਲਾਹੌਰ), ਰਾਜਾ ਰਾਮ(ਪਿੰਡ ਸੰਧਮ-ਜਾਲੰਧਰ), ਰੰਗ ਸ਼ਾਹ(ਪਿੰਡ ਮਲਪੋਤੇ, ਜਾਲੰਧਰ), ਰੰਗ ਦਾਸ(ਘੜੂੰਆਂ) ਅਤੇ ਲਾਲੋ(ਡੱਲਾ ਨਿਵਾਸੀ) ।

ਉਪਰੋਕਤ ਤਿੰਨਾਂ ਲਿਸਟਾਂ ਵਿੱਚ ਕੇਵਲ ਤੇਰ੍ਹਾਂ ਨਾਮ(ਪਾਰੋ ਜੁਲਕਾ, ਸਚਨਿ ਸਚੁ, ਸਾਧਾਰਨ, ਸਾਵਣ ਮੱਲ, ਹੰਦਾਲ, ਖੇੜਾ, ਫਿਰਿਆ(ਜਾਂ ਫੇਰਾ), ਮਹੇਸਾ, ਮਾਈਦਾਸ, ਮਾਣਕ ਚੰਦ, ਮਥੋ ਮੁਰਾਰੀ, ਲਾਲੂ ਜਾਂ ਲਾਲੋ), ਰੰਗਦਾਸ(ਜਾਂ ਗੰਗੂ ਸ਼ਾਹ), ਆਦਿਕ ਸਾਂਝੇ ਹਨ, ਬੇਸ਼ਕ ਇਨ੍ਹਾਂ ਵਿੱਚੋਂ ਭੀ ਕਈ ਮੰਜੀਆਂ ਦੇ ਅਸਥਾਨਾਂ ਬਾਰੇ ਤਿੰਨਾਂ ਲਿਸਟਾਂ ਵਿੱਚ ਮਤ-ਭੇਦ ਹੈ। ਕੁਝ ਭੀ ਹੈ, ਉਪਰੋਕਤ ਤਿੰਨੇ ਦੀਆਂ ਤਿੰਨੇ ਲਿਸਟਾਂ ਸ਼ੰਕਾ ਉਤਪੰਨ ਕਰਦੀਆਂ ਹਨ। ਇਸਦੇ ਉਲਟ ਜੇਕਰ ਤਿੰਨਾਂ ਲਿਸਟਾਂ ਨੂੰ ਹੀ ਸਹੀ ਮੰਨ ਲਿਆ ਜਾਵੇ, ਤਾਂ ਮੰਜੀਆਂ ਦੀ ਗਿਣਤੀ(ਸਾਂਝੇ-ਨਾਵਾਂ ਦੀ ਛੋਟ ਦੇਣ ਉਪਰੰਤ ਭੀ) ਬਾਈ ਦੀ ਥਾਂ ਚਾਲ੍ਹੀ ਹੋ ਜਾਂਦੀ ਹੈ ।

ਜਿਹੜੇ ਪਿੰਡਾਂ, ਸ਼ਹਿਰਾਂ ਜਾਂ ਕਸਬਿਆਂ ਨਾਲ ਕਈ ਮੰਜੀਆਂ ਦੇ ਨਾਮ ਜੋੜੇ ਜਾਂਦੇ ਹਨ, ਉਨ੍ਹਾਂ ਵਿੱਚੋਂ ਦਰਜਨਾਂ ਥਾਵਾਂ ਉੱਤੇ ਜਾ ਕੇ ਲੰਮੀ ਖੋਜ ਕਰਨ ਉਪਰੰਤ ਭੀ ਸਾਨੂੰ ਸੰਬੰਧਤ ਮੰਜੀਆਂ ਦੀ ਕੋਈ ਯਾਦਗਾਰ ਨਹੀਂ ਮਿਲੀ । ਉਦਾਹਰਨ ਵਜੋਂ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਕਰਤਾ ਭਾਈ ਕਾਹਨ ਸਿੰਘ ਦੀ ਲਿਸਟ ਵਿੱਚ ਸ਼ਾਮਿਲ ਭਾਈ ਕੇਦਾਰੀ, ਦਰਬਾਰੀ, ਫੇਰਾ, ਬੂਆ ਅਤੇ ਰੰਗਦਾਸ ਆਦਿਕ ਮੰਜੀਆਂ ਨਾਲ ਸੰਬੰਧਤ ਥਾਵਾਂ(ਕ੍ਰਮਵਾਰ:ਵਟਾਲਾ, ਮਜੀਠਾ, ਮੀਰਪੁਰ, ਹਰਿਗੋਬਿੰਦਪੁਰ ਅਤੇ ਘੜੂੰਆਂ) ਉਤੇ ਉਨ੍ਹਾਂ ਦੀ ਕੋਈ ਯਾਦਗਾਰ ਨਹੀਂ ਦਿਸਦੀ । ਇਹੋ ਗੱਲ ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ) ਦੀ ਲਿਸਟ ਵਿੱਚ ਸ਼ਾਮਿਲ ਕਈ ਮੰਜੀਆਂ, ਜਿਵੇਂ: ਪ੍ਰੇਮਾ(ਬਹਿਰਾਮਪੁਰ) ਅਤੇ ਗੋਇੰਦਵਾਲ ਦੇ ਸੁਨਹਿਰੀ-ਪੱਤਰੇ ਵਾਲੀ ਲਿਸਟ ਵਿੱਚ ਸ਼ਾਮਿਲ ਬੱਲੂ ਨਾਈ(ਵੈਰੋਵਾਲ) ਬਾਰੇ ਆਖੀ ਜਾ ਸਕਦੀ ਹੈ ।

---

1.ਭਾਈ ਕਾਹਨ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼,1960, ਪੰਨਾ 634(634)

ਸ੍ਰੀ ਹਰਿਗੋਬਿੰਦਪੁਰ(ਜ਼ਿਲਾ ਗੁਰਦਾਸਪੁਰ) ਬਾਰੇ ਸਰਕਾਰੀ-ਰੀਕਾਰਡਾਂ ਨੂੰ ਫਰੋਲਣ ਉਪਰੰਤ ਪਤਾ ਲੱਗਦਾ ਹੈ, ਕਿ ਸੰਬੰਧਤ ਨਗਰ ਨੂੰ ਗੁਰੂ ਅਰਜਨ ਦੇਵ ਨੇ ਆਪਣੇ ਸਪੁੱਤਰ ਸ੍ਰੀ ਹਰਿਗੋਬਿੰਦ ਦੇ ਨਾਮ ਤੇ ਜਹਾਂਗੀਰ ਦੇ ਰਾਜ ਵਿੱਚ ਵਸਾਇਆ ਸੀ। ਸੋ ਗੁਰੂ ਅਮਰਦਾਸ ਦੇ ਸਮੇਂ ਉੱਥੇ ਕਿਸੇ ਸਿੱਖ ਨੂੰ ਮੰਜੀ ਬਖ਼ਸ਼ਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਖ਼ਬਰ ਨਹੀਂ, ਭਾਈ ਕਾਹਨ ਸਿੰਘ ਨੇ "ਬੂਆ" ਨਾਮੀ ਸਿੱਖ ਨੂੰ ਗੁਰੂ ਅਮਰਦਾਸ ਪਾਸੋਂ ਮੰਜੀ ਦੀ ਬਖਸ਼ਿਸ਼ ਕਿਵੇਂ ਕਰਵਾ ਦਿੱਤੀ? ਜਿਹੜੀ ਮੰਜੀ ਦਾ ਨਿਸ਼ਾਨ ਅੱਜ ਕੱਲ ਹਰਿਗੋਬਿੰਦਪੁਰ ਵਿੱਚ ਮਿਲਦਾ ਹੈ(ਸਾਰੀ ਇਮਾਰਤ ਤਬਾਹ ਹੋ ਚੁੱਕੀ ਹੈ, ਕੇਵਲ ਖੰਡਰ ਬਾਕੀ ਹੈ), ਉਹ ਗੁਰੂ ਅਰਜਨ ਦੇਵ ਨੇ ਅਸਥਾਪਨ ਕੀਤੀ ਸੀ ਅਤੇ ਉਸ ਉੱਤੇ ਅੱਜ ਤਕ ਕਰਤਾਰਪੁਰ ਦੇ ਸੋਢੀਆਂ ਦਾ ਕਬਜ਼ਾ ਹੈ। ਇਸੇਤਰ੍ਹਾਂ ਖੇੜਾ ਸੋਇਰੀ ਨੂੰ ਤਿੰਨਾਂ ਲਿਸਟਾਂ ਵਿੱਚ ਖੇਮਕਰਨ ਦਾ ਵਸਨੀਕ ਦਰਸਾਇਆ ਗਿਆ ਹੈ, ਪਰ "ਆਈਨਾ-ਇ-ਖੇਮਕਰਨ"[1]ਦੇ ਲੇਖਕ ਪ੍ਰਤਾਪ ਸਿੰਘ ਅਨੁਸਾਰ ਖੇਮਕਰਨ ਦੀ ਨੀਂਹ ਰਾਏ ਖੇਮਕਰਨ ਨੇ ਸਤਾਰ੍ਹਵੀਂ ਸਦੀ ਈਸਵੀ ਦੇ ਆਰੰਭ ਵਿੱਚ ਰੱਖੀ ਸੀ। ਕਿਉਂਕਿ ਖੇਮਕਰਨ ਵਿੱਚ ਖੇੜਾ ਸੋਇਰੀ ਦਾ ਅਸਥਾਨ ਮਿਲਦਾ ਹੈ, ਸੋ ਜਾਪਦਾ ਹੈ,ਜਿਵੇਂ ਸੰਬੰਧਤ ਅਸਥਾਨ ਖੇਮਕਰਨ ਦੇ ਵੱਸਣ ਉਪਰੰਤ ਕਾਇਮ ਕੀਤਾ ਗਿਆ ਹੋਵੇ ।

ਇਕ ਹੋਰ ਗੱਲ ਜੋ ਬਾਈ ਮੰਜੀਆਂ ਦੀ ਅਸਥਾਪਨਾ ਬਾਰੇ ਸ਼ੰਕਾ ਉਤਪੰਨ ਕਰਦੀ ਹੈ, ਉਹ ਇਹ ਹੈ, ਕਿ ਉਪਰੋਕਤ ਤਿੰਨਾਂ ਲਿਸਟਾਂ ਵਿੱਚ ਕਈ ਨਾਮ ਅਜਿਹੇ ਹਨ, ਜਿਨ੍ਹਾਂ ਦਾ ਸੰਕੇਤ ਨਾ ਮਹਿਮਾ ਪ੍ਰਕਾਸ਼ ਵਿੱਚ ਮਿਲਦਾ ਹੈ ਅਤੇ ਨਾ ਹੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ । ਉਦਾਹਰਨ ਵਜੋਂ ਵੇਖੋ: ਬੂਆ, ਦਰਬਾਰੀ, ਸੁੱਖਣ, ਅੱਲਾ ਯਾਰ, ਰਾਜਾ ਰਾਮ, ਰੰਗ ਸ਼ਾਹ, ਰੰਗ ਦਾਸ, ਜੀਤ ਬੰਗਾਲੀ, ਬੀਬੀ ਭਾਗੋ, ਆਦਿਕ ।

ਬਾਬਾ ਹੰਦਾਲ ਨੂੰ ਤਿੰਨਾਂ ਲਿਸਟਾਂ ਵਾਲਿਆਂ ਗੁਰੂ ਅਮਰਦਾਸ ਦੁਆਰਾ ਮੰਜੀ ਦੀ ਬਖ਼ਸ਼ਿਸ਼ ਕਰਵਾਈ ਹੈ, ਪਰ ਬਾਬਾ ਹੰਦਾਲ ਦਾ ਜਨਮ ਉਨ੍ਹਾਂ ਦੀ ਜਨਮ ਸਾਖੀ[2]ਅਨੁਸਾਰ 1630 ਬਿਕ੍ਰਮੀ(ਗੁਰੂ ਅਮਰਦਾਸ ਦੇ ਜੋਤੀ ਜੋਤਿ ਸਮਾਉਣ ਤੋਂ ਕੇਵਲ ਇਕ ਵਰ੍ਹਾ ਪਹਿਲਾਂ) ਵਿੱਚ ਹੋਇਆ। ਬਾਬਾ ਹੰਦਾਲ ਦੀ ਜਿਹੜੀ ਤਸਵੀਰ ਉਨ੍ਹਾਂ ਦੇ ਗੁਰਦੁਆਰੇ(ਜੰਡਿਆਲਾ) ਵਿੱਚ ਪਈ ਹੈ, ਉਸ ਉੱਤੇ ਭੀ ਜਨਮ ਸੰਮਤ 1630 ਬਿਕ੍ਰਮੀ ਲਿਖਿਆ ਹੋਇਆ ਹੈ। ਕਿਉਂਕਿ ਗੁਰੂ ਅਮਰਦਾਸ ਦੇ ਜੋਤੀ ਜੋਤਿ ਸਮਾਉਣ ਸਮੇਂ ਬਾਬਾ ਹੰਦਾਲ ਦੀ ਉਮਰ ਕੇਵਲ ਇੱਕ ਸਾਲ ਦੀ ਦੱਸੀ ਜਾਂਦੀ ਹੈ, ਸੋ ਬਾਬੇ ਹੰਦਾਲ ਦਾ ਨਾਮ ਗੁਰੂ ਅਮਰਦਾਸ ਦੀਆਂ ਬਾਈ ਮੰਜੀਆਂ ਨਾਲ ਜੁੜਦਾ ਠੀਕ ਨਹੀਂ ਜਾਪਦਾ ।

ਅਖੀਰ ਤੇ ਇਹ ਆਖਣਾ ਭੀ ਅਯੋਗ ਨਹੀਂ ਹੋਵੇਗਾ, ਕਿ ਜਿਨ੍ਹਾਂ ਥਾਵਾਂ ਉਤੇ ਉਪਰੋਕਤ ਲਿਸਟਾਂ ਵਾਲੇ ਕੁਝ ਨਾਵਾਂ ਦੀ ਕੋਈ ਯਾਦਗਾਰ ਮਿਲਦੀ ਭੀ ਹੈ,ਉੱਥੋਂ ਕਦੇ ਸਿੱਖ-ਧਰਮ ਜਾਂ ਗੁਰਮਤਿ ਦਾ ਅਜਿਹਾ ਪ੍ਰਚਾਰ ਨਹੀਂ ਹੋਇਆ, ਜਿਸਦਾ ਵਰਣਨ ਕਰਨਾ ਪ੍ਰਾਚੀਨ ਇਤਿਹਾਸਕਾਰਾਂ ਨੇ ਜ਼ਰੂਰੀ ਸਮਝਿਆ ਹੋਵੇ।

---

1.ਪ੍ਰਤਾਪ ਸਿੰਘ- ਆਈਨਾ-ਇ-ਖੇਮਕਰਨ(ਉਰਦੂ),1925, ਪੰਨਾ 38

2.ਵੱਡੀ ਜਨਮ ਸਾਖੀ(ਅਰਥਾਤ ਜੀਵਨ ਚਰਿਤ੍ਰ ਬਾਬਾ ਹੰਦਾਲ), ਜਿਸਨੂੰ ਭਾਈ ਬਿਧੀ ਚੰਦ(ਸਪੁੱਤਰ ਬਾਬਾ ਹੰਦਾਲ) ਨੇ ਵਾਰਤਕ ਵਿੱਚ ਲਿਖਿਆ ਅਤੇ ਪਿੱਛੋਂ ਜਾ ਕੇ ਸਾਈਂਦਾਸ ਮਸੰਦ ਨੇ ਛੰਦਬੰਦ ਕੀਤਾ ।ਛੰਦ-ਬੰਦ ਰੂਪ ਵਿੱਚ ਸੰਬੰਧਤ ਜਨਮ ਸਾਖੀ ਨੂੰ ਨਿਰੰਜਨੀਆ-ਪੰਥ ਵਲੋਂ 1912 ਈਸਵੀ ਵਿੱਚ ਛਾਪਿਆ ਗਿਆ (ਵੇਖੋ: ਬਾਬੇ ਹੰਦਾਲ ਦੇ ਜਨਮ ਬਾਰੇ ਪੰਨਾ 5 ਅਤੇ 6)।

ਇਨ੍ਹਾਂ ਆਖੀਆਂ ਜਾਂਦੀਆਂ ਮੰਜੀਆਂ ਦੇ ਕਈ ਵਾਰਸਾਂ ਨੂੰ ਮਿਲਣ ਦਾ ਮੌਕਾ ਭੀ ਸਾਨੂੰ ਮਿਲਿਆ ਹੈ, ਪਰ ਦੁਖਿਤ ਹਿਰਦੇ ਨਾਲ ਆਖਣਾ ਪੈਂਦਾ ਹੈ, ਕਿ ਸੰਬੰਧਤ ਬੰਦਿਆਂ ਨੂੰ ਗੁਰਬਾਣੀ ਜਾਂ ਗੁਰਮਤਿ ਬਾਰੇ ਆਮ ਸਿੱਖਾਂ ਜਿਤਨੀ ਭੀ ਵਾਕਫੀਅਤ ਨਹੀਂ। ਮਿਸਾਲ ਲਈ ਮਾਣਕ ਚੰਦ ਜੀਵੜੇ ਦੀ ਅੰਸ ਵਿੱਚੋਂ ਬਾਵਾ ਗੱਜਰ ਸਿੰਘ (ਉਮਰ ਲਗਪਗ 85 ਸਾਲ) ਨੂੰ ਜਦੋਂ ਮੈਂ ਵੈਰੋਵਾਲ ਜਾ ਕੇ ਮਿਲਿਆ, ਉਸ ਨੇ ਸੱਚੋ ਸੱਚ ਦੱਸਣ ਦੀ ਕ੍ਰਿਪਾਲਤਾ ਕੀਤੀ, ਕਿ ਗੁਰਮਤਿ ਦਾ ਪ੍ਰਚਾਰ ਕਰਨਾ ਤਾਂ ਕਿਤੇ ਰਿਹਾ, ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਭੀ ਕਦੇ ਕਦਾਈਂ ਹੀ ਨਸੀਬ ਹੁੰਦੇ ਹਨ। ਬਾਵਾ ਗੁੱਜਰ ਸਿੰਘ ਨੂੰ ਨਾ ਕੋਈ ਬਾਣੀ ਕੰਠ ਹੈ ਅਤੇ ਨਾ ਹੀ ਉਹ ਆਦਿ-ਬੀੜ ਵਿੱਚੋਂ ਵਾਕ ਲੈ ਸਕਦੇ ਹਨ, ਕਿਉਂਕਿ ਉਨ੍ਹਾਂ ਨੂੰ ਪੰਜਾਬੀ ਪੜ੍ਹਨੀ ਨਹੀਂ ਆਉਂਦੀ । ਇਸੇਤਰ੍ਹਾਂ ਸਾਧਾਰਨ(ਲੋਹਾਰ) ਦੀ ਅੰਸ ਦੇ ਮੁਖੀ ਨੂੰ ਜਦੋਂ ਮੈਂ ਬੁਕਾਲੇ ਵਿੱਚ ਢੂੰਡ ਲਿਆ ਤਾਂ ਉਸ ਗੁਰਮੁਖ ਨੂੰ ਭੀ ਸਿਵਾਏ ਬਾਬਾ ਸਾਧਾਰਨ ਦੀਆਂ ਕਰਾਮਾਤਾਂ ਦੇ, ਸਿੱਖ-ਧਰਮ ਜਾਂ ਸਿੱਖ-ਇਤਿਹਾਸ ਬਾਰੇ ਹੋਰ ਕੋਈ ਵਾਕਫੀਅਤ ਨਹੀਂ ਸੀ ਜਾਪਦੀ ।

ਇਕ ਹੋਰ ਮੰਜੀ(ਮਹੇਸਾ ਧੀਰ) ਦੀ ਅੰਸ ਵਿੱਚੋਂ ਮੋਹਨ ਚੰਦ ਜੀ ਨਾਲ ਸੁਲਤਾਨਪੁਰ ਵਿੱਚ ਮੇਲ ਹੋਇਆ। ਉਹ ਹੁੱਕੇ ਦੀ ਨੜੀ ਪਰ੍ਹਾਂ ਕਰਕੇ ਬੜੇ ਆਦਰ ਨਾਲ ਬੋਲੇ, "ਅਸੀਂ ਜ਼ਰਾ ਸਹਿਜਧਾਰੀ ਸਿੱਖ ਹਾਂ...ਜਦੋਂ ਕਦੇ ਬੱਚਿਆਂ ਦੇ ਮੁੰਡਨ ਆਦਿਕ ਕਰਨ ਗੋਇੰਦਵਾਲ ਜਾਂਦੇ ਹਾਂ, ਤਾਂ ਗੋਇੰਦਵਾਲ ਦੇ ਬਾਵੇ ਸਾਡੀ ਅਰਦਾਸ ਸਭ ਤੋਂ ਪਹਿਲਾਂ ਕਰਦੇ ਹਨ।"

ਬਾਬਾ ਸਾਵਣ ਮੱਲ ਦੀ ਗੱਦੀ ਉਤੇ ਜਿਹੜਾ ਨੌਜੁਆਨ ਅੱਜ ਕੱਲ ਮਹੰਤ ਬਣਿਆ ਹੈ, ਉਸਦਾ ਇਕ ਘਰ ਵਟਾਲੇ ਵਿੱਚ ਭੀ ਹੈ। ਜਦੋਂ ਮੈਂ ਉਨ੍ਹਾਂ ਨੂੰ ਮਿਲਣ ਲਈ ਵਟਾਲੇ ਗਿਆ, ਤਾਂ ਉਨ੍ਹਾਂ ਦਾ ਸਾਰਾ ਪਰਵਾਰ ਕੁਝ ਡਰ ਜਿਹਾ ਗਿਆ, ਕਿਤੇ ਮੈਂ ਗੱਦੀ ਦੀ/ਵਿਰਾਸਤ ਦੇ ਸ਼ਰੀਕਾਂ ਵਲੋਂ ਕੋਈ ਸੂਹ ਲੈਣ ਨਾ ਆਇਆ ਹੋਵਾਂ । ਇਸੇਤਰ੍ਹਾਂ ਕਈ ਹੋਰ ਥਾਈਂ ਹੋਇਆ ।

ਕੁਝ ਅਸਥਾਨ ਅਜਿਹੇ ਭੀ ਹਨ, ਜਿੱਥੇ ਸਿੱਖ-ਗੁਰੂਆਂ ਦੀ ਥਾਂ ਸੰਬੰਧਤ ਮੰਜੀਆਂ ਦੇ ਵਾਰਸਾਂ ਦੀ ਆਪਣੀ ਸਿੱਖੀ-ਸੇਵਕੀ ਚਲਦੀ ਹੈ। ਪਿਤਾ-ਪੁਰਖੀ ਭਾਵਾਂ ਦੇ ਸ਼ਰਧਾਲੂ ਉਨ੍ਹਾਂ ਅਸਥਾਨਾਂ ਉਤੇ ਜਾ ਕੇ ਸੁੱਖਣਾ ਸੁਖਦੇ ਹਨ ਅਤੇ ਮਹੰਤਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਚੜ੍ਹਾਵੇ ਚੜ੍ਹਾਉਂਦੇ ਹਨ। ਬਾਬਾ ਹੰਦਾਲ ਦੇ ਗੁਰਦੁਆਰੇ ਦੇ ਬਾਹਰ "ਸ੍ਰੀ ਗੁਰੂ ਬਾਬਾ ਹੰਦਾਲ" ਲਿਖਿਆ ਹੈ। ਹੰਦਾਲੀਆਂ ਅਤੇ ਸਿੱਖਾਂ ਦਾ ਧਾਰਮਕ-ਇਤਿਹਾਸ ਦੀ ਦ੍ਰਿਸ਼ਟੀ ਤੋਂ ਵਾਦ-ਵਿਵਾਦ[1] ਭੀ ਚਲਦਾ ਰਿਹਾ ਹੈ। ਸੋ ਅਜਿਹੇ ਅਸਥਾਨਾਂ ਨੂੰ ਸਿੱਖ-ਧਰਮ ਦੀਆਂ ਬਾਈ ਮੰਜੀਆਂ ਨਾਲ ਜੋੜਨ ਤੋਂ ਪਹਿਲਾਂ ਇਤਿਹਾਸਕਾਰਾਂ ਨੂੰ ਹਰ ਪੱਖ ਤੋਂ ਘੋਖ ਕਰ ਲੈਣੀ ਚਾਹੀਦੀ ਹੈ।

ਇਹ ਗੱਲ ਭੀ ਹੈਰਾਨੀ ਵਾਲੀ ਹੈ, ਇੱਕੋ ਪਿੰਡ ਜਾਂ ਕਸਬੇ ਵਿੱਚ ਇੱਕੋ ਮੰਜੀ ਦੀ ਥਾਂ ਉਪਰੋਕਤ ਲਿਸਟਾਂ ਅਨੁਸਾਰ ਦੋ ਜਾਂ ਕਈ ਵਾਰ ਤਿੰਨ ਮੰਜੀਆਂ ਭੀ ਗੁਰੂ ਅਮਰਦਾਸ ਨੇ ਅਸਥਾਪਨ ਕੀਤੀਆਂ ਸਿੱਧ

---

1. ਵੇਖੋ: ਪੁਰਾਤਨ ਜਨਮ-ਸਾਖੀ(ਖਾਲਸਾ ਸਮਾਚਾਰ, ਅੰਮ੍ਰਿਤਸਰ 1952) ਭਾਈ ਵੀਰ ਸਿੰਘ ਦੀ ਭੂਮਿਕਾ (ਪੰਨਾ ੳ) ।

ਹੋਰ ਵੇਖੋ: ਨਿਰੰਜਨੀਆਂ-ਪੰਥ ਦਾ ਟ੍ਰੈਕਟ "ਅਗਿਆਨ ਵਿਨਾਸ਼"(ਉਰਦੂ) ਅਤੇ ਲਾਇਲ ਗਜ਼ਟ(ਲਾਹੌਰ), ਸੰਮਤ ਨਾਨਕ ਸ਼ਾਹੀ 447(ਬਾਬੂ ਦੁਰਗਾ ਪ੍ਰਸ਼ਾਦ ਦਾ ਗੁਰੂ ਨਾਨਕ ਬਾਰੇ ਲੇਖ)

ਹੁੰਦੀਆਂ ਹਨ। ਉਦਾਹਰਨ ਵਜੋਂ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵਾਲੀ ਲਿਸਟ ਅਨੁਸਾਰ ਭਾਈ ਪਾਰੋ ਅਤੇ ਭਾਈ ਲਾਲੂ ਦੋਵੇਂ ਡੱਲੇ ਦੇ ਸਨ। ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ) ਅਨੁਸਾਰ ਉਨ੍ਹਾਂ ਦੋਹਾਂ ਤੋਂ ਛੋਟਾ ਤੀਜਾ ਗੁਰਮੁਖ ਖਾਨਾ ਛੁਰਾ ਭੀ ਡੱਲੇ ਦਾ ਹੀ ਸੀ ।ਇਸੇਤਰ੍ਹਾਂ ਗੋਇੰਦਵਾਲ ਦੇ ਸੁਨਹਿਰੀ-ਪੱਤਰੇ ਅਨੁਸਾਰ ਮਾਣਕਦਾਸ ਜੀਵੜਾ, ਸਾਵਣ ਮੱਲ ਅਤੇ ਬੱਲੂ ਨਾਈ, ਤਿੰਨੇ ਵੈਰੋਵਾਲ ਨਾਲ ਸੰਬੰਧਤ ਸਨ ।

ਉਪਰੋਕਤ ਗੱਲਾਂ ਨੂੰ ਸਨਮੁਖ ਰੱਖ ਕੇ ਇਹ ਭਲੀ-ਭਾਂਤ ਸਪਸ਼ਟ ਹੋ ਜਾਂਦਾ ਹੈ, ਕਿ ਗੁਰੂ ਅਮਰਦਾਸ ਨੇ ਸਿੱਖੀ ਦੇ ਪ੍ਰਚਾਰ ਲਈ ਬਾਈ ਮੰਜੀਆਂ ਅਸਥਾਪਨ ਨਹੀਂ ਸਨ ਕੀਤੀਆਂ । ਇਸਦੇ ਉਲਟ ਉਨ੍ਹਾਂ ਦੁਆਰਾ ਵਰੋਸਾਏ ਸਿੱਖ ਆਪੋ ਆਪਣੇ ਇਲਾਕੇ ਵਿੱਚ ਸਹਿਜ-ਸੁਭਾ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਪ੍ਰਸ਼ਨ ਉਠਦਾ ਹੈ, ਫੇਰ ਬਾਈ ਮੰਜੀਆਂ ਦੀ ਅਸਥਾਪਨਾ ਦੀ ਗੱਲ ਕਿਵੇਂ ਤੁਰੀ? ਇਸਦਾ ਉਤਰ ਕਿਸੇ ਹੱਦ ਤਕ ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ)[1]ਦੀਆਂ ਹੇਠ ਲਿਖੀਆਂ ਸਤਰਾਂ ਵਿੱਚੋਂ ਢੂੰਡਿਆ ਜਾ ਸਕਦਾ ਹੈ:-

> "ਆਗੇ ਸਾਖੀ ਸ੍ਰੀ ਅਮਰੁ ਗੁਰ ਦੀਵਾਨ ਲਾਇ ਬੈਠੇ ਸੇ। ਤਬੁ ਏਹੁ ਬਚਨੁ ਕਹਾ ਸਤਿਗੁਰੂ ਜੀ। ਜੋ ਪਾਤਸ਼ਾਹੁ ਕਿਸ ਭਾਂਤ ਦਿਵਾਨ ਲਾਇ ਬੈਠਤੇ ਹੈਂ । ਕਿਤਨੇ ਮੁਸਾਹਬੁ ਅੰਬੀਰ ਹੋਤੇ ਹੈਂ । ਸਿਖ ਸੰਗਤ ਨੇ ਅਰਦਾਸ ਕਰੀ । ਹੇ ਸਚੇ ਪਾਤਸ਼ਾਹੁ ਜੀ । ਬਾਈ ਸੂਬੇ, ਬਵੰਜਾ ਬਾਵਨੀਆ, ਸਤਰ ਖਾਨ, ਬਹਤਰ(ਬਹੱਤਰ)ਉਮਰਾਵੁ ਹੋਤੇ ਹੈਂ । ਪਾਤਸ਼ਾਹ ਕੇ ਹਜ਼ੂਰ ਵਜ਼ੀਰ ਹੋਤਾ ਹੈ।"
>
> (ਮਹਿਮਾ ਪ੍ਰਕਾਸ਼ ਸ੍ਰੀਗੁਰੂ ਅਮਰਦੇਵ)[1]

ਸੋ ਜਾਪਦਾ ਹੈ, ਕਿ ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ) ਅਤੇ ਦੂਸਰੇ ਗ੍ਰੰਥਾਂ ਨੂੰ ਲਿਖਣ ਵਾਲੇ ਸ਼ਰਧਾਲੂ ਸਾਖੀਕਾਰਾਂ ਨੇ ਗੁਰੂ ਅਮਰਦਾਸ ਦੀ ਰੂਹਾਨੀ-ਪਾਤਿਸ਼ਾਹੀ ਦੀ ਵਡਿਆਈ ਦਰਸਾਉਣ ਸਮੇਂ ਬਾਈ ਮੰਜੀਆਂ ਅਤੇ ਬਹੱਤਰ ਸਿੱਖਾਂ ਦੀ ਜੱਥੇ-ਬੰਦੀ ਦੀ ਕਲਪਨਾ ਇਸਲਈ ਕਰ ਲਈ, ਕਿ ਇਸਤਰ੍ਹਾਂ ਕਰਨ ਨਾਲ ਗੁਰੂ ਅਮਰਦਾਸ ਦੀ ਰੂਹਾਨੀ-ਪਾਤਿਸ਼ਾਹੀ ਦਾ ਪ੍ਰਬੰਧ ਮੁਗਲ-ਸ਼ਹਿਨਸ਼ਾਹਾਂ ਦੀ ਦੁਨਿਆਵੀ-ਬਾਦਸ਼ਾਹੀ ਵਾਂਗ ਸੌਖਾ ਹੋ ਸਕਦਾ ਸੀ ।

## (ਡ) ਰਾਮਕਲੀ ਸੱਦ ਅਤੇ ਗੁਰੂ ਅਮਰਦਾਸ

ਗੁਰੂ ਅਮਰਦਾਸ ਦੇ ਜੋਤੀ ਜੋਤਿ ਸਮਾਉਣ ਬਾਰੇ ਬਾਬਾ ਸੁੰਦਰ[2]ਨੇ ਰਾਮਕਲੀ ਸੱਦ ਦਾ ਉਚਾਰਨ ਕੀਤਾ ਸੀ, ਜਿਸਨੂੰ ਆਦਿ-ਗ੍ਰੰਥ[3] ਵਿੱਚ ਸ਼ਾਮਿਲ ਕੀਤਾ ਗਿਆ। ਕਿਉਂਕਿ ਸੰਬੰਧਤ ਸੱਦ ਰਾਹੀਂ, ਬਾਬਾ ਸੁੰਦਰ

1.ਮਹਿਮਾ ਪ੍ਰਕਾਸ਼(ਸ੍ਰੀਗੁਰੂ ਅਮਰਦੇਵ),ਪੰਨਾ 210

2.ਸ੍ਰੀ ਗੁਰੂ ਅਮਰ-ਬੰਸ ਜੱਥਾ(ਰਜਿਸਟਰਡ) ਵਲੋਂ ਸੰਨ 1934 ਈਸਵੀ ਵਿੱਚ ਛਪੇ ਸ਼ਿਜਰਿਆਂ ਅਨੁਸਾਰ(ਵੇਖੋ:ਸ਼ਿਜਰਾ ਨੰ:4)ਬਾਬਾ ਸੁੰਦਰ ਬਾਬਾ ਮੋਹਰੀ ਦਾ ਪੋਤਰਾ ਅਤੇ ਗੁਰੂ ਅਮਰਦਾਸ ਦਾ ਪੜਪੋਤਾ ਸੀ। ਉਸੇ ਸ਼ਿਜਰੇ ਅਨੁਸਾਰ ਬਾਬਾ ਸੁੰਦਰ ਦੇ ਪਿਤਾ ਦਾ ਨਾਮ ਅਰਜਾਨੀ ਮੱਲ ਸਹੀ ਹੁੰਦਾ ਹੈ। ਪਰ "ਅਨੰਦੁ ਸਾਗਰ"(ਟੀਕਾ ਰਾਮਕਲੀ ਅਨੰਦੁ) ਦੇ ਟੀਕਾ-ਕਾਰ ਗਿਆਨੀ ਅਮੀਰ ਸਿੰਘ ਅਨੁਸਾਰ (ਵੇਖੋ:ਟੀਕਾ "ਅਨੰਦੁ ਸਾਗਰ" ਰਚਿਤ ਗਿਆਨੀ ਅਮੀਰ ਸਿੰਘ ਅਤੇ ਗਿਆਨੀ ਕ੍ਰਿਪਾਲ ਸਿੰਘ,ਪੰਨਾ 142) ਬਾਬਾ ਸੁੰਦਰ ਅਨੰਦ ਜੀ ਦਾ ਸਪੁੱਤਰ ਸੀ। ਜੇਕਰ ਦੋਹਾਂ ਵਿੱਚੋਂ ਕਿਸੇ ਗੱਲ ਨੂੰ ਭੀ ਠੀਕ ਮੰਨ ਲਿਆ ਜਾਵੇ, ਤਾਂ ਗੁਰੂ ਅਮਰਦਾਸ ਦੇ ਜੋਤੀ ਜੋਤਿ ਸਮਾਉਣ ਸਮੇਂ ਬਾਬਾ ਸੁੰਦਰ ਦੀ ਆਯੂ ਬਹੁਤ ਛੋਟੀ ਹੋਣੀ ਚਾਹੀਦੀ ਹੈ, ਪਰ ਸੰਬੰਧਤ ਬਾਣੀ ਕਿਸੇ ਬਜ਼ੁਰਗ ਮਹਾਂ-ਪੁਰਖ ਦੀ ਜਾਪਦੀ ਹੈ। ਸੋ ਇਸ ਬਾਰੇ ਅਜੇ ਹੋਰ ਖੋਜ ਦੀ ਲੋੜ ਹੈ ।

3.ਆਦਿ-ਗ੍ਰੰਥ.........ਪੰਨਾ 923

ਨੇ ਗੁਰੂ ਅਮਰਦਾਸ ਦੇ ਜੋਤੀ ਜੋਤਿ ਸਮਾਉਣ ਸਮੇਂ ਦਾ ਨਕਸ਼ਾ ਇਸਤਰ੍ਹਾਂ ਖਿੱਚਿਆ ਹੈ, ਜਿਵੇਂ ਉਨ੍ਹਾਂ ਸਭ ਕੁਝ ਅੱਖੀਂ ਡਿੱਠਾ ਹੋਵੇ, ਇਸਲਈ ਸੰਬੰਧਤ ਸੱਦ ਬਾਰੇ ਕੁਝ ਸਤਰਾਂ ਲਿਖਣੀਆਂ ਜ਼ਰੂਰੀ ਹਨ । ਬਾਬਾ ਸੁੰਦਰ ਦੀ ਸੱਦ ਅਨੁਸਾਰ ਗੁਰੂ ਅਮਰਦਾਸ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਪੁੱਤਰਾਂ, ਭਾਈਆਂ ਤੇ ਬਾਕੀ ਪਰਵਾਰ ਤੋਂ ਛੁੱਟ ਸਿੱਖ-ਸੰਗਤ ਨੂੰ ਭੀ ਬੁਲਾ ਕੇ ਅੰਤਿਮ-ਉਪਦੇਸ਼ ਕੀਤਾ, ਕਿ ਮੈਂ ਪ੍ਰਭੂ ਦਾ ਭਾਣਾ ਮੰਨ ਕੇ ਖਿੜੇ ਮੱਥੇ ਜਾ ਰਿਹਾ ਹਾਂ, ਸੋ ਤੁਸੀਂ ਮੇਰੇ ਪਿੱਛੋਂ ਰੋਣ ਦੀ ਥਾਂ ਅਖੰਡ-ਕੀਰਤਨ ਕਰਨਾ । ਕਈ ਸਨਾਤਨੀ-ਸਿੱਖ "ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿਸਰਿ ਪਾਵਏ"[1] ਵਾਲੀ ਤੁਕ ਦਾ ਅਰਥ ਪਰੰਪਰਾਵਾਦੀ ਜਾਂ ਸਨਾਤਨੀ-ਰੁਚੀ ਅਨੁਸਾਰ ਕਰਦੇ ਹੋਏ ਬੇਬਾਨ, ਪਿੰਡ, ਪੱਤਲ, ਦੀਵਾ, ਆਦਿਕ ਕਿਰਿਆ-ਕਰਮ ਤੋਂ ਛੁੱਟ ਗੁਰਦੇਵ ਦੇ ਫੁੱਲਾਂ ਦਾ ਪ੍ਰਵਾਹ ਭੀ ਗੰਗਾ ਵਿੱਚ ਮੰਨਦੇ ਹਨ । ਪਰ ਗੁਰਮਤਿ ਦੇ ਖੋਜੀ, ਬਾਬੇ ਸੁੰਦਰ ਦੀ ਉਪਰੋਕਤ ਤੁਕ ਦੇ ਅਰਥ ਬਾਹਰਮੁਖੀ ਦੀ ਥਾਂ ਅੰਤਰਮੁਖੀ ਜਾਂ ਅਧਿਆਤਮਕ ਸਿੱਧ ਕਰਦੇ ਹਨ। ਕਿਉਂਕਿ ਗੁਰੂ ਨਾਨਕ ਨੇ ਭੀ ਲਿਖਿਆ ਹੈ, ਕਿ "ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ"[2], ਇਸਲਈ ਬਾਬੇ ਸੁੰਦਰ ਦੇ ਸ਼ਬਦਾਂ ਰਾਹੀਂ ਦੁਹਰਾਏ ਗਏ ਗੁਰੂ ਅਮਰਦਾਸ ਦੇ ਅੰਤਿਮ-ਬਚਨਾਂ ਦਾ ਅਰਥ ਉਨ੍ਹਾਂ ਦੀ ਨਿੱਜੀ-ਬਾਣੀ ਜਾਂ ਸਮੁੱਚੀ ਗੁਰਮਤਿ-ਫਿਲਾਸਫ਼ੀ ਦੇ ਆਧਾਰ ਉੱਤੇ ਹੀ ਕਰਨਾ ਚਾਹੀਦਾ ਹੈ। ਗੁਰੂ ਅਮਰਦਾਸ ਦੀ ਸਮੁੱਚੀ-ਬਾਣੀ ਦਿਖਾਵੇ ਦੀਆਂ ਰਸਮਾਂ ਤੇ ਰੀਤਾਂ ਦੇ ਵਿਰੁਧ ਬਗ਼ਾਵਤ ਕਰਦੀ ਪ੍ਰਤੀਤ ਹੁੰਦੀ ਹੈ, ਸੋ ਉਹ ਕਦੇ ਭੀ ਪਿੰਡ, ਪੱਤਲ ਜਾਂ ਦੀਵਾ-ਵੱਟੀ ਦਾ ਉਪਦੇਸ਼ ਨਹੀਂ ਸਨ ਕਰ ਸਕਦੇ ।

ਬਾਬੇ ਸੁੰਦਰ ਦੀ ਉਪਰੋਕਤ ਸੱਦ ਦੀ ਇਤਿਹਾਸਕ-ਮਹਾਨਤਾ ਇਹ ਦਰਸਾਉਣ ਵਿੱਚ ਵਧੇਰੇ ਹੈ, ਕਿ ਗੁਰੂ ਅਮਰਦਾਸ ਨੇ ਗੁਰੂ ਰਾਮਦਾਸ ਨੂੰ ਜਦੋਂ ਗੁਰਗੱਦੀ ਬਖ਼ਸ਼ੀ, ਤਾਂ ਉਨ੍ਹਾਂ ਦਾ ਸਪੁੱਤਰ ਬਾਬਾ ਮੋਹਰੀ ਭੀ ਬਾਕੀ ਸੰਗਤ ਵਾਂਗ ਗੁਰੂ ਰਾਮਦਾਸ ਦੇ ਪੈਰੀਂ ਪਿਆ ਅਰਥਾਤ ਗੁਰੂ ਅਮਰਦਾਸ ਦੇ ਸਪੁੱਤਰਾਂ ਨੇ ਗੁਰਗੱਦੀ ਲਈ ਕੋਈ ਰੌਲਾ ਨਾ ਪਾਇਆ । ਬਾਬੇ ਸੁੰਦਰ ਦੀ ਗੁਆਹੀ ਅਨੁਸਾਰ :-

ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ।
(ਰਾਮਕਲੀ ਸੱਦ)[3]

(ਚ) ਗੁਰੂ ਅਮਰਦਾਸ ਦੀ ਸ਼ਖ਼ਸੀਅਤ

ਹਰਬਰਟ ਰੀਡ[4] ਦੇ ਸ਼ਬਦਾਂ ਵਿੱਚ "ਸ਼ਖ਼ਸੀਅਤ ਇਕ ਬੇਕਿਨਾਰ ਸਮੁੰਦਰ ਹੈ।" ਸੋ ਜਿਵੇਂ ਸਮੁੰਦਰ ਦੀ ਥਾਹ ਨਹੀਂ ਪਾਈ ਜਾ ਸਕਦੀ, ਉਸੇਤਰ੍ਹਾਂ ਗੁਰੂ ਅਮਰਦਾਸ ਦੀ ਮਹਾਨ ਸ਼ਖ਼ਸੀਅਤ ਬਾਰੇ ਕੁਝ ਆਖਣਾ ਇਕ ਮਛਲੀ ਦਾ ਸਾਗਰ ਦੀਆਂ ਲਹਿਰਾਂ ਗਿਣਨ ਦੇ ਬਰਾਬਰ ਹੈ। ਗੁਰੂ ਅਮਰਦਾਸ ਦੇ ਜੀਵਨ ਨਾਲ ਸੰਬੰਧਤ

---

1. ਆਦਿ-ਗ੍ਰੰਥ.........ਪੰਨਾ 923
2. ਆਦਿ-ਗ੍ਰੰਥ.........ਪੰਨਾ 358
3. ਆਦਿ-ਗ੍ਰੰਥ.........ਪੰਨਾ 924

4. Herbert Read- Selected Writings (See Chapter on "Personality of the Poet), London, 1963, Pages 81-97

ਸਾਖੀਆਂ ਅਤੇ ਗੋਸ਼ਟਾਂ ਜਾਂ ਉਨ੍ਹਾਂ ਦੇ ਸੁਭਾ, ਆਚਰਨ, ਸ਼ਕਲ, ਸੂਰਤ, ਗੁਣ, ਕਰਮ, ਆਦਿ ਬਾਰੇ ਪੜ੍ਹੀਆਂ ਸੁਣੀਆਂ ਰਵਾਇਤਾਂ ਕੁਝ ਸਹਾਇਤਾ ਜ਼ਰੂਰ ਕਰਦੀਆਂ ਹਨ, ਪਰ ਗੁਰਦੇਵ ਦੀ ਸ਼ਖ਼ਸੀਅਤ ਦੇ ਸਾਰੇ ਪੱਖਾਂ ਦਾ ਨਿਰੂਪਨ ਕਰ ਸਕਣਾ ਅਸੰਭਵ ਹੈ । ਹਰਬਰਟ ਰੀਡ[1]ਨੇ ਸ਼ਖ਼ਸੀਅਤ ਦੇ ਬੇਕਿਨਾਰ-ਸਮੁੰਦਰ ਦੇ ਟਾਕਰੇ ਵਿੱਚ ਇਹ ਬਿਲਕੁਲ ਠੀਕ ਲਿਖਿਆ ਹੈ, ਕਿ ਸੁਭਾ ਜਾਂ ਆਚਰਨ ਹੱਦ-ਬੱਝਾ ਜੀਵਨ-ਵਹਾਉ ਹੈ। ਸੋ ਗੁਰੂ ਅਮਰਦਾਸ ਦਾ ਜੀਵਨ, ਸੁਭਾ ਅਤੇ ਵਿਸ਼ੇਸ਼ ਰੁਚੀਆਂ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਕੁਝ ਇਕ ਸੁਝਾਵ ਹੀ ਪੇਸ਼ ਕਰ ਸਕਦੇ ਹਨ। ਗੁਰਦੇਵ ਦੀ ਸਮੁੱਚੀ-ਸ਼ਖ਼ਸੀਅਤ ਨੂੰ ਉਲੀਕ ਸਕਣਾ ਉਨ੍ਹਾਂ ਲਈ ਅਸੰਭਵ ਹੈ।

ਜਿੱਥੋਂ ਤਕ ਗੁਰੂ ਅਮਰਦਾਸ ਦੀ ਬਾਣੀ ਦਾ ਸੰਬੰਧ ਹੈ, ਉਸ ਦੁਆਰਾ ਭੀ ਸੰਪੂਰਨ ਸ਼ਖ਼ਸੀਅਤ ਦਾ ਗਿਆਨ ਨਹੀਂ ਹੋ ਸਕਦਾ। ਟੀ.ਐਸ.ਇਲੀਅਟ[2]ਨੇ ਕਵਿਤਾ ਅਤੇ ਕਵੀ ਦਾ ਸੰਬੰਧ ਦਰਸਾਉਂਦੇ ਹੋਇਆਂ ਇਕ ਥਾਂ ਆਲੋਚਨਾ ਕੀਤੀ ਹੈ, ਕਿ"ਕਵਿਤਾ ਸ਼ਖ਼ਸੀਅਤ ਦਾ ਪ੍ਰਗਟਾਉ ਨਹੀਂ, ਸਗੋਂ ਇਹ ਸ਼ਖ਼ਸੀਅਤ ਤੋਂ ਲਾਂਭੇ ਹਟਣ(ਜਾਂ ਉੱਚੇ ਉਠਣ) ਦਾ ਜਤਨ ਹੈ।" ਬੇਸ਼ਕ ਜਿਵੇਂ ਹਰਬਰਟ ਰੀਡ[3]ਨੇ ਇਲੀਅਟ ਦੇ ਕਥਨ ਨੂੰ ਸੋਧ ਕੇ ਵਧੇਰੇ ਸਪਸ਼ਟ ਕੀਤਾ ਹੈ, ਕਿ ਇਲੀਅਟ ਸ਼ਖ਼ਸੀਅਤ ਨਾਲੋਂ ਕਵਿਤਾ ਨੂੰ ਲਾਂਭੇ ਕਰਨ ਸਮੇਂ ਕਵਿਤਾ ਵਿੱਚ ਸ਼ਖ਼ਸੀਅਤ ਦੀ ਮਹਾਨਤਾ ਤੋਂ ਇਤਨਾ ਮੁਨਕਰ ਨਹੀਂ ਜਿਤਨਾ ਕਿ ਉਹ ਆਪਣੇ ਸਮਕਾਲੀ ਸਾਹਿਤਕਾਰਾਂ ਦੀ ਸ਼ਖ਼ਸੀਅਤ ਸ਼ਬਦ ਬਾਰੇ ਅਣਜਾਣਤਾ ਉਤੇ ਆਲੋਚਨਾ ਕਰ ਰਿਹਾ ਹੈ। ਦੂਜੇ ਇਲੀਅਟ ਨੇ ਇਹ ਭੀ ਆਖਿਆ ਹੈ, ਕਿ ਸ਼ਖ਼ਸੀਅਤ ਨੂੰ ਲਾਂਭੇ ਉਹੀ ਰੱਖ ਸਕਦਾ ਹੈ, ਜਿਸਦੀ ਕੋਈ ਆਪਣੀ ਸ਼ਖ਼ਸੀਅਤ ਹੋਵੇ । ਦੋਹਾਂ ਵਿਦਵਾਨਾਂ ਦੀ ਆਲੋਚਨਾ ਉਤੇ ਮੁੜ ਆਲੋਚਨਾ ਕਰਨ ਉਪਰੰਤ ਇਹੋ ਨਿਰਣਾ ਹੁੰਦਾ ਹੈ, ਕਿ ਸ਼ਖ਼ਸੀਅਤ ਦੀ ਹੋਂਦ ਬਹੁਤ ਵਿਸ਼ਾਲ ਮਾਨਸਿਕ-ਖੇਤਰ ਨਾਲ ਸੰਬੰਧਤ ਹੈ ਅਤੇ ਕਵੀ ਦੀ ਕਵਿਤਾ ਵਿੱਚੋਂ ਉਸਦੀ ਸ਼ਖ਼ਸੀਅਤ ਬਾਰੇ ਬੇਸ਼ਕ ਕੁਝ ਇਕ ਸੰਕੇਤ ਪ੍ਰਾਪਤ ਕੀਤੇ ਜਾ ਸਕਦੇ ਹਨ, ਪਰ ਸਮੁੱਚੀ-ਸ਼ਖ਼ਸੀਅਤ ਬਾਰੇ ਸੰਪੂਰਨ-ਗਿਆਨ ਨਹੀਂ ਮਿਲ ਸਕਦਾ । ਉਦਾਹਰਨ ਵਜੋਂ ਬ੍ਰੈਡਲੇ[3]ਨੇ ਸ਼ੈਕਸਪੀਅਰ ਦੇ ਨਾਟਕਾਂ ਦੇ ਆਧਾਰ ਤੇ ਉਸਦੇ ਮਾਨਵੀ-ਰੂਪ ਨੂੰ ਨਿਖਾਰਨ ਦਾ ਜਤਨ ਕੀਤਾ ਹੈ, ਪਰ ਉਹ ਸਮੁੱਚੇ-ਮਨੁੱਖ ਦੀ ਸੰਪੂਰਨ-ਸ਼ਖ਼ਸੀਅਤ ਨੂੰ ਉਜਾਗਰ ਨਹੀਂ ਕਰ ਸਕਿਆ ।ਆਮ ਪੰਜਾਬੀ ਲੇਖਕ ਭੀ ਸ਼ਖ਼ਸੀਅਤ ਦੇ ਅੰਤ੍ਰੀਵ-ਅਰਥਾਂ ਤੋਂ ਜਾਣੂ ਨਹੀਂ ਜਾਪਦੇ। ਪ੍ਰਸਿਧ ਮਨੋਵਿਗਿਆਨੀ ਆਲਪੋਰਟ[4]ਨੇ ਭੀ ਮੰਨਿਆ ਹੈ, ਕਿ "ਸ਼ਾਇਦ ਹੀ ਕੋਈ ਹੋਰ ਸ਼ਬਦ ਅਜਿਹਾ ਹੋਵੇ, ਜਿਸਨੂੰ ਸ਼ਖ਼ਸੀਅਤ ਵਾਂਗ ਵਿਦਵਾਨਾਂ ਨੇ ਅਨੇਕ-ਅਰਥਾਂ ਵਿੱਚ ਵਰਤਿਆ ਹੋਵੇ।"

ਆਲਪੋਰਟ ਨੇ ਦਰਜਨਾਂ ਜਗਤ-ਪ੍ਰਸਿਧ ਮਨੋਵਿਗਿਆਨੀਆਂ ਅਤੇ ਫ਼ਿਲਾਸਫ਼ਰਾਂ ਦੀ ਸ਼ਖ਼ਸੀਅਤ ਸ਼ਬਦ ਬਾਰੇ ਪਰਿਭਾਸ਼ਾ ਦੀਆਂ ਉਦਾਹਰਨਾਂ ਪੇਸ਼ ਕੀਤੀਆਂ ਹਨ। ਦਾਰਸ਼ਨਿਕ-ਚਿੰਤਕਾਂ ਨੇ ਵਿਅਕਤੀ

---

1. Herbert Read-Selected Writings,1963,London,P.85
2. T.S.Eliot-Selected Essays,1963,London,P.21
3. Herbert Read- Ibid.....P.81-82
4. A.C.Bradley-Oxfor Lectures on Poetry-,1950,London,P.315

ਦੀ ਆਤਮ-ਚੇਤੰਨਤਾ ਜਾਂ ਸੂਝ-ਬੂਝ ਉਤੇ ਵਿਸ਼ੇਸ਼ ਜ਼ੋਰ ਦਿੱਤਾ ਹੈ ।ਕ੍ਰਿਸਚੀਅਨ ਵੁਰਡ[1]ਨੇ"ਆਤਮ-ਚੇਤੰਨਤਾ ਅਤੇ ਯਾਦ-ਸ਼ਕਤੀ" ਅਤੇ ਲਾਇਬਨਿਜ਼[2]ਨੇ ਮਨੁੱਖੀ-ਹੋਂਦ ਵਿੱਚ "ਸੂਝ-ਬੂਝ ਵਾਲੇ ਤੱਤ" ਨੂੰ ਸ਼ਖ਼ਸੀਅਤ ਦਾ ਨਾਮ ਦਿੱਤਾ ਹੈ । ਕਾਂਟ[3], ਲਾਤ੍ਸ[4], ਗੇਟੇ[5]ਅਤੇ ਵਿਲੀਅਮ ਸਟੈਰਨ[6]ਆਦਿਕ ਚਿੰਤਕਾਂ ਨੇ ਸ਼ਖ਼ਸੀਅਤ ਨੂੰ ਸਾਧਾਰਨ-ਸਤੱਰ ਤੋਂ ਚੁੱਕ ਕੇ ਆਦਰਸ਼ਵਾਦੀ-ਰੰਗ ਵਿੱਚ ਰੰਗ ਦਿੱਤਾ ਹੈ ਅਤੇ ਜਿਵੇਂ ਗੇਟੇ[5]ਨੇ ਲਿਖਿਆ ਹੈ, ਸ਼ਖ਼ਸੀਅਤ "ਸਰਬ-ਸ਼੍ਰੇਸ਼ਟ ਮਨੁੱਖੀ-ਕੀਮਤ(ਜਾਂ ਪਰਮ-ਤੱਤ) ਦਾ ਨਾਮ ਹੈ।" ਲਾਤ੍ਸ[4]ਨੇ ਇਸਨੂੰ "ਪਰਿਪੂਰਨਤਾ ਦਾ ਆਦਰਸ਼" ਮੰਨਿਆ ਹੈ ਅਤੇ ਵਿਲੀਅਮ ਸਟੈਰਨ[6]ਨੇ ਤਾਂ ਇੱਥੋਂ ਤਕ ਆਖ ਦਿੱਤਾ ਹੈ, ਕਿ "ਸੰਪੂਰਨ ਬਣਤਰ ਵਾਲੀ ਸ਼ਖ਼ਸੀਅਤ ਮਨੁੱਖ ਦਾ ਆਦਰਸ਼ ਹੈ, ਪਰ ਯਥਾਰਥ ਵਿੱਚ ਸੰਪੂਰਨ-ਸ਼ਖ਼ਸੀਅਤ ਦੀ ਪ੍ਰਾਪਤੀ ਕਦੇ ਨਹੀਂ ਹੁੰਦੀ ।"

ਉਪਰੋਕਤ ਰਾਵਾਂ ਦੇ ਆਧਾਰ ਉਤੇ ਗੁਰੂ ਅਮਰਦਾਸ ਦੀ ਸ਼ਖ਼ਸੀਅਤ ਨੂੰ ਆਦਰਸ਼ਵਾਦੀ ਸ਼ਖ਼ਸੀਅਤ ਆਖਣਾ ਵਧੇਰੇ ਸ਼ੋਭਦਾ ਹੈ। ਬੇਸ਼ਕ ਗੁਰੂ ਨਾਨਕ ਅਤੇ ਗੁਰੂ ਅੰਗਦ ਵਾਂਗ ਉਨ੍ਹਾਂ ਦੀ ਸੁਰਤ ਭੀ ਨਿਰੰਕਾਰ ਦੇ ਨਾਮ-ਰੂਪੀ ਕੇਂਦਰ ਨਾਲ ਜੁੜੀ ਹੋਈ ਸੀ, ਪਰ ਬਚਪਨ ਤੋਂ ਬੁਢੇਪੇ ਤਕ ਵੱਖ ਵੱਖ ਸਥਿਤੀਆਂ ਵਿੱਚੋਂ ਲੰਘਣ ਕਰਕੇ ਸੱਚ ਨੂੰ ਵੇਖਣ ਤੇ ਬਿਆਨਣ ਦਾ ਤਜਰਬਾ ਉਨ੍ਹਾਂ ਦਾ ਨਿੱਜੀ ਸੀ । ਹੈਥ੍ਰਿੰਗਟਨ[7]ਦੇ ਸ਼ਬਦਾਂ ਵਿੱਚ ਸ਼ਖ਼ਸੀਅਤ ਦਾ ਸਭ ਤੋਂ ਪਹਿਲਾ ਲੱਛਣ ਨਿੱਜਤਵ ਦਾ ਅੰਸ ਹੈ ਅਤੇ ਉਹ ਨਿੱਜਤਵ ਮਨ ਅਤੇ ਇੱਛਾ ਦੁਆਰਾ ਪ੍ਰਾਪਤ ਕੀਤੀ ਏਕਤਾ ਦਾ ਨਾਮ ਹੈ, ਜੋ ਕੁਦਰਤੀ-ਜਜ਼ਬਿਆਂ, ਰੁਚੀਆਂ ਤੇ ਸੰਭਾਵਨਾਵਾਂ ਨੂੰ ਦਬਾਉਣ ਦੀ ਥਾਂ ਸਾਂਝੀ-ਆਤਮਾ ਨਾਲ ਉਨ੍ਹਾਂ ਦਾ ਸੰਚਾਰ ਕਰਕੇ, ਉਨ੍ਹਾਂ ਤੋਂ ਖਹਿੜਾ ਛੁਡਾਉਣ ਦੀ ਥਾਂ ਉਨ੍ਹਾਂ ਵਿੱਚ ਰਹਿ ਕੇ ਸੁਤੰਤ੍ਰਤਾ ਮਹਿਸੂਸ ਕਰਦੀ ਹੈ । ਪ੍ਰਸਿਧ ਮਨੋਵਿਗਿਆਨੀ ਐਡਲਰ[8]ਨੇ ਅਜਿਹੀ ਏਕਤਾ ਨੂੰ "ਅਨੇਕ-ਰੂਪੀ ਗਤੀ-ਸ਼ੀਲ ਏਕਤਾ" ਆਖਿਆ ਹੈ । ਸੋ ਗੁਰੂ ਅਮਰਦਾਸ ਦੀ ਸ਼ਖ਼ਸੀਅਤ ਨੂੰ ਸਮਝਣ ਲਈ ਉਨ੍ਹਾਂ ਦੇ ਜੀਵਨ ਨੂੰ ਜਨਮ-ਸਮੇਂ ਤੋਂ ਜੋਤੀ ਜੋਤਿ ਸਮਾਉਣ ਤਕ ਅੰਤਰਮੁਖੀ ਅਤੇ ਬਾਹਰਮੁਖੀ ਦੋਹਾਂ ਪਹਿਲੂਆਂ ਤੋਂ ਵੇਖਣ ਦੀ ਲੋੜ ਹੈ, ਪਰ ਸਾਡੇ ਪਾਸ ਗੁਰੂ ਅਮਰਦਾਸ ਦੀ ਬਾਣੀ ਅਤੇ ਕੁਝ ਇਕ ਇਤਿਹਾਸਕ ਪ੍ਰਮਾਣਾਂ ਜਾਂ ਸਾਖੀਆਂ ਤੋਂ ਛੁੱਟ ਹੋਰ ਕੋਈ ਭਰੋਸੇ-ਯੋਗ ਲਿਖਤ ਨਹੀਂ, ਜਿਸ ਦੁਆਰਾ ਗੁਰਦੇਵ ਦੀ ਸਮੁੱਚੀ-ਸ਼ਖ਼ਸੀਅਤ ਦਾ ਗਿਆਨ ਹੋ ਸਕੇ। ਵੈਸੇ ਦੋ ਗੱਲਾਂ ਜ਼ਰੂਰ ਪਰਪੱਕ ਹੋ ਜਾਂਦੀਆਂ ਹਨ। ਪਹਿਲੀ ਇਹ, ਕਿ ਉਨ੍ਹਾਂ ਦੀ ਸ਼ਖ਼ਸੀਅਤ ਗਤੀ-ਸ਼ੀਲ ਜਾਂ ਸਦਾ-ਵਿਕਸਿਤ ਸੀ। ਵਿਹਾਰਕ-ਜੀਵਨ ਤੋਂ ਪ੍ਰਮਾਰਥ ਵਲ ਵਧਣ ਦੀ ਵਾਰਤਾ ਇਤਨੀ

---

1. Christian Wolff- Quoted by G.W.Allport in "Personality",P.30
2. Leibnitz - .......Ibid,P.30
3. Kant- . ..........Ibid,P.32
4. Lotze - ..........Ibid,P.32
5. Goethe -..........Ibid,P.32
6. William Stern-....Ibid,P.32
7. Hetherington-.....Ibid,P.33
8. M.F.Adler - ......Ibid.

ਸੰਖੇਪ ਨਹੀਂ ਜਿਤਨੀ ਸਾਖੀਕਾਰਾਂ ਨੇ ਬਿਆਨ ਕੀਤੀ ਹੈ। ਇਸੇਤਰ੍ਹਾਂ ਗੁਰੂ ਅਮਰਦਾਸ ਦੇ ਸ਼ਿਸ਼-ਰੂਪ-ਜੀਵਨ ਵਿੱਚ ਉਨ੍ਹਾਂ ਦੀ ਸ਼ਖਸੀਅਤ ਦਾ ਗਤੀ-ਸ਼ੀਲ ਇਤਿਹਾਸ ਛੁਪਿਆ ਪਿਆ ਹੈ। ਗੁਰਗੱਦੀ ਮਿਲਣ ਤੋਂ ਪਿੱਛੋਂ ਇਸ ਵਿੱਚ ਸ਼ੱਕ ਨਹੀਂ ਕਿ ਗੁਰਦੇਵ ਦੀ ਸ਼ਖ਼ਸੀਅਤ ਪਰਿਪੂਰਨ ਹੋ ਗਈ, ਪਰ ਪਰਿਪੂਰਨਤਾ ਜਾਂ ਸੰਪੂਰਨਤਾ ਦਾ ਇਹ ਭਾਵ ਨਹੀਂ ਸਮਝਣਾ ਚਾਹੀਦਾ, ਕਿ ਗੁਰਦੇਵ ਦੀ ਸ਼ਖ਼ਸੀਅਤ ਵਿੱਚੋਂ ਗਤੀ ਰੁਕ ਗਈ । ਸਗੋਂ ਇਸਦੇ ਉਲਟ ਗੁਰਗੱਦੀ ਮਿਲਣ ਉਪਰੰਤ ਗੁਰੂ ਅਮਰਦਾਸ ਦੀ ਸ਼ਖ਼ਸੀਅਤ ਇਕ ਸਰਬ-ਵਿਆਪਕ ਬੋਹੜ ਵਾਂਗ ਧਰਤੀ ਤੋਂ ਉੱਪਰ ਆਕਾਸ਼ ਤਕ ਅਤੇ ਧਰਤੀ ਤੋਂ ਹੇਠਾਂ ਪਾਤਾਲ ਤਕ ਫੈਲ ਗਈ । ਦੂਰ ਦੂਰ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਜੀਵਨ-ਦਾਨ ਬਖ਼ਸ਼ਣ ਵਾਲੀ ਚੁੰਬਕ-ਛੁਹ ਲਗਾਉਣ ਤੋਂ ਛੁਟ ਉਨ੍ਹਾਂ ਚੋਖੀ ਮਾਤ੍ਰਾ ਵਿੱਚ ਬਾਣੀ ਭੀ ਰਚੀ, ਜੋ ਉਨ੍ਹਾਂ ਦੀ ਅਦਿੱਖ-ਸ਼ਖ਼ਸੀਅਤ ਨੂੰ ਅੱਜ ਭੀ ਸਾਰੇ ਵਿਸ਼ਵ ਉਤੇ ਫੈਲਾਉਂਦੀ ਜਾ ਰਹੀ ਹੈ ।

ਦੂਜੀ ਗੱਲ ਗੁਰਦੇਵ ਦੀ ਸ਼ਖ਼ਸੀਅਤ ਬਾਰੇ ਇਹ ਹੈ, ਕਿ ਉਹ ਇਕ ਸੰਪੂਰਨ-ਸ਼ਖ਼ਸੀਅਤ ਸਨ। ਕਿਉਂਕਿ ਆਮ ਵਿਗਿਆਨੀ ਕਿਸੇ ਭੀ ਸ਼ਖ਼ਸੀਅਤ ਨੂੰ ਪਰਿਪੂਰਨ ਜਾਂ ਸੰਪੂਰਨ ਨਹੀਂ ਮੰਨਦੇ, ਸੋ ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਇਹੋ ਜਿਹੇ ਹੋਰ ਮਹਾਂ-ਪੁਰਖਾਂ ਦੀ ਸੰਪੂਰਨ-ਸ਼ਖ਼ਸੀਅਤ ਨੂੰ ਸਮਝਣ ਲਈ ਸਾਨੂੰ ਮਨੋਵਿਗਿਆਨੀਆਂ ਦੀ ਥਾਂ ਅਧਿਆਤਮਵਾਦੀ-ਚਿੰਤਕਾਂ ਜਾਂ ਅਨੁਭਵੀ-ਪੁਰਖਾਂ ਦੀਆਂ ਲਿਖਤਾਂ ਤੋਂ ਰੌਸ਼ਨੀ ਲੈਣੀ ਚਾਹੀਦੀ ਹੈ। ਉਦਾਹਰਨ ਵਜੋਂ ਬ੍ਰਾਊਨ[1] ਨੇ ਸ਼ਖ਼ਸੀਅਤ ਦੀ ਅਪੂਰਨਤਾ ਨੂੰ ਮੰਨਦੇ ਹੋਇਆਂ ਸੰਪੂਰਨ-ਸ਼ਖ਼ਸੀਅਤ ਦੀ ਕਲਪਨਾ ਕੀਤੀ ਹੈ ਅਤੇ ਸੰਪੂਰਨ-ਸ਼ਖ਼ਸੀਅਤ ਨੂੰ ਉਹ ਅਨੰਤ ਨਾਲ ਅਭੇਦ ਦਰਸਾਉਂਦਾ ਹੈ। ਫਲਿਊਲਿਨਜ਼[2] ਨੇ ਭੀ ਤ੍ਰਿਗੁਣ-ਅਤੀਤ ਸ਼ਖ਼ਸੀਅਤ ਨੂੰ ਮੰਨਿਆ ਹੈ ਅਤੇ ਮਨੁੱਖੀ-ਸ਼ਖ਼ਸੀਅਤ ਦਾ ਸੋਮਾ ਉਸੇ ਤ੍ਰਿਗੁਣ-ਅਤੀਤ ਸ਼ਖ਼ਸੀਅਤ ਨੂੰ ਪਰਵਾਨ ਕੀਤਾ ਹੈ । ਇਸ ਦ੍ਰਿਸ਼ਟੀ ਤੋਂ ਗੁਰੂ ਅਮਰਦਾਸ ਦੀ ਸ਼ਖ਼ਸੀਅਤ ਨੂੰ ਗੁਰਦੇਵ ਦੇ ਅਨਿਨ ਸ਼ਰਧਾਲੂ ਭੱਟਾਂ ਅਤੇ ਰਬਾਬੀਆਂ ਤੋਂ ਛੁੱਟ ਗੁਰੂ ਰਾਮਦਾਸ ਨੇ ਭੀ ਚਿਤ੍ਰਿਆ ਹੈ। ਸੰਬੰਧਤ ਕਵੀਆਂ ਦੀਆਂ ਕੁਝ ਇਕ ਤੁਕਾਂ ਹਾਜ਼ਰ ਹਨ:-

(ੳ) ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ।
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ।
(ਸਵਈਏ ਮਹਲੇ ਤੀਜੇ ਕੇ )[3]

(ਅ) ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ।
ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ।
(ਸਵਈਏ ਮਹਲੇ ਤੀਜੇ ਕੇ)[4]

---

1. Brown's "Theism" =Quoted in Encyclopaedia Brittanica (Vol.17), 1950 Ed.,
2. Flewellyn's "Creative Personality", Ibid.... Pages 607-608

3. ਆਦਿ-ਗ੍ਰੰਥ..........ਪੰਨਾ 1395
4. ਆਦਿ ਗ੍ਰੰਥ.........ਪੰਨਾ 1396

(ਣ)ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ ।
ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ ।
ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ ।
ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ ।
ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ।
ਚਾਰੇ ਕੁੰਡਾਂ ਸੁਝੀਓਸੁ ਮਨਮਹਿ ਸਬਦੁ ਪਰਵਾਣੁ ।
..............................................
ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ ।
(ਰਾਮਕਲੀ ਵਾਰ ਸੱਤਾ ਬਲਵੰਡ)[1]

ਉਪਰੋਕਤ ਸਤਰਾਂ ਰਾਹੀਂ ਗੁਰੂ-ਘਰ ਦੇ ਭੱਟਾਂ ਅਤੇ ਰਬਾਬੀਆਂ ਨੇ ਗੁਰੂ ਅਮਰਦਾਸ ਦੀ ਕਰੜੀ-ਘਾਲ ਅਤੇ ਸਹਜ-ਪ੍ਰਾਪਤੀ ਲਈ ਕੀਤੀ ਸਾਧਨਾ ਵੱਲ ਸੰਕੇਤ ਕੀਤਾ ਹੈ। ਇਕ ਪਾਸੇ ਸਮਾਧੀ(ਇਕਾਗਰ-ਬ੍ਰਿਤੀ) ਦੀ ਸੰਜੋਅ ਪਹਿਣ ਕੇ ਗਿਆਨ-ਰੂਪ ਹਯ(ਘੋੜੇ) ਉਤੇ ਚੜ੍ਹਨ ਵਲ ਇਸ਼ਾਰਾ ਹੈ ਅਤੇ ਦੂਜੇ ਪਾਸੇ ਸਹਜ ਦੇ ਘੋੜੇ ਉਤੇ ਜਤ ਦੀ ਕਾਠੀ ਪਾ ਕੇ ਸਤ ਦਾ ਧਣਖ ਫੜੀ ਗੁਰੂ ਅਮਰਦਾਸ ਗਿਆਨ ਦੀਆਂ ਕਿਰਨਾਂ ਵਾਲੇ ਸੂਰਜ ਦੇ ਰੂਪ ਵਿੱਚ ਵਿਖਾਈ ਦਿੰਦੇ ਹਨ। ਝੱਖੜਾਂ ਤੇ ਤੂਫਾਨਾਂ ਵਿੱਚ ਅਡੋਲ ਰਹਿਣ ਵਾਲੇ ਆਚਰਨ ਦਾ ਮਾਲਕ ਗੁਰੂ ਜਿਸ ਮਹਾਨ ਸ਼ਖ਼ਸੀਅਤ ਦਾ ਸੁਆਮੀ ਸੀ, ਉਸਦਾ ਅਨੁਭਵ ਕੇਵਲ ਗੁਰੂ ਦੇ ਸਮਕਾਲੀ ਸਿੱਖਾਂ(ਸ਼ਰਧਾਲੂ-ਗੈਰਸਿੱਖਾਂ ਨੂੰ ਭੀ) ਅਤੇ ਸੇਵਕਾਂ ਨੂੰ ਹੀ ਹੋ ਸਕਦਾ ਸੀ। ਗੁਰੂ ਰਾਮਦਾਸ ਬੇਸ਼ਕ ਰਿਸ਼ਤੇ ਵਿੱਚ ਗੁਰੂ ਅਮਰਦਾਸ ਦੇ ਜੁਆਈ ਸਨ, ਪਰ ਉਨ੍ਹਾਂ ਦੀ ਕਰਣੀ ਗੁਰੂ ਅਮਰਦਾਸ ਦੇ ਰੂਬਰੂ ਜੁਆਈ ਦੀ ਥਾਂ ਇਕ ਸੱਚੇ ਸਿੱਖ ਵਾਲੀ ਸੀ। ਗੁਰੂ ਰਾਮਦਾਸ ਦੀ ਬਾਣੀ ਵਿੱਚ ਕਈ ਥਾਈਂ ਗੁਰੂ ਅਮਰਦਾਸ ਦੀ ਉਪਮਾ, ਕਲਾ ਦੇ ਪਰਦੇ ਉਹਲੇ ਗਾਈ ਗਈ ਹੈ। ਤੁਖਾਰੀ ਰਾਗ ਦੇ ਇਕ ਛੇਪਦੇ(ਜਿਸਦਾ ਉਤਾਰਾ ਗੁਰੂ ਅਮਰਦਾਸ ਦੀ ਤੀਰਥ-ਯਾਤ੍ਰਾ ਦੇ ਪ੍ਰਸੰਗ ਵਿੱਚ ਕੀਤਾ ਜਾ ਚੁੱਕਾ ਹੈ) ਰਾਹੀਂ ਭੀ ਗੁਰੂ ਰਾਮਦਾਸ ਨੇ ਗੁਰੂ ਅਮਰਦਾਸ ਨੂੰ ਸ਼ਰਧਾਂਜਲੀ ਪੇਸ਼ ਕੀਤੀ ਹੈ:-

(ੳ) ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ ।
(ਅ) ਖਬਰਿ ਭਈ ਸੰਸਾਰਿ ਆਏ ਤ੍ਰੈਲੋਆ ।
(ਤੁਖਾਰੀ ਮਹਲਾ 4)[2]

ਗੈਰ-ਸਿੱਖਾਂ ਵਿੱਚੋਂ ਅਕਬਰ ਮਹਾਨ ਤਕ, ਗੁਰਦੇਵ ਦੀ ਸ਼ਖ਼ਸੀਅਤ ਤੋਂ ਪ੍ਰਭਾਵਤ ਹੋਏ, ਸਾਖੀਕਾਰਾਂ ਨੇ ਦਰਸਾਏ ਹਨ।

ਵਿਰੋਧੀਆਂ ਵਿੱਚੋਂ ਗੋਇੰਦਵਾਲ ਦੇ ਤਪੇ ਦਾ ਪ੍ਰਸੰਗ ਪਿੱਛੇ ਦਿੱਤਾ ਜਾ ਚੁੱਕਾ ਹੈ। ਉਸਦੇ ਭੜਕਾਉਣ ਉਤੇ ਹੀ ਗੁਰੂ ਅੰਗਦ ਨੂੰ ਖਡੂਰ-ਪਿੰਡ ਦੇ ਮੁਖੀਆਂ ਨੇ ਪਿੰਡੋਂ ਬਾਹਰ ਚਲੇ ਜਾਣ ਲਈ ਆਖਿਆ ਸੀ ਅਤੇ ਗੁਰੂ ਅਮਰਦਾਸ ਨੇ ਸਾਰੇ ਪਿੰਡ ਦੀ ਵਿਰੋਧਤਾ ਦੇ ਹੁੰਦੇ ਹੋਇਆਂ ਪਾਖੰਡੀ-ਤਪੇ ਨੂੰ ਵੰਗਾਰਿਆ ਸੀ। ਸੋ ਉਨ੍ਹਾਂ ਦੀ ਨਿਧੜਕਤਾ ਅਤੇ ਹਰ ਹਾਲਤ ਵਿੱਚ ਸੱਚ ਬੋਲਣ ਦੀ ਦਲੇਰੀ ਕਦਮ ਕਦਮ ਤੇ

---
1.ਆਦਿ-ਗ੍ਰੰਥ............ਪੰਨਾ 968
2.ਆਦਿ-ਗ੍ਰੰਥ............ਪੰਨਾ 1116

ਪਰਗਟ ਹੈ। ਤਪੇ ਤੋਂ ਗੁਰੂ ਅੰਗਦ ਦੇ ਨਿਰਾਦਰ ਦਾ ਬਦਲਾ ਲੈਣਾ ਇਕ ਸਿੱਖ ਦਾ ਸੁਭਾਵਕ-ਕਰਮ ਸੀ। ਗੁਰਗੱਦੀ ਮਿਲਣ ਉਪਰੰਤ ਗੁਰੂ ਅਮਰਦਾਸ ਦੀ ਸ਼ਖ਼ਸੀਅਤ ਕਿਉਂਕਿ ਉਸਤਤਿ-ਨਿੰਦਾ, ਆਦਰ-ਨਿਰਾਦਰ ਅਤੇ ਬਦਲੇ ਦੀ ਭਾਵਨਾ ਤੋਂ ਉੱਚੀ ਉਠ ਕੇ ਸਦਾ ਬਖ਼ਸ਼ਿਸ਼ ਕਰਨ ਵਾਲੇ ਦੈਵੀ-ਸੁਭਾ ਵਿੱਚ ਬਦਲ ਗਈ ਸੀ, ਇਸਲਈ ਉਨ੍ਹਾਂ ਕਰੜੇ ਤੋਂ ਕਰੜੇ ਇਮਤਿਹਾਨ ਸਮੇਂ ਭੀ ਧੀਰਜ ਅਤੇ ਅਹਿੰਸਾ ਦਾ ਪੱਲਾ ਹੱਥੋਂ ਨਾ ਛੱਡਿਆ । ਭਰੀ-ਸੰਗਤ ਵਿੱਚ ਦਾਤੂ(ਗੁਰੂ ਅੰਗਦ ਦਾ ਸਪੁੱਤਰ) ਨੇ ਗੁਰੂ ਅਮਰਦਾਸ ਨੂੰ ਲੱਤ ਮਾਰੀ, ਪਰ ਗੁਰਦੇਵ ਨੇ ਬਦਲਾ ਲੈਣ ਦੀ ਥਾਂ ਦਾਤੂ ਦਾ ਪੈਰ ਘੁੱਟਣਾ ਸ਼ੁਰੂ ਕਰ ਦਿੱਤਾ। ਦਾਤੂ ਨੇ ਗੋਇੰਦਵਾਲ ਵਿੱਚੋਂ ਚਲੇ ਜਾਣ ਲਈ ਕਿਹਾ । ਗੁਰਦੇਵ ਬਿਨਾ ਕਿਸੇ ਸ਼ਿਕਵੇ ਜਾਂ ਸ਼ਿਕਾਇਤ ਦੇ ਚੁੱਪ-ਚਾਪ ਬਾਸਰਕੀ ਆ ਗਏ । ਇਸ ਬਾਰੇ ਪਿੱਛੇ ਵਿਸਥਾਰ ਸਹਿਤ ਦੱਸਿਆ ਜਾ ਚੁੱਕਾ ਹੈ।

ਸਟੇਟ ਆਰਕਾਈਵਜ਼(ਪਟਿਆਲਾ)[1] ਵਿੱਚ ਪਏ ਇਕ ਪ੍ਰਾਚੀਨ ਹੱਥ-ਲਿਖਤ ਖਰੜੇ ਵਿੱਚ, ਇਕ ਸਾਖੀ "ਮਹਲੇ ਤੀਜੇ ਕੀ" ਦਰਜ ਹੈ, ਜੋ ਗੁਰੂ ਅਮਰਦਾਸ ਦੀ ਸ਼ਖ਼ਸੀਅਤ ਦੇ ਇਸੇ ਪੱਖ ਨੂੰ ਉਜਾਗਰ ਕਰਦੀ ਹੈ। ਸੰਬੰਧਤ ਸਾਖੀ ਅਨੁਸਾਰ, ਇਕ ਵਾਰ ਕੁਝ ਸਿੱਖਾਂ ਨੇ ਗੁਰੂ ਅਮਰਦਾਸ ਨੂੰ ਸ਼ਿਕਾਇਤ ਕੀਤੀ, ਕਿ ਉਨ੍ਹਾਂ ਦੇ ਘੜੇ ਤੁਰਕਾਂ ਦੇ ਮੁੰਡੇ ਗੁਲੇਲੇ ਮਾਰ ਕੇ ਤੋੜ ਦਿੰਦੇ ਹਨ। ਗੁਰਦੇਵ ਨੇ ਸਲਾਹ ਦਿੱਤੀ,ਤੁਸੀਂ ਘੜਿਆਂ ਦੀ ਥਾਂ ਮਸ਼ਕਾਂ ਨਾਲ ਪਾਣੀ ਭਰਿਆ ਕਰੋ । ਜਦੋਂ ਵਿਗੜੇ ਹੋਏ ਮੁੰਡਿਆਂ ਨੇ ਮਸ਼ਕਾਂ ਨੂੰ ਤੁੱਕਿਆਂ ਨਾਲ ਵਿੰਨ੍ਹਣਾ ਸ਼ੁਰੂ ਕਰ ਦਿੱਤਾ, ਗੁਰਦੇਵ ਨੇ ਮਸ਼ਕਾਂ ਦੀ ਥਾਂ ਪਿੱਤਲ ਦੀਆਂ ਗਾਗਰਾਂ ਨਾਲ ਪਾਣੀ ਭਰਨ ਦਾ ਹੁਕਮ ਦਿੱਤਾ, ਪਰ ਅੰਧੇਰ ਨਗਰੀ ਦੇ ਅੰਧੇ ਹਾਕਮ ਪਾਸ ਸ਼ਿਕਾਇਤ ਨਾ ਕੀਤੀ। ਅਪੂਰਨ-ਸ਼ਖ਼ਸੀਅਤ ਵਾਲੇ ਸਿੱਖ ਗੁਰਦੇਵ ਦੇ ਧੀਰਜ ਵਲ ਵੇਖ ਕੇ ਬੇਚੈਨ ਹੋ ਰਹੇ ਸਨ, ਪਰ ਜਲਦੀ ਹੀ ਉਨ੍ਹਾਂ ਦਾ ਭਰਮ ਦੂਰ ਹੋ ਗਿਆ, ਜਦੋਂ ਇਕ ਦਿਨ ਗਿੱਝੇ ਹੋਏ ਤੁਰਕ-ਮੁੰਡਿਆਂ ਨੇ ਇਕ ਸੰਨਿਆਸੀ ਦੀ ਅੱਖ ਵਿੱਚ ਭੀ ਗੁਲੇਲਾ ਕੱਢ ਮਾਰਿਆ। ਸੰਨਿਆਸੀਆਂ ਦਾ ਸਾਰਾ ਟੋਲਾ ਹਥਿਆਰਾਂ ਸਮੇਤ ਉਨ੍ਹਾਂ ਸ਼ਰਾਰਤੀਆਂ ਉੱਤੇ ਚੜ੍ਹ ਗਿਆ ਅਤੇ ਖ਼ੂਬ ਮਾਰ ਕੁਟਾਈ ਕੀਤੀ । ਉਸਤੋਂ ਦੂਜੇ ਦਿਨ ਸਰਕਾਰੀ ਖ਼ਜ਼ਾਨੇ ਨਾਲ ਲੱਦੀ ਇਕ ਖੱਚਰ ਨੂੰ ਛੁਪਾਉਣ ਬਦਲੇ ਸਰਕਾਰ ਨੇ ਸਾਰੇ ਮੁੰਡਿਆਂ ਨੂੰ ਸਮੇਤ ਉਨ੍ਹਾਂ ਦੇ ਮਾਪਿਆਂ ਦੇ ਬੰਨ੍ਹ ਲਿਆ । ਬੱਸ ਫੇਰ ਕੀ, ਸਭ ਲੋਕ ਗੁਰਦੇਵ ਦੀ ਸ਼ਾਂਤ-ਚਿਤ ਸ਼ਖ਼ਸੀਅਤ ਦੇ ਕਾਇਲ ਹੋ ਗਏ ।

"ਜਲ" ਨਾਮੀ ਭੱਟ ਨੇ ਭੀ ਗੁਰੂ ਅਮਰਦਾਸ ਨੂੰ ਸ਼ਰਧਾਂਜਲੀ ਅਰਪਣ ਕਰਨ ਸਮੇਂ ਉਨ੍ਹਾਂ ਨੂੰ ਲੋਭ, ਕ੍ਰੋਧ ਅਤੇ ਤ੍ਰਿਸ਼ਨਾਂ ਆਦਿਕ ਵਿਕਾਰਾਂ ਦੇ ਤਿਆਗੀ ਮੰਨਿਆ ਹੈ, ਜਿਵੇਂ:-

ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁਮਤਿ ਜਲ੍ਯ ਜਾਣੀ ਜੁਗਤਿ ।
ਗੁਰੁ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ ।4।13।
(ਸਵਈਏ ਮਹਲੇ ਤੀਜੇ ਕੇ)[2]

ਉਪਰੋਕਤ ਸਾਰੀਆਂ ਗੱਲਾਂ ਤੋਂ ਇਹੋ ਸਿੱਧ ਹੁੰਦਾ ਹੈ, ਕਿ ਗੁਰੂ ਅਮਰਦਾਸ ਸ੍ਵੈ-ਨਿੰਦਾ ਜਾਂ

---

1. ਸਾਖੀ ਮਹਲੇ ਤੀਜੇ ਕੀ(ਵੇਖੋ ਜਨਮ-ਸਾਖੀ ਬਾਲਾ), ਸਟੇਟ ਆਰਕਾਈਵਜ਼, ਪਟਿਆਲਾ, ਹੱਥਲਿਖਤ ਖਰੜਾ ਨੰ:342,, ਪੰਨੇ 257-258
2. ਆਦਿ-ਗ੍ਰੰਥ.......ਪੰਨਾ 1394

ਸ੍ਵੈ-ਉਸਤਤਿ ਤੋਂ ਬੇ-ਪਰਵਾਹ ਸਨ, ਪਰ ਪ੍ਰਮਾਤਮਾ ਤੋਂ ਬੇਮੁਖ ਮਨਮੁਖਾਂ ਅਤੇ ਧਰਮ ਦੀ ਆੜ ਵਿੱਚ ਸ਼ਿਕਾਰ ਕਰਨ ਵਾਲੇ ਪਾਖੰਡੀਆਂ ਦੇ ਪਾਜ ਉਘੇੜਨ ਵਿੱਚ ਉਹ ਕੋਈ ਕਸਰ ਨਹੀਂ ਸਨ ਛੱਡਦੇ । ਗੁਰਦੇਵ ਦੀ ਜੀਵਨੀ ਨਾਲ ਸੰਬੰਧਤ ਸਾਖੀਆਂ, ਗੋਸ੍ਟਾਂ ਅਤੇ ਗੁਰਬਾਣੀ ਦੇ ਆਧਾਰ ਤੇ ਉਨ੍ਹਾਂ ਦੀ ਸੁਖ਼ਸੀਅਤ ਨੂੰ ਸਮਝਣ ਲਈ ਹੇਠ ਲਿਖੇ ਸੁਝਾਵ ਕੁਝ ਸਹਾਇਤਾ ਕਰ ਸਕਦੇ ਹਨ:-

(1) ਗੁਰੂ ਅਮਰਦਾਸ ਦੀ ਸੁਖ਼ਸੀਅਤ ਦੀ ਉਸਾਰੀ ਵਿੱਚ ਪੂਰਬਲੇ-ਕਰਮਾਂ ਤੋਂ ਛੁੱਟ ਗੁਰੂ ਨਾਨਕ, ਗੁਰੂ ਅੰਗਦ ਅਤੇ ਕਬੀਰ, ਫ਼ਰੀਦ, ਨਾਮਦੇਵ, ਆਦਿਕ ਅਨੇਕਾਂ ਭਗਤਾਂ ਦੇ ਅਧਿਆਤਮਕ-ਅਨੁਭਵ ਨੇ ਕਾਫੀ ਹਿੱਸਾ ਪਾਇਆ ਹੈ ।

(2) ਇਸੇਤਰ੍ਹਾਂ ਬਚਪਨ ਤੋਂ ਜੁਆਨੀ ਅਤੇ ਜੁਆਨੀ ਤੋਂ ਬਿਰਧ-ਅਵੱਸਥਾ ਤਕ ਵੇਖੇ ਡਿੱਠੇ ਬੰਦਿਆਂ, ਸਾਕਾਂ, ਸੰਬੰਧੀਆਂ, ਮਿੱਤਰਾਂ, ਹਮਜੋਲੀਆਂ ਅਤੇ ਸੰਤਾਂ, ਸਾਧਾਂ, ਪੀਰਾਂ, ਫ਼ਕੀਰਾਂ ਨਾਲ ਹੋਈਆਂ ਗੋਸ੍ਟੀਆਂ ਅਤੇ ਤੱਤੇ-ਠੰਡੇ ਤਜਰਬਿਆਂ ਨੇ ਉਨ੍ਹਾਂ ਦੇ ਮਨ ਵਿੱਚ ਅਨੇਕਾਂ ਯਾਦਾਂ ਦੇ ਬਿੰਬ ਲਟਕਾਏ, ਭਾਵ-ਚਿਤ੍ਰ ਬਣਾਏ ਅਤੇ ਸੰਕਲਪ-ਚਿਤ੍ਰ ਘੜੇ-ਭੰਨੇ । ਦੂਜੇ ਸ਼ਬਦਾਂ ਵਿੱਚ ਵਿਹਾਰਕ-ਜੀਵਨ ਤੋਂ ਪ੍ਰਮਾਰਥ ਵਲ ਵਧਣ ਸਮੇਂ ਅਤੇ ਅਨੇਕ ਥਾਵੀਂ ਭ੍ਰਮਣ ਤੇ ਭਟਕਣ ਉਪਰੰਤ ਗੁਰੂ ਦੀ ਪ੍ਰਾਪਤੀ, ਕਰੜੀ-ਘਾਲ, ਸਹਜ-ਸਾਧਨਾ, ਆਦਿਕ ਦਾ ਅਨੁਭਵ, ਤੱਤੀਆਂ-ਠੰਡੀਆਂ ਯਾਦਾਂ ਦੀ ਭੀੜ ਨੂੰ ਇਕ ਸੇਧ ਪ੍ਰਦਾਨ ਕਰਕੇ ਗੁਰਦੇਵ ਦੀ ਸੁਖ਼ਸੀਅਤ ਨੂੰ ਪਰਿਪੂਰਨ ਜਾਂ ਸੰਪੂਰਨ ਬਣਾ ਗਿਆ। ਅੰਤ੍ਰੀਵ-ਅਰਥਾਂ ਵਿੱਚ ਦਸਾਂ ਗੁਰੂਆਂ ਦੀ ਜੋਤਿ ਇੱਕੋ ਹੈ, ਪਰ ਉਨ੍ਹਾਂ ਦੀ ਸੁਖ਼ਸੀਅਤ ਵੱਖ ਵੱਖ ਸਥਿਤੀਆਂ ਵਿੱਚ ਵਿਕਸਣ ਕਰਕੇ ਸੱਚ ਦੇ ਪ੍ਰਗਟਾਉ ਬਾਰੇ ਉਨ੍ਹਾਂ ਦੀ ਬੋਲੀ, ਸ਼ਬਦ-ਚੋਣ, ਛੰਦ-ਪ੍ਰਬੰਧ ਅਤੇ ਬਿੰਬਾਂ ਤੇ ਪ੍ਰਤੀਕਾਂ ਦੀ ਸਿਰਜਣਾ ਆਪੋ ਆਪਣੀ ਹੈ ।

(3) ਗੁਰੂ ਅਮਰਦਾਸ ਤੋਂ ਪਹਿਲਾਂ ਗੁਰੂ ਨਾਨਕ, ਗੁਰੂ ਅੰਗਦ, ਕਬੀਰ, ਫ਼ਰੀਦ ਅਤੇ ਨਾਮਦੇਵ, ਆਦਿਕ ਤੋਂ ਛੁੱਟ ਪੰਜਾਬ ਅਤੇ ਪੰਜਾਬੋਂ ਬਾਹਰ(ਜਿੱਥੇ ਕਿੱਥੇ ਭੀ ਗੁਰੂ ਅਮਰਦਾਸ ਕਦੇ ਗਏ) ਜਿਤਨੇ ਭੀ ਕਵੀਆਂ, ਸੰਗੀਤਕਾਰਾਂ ਅਤੇ ਨ੍ਰਿਤਕਾਰਾਂ ਦੀਆਂ ਰਚਨਾਵਾਂ ਨੂੰ ਸੁਣਨ, ਵੇਖਣ ਅਤੇ ਪਰਖਣ ਦਾ ਸਮਾਂ ਗੁਰੂ ਅਮਰਦਾਸ ਨੂੰ ਮਿਲਿਆ, ਉਨ੍ਹਾਂ ਰਚਨਾਵਾਂ ਦੇ ਫੁੱਲਾਂ ਵਿੱਚੋਂ ਮਧੂ-ਮੱਖੀ ਵਾਂਗ ਕਵੀ ਦੀ ਸੁਰਤ ਨੇ ਰਸ ਚੂਸ ਲਿਆ, ਪਰ ਦੇਸ਼ ਦੇ ਸਾਹਿਤਕ-ਵਿਰਸੇ ਨੂੰ ਉਨ੍ਹਾਂ ਆਪਣੀ ਸੁਖ਼ਸੀਅਤ ਦੇ ਸੱਚੇ ਵਿੱਚ ਢਾਲ ਕੇ ਪੇਸ਼ ਕੀਤਾ । ਅਨੇਕਾਂ ਲੋਕ-ਗੀਤਾਂ, ਲੋਕ-ਛੰਦਾਂ, ਲੋਕ-ਧੁਨੀਆਂ ਅਤੇ ਲੋਕ-ਵਾਰਾਂ ਤੋਂ ਬਿਨਾ ਵੈਸ਼ਨਵ-ਭਗਤਾਂ ਦੇ ਪਦਾਵਲੀ-ਕੀਰਤਨਾਂ ਤੇ ਸਤੁਤੀ-ਗੀਤਾਂ ਦੀਆਂ ਸੁਰਾਂ ਭੀ ਅਛੋਪਲੇ ਜਿਹੇ ਗੁਰਦੇਵ ਦੀ ਸੁਖ਼ਸੀਅਤ ਦਾ ਭਾਗ ਬਣ ਚੁੱਕੀਆਂ ਸਨ।

(4) ਮਾਝੇ ਦੀ ਧੁੰਨੀ(ਅੰਮ੍ਰਿਤਸਰ) ਜਾਂ ਉਸਦੇ ਆਸ ਪਾਸ ਦੇ ਇਲਾਕੇ ਨਾਲ ਸੰਬੰਧਤ ਹੋਣ ਕਰਕੇ ਗੁਰੂ ਅਮਰਦਾਸ ਦੀ ਬੋਲੀ ਉਤੇ ਸੰਬੰਧਤ ਇਲਾਕੇ ਦੀ ਮੁਹਰ-ਛਾਪ ਹੈ। ਸਿੱਧੇ, ਸਰਲ ਅਤੇ ਸਪਸ਼ਟ ਜੀਵਨ ਨੇ ਬੋਲੀ ਅਤੇ ਬੋਲਾਂ ਵਿੱਚ ਬਣਾਵਟ ਬਿਲਕੁਲ ਨਹੀਂ ਆਉਣ ਦਿੱਤੀ । ਸੱਚ ਨੂੰ ਸਿੱਧੇ, ਸਾਦੇ

ਅਤੇ ਸਰਲ-ਸਪਸ਼ਟ ਢੰਗ ਨਾਲ ਆਖਣ ਬਾਰੇ ਜਿਹੜੀ ਸਫਲਤਾ ਗੁਰੂ ਅਮਰਦਾਸ ਦੀ ਬਾਣੀ ਨੂੰ ਹੋਈ ਹੈ, ਉਸਦੇ ਪਿੱਛੇ ਭੀ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਹੈ ।

(5) ਕਰੜੀ-ਘਾਲ ਅਤੇ ਸਹਜ-ਸਾਧਨਾ ਤੋਂ ਛੋਟ ਕਿਸੇ ਹੱਦ ਤਕ ਬਿਰਧ-ਅਵੱਸਥਾ ਦੀ ਬਜ਼ੁਰਗੀ ਦੇ ਪ੍ਰਭਾਵ ਨਾਲ ਚਮਕਦੀ ਰੂਹਾਨੀ-ਸ਼ਖ਼ਸੀਅਤ ਭੀ ਸ਼ਾਇਦ ਜ਼ਿੰਮੇਵਾਰ ਹੈ, ਗੁਰੂ ਅਮਰਦਾਸ ਦੀ ਬਾਣੀ ਵਿੱਚ ਜਜ਼ਬੇ ਦੀ ਥਾਂ ਬੁੱਧੀ ਨੂੰ ਪ੍ਰਧਾਨਤਾ ਦੇਣ ਵਿੱਚ । ਇਸ ਵਿੱਚ ਸ਼ੱਕ ਨਹੀਂ, ਕਿ ਭਗਤੀ-ਭਾਵ ਦੇ ਪਦਿਆਂ, ਸ਼ਲੋਕਾਂ ਅਤੇ ਛੰਤਾਂ ਵਿੱਚ ਕਈ ਥਾਈਂ ਜਜ਼ਬਾ ਬਹੁਤ ਤੀਬਰ ਹੈ, ਪਰ ਆਮ ਕਰਕੇ ਜਜ਼ਬੇ ਨਾਲੋਂ ਬੌਧਕ-ਅੰਸ ਵਧੇਰੇ ਬਲਵਾਨ੍ ਪ੍ਰਤੀਤ ਹੁੰਦਾ ਹੈ । ਗੁਰੂ ਨਾਨਕ, ਗੁਰੂ ਅੰਗਦ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਤੋਂ ਛੋਟ ਫ਼ਰੀਦ ਦੀ ਬਾਣੀ ਵਿੱਚ ਭੀ ਕਈ ਥਾਈਂ ਬਿਆਨ ਦੀ ਸ਼ੋਖੀ ਬਹੁਤ ਹੈ, ਪਰ ਗੁਰੂ ਅਮਰਦਾਸ ਦੀ ਬਾਣੀ ਵਿੱਚ ਆਮ ਕਰਕੇ ਸ਼ੋਖੀ ਦੀ ਥਾਂ ਬਜ਼ੁਰਗਾਂ ਵਾਲਾ ਠਹਿਰ-ਠਰੰਮਾ ਹੀ ਵਿਖਾਈ ਦਿੰਦਾ ਹੈ ।

(6) ਗੁਰਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਕਵੀ ਸੰਤੋਖ ਸਿੰਘ ਨੇ ਗੁਰੂ ਅਮਰਦਾਸ ਨੂੰ ਛੋਟੇ-ਕਦ ਵਾਲਾ ਸਰੀਰ ਆਖਿਆ ਹੈ, ਪਰ ਇਸ ਬਾਰੇ ਪੱਕੀ ਤਰ੍ਹਾਂ ਨਹੀਂ ਕਿਹਾ ਜਾ ਸਕਦਾ, ਕਿ ਗੁਰੂ ਅਮਰਦਾਸ ਦਾ ਕਦ ਸਚਮੁਚ ਛੋਟਾ ਸੀ । ਸਗੋਂ ਇਸਦੇ ਉਲਟ ਇਕ ਦੋ ਪ੍ਰਮਾਣ(ਪ੍ਰਚਲਤ ਰਵਾਇਤਾਂ ਅਨੁਸਾਰ) ਗੁਰੂ ਅਮਰਦਾਸ ਦੇ ਚੰਗੇ ਲੰਮੇ-ਉੱਚੇ ਕਦ ਦੇ ਹੱਕ ਵਿੱਚ ਮਿਲਦੇ ਹਨ। ਉਦਾਹਰਨ ਵਜੋਂ "ਆਈਨਾ-ਇ-ਖੇਮਕਰਨ" ਦਾ ਕਰਤਾ ਪ੍ਰਤਾਪ ਸਿੰਘ[1] ਲਿਖਦਾ ਹੈ, ਕਿ "ਗੁਰਦੁਆਰਾ ਥੰਮ-ਸਾਹਿਬ(ਖੇਮਕਰਨ)ਤੀਸਰੀ ਪਾਤਿਸ਼ਾਹੀ ਗੁਰੂ ਅਮਰਦਾਸ ਜੀ ਦੀ ਯਾਦਗਾਰ ਹੈ। ਇੱਥੇ ਗੁਰੂ ਸਾਹਿਬ ਦੇ ਕਦ ਦੇ ਬਰਾਬਰ ਇਕ ਥੰਮ ਅਜੇ ਤਕ ਕਾਇਮ-ਦਾਇਮ ਹੈ।" ਸੰਬੰਧਤ ਸ:ਪ੍ਰਤਾਪ ਸਿੰਘ ਨੂੰ ਮੈਂ ਮਿਲਣ ਉਪਰੰਤ ਤਸੱਲੀ ਕੀਤੀ ਹੈ, ਕਿ ਖੇਮਕਰਨ ਦੇ ਗੁਰਦੁਆਰਾ ਥੰਮ-ਸਾਹਿਬ ਵਾਲਾ ਥੰਮ ਲਗਪਗ 6 ਫੁੱਟ ਉੱਚਾ ਹੈ। ਇਹ ਭੀ ਆਖਿਆ ਜਾਂਦਾ ਹੈ, ਕਿ ਸੰਬੰਧਤ ਥੰਮ[2] ਗੁਰੂ ਅਮਰਦਾਸ ਨੇ ਆਪਣੇ ਗੁਰਸਿੱਖ ਖੇੜਾ ਸੋਇਰੀ ਨੂੰ ਬਖ਼ਸ਼ਿਸ਼ ਵਜੋਂ ਦਿੱਤਾ ਸੀ ਅਤੇ ਖੇੜਾ ਸੋਇਰੀ ਦੁਆਰਾ(ਜਾਂ ਉਨ੍ਹਾਂ ਦੇ ਸ਼ਰਧਾਲੂਆਂ ਦੁਆਰਾ) ਖੇਮਕਰਨ ਵਿੱਚ ਪਹੁੰਚਾ । ਕੁਝ ਭੀ ਹੈ, ਗੁਰੂ ਅਮਰਦਾਸ ਦਾ ਕਦ-ਕਾਠ ਬਹੁਤ ਸੋਹਣਾ ਸੀ ਅਤੇ ਉਹ ਬਿਰਧ-ਅਵੱਸਥਾ ਵਿੱਚ ਭੀ ਸਿਰ ਉਤੇ ਪਾਣੀ ਦਾ ਘੜਾ ਚੁੱਕਾ ਕੇ ਸਿੱਧੇ ਤੁਰ ਸਕਦੇ ਸਨ ਅਤੇ ਜੁਲਾਹੇ ਦੀ ਖੱਡੀ ਵਿੱਚ ਢਹਿ ਪੈਣ ਤੇ ਭੀ ਸੰਭਲ ਸਕਦੇ ਸਨ । ਮੁਕਦੀ ਗੱਲ, ਬਾਹਰਮੁਖੀ ਅਤੇ ਅੰਤਰਮੁਖੀ ਦੋਹਾਂ ਪੱਖਾਂ ਤੋਂ ਗੁਰੂ ਅਮਰਦਾਸ ਆਪਣੇ ਯੁੱਗ ਦੀ ਮਹਾਨ ਸ਼ਖ਼ਸੀਅਤ ਸਨ ।

## (ਛ) ਗੁਰੂ ਅਮਰਦਾਸ ਰਚਿਤ ਬਾਣੀ ਦਾ ਵੇਰਵਾ

ਗੁਰੂ ਅਮਰਦਾਸ ਰਚਿਤ ਸਮੁੱਚੀ-ਬਾਣੀ ਗੁਰੂ ਅਰਜਨ ਦੇਵ ਦੁਆਰਾ ਸੰ:1604 ਈਸਵੀ ਤੋਂ ਆਦਿ-ਗ੍ਰੰਥ ਵਿੱਚ ਸੰਕਲਿਤ ਹੋ ਚੁੱਕੀ ਹੈ । ਕਈ ਹੱਥ-ਲਿਖਤ ਪ੍ਰਾਚੀਨ-ਬੀੜਾਂ (ਜਿਨ੍ਹਾਂ ਵਿੱਚ ਗੁਰੂ ਨਾਨਕ ਬਾਰੇ ਕੁਝ ਵਾਧੂ ਬਾਣੀ ਹੈ) ਦੇ ਸਰਵੇਖਣ ਉਪਰੰਤ ਭੀ ਇਹੋ ਸਿੱਧ ਹੁੰਦਾ ਹੈ, ਕਿ ਆਦਿ-ਗ੍ਰੰਥ ਤੋਂ

1.ਪ੍ਰਤਾਪ ਸਿੰਘ- ਆਈਨਾ-ਇ-ਖੇਮਕਰਨ(ਉਰਦੂ), 1925, ਪੰਨਾ 115

2.ਸੰਬੰਧਤ ਥੰਮ-ਸਾਹਿਬ ਖੇਮਕਰਨ ਦੇ ਗੁਰਦੁਆਰੇ ਵਿੱਚੋਂ ਹਿੰਦ-ਪਾਕਿਸਤਾਨ ਲੜਾਈ(1965)ਸਮੇਂ ਲੋਪ ਹੋ ਗਿਆ ਸੀ। ਹੋ ਸਕਦਾ ਹੈ, ਕਿ ਪਾਕਿਸਤਾਨੀ ਲੁੱਟ ਕੇ ਲੈ ਗਏ ਹੋਣ। ਸ਼ਰਧਾਲੂ ਕੋਸ਼ਿਸ਼ ਕਰ ਰਹੇ ਹਨ, ਥੰਮ-ਸਾਹਿਬ ਨੂੰ ਦੋਬਾਰਾ ਪ੍ਰਾਪਤ ਕਰਨ ਲਈ ।

ਬਾਹਰ ਗੁਰੂ ਅਮਰਦਾਸ ਦੀ ਕੋਈ ਬਾਣੀ ਨਹੀਂ ।

ਜਿੱਥੋਂ ਤਕ ਆਦਿ-ਗ੍ਰੰਥ ਵਿੱਚ ਸ਼ਾਮਿਲ ਸਭ ਗੁਰੂ-ਵਿਅਕਤੀਆਂ ਅਤੇ ਭਗਤ-ਕਵੀਆਂ ਦੀ ਕੁਲ ਬਾਣੀ ਦਾ ਸੰਬੰਧ ਹੈ, ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਕਰਤਾ ਭਾਈ ਕਾਹਨ ਸਿੰਘ[1] ਅਨੁਸਾਰ ਪਦਿਆਂ, ਸ਼ਬਦਾਂ, ਸ਼ਲੋਕਾਂ, ਛੰਤਾਂ ਅਤੇ ਪਉੜੀਆਂ ਆਦਿ ਦੀ ਕੁਲ ਗਿਣਤੀ 5867/5868 ਹੈ, ਜਿਨ੍ਹਾਂ ਵਿੱਚੋਂ 869 ਗੁਰੂ ਅਮਰਦਾਸ ਰਚਿਤ ਹਨ। ਭਾਈ ਕਾਹਨ ਸਿੰਘ ਦੇ ਉਲਟ ਡਾ:ਸੁਰਿੰਦਰ ਸਿੰਘ ਕੋਹਲੀ[2] ਨੇ ਇਹ ਗਿਣਤੀ 907 ਅਤੇ ਡਾ:ਤਾਰਨ ਸਿੰਘ[3] ਨੇ **894** ਦਰਸਾਈ ਹੈ।

ਸਾਡੇ ਹਿਸਾਬ ਗੁਰੂ ਅਮਰਦਾਸ ਦੇ ਪਦਿਆਂ, ਸ਼ਬਦਾਂ, ਸ਼ਲੋਕਾਂ, ਛੰਤਾਂ ਅਤੇ ਪਉੜੀਆਂ ਦੀ ਕੁਲ ਗਿਣਤੀ **873** ਹੈ ਅਤੇ ਉਸਦਾ ਵੇਰਵਾ ਇਸ ਪਰਕਾਰ ਹੈ:-

| ਰਾਗ ਦਾ ਨਾਮ | ਪਦੇ | ਅਸਟਪਦੀਆਂ, ਬਹੁਪਦੀਆਂ, ਆਦਿਕ | ਛੰਤ | ਫੁਟਕਲ ਬਾਣੀਆਂ | ਸ਼ਲੋਕ ਅਤੇ ਪਉੜੀਆਂ (ਵਾਰਾਂ ਸਮੇਤ) | |
|---|---|---|---|---|---|---|
| | | | | | ਸ਼ਲੋਕ | ਪਉੜੀਆਂ |
| ਸਿਰੀ ਰਾਗੁ | 31 | 8 | - | - - | 33 | - |
| ਮਾਝ | - | 32 | - | - | 3 | - |
| ਗਉੜੀ (ਗੁਆਰੇਰੀ) | 18 | 8 | - | - | - - | - |
| ਗਉੜੀ (ਬੈਰਾਗਣ) | — | 1 | - | - | - - | - |
| ਗਉੜੀ (ਪੂਰਬੀ) | — | - | 5 | - | 7 | - |
| ਆਸਾ | 12 | 15 | 2 | ਕਾਫੀ (1) ਪੱਟੀ (1) (ਪਉੜੀਆਂ 18) | -- | - |
| ਗੂਜਰੀ | 7 | 1 | - | - | 43 | 22 (ਵਾਰ ਗੂਜਰੀ) |
| ਬਿਹਾਗੜਾ | - - | - | - | - | 33 | - |
| ਵਡਹੰਸ | 9 | 2 | 6 | ਅਲਾਹੁਣੀਆਂ (4) | 40 | - |
| ਸੋਰਠ | 12 | 3 | - | - | 48 | - |
| ਧਨਾਸਰੀ | 9 | - | - | - | - - | - |
| ਸੂਹੀ | - - | 4 | 7 | - | 15 | 20 (ਵਾਰ ਸੂਹੀ) |
| ਬਿਲਾਵਲ | 6 | 1 | - | ਸਤਵਾਰਾ (1) (ਪਉੜੀਆਂ 10) | 24 | - |
| ਰਾਮਕਲੀ | 1 | 5 | - | ਅਨੰਦੁ (39 ਪਉੜੀਆਂ) | 24 | 21 (ਵਾਰ ਰਾਮਕਲੀ) |
| ਮਾਰੂ | 5 | 1 | - | ਸੋਲਹੇ (24) | 23 | 22 (ਵਾਰ ਮਾਰੂ) |
| ਭੈਰਉ | 21 | 2 | - | - | - | - |
| ਬਸੰਤ | 19 | - | - | - | - | - |
| ਬਸੰਤ (ਹਿੰਡੋਲ) | 1 | - | - | - | - | - |
| ਸਾਰੰਗ | - | 3 | - | - | 23 | - |
| ਮਲਾਰ | 13 | 3 | - | - | 27 | - |
| ਪ੍ਰਭਾਤੀ | 7 | 2 | - | - | - | - |
| ਸ਼ਲੋਕ ਵਾਰਾਂ ਤੋਂ ਵਧੀਕ.................... | | | | | 67 | - |
| ਕੁਲ ਗਿਣਤੀ | 171 | 91 | 20 | 96 | 410 | 85 |

1. ਭਾਈ ਕਾਹਨ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1960, ਪੰਨਾ 327
2. Dr. S. S. Kohli- A Critical Study of Adi Granth, 1961, P.6
3. ਡਾ:ਤਾਰਨ ਸਿੰਘ- "ਸਹਜ ਤੇ ਅਨੰਦ", 1963, ਪੰਨਾ 21-22

ਆਕਾਰ ਦੇ ਪੱਖ ਤੋਂ ਗੁਰੂ ਅਮਰਦਾਸ ਦੀ ਬਾਣੀ, ਗੁਰੂ ਅਰਜਨ ਅਤੇ ਗੁਰੂ ਨਾਨਕ ਤੋਂ ਪਿੱਛੋਂ ਬਾਕੀ ਦੇ ਸਾਰੇ ਗੁਰੂ-ਕਵੀਆਂ ਅਤੇ ਭਗਤਾਂ ਦੇ ਟਾਕਰੇ ਵਿੱਚ ਸਭ ਤੋਂ ਅਧਿਕ ਹੈ । ਅਗਲੇ ਲੇਖਾਂ ਰਾਹੀਂ ਗੁਰਦੇਵ ਦੀ ਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਵਿਸਥਾਰ ਸਹਿਤ ਵਿਚਾਰ ਕੀਤੀ ਜਾਵੇਗੀ ।

*.*.*.*.*.*.*.*.*.*.*.*.*.*.

## ਦੂਜਾ ਅਧਿਆਇ

### ਰਾਗ, ਰਾਗਨੀਆਂ, ਕਾਵਿ-ਭੇਦ ਅਤੇ ਛੰਦ-ਪ੍ਰਬੰਧ

ਭਗਤੀ-ਕਾਲ ਦੇ ਦੂਸਰੇ ਸੰਤ-ਕਵੀਆਂ ਵਾਂਗ ਗੁਰੂ ਅਮਰਦਾਸ ਨੇ ਭੀ ਆਪਣੀ ਬਾਣੀ ਵੱਖ ਵੱਖ ਰਾਗਾਂ ਅਤੇ ਰਾਗਨੀਆਂ ਵਿੱਚ ਰਚੀ । ਆਦਿ-ਗ੍ਰੰਥ ਵਿੱਚ ਸ਼ਾਮਿਲ ਸਾਰੇ ਕਵੀਆਂ ਦੀ ਕੁਲ ਰਚਨਾ 31 ਰਾਗਾਂ ਅਤੇ ਰਾਗਨੀਆਂ[1] ਵਿੱਚ ਮੰਨੀ ਜਾਂਦੀ ਹੈ, ਜਿਨ੍ਹਾਂ ਵਿੱਚੋਂ ਹੇਠ ਲਿਖੇ 17 ਰਾਗਾਂ ਤੇ ਰਾਗਨੀਆਂ ਦਾ ਪ੍ਰਯੋਗ ਗੁਰੂ ਅਮਰਦਾਸ ਦੀ ਬਾਣੀ ਵਿੱਚ ਭੀ ਮਿਲਦਾ ਹੈ:-

> ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ, ਆਦਿਕ ।

ਉਪਰੋਕਤ ਰਾਗਾਂ ਤੇ ਰਾਗਨੀਆਂ ਤੋਂ ਛੱਡ ਗੁਰੂ ਅਮਰਦਾਸ ਦੀ ਬਾਣੀ ਵਿੱਚ ਕਾਫੀ ਅਤੇ ਵਿਭਾਸ ਦਾ ਪ੍ਰਯੋਗ ਭੀ ਮਿਲਦਾ ਹੈ। ਬੇਸ਼ੱਕ ਕਈ ਆਧੁਨਿਕ-ਸੰਗੀਤਕਾਰ ਕਾਫੀ ਨੂੰ ਵੱਖਰਾ ਥਾਟ ਮੰਨਦੇ ਹਨ, ਪਰ ਕਿਉਂਕਿ ਆਦਿ-ਗ੍ਰੰਥ ਵਿੱਚ ਕਾਫੀ ਅਤੇ ਵਿਭਾਸ ਆਦਿਕ 31 ਪ੍ਰਧਾਨ ਰਾਗਾਂ ਅਤੇ ਰਾਗਨੀਆਂ ਨਾਲ ਮਿਲਾ ਕੇ ਪੇਸ਼ ਕੀਤੇ ਗਏ ਹਨ, ਸੋ ਅਸਾਂ ਭੀ ਇਨ੍ਹਾਂ ਦੀ ਗਿਣਤੀ ਸੰਬੰਧਤ ਰਾਗਾਂ ਤੋਂ ਅੱਡ ਕਰਕੇ ਨਹੀਂ ਕੀਤੀ ।

ਜਿਹੜੇ ਰਾਗਾਂ ਤੇ ਰਾਗਨੀਆਂ ਵਿੱਚ ਗੁਰੂ ਅਮਰਦਾਸ ਨੇ ਬਾਣੀ ਨਹੀਂ ਰਚੀ, ਉਨ੍ਹਾਂ ਵਿੱਚ ਦੇਵਗੰਧਾਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਗੋਂਡ, ਨਟ ਨਾਰਾਇਨ, ਮਾਲੀ ਗਉੜਾ, ਤੁਖਾਰੀ, ਕੇਦਾਰਾ, ਕਾਨੜਾ, ਕਲਿਆਨ ਅਤੇ ਜੈਜੈਵੰਤੀ, ਆਦਿਕ ਨੂੰ ਗਿਣਿਆ ਜਾ ਸਕਦਾ ਹੈ । ਤਿਹਾਗੜਾ ਰਾਗ ਵਿੱਚ ਗੁਰੂ ਅਮਰਦਾਸ ਦੇ ਕੇਵਲ ਸ਼ਲੋਕ ਮਿਲਦੇ ਹਨ ।

99484

ਪਰ ਜਿਨ੍ਹਾਂ ਰਾਗਾਂ ਜਾਂ ਰਾਗਨੀਆਂ ਦਾ ਪ੍ਰਯੋਗ ਗੁਰੂ ਅਮਰਦਾਸ ਦੀ ਬਾਣੀ ਦੁਆਰਾ ਨਹੀਂ ਭੀ ਹੋਇਆ, ਉਨ੍ਹਾਂ ਬਾਰੇ ਇਹ ਆਖਣਾ ਉਚਿਤ ਨਹੀਂ ਹੋਵੇਗਾ, ਕਿ ਗੁਰਦੇਵ ਨੂੰ ਉਨ੍ਹਾਂ ਬਾਰੇ ਜਾਣਕਾਰੀ ਨਹੀਂ ਸੀ। ਇਸਦੇ ਉਲਟ ਇਹ ਆਖਣਾ ਵਧੇਰੇ ਠੀਕ ਹੈ, ਕਿ ਗੁਰੂ ਅਮਰਦਾਸ ਨੂੰ ਪੰਦਰ੍ਹਵੀਂ ਤੇ ਸੋਲ੍ਹਵੀਂ ਸਦੀ ਦੇ ਭਾਰਤ(ਵਿਸ਼ੇਸ਼ ਕਰਕੇ ਉੱਤਰੀ-ਭਾਰਤ) ਵਿੱਚ ਪ੍ਰਚਲਤ ਲਗਪਗ ਸਾਰੇ ਰਾਗਾਂ ਬਾਰੇ

---

1.ਗੁਰਮਤਿ ਸੰਗੀਤ ਨਿਰਣਯ(ਪ੍ਰਕਾਸ਼ਕ: ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ), 1958, ਪੰਨੇ 23 ਤੋਂ 28

ਸੋਝੀ ਸੀ, ਇਹ ਗੱਲ ਵੱਖਰੀ ਹੈ, ਕਿ ਉਨ੍ਹਾਂ ਦੀ ਸ਼ਖ਼ਸੀਅਤ ਨੇ ਆਪਣੇ ਭਾਵਾਂ ਦੇ ਪ੍ਰਗਟਾਉ ਲਈ ਸੰਬੰਧਤ ਰਾਗਾਂ ਜਾਂ ਰਾਗਨੀਆਂ ਵਿੱਚੋਂ ਕੁਝ ਇਕ ਨੂੰ ਹੀ ਅਪਣਾਇਆ । ਉਦਾਹਰਨ ਵਜੋਂ ਕੇਦਾਰਾ ਰਾਗ ਵਿੱਚ ਗੁਰੂ ਅਮਰਦਾਸ ਨੇ ਕੋਈ ਬਾਣੀ ਨਹੀਂ ਰਚੀ, ਪਰ ਕੇਦਾਰਾ ਰਾਗ ਬਾਰੇ ਉਨ੍ਹਾਂ ਸੰਗੀਤਕਾਰਾਂ ਨੂੰ ਚੇਤਾਵਣੀ ਕਰਵਾਈ ਹੈ:-

ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ।
ਸਤ ਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ।
(ਮਾਰੂ ਕੀ ਵਾਰ ਮ:3)[1]

ਇਸੇਤਰ੍ਹਾਂ ਗੁਰੂ ਨਾਨਕ ਵਾਂਗ ਉਨ੍ਹਾਂ ਗਉੜੀ ਨਾਲ ਪੂਰਬੀ(ਪੂਰਵੀ) ਨੂੰ ਮਿਲਾ ਕੇ ਗਉੜੀ-ਪੂਰਬੀ ਅਤੇ ਬਸੰਤ(ਵਸੰਤ) ਨਾਲ ਹਿੰਡੋਲ ਦੇ ਸੁਰ ਮਿਲਾ ਕੇ ਬਸੰਤ-ਹਿੰਡੋਲ ਬਣਾ ਦਿੱਤਾ ਹੈ । ਪੂਰਬੀ (ਪੂਰਵੀ ਜਾਂ ਪੂਰਵਾ) ਲੋਚਨ ਪੰਡਿਤ[2] ਦੀ ਪ੍ਰਸਿਧ ਪੁਸਤਕ "ਰਾਗ ਤਰੰਗਨੀ"(ਲਗਪਗ ਚੌਦਵੀਂ ਸਦੀ) ਅਨੁਸਾਰ ਮਧਕਾਲੀਨ-ਭਾਰਤ ਦਾ ਇਕ ਲੋਕ-ਪ੍ਰਿਯ ਰਾਗ ਸੀ। ਸੋ ਜਿੱਥੋਂ ਤਕ ਗੁਰੂ ਅਮਰਦਾਸ ਦੀ ਬਾਣੀ ਵਿੱਚ ਸੰਬੰਧਤ ਰਾਗਾਂ ਤੇ ਰਾਗਨੀਆਂ ਦੇ ਸੰਗਮ ਜਾਂ ਪਰਸਪਰ-ਮੇਲ ਦਾ ਸੰਬੰਧ ਹੈ, ਅਜਿਹਾ ਮੇਲ ਕਲਾਸੀਕਲ-ਸੰਗੀਤ ਦੇ ਨਿਯਮਾਂ ਅਨੁਸਾਰ ਹੋਇਆ ਹੈ। ਗਉੜੀ ਨਾਲ ਪੂਰਬੀ ਅਤੇ ਬਸੰਤ ਨਾਲ ਹਿੰਡੋਲ ਦੇ ਮੇਲ ਬਾਰੇ ਪੁੰਡਰੀਕ ਵਿੱਠਲ[3](ਜੋ ਅਕਬਰ ਅਤੇ ਗੁਰੂ ਅਮਰਦਾਸ ਦਾ ਸਮਕਾਲੀ ਸੀ) ਦੀ ਰਚਨਾ "ਰਾਗ ਮੰਜਰੀ", ਪੰਡਿਤ ਸੋਮਨਾਥ[4]ਦੇ ਸੰਗੀਤ-ਗ੍ਰੰਥ "ਰਾਗ-ਵਿਬੋਧ(1610 ਈਸਵੀ)" ਅਤੇ ਤਾਂਜੋਰ ਦੇ ਮਹਾਰਾਜਾ ਤੁਲਾਜੀ ਰਾਓ ਭੌਂਸਲੇ[5]ਦੀ ਪੁਸਤਕ "ਸੰਗੀਤ-ਸਾਰ-ਅੰਮ੍ਰਿਤ"(1783 ਈਸਵੀ)" ਵਿੱਚ ਭੀ ਹਵਾਲੇ ਮਿਲਦੇ ਹਨ। ਪਿਛਲੇਰੇ ਸੰਗੀਤ-ਆਚਾਰੀਆ ਦੱਖਣੀ-ਸਕੂਲ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਉਨ੍ਹਾਂ ਦੀਆਂ ਲਿਖਤਾਂ ਵਿੱਚ ਸੰਬੰਧਤ ਰਾਗਾਂ ਦਾ ਅਜਿਹਾ ਮੇਲ ਇਸ ਗੱਲ ਦੀ ਸਾਖੀ ਭਰਦਾ ਹੈ, ਕਿ ਗੁਰੂ ਅਮਰਦਾਸ ਆਦਿਕ ਪੰਦਰਵੀਂ-ਸੋਲ੍ਹਵੀਂ ਸਦੀ ਦੇ ਕਵੀਆਂ ਦੇ ਸਮੇਂ ਉੱਤਰੀ ਅਤੇ ਦੱਖਣੀ ਭਾਰਤ ਦੀ ਰਾਗ-ਪਰੰਪਰਾ ਵਿੱਚ ਇਤਨਾ ਪਾੜ ਨਹੀਂ ਸੀ ਪਿਆ, ਜਿਤਨਾ ਪਿੱਛੋਂ ਜਾ ਕੇ ਉਜਾਗਰ ਹੋਇਆ ਹੈ ।

ਗੁਰੂ ਅਮਰਦਾਸ ਦੀ ਸੰਗੀਤਕ-ਸੂਝ ਬਾਰੇ ਹੋਰ ਭੀ ਕਈ ਪ੍ਰਮਾਣ ਮਿਲਦੇ ਹਨ, ਜਿਵੇਂ:-

(1) ਆਦਿ-ਗ੍ਰੰਥ ਵਿੱਚ ਸ਼ਾਮਿਲ ਰਾਗਾਂ ਅਤੇ ਰਾਗਨੀਆਂ ਬਾਰੇ ਸਭ ਤੋਂ ਵੱਧ ਚੇਤਾਵਣੀ ਗੁਰੂ ਅਮਰਦਾਸ ਦੀ ਬਾਣੀ ਦੁਆਰਾ ਮਿਲਦੀ ਹੈ। ਕੇਦਾਰਾ ਰਾਗ(ਜਿਸ ਬਾਰੇ ਉੱਪਰ ਆਲੋਚਨਾ ਕੀਤੀ ਜਾ

---

1. ਆਦਿ-ਗ੍ਰੰਥ............ਪੰਨਾ 1087

2. For Lochana Pandit's Raga Tarangani, refer V.N.Bhatkhande's book entitled"A Comparative Study of the Leading Music Systems of The 15th,16th,17th and 18th Centuries,P.21

3. For Pundarika Vithala's Raga Manjari,refer V.N.Bhatkhande,Ibid P.59

4. For Somnath's Raga Vibodha,refer Ibid.,P.95

5. For Maharaja Tulajirao's Sangeet-Saramrita,refer Ibid,P.106-07

ਢੁੱਕੀ ਹੈ) ਤੋਂ ਛੁੱਟ ਗੁਰੂ ਅਮਰਦਾਸ ਦੀ ਬਾਣੀ ਵਿੱਚ ਸਿਰੀ ਰਾਗ, ਗਉੜੀ, ਗੂਜਰੀ, ਵਡਹੰਸ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਬਸੰਤ ਅਤੇ ਮਲਾਰ, ਆਦਿਕ ਅਨੇਕਾਂ ਰਾਗਾਂ ਅਤੇ ਰਾਗਨੀਆਂ ਨੂੰ ਉਚੇਰੇ-ਭਾਵਾਂ ਦਾ ਮਾਧਿਅਮ ਬਣਾਉਣ ਲਈ ਉਨ੍ਹਾਂ ਸੰਗੀਤਕਾਰਾਂ ਨੂੰ ਚੇਤੰਨ ਕੀਤਾ ਹੈ, ਜਿਵੇਂ:-

(1) <u>ਸਿਰੀ ਰਾਗ</u>

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ।
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ।
(ਵਾਰ ਸ੍ਰੀਰਾਗੁ ਮ:4 ਸ੍ਲੋਕ ਮ:3)[1]

(2) <u>ਗਉੜੀ</u>

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ।
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ।
(ਵਾਰ ਗਉੜੀ ਮ:4 ਸ੍ਲੋਕ ਮ:3)[2]

(3) <u>ਗੂਜਰੀ</u>

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ।
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ।
(ਵਾਰ ਗੂਜਰੀ ਮ:3)[3]

(4) <u>ਵਡਹੰਸ</u>

ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿਧਾਰਿ ।
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ।
(ਵਾਰ ਵਡਹੰਸ ਮ:4 ਸ੍ਲੋਕ ਮ:3)[4]

(5) <u>ਧਨਾਸਰੀ</u>

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ।
(ਸ੍ਲੋਕ ਵਾਰਾਂ ਤੋਂ ਵਧੀਕ)[5]

(6) <u>ਸੂਹੀ</u>

(ੳ) ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮਾਲਿ ।
ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ ।
(ਅ) ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ ।
(ਵਾਰ ਸੂਹੀ ਮ:3)[6]

(7) <u>ਬਿਲਾਵਲ</u>

(ੳ) ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ।
ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ।
(ਅ) ਬਿਲਾਵਲੁ ਕਰਿਹੁ ਤੁਮ ਪਿਆਰਿਹੋ ਏਕਸੁ ਸਿਉ ਲਿਵ ਲਾਇ ।
(ੲ) ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ ।
(ਵਾਰ ਬਿਲਾਵਲ ਮ:4 ਸ੍ਲੋਕ ਮ:3)[7]

---

1.ਆਦਿ-ਗ੍ਰੰਥ........ਪੰਨਾ 83
2.ਆਦਿ-ਗ੍ਰੰਥ........ਪੰਨਾ 247
3.ਆਦਿ-ਗ੍ਰੰਥ........ਪੰਨਾ 516
4.ਆਦਿ-ਗ੍ਰੰਥ........ਪੰਨਾ 585
5.ਆਦਿ-ਗ੍ਰੰਥ........ਪੰਨਾ 1419
6.ਆਦਿ-ਗ੍ਰੰਥ........ਪੰਨਾ 785
7.ਆਦਿ-ਗ੍ਰੰਥ........ਪੰਨਾ 849

(8) ਰਾਮਕਲੀ

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰ ।
ਗੁਰਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ ।
(ਵਾਰ ਰਾਮਕਲੀ ਮ:3)[1]

(9) ਬਸੰਤ

ਤਿਨ ਬਸੰਤੁ ਜੋ ਹਰਿਗੁਣ ਗਾਇ । ਪੂਰੈ ਭਾਗਿ ਹਰਿ ਭਗਤਿ ਕਰਾਇ ।
ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ। ਇਹੁ ਮਨੁ ਜਲਿਆ ਦੂਜੈ ਦੋਇ ।
(ਬਸੰਤ ਮ:3)[2]

(10) ਮਲਾਰ

(ੳ) ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ।
(ਵਾਰ ਮਲਾਰ ਮ:1 ਸਲੋਕ ਮ:3)[3]

(ਅ) ਗੁਰਮੁਖਿ ਮਲਾਰ ਰਾਗੁ ਜੋ ਕਰਹਿ ਇਹ ਮਨੁ ਤਨੁ ਸੀਤਲੁ ਹੋਇ ।
ਗੁਰਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ ।
(ਵਾਰ ਮਲਾਰ ਮ:1 ਸਲੋਕ ਮ:3)[4]

(2) ਗੁਰੂ ਨਾਨਕ ਦੀ ਬਾਣੀ ਵਿੱਚ ਗੁਰੂ ਅਮਰਦਾਸ ਦੀ ਬਾਣੀ ਵਿਚਲੇ 17 ਰਾਗਾਂ ਤੋਂ ਛੁੱਟ ਤੁਖਾਰੀ ਅਤੇ ਤਿਲੰਗ ਦੋ ਰਾਗ ਜਾਂ ਰਾਗਨੀਆਂ ਵਧੀਕ ਹਨ। ਗੁਰੂ ਨਾਨਕ ਦੀ ਬਾਣੀ ਨਾਲ ਸੰਬੰਧਤ ਰਾਗਾਂ ਬਾਰੇ ਗੁਰੂ ਅਮਰਦਾਸ ਦੀ ਜਾਣਕਾਰੀ ਸੁਭਾਵਕ ਸੀ । ਵੈਸੇ ਆਦਿ-ਗ੍ਰੰਥ ਵਿੱਚ ਸ਼ਾਮਿਲ ਬਹੁਤੇ ਭਗਤਾਂ ਦੀ ਬਾਣੀ ਤਕ ਭੀ ਗੁਰੂ ਅਮਰਦਾਸ ਦੀ ਪੂਰੀ ਪਹੁੰਚ ਸੀ ਅਤੇ ਹੇਠ ਲਿਖੇ ਵੇਰਵੇ ਤੋਂ ਇਹ ਭਲੀ-ਭਾਂਤ ਸਿੱਧ ਹੋ ਜਾਂਦਾ ਹੈ, ਕਿ ਉਪਰੋਕਤ 19 ਰਾਗਾਂ ਤੋਂ ਬਿਨਾ ਸਾਰੰਗ, ਜੈਤਸਰੀ, ਟੋਡੀ, ਗੋਂਡ ਅਤੇ ਕਾਨੜਾ ਆਦਿਕ ਪੰਜ ਹੋਰ ਰਾਗਾਂ ਨਾਲ ਭੀ ਗੁਰੂ ਅਮਰਦਾਸ ਦੀ ਜਾਣ-ਪਛਾਣ ਸੀ । ਆਦਿ-ਗ੍ਰੰਥ ਨਾਲ ਸੰਬੰਧਤ ਬਾਕੀ ਦੇ ਸੱਤ ਰਾਗ(ਸਿਵਾਏ ਜੈਜੈਵੰਤੀ, ਜਿਸ ਵਿੱਚ ਕੇਵਲ ਗੁਰੂ ਤੇਗ ਬਹਾਦਰ ਦੀ ਬਾਣੀ ਹੈ), ਜਿਨ੍ਹਾਂ ਵਿੱਚ ਬੇਸ਼ੁਕ ਗੁਰੂ ਅਮਰਦਾਸ ਦੀ ਬਾਣੀ ਨਹੀਂ ਮਿਲਦੀ, ਅਜਿਹੇ ਹਨ, ਜੋ ਗੁਰੂ ਅਮਰਦਾਸ ਤੋਂ ਕੁਝ ਚਿਰ ਪਿੱਛੋਂ ਹੀ ਗੁਰੂ ਰਾਮਦਾਸ ਅਤੇ ਫੇਰ ਗੁਰੂ ਅਰਜਨ ਦੇਵ ਦੀ ਬਾਣੀ ਦਾ ਮਾਧਿਅਮ ਬਣੇ । ਕਿਉਂਕਿ ਗੁਰੂ ਰਾਮਦਾਸ ਦੀ ਗੁਰਗੱਦੀ ਦਾ ਸਮਾਂ ਗੁਰੂ ਅਮਰਦਾਸ ਤੋਂ ਪਿੱਛੋਂ ਕੇਵਲ ਸੱਤ ਸਾਲ ਹੈ, ਸੋ ਇਸ ਵਿੱਚ ਅਤਿਕਥਨੀ ਨਹੀਂ ਹੋਵੇਗੀ, ਜੇਕਰ ਅਸੀਂ ਇਹ ਮੰਨ ਲਈਏ, ਕਿ ਸੰਬੰਧਤ ਰਾਗਾਂ ਬਾਰੇ ਗੁਰੂ ਰਾਮਦਾਸ ਨੂੰ ਜਾਣਕਾਰੀ ਗੁਰੂ ਅਮਰਦਾਸ ਦੀ ਛਤਰ-ਛਾਇਆ ਹੇਠ ਹੀ ਹੋ ਚੁੱਕੀ ਸੀ । ਭਗਤਾਂ ਦੀ ਬਾਣੀ ਨਾਲ ਸੰਬੰਧਤ 21 ਰਾਗਾਂ ਦਾ ਵੇਰਵਾ ਇਸ ਪਰਕਾਰ ਹੈ:-

ਸਿਰੀ ਰਾਗ(ਫ਼ਰੀਦ, ਤ੍ਰਿਲੋਚਨ, ਬੇਣੀ, ਰਵਿਦਾਸ), ਗਉੜੀ(ਕਬੀਰ, ਨਾਮਦੇਵ, ਰਵਿਦਾਸ), ਆਸਾ (ਕਬੀਰ, ਨਾਮਦੇਵ, ਰਵਿਦਾਸ, ਧੰਨਾ, ਫ਼ਰੀਦ), ਗੂਜਰੀ(ਕਬੀਰ, ਨਾਮਦੇਵ, ਰਵਿਦਾਸ, ਤ੍ਰਿਲੋਚਨ, ਜੈਦੇਵ), ਸੋਰਠ(ਕਬੀਰ, ਰਵਿਦਾਸ, ਭੀਖਨ), ਧਨਾਸਰੀ(ਕਬੀਰ, ਨਾਮਦੇਵ, ਰਵਿਦਾਸ, ਤ੍ਰਿਲੋਚਨ, ਸੈਣ, ਪੀਪਾ, ਧੰਨਾ), ਜੈਤਸਰੀ(ਰਵਿਦਾਸ), ਟੋਡੀ(ਨਾਮਦੇਵ), ਤਿਲੰਗ(ਕਬੀਰ ਅਤੇ ਨਾਮਦੇਵ), ਸੂਹੀ(ਕਬੀਰ,

---

1. ਆਦਿ-ਗ੍ਰੰਥ............ਪੰਨਾ 950
2. ਆਦਿ-ਗ੍ਰੰਥ............ਪੰਨਾ 1176
3. ਆਦਿ-ਗ੍ਰੰਥ............ਪੰਨਾ 1283
4. ਆਦਿ-ਗ੍ਰੰਥ............ਪੰਨਾ 1285

ਰਵਿਦਾਸ,ਫ਼ਰੀਦ), ਬਿਲਾਵਲ(ਕਬੀਰ,ਨਾਮਦੇਵ,ਰਵਿਦਾਸ,ਸਧਨਾ), ਗੌਂਡ(ਕਬੀਰ,ਨਾਮਦੇਵ, ਰਵਿਦਾਸ), ਰਾਮਕਲੀ(ਕਬੀਰ,ਨਾਮਦੇਵ,ਰਵਿਦਾਸ,ਬੇਣੀ,ਸੱਤਾ ਬਲਵੰਡ), **ਮਾਰੂ**(ਕਬੀਰ, ਨਾਮਦੇਵ,ਜੈਦੇਵ,ਰਵਿਦਾਸ), ਕੇਦਾਰਾ(ਕਬੀਰ ਤੇ ਰਵਿਦਾਸ), ਭੈਰਉ(ਕਬੀਰ, ਨਾਮਦੇਵ, ਰਵਿਦਾਸ), ਬਸੰਤ(ਕਬੀਰ, ਰਾਮਾਨੰਦ,ਨਾਮਦੇਵ,ਰਵਿਦਾਸ), ਸਾਰੰਗ(ਕਬੀਰ,ਨਾਮਦੇਵ, ਸੂਰਦਾਸ), ਮਲਾਰ(ਨਾਮਦੇਵ ਤੇ ਰਵਿਦਾਸ), ਕਾਨੜਾ(ਨਾਮਦੇਵ), ਪ੍ਰਭਾਤੀ(ਕਬੀਰ, ਨਾਮਦੇਵ, ਬੇਣੀ), ਆਦਿਕ ।

ਉਪਰੋਕਤ ਵੇਰਵਾ ਇਸ ਗੱਲ ਦਾ ਭੀ ਸੂਚਕ ਹੈ, ਕਿ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਨੇ ਬਹੁਤੇ ਉਹੀ ਰਾਗ ਅਤੇ ਰਾਗਨੀਆਂ ਆਪਣੇ ਭਾਵਾਂ ਦੇ ਪ੍ਰਗਟਾਉ ਲਈ ਚੁਣੇ, ਜੋ ਉਨ੍ਹਾਂ ਤੋਂ ਪਹਿਲੇ ਸੰਤਾਂ ਜਾਂ ਭਗਤ-ਕਵੀਆਂ ਦੁਆਰਾ ਲੋਕ-ਪ੍ਰੀਯ ਹੋ ਚੁੱਕੇ ਸਨ। ਸੋ ਜਿੱਥੋਂ ਤਕ ਰਾਗਾਂ ਤੇ ਰਾਗਨੀਆਂ ਦੀ ਚੋਣ ਦਾ ਸੰਬੰਧ ਹੈ, ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਦੂਸਰੇ ਗੁਰੂ-ਕਵੀਆਂ ਦੀ ਭਾਰਤ ਦੀ ਭਗਤੀ-ਕਾਵਿ-ਪਰੰਪਰਾ ਨਾਲ ਅਨਿਖੜ-ਸਾਂਝ ਹੈ ।

(3) ਗੁਰੂ ਅਮਰਦਾਸ ਦੀ ਬਾਣੀ ਵਿੱਚ ਕਈ ਅਜਿਹੀਆਂ ਤੁਕਾਂ ਮਿਲਦੀਆਂ ਹਨ,ਜੋ ਅੰਤਰਮੁਖੀ ਅਤੇ ਬਾਹਰਮੁਖੀ ਦੋਹਾਂ ਤਰ੍ਹਾਂ ਦੇ ਰਾਗ ਜਾਂ ਨਾਦ ਵਲ ਸੰਕੇਤ ਕਰਦੀਆਂ ਹਨ। ਪਹਿਲੀ ਪਰਕਾਰ ਦੇ ਨਾਦ ਨੂੰ ਸਰਬ-ਸ੍ਰੇਸ਼ਟ "ਅਨਹਦ ਨਾਦ" ਜਾਂ "ਅਨਾਹਤ-ਨਾਦ" ਆਖਿਆ ਜਾ ਸਕਦਾ ਹੈ । ਅਨਹਦ-ਨਾਦ ਜਾਂ ਅਨਾਹਤ-ਨਾਦ ਬਾਹਰਮੁਖੀ-ਕੰਨਾਂ ਦੁਆਰਾ ਨਹੀਂ ਸੁਣਿਆ ਜਾ ਸਕਦਾ । ਇਸਦੇ ਉਲਟ ਰਿਦੇ-ਆਕਾਸ਼ ਵਿੱਚ ਨਾਮ ਦੇ ਸਿਮਰਨ ਦੁਆਰਾ ਜਦੋਂ ਸੁਰਤ ਦਸਮ-ਦੁਆਰ ਦੀ ਸਹਜ-ਅਵਸਥਾ ਵਿੱਚ ਜਾ ਟਿਕਦੀ ਹੈ, ਤਾਂ ਪਰਮ-ਆਨੰਦ ਦੀ ਪ੍ਰਾਪਤੀ ਸਮੇਤ ਇਲਾਹੀ-ਨਾਦ ਸੁਣਾਈ ਦਿੰਦਾ ਹੈ, ਜਿਸਦੀ ਉਸਤਤਿ ਗੁਰਦੇਵ ਨੇ ਇਸਤਰ੍ਹਾਂ ਕੀਤੀ ਹੈ:-

(ੳ) ਅਨਹਦ ਸਬਦੁ ਵਜਾਇ ਜੋਤੀ ਜੋਤਿ ਧਰਿ ।
ਹਿਰਦੈ ਹਰਿਗੁਣ ਗਾਇ ਜੈ ਜੈ ਸਬਦੁ ਹਰਿ ।
(ਵਾਰ ਸੂਹੀ ਮ:3)[1]

(ਅ)ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ।
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ।
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ।
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ।
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ।
( ਰਾਮਕਲੀ ਮ:3 ਅਨੰਦੁ )[2]

ਇਨ੍ਹਾਂ ਪੰਜ ਪਰਕਾਰ ਦੇ ਵੱਖ ਵੱਖ ਸਾਜ਼ਾਂ(ਤਾਰ,ਚੰਮ,ਧਾਤ,ਘੜਾ ਅਤੇ ਫੂਕ ਦੁਆਰਾ ਵੱਜਣ ਵਾਲੇ) ਨਾਲ ਸੰਬੰਧਤ ਪੰਚ ਸ਼ਬਦਾਂ ਤੋਂ ਉੱਚਾ ਕੋਈ ਰਾਗ ਨਹੀਂ, ਪਰ ਜਿਵੇਂ ਇਹ ਪੰਚ-ਸਬਦ ਬਿਨ ਵਜਾਇਆਂ ਵੱਜਦੇ ਹਨ, ਤਿਵੇਂ ਹੀ ਇਨ੍ਹਾਂ ਨੂੰ ਬਿਨ ਕੰਨਾਂ ਦੇ ਸੁਣਿਆ ਜਾਂਦਾ ਹੈ। ਦੂਜੀ ਪਰਕਾਰ ਦਾ ਸੰਗੀਤ ਜਿਸਨੂੰ

1.ਆਦਿ-ਗ੍ਰੰਥ.................ਪੰਨਾ 790
2.ਆਦਿ-ਗ੍ਰੰਥ.................ਪੰਨਾ 917

ਅਸਾਂ ਬਾਹਰਮੁਖੀ-ਨਾਦ ਦਾ ਨਾਮ ਦਿੱਤਾ ਹੈ, ਬਾਹਰਮੁਖੀ-ਕੰਨਾਂ ਦੁਆਰਾ ਸੁਣਿਆ ਜਾ ਸਕਦਾ ਹੈ । ਪਰ ਬਾਹਰਮੁਖੀ-ਸੰਗੀਤ ਭੀ ਜਦੋਂ ਤਕ ਸੰਗੀਤਕਾਰ ਦੀ ਆਤਮਾ ਵਿੱਚ ਗੂੰਜਦੇ ਇਲਾਹੀ-ਸੰਗੀਤ ਨਾਲ ਇਕਸੁਰ ਨਹੀਂ ਹੁੰਦਾ, ਉਹ ਮਨ ਦੀਆਂ ਬਿਰਤੀਆਂ ਨੂੰ ਇਕਾਗਰ ਕਰਨ ਦੀ ਥਾਂ ਖਿੰਡਾਰਨ ਦਾ ਦੋਸ਼ੀ ਬਣਦਾ ਹੈ। ਦੂਜੇ ਸ਼ਬਦਾਂ ਵਿੱਚ ਪਹਿਲੀ ਪਰਕਾਰ ਦਾ ਸੰਗੀਤ ਜੇਕਰ "ਅਰਸ਼ਾਂ ਦੀ ਪਉੜੀ" ਹੈ ਤਾਂ ਪਿਛਲੀ ਪਰਕਾਰ ਦਾ ਰਾਗ ਰਸਾਤਲ ਵਲ ਉਤਰਦਾ ਜ਼ੀਨਾ ਹੈ। ਡਾ:ਬਲਬੀਰ ਸਿੰਘ[1]ਨੇ ਆਪਣੇ ਇਕ ਲੇਖ "ਰਬਾਬ" ਰਾਹੀਂ ਅਰਬ ਦੇ ਇਕ ਸੂਫ਼ੀ "ਸਿਮੂਨ ਮੋਹਿਬ" ਦੇ ਰਾਗ ਬਾਰੇ ਵਿਚਾਰਾਂ ਦਾ ਅਨੁਵਾਦ ਕਰਦਿਆਂ ਲਿਖਿਆ ਹੈ:-

> "ਰਾਗ ਸੱਦ ਹੈ ਅੱਲ੍ਹਾ ਵਲੋਂ ਰੂਹ ਨੂੰ । ਰੂਹ ਦਾ ਜਵਾਬ ਇਸ ਸੱਦ ਨੂੰ ਕੀ ਹੈ? ਵਜਦ ਵਿੱਚ ਆ ਜਾਣਾ । ਗ਼ਸ਼(ਮੂਰਛਾ) ਹੋ ਜਾਣੀ ਜਾਂ ਰੂਹ ਦਾ ਅੱਲ੍ਹਾ ਵਿੱਚ ਸਮਾ ਜਾਣਾ ਹੈ।"

ਗੁਰੂ ਅਮਰਦਾਸ ਨੇ ਭੀ ਸ਼ਾਇਦ ਇਸੇਲਈ ਵੱਖ ਵੱਖ ਰਾਗਾਂ ਦੁਆਰਾ ਨਿਰੰਕਾਰ ਨਾਲ ਲਿਵ ਜੋੜਨ ਲਈ ਸੰਗੀਤਕਾਰਾਂ ਨੂੰ ਚੇਤਾਵਣੀ ਕਰਵਾਈ ਹੈ। ਇੰਜ ਚੇਤਾਵਣੀ ਕਰਵਾਉਣੀ ਬਹੁਤ ਜ਼ਰੂਰੀ ਸੀ, ਕਿਉਂਕਿ ਅਨੇਕਾਂ ਮਧਕਾਲੀਨ ਸੰਗੀਤ-ਗ੍ਰੰਥਾਂ ਵਿੱਚ ਵੱਖ ਵੱਖ ਰਾਗਾਂ ਤੇ ਰਾਗਣੀਆਂ ਦੇ ਲੱਛਣ ਦਰਸਾਉਣ ਸਮੇਂ ਵਿਦਵਾਨਾਂ ਨੇ ਉਨ੍ਹਾਂ ਦਾ ਸੰਬੰਧ ਪ੍ਰਮਾਤਮਾ ਨਾਲ ਜੋੜਨ ਦਾ ਥਾਂ ਸੁੰਦਰ-ਯੁਵਤੀਆਂ ਦੇ ਹਾਰ-ਸ਼ਿੰਗਾਰ ਅਤੇ ਕਾਮ-ਉਤੇਜਤ ਹਾਵ-ਭਾਵ ਦੁਆਰਾ ਕੁਝ ਇਹੋ ਜਿਹੇ ਰੋਮਾਂਟਿਕ-ਵਾਯੂਮੰਡਲ ਨੂੰ ਪੈਦਾ ਕੀਤਾ ਹੈ, ਕਿ ਮਨ ਕੇਂਦ੍ਰਿਤ ਹੋਣ ਦੀ ਥਾਂ ਵਿਕੇਂਦ੍ਰਿਤ ਹੋਣਾ ਸੁਭਾਵਕ ਹੈ। ਉਦਾਹਰਨ ਵਜੋਂ ਐਲਾਂ ਡੈਨੀਏਲੂ[2]ਦੀ ਪ੍ਰਸਿਧ ਪੁਸਤਕ "ਉੱਤਰ-ਭਾਰਤੀ ਸੰਗੀਤ(ਦੂਜਾ ਭਾਗ)" ਵਿੱਚ ਮਧਕਾਲੀਨ ਸੰਗੀਤ-ਗ੍ਰੰਥਾਂ(ਰਾਗ ਸਾਗਰ, ਸੰਗੀਤ ਦਰਪਨ, ਰਾਗ ਨਿਰੂਪਨ, ਰਾਗ ਰਤਨਾਕਰ, ਆਦਿਕ) ਦੇ ਹਵਾਲਿਆਂ ਸਮੇਤ ਗੁਰੂ ਅਮਰਦਾਸ ਦੀ ਬਾਣੀ ਨਾਲ ਸੰਬੰਧਤ ਕਈ ਰਾਗਾਂ(ਜਿਵੇਂ:ਸਿਰੀ,ਬਿਲਾਵਲ,ਰਾਮਕਲੀ,ਮਾਰੂ,ਭੈਰਉ,ਬਸੰਤ,ਸਾਰੰਗ,ਮਲਾਰ ਅਤੇ ਕਾਫ਼ੀ) ਤੋਂ ਬਿਨਾ ਪੂਰਬੀ(ਪੂਰਵੀ) ਅਤੇ ਹਿੰਡੋਲ ਆਦਿਕ ਦੇ ਲੱਛਣਾਂ ਬਾਰੇ ਕਈ ਰੋਮਾਂਟਿਕ-ਤਸਵੀਰਾਂ ਮਿਲਦੀਆਂ ਹਨ।

ਬੇਸ਼ੱਕ ਗੁਰੂ ਨਾਨਕ ਦੀ ਬਾਣੀ ਵਿੱਚ ਭੀ ਪ੍ਰਭੂ ਦੀ ਕੀਰਤਿ ਗਾਉਣ(ਜੈ ਘਰਿ ਕੀਰਤਿ ਆਖੀਐ...)[3] ਦਾ ਉਪਦੇਸ਼ ਕੀਤਾ ਗਿਆ ਹੈ, ਪਰ ਗੁਰੂ ਅਮਰਦਾਸ ਨੇ ਸਪਸ਼ਟ ਸ਼ਬਦਾਂ ਰਾਹੀਂ ਰਾਗ ਨੂੰ "ਕੀਰਤਿ" ਅਤੇ "ਕੀਰਤਨ" ਆਖ ਕੇ ਇਸਦਾ ਸੰਬੰਧ ਕੇਵਲ ਨਿਰੰਕਾਰ ਨਾਲ ਜੋੜਨ ਬਾਰੇ ਉਪਦੇਸ਼ ਕੀਤਾ ਹੈ:-

(ੳ) ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ।
(ਵਾਰ ਮਾਝ ਮ:1 ਸਲੋਕ ਮ:3)[4]

(ਅ) ਰਾਮਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ।
(ਵਾਰ ਸ੍ਰੀਰਾਗੁ ਮ:4 ਸਲੋਕ ਮ:3)[5]

---

1.ਡਾ:ਬਲਬੀਰ ਸਿੰਘ- ਗੁਰਮਤਿ ਸੰਗੀਤ ਨਿਰਣਯ(ਰਬਾਬ ਬਾਰੇ ਲੇਖ),ਪ੍ਰਕਾਸ਼ਕ ਖਾਲਸਾ ਸਮਾਚਾਰ, ਅੰਮ੍ਰਿਤਸਰ,1958,ਪੰਨਾ 54

2. Alain Danielou- Northern Indian Music, Vol.II, London 1954, Pages 107,86,37,133,76,225,231,97,236,197,128 & 225

3.ਆਦਿ-ਗ੍ਰੰਥ.......... ਪੰਨਾ 12
4.ਆਦਿ-ਗ੍ਰੰਥ.......... ਪੰਨਾ 145
5.ਆਦਿ-ਗ੍ਰੰਥ.......... ਪੰਨਾ 86

(ੲ) ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ ।
ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ ।
(ਵਾਰ ਵਡਹੰਸ ਮ:4 ਸੁਲੋਕ ਮ:3)[1]

(ਸ) ਅਨਦਿਨੁ ਕੀਰਤਨ ਕਰਹਿ ਦਿਨ ਰਾਤੀ.........
(ਬਸੰਤ ਮ:3)[2]

ਗੁਰੂ ਅਮਰਦਾਸ ਨੇ ਅਜਿਹਾ ਕੀਰਤਨ ਕਿਸੇ ਇਕ ਰਾਗੀ ਜਾਂ ਰਬਾਬੀ ਤਕ ਸੀਮਤ ਨਹੀਂ ਕੀਤਾ, ਸਗੋਂ ਸਾਰੀ ਸੰਗਤਿ ਨੂੰ ਮਿਲ ਕੇ ਸ਼ਬਦ ਗਾਉਣ ਦੀ ਪ੍ਰੇਰਨਾ ਕੀਤੀ ਹੈ:-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ।
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ।
(ਰਾਮਕਲੀ ਮ:3 ਅਨੰਦੁ)[3]

ਗੁਰੂ ਅਮਰਦਾਸ ਦੀਆਂ ਵਾਰਾਂ ਵਿਚਲਾ ਢਾਡੀ ਭੀ ਕਿਸੇ ਰਾਜੇ, ਮਹਾਰਾਜੇ ਜਾਂ ਦੁਨਿਆਵੀ-ਔਧੇ ਦੀ ਉਸਤਤਿ ਨਹੀਂ ਗਾਉਂਦਾ, ਸਗੋਂ ਪ੍ਰਭੂ ਦੇ ਦਰ ਉੱਤੇ ਹੀ ਪੁਕਾਰ ਕਰਦਾ ਹੈ:-

ਢਾਢੀ ਕਰੇ ਪੁਕਾਰ ਪ੍ਰਭੂ ਸੁਣਾਇਸੀ ।
ਅੰਦਰਿ ਧੀਰਕ ਹੋਇ ਪੂਰਾ ਪਾਇਸੀ ।
(ਵਾਰ ਗੂਜਰੀ ਮ:3)[4]

(4) ਬੇਸ਼ਕ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਕਰਤਾ ਭਾਈ ਕਾਹਨ ਸਿੰਘ[5] ਅਨੁਸਾਰ ਸਰੰਦਾ(-ਇਕ ਤਾਰਦਾਰ ਸਾਜ਼) ਗੁਰੂ ਅਰਜਨ ਦੇਵ ਨੇ ਪਹਿਲੀ ਵਾਰ ਬਣਾਇਆ, ਪਰ "ਕਾਨੂੰਨੇ-ਮੌਸੀਕੀ"[6] ਦੇ ਲੇਖਕ ਅਨੁਸਾਰ ਸਰੰਦੇ ਨੂੰ ਗੁਰੂ ਅਰਜਨ ਦੇਵ ਤੋਂ ਕਾਫੀ ਸਮਾਂ ਪਹਿਲਾਂ ਗੁਰੂ ਅਮਰਦਾਸ ਨੇ ਸਿੱਖ-ਸੰਸਾਰ ਵਿੱਚ ਪ੍ਰਚਲਤ ਕੀਤਾ । ਇਹ ਗੱਲ ਗੁਰੂ ਅਮਰਦਾਸ ਨੂੰ ਮਹਾਨ ਸੰਗੀਤਕਾਰ ਸਾਬਤ ਕਰਨ ਲਈ ਕਾਫੀ ਹੈ। ਪ੍ਰਾਚੀਨ ਸਿੱਖ-ਸੰਗੀਤਕਾਰਾਂ ਅਤੇ ਰਬਾਬੀਆਂ ਵਿੱਚ ਰਬਾਬ ਤੋਂ ਛੁਟ ਸਰੰਦਾ ਭੀ ਲੋਕ-ਪ੍ਰੀਯ ਸੀ । ਇਸ ਗੱਲ ਦਾ ਪ੍ਰਮਾਣ ਗੁਰੂ ਗੋਬਿੰਦ ਸਿੰਘ ਦੇ ਉਸ ਮਹਾਨ ਸਰੰਦੇ ਤੋਂ ਭੀ ਲਗਾਇਆ ਜਾ ਸਕਦਾ ਹੈ, ਜੋ ਮੰਡੀ ਸ਼ਹਿਰ (ਹਿਮਾਚਲ ਪ੍ਰਦੇਸ਼) ਦੇ ਇਕ ਗੁਰਦੁਆਰੇ ਵਿੱਚ ਅਜੇ ਤਕ ਸੁਰੱਖਿਅਤ ਹੈ। ਇਹ ਆਖਿਆ ਜਾਂਦਾ ਹੈ, ਕਿ ਸੰਬੰਧਤ ਸਰੰਦੇ ਨੂੰ ਗੁਰੂ ਗੋਬਿੰਦ ਸਿੰਘ ਆਪ ਵਜਾਇਆ ਕਰਦੇ ਸਨ।

---

2

---

ਜਿੱਥੋਂ ਤਕ ਗੁਰੂ ਅਮਰਦਾਸ ਰਚਿਤ ਰਾਗਾਂ ਤੇ ਰਾਗਨੀਆਂ ਦਾ ਸੰਬੰਧ ਹੈ, ਸਿਵਾਏ ਕਾਫੀ, ਆਸਾ, ਮਾਝ ਅਤੇ ਸੂਹੀ ਦੇ ਬਾਕੀ ਦੇ ਲਗਪਗ ਸਾਰੇ ਰਾਗ ਅਤੇ ਰਾਗਨੀਆਂ ਬਾਰੇ ਪ੍ਰਾਚੀਨ ਭਾਰਤ ਦੇ ਸੰਗੀਤ-

1. ਆਦਿ-ਗ੍ਰੰਥ..........ਪੰਨਾ 593
2. ਆਦਿ-ਗ੍ਰੰਥ..........ਪੰਨਾ 1174
3. ਆਦਿ-ਗ੍ਰੰਥ..........ਪੰਨਾ 920
4. ਆਦਿ-ਗ੍ਰੰਥ..........ਪੰਨਾ 510
5. ਭਾਈ ਕਾਹਨ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1960, ਪੰਨਾ 128
6. ਕਾਨੂੰਨੇ-ਮੌਸੀਕੀ (ਉਰਦੂ), ਪੰਨਾ 306-ਹਵਾਲਾ: ਗੁਰਮਤਿ ਸੰਗੀਤ ਨਿਰਣਯ (ਸੰਪਾਦਕ ਦੀ ਆਲੋਚਨਾ ਸਹਿਤ) ਪ੍ਰਕਾਸ਼ਕ: ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ, 1958, ਪੰਨਾ 31

ਗ੍ਰੰਥਾਂ ਵਿੱਚ ਹਵਾਲੇ ਮਿਲਦੇ ਹਨ। ਪ੍ਰਸਿਧ ਆਧੁਨਿਕ ਸੰਗੀਤ-ਆਚਾਰੀਆ ਦਲੀਪ ਚੰਦਰ ਬੇਦੀ[1] ਨੇ ਭੀ ਇਹ ਮੰਨਿਆ ਹੈ, ਕਿ ਆਸਾ, ਤੁਖਾਰੀ, ਮਾਝ, ਬੈਰਾੜੀ ਅਤੇ ਸੂਹੀ ਆਦਿਕ ਰਾਗ ਅਤੇ ਰਾਗਨੀਆਂ ਪੰਜਾਬ ਤੋਂ ਬਾਹਰ ਘੱਟ ਵੱਧ ਹੀ ਸੁਣਾਈ ਦਿੰਦੇ ਹਨ। ਕਾਫੀ ਆਦਿਕ ਰਾਗ ਅਮੀਰ ਖੁਸਰੋ(ਤੇਰ੍ਹਵੀਂ-ਸਦੀ ਈਸਵੀ) ਦੇ ਸਮੇਂ ਭਾਰਤ ਵਿੱਚ ਪ੍ਰਚਲਤ ਹੋਏ ਦੱਸੇ ਜਾਂਦੇ ਹਨ। ਸਿੱਖ-ਗੁਰੂਆਂ(ਸਮੇਤ ਗੁਰੂ ਅਮਰਦਾਸ) ਨੇ ਸਭਿਆਚਾਰਕ-ਸਾਂਝ ਅਤੇ ਧਾਰਮਿਕ-ਰਵਾਦਾਰੀ ਦਾ ਸਬੂਤ ਦਿੰਦੇ ਹੋਇਆਂ ਇਸਲਾਮੀ-ਸੰਗੀਤਕਾਰਾਂ ਦੁਆਰਾ ਆਏ ਰਾਗਾਂ ਦਾ ਪੂਰੀ ਤਰ੍ਹਾਂ ਸੁਆਗਤ ਕੀਤਾ।

ਗੂਜਰੀ ਰਾਗ(ਜਿਸਦਾ ਪ੍ਰਯੋਗ ਗੁਰੂ ਅਮਰਦਾਸ ਨੇ ਭੀ ਕੀਤਾ ਹੈ)ਨੂੰ ਗੁਆਲੀਅਰ ਦੇ ਰਾਜੇ ਮਾਨ ਸਿੰਘ ਤੋਮਰ ਦੀ ਰਾਣੀ ਮ੍ਰਿਗ-ਨੈਨੀ[2](ਜੋ ਰਾਜੇ ਦੇ ਮਹਿਲਾਂ ਵਿੱਚ ਆਉਣ ਤੋਂ ਪਹਿਲਾਂ ਗੂਜਰੀ ਸੀ) ਨੇ ਪੰਦਰ੍ਹਵੀਂ ਸਦੀ ਦੇ ਅਖੀਰ ਜਾਂ ਸੋਲ੍ਹਵੀਂ ਸਦੀ ਈਸਵੀ ਦੇ ਮੁੱਢ ਵਿੱਚ ਪ੍ਰਚਲਤ ਕੀਤਾ ਸੀ। ਕਿਉਂਕਿ ਗੁਰੂ ਅਮਰਦਾਸ ਨੇ ਭੀ ਗੂਜਰੀ ਰਾਗ ਨੂੰ "ਗੂਜਰੀ ਜਾਤਿ ਗਵਾਰਿ"[3] ਆਖ ਕੇ ਰਾਜਾ-ਰੂਪੀ ਪਤੀ ਦੀ ਪ੍ਰਾਪਤੀ ਪਿੱਛੋਂ ਉਸਨੂੰ ਮਹਿਲਾਂ ਦੀ ਰਾਣੀ ਬਣਾਇਆ ਹੈ, ਸੋ ਇਹ ਸੰਕੇਤ ਭੀ ਦਸਦਾ ਹੈ, ਕਿ ਗੁਰੂ ਅਮਰਦਾਸ ਨੂੰ ਭਾਰਤੀ ਸੰਗੀਤ-ਪਰੰਪਰਾ ਦਾ ਚੋਖਾ ਗਿਆਨ ਸੀ।

ਗੁਰਮਤਿ ਸੰਗੀਤ ਨਿਰਣਯ[4] ਦੇ ਸੰਪਾਦਕਾਂ ਨੇ ਆਦਿ-ਗ੍ਰੰਥ ਦੇ ਅੰਤਲੇ ਪੰਨਿਆਂ ਉਤੇ ਦਿੱਤੀ ਰਾਗ-ਮਾਲਾ[5] ਦੇ ਆਧਾਰ ਤੇ ਗੁਰਮਤਿ-ਸੰਗੀਤ ਨੂੰ ਸ਼ਿਵ-ਮਤ, ਕਾਲੀਨਾਥ-ਮਤ, ਭਰਤ-ਮਤ, ਹਨੂਮਾਨ-ਮਤ, ਸਿੱਧ-ਸਾਰਸੁਤ-ਮਤ, ਰਾਗਾਰਣਵ-ਮਤ, ਆਦਿਕ ਸਭ ਨਾਲੋਂ ਅੱਡਰਾ ਮਤ ਦਰਸਾਉਣ ਦਾ ਜਤਨ ਕੀਤਾ ਹੈ। ਇਸ ਵਿੱਚ ਸ਼ੱਕ ਨਹੀਂ, ਕਿ ਆਦਿ-ਗ੍ਰੰਥ ਦੇ ਅਖੀਰ ਤੇ ਦਿੱਤੀ ਰਾਗ-ਮਾਲਾ ਬਾਕੀ ਦੇ ਮੱਤਾਂ ਨਾਲ ਸੰਬੰਧਤ ਰਾਗ-ਮਾਲਾਵਾਂ ਦੇ ਟਾਕਰੇ ਵਿੱਚ ਭਿੰਨ ਪਰਕਾਰ ਦੀ ਹੈ, ਪਰ ਇਸਤੋਂ ਇਹ ਅਨੁਮਾਨ ਲਗਾਉਣਾ ਠੀਕ ਨਹੀਂ, ਕਿ ਆਦਿ-ਗ੍ਰੰਥ ਵਿੱਚ ਸ਼ਾਮਿਲ ਗੁਰੂਆਂ ਅਤੇ ਭਗਤ-ਕਵੀਆਂ ਦਾ ਭਾਰਤ ਦੀ ਸੰਗੀਤ-ਪਰੰਪਰਾ ਨਾਲ ਕੋਈ ਸੰਬੰਧ ਨਹੀਂ। ਅੱਵਲ ਤਾ ਆਦਿ-ਗ੍ਰੰਥ ਦੇ ਅਖੀਰ ਤੇ ਲਿਖੀ ਰਾਗ-ਮਾਲਾ ਹੀ ਆਦਿ-ਗ੍ਰੰਥ ਵਿੱਚ ਸ਼ਾਮਿਲ ਰਾਗਾਂ ਤੇ ਰਾਗਨੀਆਂ ਦੀ ਪੂਰੀ ਤਰ੍ਹਾਂ ਪ੍ਰਤੀਨਿਧਤਾ ਨਹੀਂ ਕਰਦੀ ਜਾਪਦੀ, ਕਿਉਂਕਿ ਸੰਬੰਧਤ ਰਾਗ-ਮਾਲਾ ਵਿੱਚ ਗੁਰੂ ਅਮਰਦਾਸ ਦੀ ਬਾਣੀ ਵਿਚਲੇ ਚਾਰ ਰਾਗਾਂ(ਮਾਝ, ਵਡਹੰਸ, ਰਾਮਕਲੀ ਅਤੇ ਪ੍ਰਭਾਤੀ) ਤੋਂ ਛੁੱਟ ਬਾਕੀ ਗੁਰੂਆਂ ਤੇ ਭਗਤ-ਕਵੀਆਂ ਦੀ ਬਾਣੀ ਵਿਚਲੇ ਕਈ ਰਾਗਾਂ(ਜਿਵੇਂ: ਜੈਤਸਰੀ, ਤੁਖਾਰੀ, ਮਾਲੀ ਗਉੜਾ, ਬਿਹਾਗੜਾ, ਜੈਜੈਵੰਤੀ, ਆਦਿਕ) ਦਾ ਭੀ ਜ਼ਿਕਰ ਤਕ ਨਹੀਂ ਮਿਲਦਾ।

ਜਿੱਥੋਂ ਤਕ ਕੁਝ ਇਕ ਹੋਰ ਪ੍ਰਸਿਧ ਰਾਗ-ਮਾਲਾਵਾਂ ਦਾ ਸੰਬੰਧ ਹੈ, ਸ਼ਿਵ-ਮਤ[6] ਦੀ ਰਾਗ-ਮਾਲਾ ਵਿੱਚ ਸੂਹੀ, ਤਿਲੰਗ, ਬਿਲਾਵਲ, ਮਾਲੀ-ਗਉਰਾ, ਆਸਾ, ਰਾਮਕਲੀ, ਮਾਝ, ਜੈਤਸਰੀ, ਆਦਿਕ ਦਾ

---

*1. ਦਲੀਪ ਚੰਦਰ ਬੇਦੀ ਦਾ ਲੇਖ "ਪੰਜਾਬ ਦਾ ਸੰਗੀਤ"(ਅੰਗ੍ਰੇਜ਼ੀ)-ਲੇਖ ਦੀ ਨਕਲ ਲਈ ਵੇਖੋ: "ਭਾਰਤੀਯ ਸੰਗੀਤ ਦਾ ਇਤਿਹਾਸ"(ਹਿੰਦੀ), ਪੰਨੇ 507-514

2. ਵੇਖੋ: ਲਖਸ਼ਮੀ ਨਾਰਾਇਨ ਗਾਰਗ ਦੀ ਲਿਖਤ: ਹਵਾਲਾ ਮਾਸਕਪੱਤਰ "ਸੰਗੀਤ"(ਜਨਵਰੀ 1964), ਲੇਖ ਦਾ ਨਾਮ "ਹਮਾਰੇ ਸੰਗੀਤ ਰਤਨ"(ਹਿੰਦੀ), ਪੰਨਾ 134

3. ਆਦਿ-ਗ੍ਰੰਥ.........ਪੰਨਾ 516

4. ਗੁਰਮਤਿ ਸੰਗੀਤ ਨਿਰਣਯ(ਪ੍ਰਕਾਸ਼ਕ: ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ), 1958, ਪੰਨਾ 23

5. ਆਦਿ-ਗ੍ਰੰਥ..........ਪੰਨਾ 1429-30

6. ਗੁਰਮਤਿ ਸੰਗੀਤ ਨਿਰਣਯ, ਪੰਨਾ 11

ਸੰਕੇਤ ਨਹੀਂ ਮਿਲਦਾ । ਇਸੇਤਰ੍ਹਾਂ ਕਾਲੀਨਾਥ-ਮਤ[1]ਦੀ ਰਾਗ-ਮਾਲਾ ਵਿੱਚ ਬਿਲਾਵਲ, ਤਿਲੰਗ ਅਤੇ ਨਟ-ਨਾਰਾਇਨ, ਆਦਿਕ ਜ਼ਰੂਰ ਮਿਲਦੇ ਹਨ, ਪਰ ਸੂਹੀ, ਮਾਲੀ-ਗਉਰਾ, ਆਸਾ, ਰਾਮਕਲੀ, ਮਾਝ, ਜੈਤਸਰੀ, ਆਦਿਕ ਦਾ ਸੰਕੇਤ ਨਹੀਂ। ਭਰਤ-ਮਤ[2] (ਜਿਸ ਵਿੱਚ ਬੈਜੂ-ਬਾਵਰਾ ਅਤੇ ਤਾਨਸੈਨ ਆਦਿਕ ਅਕਬਰ ਦੇ ਸਮਕਾਲੀ-ਸੰਗੀਤਕਾਰ ਪ੍ਰਸਿਧ ਹਨ) ਦੀ ਰਾਗ-ਮਾਲਾ ਵਿੱਚ ਆਦਿ-ਗ੍ਰੰਥ ਨਾਲ ਸੰਬੰਧਤ 75 % ਰਾਗਾਂ ਦਾ ਵਰਣਨ ਮਿਲਦਾ ਹੈ, ਪਰ ਸੰਬੰਧਤ ਰਾਗ-ਮਾਲਾ ਵਿੱਚ ਰਾਗਾਂ ਦੀਆਂ ਇਸਤ੍ਰੀਆਂ ਤੋਂ ਛੁਟ ਪੁੱਤਰਾਂ ਅਤੇ ਨੂੰਹਾਂ ਦੁਆਰਾ ਰਾਗਾਂ ਅਤੇ ਰਾਗਨੀਆਂ ਦੀ ਪਰਕਾਰ-ਵੰਡ ਕੀਤੀ ਗਈ ਹੈ। ਸ਼ਿਵ-ਮਤ ਅਤੇ ਕਾਲੀਨਾਥ-ਮਤ ਨਾਲੋਂ ਇਸ ਮਤ ਦੀ ਰਾਗ-ਮਾਲਾ ਵਿੱਚ ਵੱਡਾ ਅੰਤਰ ਭੀ ਇਹੋ ਹੈ, ਕਿ ਪਹਿਲੇ ਮੱਤਾਂ ਦੀਆਂ ਰਾਗ-ਮਾਲਾਵਾਂ ਵਿੱਚ ਨੂੰਹਾਂ ਦਾ ਵਰਣਨ ਕਿਤੇ ਨਹੀਂ । ਦੂਜੇ ਉਨ੍ਹਾਂ ਮੱਤਾਂ ਵਿੱਚ ਸਿਰੀ-ਰਾਗ ਨੂੰ ਮੁੱਢ ਵਿੱਚ ਰੱਖਿਆ ਗਿਆ ਹੈ, ਪਰ ਭਰਤ-ਮਤ ਵਿੱਚ ਸਿਰੀ ਰਾਗ ਦੀ ਥਾਂ ਭੈਰਵ-ਰਾਗ ਨੂੰ ਪਹਿਲੀ ਥਾਂ ਦਿੱਤੀ ਗਈ ਹੈ। ਹਨੂਮਾਨ-ਮਤ[3]ਬਾਰੇ ਗੁਰਮਤਿ ਸੰਗੀਤ ਨਿਰਣਯ ਦੇ ਸੰਪਾਦਕਾਂ ਨੇ ਤਿੰਨ ਵੱਖੋ ਵੱਖਰੇ ਸੰਗੀਤ-ਗ੍ਰੰਥਾਂ (ਰਾਧਾ ਗੋਬਿੰਦ ਸੰਗੀਤ-ਸਾਰ, ਬੁਧ-ਪ੍ਰਕਾਸ਼ ਦਰਪਨ ਅਤੇ ਸੰਗੀਤ ਵਿਨੋਦ) ਵਿੱਚੋਂ ਹਵਾਲੇ ਦੇਣ ਉਪਰੰਤ ਉਸ ਮੱਤ ਨੂੰ ਭੀ ਗੁਰਮਤਿ-ਸੰਗੀਤ ਨਾਲੋਂ ਅੱਡਰਾ ਦਰਸਾਇਆ ਹੈ। ਹਨੂਮਾਨ-ਮਤ ਨਾਲ ਸੰਬੰਧਤ "ਬੁਧ-ਪ੍ਰਕਾਸ਼ ਦਰਪਨ" ਅਠਾਰ੍ਹਵੀਂ ਸਦੀ ਦੀ ਰਚਨਾ ਹੋਣ ਕਰਕੇ ਆਧੁਨਿਕ-ਯੁੱਗ ਦੇ ਬਹੁਤ ਨੇੜੇ ਹੈ ਅਤੇ ਉਸ ਵਿੱਚ ਆਦਿ-ਗ੍ਰੰਥ ਦੀ ਬਾਣੀ ਨਾਲ ਸੰਬੰਧਤ ਕਈ ਉਨ੍ਹਾਂ ਰਾਗਾਂ ਬਾਰੇ ਭੀ ਸੰਕੇਤ ਮਿਲਦੇ ਹਨ, ਜੋ ਕਈ ਹੋਰਨਾਂ ਰਾਗ-ਮਾਲਾਵਾਂ ਵਿੱਚ ਨਹੀਂ ਲੱਭਦੇ। ਉਦਾਹਰਨ ਵਜੋਂ ਪਿਛਲੇਰੀ ਰਾਗ-ਮਾਲਾ ਵਿੱਚ ਜੈਜੈਵੰਤੀ, ਸੂਹੀ (ਸੂਹਬ), ਬੈਰਾੜੀ, ਆਦਿਕ ਜ਼ਰੂਰ ਮਿਲਦੇ ਹਨ, ਪਰ ਸੰਬੰਧਤ ਰਾਗ-ਮਾਲਾ ਵਿੱਚ ਭੀ ਆਸਾ, ਮਾਝ, ਪ੍ਰਭਾਤੀ ਅਤੇ ਤੁਖਾਰੀ, ਆਦਿਕ ਬਾਰੇ ਕੋਈ ਸੰਕੇਤ ਨਹੀਂ । ਗੁਰਮਤਿ ਸੰਗੀਤ ਨਿਰਣਯ ਪੁਸਤਕ ਵਿੱਚ ਸੰਕੇਤ ਕੀਤੀਆਂ ਬਾਕੀ ਦੀਆਂ ਦੋ ਰਾਗ-ਮਾਲਾਵਾਂ (ਸਿੱਧ-ਸਾਰਸੁਤ-ਮਤ ਅਤੇ ਰਾਗਾਰਣਵ-ਮਤ)[4]ਵਿੱਚ ਰਾਗਾਂ ਦਾ ਬਿਉਰਾ ਇਤਨਾ ਛੋਟਾ ਹੈ, ਕਿ ਇਕ ਵਿੱਚ ਕੇਵਲ 9 ਅਤੇ ਦੂਜੀ ਵਿੱਚ ਕੇਵਲ 10 ਅਜਿਹੇ ਰਾਗਾਂ ਵੱਲ ਸੰਕੇਤ ਹੈ, ਜੋ ਆਦਿ-ਗ੍ਰੰਥ ਦੇ ਕਵੀਆਂ ਨੇ ਅਪਣਾਏ ਹਨ।

ਉਪਰੋਕਤ ਰਾਗ-ਮਾਲਾਵਾਂ ਤੋਂ ਛੁਟ ਓ.ਸੀ.ਗੰਗੋਲੀ[5]ਦੀ ਪ੍ਰਸਿਧ ਪੁਸਤਕ "ਰਾਗ ਅਤੇ ਰਾਗਨੀਆਂ" ਵਿੱਚ ਮੇਚਕਰਨ ਦੀ ਰਾਗ-ਮਾਲਾ ਦਾ ਹਵਾਲਾ ਭੀ ਮਿਲਦਾ ਹੈ, ਜੋ 1509 ਈਸਵੀ ਦੀ ਰਚਨਾ ਮੰਨੀ ਜਾਂਦੀ ਹੈ। ਪਰ ਜਿਵੇਂ ਡਾ:ਕੋਹਲੀ[6]ਨੇ ਸਿੱਧ ਕੀਤਾ ਹੈ, ਮੇਚਕਰਨ ਦੀ ਰਾਗ-ਮਾਲਾ ਆਦਿ-ਗ੍ਰੰਥ ਦੀ ਰਾਗ-ਮਾਲਾ ਨਾਲ ਮਿਲਦੀ ਜੁਲਦੀ ਹੈ ਅਤੇ ਇਸਲਈ ਇਸ ਬਾਰੇ ਵਿਸ਼ੇਸ਼ ਵਿਚਾਰ ਕਰਨ ਦੀ ਲੋੜ ਨਹੀਂ।

---

1. ਗੁਰਮਤਿ ਸੰਗੀਤ ਨਿਰਣਯ- ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ, 1958, ਪੰਨਾ 13
2. ਪੂਨਾ.......................ਪੰਨਾ 14
3. ਪੂਨਾ.......................ਪੰਨੇ 15 ਤੋਂ 19
4. ਪੂਨਾ.......................ਪੰਨੇ 20 ਅਤੇ 21

5. O. C. Gangoly- Ragas and Raginis (Appendix No. 15)
6. Dr. S. S. Kohli- A Critical Study of Adi Granth, 1961, P. 109

ਪ੍ਰਾਚੀਨ ਰਾਗ-ਮਾਲਾਵਾਂ(ਸ਼ਿਵ-ਮਤ ਅਤੇ ਹਨੂਮਾਨ-ਮਤ ਆਦਿਕ) ਬਾਰੇ ਭੀ ਇਹ ਗੱਲ ਦੁਹਰਾਉਣ ਦੀ ਲੋੜ ਨਹੀਂ ਜਾਪਦੀ, ਕਿ ਉਨ੍ਹਾਂ ਦੇ ਅਸਲ-ਖਰੜੇ ਸਦੀਆਂ ਤੋਂ ਲੋਪ ਹੋ ਚੁੱਕੇ ਹਨ ਅਤੇ ਭਾਰਤ ਵਿੱਚ ਇਸਲਾਮੀ-ਸੰਗੀਤਕਾਰਾਂ ਦੇ ਆਗਮਨ ਤੋਂ ਪਿੱਛੋਂ ਭਾਰਤ ਦੀ ਕਲਾਸੀਕਲ-ਸੰਗੀਤ-ਪਰੰਪਰਾ ਸਦੀਆਂ ਤੋਂ ਕੁਝ ਰਲ-ਗਡ ਜਿਹੀ ਹੋ ਚੁੱਕੀ ਹੈ। ਇਸ ਗੱਲ ਨੂੰ ਮਹਾਨ ਆਧੁਨਿਕ ਸੰਗੀਤ-ਆਚਾਰੀਆ ਭਾਤਖੰਡੇ[1] ਨੇ ਭੀ ਮੰਨਿਆ ਹੈ।

ਵੈਸੇ ਰਾਗ-ਮਾਲਾਵਾਂ ਵਿੱਚ ਸੰਕੇਤ ਕੀਤੇ ਪ੍ਰਧਾਨ ਰਾਗਾਂ(ਜੋ ਆਮ ਕਰਕੇ ਛੇ ਮੰਨੇ ਗਏ ਹਨ)[2] ਦੇ ਪੱਖ ਤੋਂ ਵਿਚਾਰਿਆਂ ਸ਼ਿਵ-ਮਤ ਅਤੇ ਕਾਲੀਨਾਥ-ਮਤ ਦੇ ਚਾਰ ਪ੍ਰਧਾਨ ਰਾਗ(ਸਿਰੀ, ਬਸੰਤ, ਭੈਰਵ ਅਤੇ ਨਟ ਨਾਰਾਇਨ), ਭਰਤ-ਮਤ, ਹਨੂਮਾਨ-ਮਤ, ਆਦਿ-ਗ੍ਰੰਥ ਅਤੇ ਮੇਚਕਰਨ ਦੀਆਂ ਰਾਗ-ਮਾਲਾਵਾਂ ਦੇ ਦੋ ਰਾਗ(ਭੈਰਵ ਅਤੇ ਸਿਰੀ) ਅਤੇ ਸਿਧਸਾਰਸੁਤ-ਮਤ ਦੇ(ਵੈਸੇ ਇਸ ਮੱਤ ਨੇ ਸੱਤ ਪ੍ਰਧਾਨ ਰਾਗ ਮੰਨੇ ਹਨ) ਤਿੰਨ ਪ੍ਰਧਾਨ ਰਾਗਾਂ(ਭੈਰਵ, ਸਿਰੀ ਅਤੇ ਬਸੰਤ) ਦਾ ਪ੍ਰਯੋਗ ਆਦਿ-ਗ੍ਰੰਥ ਦੇ ਕਵੀਆਂ ਨੇ ਕੀਤਾ ਹੈ। ਰਾਗਾਰਣਵ-ਮਤ ਦੇ ਛੇ ਪ੍ਰਧਾਨ ਰਾਗਾਂ ਵਿੱਚੋਂ ਕੇਵਲ ਭੈਰਵ-ਰਾਗ ਦਾ ਪ੍ਰਯੋਗ ਆਦਿ-ਗ੍ਰੰਥ ਵਿੱਚ ਹੋਇਆ ਹੈ। ਕਿਉਂਕਿ ਇਸ ਪਿਛਲੇ ਮਤ ਵਿੱਚ ਸਿਰੀ-ਰਾਗ(ਜੋ ਆਦਿ-ਗ੍ਰੰਥ ਦਾ ਮੁੱਢਲਾ-ਰਾਗ ਹੈ) ਦਾ ਮੂਲੋਂ ਸੰਕੇਤ ਨਹੀਂ ਮਿਲਦਾ, ਸੋ ਇਸ ਰਾਗ-ਮਾਲਾ ਨੂੰ ਮੂਲੋਂ ਹੀ ਅੱਖੋਂ ਉਹਲੇ ਕੀਤਾ ਜਾ ਸਕਦਾ ਹੈ।

ਜਿੱਥੋਂ ਤਕ ਗੁਰੂ ਅਮਰਦਾਸ ਦੀ ਬਾਣੀ ਦਾ ਸੰਬੰਧ ਹੈ, ਉਨ੍ਹਾਂ ਵੱਖ ਵੱਖ ਮੱਤਾਂ ਅਨੁਸਾਰ ਪ੍ਰਮਾਣਿਤ ਪ੍ਰਧਾਨ ਰਾਗਾਂ ਵਿੱਚੋਂ ਭੈਰਵ(ਭੈਰਉ) ਅਤੇ ਸਿਰੀ ਰਾਗ ਨੂੰ ਹੀ ਅਪਣਾਇਆ ਹੈ। ਬਸੰਤ ਰਾਗ ਦਾ ਪ੍ਰਯੋਗ ਭੀ ਬੇਸ਼ੁਕ ਗੁਰੂ ਅਮਰਦਾਸ ਨੇ ਕੀਤਾ ਹੈ ਅਤੇ ਬੇਸ਼ੁਕ ਸ਼ਿਵ-ਮਤ, ਕਾਲੀਨਾਥ-ਮਤ ਅਤੇ ਸਿੱਧ-ਸਾਰਸੁਤ-ਮਤ ਅਨੁਸਾਰ ਬਸੰਤ ਭੀ ਇਕ ਪ੍ਰਧਾਨ ਰਾਗ ਹੈ(ਉਂਜ ਇਨ੍ਹਾਂ ਪਿਛਲੇਰੇ ਮੱਤਾਂ ਵਿੱਚ ਪ੍ਰਧਾਨ ਰਾਗ ਛੇ ਦੀ ਥਾਂ ਸੱਤ ਹਨ), ਪਰ ਹਨੂਮਾਨ-ਮਤ, ਭਰਤ-ਮਤ ਅਤੇ ਆਦਿ-ਗ੍ਰੰਥ ਵਿਚਲੀ ਰਾਗ-ਮਾਲਾ ਤੋਂ ਛੁੱਟ ਪੁੰਡਰੀਕ ਵਿੱਠਲ[3] ਦੇ ਸੰਗੀਤ-ਗ੍ਰੰਥ "ਰਾਗ-ਅਧਿਆਇ" ਅਨੁਸਾਰ ਬਸੰਤ ਪ੍ਰਧਾਨ ਰਾਗ ਹੋਣ ਦੀ ਥਾਂ ਹਿੰਡੋਲ-ਰਾਗ ਦੀ ਰਾਗਨੀ ਹੈ।

ਪ੍ਰਸ਼ਨ ਉਠਦਾ ਹੈ, ਕਿ ਆਦਿ-ਗ੍ਰੰਥ ਵਿੱਚ ਦਿੱਤੀ ਰਾਗ-ਮਾਲਾ ਅਤੇ ਕਈ ਹੋਰ ਸੰਗੀਤ-ਗ੍ਰੰਥਾਂ ਵਿੱਚ ਸੰਕੇਤ ਕੀਤੇ ਪ੍ਰਧਾਨ ਰਾਗਾਂ ਵਿੱਚੋਂ ਸਿੱਖ-ਗੁਰੂਆਂ(ਸਮੇਤ ਗੁਰੂ ਅਮਰਦਾਸ) ਅਤੇ ਆਦਿ-ਗ੍ਰੰਥ ਵਿੱਚ ਸ਼ਾਮਿਲ ਭਗਤਾਂ ਦੀ ਬਾਣੀ ਵਿੱਚ ਭੀ ਦੀਪਕ, ਹਿੰਡੋਲ ਅਤੇ ਮੇਘ ਆਦਿਕ ਰਾਗਾਂ ਨੂੰ ਭਾਵਾਂ ਦਾ ਮਾਧਿਅਮ ਕਿਉਂ ਨਹੀਂ ਬਣਾਇਆ ਗਿਆ ? ਇਸਦਾ ਉਤਰ ਸਿੱਧਾ ਹੈ, ਕਿ ਉਪਰੋਕਤ ਰਾਗ ਸਿੱਖ-ਗੁਰੂਆਂ ਅਤੇ ਕਈ ਭਗਤ-ਕਵੀਆਂ ਦੇ ਆਦਰਸ਼ ਦੇ ਅਨੁਕੂਲ ਨਹੀਂ ਸਨ। ਦੀਪਕ ਅਤੇ ਹਿੰਡੋਲ ਸੰਗੀਤਕਾਰ ਨੂੰ ਹਾਲੋਂ-ਬੇਹਾਲ ਕਰਦੇ ਹਨ ਅਤੇ ਇਸੇਲਈ ਸਿੱਖ-ਗੁਰੂਆਂ ਨੇ ਦੀਪਕ ਨਾਲ ਗਉੜੀ ਅਤੇ

---

1. V.N.Bhatkhande- A Comparative Study of Some of the Leading Music Systems of 15th to 18th Cent.P.1
2. ਵਿਸਥਾਰ ਲਈ ਵੇਖੋ ਪਹਿਲਾਂ ਸੰਕੇਤ ਕੀਤੀ ਪੁਸਤਕ "ਗੁਰਮਤਿ ਸੰਗੀਤ ਨਿਰਣਯ" ਅਤੇ ਓ.ਸੀ. ਗੰਗਗੋਲੀ ਦੀ ਰਚਨਾ "ਰਾਗ ਅਤੇ ਰਾਗਨੀਆਂ", ਆਦਿਕ।
3. For PundarikaVithla's "Raga-Adhyaya",refer V.N.Bhatkhande, Ibid.,P.54

ਹਿੰਡੋਲ ਨਾਲ ਬਸੰਤ ਨੂੰ ਮਿਲਾਇਆ। ਮੇਘ-ਰਾਗ ਦਾ ਪ੍ਰਯੋਗ ਸ਼ਾਇਦ ਇਸਲਈ ਨਹੀਂ ਕੀਤਾ ਗਿਆ, ਕਿ ਇਹ ਇਕ ਗਮਕ-ਪ੍ਰਧਾਨ ਰਾਗ ਹੈ ਅਤੇ ਉਹਨੀਂ ਦਿਨੀਂ ਗਮਕਾਂ ਦੀ ਪ੍ਰਦਰਸ਼ਨੀ ਵਿੱਚ ਸ਼ਬਦ ਜਾਂ ਬਾਣੀ ਗੁਆਚ ਜਾਂਦੀ ਸੀ। ਸਿੱਖ-ਗੁਰੂਆਂ( ਸਮੇਤ ਗੁਰੂ ਅਮਰਦਾਸ) ਨੇ ਰਵਾਇਤੀ-ਸੰਗੀਤਕਾਰਾਂ ਦੇ ਉਲਟ ਸ਼ਬਦ ਜਾਂ ਬਾਣੀ ਨੂੰ ਪਹਿਲੀ ਥਾਂ ਦਿੱਤੀ ਅਤੇ ਇਸੇਲਈ ਉਨ੍ਹਾਂ ਕਈ ਅਜਿਹੇ ਰਾਗਾਂ ਵਿੱਚ ਬਾਣੀ ਨਾ ਰਚੀ, ਜੋ ਗੁਰਮਤਿ ਦੇ ਪਾਂਧੀਆਂ ਨੂੰ ਗਿਆਨ-ਮਾਰਗ ਵਲੋਂ ਭੁਚਲਾ ਸਕਦੇ ਸਨ। ਗੁਰੂ ਅਮਰਦਾਸ ਨੇ ਤਾਂ ਸਗੋਂ ਆਪਣੀ ਬਜ਼ੁਰਗੀ ਦੀ ਸ਼ਾਨ ਨੂੰ ਕਾਇਮ ਰੱਖਦੇ ਹੋਇਆਂ ਗਉੜੀ-ਰਾਗ ਨਾਲ ਦੀਪਕੀ ਨੂੰ ਮਿਲਾਉਣ ਦੀ ਥਾਂ ਗਉੜੀ-ਬੈਰਾਗਣ ਅਤੇ ਗਉੜੀ-ਪੂਰਬੀ ਦਾ ਥਾਟ ਬੰਨ੍ਹਿਆ ਹੈ।

ਜਿਵੇਂ ਇਸ ਲੇਖ ਦੇ ਮੁੱਢ ਵਿੱਚ ਸੰਕੇਤ ਕੀਤਾ ਗਿਆ ਹੈ, ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ ਦੇ ਦੂਸਰੇ ਕਵੀਆਂ ਦੀ ਬਾਣੀ ਵਿਚਲੇ ਰਾਗਾਂ ਦੇ ਲੱਛਣ, ਨਿਕਾਸ, ਵਿਕਾਸ ਅਤੇ ਪਰਸਪਰ-ਮੇਲ ਆਦਿਕ ਬਾਰੇ ਗੁਰਮਤਿ-ਸੰਗੀਤ-ਨਿਰਣਯ ਪੁਸਤਕ ਵਿੱਚ ਸੰਕੇਤ ਕੀਤੀਆਂ ਰਾਗ-ਮਾਲਾਵਾਂ ਤੋਂ ਬਿਨਾ ਵੀ.ਐਨ.ਭਾਤਖੰਡੇ[1] ਦੀ ਪੁਸਤਕ ਵਿੱਚ ਵਰਣਨ ਕੀਤੇ ਪੰਦਰ੍ਹਵੀਂ, ਸੋਲ੍ਹਵੀਂ, ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਈਸਵੀ ਨਾਲ ਸੰਬੰਧਤ ਇਕ ਦਰਜਨ ਦੇ ਕਰੀਬ ਸੰਗੀਤ-ਗ੍ਰੰਥ ਕਾਫ਼ੀ ਸਹਾਇਤਾ ਕਰ ਸਕਦੇ ਹਨ। ਉਦਾਹਰਨ ਵਜੋਂ ਲੋਚਨ ਪੰਡਿਤ[2] ਦੀਆਂ ਲਿਖਤਾਂ ਵਿੱਚ ਆਦਿ-ਗ੍ਰੰਥ ਨਾਲ ਸੰਬੰਧਤ ਟੋਡੀ, ਗਉਰੀ( ਅਤੇ ਗਉਰੀ-ਚੇਤੀ), ਧਨਾਸਰੀ, ਬਸੰਤ( ਵਸੰਤ), ਭੈਰਵ( ਭੈਰਉ), ਵਿਭਾਸ, ਰਾਮਕਲੀ, ਗੁਰਜਰੀ( ਗੂਜਰੀ), ਜੈਤਸਰੀ, ਦੇਵਗੰਧਾਰ, ਸੋਰਠ, ਮਾਰੂ, ਜੈਜੈਵੰਤੀ, ਕੇਦਾਰ, ਬਿਹਾਗੜਾ, ਕਾਨੜਾ, ਸਿਰੀ ਰਾਗ, ਵਡਹੰਸ, ਆਸਾ, ਬਿਲਾਵਲ ਅਤੇ ਸੂਹੀ( ਸੂਹਵੀ) ਆਦਿਕ ਤੋਂ ਛੁੱਟ ਪੂਰਵੀ( ਪੂਰਬੀ) ਅਤੇ ਹਿੰਡੋਲ ਆਦਿਕ ਬਾਰੇ ਸੰਕੇਤ ਮਿਲਦੇ ਹਨ। ਇਸੇਤਰ੍ਹਾ ਪੁੰਡਰੀਕ ਵਿੱਠਲ[3] ਦੀਆਂ ਲਿਖਤਾਂ ਵਿੱਚ ਕਈ ਹੋਰ ਰਾਗਾਂ ਤੋਂ ਬਿਨਾ ਆਦਿ-ਗ੍ਰੰਥ ਨਾਲ ਸੰਬੰਧਤ ਮਾਲਵ-ਗਉੜ( ਮਾਲੀ-ਗਉੜਾ), ਗੁਰਜਰੀ( ਗੂਜਰੀ), ਰਾਮਕਰੀ( ਰਾਮਕਲੀ), ਗਉੜੀ, ਦੇਵਗੰਧਾਰ, ਗੌਂਡ, ਸੂਹੀ( ਸੂਹਵੀ), ਸਾਰੰਗ, ਵਿਭਾਸ, ਧਨਾਸਰੀ, ਬੇਲਾਵਲੀ( ਬਿਲਾਵਲ), ਮਲਾਰ, ਨਟ-ਆਰਾਇਨ, ਸਿਰੀ ਰਾਗ, ਕੇਦਾਰ, ਟੋਡੀ, ਕਲਿਆਨ, ਭੈਰਵ, ਬਸੰਤ ਅਤੇ ਹਿੰਡੋਲ ਆਦਿਕ ਬਾਰੇ ਵਰਣਨ ਮਿਲਦਾ ਹੈ। ਉਪਰੋਕਤ ਸੰਗੀਤ-ਗ੍ਰੰਥਾਂ ਤੋਂ ਛੁੱਟ ਪੰਡਿਤ ਸੋਮਨਾਥ[4] ਰਚਿਤ "ਰਾਗ-ਵਿਬੋਧ", ਰਾਮ-ਮਾਤਯ[5] ਰਚਿਤ "ਸ੍ਵਰ-ਮੇਲ ਕਲਾ-ਨਿਧੀ", ਸ੍ਰੀਕੰਠ[6] ਰਚਿਤ "ਰਸ-ਕੌਮਦੀ" ਅਤੇ ਮਹਾਰਾਜਾ ਤੁਲਾਜੀਰਾਓ[7] ਰਚਿਤ "ਸੰਗੀਤ-ਸਾਰ-ਅੰਮ੍ਰਿਤ", ਆਦਿਕ ਅਨੇਕਾਂ ਹੋਰ ਗ੍ਰੰਥਾਂ ਵਿੱਚ ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ ਦੇ ਬਾਕੀ ਕਵੀਆਂ ਦੀ ਬਾਣੀ ਨਾਲ ਸੰਬੰਧਤ ਰਾਗਾਂ ਬਾਰੇ ਕੀਮਤੀ-ਸੁਝਾਵ ਮਿਲਦੇ ਹਨ।

ਗੁਰਮਤਿ ਸੰਗੀਤ ਨਿਰਣਯ[8] ਦੇ ਸੰਪਾਦਕਾਂ ਨੇ ਤੁਖਾਰੀ ਅਤੇ ਪ੍ਰਭਾਤੀ ਆਦਿਕ ਰਾਗਾਂ ਦਾ ਜਨਮ

1. V. N. Bhatkhande.
2. For Lochana Pandit's "Raga Tarangini" etc., refer V.N.Bhatkhande's book, entitled "A Comparative Study of Some of The Leading Music Systems of the 15th, 16th, 17th & 18th Centuries, P.21
3. For Pundarika Vithala's works, refer Ibid., Pages 50 and 59.
4. For Pandit Somnath's "Raga-Vibodha", refer Ibid., Pages 88-95
5. For Rama Amatya's book "Swara-Mela-Kalanidhi", refer, Ibid. P.77-87
6. For Sri Kantha's book "Rasa-Kaumudi", refer Ibid., P.61-68
7. For Maharaja Tulajirao's book "Sangeet-Saramrita", refer Ibid., P.102
8. ਗੁਰਮਤਿ ਸੰਗੀਤ ਨਿਰਣਯ-ਪੰਨੇ 28 ਅਤੇ 30

ਅਤੇ ਪ੍ਰਚਾਰ ਕੇਵਲ ਗੁਰਮਤਿ ਵਲੋਂ ਮੰਨਿਆ ਹੈ, ਪਰ ਇਹ ਦਾਹਵਾ ਪੱਕਾ ਨਹੀਂ ਜਾਪਦਾ। ਇਸੇਤਰ੍ਹਾਂ ਮਾਝ-ਰਾਗ(ਜਿਸਦਾ ਸੰਕੇਤ ਕਈ ਪ੍ਰਾਚੀਨ-ਗ੍ਰੰਥਾਂ ਵਿੱਚ ਨਹੀਂ ਮਿਲਦਾ)ਬੇਸ਼ੱਕ ਸਥਾਨਕ-ਰਾਗ ਹੈ, ਪਰ ਇਸਨੂੰ ਕੇਵਲ ਮਾਝੇ ਦੇ ਇਲਾਕੇ ਨਾਲ ਜੋੜਨ ਦੀ ਥਾਂ ਇਹ ਭੀ ਵਿਚਾਰਨਾ ਚਾਹੀਦਾ ਹੈ, ਕਿ ਇਹ ਸਪਤਕ ਦੇ ਮਝਲੇ-ਸੁਰ ਦਾ ਰਾਗ ਹੈ। ਦੂਜੇ ਸ਼ਬਦਾਂ ਵਿੱਚ ਸਾ,ਰੇ,ਗਾ,ਮਾ,ਪਾ,ਧਾ,ਨੀ ਆਦਿਕ ਸੱਤਾਂ ਸੁਰਾਂ ਵਿੱਚੋਂ ਮਾਝ-ਰਾਗ ਵਿੱਚ "ਮਾ"(ਮਝਲਾ-ਸੁਰ) ਪ੍ਰਧਾਨ ਹੁੰਦੀ ਹੈ। ਹੋ ਸਕਦਾ ਹੈ, ਇਸੇਲਈ ਇਸ ਰਾਗ ਨੂੰ ਰਾਝ ਦਾ ਨਾਮ ਦਿੱਤਾ ਗਿਆ ਹੋਵੇ।

---

3

---

ਬੇਸ਼ੱਕ ਗੁਰੂ ਅਮਰਦਾਸ ਦੀ ਬਾਣੀ ਵਿੱਚ ਰਾਗਾਂ ਦੀ ਪ੍ਰਦਰਸ਼ਨੀ ਦੀ ਥਾਂ ਸ਼ਬਦ ਜਾਂ ਵਿਚਾਰ ਪ੍ਰਧਾਨ ਹੈ, ਪਰ ਰਾਗ ਵਿਚਲੇ ਰਸ, ਭਾਵ ਅਤੇ ਲੈਅ-ਤਾਲ ਆਦਿਕ ਦੇ ਭੀ ਅਨੇਕਾਂ ਸੁੰਦਰ ਪ੍ਰਮਾਣ ਪੇਸ਼ ਕੀਤੇ ਜਾ ਸਕਦੇ ਹਨ। ਬਸੰਤ ਅਤੇ ਮਲਾਰ ਦੋਵੇਂ ਰੁੱਤਾਂ ਜਾਂ ਮੌਸਮਾਂ ਦੇ ਰਾਗ ਹਨ। ਗੁਰੂ ਅਮਰਦਾਸ ਨੇ ਬਸੰਤ ਅਤੇ ਬਸੰਤ-ਹਿੰਡੋਲ ਦੁਆਰਾ ਰਾਗ ਦਾ ਸਮਾਂ, ਰਸ ਅਤੇ ਭਾਵ ਹੇਠ ਲਿਖੀਆਂ ਤੁਕਾਂ ਦੁਆਰਾ ਜਿਤਨੀ ਸਫਲਤਾ ਨਾਲ ਨਿਭਾਹੇ ਹਨ, ਉਸਦੀ ਉਦਾਹਰਨ ਬਹੁਤ ਘੱਟ ਮਿਲਦੀ ਹੈ, ਜਿਵੇਂ:-

(ੳ) ਮਾਹਾ ਰੁਤੀ ਮਹਿ ਸਦ ਬਸੰਤੁ ।
ਜਿਤੁ ਹਰਿਆ ਸਭੁ ਜੀਅ ਜੰਤੁ ।
(ਬਸੰਤ ਮਹਲਾ 3)[1]

(ਅ) ਮੇਰਾ ਪ੍ਰਭੁ ਮਉਲਿਆ ਸਦ ਬਸੰਤੁ ।
ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ ।
(ਬਸੰਤ ਮਹਲਾ 3)[2]

(ੲ) ਛਾਵ ਘਣੀ ਫੂਲੀ ਬਨਰਾਇ ।
ਗੁਰਮੁਖਿ ਬਿਗਸੈ ਸਹਜਿ ਸੁਭਾਇ ।
(ਬਸੰਤ ਮਹਲਾ 3)[3]

ਦੁਨਿਆਵੀ-ਰੰਗ ਵਿੱਚ ਰੰਗੇ ਹੋਏ ਮਧਕਾਲੀਨ-ਸੰਗੀਤਕਾਰਾਂ[4]ਨੇ ਬਸੰਤ ਅਤੇ ਹਿੰਡੋਲ ਦੋਹਾਂ ਦੇ ਲੱਛਣ ਦਰਸਾਉਣ ਸਮੇਂ ਉਨ੍ਹਾਂ ਨੂੰ ਸੁੰਦਰ-ਯੁਵਤੀਆਂ ਨਾਲ ਘਿਰੇ ਹੋਏ ਵਿਖਾਇਆ ਹੈ। ਸੁੰਦਰ-ਯੁਵਤੀਆਂ ਦੇ ਭਾਰੇ-ਲੱਕ ਕਿਸੇ ਸਰੀਰਕ-ਭੁੱਖ ਵਲ ਸੰਕੇਤ ਕਰਦੇ ਹਨ। ਪਰ ਗੁਰੂ ਅਮਰਦਾਸ ਦੇ ਬਸੰਤ ਜਾਂ ਬਸੰਤ-ਹਿੰਡੋਲ ਵਿਚਲਾ ਨਾਇਕ ਜਾਂ ਨਾਇਕਾ ਦੋਵੇਂ ਹੱਡ-ਚੰਮ ਦੀ ਸਤਹ ਤੋਂ ਉੱਚੇ ਸਹਿਜ-ਪਿਆਰ ਦੇ ਲੋਚਕ ਹਨ। ਹੱਡ-ਚੰਮ ਦੀ ਖੁਸ਼ੀ

---

1.ਆਦਿ-ਗ੍ਰੰਥ.................ਪੰਨਾ 1172
2.ਆਦਿ-ਗ੍ਰੰਥ.................ਪੰਨਾ 1173
3.ਆਦਿ-ਗ੍ਰੰਥ.................ਪੰਨਾ 1174

4. Vide "Raga Sagar" and "Raga Kalpadruma" as quoted by Alain Danielou in "Northern Indian Music"(Vol.2),1954,P.2̈1 & 225

ਛਿਨ-ਭੰਗਰੀ ਹੈ। ਇਹ ਝੱਟ ਖਿੜ ਕੇ ਪੱਟ ਕੁਮਲਾ ਜਾਂਦੀ ਹੈ। ਪਰ ਸਹਜ-ਅਨੰਦ ਦਾ ਆਤਮਿਕ-ਖੇੜਾ ਸਦੀਵੀ-ਰੰਗ ਵਿੱਚ ਰੰਗਿਆ ਹੋਇਆ ਹੈ। ਅਜਿਹਾ ਖੇੜਾ ਬਸੰਤ ਦੁਆਰਾ ਹਰਿ-ਗੁਣ ਗਾਉਣ ਨਾਲ ਪ੍ਰਾਪਤ ਹੁੰਦਾ ਹੈ। ਸੋ ਗੁਰਦੇਵ ਫੁਰਮਾਉਂਦੇ ਹਨ:-

(ੳ) ਤਿਨ ਬਸੰਤ ਜੋ ਹਰਿਗੁਣ ਗਾਇ ।
ਪੂਰੈ ਭਾਗਿ ਹਰਿ ਭਗਤਿ ਕਰਾਇ ।
(ਬਸੰਤ ਮਹਲਾ 3)[1]

(ਅ) ਮੇਰੇ ਮਨ ਰਾਮਨਾਮਿ ਚਿਤੁ ਲਾਇ ।
ਮਨ ਤਨ ਤੇਰਾ ਹਰਿਆ ਹੋਵੈ ਇਕ ਹਰਿਨਾਮਾ ਫਲੁ ਪਾਇ ।
(ਬਸੰਤ ਹਿੰਡੋਲ ਮ:3)[2]

ਇਸੇਤਰ੍ਹਾਂ ਮਲਾਰ-ਰਾਗ ਦੀ ਨਾਇਕਾ "ਮਲਾਰਿਕਾ" ਬਾਰੇ ਭੀ "ਸੰਗੀਤ-ਦਰਪਨ"[3] ਦਾ ਕਰਤਾ ਲਿਖਦਾ ਹੈ, ਕਿ ਉਹ ਪਿਆਰੇ ਦੇ ਵਿਛੋੜੇ ਵਿੱਚ ਜੁਆਨੀ ਦੀ ਪੀੜ ਨਾਲ ਕੋਇਲ ਵਾਂਗ ਕੁਰਲਾਉਂਦੀ ਹੈ। ਗੁਰੂ ਅਮਰਦਾਸ ਰਚਿਤ ਜਿਹੜੇ ਸ਼ਲੋਕ ਮਲਾਰ ਦੀ ਵਾਰ(ਰਚਿਤ ਗੁਰੂ ਨਾਨਕ) ਵਿੱਚ ਸ਼ਾਮਿਲ ਹਨ, ਉਨ੍ਹਾਂ ਦੀ ਨਾਇਕਾ ਬੰਬੀਹੇ ਦੀ ਆਤਮਾ ਵਿੱਚ ਬੈਠ ਕੇ ਸਵਾਂਤ-ਬੂੰਦ-ਰੂਪੀ ਪ੍ਰਭੂ-ਮਿਲਾਪ ਦੀ ਤਾਂਘ ਵਿੱਚ ਇਤਨੇ ਦਰਦਾਂ-ਭਰੇ-ਅੰਦਾਜ਼ ਵਿੱਚ ਗਾਉਂਦੀ ਹੈ, ਜਿਸਦੀ ਮਿਸਾਲ ਸ਼ਾਇਦ ਹੀ ਹੋਰ ਕਿਤੇ ਮਿਲੇ। ਗੁਰੂ ਅਮਰਦਾਸ ਦੀ ਬਾਣੀ ਵਿੱਚ ਬੰਬੀਹਾ ਇਕ ਪ੍ਰਤੀਕ ਹੈ ਅਤੇ ਗੁਰਦੇਵ ਦੀ ਕਵਿਤਾ ਵਿੱਚ ਪ੍ਰਤੀਕਾਂ ਦੇ ਪ੍ਰਯੋਗ ਬਾਰੇ ਵਿਚਾਰ ਕਰਨ ਸਮੇਂ ਉਪਰੋਕਤ ਸ਼ਲੋਕਾਂ ਨਾਲ ਸੰਬੰਧਤ ਕਈ ਤਸਵੀਰਾਂ ਪੇਸ਼ ਕੀਤੀਆਂ ਗਈਆਂ ਹਨ। ਇੱਥੇ ਰਾਗ ਦੇ ਰਸ ਅਤੇ ਭਾਵ ਨੂੰ ਉਜਾਗਰ ਕਰਨ ਲਈ ਦੋ ਤਿੰਨ ਸ਼ਲੋਕ ਹਾਜ਼ਰ ਹਨ:-

(ੳ) ਊਨਵਿ ਊਨਵਿ ਆਇਆ ਅਵਰਿ ਕਰੇਂਦਾ ਵੰਨ ।
ਕਿਆ ਜਾਣਾ ਤਿਸੁ ਸਾਹ ਸਿਉ ਕੇਵ ਰਹਸੀ ਰੰਗੁ ।
(ਵਾਰ ਮਲਾਰ ਮ:1 ਸ਼ਲੋਕ ਮ:3)[4]

(ਅ) ਊਨਵਿ ਊਨਵਿ ਆਇਆ ਵਰਸੈ ਲਾਇ ਝੜੀ ।
ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ।
(ਵਾਰ ਮਲਾਰ ਮ:1 ਸ਼ਲੋਕ ਮ:3)[5]

(ੲ) ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ ।
ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਨਿ ਵੰਨੁ ।
(ਵਾਰ ਮਲਾਰ ਮ:1 ਸ਼ਲੋਕ ਮ:3)[6]

ਮਲਾਰ ਦਾ ਵਾਤਾਵਰਨ ਬਰਸਾਤ, ਕੋਇਲ ਅਤੇ ਬੰਬੀਹੇ ਨਾਲ ਹੀ ਸ਼ੋਭਦਾ ਹੈ। ਗੁਰੂ ਅਮਰਦਾਸ ਨੇ

---

1. ਆਦਿ-ਗ੍ਰੰਥ..........ਪੰਨਾ..1176
2. ਆਦਿ-ਗ੍ਰੰਥ........ਪੰਨਾ...1177
3. Sangeet Darpan, as quoted by Alain Danielon in "Northern Indian Music(Vol.2),1954,P.236
4. ਆਦਿ-ਗ੍ਰੰਥ................ਪੰਨਾ 1279
5. ਆਦਿ-ਗ੍ਰੰਥ.................ਪੰਨਾ 1280
6. ਆਦਿ-ਗ੍ਰੰਥ.................ਪੰਨਾ 1282

ਦਰਜਨਾਂ ਸ਼ਲੋਕਾਂ ਰਾਹੀਂ ਮਲਾਰ-ਰਾਗ ਦੀਆਂ ਅਨੂਪਮ-ਤਸਵੀਰਾਂ ਉਲੀਕੀਆਂ ਹਨ। ਪਰ ਜਿੱਥੇ ਦੁਨਿਆਵੀ ਸੰਗੀਤਕਾਰ ਸੰਬੰਧਤ ਰਾਗ ਦੁਆਰਾ ਕੇਵਲ ਮਾਨਸਿਕ-ਬੇਚੈਨੀ ਨੂੰ ਹੀ ਗਾਉਂਦੇ ਹਨ, ਗੁਰੂ ਅਮਰਦਾਸ ਵਰਗੇ ਗੁਰੂ-ਕਵੀ ਇਸ ਰਾਗ ਦੁਆਰਾ ਭਟਕਦੀਆਂ-ਰੂਹਾਂ ਨੂੰ ਸ਼ਾਂਤ ਅਤੇ ਸੀਤਲ ਕਰਦੇ ਹਨ:-

(ੳ) ਮਲਾਰ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ।
ਹਰਿ ਜੀਉ ਆਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ ।

(ਅ) ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ।
ਗੁਰਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ ।

(ਵਾਰ ਮਲਾਰ ਮ:1 ਸ਼ਲੋਕ ਮ:3)[1]

ਇਸੇਤਰ੍ਹਾਂ ਸਿਰੀ ਰਾਗ ਦੇ ਸਰਬ-ਸ੍ਰੇਸ਼ਟ ਭਗਤੀ-ਭਾਵ ਤੋਂ ਛੁਟ ਗਉੜੀ, ਗੂਜਰੀ ਅਤੇ ਰਾਮਕਲੀ ਆਦਿਕ ਰਾਗਾਂ ਨਾਲ ਸੰਬੰਧਤ ਰਸ ਅਤੇ ਭਾਵ ਦੀਆਂ ਵੰਨਗੀਆਂ ਪੇਸ਼ ਕੀਤੀਆਂ ਜਾ ਸਕਦੀਆਂ ਹਨ।

ਇਹ ਗੱਲ ਬਹੁਤ ਸ਼ੋਕਮਈ ਹੈ, ਕਿ ਆਦਿ-ਗ੍ਰੰਥ ਦੇ ਰਾਗਾਂ ਨੂੰ ਬਹੁਤੇ ਰਾਗੀ ਜਾਂ ਸੰਗੀਤਕਾਰ ਸਮੇਂ ਅਤੇ ਸਥਾਨ ਅਨੁਸਾਰ ਨਹੀਂ ਗਾਉਂਦੇ। ਕਈ ਰਾਗੀਆਂ ਨੇ ਜ਼ੁਬਾਨੀ-ਇਕਬਾਲ ਕੀਤਾ ਹੈ, ਕਿ ਉਹ ਇਕ ਰਾਗ ਨਾਲ ਸੰਬੰਧਤ ਬਾਣੀ ਕਈ ਵਾਰ ਕਿਸੇ ਦੂਸਰੇ ਰਾਗ ਵਿੱਚ ਗਾਉਣ ਲਈ ਮਜਬੂਰ ਹੋ ਜਾਂਦੇ ਹਨ, ਕਿਉਂਕਿ ਆਦਿ-ਗ੍ਰੰਥ ਵਿੱਚ ਸੰਕੇਤ ਕੀਤੇ ਰਾਗਾਂ ਬਾਰੇ ਉਨ੍ਹਾਂ ਦੀ ਪੂਰੀ ਜਾਣਕਾਰੀ ਨਹੀਂ ਹੁੰਦੀ। ਹੋਰ ਤਾਂ ਹੋਰ, ਸਵੇਰ ਨਾਲ ਸੰਬੰਧਤ ਰਾਗ ਨੂੰ ਕਈ ਵਾਰ ਉਹ ਲੌਢੇ-ਪਹਿਰ ਜਾਂ ਸ਼ਾਮ ਨੂੰ ਭੀ ਗਾਉਂਦੇ ਸੁਣਾਈ ਦਿੰਦੇ ਹਨ।

ਆਦਿ-ਗ੍ਰੰਥ ਦੇ ਕਵੀਆਂ ਦੀ ਬਾਣੀ ਨੂੰ ਗਾਉਣ ਲਈ ਵੱਖ ਵੱਖ ਰਾਗਾਂ ਦੇ ਨਾਲ ਵੱਖ ਵੱਖ "ਘਰਾਂ" ਦਾ ਸੰਕੇਤ ਭੀ ਕੀਤਾ ਗਿਆ ਹੈ। ਘਰ ਦਾ ਸੰਬੰਧ ਤਾਲ ਨਾਲ ਮੰਨਿਆ ਜਾਂਦਾ ਹੈ ਤੇ ਤਾਲ ਦੀ ਪੂਰਤੀ ਬਾਰੇ ਕਈ ਸੰਗੀਤਕਾਰਾਂ ਨੇ ਸਾਨੂੰ ਦੱਸਿਆ ਹੈ, ਕਿ ਹਾਰਮੋਨੀਅਮ ਆਦਿ ਨਾਲੋਂ ਰਬਾਬ, ਸਿਤਾਰ, ਆਦਿਕ ਤਾਰ ਵਾਲੇ ਸਾਜ਼ ਵਧੇਰੇ ਢੁੱਕਦੇ ਹਨ। ਇਸੇਲਈ ਸ਼ਾਇਦ ਗੁਰੂਆਂ ਨੇ ਰਬਾਬ, ਸਰੰਦਾ ਅਤੇ ਤਾਊਸ ਆਦਿਕ ਨੂੰ ਪ੍ਰਚਲਤ ਕੀਤਾ ਸੀ। ਪ੍ਰਾਚੀਨ-ਭਾਰਤ ਵਿੱਚ ਭੀ "ਵੀਨਾ" ਪ੍ਰਧਾਨ ਸੀ। ਪਰ ਸਿੱਖ ਗੁਰਦੁਆਰਿਆਂ ਵਿੱਚ(ਜਿੱਥੇ ਆਮ ਕਰਕੇ ਗੁਰਬਾਣੀ ਦਾ ਕੀਰਤਨ ਹੁੰਦਾ ਹੈ) ਤਾਰ ਵਾਲੇ ਸਾਜ਼ ਦਿਨੋ ਦਿਨ ਘੱਟਦੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਥਾਂ ਹਾਰਮੋਨੀਅਮ ਪ੍ਰਧਾਨ ਹੁੰਦਾ ਜਾ ਰਿਹਾ ਹੈ। ਇਹ ਗੱਲ ਭੀ ਗੁਰਮਤਿ-ਸੰਗੀਤ ਦੀਆਂ ਸ਼ਾਨਦਾਰ ਰਵਾਇਤਾਂ ਨੂੰ ਮੱਧਮ ਕਰਨ ਵਾਲੀ ਹੈ। ਜਿੱਥੋਂ ਤਕ ਰਾਗੀਆਂ ਦਾ ਸੰਬੰਧ ਹੈ, ਨੌਕਰੀ, ਤਨਖ਼ਾਹ ਅਤੇ ਕੀਰਤਨ-ਭੇਟ ਵਲ ਝਾਕ ਰੱਖਣ ਦੀ ਥਾਂ ਗੁਰਬਾਣੀ ਦੇ ਕੀਰਤਨ ਦੁਆਰਾ ਅਨਹਦ-ਨਾਦ ਵਲ ਝੁਕਣ ਵਾਲੇ ਸੰਗੀਤਕਾਰ ਹੀ ਆਦਿ-ਗ੍ਰੰਥ ਵਿਚਲੇ ਰਾਗਾਂ ਅਤੇ ਰਾਗਨੀਆਂ ਨਾਲ ਇਨਸਾਫ ਕਰ ਸਕਦੇ ਹਨ।

ਪ੍ਰਸਿਧ ਸੰਗੀਤ-ਗ੍ਰੰਥਾਂ ਦੇ ਆਧਾਰ ਤੇ ਗੁਰੂ ਅਮਰਦਾਸ ਦੀ ਬਾਣੀ ਨਾਲ ਸੰਬੰਧਤ ਕੁਝ ਇਕ ਰਾਗਾਂ

---

1.ਆਦਿ-ਗ੍ਰੰਥ.............ਪੰਨਾ 1283 ਅਤੇ 1285

ਦੇ ਗਾਉਣ ਦਾ ਸਮਾਂ[1] ਹੇਠਾਂ ਦਿੱਤਾ ਜਾਂਦਾ ਹੈ:-

(ੳ) ਅੰਮ੍ਰਿਤ-ਵੇਲੇ ਦੇ ਰਾਗ:-..............................ਭੈਰਉ(ਭੈਰਵ), ਰਾਮਕਲੀ ਅਤੇ ਆਸਾ

(ਅ) ਦਿਨ-ਚੜ੍ਹੇ ਦੇ ਰਾਗ:- ..............................ਬਿਲਾਵਲ ਅਤੇ ਗੂਜਰੀ

(ੲ) ਦੁਪਹਿਰ ਤੋਂ ਪਹਿਲਾਂ ਅਤੇ
ਦੁਪਹਿਰ ਨਾਲ ਸੰਬੰਧਤ ਰਾਗ:-......................ਸੂਹੀ, ਸਾਰੰਗ ਅਤੇ ਵਡਹੰਸ

(ਸ) ਤੀਜੇ-ਪਹਿਰ ਨਾਲ ਸੰਬੰਧਤ ਰਾਗ:-................ਧਨਾਸਰੀ, ਸਿਰੀ ਰਾਗ ਅਤੇ ਗਉੜੀ

(ਹ) ਆਥਨ ਦੇ ਰਾਗ:-..................................ਮਾਰੂ

(ਕ) ਰਾਤ੍ਰੀ-ਸਮੇਂ ਦੇ ਰਾਗ:-..............................ਕਾਫੀ

(ਖ) ਅੱਧੀ-ਰਾਤ ਸਮੇਂ ਗਾਉਣ ਵਾਲੇ:-.....................ਮਲਾਰ ਅਤੇ ਸੋਰਠ

(ਗ) ਅੱਧੀ-ਰਾਤ ਤੋਂ ਪਿਛਲੇ ਪਹਿਰ ਦੇ ਰਾਗ:-.........ਬਿਹਾਗੜਾ ਅਤੇ ਬਸੰਤ

(ਘ) ਰੁੱਤਾਂ-ਮੌਸਮਾਂ ਨਾਲ ਸੰਬੰਧਤ:-.......................ਬਸੰਤ, ਬਸੰਤ-ਹਿੰਡੋਲ ਅਤੇ ਮਲਾਰ

---

4

---

ਪਿੱਛੇ ਅਸਾਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਕੀਰਤਨ ਅਤੇ ਕੀਰਤਿ ਆਦਿਕ ਸ਼ਬਦਾਂ ਦੇ ਪ੍ਰਯੋਗ ਵਲ ਸੰਕੇਤ ਕੀਤਾ ਸੀ। ਕਿਉਂਕਿ ਗੁਰੂ ਅਮਰਦਾਸ ਤੋਂ ਪਿੱਛੋਂ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਨੇ ਭੀ ਗੁਰਬਾਣੀ ਦੁਆਰਾ ਪ੍ਰਭੂ ਦੀ ਸਿਫਤਿ ਗਾਉਣ ਲਈ ਕੀਰਤਨ ਦੀ ਮਹਿਮਾ ਗਾਇਨ ਕੀਤੀ ਹੈ, ਇਸਲਈ ਕੀਰਤਨ ਅਤੇ ਕੀਰਤਿ(ਜਾਂ ਕੀਰਤੀ) ਬਾਰੇ ਵਿਸਥਾਰ ਸਹਿਤ ਵਿਚਾਰ ਕਰਨ ਦੀ ਲੋੜ ਹੈ।

ਭਾਰਤੀ ਰਾਗ-ਪਰੰਪਰਾ ਦੇ ਵਿਕਾਸ ਤੋਂ ਛੁੱਟ ਬੰਗਾਲ ਆਦਿਕ ਇਲਾਕਿਆਂ ਵਿੱਚ ਪਦਾਵਲੀ-ਕੀਰਤਨ ਦੀ ਖੋਜ ਕਰਨ ਵਾਲੇ ਸੁਆਮੀ ਪ੍ਰਗਿਆਨਾਨੰਦ[2] ਨੇ "ਕੀਰਤਨ" ਦੀ ਪਰਿਭਾਸ਼ਾ ਇਸ ਪਰਕਾਰ ਅੰਕਿਤ ਕੀਤੀ ਹੈ, "ਕੀਰਤਨ ਧਾਰਮਿਕ-ਭਗਤੀ ਨਾਲ ਸੰਬੰਧਤ ਇਕ ਗੀਤ ਹੈ, ਜੋ ਕਲਾਸੀਕਲ-ਤਾਲ ਅਤੇ ਲੈਅ ਵਿੱਚ ਪ੍ਰਮਾਤਮਾ, ਨਾਇਕ ਜਾਂ ਦੇਵ ਦੀ ਉਸਤਤਿ ਵਿੱਚ ਗਾਇਆ ਜਾਂਦਾ ਹੈ। ਅਜਿਹਾ ਕੀਰਤਨ ਕਿਸੇ ਨਾ ਕਿਸੇ ਰੂਪ ਵਿੱਚ ਭਾਰਤ ਦੇ ਹਰ ਭਾਗ ਵਿੱਚ ਪ੍ਰਚਲਤ ਹੈ।" ਪ੍ਰਗਿਆਨਾਨੰਦ ਨੇ ਕੀਰਤਨ ਦਾ ਨਿਕਾਸ

---

1. Refer: (a) Lochana Pandit's "Raga Tarangini", as quoted by V.N. Bhatkhande in his book "A Comparative Study of Some of the Leading Music Systems of the 15th, 16th, 17th & 18th Centuries, P.22
(b) Alain Danielou-Northern Indian Music (Vol.2). See Index
(C) Bishan Swarup-Theory of Indian Music, 1950, P.162-164

2. Swami Prajnanananda-Historical Development of Indian Music, Pages 259, 261 and 262

ਵੈਸ਼ਨਵ-ਮਤ ਦੇ ਪਦਿਆਂ ਜਾਂ ਪਦਾਵਲੀ-ਰਚਨਾ ਵਿੱਚ ਢੂੰਡਿਆ ਹੈ। ਵੈਸ਼ਨਵ-ਪਦਿਆਂ ਦੇ ਨਿਕਾਸ ਅਤੇ ਵਿਕਾਸ ਬਾਰੇ ਖੋਜ ਕਰਦਿਆਂ ਉਸਨੇ ਰਾਧਾ-ਕ੍ਰਿਸ਼ਨ ਵ੍ਰਜ-ਲੀਲ੍ਹਾ ਨਾਲ ਸੰਬੰਧਤ ਪੰਜਵੀਂ ਸਦੀ ਈਸਵੀ ਤੋਂ ਭੀ ਪਹਿਲਾਂ ਦੀ ਇਕ ਸਪਤ-ਪਦੀ ਵਲ ਸੰਕੇਤ ਕੀਤਾ ਹੈ ਅਤੇ ਉਸਤੋਂ ਪਿੱਛੋਂ ਅਨੰਦ ਵਰਧਨ(ਨੌਵੀਂ ਸਦੀ), ਰਾਜਾ ਭੋਜ(11ਵੀਂ ਸਦੀ) ਅਤੇ ਹੇਮਚੰਦਰ(12ਵੀਂ ਸਦੀ) ਦੀਆਂ ਲਿਖਤਾਂ ਵਿੱਚੋਂ ਭੀ ਪਦਾਵਲੀ-ਰਚਨਾ ਦੇ ਹਵਾਲੇ ਪੇਸ਼ ਕੀਤੇ ਗਏ ਹਨ। ਇਸਤੋਂ ਪਹਿਲਾਂ ਕਿ ਅਸੀਂ ਪਦਾਵਲੀ-ਕੀਰਤਨ ਦੇ ਮਹਾਨ ਕਵੀ ਜੈਦੇਵ(ਕਰਤਾ ਗੀਤ ਗੋਬਿੰਦ) ਦੀ ਰਾਗ-ਵਿਦਿਆ ਨੂੰ ਦੇਣ ਬਾਰੇ ਵਿਚਾਰ ਕਰੀਏ, ਕੀਰਤਨ ਅਤੇ ਕ੍ਰਿਤੀ ਵਿੱਚ ਫ਼ਰਕ ਜਾਣਨਾ ਜ਼ਰੂਰੀ ਹੈ।

ਸੰਭਾਮੂਰਤੀ[1] ਦੇ ਕਥਨ ਅਨੁਸਾਰ ਕੀਰਤਨ ਅਤੇ ਕ੍ਰਿਤੀ ਵਿੱਚ ਢੇਰ ਅੰਤਰ ਹੈ। "ਕੀਰਤਨ ਵਿੱਚ ਜਿੱਥੇ ਸਾਹਿਤਯ(ਭਾਵ ਸ਼ਬਦ) ਪ੍ਰਧਾਨ-ਮਹੱਤਵ ਰੱਖਦਾ ਹੈ, ਅਤੇ ਸੰਗੀਤ ਕੇਵਲ ਭਗਤੀ-ਸਾਹਿਤਯ ਦਾ ਸੇਵਕ ਬਣ ਕੇ ਸਹਾਇਤਾ ਕਰਦਾ ਹੈ, ਉਥੇ ਕ੍ਰਿਤੀਆਂ ਵਿੱਚ ਇਸਦੇ ਉਲਟ ਸੰਗੀਤ-ਕਲਾ ਦੀ ਪ੍ਰਦਰਸ਼ਨੀ ਹੀ ਮਹੱਤਵ ਰੱਖਦੀ ਹੈ।" ਪਦਾਵਲੀ-ਕੀਰਤਨ ਦੀ ਪ੍ਰਤੀਨਿਧਤਾ ਜੈਦੇਵ, ਵਿਦਿਆਪਤੀ ਅਤੇ ਚੈਤੰਨਯ ਆਦਿਕ ਮਧਕਾਲੀਨ ਬੰਗਾਲੀ ਸੰਤ-ਕਵੀ ਅਤੇ ਕ੍ਰਿਤੀਆਂ ਦੀ ਪ੍ਰਤੀਨਿਧਤਾ ਦੱਖਣ ਦੇ ਮਹਾਨ ਸੰਗੀਤਕਾਰ ਤਿਆਗ-ਰਾਜਾ ਕਰਦੇ ਜਾਪਦੇ ਹਨ। ਵੈਸੇ ਜੈਦੇਵ(12ਵੀਂ ਸਦੀ ਈਸਵੀ) ਆਦਿਕ ਵੈਸ਼ਨਵ-ਭਗਤਾਂ ਤੋਂ ਪਹਿਲਾਂ ਬੋਧੀ-ਗਾਨ(ਵਿਸ਼ੇਸ਼ ਕਰਕੇ ਵਜ੍ਰਯਾਨ-ਸਕੂਲ ਨਾਲ ਸੰਬੰਧਤ) ਅਤੇ ਨਾਥ-ਗੀਤ(ਰਚਿਤ ਗੋਰਖ-ਨਾਥ ਆਦਿਕ) ਭੀ ਲੋਕ-ਪ੍ਰੀਯ ਸਨ।

ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ ਦੇ ਅਨੇਕਾਂ ਹੋਰ ਕਵੀਆਂ ਦੀ ਬਾਣੀ ਵਿੱਚ ਪਦੇ(ਚਉਪਦੇ, ਪੰਚਪਦੇ, ਅਸਟਪਦੀਆਂ, ਆਦਿਕ) ਪ੍ਰਧਾਨ ਹਨ ਅਤੇ ਇਨ੍ਹਾਂ ਪਦਿਆਂ ਨੂੰ ਵੱਖ ਵੱਖ ਰਾਗਾਂ ਅਨੁਸਾਰ ਗਾਉਣ ਦਾ ਸੰਕੇਤ ਭੀ ਸੰਬੰਧਤ ਗੁਰੂਆਂ ਅਤੇ ਭਗਤ-ਕਵੀਆਂ ਨੇ ਕਰ ਛੱਡਿਆ ਹੈ। ਕਿਉਂਕਿ ਜੈਦੇਵ(ਜਿਸਦੇ ਦੋ ਪਦੇ ਆਦਿ-ਗ੍ਰੰਥ ਵਿੱਚ ਭੀ ਮਿਲਦੇ ਹਨ) ਨੇ ਆਪਣੇ ਪਦੇ ਕਈ ਰਾਗਾਂ ਵਿੱਚ ਰਚੇ ਹਨ ਅਤੇ ਪ੍ਰਗਿਆਨਾਨੰਦ[2] ਦੇ ਕਥਨ ਅਨੁਸਾਰ ਜੈਦੇਵ ਦੀਆਂ ਪਦਾਵਲੀਆਂ ਵਿੱਚ ਜਿਹੜੇ 12 ਰਾਗ ਹਨ, ਉਨ੍ਹਾਂ ਵਿੱਚ ਮਾਲਵ-ਗਉੜਾ(ਮਾਲੀ ਗਉੜਾ), ਗੁਰਜਰੀ(ਗੂਜਰੀ), ਵਸੰਤ(ਬਸੰਤ), ਰਾਮਕਰੀ(ਰਾਮਕਲੀ), ਵਿਭਾਸ ਅਤੇ ਕੇਦਾਰਾ(ਕਈ ਆਲੋਚਕਾਂ ਅਨੁਸਾਰ ਜੈਦੇਵ ਦੀ ਬਾਣੀ ਵਿੱਚ ਕੇਦਾਰਾ ਦੀ ਥਾਂ ਕਰਨਾਟ-ਰਾਗ ਹੈ), ਆਦਿਕ ਆਦਿ-ਗ੍ਰੰਥ ਦੇ ਗੁਰੂਆਂ(ਸਮੇਤ ਗੁਰੂ ਅਮਰਦਾਸ) ਅਤੇ ਭਗਤ-ਕਵੀਆਂ ਦੀ ਬਾਣੀ ਨਾਲ ਸੰਬੰਧਤ ਰਾਗ ਭੀ ਮਿਲਦੇ ਹਨ। ਸੋ ਹੋ ਸਕਦਾ ਹੈ, ਕਿ ਗੁਰੂ ਨਾਨਕ, ਗੁਰੂ ਅਮਰਦਾਸ, ਕਬੀਰ ਅਤੇ ਨਾਮਦੇਵ ਆਦਿਕ ਸੰਤ-ਕਵੀ, ਜੈਦੇਵ ਆਦਿਕ ਵੈਸ਼ਨਵ-ਕਵੀਆਂ ਦੀ ਪਦਾਵਲੀ-ਰਚਨਾ ਤੋਂ ਭੀ ਪ੍ਰਭਾਵਤ ਹੋਏ ਹੋਣ। ਵੈਸੇ ਜੈਦੇਵ ਤੋਂ ਭੀ ਪਹਿਲਾਂ ਵਜ੍ਰਯਾਨੀ-ਬੋਧੀਆਂ ਦੇ ਮਠਾਂ

---

1. P. Sambamoorthy-History of Indian Music, 1960, Page 63.
2. Swami Prajnanananda-Historical Development of Indian Music, Pages 221, 222 and 193

ਵਿੱਚ(10ਵੀਂ ਅਤੇ 11ਵੀਂ ਸਦੀ ਈਸਵੀ) ਗੂੰਜਦੇ ਵਜ੍ਰਯਾਨੀ-ਗੀਤਾਂ ਵਿੱਚ ਰਾਮਕਲੀ, ਮਲਾਰੀ(ਮਲਾਰ), ਧਨਾਸਰੀ, ਗੌਂਡ, ਆਦਿਕ ਰਾਗਾਂ ਦਾ ਪ੍ਰਯੋਗ ਮਿਲਦਾ ਹੈ। ਜੈਦੇਵ ਤੋਂ ਪਿੱਛੋਂ ਵਿਦਿਆਪਤੀ(ਚੌਦਵੀਂ ਸਦੀ) ਅਤੇ ਚੈਤੰਨਯ(15ਵੀਂ ਸਦੀ) ਨੇ ਭੀ ਪਦਾਵਲੀ-ਕੀਰਤਨ ਨੂੰ ਅੱਗੇ ਤੋਰਿਆ, ਬੇਸ਼ੱਕ ਜੈਦੇਵ ਨਾਲੋਂ ਉਨ੍ਹਾਂ ਦੇ ਪ੍ਰਗਟਾਉ ਵਿੱਚ ਕੁਝ ਅੰਤਰ ਹੈ। ਆਦਿ-ਗ੍ਰੰਥ ਦੇ ਗੁਰੂ ਅਤੇ ਕਈ ਭਗਤ-ਕਵੀ ਬੇਸ਼ੱਕ ਬੰਗਾਲ ਤੋਂ ਦੂਰ ਸਨ, ਪਰ ਜਿਵੇਂ ਇਹ ਆਮ ਪ੍ਰਸਿਧ ਹੈ, ਜੈਦੇਵ ਦੀਆਂ ਅਸਟਪਦੀਆਂ ਕੇਵਲ ਬੰਗਾਲ ਜਾਂ ਉੱਤਰੀ-ਭਾਰਤ ਵਿੱਚ ਹੀ ਪ੍ਰਸਿਧ ਨਹੀਂ, ਸਗੋਂ ਦੱਖਣੀ-ਭਾਰਤ ਵਿੱਚ ਭੀ ਮਹਾਨ ਸੰਗੀਤਕਾਰਾਂ ਨੇ ਉਨ੍ਹਾਂ ਤੋਂ ਪ੍ਰੇਰਨਾ ਲਈ ਹੈ। ਦੂਜੇ ਬਿੰਦਰਾਬਨ(ਜਿੱਥੇ ਤਾਨਸੈਨ ਦਾ ਗੁਰੂ ਹਰੀਦਾਸ ਰਹਿੰਦਾ ਰਿਹਾ) ਵੈਸ਼ਨਵ-ਸੰਗੀਤ ਦਾ ਗੜ੍ਹ ਸੀ। ਇਹ ਭੀ ਆਖਿਆ ਜਾਂਦਾ ਹੈ, ਕਿ ਬੰਗਾਲੀ ਵੈਸ਼ਨਵ-ਕਵੀ ਚੈਤੰਨਯ ਨੇ ਭੀ ਹਰੀਦਾਸ ਪਾਸੋਂ ਸੰਗੀਤ-ਸਿੱਖਿਆ ਪ੍ਰਾਪਤ ਕੀਤੀ ਸੀ । ਬਿੰਦਰਾਬਨ ਦੇ ਵੈਸ਼ਨਵ-ਸੰਗੀਤ ਤਕ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਆਦਿਕ ਗੁਰੂਆਂ ਦੀ ਪੂਰੀ ਪਹੁੰਚ ਸੀ ।

ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ ਦੇ ਦੂਸਰੇ ਗੁਰੂਆਂ ਅਤੇ ਕਈ ਭਗਤ-ਕਵੀਆਂ ਦੀਆਂ ਪਦਾਵਲੀਆਂ ਵਿੱਚ ਅਤੇ ਜੈਦੇਵ ਦੀਆਂ ਰਚਨਾਵਾਂ ਵਿੱਚ ਕਈ ਪੱਖਾਂ ਤੋਂ ਆਪੋ ਵਿੱਚ ਅੰਤਰ ਹੈ। ਪਹਿਲੀ ਗੱਲ ਜੋ ਜੈਦੇਵ ਦੀਆਂ ਪਦਾਵਲੀਆਂ ਨੂੰ ਗੁਰੂ ਅਮਰਦਾਸ ਅਤੇ ਦੂਸਰੇ ਗੁਰੂਆਂ ਨਾਲੋਂ ਵੱਖਰਿਆਉਂਦੀ ਹੈ, ਉਹ ਉਨ੍ਹਾਂ ਵਿਚਲਾ ਵਿਸ਼ਾ-ਵਸਤੂ ਹੈ। ਜੈਦੇਵ ਦੀ ਬਾਣੀ ਦਾ ਕੇਂਦਰ ਕ੍ਰਿਸ਼ਨ ਅਤੇ ਰਾਧਾਂ ਦੀ ਪ੍ਰੀਤ-ਲੀਲ੍ਹਾ ਹੈ, ਪਰ ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ ਦੇ ਕਈ ਹੋਰ ਕਵੀਆਂ ਦੀ ਰਚਨਾ ਦਾ ਧੁਰਾ ਪ੍ਰਭੂ(ਵਿਸ਼ੇਸ਼ ਕਰਕੇ ਨਿਰਗੁਣ ਸਰੂਪ) ਅਤੇ ਭਗਤ ਜਾਂ ਫਿਰ ਕਈ ਥਾਈਂ ਗੁਰੂ ਅਤੇ ਸਿੱਖ ਦਾ ਪਿਆਰ ਹੈ। ਸੰਗੀਤ-ਕਲਾ ਦੇ ਪੱਖ ਤੋਂ ਭੀ ਜੈਦੇਵ ਦੀਆਂ ਪਦਾਵਲੀਆਂ ਵਿੱਚ ਸ਼ੁਤੀ, ਸੁਰ ਅਤੇ ਗਮਕਾਂ ਤੋਂ ਛੁੱਟ ਨ੍ਰਿਤ-ਕਲਾ ਨਾਲ ਸੰਬੰਧਤ ਤਾਲਾਂ ਦੀ ਪ੍ਰਦਰਸ਼ਨੀ ਭੀ ਮਿਲਦੀ ਹੈ। ਇਹ ਭੀ ਆਮ ਪ੍ਰਸਿਧ ਹੈ, ਕਿ ਜੈਦੇਵ ਦੀ ਪਤਨੀ(ਪਦਮਾਵਤੀ) ਮਹਾਨ ਨਰਤਕੀ ਸੀ ਅਤੇ ਜੈਦੇਵ ਦੀਆਂ ਪਦਾਵਲੀਆਂ ਦੇ ਤਾਲਾਂ ਦੀ ਪੂਰਤੀ ਆਪਣੀ ਨ੍ਰਿਤ-ਕਲਾ ਅਨੁਸਾਰ ਕਰ ਸਕਦੀ ਸੀ। ਬੇਸ਼ੱਕ ਚੈਤੰਨਯ ਕਵੀ ਦੀਆਂ ਪਦਾਵਲੀਆਂ(ਨਾਮ-ਕੀਰਤਨ) ਵਿੱਚ ਪਿਆਰ ਦਾ ਖੇਤਰ ਕੇਵਲ ਕ੍ਰਿਸ਼ਨ-ਲੀਲ੍ਹਾ ਤਕ ਸੀਮਤ ਨਹੀਂ ਰਿਹਾ, ਪਰ ਗੁਰੂ ਅਮਰਦਾਸ ਅਤੇ ਦੂਸਰੇ ਸਿੱਖ-ਗੁਰੂਆਂ ਅਤੇ ਕਬੀਰ ਆਦਿਕ ਕਈ ਵੈਸ਼ਨਵ-ਕਵੀਆਂ(ਵਿਸ਼ੇਸ਼ ਕਰਕੇ ਕਬੀਰ ਦੀ ਨਿਰਗੁਣਧਾਰੀ ਦੀ ਕਵਿਤਾ) ਦੀਆਂ ਪਦਾਵਲੀਆਂ ਵਿੱਚ ਜਿੱਥੇ ਪਿਆਰ ਦਾ ਕੇਂਦਰ ਨਿਰਗੁਣ-ਬ੍ਰਹਮ ਬਣ ਗਿਆ ਹੈ, ਉਥੇ ਸੰਗੀਤ ਜਾਂ ਰਾਗ ਦੀ ਪ੍ਰਦਰਸ਼ਨੀ ਦੀ ਥਾਂ ਬਾਣੀ ਜਾਂ ਸ਼ਬਦ ਹੋਰ ਭੀ ਮਹੱਤਵ-ਪੂਰਨ ਹੋ ਗਿਆ ਹੈ। ਇਸਲਈ ਗੁਰੂ ਅਮਰਦਾਸ ਅਤੇ ਦੂਸਰੇ ਗੁਰੂਆਂ ਜਾਂ ਭਗਤ-ਕਵੀਆਂ ਦੀ ਬਾਣੀ ਨੂੰ ਰਾਗਾਂ ਦੇ ਰਵਾਇਤੀ-ਤਾਲਾਂ ਦੇ ਚੱਕਰਾਂ ਵਿੱਚ ਕੱਸ ਕੇ ਬੰਨ੍ਹਣਾ ਠੀਕ ਨਹੀਂ ਹੋਵੇਗਾ, ਬੇਸ਼ੱਕ ਆਮ ਕਰਕੇ ਗੁਰਬਾਣੀ ਵਿੱਚ ਰਾਗ, ਤਾਲ ਅਤੇ ਲੈਅ ਦਾ ਪੂਰਾ ਖਿਆਲ ਰੱਖਿਆ ਗਿਆ ਹੈ। ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ ਦੇ ਕਈ ਦੂਸਰੇ ਕਵੀ ਪ੍ਰਭੂ-ਪਿਆਰ ਵਿੱਚ ਮਸਤ ਹੋ ਵਜਦ ਵਿੱਚ ਆਣ ਬਾਣੀ ਰਚਦੇ ਸਨ, ਉਹ ਕਿਸੇ ਰਾਜੇ ਮਹਾਰਾਜੇ ਦੇ ਦਰਬਾਰੀ-ਕਵੀ ਜਾਂ ਸੰਗੀਤਕਾਰ ਨਹੀਂ ਸਨ ਜੋ ਰਾਗ-ਵਿਦਿਆ ਜਾਂ ਛੰਦ-ਪ੍ਰਬੰਧ ਦੀ ਪ੍ਰਦਰਸ਼ਨੀ ਕਰਦੇ ।

5

ਜਿੱਥੋਂ ਤਕ ਗੁਰੂ ਅਮਰਦਾਸ ਦੀ ਬਾਣੀ ਵਿੱਚ ਕਾਵਿ-ਭੇਦਾਂ ਅਤੇ ਛੰਦ-ਪ੍ਰਬੰਧ ਦਾ ਸੰਬੰਧ ਹੈ, ਰਵਾਇਤੀ-ਨਿਯਮਾਂ ਜਾਂ ਪਿੰਗਲ ਦੀ ਕਰੜੀ ਪਾਲਣਾ ਦੀ ਥਾਂ ਸ਼ਬਦ, ਬਾਣੀ ਜਾਂ ਭਾਵਾਂ ਦੇ ਪ੍ਰਗਟਾਉ ਨੂੰ ਪਹਿਲ ਥਾਂ ਦਿੱਤੀ ਗਈ ਹੈ। ਦੂਜੇ ਸ਼ਬਦਾਂ ਵਿੱਚ, ਤੋਲ ਅਤੇ ਤੁਕਾਂਤ ਦੀ ਰਵਾਇਤੀ-ਇਕਸਾਰਤਾ ਵਿੱਚ ਕੈਦ ਹੋਣ ਵਾਲੇ ਛੰਦ-ਪ੍ਰਬੰਧ ਦੀ ਥਾਂ ਗੁਰਦੇਵ ਨੇ ਵੰਨ-ਸੁਵੰਨੇ ਛੰਦਾਂ ਨਾਲ ਧੜਕਦੇ ਕਾਵਿ-ਭੇਦਾਂ (ਵਾਰ, ਸ਼ਲੋਕ, ਚਉਪਦੇ, ਆਦਿਕ) ਨੂੰ ਬਾਣੀ ਦੇ ਸਿਰਲੇਖਾਂ ਵਜੋਂ ਪਰਵਾਨ ਕੀਤਾ ਹੈ। ਸਗੋਂ ਕਾਵਿ-ਭੇਦਾਂ ਨੂੰ ਭੀ ਰਵਾਇਤੀ-ਰੰਗ ਵਿੱਚੋਂ ਬਾਹਰ ਕੱਢ ਕੇ ਗੁਰੂ ਅਮਰਦਾਸ ਅਤੇ ਗੁਰੂ ਨਾਨਕ ਆਦਿਕ ਗੁਰੂਆਂ ਅਤੇ ਕਈ ਭਗਤ-ਕਵੀਆਂ ਨੇ ਉਨ੍ਹਾਂ ਨੂੰ ਅਧਿਆਤਮਕ ਅਤੇ ਪ੍ਰਮਾਰਥਕ-ਵਿਚਾਰਾਂ ਦਾ ਮਾਧਿਅਮ ਬਣਾਇਆ। ਜਿਵੇਂ ਪਹਿਲਾਂ ਸੰਕੇਤ ਕੀਤਾ ਜਾ ਚੁੱਕਾ ਹੈ, ਗੁਰੂ ਅਮਰਦਾਸ ਨੇ ਕਾਵਿ-ਭੇਦਾਂ ਅਤੇ ਛੰਦ-ਪ੍ਰਬੰਧ ਦੇ ਖੇਤਰ ਵਿੱਚ ਸ਼ਬਦ, ਬਾਣੀ ਜਾਂ ਭਾਵ ਨੂੰ ਪਹਿਲੀ ਥਾਂ ਦਿੱਤੀ ਹੈ ਅਤੇ ਛੰਦ-ਪ੍ਰਬੰਧ ਨੂੰ ਦੂਜੇ ਥਾਂ ਹੀ ਰੱਖਿਆ ਹੈ ।

ਵੈਸੇ ਪਿੰਗਲ ਦੇ ਰਵਾਇਤੀ-ਨਿਯਮਾਂ ਅਨੁਸਾਰ ਗੁਰੂ ਅਮਰਦਾਸ ਦੀ ਬਾਣੀ ਵਿੱਚ ਵੰਨ-ਸੁਵੰਨੇ ਪਦਿਆਂ(ਤਿਪਦੇ ਚਉਪਦੇ, ਪੰਚਪਦੇ, ਛੇਪਦੇ,ਅਸਟਪਦੇ ਜਾਂ ਅਸਟਪਦੀਆਂ, ਨੌਪਦੇ, ਦਸਪਦੇ, ਗਿਆਰਾਂ-ਪਦੇ, ਬਾਰ੍ਹਾਂ-ਪਦੇ, ਤੇਰ੍ਹਾਂ-ਪਦੇ, ਇੱਕੀ-ਪਦਾ, ਸਤਾਈ-ਪਦਾ, ਤੀਹ-ਪਦਾ, ਚੌਤੀਸ-ਪਦਾ, ਆਦਿਕ) ਤੋਂ ਛੋਟ ਸੋਲਹੇ, ਵਾਰਾਂ, ਪਉੜੀਆਂ, ਸ਼ਲੋਕ, ਛੰਤ, ਅਲਾਹੁਣੀਆਂ, ਸਤਵਾਰਾ, ਥਿੱਤੀ ਅਤੇ ਪੱਟੀ ਆਦਿਕ ਕਾਵਿ-ਭੇਦਾਂ ਦਾ ਪ੍ਰਯੋਗ ਮਿਲਦਾ ਹੈ । ਇਸੇਤਰ੍ਹਾਂ ਰਵਾਇਤੀ-ਛੰਦਾਂ ਵਿੱਚੋਂ ਦੋਹਿਰਾ, ਵੱਡਾ ਦੋਹਿਰਾ, ਚਉਪਈ, ਸੁਖਦਾ, ਸਾਰ, ਦਵਈਆ, ਹੰਸ, ਹੰਸਗਤਿ, ਹਰਿਗੀਤਿਕਾ, ਕੁਕਭਾ, ਲਲਿਤਾਪਦ, ਰਸਾਵਲ, ਨਿਸ਼ਾਨੀ-ਛੰਦ, ਉਲਾਸ, ਚਿਤ੍ਰਕਲਾ, ਸਰਸੀ, ਸੁਕਾਵਯ, ਸੁਗੀਤਿਕਾ, ਮੁਕਤਾਮਣਿ, ਰਾਧਿਕਾ, ਗਾਹਾ ਦੂਜਾ, ਗੀਤਾ, ਪੁਨਹਾ ਜਾਂ ਫੁਨਹਾ, ਤਾਟੰਕ, ਮਾਤ੍ਰਿਕ-ਸਵਈਆ, ਪਦਮਾਵਤੀ, ਸੁਭਟੇਂਦ੍ਰ, ਡਿਓਢ ਅਤੇ ਕਲਸ, ਆਦਿਕ ਦਰਜਨਾਂ ਛੰਦਾਂ ਦੀਆਂ ਮਾਤ੍ਰਾਂ ਗੂੰਜਦੀਆਂ ਸੁਣਾਈ ਦਿੰਦੀਆਂ ਹਨ। ਇਨ੍ਹਾਂ ਕਾਵਿ-ਭੇਦਾਂ ਅਤੇ ਛੰਦਾਂ ਬਾਰੇ ਅੱਗੇ ਚੱਲ ਕੇ ਵਿਸਥਾਰ ਸਹਿਤ ਵਿਚਾਰ ਕੀਤੀ ਜਾਵੇਗੀ ।

ਪਰ ਇਸਤੋਂ ਪਹਿਲਾਂ ਕਿ ਗੁਰੂ ਅਮਰਦਾਸ ਦੀ ਬਾਣੀ ਵਿਚਲੇ ਕਾਵਿ-ਭੇਦਾਂ ਅਤੇ ਛੰਦਾਂ ਦਾ ਨਿਰੂਪਨ ਕੀਤਾ ਜਾਵੇ, ਇਹ ਸੰਕੇਤ ਕਰਨਾ ਬਹੁਤ ਜ਼ਰੂਰੀ ਹੈ, ਕਿ ਛੰਦ ਦੀਆਂ ਮਾਤ੍ਰਾ ਅਤੇ ਰਾਗ ਦੀਆਂ ਮਾਤ੍ਰਾ ਵਿੱਚ ਅੰਤਰ ਹੈ ਅਤੇ ਗੁਰੂ ਅਮਰਦਾਸ ਜਾਂ ਆਦਿ-ਗ੍ਰੰਥ ਦੇ ਦੂਸਰੇ ਕਵੀਆਂ ਦੀ ਬਾਣੀ ਵਿੱਚੋਂ ਕਿਸੇ ਇਕ ਪਦੇ, ਪਉੜੀ ਜਾਂ ਸ਼ਲੋਕ ਜਾਂਫਿਰ ਕਿਸੇ ਛੰਦ(ਚਉਪਈ ਆਦਿਕ) ਦੀਆਂ ਮਾਤ੍ਰਾ ਵਿੱਚ ਵਾਧ-ਘਾਟ ਵੇਖ ਕੇ ਇਹ ਸਿੱਧ ਕਰਨਾ ਅਯੋਗ ਹੋਵੇਗਾ, ਕਿ ਗੁਰਦੇਵ ਨੇ ਰਵਾਇਤੀ-ਛੰਦਾਂ ਦੀਆਂ ਮਾਤ੍ਰਾ ਠੀਕ ਨਹੀਂ ਨਿਬਾਹੀਆਂ । ਜਿਵੇਂ ਉੱਪਰ ਦੱਸਿਆ ਜਾ ਚੁੱਕਾ ਹੈ, ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ

ਦੇ ਬਾਕੀ ਕਵੀ ਛੰਦ-ਚਾਲ ਨਾਲੋਂ ਰਾਗ ਦੇ ਤਾਲ ਅਤੇ ਲੈਅ ਦੇ ਵਧੇਰੇ ਕਾਇਲ ਹਨ। ਇੱਥੋਂ ਤਕ, ਕਿ ਕਈ ਤੁਕਾਂ ਦਾ ਆਪੋ ਵਿੱਚ ਤੁਕਾਂਤ ਭੀ ਨਹੀਂ ਮਿਲਦਾ, ਪਰ ਤਾਲ ਅਤੇ ਲੈਅ ਦੀ ਇਕਸਾਰਤਾ ਕਾਇਮ ਹੋਣ ਕਰਕੇ ਕਵਿਤਾ ਰਸ ਪ੍ਰਦਾਨ ਕਰਦੀ ਹੈ। ਰਾਗ ਅਤੇ ਛੰਦ ਦੀਆਂ ਮਾਤ੍ਰਾ ਵਿੱਚ ਕੀ ਅੰਤਰ ਹੁੰਦਾ ਹੈ, ਇਸ ਬਾਰੇ "ਗੁਰੁਛੰਦ ਦਿਵਾਕਰ" ਦੇ ਕਰਤਾ ਭਾਈ ਕਾਹਨ ਸਿੰਘ[1] ਲਿਖਦੇ ਹਨ, "ਅਨੇਕਾਂ ਸ਼ਬਦਾਂ ਵਿਚ ਗਾਯਨ ਦੀ ਲਯ ਤਾਰ ਅਨੁਸਾਰ, ਦੀਰਘ ਵਰਣ ਪਲੁਤ ਕੀਤੇ ਜਾਂਦੇ ਹਨ, ਅਰ ਉਨ੍ਹਾਂ ਦੀ ਮਾਤ੍ਰਾ ਤਿੰਨ ਤੋਂ ਪੰਜ ਤੀਕ ਹੋਯਾ ਕਰਦੀ ਹੈ।" ਭਾਈ ਕਾਹਨ ਸਿੰਘ ਨੇ ਇਸੇ ਪ੍ਰਸੰਗ ਵਿੱਚ ਗੁਰੂ ਅਰਜਨ ਦੇਵ ਰਚਿਤ ਹੇਠ ਲਿਖੀ ਤੁਕ ਵਿੱਚ "ਮਾ" ਅਤੇ "ਰਾ" ਦੀਆਂ ਚਾਰ ਚਾਰ ਮਾਤ੍ਰਾ ਅਤੇ "ਸਾ" ਦੀਆਂ ਤਿੰਨ ਮਾਤ੍ਰਾ ਦਰਸਾਈਆਂ ਹਨ:-

ਮਿਟਹਿ ਕਮਾ....ਣੇ, ਪਾਪ ਚਿਰਾ....ਣੇ, ਸਾ...ਧ ਸੰਗਤਿ ਮਿਲ, ਮੁਆ ਜੀਜੈ ।
(ਧਨਾਸਰੀ ਪੜਤਾਲ ਮਹਲਾ 5)[2]

ਇਸੇਤਰ੍ਹਾਂ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਗੂਜਰੀ ਅਤੇ ਰਾਮਕਲੀ ਨਾਮੀ ਦੋ ਰਾਗਾਂ ਤੋਂ ਛੁੱਟ ਬਸੰਤ ਰਾਗ ਦੀਆਂ ਕੁਝ ਤੁਕਾਂ ਨੂੰ ਰਾਗ ਦੀਆਂ ਮਾਤ੍ਰਾ ਅਨੁਸਾਰ ਗਾਉਣ ਦੀ ਵਿਧੀ ਪ੍ਰਸਿਧ ਰਾਗ-ਮਾਸਟਰ ਭਾਈ ਪ੍ਰੇਮ ਸਿੰਘ[3] ਨੇ ਆਪਣੀ ਪੁਸਤਕ "ਰਤਨ ਸੰਗੀਤ ਭੰਡਾਰ" ਰਾਹੀਂ ਪੇਸ਼ ਕੀਤੀ ਹੈ। ਭਾਈ ਕਾਹਨ ਸਿੰਘ ਅਤੇ ਰਾਗੀ ਪ੍ਰੇਮ ਸਿੰਘ ਦੀਆਂ ਉਪਰੋਕਤ ਉਦਾਹਰਨਾਂ ਦੁਆਰਾ ਇਹ ਭਲੀ-ਭਾਂਤ ਸਿੱਧ ਹੋ ਜਾਂਦਾ ਹੈ, ਕਿ ਛੰਦ ਦੀਆਂ ਮਾਤ੍ਰਾ ਅਤੇ ਰਾਗ ਦੀਆਂ ਮਾਤ੍ਰਾ ਵਿੱਚ ਕਾਫ਼ੀ ਅੰਤਰ ਹੈ । ਸੋ ਗੁਰੂ ਅਮਰਦਾਸ ਦੀ ਬਾਣੀ ਵਿਚਲੇ ਛੰਦਾਂ ਦੀ ਚਾਲ ਇਤਨਾ ਮਹੱਤਵ ਨਹੀਂ ਰੱਖਦੀ, ਜਿਤਨਾ ਕਿ ਉਸ ਵਿਚਲੇ ਰਾਗਾਂ ਤੇ ਰਾਗਨੀਆਂ ਦਾ ਤਾਲ ਅਤੇ ਲੈਅ । ਵੈਸੇ ਛੰਦ-ਚਾਲ, ਰਸ ਅਤੇ ਭਾਵ ਅਨੁਸਾਰ ਤੀਬਰ ਜਾਂ ਮੱਧਮ ਹੁੰਦੀ ਜਾਂਦੀ/ਪ੍ਰਤੀਤ ਹੁੰਦੀ ਹੈ । ਕਾਵਿ-ਭੇਦਾਂ ਦਾ ਪ੍ਰਯੋਗ ਭੀ ਬਾਣੀ ਦੇ ਰਸ ਅਤੇ ਭਾਵ ਤੋਂ ਛੁੱਟ ਕਈ ਵਾਰ ਢੁੱਕਦਾ-ਸਮਾਂ ਜਾਂ ਵਾਯੂ-ਮੰਡਲ ਚਿੱਤ੍ਰਣ ਵਿੱਚ ਸਹਾਇਕ ਬਣਿਆ ਹੈ । ਇਹ ਗੁਣ ਵਿਸ਼ੇਸ਼ ਕਰਕੇ ਛੰਤਾਂ ਅਤੇ ਵਾਰਾਂ ਆਦਿਕ ਵਿੱਚ ਵੇਖਿਆ ਜਾ ਸਕਦਾ ਹੈ ।

ਬੇਸ਼ਕ ਇਹ ਗੱਲ ਪੱਥਰ ਉਤੇ ਲਕੀਰ ਵਾਂਗ ਪੱਕੀ ਨਹੀਂ, ਪਰ ਆਮ ਕਰਕੇ ਗੁਰੂ ਅਮਰਦਾਸ ਦੀ ਬਾਣੀ ਵਿੱਚ ਡੂੰਘੇ ਜੀਵਨ-ਅਨੁਭਵ ਨੂੰ ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਰਾਹੀਂ ਪ੍ਰਗਟਾਉਣ ਲਈ ਸ਼ਲੋਕਾਂ, ਭਗਤੀ-ਭਾਵ ਦੀ ਸਰੋਦੀ-ਹੂਕ ਲਈ ਚਉਪਦਿਆਂ ਅਤੇ ਛੰਤਾਂ ਅਤੇ ਮਜ਼ਮੂਨ ਦੀ ਉਸਾਰੀ ਲਈ ਪਉੜੀਆਂ ਤੇ ਸੋਲਹਿਆਂ ਦਾ ਪ੍ਰਯੋਗ ਕੀਤਾ ਗਿਆ ਹੈ ।

ਹੁਣ ਕ੍ਰਮਵਾਰ ਕੁਝ ਕਾਵਿ-ਭੇਦਾਂ ਦੇ ਨਾਲ ਅਨੇਕ ਪਰਕਾਰ ਦੇ ਛੰਦਾਂ ਦੇ ਪ੍ਰਯੋਗ ਬਾਰੇ

---

1.ਭਾਈ ਕਾਹਨ ਸਿੰਘ- ਗੁਰੁਛੰਦ ਦਿਵਾਕਰ, ਪੰਨਾ 25
2.ਆਦਿ-ਗ੍ਰੰਥ..............ਪੰਨਾ 683
3.ਭਾਈ ਪ੍ਰੇਮ ਸਿੰਘ(ਰਾਗ-ਮਾਸਟਰ)- ਰਤਨ-ਸੰਗੀਤ-ਭੰਡਾਰ(ਅਰਥਾਤ ਗੁਰਮਤਿ-ਸੰਗੀਤ ਬਾਰੇ ਖੋਜ.... ਭਾਗ ਦੂਜਾ), ਪ੍ਰਕਾਸ਼ਕ: ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ, 1958, ਪੰਨੇ 38, 70 ਅਤੇ 85

ਵਿਚਾਰ ਕੀਤੀ ਜਾਵੇਗੀ:-

(1) ਵੰਨ-ਸੁਵੰਨੇ ਪਦੇ

ਜਿਵੇਂ ਪਿੱਛੇ ਸੰਕੇਤ ਕੀਤਾ ਗਿਆ ਹੈ, ਗੁਰੂ ਅਮਰਦਾਸ ਦੀ ਬਾਣੀ ਵਿੱਚ ਤਿਪਦਿਆਂ(ਤਿੰਨ-ਪਦੇ) ਤੋਂ ਲੈ ਕੇ ਚੌਤੀਸ-ਪਦਿਆਂ ਤਕ ਅਨੇਕ ਪਰਕਾਰ ਦੀਆਂ ਵੰਨਗੀਆਂ ਮਿਲਦੀਆਂ ਹਨ। ਸਪਤ-ਪਦੀਆਂ ਅਤੇ ਅਸਟਪਦੀਆਂ ਬੋਧ-ਗਾਨ, ਨਾਥ-ਗੀਤ ਅਤੇ ਜੈਦੇਵ ਦੇ ਸਮੇਂ ਭੀ ਭਾਰਤ ਵਿੱਚ ਪ੍ਰਚਲਤ ਸਨ। ਇਸੇਤਰ੍ਹਾਂ ਚਉਪਦੇ, ਪੰਚਪਦੇ ਆਦਿਕ ਭੀ ਗੁਰੂ ਅਮਰਦਾਸ ਅਤੇ ਗੁਰੂ ਨਾਨਕ ਤੋਂ ਪਹਿਲਾਂ ਭਾਰਤੀ-ਸਾਹਿਤ ਵਿੱਚ ਲੋਕ-ਪ੍ਰੀਯ ਹੋ ਚੁੱਕੇ ਸਨ। ਸੋ ਗੁਰੂ ਅਮਰਦਾਸ ਅਤੇ ਗੁਰੂ ਨਾਨਕ ਆਦਿਕ ਗੁਰੂਆਂ ਨੇ ਆਪਣੇ ਭਾਵਾਂ ਦੇ ਪ੍ਰਗਟਾਉ ਲਈ ਉਨ੍ਹਾਂ ਕਾਵਿ-ਭੇਦਾਂ ਅਤੇ ਛੰਦਾਂ ਨੂੰ ਚੁਣਿਆਂ ਜੋ ਲੋਕਾਂ ਵਿੱਚ ਹਰਮਨ-ਪਿਆਰੇ ਸਨ, ਤਾਂਜੋ ਉਨ੍ਹਾਂ ਦੀ ਬਾਣੀ ਲੋਕ-ਦਿਲਾਂ ਨੂੰ ਰੂਪਕ-ਪੱਖ ਤੋਂ ਭੀ ਟੁੰਬ ਸਕੇ।

ਇਨ੍ਹਾਂ ਪਦਿਆਂ ਦੀ ਰਚਨਾ ਵੱਖ ਵੱਖ ਰਾਗਾਂ ਤੇ ਰਾਗਨੀਆਂ ਵਿੱਚ ਮਿਲਦੀ ਹੈ। ਛੰਦ-ਪ੍ਰਬੰਧ ਦੀ ਦ੍ਰਿਸ਼ਟੀ ਤੋਂ ਅਨੇਕ ਪਰਕਾਰ ਦੇ ਛੰਦਾਂ ਦੀਆਂ ਮਾਤ੍ਰਾ ਇਨ੍ਹਾਂ ਪਦਿਆਂ ਵਿੱਚ ਗੂੰਜਦੀਆਂ ਸੁਣਾਈ ਦਿੰਦੀਆਂ ਹਨ। ਪਰ ਰਵਾਇਤੀ-ਛੰਦਾਂ ਦੀ ਚਾਲ ਨਾਲੋਂ ਇਨ੍ਹਾਂ ਪਦਿਆਂ ਵਿਚਲਾ ਸੰਗੀਤ, ਤਾਲ ਜਾਂ ਲੈਅ ਸੰਬੰਧਤ ਰਾਗਾਂ ਦੇ ਵਧੇਰੇ ਕਾਇਲ ਜਾਪਦੇ ਹਨ। ਭਗਤੀ-ਭਾਵ ਨੂੰ ਪਰਗਟ ਕਰਨ ਲਈ ਗੁਰੂ ਸਾਹਿਬਾਨ ਅਤੇ ਭਗਤ-ਕਵੀਆਂ ਦੀ ਪਦਾਵਲੀ-ਰਚਨਾ ਭਾਰਤ ਦੇ ਰਹੱਸਵਾਦੀ-ਸਾਹਿਤ ਦਾ ਅਣਮੋਲ ਖ਼ਜ਼ਾਨਾ ਹੈ ਅਤੇ ਗੁਰੂ ਅਮਰਦਾਸ ਨੇ ਭੀ ਇਸ ਖ਼ਜ਼ਾਨੇ ਵਿੱਚ ਵਰਣਨ-ਯੋਗ ਵਾਧਾ ਕੀਤਾ ਹੈ। ਹਰ ਪਰਕਾਰ ਦੇ ਪਦਿਆਂ ਬਾਰੇ ਹੇਠਾਂ ਕੁਝ ਸੰਕੇਤ ਪੇਸ਼ ਕੀਤੇ ਜਾਂਦੇ ਹਨ:-

(ੳ) ਤਿਪਦੇ

ਤਿਪਦੇ ਤੋਂ ਭਾਵ ਹੈ ਤਿੰਨ-ਪਦਾ ਅਰਥਾਤ ਉਹ ਕਵਿਤਾ ਜਿਸ ਵਿੱਚ ਰੂਪਕ-ਪੱਖ ਤੋਂ ਤਿੰਨ ਪਦੇ ਜਾਂ ਕਾਵਿ-ਬੰਦ ਹੋਣ। ਗੁਰੂ ਅਮਰਦਾਸ ਨੇ ਆਮ ਕਰਕੇ ਚਉਪਦੇ, ਪੰਚਪਦੇ ਜਾਂ ਅਸਟ-ਪਦੀਆਂ ਦਾ ਪ੍ਰਯੋਗ ਕੀਤਾ ਹੈ, ਪਰ ਦੋ ਤਿੰਨ ਥਾਈਂ ਤਿਪਦਿਆਂ ਨੂੰ ਰਚਨ ਦੀ ਖੁੱਲ੍ਹ ਭੀ ਲਈ ਹੈ। ਉਦਾਹਰਨ ਵਜੋਂ ਧਨਾਸਰੀ ਰਾਗ ਦੇ ਚਉਪਦਿਆਂ ਵਿੱਚੋਂ ਇਕ ਤਿਪਦਾ ਭੀ ਸਿਰੀ ਉੱਚੀ ਕਰਦਾ ਵਿਖਾਈ ਦਿੰਦਾ ਹੈ:-

ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ।
ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ।1।
ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ।
ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ। 1। ਰਹਾਉ।
ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ।
ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ।2।
ਭਨਤਿ ਨਾਨਕ ਭਰਮ ਪਟ ਖੂਲੇ ਗੁਰਪਰਸਾਦੀ ਜਾਨਿਆ।
ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ। 3।
(ਰਾਗੁ ਧਨਾਸਿਰੀ ਮਹਲਾ 3 ਘਰੁ 4)[1]

1. ਆਦਿ-ਗ੍ਰੰਥ...........ਪੰਨਾ 666

(ਅ) ਚਉਪਦੇ

ਜਿੱਥੋਂ ਤਕ ਚਉਪਦਿਆਂ ਦਾ ਸੰਬੰਧ ਹੈ, ਆਦਿ-ਗ੍ਰੰਥ ਦੀ ਸਮੁੱਚੀ-ਬਾਣੀ ਵਾਂਗ ਗੁਰੂ ਅਮਰਦਾਸ ਦੀ ਬਾਣੀ ਵਿੱਚ ਭੀ ਚਉਪਦਾ ਹੀ ਪ੍ਰਧਾਨ ਹੈ। ਛੰਦ-ਪ੍ਰਬੰਧ ਅਰਥਾਤ ਤੋਲ-ਤੁਕਾਂਤ ਦੀ ਦ੍ਰਿਸ਼ਟੀ ਤੋਂ ਇਸਦੇ ਕਈ ਰੂਪ ਮਿਲਦੇ ਹਨ। ਇਸ ਕਾਵਿ-ਭੇਦ ਦਾ ਮੁਖ ਲੱਛਣ ਇਹੋ ਹੈ, ਕਿ ਇਸਦੇ ਚਾਰ ਕਾਵਿ-ਬੰਦ ਹੁੰਦੇ ਹਨ। ਗੁਰੂ ਅਮਰਦਾਸ ਦੇ ਚਉਪਦਿਆਂ ਵਿੱਚ ਵਿਸ਼ੇਸ਼ ਕਰਕੇ ਹਰ ਇਕ ਬੰਦ ਦੀਆਂ ਚਾਰ ਤੁਕਾਂ ਹਨ, ਪਰ ਕਿਤੇ ਕਿਤੇ ਦੋ, ਤਿੰਨ ਅਤੇ ਵਧੀਕ ਤੁਕਾਂ ਦੇ ਕਾਵਿ-ਬੰਦ ਭੀ ਮਿਲਦੇ ਹਨ। ਆਦਿ-ਗ੍ਰੰਥ ਵਿੱਚ ਕਈ ਥਾਈਂ ਇਕ-ਤੁਕਾ, ਦੋ-ਤੁਕਾ, ਤਿਤੁਕੀ ਅਤੇ ਚੌਤੁਕਾ, ਆਦਿਕ ਸਿਰਲੇਖ ਭੀ ਮਿਲਦੇ ਹਨ। ਉਦਾਹਰਨ ਵਜੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ:-

(1) ਇਕ-ਤੁਕਾ:-

ਸਾਹਿਬ ਭਾਵੈ ਸੇਵਕੁ ਸੇਵਾ ਕਰੈ । ਜੀਵਤੁ ਮਰੈ ਸਭਿ ਕੁਲ ਉਧਰੈ । 1 ।
ਤੇਰੀ ਭਗਤਿ ਨ ਛੋਡਉ ਕਿਆ ਕੋ ਹਸੈ । ਸਾਚੁ ਨਾਮੁ ਮੇਰੈ ਹਿਰਦੈ ਵਸੈ ।1।ਰਹਾਉ।
ਜੈਸੇ ਮਾਇਆ ਮੋਹਿ ਪ੍ਰਾਣੀ ਗਲਤੁ ਰਹੈ। ਤੈਸੇ ਸੰਤ ਜਨ ਰਾਮਨਾਮ ਰਵਤ ਰਹੈ। 2 ।
ਮੈ ਮੂਰਖ ਮੁਗਧ ਉਪਰਿ ਕਰਹੁ ਦਇਆ । ਤਉ ਸਰਣਾਗਤਿ ਰਹਉ ਪਇਆ । 3 ।
ਕਹਤੁ ਨਾਨਕੁ ਸੰਸਾਰ ਦੇ ਨਿਹਫਲ ਕਾਮਾ । ਗੁਰਪ੍ਰਸਾਦਿ ਕੋ ਪਾਵੈ ਅੰਮ੍ਰਿਤ ਨਾਮਾ । 4 ।
(ਬਸੰਤ ਮਹਲਾ 3)[1]

(2) ਦੋ-ਤੁਕਾ:-

ਮਾਹਾ ਰੁਤੀ ਮਹਿ ਸਦ ਬਸੰਤੁ । ਜਿਤੁ ਹਰਿਆ ਸਭੁ ਜੀਅ ਜੰਤੁ ।
ਕਿਆ ਹਉ ਆਖਾ ਕਿਰਮ ਜੰਤੁ । ਤੇਰਾ ਕਿਨੈ ਨ ਪਾਇਆ ਆਦਿ ਅੰਤੁ । 1 ।
ਤੈ ਸਾਹਿਬ ਕੀ ਕਰਹਿ ਸੇਵ । ਪਰਮ ਸੁਖ ਪਾਵਹਿ ਆਤਮ ਦੇਵ ।1।ਰਹਾਉ।
ਕਰਮੁ ਹੋਵੈ ਤਾ ਸੇਵਾ ਕਰੈ । ਗੁਰਪਰਸਾਦੀ ਜੀਵਤ ਮਰੈ ।
ਅਨਦਿਨੁ ਸਾਚੁ ਨਾਮੁ ਉਚਰੈ । ਇਨ ਬਿਧਿ ਪ੍ਰਾਣੀ ਦੁਤਰੁ ਤਰੈ । 2 ।
ਬਿਖੁ ਅੰਮ੍ਰਿਤੁ ਕਰਤਾਰਿ ਉਪਾਏ । ਸੰਸਾਰ ਬਿਰਖ ਕਉ ਦੁਇ ਫਲ ਲਾਏ ।
ਆਪੇ ਕਰਤਾ ਕਰੇ ਕਰਾਏ । ਜੋ ਤਿਸੁ ਭਾਵੈ ਤਿਸੈ ਖਵਾਏ । 3 ।
ਨਾਨਕ ਜਿਸਨੋ ਨਦਰਿ ਕਰੇਇ । ਅੰਮ੍ਰਿਤ ਨਾਮੁ ਆਪੇ ਦੇਇ ।
ਬਿਖਿਆ ਕੀ ਬਾਸਨਾ ਮਨਹਿ ਕਰੇਇ । ਅਪਣਾ ਭਾਣਾ ਆਪਿ ਕਰੇਇ । 4 ।
(ਬਸੰਤੁ ਮਹਲਾ 3 ਘਰੁ 1 ਦੁਤੁਕੇ)[2]

(3) ਤਿਤੁਕੀ:-

ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ।
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ ।
ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ । 1 ।
(ਸੋਰਠਿ ਮਹਲਾ 3 ਘਰੁ 1 ਤਿਤੁਕੀ)[3]

---

1.ਆਦਿ-ਗ੍ਰੰਥ.........ਪੰਨਾ 1170
2.ਆਦਿ-ਗ੍ਰੰਥ.........ਪੰਨਾ 1172
3.ਆਦਿ-ਗ੍ਰੰਥ.........ਪੰਨਾ 637

(4) **ਚੌਤੁਕਾ:-**

ਸਚੀ ਭਗਤਿ ਸਤਿਗੁਰ ਤੇ ਹੋਵੈ ਸਚੀ ਹਿਰਦੈ ਬਾਣੀ ।
ਸਤਿਗੁਰੁ ਸੇਵੇ ਸਦਾ ਸੁਖੁ ਪਾਏ ਹਉਮੈ ਸਬਦਿ ਸਮਾਣੀ ।
ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰ ਭੂਲੀ ਫਿਰੈ ਇਆਣੀ ।
ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ । 1 ।
(ਸਰਠਿ ਮਹਲਾ 3 ਚੌਤੁਕੇ)[1]

(ੲ) ਪੰਚਪਦੇ

ਚਉਪਦਿਆਂ ਅਤੇ ਅਸਟਪਦੀਆਂ ਤੋਂ ਪਿੱਛੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਪੰਚਪਦਿਆਂ ਦੀ ਗਿਣਤੀ ਭੀ ਵਰਣਨ-ਯੋਗ ਹੈ। ਇਨ੍ਹਾਂ ਪੰਚਪਦਿਆਂ ਵਿੱਚ ਆਮ ਕਰਕੇ ਦੋ ਜਾਂ ਚਾਰ ਤੁਕਾਂ ਦਾ ਕਾਵਿ-ਬੰਦ ਹੁੰਦਾ ਹੈ ਅਤੇ ਛੰਦ-ਪ੍ਰਬੰਧ ਚਉਪਦਿਆਂ ਵਾਂਗ ਹੀ ਵੰਨ-ਸੁਵੰਨਾ ਹੈ। ਵੰਨਗੀ ਲਈ:-

ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ।
ਸਤਿਗੁਰ ਮਿਲਿਐ ਮਤਿ ਊਪਜੀ ਤਾ ਇਹ ਸੋਝੀ ਪਾਇ ।1।
ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ ।
ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ ।1।ਰਹਾਉ।
ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ ।
ਪੰਚਭੂਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ । 2 ।
ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ ।
ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ । 3 ।
ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ ।
ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ । 4 ।
ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ ਏਕੁ ਵਸਿਆ ਮਨਿ ਆਇ ।
ਜੋ ਤੁਧੁ ਭਾਵੈ ਸਭੁ ਸਚੁ ਹੈ ਸਚੇ ਰਹੈ ਸਮਾਇ । 5 ।
(ਗੂਜਰੀ ਮਹਲਾ 3 ਪੰਚਪਦੇ)[2]

ਇੱਥੇ ਇਹ ਸੰਕੇਤ ਕਰ ਦੇਣਾ ਜ਼ਰੂਰੀ ਭਾਸਦਾ ਹੈ, ਕਿ **ਆਦਿ-ਗ੍ਰੰਥ** ਵਿੱਚ ਚਉਪਦਿਆਂ[3] ਦੇ ਸਿਰਲੇਖ ਹੇਠਾਂ ਭੀ ਗੁਰੂ ਅਮਰਦਾਸ ਦੇ ਕਈ ਪੰਚਪਦੇ ਮਿਲਦੇ ਹਨ, ਜਿਵੇਂ ਅਸ਼ਟਪਦੀਆਂ ਦੇ ਸਿਰਲੇਖ* ਹੇਠਾਂ ਨੌਪਦੀਆਂ, ਦਸਪਦੀਆਂ, ਆਦਿਕ ਬਹੁ-ਪਦੀਆਂ ਨਜ਼ਰ ਆਉਂਦੀਆਂ ਹਨ।

(ਸ) ਛੇਪਦੇ

ਆਦਿ-ਗ੍ਰੰਥ ਵਿੱਚ ਛੇਪਦੇ ਸਿਰਲੇਖ ਕਿਤੇ ਨਹੀਂ, ਪਰ ਕਈ ਵਾਰ ਚਉਪਦਿਆਂ ਦੇ ਝੁਰਮਟ ਵਿੱਚ ਹੀ ਕੋਈ ਛੇਪਦਾ ਭੀ ਛੁਪਿਆ ਹੁੰਦਾ ਹੈ, ਜਿਵੇਂ ਭੈਰਉ ਰਾਗ ਦੇ ਚਉਪਦਿਆਂ ਵਿੱਚ ਹੇਠ ਲਿਖਿਆ

---
1. ਆਦਿ-ਗ੍ਰੰਥ............ਪੰਨਾ 602
2. ਆਦਿ-ਗ੍ਰੰਥ............ਪੰਨਾ 491
3. ਆਦਿ-ਗ੍ਰੰਥ............ਪੰਨਾ 1133

ਛੇਪਦਾ ਮਿਲਦਾ ਹੈ:-

ਜੋਗੀ ਗ੍ਰਿਹੀ ਪੰਡਿਤ ਭੇਖਧਾਰੀ। ਏ ਸੂਤੇ ਅਪਣੈ ਅਹੰਕਾਰੀ ।
ਮਾਇਆਮਦਿ ਮਾਤਾ ਰਹਿਆ ਸੋਇ । ਜਾਗਤੁ ਰਹੈ ਨ ਮੂਸੈ ਕੋਇ ।1।ਰਹਾਉ।
ਸੋ ਜਾਗੈ ਜਿਸੁ ਸਤਿਗੁਰੁ ਮਿਲੈ । ਪੰਚ ਦੂਤ ਓਹੁ ਵਸਗਤਿ ਕਰੈ । 2 ।
ਸੋ ਜਾਗੈ ਜੋ ਤਤੁ ਬੀਚਾਰੈ । ਆਪਿ ਮਰੈ ਅਵਰਾ ਨਹ ਮਾਰੈ । 3 ।
ਸੋ ਜਾਗੈ ਜੋ ਏਕੋ ਜਾਣੈ । ਪਰਕਿਰਤਿ ਛੋਡੈ ਤਤੁ ਪਛਾਣੈ । 4 ।
ਚਹੁ ਵਰਨਾ ਵਿਚਿ ਜਾਗੈ ਕੋਇ । ਜਮੈ ਕਾਲੈ ਤੇ ਛੂਟੈ ਸੋਇ । 5 ।
ਕਹਤ ਨਾਨਕ ਜਨੁ ਜਾਗੈ ਸੋਇ । ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ । 6 ।
(ਰਾਗੁ ਭੈਰਉ ਮਹਲਾ 3 ਚਉਪਦੇ ਘਰੁ 1)[1]

ਇਸੇਤਰ੍ਹਾਂ ਰਾਮਕਲੀ ਰਾਗ ਦੀ ਬਾਣੀ ਵਿੱਚ ਭੀ ਇਕ ਛੇਪਦਾ(ਸਤਜੁਗਿ ਸਚੁ ਕਹੈ ਸਭੁ ਕੋਈ.....)[2] ਵੇਖਿਆ ਜਾ ਸਕਦਾ ਹੈ ।

(ਹ) ਅਸਟਪਦੀਆਂ

ਜਿਵੇਂ ਮੁੱਢ ਵਿੱਚ ਸੰਕੇਤ ਕੀਤਾ ਗਿਆ ਹੈ, ਆਦਿ-ਗ੍ਰੰਥ ਵਿੱਚ ਚਉਪਦਿਆਂ ਤੋਂ ਪਿੱਛੋਂ ਅਸਟਪਦੀਆਂ ਪ੍ਰਧਾਨ ਹਨ। ਆਦਿ-ਗ੍ਰੰਥ ਵਿੱਚ ਅਸਟਪਦੀਆਂ ਦੇ ਕਈ ਰੂਪ ਹਨ ਅਤੇ ਦੋ ਤੁਕਾਂ ਤੋਂ ਲੈ ਕੇ ਅੱਠਾਂ-ਦਸਾਂ ਤੁਕਾਂ ਤਕ ਦੇ ਪਦੇ ਮਿਲਦੇ ਹਨ। ਉਦਾਹਰਨ ਵਜੋਂ ਸਿਰੀ ਰਾਗ ਵਿੱਚ ਗੁਰੂ ਨਾਨਕ ਦੀਆਂ ਕਈ ਅਸਟਪਦੀਆਂ[3] ਤਿੰਨ ਤੁਕਾਂ ਦੀਆਂ, ਗੁਰੂ ਅਮਰਦਾਸ ਦੀਆਂ ਕਈ ਅਸਟਪਦੀਆਂ[4] ਦੋ ਅਤੇ ਕਈ ਤਿੰਨ ਤੁਕਾਂ ਵਾਲੇ ਪਦਿਆਂ ਦੀਆਂ ਅਤੇ ਗਉੜੀ ਸੁਖਮਨੀ ਵਿੱਚ ਗੁਰੂ ਅਰਜਨ ਦੇਵ ਦੀਆਂ ਅਸਟਪਦੀਆਂ[5] ਦਸਾਂ ਦਸਾਂ ਤੁਕਾਂ ਵਾਲੇ ਪਦਿਆਂ ਦੀਆਂ ਹਨ। ਮੁਖ ਲੱਛਣ ਇਹੋ ਹੈ, ਕਿ ਹਰ ਅਸਟਪਦੀ ਵਿੱਚ ਅੱਠ ਪਦੇ ਹੋਣੇ ਚਾਹੀਦੇ ਹਨ, ਬੇਸ਼ਕ ਗੁਰੂ ਅਮਰਦਾਸ ਅਤੇ ਕਈ ਹੋਰ ਕਵੀਆਂ ਦੀ ਬਾਣੀ ਵਿੱਚ ਅਸਟਪਦੀਆਂ ਦੇ ਸਿਰਲੇਖ ਹੇਠਾਂ ਅੱਠਾਂ ਤੋਂ ਜ਼ਿਆਦਾ ਪਦੇ ਭੀ ਮਿਲਦੇ ਹਨ। ਵੈਸੇ ਜਿਨ੍ਹਾਂ ਅਸਟਪਦੀਆਂ ਦੇ ਸਿਰਲੇਖ ਹੇਠਾਂ ਅੱਠਾਂ ਤੋਂ ਵਧੀਕ ਪਦਿਆਂ ਵਾਲੀਆਂ ਅਸਟਪਦੀਆਂ ਮਿਲਦੀਆਂ ਹਨ, ਅਜਿਹੀਆਂ ਰਚਨਾਵਾਂ ਨੂੰ ਅਸੀਂ ਅਸਟਪਦੀਆਂ ਦੀ ਥਾਂ "ਬਹੁਪਦੀਆਂ"(ਦਸਪਦੇ, ਬਾਰ੍ਹਾਂਪਦੇ, ਆਦਿਕ) ਆਖਣ ਦੀ ਖੁੱਲ੍ਹ ਲਵਾਂਗੇ ।

ਗੁਰੂ ਅਮਰਦਾਸ ਦੀਆਂ ਅਨੇਕਾਂ ਅਸਟਪਦੀਆਂ ਵਿੱਚੋਂ ਇਕ ਅਸਟਪਦੀ ਦੀ ਉਦਾਹਰਨ ਇਸ ਪਰਕਾਰ ਹੈ:-

ਮਨ ਕਾ ਸੂਤਕੁ ਦੂਜਾ ਭਾਉ । ਭਰਮੇ ਭੂਲੇ ਆਵਉ ਜਾਉ । 1 ।
ਮਨਮੁਖਿ ਸੂਤਕੁ ਕਬਹਿ ਨ ਜਾਇ । ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ।1।ਰਹਾਉ।
ਸਭੋ ਸੂਤਕੁ ਜੇਤਾ ਮੋਹੁ ਆਕਾਰੁ । ਮਰਿ ਮਰਿ ਜੰਮੈ ਵਾਰੋ ਵਾਰ । 2 ।
ਸੂਤਕੁ ਅਗਨਿ ਪਉਣੈ ਪਾਣਿ । ਸੂਤਕੁ ਭੋਜਨੁ ਜੇਤਾ ਕਿਛੁ ਖਾਹਿ । 3 ।

---

1. ਆਦਿ-ਗ੍ਰੰਥ................ਪੰਨਾ 1128
2. ਆਦਿ-ਗ੍ਰੰਥ................ਪੰਨਾ 880
3. ਆਦਿ-ਗ੍ਰੰਥ................ਪੰਨਾ 53
4. ਆਦਿ-ਗ੍ਰੰਥ................ਪੰਨਾ 65 ਅਤੇ 64
5. ਆਦਿ-ਗ੍ਰੰਥ................ਪੰਨਾ 262-296

ਸੂਤਕਿ ਕਰਮ ਨ ਪੂਜਾ ਹੋਇ । ਨਾਮਿ ਰਤੇ ਮਨੁ ਨਿਰਮਲੁ ਹੋਇ । 4 ।
ਸਤਿਗੁਰੁ ਸੇਵਿਐ ਸੂਤਕੁ ਜਾਇ । ਮਰੈ ਨ ਜਨਮੈ ਕਾਲੁ ਨ ਖਾਇ । 5 ।
ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ । ਵਿਣੁ ਨਾਵੈ ਕੋ ਮੁਕਤਿ ਨ ਹੋਇ । 6 ।
ਜੁਗ ਚਾਰੇ ਨਾਮੁ ਉਤਮੁ ਸਬਦ ਬੀਚਾਰਿ । ਕਲਿ ਮਹਿ ਗੁਰਮੁਖਿ ਉਤਰਸਿ ਪਾਰਿ । 7 ।
ਸਾਚਾ ਮਰੈ ਨ ਆਵੈ ਜਾਇ । ਨਾਨਕ ਗੁਰਮੁਖਿ ਰਹੈ ਸਮਾਇ । 8 ।
(ਰਾਗੁ ਗਉੜੀ ਗੁਆਰੇਰੀ ਮ:3 ਅਸਟਪਦੀਆਂ)[1]

(ਕ) ਨੌਪਦੇ

ਨੌਪਦੇ ਭੀ ਮਿਹਲੇਖ ਨਹੀਂ, ਸਗੋਂ ਛੇਪਦਿਆਂ ਵਾਂਗ ਗੁਰਦੇਵ ਦੀਆਂ ਅਸਟਪਦੀਆਂ ਰਾਹੀਂ ਉਜਾਗਰ ਹੁੰਦੇ ਹਨ। ਉਦਾਹਰਨ ਵਜੋਂ ਆਸਾ ਰਾਗੁ(ਘਰੁ 8)[2]ਦੀਆਂ ਅਸਟਪਦੀਆਂ ਵਿੱਚ ਇਕ ਨੌਪਦੀ[3] ਭੀ ਹੈ, ਜਿਸਦੀਆਂ ਮੁਢਲੀਆਂ ਤੁਕਾਂ ਇਸ ਪਰਕਾਰ ਹਨ:-

ਸਬਦੌ ਹੀ ਭਗਤ ਜਾਪਦੇ ਜਿਨ ਕੀ ਬਾਣੀ ਸਚੀ ਹੋਇ ।
ਵਿਚਹੁ ਆਪੁ ਗਇਆ ਨਾਉ ਮੰਨਿਆ ਸਚਿ ਮਿਲਾਵਾ ਹੋਇ ।

(ਖ) ਦਸਪਦੇ

ਨੌਪਦਿਆਂ ਵਾਂਗ ਹੀ ਦਸਪਦੇ, ਅਸਟਪਦੀਆਂ ਦੁਆਰਾ ਉਜਾਗਰ ਹੋਏ ਹਨ। ਉਦਾਹਰਨ ਵਜੋਂ ਗੁਰੂ ਅਮਰਦਾਸ ਰਚਿਤ ਸਿਰੀ ਰਾਗ ਦੀਆਂ ਅਸਟਪਦੀਆਂ ਵਿੱਚ ਇਕ ਦਸਪਦਾ[4] ਭੀ ਹੈ, ਜਿਸਦੀ ਮੁਢਲੀ ਤੁਕ ਇਸ ਪਰਕਾਰ ਹੈ:-

ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ।

ਵੈਸੇ ਗੂਜਰੀ ਰਾਗ ਵਿੱਚ ਹੇਠ ਲਿਖੀ ਰਚਨਾ ਨੂੰ ਭੀ ਦਸਪਦੇ ਦਾ ਨਾਮ ਦਿੱਤਾ ਜਾ ਸਕਦਾ ਹੈ:-

ਨਿਰਤਿ ਕਰੀ ਇਹੁ ਮਨੁ ਨਚਾਈ। ਗੁਰਪਰਸਾਦੀ ਆਪੁ ਗਵਾਈ ।
ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ । 1 ।
ਨਾਚੁ ਰੇ ਮਨ ਗੁਰ ਕੈ ਆਗੈ । ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ
ਅੰਤੇ ਜਮ ਭਉ ਭਾਗੈ । ਰਹਾਉ ।
ਆਪਿ ਨਚਾਏ ਸੋ ਭਗਤੁ ਕਹੀਐ ਆਪਣਾ ਪਿਆਰੁ ਆਪਿ ਲਾਏ ।
ਆਪੇ ਗਾਵੈ ਆਪਿ ਸੁਣਾਵੈ ਇਸੁ ਮਨ ਅੰਧੇ ਕਉ ਮਾਰਗਿ ਪਾਏ । 2 ।
ਅਨਦਿਨੁ ਨਾਚੈ ਸਕਤਿ ਨਿਵਾਰੈ ਸਿਵਘਰਿ ਨੀਦ ਨ ਹੋਈ ।
ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ। 3 ।
ਸੁਰਿਨਰ ਵਿਰਤਿ ਪਖਿ ਕਰਮੀ ਨਾਚੇ ਮੁਨਿਜਨ ਗਿਆਨ ਬੀਚਾਰੀ ।
ਸਿਧ ਸਾਧਿਕ ਲਿਵਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ । 4 ।
ਖੰਡ ਬ੍ਰਹਮੰਡ ਤ੍ਰੈਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ ।
ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ । 5 ।
ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ।
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ । 6 ।

1.ਆਦਿ-ਗ੍ਰੰਥ...............ਪੰਨਾ 229
2.ਆਦਿ-ਗ੍ਰੰਥ...............ਪੰਨਾ 424-428
3.ਆਦਿ-ਗ੍ਰੰਥ...............ਪੰਨਾ 429-430
4.ਆਦਿ-ਗ੍ਰੰਥ...............ਪੰਨਾ 68-69

ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ ।
ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ । 7 ।
ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ ।
ਗੁਰਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ । 8 ।
ਇਕੁ ਦਮੁ ਸਾਚਾ ਵੀਸਰੈ ਸਾ ਵੇਲਾ ਬਿਰਥਾ ਜਾਇ ।
ਸਾਹਿ ਸਾਹਿ ਸਦਾ ਸਮਾਲੀਐ ਆਪੇ ਬਖਸੇ ਕਰੇ ਰਜਾਇ । 9 ।
ਸੇਈ ਨਾਚਹਿ ਜੋ ਤੁਧੁ ਭਾਵਹਿ ਜਿ ਗੁਰਮੁਖਿ ਸਬਦੁ ਵੀਚਾਰੀ ।
ਕਹੁ ਨਾਨਕ ਸੇ ਸਹਜ ਸੁਖੁ ਪਾਵਹਿ ਜਿਨ ਕਉ ਨਦਰਿ ਤੁਮਾਰੀ । 10 ।
(ਗੂਜਰੀ ਮਹਲਾ 3 ਘਰੁ 1)[1]

(ਗ) ਗਿਆਰਾਂ-ਪਦਾ

ਇਸੇਤਰ੍ਹਾਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਅਸਟਪਦੀਆਂ ਦੇ ਸਿਰਲੇਖ ਹੇਠਾਂ ਗਿਆਰਾਂ-ਪਦਾ ਭੀ ਮਿਲਦਾ ਹੈ। ਥਾਂ ਦੀ ਥੁੜ ਕਾਰਨ ਪੂਰੀ ਉਦਾਹਰਨ ਦੇਣ ਦੀ ਥਾਂ ਪਹਿਲਾ ਅਤੇ ਅਖੀਰਲਾ ਕੇਵਲ ਦੋ ਪਦੇ ਹੇਠਾਂ ਦਿੱਤੇ ਜਾਂਦੇ ਹਨ:-

ਗੁਰਪਰਸਾਦੀ ਵੇਖੁ ਤੂ ਹਰਿਮੰਦਰੁ ਤੇਰੈ ਨਾਲਿ ।
ਹਰਿਮੰਦਰੁ ਸਬਦੇ ਖੋਜੀਐ ਹਰਿਨਾਮੋ ਲੇਹੁ ਸਮਾਲਿ । 1 ।
..................................................
ਹਰਿਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ।
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ । 11 ।
(ਪ੍ਰਭਾਤੀ ਮਹਲਾ 3 ਬਿਭਾਸ)[2]

(ਘ) ਬਾਰ੍ਹਾਂ-ਪਦਾ

ਗਿਆਰਾਂ-ਪਦੇ ਵਾਂਗ ਹੀ ਬਾਰ੍ਹਾਂ-ਪਦਾ ਅਸਟਪਦੀਆਂ ਵਿੱਚ ਮਿਲਦਾ ਹੈ, ਜਿਵੇਂ:-(ਪਹਿਲਾ ਅਤੇ ਅਖੀਰਲਾ ਪਦਾ) :-

ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ ਖਿੰਥਾ ਕਰਿ ਤੂ ਦਇਆ ।
ਆਵਣੁ ਜਾਣੁ ਬਿਭੂਤਿ ਲਾਇ ਜੋਗੀ ਤਾ ਤੀਨਿ ਭਵਣ ਜਿਣਿ ਲਇਆ । 1 ।
..................................................................
ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ ਵਜਾਇ ।
ਕਹੈ ਨਾਨਕੁ ਮੁਕਤਿ ਹੋਵਹਿ ਜੋਗੀ ਸਾਚੇ ਰਹਹਿ ਸਮਾਇ । 12 ।
(ਰਾਮਕਲੀ ਮਹਲਾ 3 ਅਸਟਪਦੀਆਂ)[3]

(ਙ) ਤੇਰ੍ਹਾਂ-ਪਦਾ

ਇਸੇਤਰ੍ਹਾਂ ਵੇਖੋ ਇਕ ਤੇਰ੍ਹਾਂ-ਪਦੇ ਦਾ ਪਹਿਲਾ ਅਤੇ ਅਖੀਰਲਾ ਪਦਾ:-

ਤਿਨਿ ਕਰਤੈ ਇਕੁ ਚਲਤੁ ਉਪਾਇਆ । ਅਨਹਦ ਬਾਣੀ ਸਬਦੁ ਸੁਣਾਇਆ ।
ਮਨਮੁਖਿ ਭੂਲੇ ਗੁਰਮੁਖਿ ਬੁਝਾਇਆ । ਕਾਰਣੁ ਕਰਤਾ ਕਰਦਾ ਆਇਆ । 1 ।
.......................................................................

1.ਆਦਿ-ਗ੍ਰੰਥ...........ਪੰਨਾ 506
2.ਆਦਿ-ਗ੍ਰੰਥ...........ਪੰਨਾ 1346
3.ਆਦਿ-ਗ੍ਰੰਥ...........ਪੰਨਾ 908-909

ਕਹੈ ਨਾਨਕੁ ਸਭੁ ਕੋ ਕਰੇ ਕਰਾਇਆ । ਸੇ ਪਰਵਾਣੁ ਜਿਨੀ ਹਰਿ ਸਿਉ ਚਿਤੁ ਲਾਇਆ ।
ਭਗਤਾ ਕਾ ਅੰਗੀਕਾਰੁ ਕਰਦਾ ਆਇਆ । ਕਰਤੈ ਅਪਣਾ ਰੂਪੁ ਦਿਖਾਇਆ । 13 ।
(ਭੈਰਉ ਮਹਲਾ 3 ਘਰੁ 2)[1]

(ਚ) ਕੁਝ ਹੋਰ ਬਹੁ-ਪਦੇ

ਦਸਪਦੀਆਂ, ਬਾਰ੍ਹਾਂ-ਪਦੀਆਂ ਆਦਿਕ ਤੋਂ ਛੁੱਟ ਗੁਰੂ ਅਮਰਦਾਸ ਦੀ ਬਾਣੀ ਵਿੱਚ ਕਈ ਹੋਰ ਪਰਕਾਰ ਦੇ ਬਹੁ-ਪਦੇ ਭੀ ਮਿਲਦੇ ਹਨ, ਜਿਵੇਂ: ਇੱਕੀ-ਪਦਾ, ਸਤਾਈ-ਪਦਾ, ਤੀਹ-ਪਦਾ ਅਤੇ ਚੌਤੀਸ-ਪਦਾ, ਆਦਿਕ। ਇੱਕੀ, ਸਤਾਈ ਅਤੇ ਤੀਹ-ਪਦਿਆਂ ਦੀਆਂ ਵੰਨਗੀਆਂ ਰਾਮਕਲੀ ਰਾਗ ਦੀਆਂ ਅਸਟਪਦੀਆਂ[2]ਵਿੱਚ ਮਿਲਦੀਆਂ ਹਨ ਅਤੇ ਚੌਤੀਸ-ਪਦਾ ਰਾਗੁ ਸੂਹੀ(ਘਰੁ 10)[3]ਵਿੱਚ ਵੇਖਿਆ ਜਾ ਸਕਦਾ ਹੈ।

ਇੱਕੀ, ਸਤਾਈ ਅਤੇ ਤੀਹ-ਪਦਿਆਂ ਵਿੱਚ ਆਰੰਭ ਤੋਂ ਅਖੀਰ ਤਕ ਤੁਕਾਂਤ ਇਕਸਾਰ ਹੈ ਅਤੇ ਹਰ ਪਦੇ ਦੀ ਇੱਕੋ-ਇੱਕ ਤੁਕ ਹੈ। ਦੂਜੇ ਸ਼ਬਦਾਂ ਵਿੱਚ ਹਰ ਤੁਕ ਆਪਣੇ ਆਪ ਵਿੱਚ ਇਕ ਪਦਾ ਹੈ। ਪਰ ਚੌਤੀਸ-ਪਦੇ ਦੀ ਬਣਤਰ ਕੁਝ ਵਲਿੱਖਣਤਾ-ਭਰੀ ਹੈ। ਸੰਬੰਧਤ ਚੌਤੀਸ-ਪਦੇ ਵਿੱਚ ਪਦਿਆਂ ਦੀ ਤਰਤੀਬ ਇਸਤਰ੍ਹਾਂ ਹੈ, ਕਿ ਹਰ ਪਦੇ ਦੀਆਂ ਦੋ ਤੁਕਾਂ ਹਨ ਅਤੇ ਦੋਹਾਂ ਦਾ ਤੁਕਾਂਤ ਮਿਲਦਾ ਹੈ, ਪਰ ਹਰ ਪਦੇ ਦੀਆਂ ਤੁਕਾਂ ਦੀ ਤੁਕਾਂਤ-ਸਕੀਮ ਆਪੋ ਆਪਣੀ ਹੈ। ਸੰਬੰਧਤ ਚੌਤੀਸ-ਪਦੇ ਦਾ ਭੀ ਪਹਿਲਾ ਅਤੇ ਅਖੀਰਲਾ ਪਦਾ ਤਤਕਾਲ-ਹਵਾਲੇ ਵਜੋਂ ਪੇਸ਼ ਕੀਤਾ ਜਾਂਦਾ ਹੈ:-

ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ।
ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ । 1 ।

..............................................

ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ ।
ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ ।
(ਰਾਗੁ ਸੂਹੀ ਮਹਲਾ 3 ਘਰੁ 10)[3]

## (2) ਸੋਲਹੇ

ਗੁਰੂ ਅਮਰਦਾਸ ਦੀ ਬਾਣੀ ਦੇ ਬਿਉਰੇ ਦੁਆਰਾ ਜਿਵੇਂ ਸੰਕੇਤ ਕੀਤਾ ਜਾ ਚੁੱਕਾ ਹੈ, ਆਦਿ-ਗ੍ਰੰਥ ਵਿੱਚ ਉਨ੍ਹਾਂ ਦੇ 24 ਸੋਲਹੇ ਮਿਲਦੇ ਹਨ। ਗੁਰੁਛੰਦ ਦਿਵਾਕਰ ਦੇ ਕਰਤਾ ਭਾਈ ਕਾਹਨ ਸਿੰਘ[4]ਅਨੁਸਾਰ "ਸੋਲ੍ਹਾਂ ਪਦਾਂ ਦਾ ਸੰਗ੍ਰਹਿ ਸੋਲਹਾ ਹੈ।" ਕਈ ਪੰਜਾਬੀ ਵਿਦਵਾਨਾਂ ਨੇ ਸੋਲਹਾ ਅਤੇ ਸੋਹਿਲਾ(ਚਿਤ੍ਰਕਲਾ ਜਾਂ ਘਨਕਲਾ) ਦੋਹਾਂ ਨੂੰ ਸਮਾਨ-ਅਰਥਾਂ ਵਿੱਚ ਵਰਤਿਆ ਹੈ, ਜੋ ਠੀਕ ਨਹੀਂ ਜਾਪਦਾ, ਕਿਉਂਕਿ ਸੋਲਹਾ ਇਕ ਕਾਵਿ-ਭੇਦ ਹੈ ਅਤੇ ਇਸਦੇ ਉਲਟ ਚਿਤ੍ਰਕਲਾ ਜਾਂ ਘਨਕਲਾ ਇਕ ਛੰਦ ਹੈ, ਜਿਸਦੇ ਤਿੰਨ ਰੂਪ ਭਾਈ ਕਾਹਨ ਸਿੰਘ ਨੇ ਗੁਰੁਛੰਦ ਦਿਵਾਕਰ ਪੁਸਤਕ ਰਾਹੀਂ ਵਰਣਨ ਕੀਤੇ ਹਨ। ਵੈਸੇ ਇਹ ਠੀਕ ਹੈ,

1.ਆਦਿ-ਗ੍ਰੰਥ................ਪੰਨਾ 1154-55
2.ਆਦਿ-ਗ੍ਰੰਥ................ਪੰਨਾ 909-912
3.ਆਦਿ-ਗ੍ਰੰਥ................ਪੰਨਾ 755-56
4.ਭਾਈ ਕਾਹਨ ਸਿੰਘ- ਗੁਰੁਛੰਦ ਦਿਵਾਕਰ, ਪੰਨਾ 122 ਅਤੇ 159161

ਕਿ ਗੁਰੂ ਅਮਰਦਾਸ ਅਤੇ ਕਈ ਦੂਸਰੇ ਗੁਰੂ-ਕਵੀਆਂ ਦੇ ਰਚੇ ਸੋਲਹਿਆਂ ਵਿੱਚ ਚਿਤ੍ਰਕਲਾ ਜਾਂ ਘਨਕਲਾ ਛੰਦ ਦੀਆਂ ਮਾਤ੍ਰਾ ਭੀ ਗੂੰਜਦੀਆਂ ਸੁਣਾਈ ਦਿੰਦੀਆਂ ਹਨ, ਪਰ ਆਦਿ-ਗ੍ਰੰਥ ਦੇ ਗੁਰੂ ਅਤੇ ਭਗਤ-ਕਵੀ ਆਮ ਕਰਕੇ ਛੰਦਾਂ ਦੀ ਰਵਾਇਤੀ ਚਾਲ ਜਾਂ ਮਾਤ੍ਰਾ ਦੀ ਗਿਣਤੀ ਦੇ ਚੱਕਰ ਵਿੱਚ ਨਹੀਂ ਪੈਂਦੇ ਜਾਪਦੇ । ਤੁਕਾਂਤ-ਪ੍ਰਬੰਧ ਦੀ ਦ੍ਰਿਸ਼ਟੀ ਤੋਂ ਭੀ ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ ਦੇ ਦੂਸਰੇ ਸੰਬੰਧਤ ਕਵੀਆਂ ਨੇ ਆਪਣੇ ਰਚੇ ਸੋਲਹਿਆਂ ਵਿੱਚ ਕਾਫੀ ਖੁੱਲ੍ਹ ਲਈ ਹੈ। ਉਦਾਹਰਨ ਵਜੋਂ ਚਿਤ੍ਰਕਲਾ ਜਾਂ ਘਨਕਲਾ ਛੰਦ ਵਿੱਚ ਚਾਰ ਤੁਕਾਂ ਹੁੰਦੀਆਂ ਹਨ ਅਤੇ ਆਮ ਕਰਕੇ ਪਹਿਲੀਆਂ ਤਿੰਨਾਂ ਤੁਕਾਂ ਦਾ ਤੁਕਾਂਤ ਮਿਲਣ ਉਪਰੰਤ ਚੌਥੀ ਤੁਕ ਦਾ ਤੁਕਾਂਤ ਅਣਮੇਲ ਰਹਿੰਦਾ ਹੈ, ਪਰ ਗੁਰੂ ਅਮਰਦਾਸ ਦੇ ਸੋਲਹਿਆਂ ਵਿੱਚ ਤੀਜੀ ਅਤੇ ਚੌਥੀ ਦੋਵੇਂ ਤੁਕਾਂ ਦਾ ਤੁਕਾਂਤ ਅਣਮੇਲ ਰਹਿੰਦਾ ਹੈ। ਵੈਸੇ ਚੌਥੀ ਤੁਕ ਦਾ ਤੁਕਾਂਤ ਬਾਕੀ ਦੇ ਕਾਵਿ-ਬੰਦਾਂ ਦੀ ਚੌਥੀ ਤੁਕ ਨਾਲ ਜ਼ਰੂਰ ਮਿਲਦਾ ਹੈ, ਪਰ ਇਹ ਤੁਕਾਂਤ-ਪ੍ਰਬੰਧ ਦਸਦਾ ਹੈ, ਕਿ ਗੁਰੂ ਅਮਰਦਾਸ ਨੇ ਕਿਸੇ ਰਵਾਇਤੀ ਛੰਦ-ਪ੍ਰਬੰਧ ਦੇ ਜਕੜ-ਬੰਦ ਵਿੱਚ ਬੱਝਣਾ ਪਰਵਾਨ ਨਹੀਂ ਕੀਤਾ । ਸੋ ਉਨ੍ਹਾਂ ਦੇ ਰਚੇ ਸੋਲਹਿਆਂ ਦੀਆਂ ਮਾਤ੍ਰਾ ਗਿਣਨ ਸਮੇਂ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ, ਕਿ ਗੁਰਦੇਵ ਰਵਾਇਤੀ-ਛੰਦ ਦੀ ਥਾਂ ਰਾਗ ਦੇ ਤਾਲ ਅਨੁਸਾਰ ਬਾਣੀ ਰਚ ਰਹੇ ਹਨ ਅਤੇ ਜਿੱਥੇ ਉਨ੍ਹਾਂ ਦੇ ਸੋਲਹਿਆਂ ਦੀਆਂ ਮਾਤ੍ਰਾ ਸੰਗੀਤ ਦੀਆਂ ਮਾਤ੍ਰਾ ਅਨੁਸਾਰ ਪੂਰੀਆਂ ਹਨ, ਇਹ ਜ਼ਰੂਰੀ ਨਹੀਂ ਕਿ ਉਹ ਰਵਾਇਤੀ-ਛੰਦ(ਘਨਕਲਾ ਆਦਿਕ) ਦੀਆਂ ਮਾਤ੍ਰਾ ਨਾਲ ਭੀ ਮਿਲਦੀਆਂ ਜੁਲਦੀਆਂ ਹੋਣਗੀਆਂ । ਇਹ ਗੱਲ ਵੱਖਰੀ ਹੈ, ਕਿ ਕਿਸੇ ਕਾਵਿ-ਬੰਦ ਦੀਆਂ ਮਾਤ੍ਰਾ ਰਵਾਇਤੀ-ਛੰਦ ਦੀਆਂ ਮਾਤ੍ਰਾ( 16,16,16 ਅਤੇ 15, 16, 16, 16, ਅਤੇ 14 ਜਾਂ 16,16,16 ਅਤੇ 13 ) ਨਾਲ ਮਿਲਦੀਆਂ ਜਾਪਣ, ਜਿਵੇਂ ਹੇਠ ਲਿਖੇ ਸੋਲਹੇ ਵਿੱਚ ਰਵਾਇਤੀ ਘਨਕਲਾ-ਛੰਦ ਦੇ ਅਨੁਕੂਲ 62 ਮਾਤ੍ਰਾ( ਅਰਥਾਤ 16,16,16 ਅਤੇ 14 ਉਤੇ ਬਿਸਰਾਮ) ਹਨ:-

ਗੁਰ ਤੇ ਬੂਝੈ ਤਾ ਦਰੁ ਸੂਝੈ ।
ਨਾਮ ਵਿਹੂਣਾ ਕਥਿ ਕਥਿ ਲੂਝੈ ।
ਸਤਿਗੁਰ ਸੇਵੇ ਕੀ ਵਡਿਆਈ
ਤ੍ਰਿਸਨਾ ਭੂਖ ਗਵਾਈ ਹੇ । 13 ।

(ਮਾਰੂ ਸੋਲਹੇ ਮਹਲਾ 3)[1]

ਪਰ ਉਸੇ ਸੋਲਹੇ ਦੇ ਹੇਠ ਲਿਖੇ ਕਾਵਿ-ਬੰਦਾਂ ਵਿੱਚ ਮਾਤ੍ਰਾ ਦੀ ਗਿਣਤੀ ਪਿੰਗਲ ਦੇ ਰਵਾਇਤੀ-ਨਿਯਮਾਂ ਅਨੁਸਾਰ ਪੂਰੀ ਨਹੀਂ ਉਤਰਦੀ, ਬੇਸ਼ੱਕ ਸੰਬੰਧਤ ਰਾਗ ਦਾ ਤਾਲ ਅਤੇ ਲੈਅ ਪੂਰੀ ਤਰ੍ਹਾਂ ਕਾਇਮ ਹੈ । ਸੰਬੰਧਤ ਤੁਕਾਂ ਇਸ ਪਰਕਾਰ ਹਨ:-

ਹੁਕਮੀ ਸਹਜੇ ਸ੍ਰਿਸਟਿ ਉਪਾਈ ।
ਕਰਿ ਕਰਿ ਵੇਖੈ ਅਪਣੀ ਵਡਿਆਈ ।
ਆਪੇ ਕਰੇ ਕਰਾਏ ਆਪੇ
ਹੁਕਮੇ ਰਹਿਆ ਸਮਾਈ ਹੇ । 1 ।

---

1.ਆਦਿ-ਗ੍ਰੰਥ..............ਪੰਨਾ 1043-44

ਮਾਇਆ ਮੋਹੁ ਜਗਤੁ ਗੁਬਾਰਾ ।
ਗੁਰਮੁਖਿ ਬੂਝੈ ਕੋ ਵੀਚਾਰਾ ।
ਆਪੇ ਨਦਰਿ ਕਰੇ ਸੋ ਪਾਏ
ਆਪੇ ਮੇਲਿ ਮਿਲਾਈ ਹੇ । 2 ।

(ਮਾਰੂ ਸੋਲਹੇ ਮਹਲਾ 3)[1]

ਜੇਕਰ ਚਿਤ੍ਰਕਲਾ ਜਾਂ ਘਨਕਲਾ ਛੰਦ ਦੀਆਂ ਮਾਤ੍ਰਾ ਦੇ ਚੱਕਰ ਵਿੱਚ ਉਲਝਣਾ ਹੋਵੇ, ਤਾਂ ਉਪਰੋਕਤ ਸੋਲਹਿਆਂ ਤੋਂ ਛੁੱਟ ਕਈ ਅਸਟਪਦੀਆਂ ਵਿੱਚ ਭੀ ਇਸ ਛੰਦ ਦੀਆਂ ਮਾਤ੍ਰਾ ਗੂੰਜਦੀਆਂ ਸੁਣਾਈ ਦੇਣਗੀਆਂ । ਉਦਾਹਰਨ ਵਜੋਂ:-

ਕਰਮੁ ਹੋਵੈ ਸਤਿਗੁਰੂ ਮਿਲਾਏ ।
ਸੇਵਾ ਸੁਰਤਿ ਸਬਦਿ ਚਿਤੁ ਲਾਏ ।
ਹਉਮੈ ਮਾਰਿ ਸਦਾ ਸੁਖੁ ਪਾਇਆ
ਮਾਇਆ ਮੋਹੁ ਚੁਕਾਵਣਿਆ ।

(ਮਾਝ ਮਹਲਾ 3 ਘਰੁ 1)[2]

ਸੋ ਚੰਗਾ ਇਹੋ ਹੈ, ਕਿ ਗੁਰਦੇਵ ਦੇ ਸੋਲਹਿਆਂ ਅਤੇ ਦੂਸਰੇ ਕਾਵਿ-ਭੇਦਾਂ ਨੂੰ ਰਵਾਇਤੀ-ਛੰਦਾਂ ਦੇ ਚੱਕਰ ਵਿੱਚ ਫਸਾਉਣ ਦੀ ਥਾਂ ਉਨ੍ਹਾਂ ਨੂੰ ਸੰਬੰਧਤ ਰਾਗ ਦੇ ਤਾਲ ਅਤੇ ਲੈਅ ਅਨੁਸਾਰ ਪਰਖੀਏ । ਉਦਾਹਰਨ ਵਜੋਂ ਮਾਝ ਰਾਗ ਦੀਆਂ ਪਿਛਲੀਆਂ ਤੁਕਾਂ ਨੂੰ "ਘਰੁ ਨੰ:1" ਵਿੱਚ ਗਾਉਣ ਦਾ ਹੁਕਮ ਹੈ ਅਤੇ ਘਰੁ ਨੰ:1 ਅਨੁਸਾਰ ਇਨ੍ਹਾਂ ਦਾ ਤਾਲ ਪੂਰਾ ਉਤਰਦਾ ਹੈ। ਇਨ੍ਹਾਂ ਤੁਕਾਂ ਦੇ ਨਾਲ ਹੀ ਸਥਾਈ ਜਾਂ ਰਹਾਉ ਦੀ ਤੁਕਾਂ ਨੂੰ ਭੀ ਵਾਚਣਾ ਜ਼ਰੂਰੀ ਹੈ, ਜੋ ਇਸ ਪਰਕਾਰ ਹਨ:-

ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ।
ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿਗੁਣ ਗਾਵਣਿਆ । 1 । ਰਹਾਉ ।

(ਮਾਝ ਮਹਲਾ 3 ਘਰੁ 1)[2]

ਵੇਖਣ ਨੂੰ ਰਹਾਉ ਦੀਆਂ ਤੁਕਾਂ ਪਹਿਲੇ ਕਾਵਿ-ਬੰਦ ਦੀਆਂ ਤੁਕਾਂ ਨਾਲੋਂ ਅੱਡਰੀਆਂ ਜਾਪਦੀਆਂ ਹਨ, ਪਰ ਰਾਗ, ਤਾਲ ਅਤੇ ਲੈਅ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦਾ ਆਪੋ ਵਿੱਚ ਅਨਿੱਖੜ-ਸੰਬੰਧ ਹੈ ।

## (3) ਵਾਰਾਂ

ਆਦਿ-ਗ੍ਰੰਥ ਵਿੱਚ ਕੁਲ 22 ਵਾਰਾਂ ਹਨ, ਜਿਨ੍ਹਾਂ ਵਿੱਚੋਂ ਹੇਠ ਲਿਖੀਆਂ ਚਾਰ ਵਾਰਾਂ ਗੁਰੂ ਅਮਰਦਾਸ ਰਚਿਤ ਹਨ:-

(ੳ) ਗੂਜਰੀ ਕੀ ਵਾਰ
(ਅ) ਸੂਹੀ ਕੀ ਵਾਰ
(ੲ) ਰਾਮਕਲੀ ਕੀ ਵਾਰ
(ਸ) ਮਾਰੂ ਕੀ ਵਾਰ

ਉਪਰੋਕਤ ਵਾਰਾਂ ਵਿੱਚੋਂ ਗੂਜਰੀ ਕੀ ਵਾਰ ਨੂੰ "ਸਿਕੰਦਰ ਬਿਰਾਹਿਮ ਕੀ ਵਾਰ" ਅਤੇ

---

1. ਆਦਿ-ਗ੍ਰੰਥ..............ਪੰਨਾ 1043-44
2. ਆਦਿ-ਗ੍ਰੰਥ..............ਪੰਨਾ 110

ਰਾਮਕਲੀ ਕੀ ਵਾਰ ਨੂੰ "ਜੋਧੈ ਵੀਰੈ ਪੂਰਬਾਣੀ ਕੀ ਵਾਰ" ਦੀਆਂ ਉਸ ਸਮੇਂ ਨਾਲ ਸੰਬੰਧਤ ਲੋਕ-ਪ੍ਰੀਯ ਧੁਨੀਆਂ ਅਨੁਸਾਰ ਗਾਉਣ ਦਾ ਹੁਕਮ ਹੈ।ਗੁਰੂ ਨਾਨਕ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਦੀਆਂ ਕਈ ਵਾਰਾਂ ਨੂੰ ਭੀ ਉਨ੍ਹਾਂ ਦੇ ਸਮਕਾਲੀ-ਸਮਾਜ ਵਿੱਚ ਪ੍ਰਚਲਤ ਵਾਰਾਂ ਦੀਆਂ ਧੁਨੀਆਂ ਅਨੁਸਾਰ ਗਾਉਣ ਦਾ ਸੁਝਾਵ ਆਦਿ-ਗ੍ਰੰਥ ਵਿੱਚ ਹੀ ਮਿਲ ਜਾਂਦਾ ਹੈ। ਇਹ ਗੱਲ ਗੁਰੂ ਅਮਰਦਾਸ ਅਤੇ ਦੂਸਰੇ ਗੁਰੂਆਂ ਦੀ ਬਾਣੀ ਨੂੰ ਰੂਪਕ-ਪੱਖ ਤੋਂ ਲੋਕ-ਜਜ਼ਬਿਆਂ ਦੇ ਅਨੁਕੂਲ ਬਣਾਉਂਦੀ ਹੈ। ਵੈਸੇ ਗੁਰੂ ਅਮਰਦਾਸ ਦੀ ਬਾਣੀ ਆਪਣੇ ਸਮੁੱਚੇ-ਰੂਪ ਵਿੱਚ ਭੀ ਲੋਕ-ਪ੍ਰੀਯ ਕਾਵਿ-ਭੇਦਾਂ ਅਤੇ ਛੰਦਾਂ ਅਨੁਸਾਰ ਰਚੀ ਗਈ ਜਾਪਦੀ ਹੈ।

ਇਸ ਬਾਰੇ ਵਿਸਥਾਰ ਵਿੱਚ ਜਾਣ ਦੀ ਲੋੜ ਨਹੀਂ, ਕਿ ਸਿਕੰਦਰ-ਬਿਰਾਹਿਮ ਆਦਿਕ ਦੁਨਿਆਵੀ-ਵਾਰਾਂ ਅਤੇ ਗੁਰੂ ਅਮਰਦਾਸ ਦੁਆਰਾ ਰਚਿਤ ਗੂਜਰੀ ਕੀ ਵਾਰ ਆਦਿਕ ਅਧਿਆਤਮਿਕ-ਵਾਰਾਂ ਵਿੱਚ ਕਈ ਪੱਖਾਂ ਤੋਂ ਅੰਤਰ ਹੈ। ਦੁਨਿਆਵੀ-ਵਾਰਾਂ ਵਿੱਚ ਜਿੱਥੇ ਕਿਸੇ ਲੋਕ-ਪ੍ਰੀਯ ਯੋਧੇ, ਨਾਇਕ ਜਾਂ ਮਹਾਂ-ਪੁਰਖ ਦਾ ਜੱਸ ਗਾਇਆ ਜਾਂਦਾ ਹੈ, ਉਥੇ ਅਧਿਆਤਮਿਕ-ਵਾਰਾਂ ਵਿੱਚ ਅਕਾਲ-ਪੁਰਖ, ਸਤਿਗੁਰੂ ਜਾਂ ਗੁਰਮੁਖਾਂ ਦੀ ਕੀਰਤ ਗਾਈ ਜਾਂਦੀ ਹੈ। ਇਸੇਤਰ੍ਹਾਂ ਨਾਟਕੀ-ਟੱਕਰ ਪੈਦਾ ਕਰਨ ਲਈ, ਅਧਿਆਤਮਿਕ-ਵਾਰਾਂ ਵਿੱਚ ਗੁਰਮੁਖ ਅਤੇ ਮਨਮੁਖ ਆਦਿਕ ਵਿਰੋਧ-ਭਾਵੀ-ਅਵੱਸਥਾਵਾਂ ਦਾ ਮੁਕਾਬਲਾ ਕਰਵਾ ਕੇ ਨੇਕੀ ਦੀ ਬਦੀ ਉਤੇ ਜਿੱਤ ਦੇ ਆਦਰਸ਼ ਨੂੰ ਪ੍ਰਚਾਰਿਆ ਜਾਂਦਾ ਹੈ। ਰੂਪਕ-ਪੱਖ ਤੋਂ ਦੁਨਿਆਵੀ-ਵਾਰਾਂ ਵਿੱਚ ਸ਼ਲੋਕਾਂ ਦੀ ਥਾਂ ਕੇਵਲ ਪਉੜੀਆਂ ਹੀ ਹੁੰਦੀਆਂ ਹਨ।ਇਸਦੇ ਉਲਟ ਆਦਿ-ਗ੍ਰੰਥ ਦੀਆਂ ਅਧਿਆਤਮਿਕ-ਵਾਰਾਂ ਵਿੱਚ ਪਉੜੀਆਂ ਦੇ ਨਾਲ ਸ਼ਲੋਕ ਭੀ ਮਿਲਦੇ ਹਨ। ਜਿਵੇਂ ਆਮ ਕਰਕੇ ਦੂਸਰੇ ਗੁਰੂਆਂ ਦੀਆਂ ਵਾਰਾਂ ਵਿੱਚ ਭੀ ਵਿਖਾਈ ਦਿੰਦਾ ਹੈ, ਗੁਰੂ ਅਮਰਦਾਸ ਦੀਆਂ ਵਾਰਾਂ ਵਿੱਚ ਕੁਝ ਸ਼ਲੋਕ ਉਨ੍ਹਾਂ ਦੇ ਆਪਣੇ ਰਚੇ ਹੋਏ ਹਨ ਅਤੇ ਕਈ ਦੂਸਰੇ ਗੁਰੂ-ਕਵੀਆਂ ਦੇ ਸ਼ਾਮਿਲ ਕੀਤੇ ਗਏ ਹਨ। ਵੈਸੇ ਕੁਝ ਇਕ ਗਿਣਤੀ ਦੀਆਂ ਵਾਰਾਂ ਵਿੱਚ ਪਉੜੀਆਂ ਅਤੇ ਸ਼ਲੋਕ ਦੋਵੇਂ ਇੱਕੋ ਗੁਰੂ-ਵਿਅਕਤੀ ਦੇ ਰਚੇ ਹੋਏ ਭੀ ਮਿਲਦੇ ਹਨ, ਜਿਵੇਂ ਗੁਰੂ ਅਮਰਦਾਸ ਰਚਿਤ ਗੂਜਰੀ ਕੀ ਵਾਰ ਦੀਆਂ ਪਉੜੀਆਂ ਨਾਲ ਸੰਬੰਧਤ ਸ਼ਲੋਕ ਭੀ ਗੁਰੂ ਅਮਰਦਾਸ ਦੀ ਆਪਣੀ ਰਚਨਾ ਹਨ ।

ਬੇਸ਼ਕ ਵਾਰ ਅਧਿਆਤਮਿਕ ਹੋਵੇ ਬੇਸ਼ਕ ਦੁਨਿਆਵੀ, ਉਸ ਦੁਆਰਾ ਵਿਸ਼ੇ ਦੇ ਅਨੁਕੂਲ ਵਾਰ ਦਾ ਵਾਯੂ-ਮੰਡਲ ਜ਼ਰੂਰ ਪੈਦਾ ਹੋਣਾ ਚਾਹੀਦਾ ਹੈ। ਗੁਰੂ ਅਮਰਦਾਸ ਦੀਆਂ ਵਾਰਾਂ ਵਿੱਚੋਂ ਕੁਝ ਇਕ ਅਜਿਹੀਆਂ ਪਉੜੀਆਂ ਹੇਠਾਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਦੁਆਰਾ ਅਧਿਆਤਮਿਕ-ਵਾਰਾਂ ਦਾ ਵਾਯੂ-ਮੰਡਲ ਉਘੜਦਾ ਪ੍ਰਤੀਤ ਹੁੰਦਾ ਹੈ:-

(ੳ) ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ ।
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੋ ਹੋਈ ।
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ ।
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ ।
ਜਿਉ ਤਿਸੁ ਭਾਵੈ ਤਿਵੈ ਕਰੈ ਤਿਸੁ ਬਿਨੁ ਅਵਰੁ ਨ ਕੋਈ ।
(ਗੂਜਰੀ ਕੀ ਵਾਰ ਮ:3)[1]

---

1.ਆਦਿ-ਗ੍ਰੰਥ............ਪੰਨਾ 509

(ਅ)ਮੋਹੁ ਕੂੜੁ ਕੁਟੰਬੁ ਹੈ ਮਨਮੁਖ ਮੁਗਧੁ ਰਤਾ ।
ਹਉਮੈ ਮੇਰਾ ਕਰਿ ਮੁਏ ਕਿਤੁ ਸਾਥਿ ਨ ਲਿਤਾ ।
ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ ।
ਫਿਰਿ ਵੇਲਾ ਹਥਿ ਨ ਆਵਈ ਜਮਕਾਲਿ ਵਸਿ ਕਿਤਾ ।
ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ ।
(ਸੂਹੀ ਕੀ ਵਾਰ ਮ:3)[1]

(ੲ)ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ ।
ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ ।
ਗੁਰਮੁਖਿ ਨਾਮੁ ਧਿਆਈਐ ਮਥਿ ਤਤੁ ਕਢੋਲੈ ।
ਅੰਤਰਿ ਪਰਗਾਸੁ ਘਟਿ ਚਾਨਣਾ ਹਰਿ ਲਧਾ ਟੋਲੈ ।
ਆਪੇ ਭਰਮਿ ਭੁਲਾਇਆ ਕਿਛੁ ਕਹਣੁ ਨ ਜਾਈ ।
(ਰਾਮਕਲੀ ਕੀ ਵਾਰ ਮ:3)[2]

(ਸ)ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ।
ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ।
ਹਰਿ ਕਾ ਨਾਮੁ ਮਨਿ ਵਸਿਆ ਗੁਰਸਬਦਿ ਵੀਚਾਰਾ ।
ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ ।
ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ । 1 ।
(ਮਾਰੂ ਕੀ ਵਾਰ ਮ:3)[3]

ਪਹਿਲੀ ਪਉੜੀ ਰਾਹੀਂ ਅਕਾਲ-ਪੁਰਖ ਦੀ ਉਸਤਤਿ, ਦੂਜੀ ਰਾਹੀਂ ਮਨਮੁਖਾਂ ਦਾ ਬਿਉਹਾਰ, ਤੀਜੀ ਰਾਹੀਂ ਮਨਮੁਖਾਂ ਅਤੇ ਗੁਰਮੁਖਾਂ ਦਾ ਅੰਤਰ ਅਤੇ ਚੌਥੀ ਪਉੜੀ ਰਾਹੀਂ ਸਤਿਗੁਰੂ ਅਰਥਾਤ ਗਿਆਨ ਦੀ ਮਹਿਮਾ ਗਾਇਨ ਕੀਤੀ ਗਈ ਹੈ। ਭਾਵਾਂ ਤੋਂ ਛੁੱਟ ਸ਼ਬਦ-ਰੋਣ ਅਤੇ ਛੰਦ-ਚਾਲ ਵਿੱਚ ਕਹਿਰਾਂ ਦੀ ਰਵਾਨੀ ਹੈ । ਅਧਿਆਤਮਿਕ-ਵਾਰਾਂ ਵਿੱਚ ਬੇਸ਼ੱਕ ਤਲਵਾਰਾਂ ਦਾ ਖੜਕਾਰ ਸੁਣਾਈ ਨਹੀਂ ਦਿੰਦਾ, ਪਰ ਨੇਕੀ-ਬਦੀ, ਗਿਆਨ-ਅਗਿਆਨ ਅਤੇ ਗੁਰਮੁਖ-ਮਨਮੁਖ ਦੀ ਟੱਕਰ ਜਾਂ ਮਾਨਸਿਕ-ਸੰਘਰਸ਼ ਵਾਰ ਵਿੱਚ ਜਾਨ ਪਾ ਦਿੰਦਾ ਹੈ। ਅਕਾਲ-ਪੁਰਖ ਅਤੇ ਸਤਿਗੁਰ ਦੀ ਮਹਿਮਾ ਭੀ ਠੰਡੇ ਠੰਡੇ ਸ਼ਬਦਾਂ ਨਾਲ ਕਰਨ ਦੀ ਥਾਂ ਲਟ ਲਟ ਕਰਦੇ ਭਾਵਾਂ ਨਾਲ ਜਗਮਗਾਉਂਦੇ ਸ਼ਬਦਾਂ ਦੁਆਰਾ ਕੀਤੀ ਜਾਂਦੀ ਹੈ। ਗੁਰੂ ਅਮਰਦਾਸ ਦੀਆਂ ਵਾਰਾਂ ਵਿੱਚ ਇਹ ਸਭ ਗੁਣ ਲੱਭਦੇ ਹਨ।

ਗੁਰੂ ਅਮਰਦਾਸ ਦੀਆਂ ਦੋ ਵਾਰਾਂ ਨਾਲ ਸੰਬੰਧਤ ਸਿਕੰਦਰ-ਬਿਰਾਹਿਮ ਅਤੇ ਜੋਧੇ-ਪੂਰਬਾਣੀ ਦੀਆਂ ਵਾਰਾਂ ਦੇ ਵਿਸ਼ੇ-ਵਸਤੂ ਦੀ ਗਿਆਤ ਲਈ ਡਾ:ਚਰਨ ਸਿੰਘ[4] ਰਚਿਤ ਬਾਣੀ ਬਿਉਰਾ ਕੁਝ ਸਹਾਇਕ ਹੋ ਸਕਦਾ ਹੈ। ਕਿਉਂਕਿ ਸੰਬੰਧਤ ਲੋਕ-ਵਾਰਾਂ, ਡਾ:ਚਰਨ ਸਿੰਘ ਦੇ ਕਥਨ ਅਨੁਸਾਰ ਲੋਪ ਹੋ ਚੁੱਕੀਆਂ ਹਨ, ਇਸਲਈ ਉਨ੍ਹਾਂ ਬਾਰੇ ਵਿਸਥਾਰ ਨਾਲ ਕੁਝ ਨਹੀਂ ਆਖਿਆ ਜਾ ਸਕਦਾ। ਵੈਸੇ ਹੇਠ ਲਿਖੀਆਂ ਇਕ ਦੋ ਮਿਲਦੀਆਂ ਪਉੜੀਆਂ ਦੁਆਰਾ ਇਹ ਗੱਲ ਜ਼ਰੂਰ ਪੱਕੀ ਹੋ ਜਾਂਦੀ ਹੈ, ਕਿ

---

1.ਆਦਿ-ਗ੍ਰੰਥ............ ..ਪੰਨਾ 787
2.ਆਦਿ-ਗ੍ਰੰਥ..............ਪੰਨਾ 955
3.ਆਦਿ-ਗ੍ਰੰਥ..............ਪੰਨਾ 1087
4.ਡਾ:ਚਰਨ ਸਿੰਘ-ਬਾਣੀ ਬਿਉਰਾ, ਪ੍ਰਕਾਸ਼ਕ:ਚੀਫ਼ ਖਾਲਸਾ ਦੀਵਾਨ(ਅੰਮ੍ਰਿਤਸਰ),ਵੇਖੋ:ਗੁਰਮਤਿ ਸੰਗੀਤ ਨਿਰਣਯ(ਭਾਗ ਚੌਥਾ),1958,ਪੰਨੇ 1 ਤੋਂ 16

ਗੁਰੂ ਅਮਰਦਾਸ ਦੀਆਂ ਸੰਬੰਧਤ ਵਾਰਾਂ ਪ੍ਰਾਚੀਨ ਲੋਕ-ਵਾਰਾਂ ਦੀਆਂ ਧੁਨਾਂ ਉਤੇ ਗਾਇਨ ਕੀਤੀਆਂ ਜਾ ਸਕਦੀਆਂ ਹਨ। ਉਦਾਹਰਨ ਵਜੋਂ ਗੂਜਰੀ ਦੀ ਵਾਰ ਦੀ ਚਾਲ ਹੇਠ ਲਿਖੀ "ਸਿਕੰਦਰ-ਬਿਰਾਹਿਮ ਦੀ ਵਾਰ" ਦੀ ਪਉੜੀ ਨਾਲ ਮੇਲ ਕੇ ਵੇਖੋ:-

ਪਾਪੀ ਖਾਨ ਬਿਰਾਹਿਮ ਪਰ ਚੜ੍ਹ ਆਇ ਸਿਕੰਦਰ ।
ਭੇੜ ਦੁਹਾਂ ਦਾ ਮੱਚਿਆ ਬੜ ਰਣ ਦੇ ਅੰਦਰ ।
ਫੜਿਆ ਖਿਨ ਬਿਰਾਹਿਮ ਨੇ ਕਰ ਵਡ ਅਡੰਬਰ ।
ਬੱਧਾ ਸੰਗਲ ਪਾਇਕੇ ਜਨੁ ਕੀਲੇ ਬੰਦਰ ।
ਅਪਣਾ ਹੁਕਮ ਮਨਾਇਕੇ ਛਡਿਆ ਜਗ ਅੰਦਰ ।1।

(ਸਿਕੰਦਰ-ਬਿਰਾਹਿਮ ਕੀ ਵਾਰ)[1]

ਇਸੇਤਰ੍ਹਾਂ ਰਾਮਕਲੀ ਕੀ ਵਾਰ ਦੀਆਂ ਪਉੜੀਆਂ ਦਾ ਟਾਕਰਾ "ਜੋਧੈ-ਵੀਰੈ **ਪੂਰਬਾਣੀ** ਦੀ ਵਾਰ" ਦੀ ਹੇਠ ਲਿਖੀ ਪਉੜੀ ਨਾਲ ਕਰੋ:-

ਜੋਧ ਬੀਰ ਦੋਹੈਂ ਸਾਮਨੇ ਬਾਤਾਂ ਕਰੈਂ ਕਰਾਰੀਆਂ ।
ਬਸੰਤ੍ਰ ਧੋਵੇ ਕਪੜੇ ਰਾਜਾ ਪਵਨ ਦੇਹਿ ਬੁਹਾਰੀਆਂ ।
ਚੜ੍ਹਿਆ ਰਾਣਾ ਜੋਧਬੀਰ ਹਾਥੀ ਸੋਹਣ ਹੰਬਾਰੀਆਂ ।
ਧੂਹ ਮਿਆਨੋਂ ਕਢੀਆਂ ਬਿਜਲੀ ਜਿਉਂ ਚਮਕਾਰੀਆਂ ।
ਕੇਹੀ ਕੀਤੀ ਜੋਧਬੀਰ ਪੂਰਬਾਣੀ ਗੱਲਾਂ ਭਾਰੀਆਂ ।
ਜੋਧਬੀਰ ਪੂਰਬਾਣੀਏਂ ਦੋਇ ਗੱਲਾਂ ਕਰਨ ਕਰਾਰੀਆਂ ।
ਫੌਜਾਂ ਚਾੜ੍ਹੀਆਂ ਬਾਦਸ਼ਾਹ ਅਕਬਰ ਨੇ ਭਾਰੀਆਂ ।
ਸਨਮੁਖ ਹੋਏ ਰਾਜਪੂਤ ਪੁਤਰੀ ਰਣਕਾਰੀਆਂ ।

(ਜੋਧੈ-ਵੀਰੈ ਪੂਰਬਾਣੀ ਦੀ ਵਾਰ)[2]

ਬੇਸ਼ਕ ਉਪਰੋਕਤ ਦੋਵੇਂ ਧੁਨਾਂ ਆਦਿ-ਗ੍ਰੰਥ ਵਿੱਚ ਗੁਰੂ ਅਰਜਨ ਦੇਵ ਦੇ ਸਮੇਂ ਚੜ੍ਹ ਗਈਆਂ ਮੰਨੀਆਂ ਜਾਂਦੀਆਂ ਹਨ, ਪਰ ਇਹ ਆਖਣਾ ਕਠਨ ਹੈ, ਕਿ ਸੰਬੰਧਤ ਦੁਨਿਆਵੀ-ਵਾਰਾਂ ਗੁਰੂ ਅਮਰਦਾਸ ਰਚਿਤ ਅਧਿਆਤਮਿਕ-ਵਾਰਾਂ ਤੋਂ ਪਹਿਲਾਂ ਰਚੀਆਂ ਗਈਆਂ ਜਾਂ ਪਿੱਛੋਂ। ਸਿਕੰਦਰ-ਬਿਰਾਹਿਮ ਦੀ ਵਾਰ ਦਾ ਸਮਾਂ ਡਾ:ਚਰਨ ਸਿੰਘ ਦੀਆਂ ਲਿਖਤਾਂ ਰਾਹੀਂ ਸਪਸ਼ਟ ਨਹੀਂ ਹੁੰਦਾ ਜਾਪਦਾ, ਪਰ ਜੋਧੈ-ਵੀਰੈ ਪੂਰਬਾਣੀ ਦੀ ਵਾਰ ਨਾਲ ਸੰਬੰਧਤ ਉਪਰ ਦਿੱਤੀ ਪਉੜੀ ਅਕਬਰ ਦੇ ਰਾਜ ਵਲ ਇਸ਼ਾਰਾ ਕਰਦੀ ਪ੍ਰਤੀਤ ਹੁੰਦੀ ਹੈ। ਸੋ ਹੋ ਸਕਦਾ ਹੈ, ਕਿ ਸੰਬੰਧਤ ਵਾਰ ਅਕਬਰ ਦੇ ਰਾਜ ਵਿੱਚ ਲਿਖੀ ਗਈ ਹੋਵੇ। ਪਰ, ਕਿਉਂਕਿ ਗੁਰੂ ਅਮਰਦਾਸ ਦੇ ਜੋਤੀ ਜੋਤਿ ਸਮਾਉਣ ਸਮੇਂ ਅਕਬਰ ਨੂੰ ਰਾਜ ਸੰਭਾਲਿਆਂ ਅਜੇ ਬਹੁਤੇ ਸਾਲ ਨਹੀਂ ਸਨ ਹੋਏ, ਸੋ ਸੰਬੰਧਤ ਵਾਰ ਅੱਵਲ ਤਾਂ ਗੁਰੂ ਅਮਰਦਾਸ ਦੇ ਸਮੇਂ ਰਚੀ ਹੀ ਨਹੀਂ ਸੀ ਗਈ ਅਤੇ ਜੇਕਰ ਇਸਦੇ ਉਲਟ ਵਾਰ ਦੀ ਰਚਨਾ ਉਸ ਸਮੇਂ ਮੰਨ ਭੀ ਲਈ ਜਾਵੇ, ਤਾਂ ਭੀ ਸੰਬੰਧਤ ਵਾਰ ਉਸ ਸਮੇਂ ਅਜੇ ਇਤਨੀ ਲੋਕ-ਪ੍ਰਿਯ ਨਹੀਂ ਸੀ ਹੋ ਸਕਦੀ, ਕਿ ਗੁਰੂ ਅਮਰਦਾਸ ਉਸ ਵਾਰ ਦੀ ਧਾਰਨਾ ਤੋਂ ਪ੍ਰਭਾਵਤ ਹੋ ਕੇ ਆਪਣੀ ਵਾਰ ਦੀ ਰਚਨਾ ਕਰਦੇ। ਸੋ ਹੋ ਸਕਦਾ ਹੈ, ਕਿ ਜੋਧੈ-ਵੀਰੈ ਦੀ ਵਾਰ ਅਤੇ

1. ਡਾ:ਚਰਨ ਸਿੰਘ-ਬਾਣੀ ਬਿਉਰਾ, ਪ੍ਰਕਾਸ਼ਕ:ਚੀਫ਼ ਖਾਲਸਾ ਦੀਵਾਨ(ਅੰਮ੍ਰਿਤਸਰ), ਵੇਖੋ:ਗੁਰਮਤਿ ਸੰਗੀਤ ਨਿਰਣਯ(ਭਾਗ ਚੌਥਾ), 1958, ਪੰਨਾ 11
2. ਉਹੀ.......................ਪੰਨਾ 13

ਗੁਰੂ ਅਮਰਦਾਸ ਰਚਿਤ ਵਾਰ ਰਾਮਕਲੀ, ਦੋਵੇਂ ਕਿਸੇ ਹੋਰ ਪ੍ਰਾਚੀਨ ਵਾਰ ਦੀ ਧਾਰਨਾ ਉਤੇ ਲਿਖੀਆਂ ਗਈਆਂ ਹੋਣ ਅਤੇ ਸੰਬੰਧਤ ਪ੍ਰਾਚੀਨ-ਵਾਰ ਲੋਪ ਹੋ ਚੁੱਕੀ ਹੋਵੇ।

### (4) ਪਉੜੀ

ਗੁਰੁਛੰਦ ਦਿਵਾਕਰ ਦੇ ਕਰਤਾ ਭਾਈ ਕਾਹਨ ਸਿੰਘ[1] ਨੇ ਪਉੜੀ ਨੂੰ ਇਕ ਪਰਕਾਰ ਦਾ ਛੰਦ ਹੀ ਮੰਨਿਆ ਹੈ, ਪਰ ਨਾਲ ਹੀ ਮਾਤ੍ਰਾ ਦੀ ਵਲਿੱਖਣਤਾ ਕਾਰਨ ਉਪਜੇ ਅੱਡ ਅੱਡ ਤੀਹ ਰੂਪਾਂ ਦਾ ਵੇਰਵਾ ਭੀ ਦਿੱਤਾ ਹੈ। ਅਜਿਹੀ ਹਾਲਤ ਵਿੱਚ ਉਨ੍ਹਾਂ ਦੇ ਕਥਨ ਵਿੱਚ ਸ੍ਵੈ-ਵਿਰੋਧ ਪੈਦਾ ਹੋ ਜਾਂਦਾ ਹੈ, ਕਿਉਂਕਿ ਇਕ ਛੰਦ ਦੀਆਂ ਵੱਖ ਵੱਖ ਵੰਨਗੀਆਂ ਵਿੱਚ ਮਾਤ੍ਰਾ ਦਾ ਭੇਦ ਇਤਨਾ ਜ਼ਿਆਦਾ ਨਹੀਂ ਹੋ ਸਕਦਾ ਕਿ ਉਹ ਅੱਡ ਅੱਡ ਛੰਦ ਜਾਪਣ। ਆਦਿ-ਗ੍ਰੰਥ ਅਤੇ ਉਸਤੋਂ ਬਾਹਰ ਜੇਕਰ ਹੋਰ ਖੋਜ ਕੀਤੀ ਜਾਵ ਤਾਂ ਹੋ ਸਕਦਾ ਹੈ, ਕਿ ਪਉੜੀ ਦੇ ਇਤਨੇ ਹੀ ਨਵੇਂ ਰੂਪ ਹੋਰ ਮਿਲ ਜਾਣ। ਸੋ ਪਉੜੀ ਨੂੰ ਛੰਦ ਆਖਣ ਦੀ ਥਾਂ ਕਾਵਿ-ਭੇਦ ਹੀ ਮੰਨਣਾ ਚਾਹੀਦਾ ਹੈ।

ਅਸਾਂ ਪਿੱਛੇ ਭੀ ਦੁਹਰਾਇਆ ਹੈ, ਕਿ ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ ਦੇ ਦੂਸਰੇ ਕਵੀ ਆਪਣੇ ਭਾਵਾਂ ਦੇ ਪ੍ਰਗਟਾਉ ਲਈ ਛੰਦਾਂ ਦੇ ਪਿੱਛੇ ਨਹੀਂ ਦੌੜੇ, ਸਗੋਂ ਛੰਦ ਅਨੁਭਵ ਦੇ ਸੇਵਕ ਬਣ ਕੇ ਭਾਵਾਂ ਦੇ ਪਿੱਛੇ ਤੁਰੇ ਹਨ। ਗੁਰੂ ਅਮਰਦਾਸ ਦੀ ਕਾਵਿ-ਸ਼ਖ਼ਸੀਅਤ ਦੇ ਪਿੱਛੇ ਅਨੇਕਾਂ ਵਰ੍ਹਿਆਂ ਦਾ ਤਜਰਬਾ ਸੀ। ਉਨ੍ਹਾਂ ਦੇ ਮਨ ਵਿੱਚ ਬੇਸ਼ੁਮਾਰ ਛੰਦ, ਤਾਲ ਅਤੇ ਸੁਰਾਂ ਆਪਣਾ ਚੁੱਪ-ਨਾਦ ਕਰਦੀਆਂ ਰਹਿੰਦੀਆਂ ਸਨ। ਜਦੋਂ ਯਾਦਾਂ ਦੇ ਖੂਹ ਵਿੱਚੋਂ ਕੋਈ ਮਹਾਨ ਜਜ਼ਬਾ ਆਪਣੀ ਸਿਰੀ ਉੱਚੀ ਕਰਦਾ ਜਾਪਦਾ, ਉਸਦੇ ਸੁਆਗਤ ਲਈ ਅਨੁਕੂਲ ਧੁਨ ਛਿੜ ਪੈਂਦੀ । ਜਿਸਤਰ੍ਹਾਂ ਦਾ ਮੂਡ, ਉਸੇਤਰ੍ਹਾਂ ਦਾ ਰਾਗ, ਕਾਵਿ-ਭੇਦ ਅਤੇ ਛੰਦ । ਜਦੋਂ ਕਿਸੇ ਮਜ਼ਮੂਨ ਦੀ ਉਸਾਰੀ ਲਈ ਪਉੜੀ ਦੇ ਡੰਡਿਆਂ ਵਾਂਗ ਇਕ ਦੇ ਉੱਪਰ ਦੂਜਾ ਖਿਆਲ ਉਸਰਦਾ ਗਿਆ ਤਾਂ ਪਉੜੀ ਨੇ ਜਨਮ ਲਿਆ। ਇਸਦੇ ਉਲਟ ਜਦੋਂ ਕਿਸੇ ਖਿਆਲ ਨੇ ਚਾਰੇ ਪਾਸਿਉਂ ਆਪਣੀਆਂ ਕੰਨੀਆਂ ਸਮੇਟ ਕੇ ਸੰਘਣੇ ਰੂਪ ਵਿੱਚ ਆਣ ਦਰਸ਼ਨ ਦਿੱਤਾ, ਤਾਂ ਸਮਝੋ ਸ਼ਲੋਕ ਬਣ ਗਿਆ ।

ਜਿੱਥੋਂ ਤਕ ਗੁਰੂ ਅਮਰਦਾਸ ਰਚਿਤ ਪਉੜੀਆਂ ਦਾ ਸੰਬੰਧ ਹੈ, ਉਨ੍ਹਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:(ੳ) ਵਾਰਾਂ ਨਾਲ ਸੰਬੰਧਤ, ਅਤੇ (ਅ) ਦੂਸਰੀਆਂ ਬਾਣੀਆਂ ਨਾਲ ਸੰਬੰਧਤ । ਵਾਰਾਂ ਨਾਲ ਸੰਬੰਧਤ ਪਉੜੀਆਂ ਵਿੱਚ ਹਰ ਪਉੜੀ ਦੇ ਹਿਸਾਬ ਪੰਜ ਤੁਕਾਂ ਹਨ। ਅੱਗੋਂ ਹਰ ਤੁਕ ਵਿੱਚ ਆਮ ਕਰਕੇ 11+7, 11+9, 11+10, 12+10, 12+11, 12+12, 12+13, 12+14, 12+17, 13+9, 13+10, 13+11, 13+13, 13+14, 14+9, 14+10, 14+11, 14+12, 14+13, 15+11, 15+14, 15+17, 16+10, 16+11, 17+10, 17+12, 17+13, 17+14 ਅਤੇ 18+10 ਆਦਿਕ ਤਕ ਮਾਤ੍ਰਾ ਹਨ। ਇਹ ਗੱਲ ਦੁਹਰਾਉਣ ਦੀ ਲੋੜ ਨਹੀਂ, ਕਿ ਮਾਤ੍ਰਾ ਦਾ ਸੰਬੰਧ ਸ਼ਬਦਾਂ ਦੇ ਉਚਾਰਨ ਨਾਲ ਹੈ। ਗੁਰਬਾਣੀ ਵਿੱਚ ਅਧਕ( ੱ ) ਅਤੇ ਟਿੱਪੀ( ੰ ) ਦਾ ਘਾਟਾ ਕਈ ਵਾਰ ਆਪ ਪੂਰਾ ਕਰਨਾ ਪੈਂਦਾ ਹੈ। ਇਤਨਾ ਕੁਝ ਕਰਨ ਦੇ ਬਾਵਜੂਦ ਇਹ ਗੱਲ ਸਨਮੁਖ ਰੱਖਣੀ

---

1. ਭਾਈ ਕਾਹਨ ਸਿੰਘ-ਗੁਰੁਛੰਦ ਦਿਵਾਕਰ(ਪਹਿਲੀ ਐਡੀਸ਼ਨ),ਪੰਨੇ 227 ਤੋਂ 240

ਚਾਹੀਦੀ ਹੈ, ਕਿ ਗੁਰਦੇਵ ਨੇ ਰਵਾਇਤੀ-ਛੰਦਾਂ ਦੀਆਂ ਮਾਤ੍ਰਿਕ-ਚਾਲਾਂ ਦੀ ਇਤਨੀ ਪਰਵਾਹ ਨਹੀਂ ਕੀਤੀ ਜਿਤਨਾ ਖਿਆਲ ਰਾਗ ਦੇ ਤਾਲ ਅਤੇ ਲੈਅ ਆਦਿਕ ਦਾ ਰੱਖਿਆ ਹੈ।

ਵੈਸੇ ਪਿੰਗਲ ਦੇ ਰਵਾਇਤੀ-ਨਿਯਮਾਂ ਅਨੁਸਾਰ ਗੁਰੂ ਅਮਰਦਾਸ ਰਚਿਤ ਵਾਰਾਂ ਦੀਆਂ ਵੱਖ ਵੱਖ ਪਉੜੀਆਂ ਦੀਆਂ ਤੁਕਾਂ ਵਿੱਚ ਆਮ ਕਰਕੇ ਮਾਤ੍ਰਾ ਦੀ ਗਿਣਤੀ ਇਸ ਪਰਕਾਰ ਹੈ:-

(ੳ) ਗੂਜਰੀ ਕੀ ਵਾਰ

11+7, 11+9, 12+10, 13+9, 13+10, 13+11, 13+12, 13+13, 14+9, 14+10, 14+11, 14+12, 15+11, 15+14, 17+10, 17+13 ਅਤੇ 18+10 ਆਦਿਕ। ਹਰ ਪਉੜੀ ਦੀਆਂ ਤੁਕਾਂ ਦੇ ਤੁਕਾਂਤ ਵਿੱਚ ਇਕਸਾਰਤਾ ਹੈ। ਬਹੁਤੀਆਂ ਪਉੜੀਆਂ ਵਿੱਚ ਹਰ ਤੁਕ ਦੇ ਅੰਤ ਦੋਵੇਂ ਗੁਰੂ ਹਨ, ਪਰ ਕਿਸੇ ਕਿਸੇ ਪਉੜੀ ਵਿੱਚ ਅੰਤਲਾ ਤੁਕਾਂਤ ਲਗੁ+ਗੁਰੂ ਅਤੇ ਕਿਸੇ ਵਿੱਚ ਗੁਰੂ+ਲਗੁ ਉਤੇ ਭੀ ਨਿਬੜਦਾ ਹੈ।

(ਅ) ਸੂਹੀ ਕੀ ਵਾਰ

12+10, 12+11, 13+9, 13+10, 13+11, 14+10, 14+11, 15+12 ਅਤੇ 17+14 ਆਦਿਕ। ਗੂਜਰੀ ਕੀ ਵਾਰ ਵਾਂਗ ਹੀ ਸੂਹੀ ਕੀ ਵਾਰ ਦੀਆਂ ਪਉੜੀਆਂ ਨਾਲ ਸੰਬੰਧਤ ਤੁਕਾਂ ਦਾ ਤੁਕਾਂਤ ਬਹੁਤੀ ਵਾਰ ਦੋਵੇਂ ਗੁਰੂਆਂ, ਪਰ ਕਿਤੇ ਕਿਤੇ ਗੁਰੂ+ਲਘੂ ਅਤੇ ਲਗੁ+ਗੁਰੂ ਉਤੇ ਭੀ ਮੁੱਕਦਾ ਹੈ।

(ੲ) ਰਾਮਕਲੀ ਕੀ ਵਾਰ

11+10, 12+9, 12+10, 12+13, 12+14, 12+17, 13+10, 13+11, 13+12, 13+14, 14+9, 14+13, 15+11, 16+10, 17+12, ਆਦਿਕ। ਪਉੜੀਆਂ ਦੀਆਂ ਤੁਕਾਂ ਦਾ ਤੁਕਾਂਤ ਪਹਿਲੀਆਂ ਦੋਹਾਂ ਵਾਰਾਂ ਵਾਂਗ ਹੀ ਦੋ ਗੁਰੂਆਂ, ਗੁਰੂ-ਲਘੂ ਜਾਂ ਲਗੁ+ਗੁਰੂ ਅਨੁਸਾਰ ਨਿਬਾਹਿਆ ਗਿਆ ਹੈ। ਵੈਸੇ ਇਸ ਵਾਰ ਦੀਆਂ ਤੁਕਾਂ ਦੇ ਤੁਕਾਂਤ ਵਿੱਚ ਇਕ ਵਿਸ਼ੇਸ਼ਤਾ ਵਧੀਕ ਹੈ। ਦੂਜੀਆਂ ਵਾਰਾਂ ਵਾਂਗ ਇਸ ਵਾਰ ਦੀਆਂ ਪਉੜੀਆਂ ਦੀਆਂ ਤੁਕਾਂ ਤਾਂ ਪੰਜ ਪੰਜ ਹਨ, ਪਰ ਦੂਜੀਆਂ ਵਾਰਾਂ ਵਿੱਚ ਜਿੱਥੇ ਹਰ ਪਉੜੀ ਦਾ ਤੁਕਾਂਤ-ਪ੍ਰਬੰਧ ਆਪੋ ਆਪਣਾ ਅਰਥਾਤ ਵੱਖਰਾ ਹੈ, ਉਥੇ ਰਾਮਕਲੀ ਕੀ ਵਾਰ ਵਿੱਚ ਹਰ ਪਉੜੀ ਦੀਆਂ ਚਾਰ ਤੁਕਾਂ ਦਾ ਤੁਕਾਂਤ ਇਕਸਾਰ ਹੈ ਅਤੇ ਪੰਜਵੀਂ ਤੁਕ ਦਾ ਤੁਕਾਂਤ ਸੰਬੰਧਤ ਪਉੜੀ ਵਿੱਚ ਅਣਮੇਲ ਰਹਿ ਕੇ ਵਾਰ ਦੀਆਂ ਅਗਲੀਆਂ ਸਭਨਾਂ ਪਉੜੀਆਂ ਦੀ ਪੰਜਵੀਂ ਤੁਕ ਨਾਲ ਵੱਖਰੇ ਤੁਕਾਂਤ-ਪ੍ਰਬੰਧ ਅਨੁਸਾਰ ਮਿਲਦਾ ਹੈ।

(ਸ) ਮਾਰੂ ਕੀ ਵਾਰ

ਤੁਕਾਂ ਵਿੱਚ ਮਾਤ੍ਰਾ ਦੀ ਤਰਤੀਬ ਆਮ ਕਰਕੇ 11+9, 12+9, 12+10, 12+12, 12+13, 13+10, 13+11, 13+12, 14+9, 14+10, 14+11, 14+12, 15+17, 16+11, 17+13, ਆਦਿਕ ਅਨੁਸਾਰ ਹੈ ਅਤੇ ਤੁਕਾਂਤ ਪਹਿਲੀਆਂ ਵਾਰਾਂ ਵਾਂਗ ਹੀ ਦੋ ਗੁਰੂਆਂ, ਗੁਰੂ-ਲਘੂ ਜਾਂ ਲਘੂ-ਗੁਰੂ ਉਤੇ ਪੂਰਾ ਹੁੰਦਾ ਹੈ।

ਪਿੰਗਲ ਦੇ ਰਵਾਇਤੀ-ਨਿਯਮਾਂ[1] ਅਨੁਸਾਰ ਉਪਰੋਕਤ ਵਾਰਾਂ ਦੀਆਂ ਤੁਕਾਂ ਵਿੱਚ ਆਮ ਕਰਕੇ ਨਿਸ਼ਾਨੀ ਛੰਦ(13+10 ਮਾਤ੍ਰਾ ਅੰਤ ਦੋ ਗੁਰੂ), ਸਰਸੀ(16+11 ਮਾਤ੍ਰਾ ਅੰਤ ਗੁਰੂ-ਲਘੂ), ਸੁਕਾਵਯ (13+11 ਮਾਤ੍ਰਾ ਅੰਤ ਦੋ ਗੁਰੂ), ਦੋਹਿਰਾ(13+11 ਮਾਤ੍ਰਾ ਅੰਤ ਗੁਰੂ-ਲਘੂ), ਸੁਖਦਾ(12+10 ਮਾਤ੍ਰਾ ਅੰਤ ਦੋ ਗੁਰੂ), ਸ਼ੰਕਰ(16+10 ਮਾਤ੍ਰਾ ਅੰਤ ਗੁਰੂ-ਲਘੂ), ਹੰਸਗਤਿ(11+9 ਮਾਤ੍ਰਾ ਅੰਤ ਗੁਰੂ-ਲਘੂ-ਗੁਰੂ), ਰਸਾਵਲ(13+11 ਮਾਤ੍ਰਾ ਅੰਤ ਗੁਰੂ-ਲਘੂ-ਲਘੂ), ਗਾਹਾ ਦੂਜਾ(14+13 ਮਾਤ੍ਰਾ), ਗੀਤਾ(14+12 ਮਾਤ੍ਰਾ), ਪੁਨਹਾ ਜਾਂ ਫੁਨਹਾ(11+10 ਮਾਤ੍ਰਾ), ਸੁਗੀਤਿਕਾ(15+10 ਮਾਤ੍ਰਾ ਅੰਤ ਦੋ ਗੁਰੂ), ਮੁਕਤਾਮਣਿ (13+12 ਮਾਤ੍ਰਾ) ਅਤੇ ਰਾਧਿਕਾ(13+9 ਮਾਤ੍ਰਾ), ਆਦਿਕ ਦੀਆਂ ਮਾਤ੍ਰਾ ਗੂੰਜਦੀਆਂ ਸੁਣਾਈ ਦਿੰਦੀਆਂ ਹਨ। ਕਿਉਂਕਿ ਬਹੁਤੀਆਂ ਪਉੜੀਆਂ ਵਿੱਚ ਮਾਤ੍ਰਾ ਦੀ ਗਿਣਤੀ ਪਿੰਗਲ ਦੇ ਰਵਾਇਤੀ-ਨਿਯਮਾਂ ਅਨੁਸਾਰ ਇਕਸਾਰ ਨਹੀਂ ਜਾਪਦੀ[2], ਇਸਲਈ ਭਾਈ ਕਾਹਨ ਸਿੰਘ ਦੇ ਸ਼ਬਦਾਂ ਵਿੱਚ ਅਜਿਹੀਆਂ ਪਉੜੀਆਂ ਨੂੰ ਵਿਖਮ-ਮਾਤ੍ਰਿਕ ਛੰਦ ਜਾਂ ਵਿਖਮ-ਡੰਡਕ ਪਉੜੀਆਂ ਆਖਿਆ ਜਾ ਸਕਦਾ ਹੈ।

ਜਿਵੇਂ ਅਸੀਂ ਪਿੱਛੇ ਸੰਕੇਤ ਕਰ ਚੁੱਕੇ ਹਾਂ, ਵਾਰਾਂ ਤੋਂ ਛੁੱਟ ਗੁਰੂ ਅਮਰਦਾਸ ਦੀਆਂ ਕੁਝ ਪਉੜੀਆਂ ਹੋਰਨਾ ਬਾਣੀਆਂ ਵਿੱਚ ਭੀ ਮਿਲਦੀਆਂ ਹਨ, ਜਿਵੇਂ:(ੳ) ਰਾਮਕਲੀ ਅਨੰਦੁ ਦੀਆਂ ਪਉੜੀਆਂ, ਅਤੇ (ਅ) ਬਿਲਾਵਲ ਰਾਗ ਦੇ ਸਤਵਾਰੇ ਦੀਆਂ ਪਉੜੀਆਂ। ਰਾਮਕਲੀ ਅਨੰਦੁ ਵਿੱਚ ਕੁਲ 40 ਪਉੜੀਆਂ ਹਨ, ਜਿਨ੍ਹਾਂ ਵਿੱਚੋਂ 39 ਪਉੜੀਆਂ ਗੁਰੂ ਅਮਰਦਾਸ ਅਤੇ ਚਾਲ੍ਹੀਵੀਂ ਗੁਰੂ ਅਰਜਨ ਰਚਿਤ ਮੰਨੀ ਜਾਂਦੀ ਹੈ। ਪਹਿਲੀਆਂ 39 ਪਉੜੀਆਂ(ਗੁਰੂ ਅਮਰਦਾਸ ਰਚਿਤ) ਵਿੱਚ ਗੁਰੂ ਅਮਰਦਾਸ ਰਚਿਤ "ਛੰਤਾਂ" ਵਾਂਗ ਆਮ ਕਰਕੇ "ਕਲਸ" ਛੰਦ ਜਾਂ "ਵਿਖਮ-ਮਾਤ੍ਰਿਕ-ਛੰਦ" ਦਾ ਪ੍ਰਯੋਗ ਵਿਖਾਈ ਦਿੰਦਾ ਹੈ। ਇਸਦੇ ਉਲਟ ਜਿੱਥੋਂ ਤਕ ਬਿਲਾਵਲ ਰਾਗ ਦੇ ਸਤਵਾਰੇ[3] ਦੀਆਂ ਪਉੜੀਆਂ ਦਾ ਸੰਬੰਧ ਹੈ, ਉਨ੍ਹਾਂ ਵਿੱਚ ਚਉਪਈ-ਛੰਦ ਦੀਆਂ ਮਾਤ੍ਰਾ ਗੂੰਜਦੀਆਂ ਸੁਣਾਈ ਦਿੰਦੀਆਂ ਹਨ।

## (5) ਸ਼ਲੋਕ

ਗੁਰੂ ਅਮਰਦਾਸ ਦੀ ਬਾਣੀ ਵਿੱਚ ਕੁਲ 410 ਸ਼ਲੋਕ ਹਨ, ਜੋ ਵਾਰਾਂ ਤੋਂ ਬਿਨਾ ਆਦਿ-ਗ੍ਰੰਥ ਦੇ ਅਖੀਰ ਤੇ(ਸ਼ਲੋਕ ਵਾਰਾਂ ਤੋਂ ਵਧੀਕ) ਭੀ ਚੋਖੀ ਮਾਤ੍ਰਾ ਵਿੱਚ ਮਿਲਦੇ ਹਨ। ਭਾਈ ਕਾਹਨ ਸਿੰਘ[4] ਅਨੁਸਾਰ "ਉਸਤਤਿ ਦਾ ਨਾਮ ਸ਼ਲੋਕ ਹੈ", ਪਰ ਕਵਿਤਾ ਦੇ ਖੇਤਰ ਵਿੱਚ ਸ਼ਲੋਕ ਇਕ ਕਾਵਿ-ਭੇਦ ਹੈ ਅਤੇ ਇਸਦਾ ਪ੍ਰਯੋਗ ਉਸਤਤਿ ਤੋਂ ਬਿਨਾ ਨਿੰਦਾ ਅਤੇ ਆਲੋਚਨਾ ਲਈ ਭੀ ਹੋਇਆ ਸਿੱਧ ਕੀਤਾ ਜਾ ਸਕਦਾ ਹੈ, ਜਿਵੇਂ ਗੁਰੂ ਅਮਰਦਾਸ ਰਚਿਤ ਹੇਠ ਲਿਖੇ ਸ਼ਲੋਕ ਵਿੱਚ ਅਮਲ ਤੋਂ ਸੱਖਣੇ ਇਲਮ ਦੇ ਪਿੱਛੇ

---

1. ਭਾਈ ਕਾਹਨ ਸਿੰਘ- ਗੁਰਛੰਦ ਦਿਵਾਕਰ
2. ਪੁਨਾ.....................ਵੇਖੋ ਸੂਚੀ-ਪੱਤ੍ਰ ਦਾ ਅੰਕ "ਘ" ਅਤੇ ਪੁਸਤਕ ਦਾ ਪੰਨਾ 239
3. ਆਦਿ-ਗ੍ਰੰਥ..............ਪੰਨਾ 841
4. ਭਾਈ ਕਾਹਨ ਸਿੰਘ....ਪੁਨਾ..........ਪੰਨਾ 86

ਦੌੜਨ ਵਾਲੇ ਪੰਡਿਤ ਉਤੇ ਆਲੋਚਨਾ ਕੀਤੀ ਗਈ ਹੈ:-

ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ ।
ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ ।
ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ ।
ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ।
(ਵਾਰ ਸਿਰੀ ਰਾਗੁ ਮ:4 ਸ਼ਲੋਕ ਮ:3)[1]

ਸ਼ਲੋਕ ਦਾ ਸਭ ਤੋਂ ਵੱਡਾ ਗੁਣ ਵਿਚਾਰਾਂ ਦਾ ਸੰਘਣਾਪਣ ਅਤੇ ਸ਼ਬਦਾਂ ਦਾ ਸੰਜਮ ਹੈ। ਭਾਰਤ ਵਿੱਚ ਇਹ ਕਾਵਿ-ਭੇਦ ਗੁਰੂ ਨਾਨਕ, ਕਬੀਰ ਅਤੇ ਫ਼ਰੀਦ ਤੋਂ ਭੀ ਸਦੀਆਂ ਪਹਿਲੇ ਅਪਭ੍ਰੰਸ਼ ਅਤੇ ਸੰਸਕ੍ਰਿਤ ਸਾਹਿਤ ਵਿੱਚ ਭੀ ਪ੍ਰਚਲਤ ਸੀ। ਕਈ ਪ੍ਰਾਚੀਨ-ਲਿਖਤਾਂ ਵਿੱਚ ਸ਼ਲੋਕ ਨੂੰ "ਸਾਖੀ" ਦਾ ਨਾਮ ਭੀ ਦਿੱਤਾ ਗਿਆ ਹੈ। ਅਠਾਰ੍ਹਵੀਂ-ਸਦੀ ਦੇ ਇਕ ਅਣਪਰਖੇ ਸੰਤ-ਕਵੀ ਸਵਾਮੀ ਨਿਤਾਨੰਦ[2]ਨੇ ਭੀ ਆਪਣੇ ਸੈਂਕੜੇ ਸ਼ਲੋਕਾਂ ਨੂੰ "ਸਾਖੀਆਂ" ਦਾ ਨਾਮ ਦਿੱਤਾ ਹੈ। ਪਰ ਹਿੰਦੀ ਅਤੇ ਪੰਜਾਬੀ ਵਿੱਚ ਬਹੁਤੇ ਕਵੀਆਂ ਨੇ ਆਪਣੀਆਂ ਅਜਿਹੀਆਂ ਰਚਨਾਵਾਂ ਨੂੰ ਸ਼ਲੋਕ ਹੀ ਆਖਿਆ ਹੈ। ਇਸ ਕਾਵਿ-ਭੇਦ ਨੂੰ ਸੈਂਕੜੇ ਪ੍ਰਾਚੀਨ ਅਤੇ ਮਧਕਾਲੀਨ ਕਵੀਆਂ ਨੇ ਆਪਣੀ ਬਾਣੀ ਦਾ ਮਾਧਿਅਮ ਬਣਾਇਆ ਹੈ, ਪਰ ਹਿੰਦੀ ਵਿੱਚ ਕਬੀਰ ਅਤੇ ਪੰਜਾਬੀ ਵਿੱਚ ਫ਼ਰੀਦ ਦੇ ਸ਼ਲੋਕਾਂ ਵਿੱਚ ਜਿਤਨੇ ਡੂੰਘੇ-ਭਾਵ ਹਨ, ਉਸ ਪੱਧਰ ਦੇ ਭਾਵਾਂ ਵਿੱਚ ਡੂੰਬੇ ਸ਼ਲੋਕ ਹੋਰ ਕਿਤੇ ਨਹੀਂ ਮਿਲਦੇ। ਵੈਸੇ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਅਰਜਨ ਅਤੇ ਗੁਰੂ ਤੇਗ਼ ਬਹਾਦਰ ਰਚਿਤ ਸ਼ਲੋਕ ਭੀ ਪੰਜਾਬੀ-ਕਵਿਤਾ ਦਾ ਕੀਮਤੀ ਸਰਮਾਇਆ ਹਨ ਅਤੇ ਭਾਰਤ ਦੇ ਰਹੱਸਵਾਦੀ-ਸਾਹਿਤ ਵਿੱਚ ਅਮਰ ਅਸਥਾਨ ਰੱਖਦੇ ਹਨ।

ਜਿੱਥੋਂ ਤਕ ਗੁਰੂ ਅਮਰਦਾਸ ਦੇ ਸ਼ਲੋਕਾਂ ਦਾ ਸੰਬੰਧ ਹੈ, ਕੇਵਲ ਆਦਿ-ਗ੍ਰੰਥ ਦੇ ਅੰਤਲੇ ਪੰਨਿਆਂ ਉਤੇ ਦਿੱਤੇ ਕੁਝ ਸ਼ਲੋਕਾਂ(ਸ਼ਲੋਕ ਵਾਰਾਂ ਤੋਂ ਵਧੀਕ)[3]ਦੇ ਅਧਿਅਨ ਦੁਆਰਾ ਹੀ ਗੁਰੂ ਅਮਰਦਾਸ ਦੀ ਕਾਵਿ-ਕਲਾ ਦਾ ਚਮਤਕਾਰ ਵੇਖਿਆ ਜਾ ਸਕਦਾ ਹੈ। ਬੇਸ਼ਕ ਸੰਬੰਧਤ ਸ਼ਲੋਕ ਵੱਖ ਵੱਖ ਸਮੇਂ ਰਚੇ ਗਏ ਪ੍ਰਤੀਤ ਹੁੰਦੇ ਹਨ, ਪਰ ਫੇਰ ਭੀ ਉਨ੍ਹਾਂ ਦੁਆਰਾ ਗੁਰੂ ਅਮਰਦਾਸ ਦੀ ਸ਼ਖ਼ਸੀਅਤ ਆਪਣਾ ਵਿਸ਼ੇਸ਼-ਪ੍ਰਭਾਵ ਪਾਠਕਾਂ ਦੇ ਮਨਾਂ ਉੱਤੇ ਪਾ ਜਾਂਦੀ ਹੈ।

ਗੁਰੂ ਅਮਰਦਾਸ ਅਤੇ ਕਈ ਦੂਸਰੇ ਗੁਰੂਆਂ ਦੀਆਂ ਵਾਰਾਂ ਵਿੱਚ ਪਉੜੀਆਂ ਦੇ ਭਾਵਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਜਿਹੜੇ ਸ਼ਲੋਕ ਗੁਰੂ ਅਮਰਦਾਸ ਦੀ ਆਪਣੀ ਰਚਨਾ ਹਨ, ਉਨ੍ਹਾਂ ਦੀ ਮਹਾਨਤਾ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ, ਕਿ ਵਾਰਾਂ ਦੀਆਂ ਕਈ ਸੰਬੰਧਤ ਪਉੜੀਆਂ ਨਾਲੋਂ ਉਨ੍ਹਾਂ ਦੇ ਨਾਲ ਜੁੜੇ ਸ਼ਲੋਕ ਵਧੇਰੇ ਲੋਕ-ਪ੍ਰੀਯ ਹਨ।

ਗੁਰੂ ਅਮਰਦਾਸ ਦੇ ਸ਼ਲੋਕਾਂ ਦੀ ਰਚਨਾ ਭੀ ਰਾਗ, ਤਾਲ ਅਤੇ ਲੈਅ ਅਨੁਸਾਰ ਹੋਈ ਜਾਪਦੀ ਹੈ।

1.ਆਦਿ-ਗ੍ਰੰਥ.............ਪੰਨਾ 86
2.ਸਵਾਮੀ ਨਿਤਾਨੰਦ- ਸਤਯ ਸਿਧਾਂਤ ਪ੍ਰਕਾਸ਼, ਸੰਗ੍ਰਹਿ-ਕਰਤਾ:ਭੋਲਾਦਾਸ ਪ੍ਰਿਯਾਚਰਕਸ਼ੂ,1960,ਪੰਨੇ 26-27
3.ਆਦਿ-ਗ੍ਰੰਥ.............ਪੰਨੇ 1413-1421

ਵੈਸੇ ਉਨ੍ਹਾਂ ਸ਼ਲੋਕਾਂ ਦੀ ਚਾਲ ਆਮ ਕਰਕੇ ਕਿਸੇ ਰਵਾਇਤੀ-ਛੰਦ ਦੀ ਕੈਦ ਵਿੱਚ ਜਕੜੀ ਹੋਈ ਨਹੀਂ। ਰਵਾਇਤੀ-ਛੰਦਾਂ ਦੀਆਂ ਮਾਤ੍ਰਾਂ ਦੀ ਥਾਂ ਗੁਰਦੇਵ ਨੇ "ਘਰੁ" ਜਾਂ ਤਾਲ ਦੀਆਂ ਮਾਤ੍ਰਾ ਨੂੰ ਹੀ ਸਨਮੁਖ ਰੱਖਿਆ ਜਾਪਦਾ ਹੈ। ਜਿੱਥੋਂ ਤਕ ਪਿੰਗਲ ਦੇ ਰਵਾਇਤੀ-ਨਿਯਮਾਂ ਅਨੁਸਾਰ ਮਾਤ੍ਰਾ ਦੀ ਗਿਣਤੀ ਦਾ ਸੰਬੰਧ ਹੈ, ਗੁਰੂ ਅਮਰਦਾਸ ਦੇ ਸ਼ਲੋਕਾਂ ਦੀਆਂ ਤੁਕਾਂ ਵਿੱਚ ਆਮ ਕਰਕੇ ਮਾਤ੍ਰਾ ਦੀ ਤਰਤੀਬ 7+8, 8+8, 8+9, 8+10, 10+7, 10+9, 12+10, 13+10, 13+11, 13+12, 13+13, 13+14, 14+11, 14+13, 14+17, 15+10, 15+12, 15+13, 16+15, 16+11, 16+18, 17+11, 17+13, 19+11, 20+11, 20+12 ਅਤੇ 21+13 ਆਦਿਕ ਹੈ।

ਇੱਕੋ ਸ਼ਲੋਕ ਦੀਆਂ ਤੁਕਾਂ ਵਿੱਚ ਬੇਸ਼ਕ ਪਿੰਗਲ ਦੇ ਰਵਾਇਤੀ-ਨਿਯਮਾਂ ਅਨੁਸਾਰ ਮਾਤ੍ਰਾ ਦੀ ਗਿਣਤੀ ਘੱਟ ਵੱਧ ਜਾਪਦੀ ਹੈ, ਪਰ ਜਿਵੇਂ ਪਿੱਛੇ ਸੰਕੇਤ ਕੀਤਾ ਜਾ ਚੁੱਕਾ ਹੈ, ਗੁਰਬਾਣੀ ਦਾ ਸੰਬੰਧ ਰਵਾਇਤੀ-ਪਿੰਗਲ ਦੀ ਥਾਂ ਸੰਗੀਤ ਦੀਆਂ ਮਾਤ੍ਰਾ ਨਾਲ ਹੈ ਅਤੇ ਸੰਗੀਤ-ਕਲਾ ਅਨੁਸਾਰ ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ ਦੇ ਹੋਰਨਾਂ ਕਵੀਆਂ ਦੀ ਬਾਣੀ ਵਿੱਚ ਤਾਲ ਅਤੇ ਲੈਅ ਪੂਰੀ ਤਰ੍ਹਾਂ ਕਾਇਮ ਹੈ। ਇਸ ਬਾਰੇ ਭੀ ਪਿੱਛੇ ਸੰਕੇਤ ਕੀਤਾ ਜਾ ਚੁੱਕਾ ਹੈ, ਕਿ ਸੰਗੀਤ-ਕਲਾ ਅਨੁਸਾਰ ਕਈ ਸ੍ਵਰਾਂ ਦਾ ਉਚਾਰਨ ਕਈ ਵਾਰ ਇਤਨਾ ਲੰਮਾ ਹੁੰਦਾ ਹੈ, ਕਿ ਉਨ੍ਹਾਂ ਦੀਆਂ 3 ਅਤੇ 4 ਤਕ ਮਾਤ੍ਰਾ ਗਿਣੀਆਂ ਜਾਂਦੀਆਂ ਹਨ, ਪਰ ਪਿੰਗਲ ਦੇ ਰਵਾਇਤੀ-ਨਿਯਮਾਂ ਅਨੁਸਾਰ ਕਿਸੇ ਭੀ ਦੀਰਘ-ਸ੍ਵਰ ਦੀਆਂ ਮਾਤ੍ਰਾ ਦੋ ਤੋਂ ਵੱਧ ਨਹੀਂ ਹੋ ਸਕਦੀਆਂ । ਸੋ ਗੁਰੂ ਅਮਰਦਾਸ ਅਤੇ ਦੂਸਰੇ ਗੁਰੂਆਂ ਦੀ ਬਾਣੀ ਵਿੱਚ ਰਵਾਇਤੀ-ਪਿੰਗਲ ਅਨੁਸਾਰ ਮਾਤ੍ਰਾ ਦੀ ਗਿਣਤੀ ਕਰਨ ਦੀ ਥਾਂ ਇਹ ਵੇਖਣਾ ਵਧੇਰੇ ਜ਼ਰੂਰੀ ਹੈ, ਕਿ ਉਸ ਵਿੱਚ ਤਾਲ ਅਤੇ ਲੈਅ ਕਿਤੇ ਨਹੀਂ ਟੁੱਟਦੇ ।

ਬਣਤਰ ਦੇ ਪੱਖ ਤੋਂ ਗੁਰੂ ਅਮਰਦਾਸ ਦੇ ਸ਼ਲੋਕਾਂ ਵਿੱਚ ਤੁਕਾਂ ਦੀ ਗਿਣਤੀ ਦੋ ਤੋਂ ਦਸ ਤਕ ਮਿਲਦੀ ਹੈ, ਪਰ ਆਮ ਕਰਕੇ ਦੋਤੁਕੇ ਜਾਂ ਚਾਰ ਤੁਕੇ ਸ਼ਲੋਕਾਂ ਦੀ ਵਰਤੋਂ ਵਧੇਰੇ ਕੀਤੀ ਗਈ ਪ੍ਰਤੀਤ ਹੁੰਦੀ ਹੈ। ਰਵਾਇਤੀ-ਛੰਦਾਂ ਵਿੱਚੋਂ ਦੋਹਾ ਜਾਂ ਦੋਹਿਰਾ( 13+11 ਮਾਤ੍ਰਾ), ਦੋਹਿਰਾ ਵੱਡਾ( 15+13 ਮਾਤ੍ਰਾ ਅੰਤ ਗੁਰੂ-ਲਘੂ), ਚਉਪਈ( 8+8 ਜਾਂ 8+7 ਮਾਤ੍ਰਾ), ਉੱਲਾਲ( 15+13 ਮਾਤ੍ਰਾ), ਸਰਸੀ( 16+11 ਮਾਤ੍ਰਾ), ਨਿਸ਼ਾਨੀ-ਛੰਦ( 13+10 ਮਾਤ੍ਰਾ), ਮਾਤ੍ਰਿਕ ਸਵਈਆ( 16+15, 16+16 ਅਤੇ 16+18 ਮਾਤ੍ਰਾ), ਸੁਕਾਵਯ( 13+11 ਮਾਤ੍ਰਾ ਅੰਤ ਦੋ ਗੁਰੂ), ਸੁਖਦਾ ਦੂਜਾ( 12+10 ਮਾਤ੍ਰਾ), ਸੁਗੀਤਿਕਾ ( 15+10 ਮਾਤ੍ਰਾ ਅੰਤ ਦੋ ਗੁਰੂ ਜਾਂ ਗੁਰੂ-ਲਘੂ), ਸੁਭਟੇਦ੍ਰ( 13+11 ਮਾਤ੍ਰਾ, ਚਾਰ ਤੁਕਾਂ, ਅੰਤ ਗੁਰੂ-ਲਘੂ), ਹੰਸ( 7+8 ਮਾਤ੍ਰਾ ਅੰਤ ਗੁਰੂ-ਲਘੂ), ਗਾਹਾ ਦੂਜਾ( 14+13 ਮਾਤ੍ਰਾ), ਰਸਾਵਲ( 13+11 ਮਾਤ੍ਰਾ ਅੰਤ ਗੁਰੂ-ਲਘੂ-ਲਘੂ), ਲਲਿਤਾਪਦ( 15+12 ਮਾਤ੍ਰਾ), ਆਦਿਕ ਦੀਆਂ ਮਾਤ੍ਰਾ ਮਿਲਦੀਆਂ ਹਨ। ਪਰ ਗੁਰੂ

ਅਮਰਦਾਸ ਦੇ ਸ਼ਲੋਕਾਂ ਨੂੰ ਰਵਾਇਤੀ-ਛੰਦਾਂ ਦੀਆਂ ਮਾਤ੍ਰਾ ਦੇ ਜਕੜਬੰਦ ਵਿੱਚ ਕੈਦ ਨਹੀਂ ਕੀਤਾ ਜਾ ਸਕਦਾ। ਗੁਰਦੇਵ ਦੇ ਸ਼ਲੋਕਾਂ ਦੀਆਂ ਦੋ ਤਿੰਨ ਵੰਨਗੀਆਂ ਹਾਜ਼ਰ ਹਨ:-

(ੳ) ਸਾਵਣਿ ਸਰਸੀ ਕਾਮਣੀ ਗੁਰਸਬਦੀ ਵੀਚਾਰਿ ।
ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ ।
(ਵਾਰ ਮਲਾਰ ਮ:1 ਸ਼ਲੋਕ ਮ:3)[1]

(ਅ) ਹੁਕਮੁ ਨ ਜਾਣੈ ਬਹੁਤਾ ਰੋਵੈ। ਅੰਦਰਿ ਧੋਖਾ ਨੀਦ ਨ ਸੋਵੈ ।
ਜੇ ਧਨ ਖਸਮੈ ਚਲੈ ਰਜਾਈ । ਦਰਿ ਘਰਿ ਸੋਭਾ ਮਹਲਿ ਬੁਲਾਈ ।
ਨਾਨਕ ਕਰਮੀ ਇਹ ਮਤਿ ਪਾਈ । ਗੁਰਪਰਸਾਦੀ ਸਚਿ ਸਮਾਈ ।
(ਸ੍ਰੀਰਾਗੁ ਕੀ ਵਾਰ ਮ:4 ਸ਼ਲੋਕ ਮ:3)[2]

(ੲ) ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ ।
ਲਿਖਣਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ।
ਨਾਨਕ ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ ।
(ਸ੍ਰੀਰਾਗੁ ਕੀ ਵਾਰ ਮ:4 ਸ਼ਲੋਕ ਮ:3)[3]

(ਸ) ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ।
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ।
ਗੁਰਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ।
ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ।
(ਵਾਰ ਸੋਰਠ ਮ:4 ਸ਼ਲੋਕ ਮ:3)[4]

## (6) ਛੰਤ

ਆਦਿ-ਗ੍ਰੰਥ ਵਿੱਚ ਜਿੱਥੋਂ ਤਕ ਕਾਵਿ-ਭੇਦਾਂ ਦਾ ਸੰਬੰਧ ਹੈ, ਛੰਤਾਂ ਨੂੰ ਭੀ ਵਿਸ਼ੇਸ਼ ਅਸਥਾਨ ਪ੍ਰਾਪਤ ਹੈ। ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੀ ਬਾਣੀ ਵਿੱਚ ਅਨੇਕਾਂ ਛੰਤਾਂ ਦਾ ਸੁੰਦਰ ਪ੍ਰਯੋਗ ਵੇਖ ਕੇ ਇਹੋ ਸਿੱਧ ਹੁੰਦਾ ਹੈ, ਕਿ ਪੰਦਰ੍ਹਵੀਂ ਅਤੇ ਸੋਲ੍ਹਵੀਂ ਸਦੀ ਵਿੱਚ ਛੰਤ ਪੰਜਾਬੀਆਂ ਦਾ ਲੋਕ-ਪ੍ਰਿਯ ਕਾਵਿ-ਭੇਦ ਸੀ।

ਛੰਤ ਅਤੇ ਛੰਦ ਵਿੱਚ ਭੇਦ ਹੈ। ਛੰਤ ਇਕ ਵਿਸ਼ੇਸ਼ ਕਾਵਿ-ਭੇਦ ਹੈ ਅਤੇ ਛੰਦ ਇਸਦੇ ਉਲਟ ਤੋਲ-ਤੁਕਾਂਤ ਵਿੱਚ ਬੱਝੀ ਕਿਸੇ ਭੀ ਕਵਿਤਾ ਨੂੰ ਆਖਿਆ ਜਾ ਸਕਦਾ ਹੈ। ਵੈਸੇ ਆਮ ਬੋਲ-ਚਾਲ ਵਿੱਚ ਖਾਸ ਕਰਕੇ ਵਿਵਾਹ-ਢੰਗ ਦੇ ਸਮੇਂ ਲੋਕ ਛੰਤ ਅਤੇ ਛੰਦ ਨੂੰ ਸਮਾਨ-ਅਰਥਾਂ ਵਿੱਚ ਹੀ ਬਿਆਨ ਕਰਦੇ ਸੁਣਾਈ ਦਿੰਦੇ ਹਨ। ਗੁਰੂ ਅਮਰਦਾਸ ਅਤੇ ਦੂਸਰੇ ਗੁਰੂ ਸਾਹਿਬਾਨ ਦੁਆਰਾ ਰਚੇ ਛੰਤਾਂ ਦਾ ਅਧਿਐਨ ਕਰਨ ਉਪਰੰਤ ਇਹ ਸੁਝਾਓ ਮਿਲਦਾ ਹੈ, ਕਿ ਛੰਤ ਇਕ ਪਰਕਾਰ ਦਾ ਸੁਹਾਗ-ਗੀਤ ਹੈ, ਜਿਸ ਵਿੱਚ ਧਨੁ(ਪਤਨੀ) ਅਤੇ ਪਿਰ(ਪਤੀ)

---

1.ਆਦਿ-ਗ੍ਰੰਥ................ ਪੰਨਾ 1285
2.ਆਦਿ-ਗ੍ਰੰਥ................ ਪੰਨਾ 85
3.ਆਦਿ-ਗ੍ਰੰਥ................ ਪੰਨਾ 85
4.ਆਦਿ-ਗ੍ਰੰਥ................ ਪੰਨਾ 651

ਦੇ ਅਲੰਕਾਰ ਦੁਆਰਾ ਜੀਵ-ਆਤਮਾ ਅਤੇ ਪ੍ਰਮਾਤਮਾ ਦੇ ਮਿਲਾਪ ਦਾ ਸੰਕਲਪ ਕੀਤਾ ਗਿਆ ਹੈ । ਅੱਜ ਕੱਲ ਭੀ ਵਿਵਾਹ-ਸ਼ਾਦੀ ਦੇ ਸਮੇਂ ਜਦੋਂ ਜੰਞ ਦਾ ਢੁਕਾਉ ਹੁੰਦਾ ਹੈ, ਲੜਕੀ ਵਾਲੇ(ਧੇਤੇ) ਲੜਕੇ ਵਾਲਿਆਂ (ਪ੍ਰਤੇਤਿਆਂ) ਦੇ ਸੁਆਗਤ ਵਜੋਂ ਗੁਰੂ ਨਾਨਕ ਰਚਿਤ ਸੂਹੀ ਰਾਗ ਦਾ ਛੰਤ ਗਾਉਂਦੇ ਹਨ, ਵਿਸ਼ੇਸ਼ ਕਰਕੇ ਹੇਠ ਲਿਖੀਆਂ ਤੁਕਾਂ:-

> ਹਮ ਘਰਿ ਸਾਜਨ ਆਏ । ਸਾਚੈ ਮੇਲਿ ਮਿਲਾਏ ।
> ਸਹਿਜ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖ ਪਾਇਆ ।
> ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ।
> ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ।
> ਪੰਚ ਸਬਦ ਧੁਨਿ ਅਨਹਦ ਵਾਜੇ ਹਮਘਰਿ ਸਾਜਨ ਆਏ ।
>
> (ਰਾਗੁ ਸੂਹੀ ਮ:1 ਛੰਤੁ ਘਰੁ 2)[1]

ਪਿਤਾ-ਪੁਰਖੀ ਘਰਾਣਿਆਂ ਵਿੱਚ(ਖਾਸ ਕਰਕੇ ਪੰਜਾਬ ਦੇ ਪਿੰਡਾਂ ਵਿੱਚ), ਜਿੱਥੇ ਪੰਜਾਬੀ-ਸਭਿਆਚਾਰ ਅਜੇ ਤਕ ਜੀਉਂਦਾ-ਜਾਗਦਾ ਹੈ, ਮਾਲੀਆਂ ਦੇ ਝੁਰਮਟ ਵਿੱਚ ਜੀਜੇ ਨੂੰ ਭੀ "ਛੰਦ" ਪਾਉਣ ਲਈ ਆਖਿਆ ਜਾਂਦਾ ਹੈ। ਆਮ ਕਰਕੇ ਅਜਿਹੇ ਛੰਦ ਸ਼ਿੰਗਾਰ-ਭਾਵ ਵਿੱਚ ਡੁੱਬੇ ਹੁੰਦੇ ਹਨ ਅਤੇ ਕਈ ਵਾਰ ਉਸ ਵਾਯੂ-ਮੰਡਲ ਤੋਂ ਬਾਹਰ ਐਸੇ ਛੰਦਾਂ ਨੂੰ ਸੁਣ ਕੇ ਸਾਊ ਮਰਦ ਅਤੇ ਤੀਵੀਆਂ ਲੱਜਿਤ ਹੋ ਜਾਂਦੇ ਹਨ। ਗੁਰੂ ਸਾਹਿਬਾਨ ਲਕੀਰ ਦੇ ਫ਼ਕੀਰ ਨਹੀਂ ਸਨ। ਉਨ੍ਹਾਂ ਲੋਕਾਂ ਦੀ ਨਬਜ਼ ਨੂੰ ਟੋਹ ਕੇ ਬੀਮਾਰ-ਮਨਾਂ ਨੂੰ ਨੀਵਿਓਂ ਉਚੇ ਪਾਸੇ ਵਲ ਮੋੜ ਦਿੱਤਾ । ਲੋਕਾਂ ਦਾ ਪਿਆਰਾ ਕਾਵਿ-ਭੇਦ ਲੈ ਲਿਆ ਸਮੇਤ ਪਤੀ-ਪਤਨੀ ਦੇ ਸ਼ਿੰਗਾਰ ਅਤੇ ਪਿਆਰ-ਭਾਵ ਦੇ, ਪਰ ਉਸ ਦੁਆਰਾ ਚੀਮ-ਖੁਸ਼ੀ ਦੇ ਗੀਤ ਗਾਉਣ ਦੀ ਥਾਂ, ਉਨ੍ਹਾਂ ਪ੍ਰਭੂ-ਮਿਲਾਪ ਨਾਲ ਸੰਬੰਧਤ ਸਹਜ-ਅਨੰਦ ਦੇ ਸੋਹਿਲੇ ਗਾਏ। ਆਸਾ ਰਾਗ ਵਿੱਚ ਗੁਰੂ ਅਮਰਦਾਸ ਦੇ ਇਕ ਛੰਤ ਦੀਆਂ ਕੁਝ ਤੁਕਾਂ ਹਨ:-

> ਹਮ ਘਰੇ ਸਾਚਾ ਸੋਹਿਲਾ ਸਾਚੈ ਸਬਦਿ ਸੁਹਾਇਆ ਰਾਮ ।
> ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ ।
> ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ ।
> ਗੁਰਸਬਦਿ ਸੀਗਾਰੀ ਸਚਿ ਸਵਾਰੀ ਸਦਾ ਰਾਵੇ ਰੰਗਿ ਰਾਤੀ ।
> ਆਪੁ ਗਵਾਏ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ ।
> ਕਹੁ ਨਾਨਕ ਗੁਰਸਬਦਿ ਸਵਾਰੀ ਸਫਲਿਉ ਜਨਮੁ ਸਬਾਇਆ ।
>
> (ਆਸਾ ਮਹਲਾ 3 ਛੰਤ ਘਰੁ 1)[2]

ਛੰਤ ਦਾ ਸਭ ਤੋਂ ਵੱਡਾ ਗੁਣ ਪਤੀ-ਪਤਨੀ ਦੇ ਰਿਸ਼ਤੇ ਵਰਗੀ ਪ੍ਰਮਾਤਮਾ ਨਾਲ ਨੇੜੇ ਦੀ ਸਾਂਝ ਪਾ ਕੇ ਘਰੋਗੀ-ਵਾਤਾਵਰਨ ਦੁਆਰਾ ਆਤਮਿਕ-ਭੇਤਾਂ ਨੂੰ ਖੋਲ੍ਹਣਾ ਹੈ। ਗੁਰੂ ਅਮਰਦਾਸ ਰਚਿਤ ਛੰਤਾਂ ਵਿੱਚ ਇਹ

---

1. ਆਦਿ-ਗ੍ਰੰਥ......................ਪੰਨਾ 764
2. ਆਦਿ-ਗ੍ਰੰਥ......................ਪੰਨਾ 439

ਗੁਣ ਕਿਸੇ ਭੀ ਹੋਰ ਗੁਰੂ-ਕਵੀ ਨਾਲੋਂ ਘੱਟ ਨਹੀਂ । ਉਪਰੋਕਤ ਛੰਤ ਵਿੱਚ ਗੁਰੂ ਅਮਰਦਾਸ ਦੇ ਕਈ ਦੂਸਰੇ ਛੰਤਾਂ ਵਾਂਗ ਹੀ ਚਾਰ ਪਦੇ **ਹਨ** । ਇਹ ਚਾਰ ਪਦੇ ਪ੍ਰਭੂ-ਮਿਲਾਪ ਲਈ ਤਾਂਘਦੀ ਜੀਵ-ਆਤਮਾ ਦੀਆਂ ਜਾਣੋ ਚਾਰ ਵੱਖ ਵੱਖ ਅਵਸਥਾਵਾਂ ਹਨ । ਇਨ੍ਹਾਂ ਚਾਰ ਅਵੱਸਥਾਵਾਂ ਨੂੰ ਅਸਾਂ ਗੁਰਦੇਵ ਦੀ ਕਵਿਤਾ ਵਿੱਚ "ਪ੍ਰਤੀਕ" ਦਾ ਅਧਿਅਨ ਕਰਨ ਸਮੇਂ ਵੱਖਰ ਅਧਿਆਇ ਦੁਆਰਾ ਵਿਸਥਾਰ ਸਹਿਤ **ਬਿਆਨ** ਕੀਤਾ ਹੈ। ਇੱਥੇ ਕੇਵਲ ਸੰਬੰਧਤ ਛੰਤ ਦੇ ਬਾਕੀ ਤਿੰਨਾਂ ਪਦਿਆਂ ਦਾ ਉਤਾਰਾ ਕਰਦੇ ਹਾਂ:-

ਦੂਜੜੈ ਕਾਮਣਿ ਭਰਮਿ ਭੁਲੀ ਹਰਿ ਵਰੁ ਨ ਪਾਏ ਰਾਮ ।
ਕਾਮਣਿ ਗੁਣੁ ਨਾਹੀ ਬਿਰਥਾ ਜਨਮੁ ਗਵਾਏ ਰਾਮ ।
ਬਿਰਥਾ ਜਨਮੁ ਗਵਾਏ ਮਨਮੁਖਿ ਇਆਣੀ ਅਉਗਣਵੰਤੀ ਝੂਰੇ ।
ਆਪਣਾ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਤਾ ਪਿਰੁ ਮਿਲਿਆ ਹਦੂਰੇ ।
ਦੇਖਿ ਪਿਰੁ ਵਿਗਸੀ ਅੰਦਰਹੁ ਸਰਸੀ ਸਚੈ ਸਬਦਿ ਸੁਭਾਏ ।
ਨਾਨਕ ਵਿਣੁ ਨਾਵੈ ਕਾਮਣਿ ਭਰਮਿ ਭੁਲਾਣੀ ਮਿਲਿ ਪ੍ਰੀਤਮ ਸੁਖੁ ਪਾਏ । 2 ।
ਪਿਰੁ ਸੰਗਿ ਕਾਮਣਿ ਜਾਣਿਆ ਗੁਰਿ ਮੇਲਿ ਮਿਲਾਈ ਰਾਮ ।
ਅੰਤਰਿ ਸਬਦਿ ਮਿਲੀ ਸਹਜੇ ਤਪਤਿ ਬੁਝਾਈ ਰਾਮ ।
ਸਬਦਿ ਤਪਤਿ ਬੁਝਾਈ ਅੰਤਰਿ ਸਾਂਤਿ ਆਈ ਸਹਜੇ ਹਰਿ ਰਸੁ ਚਾਖਿਆ ।
ਮਿਲਿ ਪ੍ਰੀਤਮ ਅਪਣੇ ਸਦਾ ਰੰਗੁ ਮਾਣੇ ਸਚੈ ਸਬਦਿ ਸੁਭਾਖਿਆ ।
ਪੜਿ ਪੜਿ ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ।
ਨਾਨਕ ਬਿਨੁ ਭਗਤੀ ਜਗੁ ਬਉਰਾਨਾ ਸਚੈ ਸਬਦਿ ਮਿਲਾਈ । 3 ।
ਸਾਧਨ ਮਨਿ ਅਨਦੁ ਭਇਆ ਹਰਿ ਜੀਉ ਮੇਲਿ ਪਿਆਰੇ ਰਾਮ ।
ਸਾਧਨ ਹਰਿਕੈ ਰਸਿ ਰਸੀ ਗੁਰ ਕੈ ਸਬਦਿ ਅਪਾਰੇ ਰਾਮ ।
ਸਬਦਿ ਅਪਾਰੇ ਮਿਲੇ ਪਿਆਰੇ ਸਦਾ ਗੁਣ ਸਾਰੇ ਮਨਿ ਵਸੇ ।
ਸੇਜ ਸੁਹਾਵੀ ਜਾ ਪਿਰਿ ਰਾਵੀ ਮਿਲਿ ਪ੍ਰੀਤਮ ਅਵਗਣ ਨਸੇ ।
ਜਿਤੁ ਘਰਿ ਨਾਮੁ ਹਰਿ ਸਦਾ ਧਿਆਈਐ ਸੋਹਿਲੜਾ ਜੁਗ ਚਾਰੇ ।
ਨਾਨਕ ਨਾਮਿ ਰਤੇ ਸਦਾ ਅਨਦੁ ਹੈ ਹਰਿ ਮਿਲਿਆ ਕਾਰਜ ਸਾਰੇ ।

(ਆਸਾ ਮਹਲਾ 3 ਛੰਤ ਘਰੁ 1)[1]

ਬਣਤਰ ਦੇ ਪੱਖ ਤੋਂ ਜਿਵੇਂ ਉੱਪਰ ਦੱਸਿਆ ਜਾ ਚੁੱਕਾ ਹੈ, ਗੁਰੂ ਅਮਰਦਾਸ ਦੇ ਲਗਪਗ ਹਰ ਛੰਤ ਦੇ ਚਾਰ ਪਦੇ ਹਨ ਅਤੇ ਹਰ ਪਦੇ ਵਿੱਚ ਅੱਗੋਂ ਛੇ ਤੁਕਾਂ । ਕੇਵਲ ਆਸਾ ਰਾਗ(ਘਰੁ 3) ਦਾ ਇਕ ਛੰਤ[2]ਅਜਿਹਾ ਹੈ ਜਿਸਦੇ ਦਸ ਪਦੇ ਹਨ। ਇਨ੍ਹਾਂ ਸਭ ਛੰਤਾਂ ਵਿੱਚ ਕਈ ਜਾਤੀਆਂ ਦੇ ਛੰਦਾਂ ਅਰਥਾਤ ਤੋਲ-ਤੁਕਾਂਤ-ਪ੍ਰਬੰਧਾਂ ਦਾ ਪ੍ਰਯੋਗ ਕੀਤਾ ਗਿਆ ਹੈ। ਪਰ ਛੰਤਾਂ ਦੀਆਂ ਤੁਕਾਂ ਵਿੱਚ ਮਾਤ੍ਰਾ ਦੀ

1.ਆਦਿ-ਗ੍ਰੰਥ...............ਪੰਨਾ 439-440
2.ਆਦਿ-ਗ੍ਰੰਥ...............ਪੰਨਾ 440-442

ਗਿਣਤੀ ਇਕਸਾਰ ਨਹੀਂ। ਇਸਦਾ ਭੀ ਇਹੋ ਕਾਰਨ ਹੈ, ਕਿ ਗੁਰੂ ਅਮਰਦਾਸ ਪਿੰਗਲ ਦੇ ਰਵਾਇਤੀ-ਨਿਯਮਾਂ ਅਨੁਸਾਰ ਕਵਿਤਾ ਰਚਨ ਦੀ ਥਾਂ ਰਾਗ ਦੇ ਤਾਲ ਅਤੇ ਲੈਅ ਨੂੰ ਸਨਮੁਖ ਰੱਖਦੇ ਸਨ। ਅਸਾਂ ਕਈ ਪ੍ਰਸਿਧ ਰਾਗੀਆਂ ਪਾਸੋਂ ਗੁਰਦੇਵ ਦੀ ਬਾਣੀ ਦੇ ਕਈ ਪਦੇ ਸੁਣੇ ਹਨ ਅਤੇ ਇਹ ਗੱਲ ਪੱਕੀ ਕੀਤੀ ਹੈ, ਕਿ ਆਪਦੀ ਬਾਣੀ ਵਿੱਚ ਤਾਲ ਅਤੇ ਲੈਅ ਪੂਰੀ ਤਰ੍ਹਾਂ ਕਾਇਮ ਹੈ।

ਗੁਰੂ ਅਮਰਦਾਸ ਅਤੇ ਕਈ ਦੂਸਰੇ ਗੁਰੂ-ਕਵੀਆਂ ਦੇ ਛੰਤਾਂ ਦੀ ਬਣਤਰ ਨੂੰ ਵੇਖ ਕੇ ਕਈ ਪਾਠਕਾਂ ਨੂੰ ਇਹ ਟਪਲਾ ਲਗਦਾ ਹੈ, ਕਿ ਸੰਬੰਧਤ ਛੰਤਾਂ ਦੇ ਹਰ ਪਦੇ ਦੀ ਤੀਜੀ ਤੁਕ ਦਾ ਪਹਿਲਾ ਭਾਗ, ਦੂਜੀ ਤੁਕ ਦੇ ਅੰਤਲੇ ਭਾਗ ਦਾ ਦੁਹਰਾਉ ਜਿਹਾ ਹੋਣ ਕਰਕੇ ਛੰਤਾਂ ਦੀ ਬਣਤਰ ਕੁੰਡਲੀਏ ਦੀ ਬਣਤਰ ਨਾਲ ਮਿਲਦੀ ਹੈ। ਪਰ ਕੁੰਡਲੀਏ ਵਿੱਚ ਪਹਿਲੀਆਂ ਦੋ ਤੁਕਾਂ ਦੋਹਿਰੇ(13+11=24 ਮਾਤ੍ਰਾ)ਦੀਆਂ ਅਤੇ ਪਿਛਲੀਆਂ ਚਾਰ ਤੁਕਾਂ ਰੋਲੇ(11+13=24 ਮਾਤ੍ਰਾ) ਦੀਆਂ ਹੁੰਦੀਆਂ ਹਨ। ਇਸਦੇ ਉਲਟ ਗੁਰੂ ਅਮਰਦਾਸ ਅਤੇ ਕਈ ਦੂਸਰੇ ਗੁਰੂਆਂ ਦੇ ਛੰਤਾਂ ਵਿੱਚ ਮਾਤ੍ਰਾ ਦੀ ਤਰਤੀਬ ਹੋਰ ਤਰ੍ਹਾਂ ਦੀ ਹੈ । ਗੁਰੂ ਨਾਨਕ ਦੇ ਜਿਹੜੇ ਛੰਤ ਵਲ ਅਸਾਂ ਪਿੱਛੇ ਸੰਕੇਤ ਕੀਤਾ ਹੈ, ਉਸ ਦੀਆਂ ਪਹਿਲੀਆਂ ਦੋ ਤੁਕਾਂ ਵਿੱਚ ਨਿਤ-ਛੰਦ(12+12 ਮਾਤ੍ਰਾ) ਅਤੇ ਪਿਛਲੀਆਂ ਚਹੁੰ ਤੁਕਾਂ ਵਿੱਚ "ਸਾਰ" ਨਾਮੀ ਛੰਦ(16+12 ਮਾਤ੍ਰਾ) ਦੀਆਂ ਮਾਤ੍ਰਾ ਗੂੰਜਦੀਆਂ ਸੁਣਾਈ ਦਿੰਦੀਆਂ ਹਨ। ਇਹੋ ਜਿਹੇ ਡਬਲ-ਛੰਦ ਨੂੰ ਭਾਈ ਕਾਹਨ ਸਿੰਘ[1]ਨੇ "ਕਲਸ" ਦਾ ਨਾਮ ਦਿੱਤਾ ਹੈ। ਕਲਸ-ਛੰਦ ਬਾਰੇ ਕਾਹਨ ਸਿੰਘ[2] ਲਿਖਦਾ ਹੈ,"ਇਸਦਾ ਨਾਮ "ਉਲਾਸ" ਅਥਵਾ "ਹੁਲਾਸ" ਭੀ ਹੈ। ਇਹ ਛੰਦ ਦੋ ਛੰਦਾਂ ਦੇ ਮੇਲ ਤੋਂ ਬਣਾਯਾ ਜਾਂਦਾ ਹੈ। ਜੋ ਛੰਦ ਕਲਸ (ਸਿਰ) ਪਰ ਰੱਖਿਆ ਜਾਵੇ, ਉਸਦਾ ਅੰਤਿਮ ਪਦ, ਦੂਜੇ ਛੰਦ ਦੇ ਮੁੱਢ ਸਿੰਘਾਵਲੋਕਨ ਨਯਾਯ ਕਰਕੇ ਆਉਣਾ ਚਾਹੀਯੇ।"

ਉਪਰੋਕਤ ਦ੍ਰਿਸ਼ਟੀ ਤੋਂ ਗੁਰੂ ਅਮਰਦਾਸ ਦੇ ਛੰਤਾਂ ਵਿੱਚ ਭੀ ਆਮ ਕਰਕੇ "ਕਲਸ" ਨਾਮੀ ਛੰਦ ਦਾ ਹੀ ਪ੍ਰਯੋਗ ਕੀਤਾ ਗਿਆ ਹੈ। ਦੂਜੇ ਸ਼ਬਦਾਂ ਵਿੱਚ ਗੁਰੂ ਅਮਰਦਾਸ ਦੇ ਛੰਤਾਂ ਵਿੱਚ ਹਰ ਪਦੇ ਦੀਆਂ ਮੁਢਲੀਆਂ ਤੁਕਾਂ ਵਿੱਚ ਹੋਰ ਛੰਦ ਹੈ ਅਤੇ ਪਿਛਲੀਆਂ ਵਿੱਚ ਹੋਰ। ਕਈ ਵਾਰ ਇੱਕੋ ਕਾਵਿ-ਬੰਦ ਵਿੱਚ ਦੋ ਤੋਂ ਭੀ ਵਧੀਕ ਛੰਦਾਂ ਦਾ ਸੰਗਮ ਜਾਪਦਾ ਹੈ। ਇਸ ਹਿਸਾਬ ਗੁਰੂ ਅਮਰਦਾਸ ਦੇ ਛੰਤਾਂ ਵਿੱਚ ਵਿਖਮ-ਮਾਤ੍ਰਿਕ-ਛੰਦ ਦਾ ਪ੍ਰਯੋਗ ਭੀ ਸਿੱਧ ਕੀਤਾ ਜਾ ਸਕਦਾ ਹੈ।

ਪਿੰਗਲ ਦੇ ਰਵਾਇਤੀ-ਨਿਯਮਾਂ ਅਨੁਸਾਰ ਗੁਰੂ ਅਮਰਦਾਸ ਦੇ ਛੰਤਾਂ ਦੀਆਂ ਤੁਕਾਂ ਵਿੱਚ ਵਿਸ਼ੇਸ਼ ਕਰਕੇ ਸਵਈਆ(16+15 ਮਾਤ੍ਰਾ ਅੰਤ ਗੁਰੂ-ਲਘੁ), ਸਵਈਆ ਦੂਜਾ ਰੂਪ(18+14 ਮਾਤ੍ਰਾ), ਦਵਈਆ(16+12 ਮਾਤ੍ਰਾ ਅੰਤ ਦੋ ਗੁਰੂ), ਹਰਿਗੀਤਿਕਾ(16+12 ਮਾਤ੍ਰਾ ਅੰਤ ਗੁਰੂ-ਲਘੁ-ਗੁਰੂ), ਕੁਕਭਾ(16+14 ਮਾਤ੍ਰਾ ਅੰਤ ਦੋ ਗੁਰੂ), ਤਾਟੰਕ(16+14 ਮਾਤ੍ਰਾ ਅੰਤ ਤਿੰਨ ਗੁਰੂ), ਪਦਮਾਵਤੀ (10+8+12 ਜਾਂ 10+8+14 ਅੰਤ ਦੋ ਗੁਰੂ), ਦੋਹਿਰਾ(13+11 ਮਾਤ੍ਰਾ ਅੰਤ ਗੁਰੂ-ਲਘੁ),

---

1.ਭਾਈ ਕਾਹਨ ਸਿੰਘ- ਗੁਰੁਛੰਦ ਦਿਵਾਕਰ, ਪੰਨਾ 140
2.ਉਹੀ.....................ਪੰਨਾ 138

ਨਿਸ਼ਾਨੀ ਛੰਦ(13+10 ਮਾਤ੍ਰਾ ਅੰਤ ਦੋ ਗੁਰੂ), ਉੱਲਾਲ(15+13 ਮਾਤ੍ਰਾ ਅੰਤ ਗੁਰੂ-ਲਘੂ-ਗੁਰੂ) ਅਤੇ ਕਈ ਹੋਰ ਪਰਕਾਰ ਦੇ ਛੰਦਾਂ ਦੀਆਂ ਮਾਤ੍ਰਾ ਗੂੰਜਦੀਆਂ ਸੁਣਾਈ ਦਿੰਦੀਆਂ ਹਨ।

(7) <u>ਅਲਾਹੁਣੀਆਂ</u>

ਜਿਵੇਂ ਛੰਤ ਖ਼ੁਸ਼ੀ ਜਾਂ ਸੁਹਾਗ ਦਾ ਗੀਤ ਹੈ, ਇਸੇਤਰ੍ਹਾਂ ਅਲਾਹੁਣੀ ਸੋਗ ਜਾਂ ਵਿਛੋੜੇ ਦੇ ਭਾਵਾਂ ਨਾਲ ਸੰਬੰਧਤ ਹੈ। ਗੁਰੂ ਸਾਹਿਬਾਨ ਦੇ ਸਮੇਂ ਪੰਜਾਬ ਦੇ ਪਿੰਡਾਂ ਵਿੱਚ ਕਿਸੇ ਪਿਆਰੇ ਦੀ ਮਿਰਤੂ ਹੋਣ ਤੇ ਉਸਦੀ ਪਤਨੀ ਜਾਂ ਅਤੀ ਨੇੜੇ ਦੇ ਸਾਕਾਂ-ਸੰਬੰਧੀਆਂ ਤੋਂ ਛੁੱਟ ਗਲੀ-ਮਹੱਲੇ ਦੀਆਂ ਤੀਵੀਆਂ ਭੀ ਅਜਿਹੇ ਸੋਗ-ਗੀਤ ਵਿੱਚ ਸ਼ਾਮਿਲ ਹੁੰਦੀਆਂ ਸਨ। ਤੀਵੀਆਂ ਦੇ ਝੁਰਮਟ ਵਿੱਚ ਇਕ ਨੈਣ ਅਲਾਹੁਣੀ ਦਿੰਦੀ ਹੈ ਅਤੇ ਬਾਕੀ ਦੀਆਂ ਇਕਸੁਰ ਹੋ ਕੇ ਸਿਆਪਾ ਔਡਦੀਆਂ ਹਨ। ਬੇਸ਼ਕ ਅਲਾਹੁਣੀਆਂ ਦਾ ਰਿਵਾਜ ਅੱਜ ਕੱਲ ਨਾਮ-ਮਾਤਰ ਹੀ ਰਹਿ ਗਿਆ ਹੈ, ਪਰ ਵੈਣ, ਵਿਰਲਾਪ ਅਤੇ ਕੀਰਨੇ ਅਜੇ ਭੀ ਕਈ ਥਾਈਂ ਸੁਣਾਈ ਦਿੰਦੇ ਹਨ। ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੇ ਸਮਕਾਲੀ-ਪੰਜਾਬ ਵਿੱਚ ਅਲਾਹੁਣੀਆਂ ਦੀ ਝਾਕੀ ਬਹੁਤ ਕਰੁਣਾਮਈ ਸੀ ਅਤੇ ਵਿਛੜੇ-ਪ੍ਰਾਣੀ ਦੇ ਵਿਛੋੜੇ ਵਿੱਚ ਪਿੱਟ ਪਿੱਟ ਕੇ ਲੋਕ ਹਾਲੋਂ ਬੇਹਾਲ ਹੋ ਜਾਂਦੇ ਸਨ। ਸੋ ਗੁਰੂ ਸਾਹਿਬਾਨ ਨੇ ਰੱਬੀ-ਹੁਕਮ ਅੱਗੇ ਸਿਰ ਝੁਕਾਉਣ ਜਾਂ ਭਾਣਾ ਮੰਨਣ ਦਾ ਉਪਦੇਸ਼ ਕਰਨ ਸਮੇਂ ਭੁੱਲੇ ਭਟਕੇ ਇਨਸਾਨਾਂ ਨੂੰ ਉਨ੍ਹਾਂ ਦੀ ਆਪਣੀ ਸੁਰ ਜਾਂ ਧਾਰਨਾ ਵਿੱਚ ਹੀ ਸੰਬੋਧਨ ਕੀਤਾ । ਗੁਰੂ ਨਾਨਕ ਰਚਿਤ ਰਾਗ ਵਡਹੰਸ ਦੀਆਂ ਅਲਾਹੁਣੀਆਂ ਇਸ ਪੱਖ ਤੋਂ ਬਹੁਤ ਪ੍ਰਭਾਵਸ਼ਾਲੀ ਹਨ। ਗੁਰੂ ਅਮਰਦਾਸ ਦੁਆਰਾ ਰਚੀਆਂ ਅਲਾਹੁਣੀਆਂ ਉੱਤੇ ਬੇਸ਼ਕ ਇਸ ਭਾਵ ਦਾ ਸਿਰਲੇਖ ਨਹੀਂ ਦਿੱਤਾ ਗਿਆ, ਪਰ ਵਡਹੰਸ ਰਾਗ ਵਿੱਚ ਗੁਰੂ ਨਾਨਕ ਦੀ ਸੰਬੰਧਤ ਬਾਣੀ ਤੋਂ ਪਿੱਛੋਂ ਚਾਰ ਚਾਰ ਪਦਿਆਂ ਦੀਆਂ ਚਾਰ ਅਲਾਹੁਣੀਆਂ ਗੁਰੂ ਅਮਰਦਾਸ ਰਚਿਤ ਭੀ ਹਨ।

ਗੁਰੂ ਅਮਰਦਾਸ ਰਚਿਤ ਅਲਾਹੁਣੀਆਂ ਬੇਸ਼ਕ ਗੁਰੂ ਨਾਨਕ ਰਚਿਤ ਅਲਾਹੁਣੀਆਂ ਵਾਂਗ ਸ਼ੋਖ਼ ਪ੍ਰਗਟਾਵੇ ਵਾਲੀਆਂ ਨਹੀਂ, ਪਰ ਉਨ੍ਹਾਂ ਵਿੱਚ ਮੌਤ ਅਤੇ ਪਤੀ ਦੇ ਵਿਛੋੜੇ ਨਾਲ ਸੰਬੰਧਤ ਵਾਤਾਵਰਨ ਦੀਆਂ ਤਸਵੀਰਾਂ ਵਿਖਾ ਕੇ ਸਦੀਵੀ-ਹੋਂਦ ਵਾਲੇ ਪਤੀ-ਪ੍ਰਮਾਤਮਾ ਨਾਲ ਇਕਸੁਰ ਹੋਣ ਦਾ ਉਪਦੇਸ਼ ਜ਼ਰੂਰ ਕੀਤਾ ਗਿਆ ਹੈ, ਜਿਵੇਂ:-

(ੳ)ਪ੍ਰਭੁ ਸਚੜਾ ਹਰਿ ਸਾਲਾਹੀਐ ਕਾਰਜੁ ਸਭੁ ਕਿਛੁ ਕਰਣੈ ਜੋਗੁ ।
ਸਾਧਨ ਰੰਡ ਨ ਕਬਹੂ ਬੈਸਈ ਨਾ ਕਦੇ ਹੋਵੈ ਸੋਗੁ ।
(ਵਡਹੰਸ ਮਹਲਾ 3)[1]

(ਅ) ਪਿਰੁ ਵਿਛੁੰਨਿਆ ਭੀ ਮਿਲਹ ਜੋ ਸਤਿਗੁਰ ਲਾਗਹ ਪਾਏ ।
ਸਤਿਗੁਰੁ ਸਦਾ ਦਇਆਲੁ ਹੈ ਅਵਗੁਣ ਸਬਦਿ ਜਲਾਏ ।
(ਵਡਹੰਸ ਮਹਲਾ 3)[2]

(ੲ)ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ ।
ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ ।

1.ਆਦਿ-ਗ੍ਰੰਥ..............ਪੰਨਾ 582
2.ਆਦਿ-ਗ੍ਰੰਥ..............ਪੰਨਾ 583

ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ ।
ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ ।
ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ ।
ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ ।
(ਵਡਹੰਸ ਮਹਲਾ 3)[1]

(ਸ) ਰੋਵਹਿ ਪਿਰਹਿ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ।
ਜਿਨੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮੁ ਸਮਾਲੇ ।
(ਵਡਹੰਸ ਮਹਲਾ 3)[2]

ਭਾਈ ਕਾਹਨ ਸਿੰਘ[3]ਨੇ ਠੀਕ ਲਿਖਿਆ ਹੈ, ਕਿ ਅਲਾਹੁਣੀ ਵਿੱਚ ਵਿਛੜੇ-ਪ੍ਰਾਣੀ ਦੇ ਗੁਣ-ਕਰਮ ਕਹਿ ਕੇ ਉਸਦੀ ਉਸਤਤਿ ਦਾ ਗਾਇਨ ਕੀਤਾ ਜਾਂਦਾ ਹੈ। ਵੈਸੇ ਜਿੱਥੋਂ ਤਕ ਗੁਰੂ ਅਮਰਦਾਸ ਰਚਿਤ ਅਲਾਹੁਣੀਆਂ ਦਾ ਸੰਬੰਧ ਹੈ, ਇਨ੍ਹਾਂ ਰਾਹੀਂ ਆਮ ਕਰਕੇ ਪ੍ਰਮਾਤਮਾ-ਰੂਪੀ-ਪਤੀ ਦੇ ਗੁਣਾਂ ਦੀ ਹੀ ਉਸਤਤਿ ਕੀਤੀ ਗਈ ਜਾਪਦੀ ਹੈ। ਪ੍ਰਮਾਤਮਾ-ਰੂਪੀ-ਪਤੀ, ਜੀਵ-ਆਤਮਾ-ਰੂਪੀ-ਪਤਨੀ ਦੇ ਅਗਿਆਨ ਕਾਰਨ ਵਿਛੜਿਆ ਮਹਿਸੂਸ ਹੁੰਦਾ ਹੈ।

ਗੁਰੂ ਅਮਰਦਾਸ ਨੇ ਸੰਬੰਧਤ ਅਲਾਹੁਣੀਆਂ ਦੀ ਰਚਨਾ ਭੀ ਛੰਤਾਂ ਵਰਗੇ ਤਾਲ ਅਤੇ ਲੈਅ ਵਿੱਚ ਹੀ ਕੀਤੀ ਜਾਪਦੀ ਹੈ ਅਤੇ ਆਮ ਕਰਕੇ ਇਕ ਪਦੇ ਵਿੱਚ ਦੋ ਜਾਂ ਦੋ ਤੋਂ ਵਧੀਕ ਛੰਦਾਂ ਦੇ ਸੁਮੇਲ ਦੁਆਰਾ "ਕਲਸ" ਜਾਂ "ਵਿਖਮ-ਮਾਤ੍ਰਿਕ ਛੰਦ" ਦੀਆਂ ਮਾਤ੍ਰਾ ਦੀ ਗੂੰਜ ਸੁਣਾਈ ਦਿੰਦੀ ਹੈ।

## (8) ਕਾਫ਼ੀ

ਕਾਫ਼ੀ ਇਕ ਰਾਗਨੀ ਹੈ ਅਤੇ ਗੁਰੂ ਅਮਰਦਾਸ ਦੇ ਰਾਗਾਂ ਬਾਰੇ ਵਿਚਾਰ ਕਰਦਿਆਂ ਇਸਦੇ ਪ੍ਰਯੋਗ ਬਾਰੇ ਸੰਕੇਤ ਕੀਤਾ ਜਾ ਚੁੱਕਾ ਹੈ। ਕਿਉਂਕਿ ਪੰਜਾਬੀ ਸਾਹਿਤ ਦੇ ਕਈ ਇਤਿਹਾਸਕਾਰ ਕਾਫ਼ੀ ਨੂੰ ਰਾਗਾਂ ਅਤੇ ਰਾਗਨੀਆਂ ਦੇ ਪ੍ਰਸੰਗ ਵਿੱਚ ਬਿਆਨ ਕਰਨ ਦੀ ਥਾਂ ਕਾਵਿ-ਭੇਦਾਂ ਵਿੱਚ ਹੀ ਸ਼ਾਮਿਲ ਕਰਦੇ ਆ ਰਹੇ ਹਨ, ਇਸਲਈ ਇੱਥੇ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਭਾਸਦਾ ਹੈ, ਕਿ ਆਦਿ-ਗ੍ਰੰਥ ਵਿੱਚ(ਸਮੇਤ ਗੁਰੂ ਅਮਰਦਾਸ ਦੀ ਬਾਣੀ) ਕਾਫ਼ੀ ਦਾ ਸੰਬੰਧ ਕਾਵਿ-ਭੇਦਾਂ ਦੀ ਥਾਂ ਰਾਗਾਂ ਨਾਲ ਹੈ। ਉਦਾਹਰਨ ਵਜੋਂ ਗੁਰੂ ਅਮਰਦਾਸ ਨੇ ਆਸਾ ਰਾਗ ਦੀਆਂ ਅਸਟਪਦੀਆਂ(ਘਰੁ 8)[4] ਨਾਲ "ਕਾਫ਼ੀ" ਸ਼ਬਦ ਭੀ ਸਿਰਲੇਖ ਵਜੋਂ ਦਿੱਤਾ ਹੈ। ਜੇਕਰ ਕਾਫ਼ੀ ਭੀ ਇਕ ਕਾਵਿ-ਭੇਦ ਹੁੰਦੀ, ਤਾਂ ਉਸਨੂੰ ਅਸਟਪਦੀਆਂ ਨਾਲ ਸਿਰਲੇਖ ਵਜੋਂ ਲਿਖਣ ਦੀ ਲੋੜ ਨਹੀਂ ਸੀ। ਭਾਈ ਕਾਹਨ ਸਿੰਘ[5]ਨੇ ਕਾਫ਼ੀ ਨੂੰ ਛੰਦ ਦਾ ਉਹ ਪਦ ਆਖਿਆ ਹੈ, "ਜੋ ਸਥਾਈ(ਰਹਾਉ) ਹੋਵੇ, ਜਿਸ ਪਿੱਛੇ ਹੋਰ ਤੁਕਾਂ ਗਾਯਨ ਸਮੇਂ ਜੋੜੀਆਂ ਜਾਣ, ਅਰ ਜੋ ਮੁੜ ਮੁੜ ਗੀਤ ਦੇ ਤਾਲ ਵਿਸ਼੍ਰਾਮ ਪਰ ਆਵੇ।" ਸਥਾਈ ਜਾਂ ਰਹਾਉ ਦੀਆਂ ਤੁਕਾਂ ਉੱਤੇ ਬਲ ਦੇਣਾ ਭੀ ਕਾਫ਼ੀ ਦਾ ਰਿਸ਼ਤਾ ਰਾਗ ਨਾਲ ਪੱਕਾ ਕਰਦਾ ਹੈ ।

---

1.ਆਦਿ-ਗ੍ਰੰਥ...... .......ਪੰਨਾ 583
2.ਆਦਿ-ਗ੍ਰੰਥ................ਪੰਨਾ 584
3.ਭਾਈ ਕਾਹਨ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼,1960, ਪੰਨਾ 64
4.ਆਦਿ-ਗ੍ਰੰਥ................ਪੰਨਾ 424
5.ਭਾਈ ਕਾਹਨ ਸਿੰਘ- ਗੁਰੁਛੰਦ ਦਿਵਾਕਰ, ਪੰਨਾ 141

ਗੁਰੂ ਅਮਰਦਾਸ ਦੀ ਇਕ ਕਾਫੀ ਆਸਾ ਰਾਗ(ਘਰੁ 8) ਵਿੱਚ ਹੈ ਅਤੇ ਉਸਦਾ ਤਾਲ ਭੀ ਸਥਾਈ ਜਾਂ ਰਹਾਉ ਦੀਆਂ ਹੇਠ ਲਿਖੀਆਂ ਤੁਕਾਂ ਅਨੁਸਾਰ ਕੰਨਾਂ ਵਿੱਚ ਗੂੰਜਦਾ ਹੈ:-

ਮੈ ਸਹੁ ਦਾਤਾ ਏਕੁ ਹੈ ਅਵਰੁ ਨਾਹੀ ਕੋਈ ।
ਗੁਰ ਕਿਰਪਾ ਤੇ ਮਨਿ ਵਸੈ ਤਾ ਸਦਾ ਸੁਖੁ ਹੋਈ । 1 । ਰਹਾਉ ।
(ਆਸਾ ਘਰੁ 8 ਕਾਫੀ ਮਹਲਾ 3)[1]

(9) ਸਤਵਾਰਾ

ਗੁਰੂ ਅਮਰਦਾਸ ਦੇ ਸਮੇਂ ਬਾਰਾਮਾਹਾ ਅਤੇ ਥਿੱਤੀ ਵਾਂਗ ਸਤਵਾਰਾ ਭੀ ਇਕ ਲੋਕ-ਪ੍ਰਿਯ ਕਾਵਿ-ਭੇਦ ਸੀ। ਬੇਸ਼ੱਕ ਬਾਰਾਮਾਹਾ ਦਾ ਪ੍ਰਯੋਗ ਉਨ੍ਹਾਂ ਦੀ ਬਾਣੀ ਦੁਆਰਾ ਨਹੀਂ ਹੋਇਆ, ਪਰ ਥਿੱਤੀ ਅਤੇ ਸਤਵਾਰਾ ਦੋਹਾਂ ਦੀਆਂ ਉਦਾਹਰਨਾਂ ਜ਼ਰੂਰ ਮਿਲਦੀਆਂ ਹਨ। ਸੱਤਾਂ ਵਾਰਾਂ ਵਿੱਚੋਂ ਸਿਵਾਏ ਐਤਵਾਰ(ਜਿਸਨੂੰ ਗੁਰਦੇਵ ਨੇ ਆਦਿਤਵਾਰਿ ਆਖ ਕੇ ਸਤਵਾਰਾ ਆਰੰਭ ਕੀਤਾ ਹੈ) ਦੇ ਬਾਕੀ ਦੇ ਛੇ ਵਾਰਾਂ ਦੇ ਨਾਮ ਅਜੋਕੀ ਪੰਜਾਬੀ ਵਿੱਚ ਉਸੇ ਤਰ੍ਹਾਂ ਪ੍ਰਚਲਤ ਹਨ। ਇੱਥੇ ਇਹ ਸੰਕੇਤ ਕਰ ਦੇਣਾ ਭੀ ਜ਼ਰੂਰੀ ਭਾਸਦਾ ਹੈ, ਕਿ ਗੁਰੂ ਅਮਰਦਾਸ ਦੀ ਸਮੁੱਚੀ-ਬਾਣੀ ਅਤੇ ਉਸ ਵਿਚਲੇ ਰਾਗਾਂ, ਰਾਗਨੀਆਂ, ਕਾਵਿ-ਭੇਦਾਂ ਅਤੇ ਛੰਦ-ਪ੍ਰਬੰਧ ਦਾ ਕੋਈ ਆਦਰਸ਼ ਜਾਂ ਮੰਤਵ ਹੈ। ਉਦਾਹਰਨ ਵਜੋਂ ਗੁਰਦੇਵ ਨੇ ਬਿਲਾਵਲ ਰਾਗ ਦੇ ਸਤਵਾਰੇ ਦੁਆਰਾ ਆਪਣੇ ਵਿਚਾਰ ਕੇਵਲ ਇਸਲਈ ਨਹੀਂ ਪ੍ਰਗਟਾਏ ਕਿ ਇਸਤਰ੍ਹਾਂ ਕਰਨ ਨਾਲ ਉਨ੍ਹਾਂ ਦੀ ਕਵਿਤਾ ਵਿੱਚ ਇਕ ਹੋਰ ਕਾਵਿ-ਭੇਦ ਦਾ ਵਾਧਾ ਹੋ ਜਾਵੇਗਾ, ਸਗੋਂ ਉਨ੍ਹਾਂ ਦਾ ਮਨੋਰਥ ਇਸ ਕਾਵਿ-ਭੇਦ ਰਾਹੀਂ ਥਿੱਤਾਂ-ਵਾਰਾਂ ਦੇ ਚੱਕਰ ਵਿੱਚ ਫਸੇ ਹੋਏ ਅੰਧ-ਵਿਸ਼ਵਾਸੀਆਂ ਦੇ ਭਰਮ-ਜਾਲ ਨੂੰ ਤੋੜਨਾ ਸੀ। ਛਨਿਛਰਵਾਰ ਨਾਲ ਸ਼ਗਨ ਜਾਂ ਬਦਸ਼ਗਨੀ ਨੂੰ ਜੋੜਨ ਵਾਲਿਆਂ ਪ੍ਰਤੀ ਗੁਰਦੇਵ ਲਿਖਦੇ ਹਨ:-

ਛਨਿਛਰਵਾਰਿ ਸਉਣ ਸਾਸਤ ਬੀਚਾਰੁ ।
ਹਉਮੈ ਮੇਰਾ ਭਰਮੈ ਸੰਸਾਰ ।

ਇਸੇਤਰ੍ਹਾਂ ਸ਼ੁੱਕਰਵਾਰ ਦੇ ਸੰਪਰਕ ਵਿੱਚ ਲਿਖਿਆ ਹੈ:-

ਵਰਤੁ ਨੇਮੁ ਨਿਤਾਪ੍ਰਤਿ ਪੂਜਾ ।
ਬਿਨੁ ਬੂਝੇ ਸਭੁ ਭਾਉ ਹੈ ਦੂਜਾ ।

ਗੁਰੂ ਅਮਰਦਾਸ ਨੇ ਭੁੱਲੇ ਭਟਕੇ ਇਨਸਾਨਾਂ ਨੂੰ ਦੱਸਿਆ, ਕਿ ਜਿਵੇਂ ਦਿਨ,ਰਾਤ, ਥਿੱਤਾਂ, ਵਾਰ, ਮਹੀਨੇ ਅਤੇ ਰੁੱਤਾਂ ਬਾਰ ਬਾਰ ਆਉਂਦੇ ਹਨ, ਤਿਵੇਂ ਹੀ ਇਹ ਸੰਸਾਰ ਜੰਮਦਾ ਮਰਦਾ ਰਹਿੰਦਾ ਹੈ। ਸਦਾ ਥਿਰ ਰਹਿਣ ਵਾਲਾ ਕੇਵਲ ਇੱਕੋ ਪ੍ਰਮਾਤਮਾ ਹੈ:-

ਪੰਦ੍ਰਹ ਥਿਤੀ ਤੈ ਸਤ ਵਾਰ । ਮਾਹਾ ਰੁਤੀ ਆਵਹਿ ਵਾਰ ਵਾਰ ।
ਦਿਨਸੁ ਰੈਣਿ ਤਿਵੈ ਸੰਸਾਰੁ । ਆਵਾਗਉਣੁ ਕੀਆ ਕਰਤਾਰਿ ।
ਨਿਹਚਲੁ ਸਾਚੁ ਰਹਿਆ ਕਲ ਧਾਰਿ । ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ ।
(ਬਿਲਾਵਲੁ ਮਹਲਾ 3 ਵਾਰ ਸਤ ਘਰੁ 10)[2]

---

1.ਆਦਿ-ਗ੍ਰੰਥ.................ਪੰਨਾ 365
2.ਆਦਿ-ਗ੍ਰੰਥ.................ਪੰਨੇ 841-842

(10) ਥਿੱਤੀ

ਥਿੱਤੀ ਜਾਂ ਪੰਦਰਹ ਥਿੱਤੀ ਵਿੱਚੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਕੇਵਲ ਨਉਮੀ, ਦਸਮੀ, ਏਕਾਦਸ਼ੀ ਅਤੇ ਦੁਆਦਸੀ ਆਦਿਕ ਦਾ ਲੜੀਵਾਰ ਵਰਣਨ ਮਿਲਦਾ ਹੈ, ਜਿਵੇਂ:-

ਨਉਮੀ ਨੇਮੁ ਸਚੁ ਜੇ ਕਰੈ । ਕਾਮ ਕ੍ਰੋਧੁ ਤ੍ਰਿਸਨਾ ਉਚਰੈ ।
ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ।
ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ ।
ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ।
(ਵਾਰ ਸਾਰੰਗ ਮ:4 ਸ਼ਲੋਕ ਮ:3)[1]

ਵੈਸੇ ਵਰਤ-ਨੇਮ ਦੇ ਭਰਮ-ਜਾਲ ਨਾਲ ਸੰਬੰਧਤ ਇਹੋ ਥਿੱਤਾਂ ਭਾਰਤ ਵਿੱਚ ਵਿਸ਼ੇਸ਼ ਕਰਕੇ ਪ੍ਰਸਿਧ ਹਨ ਅਤੇ ਗੁਰਦੇਵ ਨੇ ਸਦੀਆਂ ਤੋਂ ਬਣੇ ਭਰਮ-ਗੜ੍ਹ ਨੂੰ ਤੋੜਨ ਲਈ ਇਨ੍ਹਾਂ ਥਿੱਤਾਂ ਨੂੰ ਹੀ ਆਪਣੇ ਭਾਵਾਂ ਦੇ ਪ੍ਰਗਟਾਉ ਲਈ ਚੁਣਿਆ ।

(11) ਪੱਟੀ

ਗੁਰੂ ਨਾਨਕ ਵਾਂਗ ਗੁਰੂ ਅਮਰਦਾਸ ਨੇ ਭੀ ਆਸਾ ਰਾਗ ਵਿੱਚ "ਪੱਟੀ" ਲਿਖੀ ਹੈ, ਬੇਸ਼ੱਕ ਦੋਹਾਂ ਗੁਰੂ-ਕਵੀਆਂ ਦੀਆਂ "ਪੱਟੀਆਂ" ਵਿੱਚ ਅੱਖਰਾਂ ਦੀ ਗਿਣਤੀ ਅਤੇ ਵਿਉਂਤ ਇੱਕੋ ਜਿਹੀ ਨਹੀਂ। ਇਸ ਬਾਰੇ "ਗੁਰੂ ਅਮਰਦਾਸ ਦੀ ਬੋਲੀ ਦਾ ਅਨੇਕ-ਪੱਖੀ ਅਧਿਅਨ" ਵਾਲੇ ਅਧਿਆਇ ਰਾਹੀਂ ਵਿਸਥਾਰ ਸਹਿਤ ਵਿਚਾਰ ਕੀਤੀ ਗਈ ਹੈ। ਇੱਥੇ ਕੇਵਲ ਇਹ ਸੰਕੇਤ ਕਰਨਾ ਹੈ, ਕਿ ਗੁਰੂ ਅਮਰਦਾਸ ਨੇ ਆਪਣੇ ਸਮੇਂ ਵਿੱਚ ਪ੍ਰਚਲਤ ਇਸ ਕਾਵਿ-ਭੇਦ ਦਾ ਭੀ ਪ੍ਰਯੋਗ ਕੀਤਾ ਹੈ। ਪਰ ਜਿਵੇਂ ਬਾਕੀ ਦੇ ਕਾਵਿ-ਭੇਦਾਂ ਅਤੇ ਛੰਦਾਂ ਬਾਰੇ ਆਖਿਆ ਜਾ ਚੁੱਕਾ ਹੈ, ਇਸ ਕਾਵਿ-ਭੇਦ ਨੂੰ ਭੀ ਗੁਰਦੇਵ ਨੇ ਮਹਾਨ-ਭਾਵਾਂ ਦੇ ਪ੍ਰਗਟਾਉ ਲਈ ਕੇਵਲ ਮਾਧਿਅਮ ਵਜੋਂ ਹੀ ਵਰਤਿਆ ਹੈ। ਗੁਰਦੇਵ ਦੀ ਬਾਣੀ ਵਿੱਚ ਰਾਗਾਂ, ਰਾਗਨੀਆਂ, ਕਾਵਿ-ਭੇਦਾਂ ਅਤੇ ਛੰਦਾਂ ਦਾ ਮਹੱਤਵ ਦੂਜੇ ਦਰਜੇ ਉਤੇ ਹੈ ਅਤੇ ਉਨ੍ਹਾਂ ਦੁਆਰਾ ਰਚੀ ਗਈ ਬਾਣੀ ਜਾਂ ਸ਼ਬਦ ਦੀ ਮਹਾਨਤਾ ਪਹਿਲੇ ਨੰਬਰ ਉੱਤੇ ਹੈ।

ਅਖੀਰ ਤੇ ਗੁਰੂ ਅਮਰਦਾਸ ਰਚਿਤ "ਪੱਟੀ" ਨਾਲ ਸੰਬੰਧਤ "ਗ" ਅੱਖਰ ਦੁਆਰਾ ਪਰਗਟ ਹੋਏ ਮਹਾਨ-ਭਾਵਾਂ ਵਲ ਸੰਕੇਤ ਕਰਨਾ ਭੀ ਅਯੋਗ ਨਹੀਂ ਹੋਵੇਗਾ:-

ਗਗੈ ਗੋਬਿਦੁ ਚਿਤਿ ਕਰਿ ... ਮੂੜੇ ਗਲੀ ਕਿਨੈ ਨ ਪਾਇਆ ।
ਗੁਰ ਕੇ ਚਰਨ ਹਿਰਦੈ ਵਸਾਇ ਮੂੜੇ ਪਿਛਲੇ ਗੁਨਹ ਸਭ ਬਖਸਿ ਲਇਆ ।
(ਰਾਗੁ ਆਸਾ ਮਹਲਾ 3 ਪਟੀ)[2]

*.*.*.*.*.*.*.*.*.*.*.*.*.

---

1.ਆਦਿ-ਗ੍ਰੰਥ..........ਪੰਨਾ 1245
2.ਆਦਿ-ਗ੍ਰੰਥ..........ਪੰਨਾ 435

ਤੀਜਾ ਅਧਿਆਇ

## ਗੁਰੂ ਅਮਰਦਾਸ ਦੀ ਬੋਲੀ ਦਾ ਅਨੇਕ-ਪੱਖੀ ਅਧਿਅਨ

ਗੁਰੂ ਅਮਰਦਾਸ ਦੀ ਬੋਲੀ ਦੇ ਭਾਸ਼ਾ-ਵਿਗਿਆਨਕ-ਸਰੂਪ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਹੇਠ ਲਿਖੇ ਨੁਕਤੇ ਸਨਮੁਖ ਰੱਖਣੇ ਜ਼ਰੂਰੀ ਹਨ:-

(1) ਭਾਸ਼ਾ-ਵਿਗਿਆਨ ਇਕ ਸਾਇੰਸ ਹੈ ਅਤੇ ਕਿਸੇ ਭੀ ਕਵੀ ਦੀ ਬੋਲੀ ਬਾਰੇ ਕੋਈ ਫ਼ੈਸਲਾ ਦੇਣ ਤੋਂ ਪਹਿਲਾਂ ਹਰ ਪੱਖ ਤੋਂ ਪੂਰੀ ਖੋਜ ਕਰਨ ਦੀ ਲੋੜ ਹੈ। ਗੁਰੂ ਅਮਰਦਾਸ ਦੀ ਬੋਲੀ ਦਾ ਸੰਬੰਧ ਹਿੰਦ-ਆਰੀਆਈ-ਭਾਸ਼ਾ ਨਾਲ ਹੈ, ਜਿਸਦੇ ਵਿਕਾਸ ਨੂੰ ਭਾਸ਼ਾ-ਵਿਗਿਆਨੀਆਂ ਨੇ ਤਿੰਨ ਅਵੱਸਥਾਵਾਂ ਵਿੱਚ ਵੰਡਿਆ ਹੈ:(ੳ) ਪ੍ਰਾਚੀਨ ਹਿੰਦ-ਆਰੀਆਈ, (ਅ) ਮਧਕਾਲੀਨ ਹਿੰਦ-ਆਰੀਆਈ, ਅਤੇ (ੲ) ਨਵੀਨ ਹਿੰਦ-ਆਰੀਆਈ । ਸਾਡੇ ਵਿਚਾਰ ਦਾ ਕੇਂਦਰ ਨਵੀਨ ਹਿੰਦ-ਆਰੀਆਈ ਅਰਥਾਤ ਪੰਜਾਬੀ ਭਾਸ਼ਾ ਹੈ।

(2) ਵਿਗਿਆਨਕ-ਖੋਜਾਂ ਵਾਂਗ ਕੋਈ ਭੀ ਭਾਸ਼ਾ-ਵਿਗਿਆਨਕ ਖੋਜ ਅੰਤਮ ਨਹੀਂ ਅਤੇ ਵਿਦਵਾਨਾਂ ਦੇ ਨਿਰਣਿਆਂ ਵਿੱਚ ਸੋਧ ਦੀ ਗੁੰਜਾਇਸ਼ ਹਰ ਸਮੇਂ ਬਣੀ ਰਹਿੰਦੀ ਹੈ। ਹਿੰਦ-ਆਰੀਆਈ ਭਾਸ਼ਾਵਾਂ (ਵਿਸ਼ੇਸ਼ ਕਰਕੇ ਪ੍ਰਾਚੀਨ ਅਤੇ ਮਧਕਾਲੀਨ) ਦੀਆਂ ਖੋਜ-ਸਮੱਸਿਆਵਾਂ ਬਾਰੇ ਅਸੀਂ ਜੂਲ ਬਲੌਕ[1]ਦੇ ਉਸ ਕਥਨ ਦੀ ਪੁਸ਼ਟੀ ਕਰਦੇ ਹਾਂ, ਜਿਸਨੂੰ ਸ੍ਵੈ-ਨਿਰਮਾਣਤਾ ਦੇ ਪ੍ਰਗਟਾਉ ਲਈ ਅਪਭ੍ਰੰਸ਼-ਸਾਹਿਤ ਦੇ ਪ੍ਰਸਿਧ ਖੋਜੀ ਡਾ:ਤਾਗਰੇ[2]ਨੇ ਇਕ ਥਾਂ ਦੁਹਰਾਇਆ ਹੈ, ਕਿ "ਭਾਰਤ ਦੀਆਂ ਬੋਲੀਆਂ ਖਾਸ ਕਰਕੇ ਅਤੀ-ਪ੍ਰਾਚੀਨ ਭਾਸ਼ਾਵਾਂ ਬਾਰੇ ਸਾਡਾ ਗਿਆਨ ਕੁਝ ਇਕ ਸਾਹਿਤਕ-ਭਾਸ਼ਾਵਾਂ ਤਕ ਹੀ ਸੀਮਤ ਹੈ, ਜਿਨ੍ਹਾਂ ਭਾਸ਼ਾਵਾਂ ਦੇ ਸਥਾਨਕ-ਆਧਾਰ ਜਾਂ ਸਧਾਰਨ ਬੋਲ-ਚਾਲ ਬਾਰੇ ਸਾਨੂੰ ਕੁਝ ਨਹੀਂ ਪਤਾ । ਸੰਬੰਧਤ ਬੋਲੀਆਂ ਸਮੁੱਚੀ-ਸਮਕਾਲੀ-ਮਨੁੱਖਤਾ ਦੇ ਜਜ਼ਬਿਆਂ ਤੇ ਵਿਚਾਰਾਂ ਦੀ ਤਸਵੀਰ ਪੇਸ਼ ਕਰਨ ਦੀ ਥਾਂ ਸੀਮਤ-ਭਾਈਚਾਰੇ ਦੇ ਸਭਿਆਚਾਰ ਦੀ ਆਦਰਸ਼-ਚਿਤ੍ਰਕਾਰੀ ਬਣ ਕੇ ਰਹਿ ਗਈਆਂ ਹਨ।" ਕੀ ਇਹੋ ਗੱਲ ਪੰਜਾਬੀ ਕਵੀ ਫ਼ਰੀਦ ਸ਼ਕਰਗੰਜ(12ਵੀਂ ਸਦੀ), ਗੁਰੂ ਨਾਨਕ ਅਤੇ ਗੁਰੂ ਅਮਰਦਾਸ( 15ਵੀਂ ਅਤੇ 16ਵੀਂ ਸਦੀ) ਦੇ ਸਮੇਂ ਨਾਲ ਸੰਬੰਧਤ ਪੰਜਾਬੀਆਂ ਦੇ ਬੋਲ-ਚਾਲ ਦੀ ਬੋਲੀ ਬਾਰੇ ਨਹੀਂ ਆਖੀ ਜਾ ਸਕਦੀ ? ਸੋ ਹਿੰਦ-ਆਰੀਆਈ-ਭਾਸ਼ਾਵਾਂ ਦੇ ਇਤਿਹਾਸ ਜਾਂ ਵਿਕਾਸ ਬਾਰੇ ਕੋਈ ਭੀ ਨਿਰਣਾ ਪੇਸ਼ ਕਰਨ ਸਮੇਂ ਭਾਸ਼ਾ-ਵਿਗਿਆਨੀਆਂ ਨੂੰ ਚੌਕਸ ਰਹਿਣ ਦੀ ਲੋੜ ਹੈ। ਇਸੇਲਈ ਜਦੋਂ ਅਸੀਂ ਡਾ:ਤਾਗਰੇ[2]ਜਾਂ ਉਸਦੇ ਗੁਰੂ ਡਾ:ਕਾਤਰੇ[3]ਦੀ ਕੋਈ ਲਿਖਤ ਪੜ੍ਹਦੇ ਹਾਂ, ਜਾਂਫਿਰ ਕਿਸੇ ਪੱਛਮੀ ਵਿਦਵਾਨ ਜਿਵੇਂ ਵਿਟਨੇ[4], ਮੈਕਡਾਨਲ[5] ਜਾਂ ਡਾ:ਗ੍ਰੀਅਰਸਨ[6]ਦੀ ਅਣਥੱਕ-ਖੋਜ ਵਲ ਵੇਖਦੇ ਹਾਂ, ਤਾਂ ਕੋਈ ਸ਼ੰਕਾ ਨਹੀਂ ਰਹਿ ਜਾਂਦਾ,

---

1. Jules Bloch-"Some Problems of Indo-Aryan Philology"-Quoted by G.V.Tagare(See Historical Grammar of Apabhramsa,P.7).
2. G.V.Tagare- Historical Grammar of Apabhramsa,1948,P.7
3. S.M.Katre- Some Problems of Historical Linguistics in Indo-Aryan-(1940-41).
4. W.D.Whitney- Sanskrit Grammar.
5. Arthur Anthony Macdonell- A Vedic Grammar.
6. George Grierson- Linguistic Survey of India.

ਕਿ ਹਿੰਦ-ਆਰੀਆਈ-ਭਾਸ਼ਾਵਾਂ ਦੀ ਵਿਗਿਆਨਕ-ਖੋਜ ਇਕ ਮਹਾਨ ਤਪੱਸਿਆ ਤੋਂ ਘੱਟ ਨਹੀਂ ।

(3) ਪੰਜਾਬੀ ਬੋਲੀ ਦੇ ਮੁਢਲੇ-ਸਰੂਪ ਬਾਰੇ ਅਜੇ ਤਕ ਪੂਰੀ ਵਿਗਿਆਨਕ-ਖੋਜ ਨਹੀਂ ਹੋਈ ॥ ਬੋਲੀ ਜਾਂ ਭਾਸ਼ਾ ਦੇ ਸਾਰੇ ਪੱਖਾਂ ਦਾ ਨਿਰਣਾ ਤਾਂ ਇਕ ਪਾਸੇ ਰਿਹਾ, ਪੰਜਾਬੀ ਦੇ ਮੁਢਲੇ-ਸਾਹਿਤ ਬਾਰੇ ਭੀ ਭਾਰਤੀ ਵਿਦਵਾਨਾਂ ਵਿੱਚ ਕਾਫੀ ਮਤ-ਭੇਦ ਹੈ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਵਿੱਚੋਂ ਪ੍ਰਾਚੀਨ ਪੰਜਾਬੀ ਸਾਹਿਤ ਦੀ ਖੋਜ ਬਾਰੇ ਅਜੇ ਤਕ ਕੋਈ ਵਿਦਵਾਨ ਡਾ:ਮੋਹਨ ਸਿੰਘ[1] ਦੇ ਸੰਕੇਤਾਂ ਤੋਂ ਬਹੁਤਾ ਅੱਗੇ ਨਹੀਂ ਜਾ ਸਕਿਆ । ਵੈਸੇ ਡਾ: ਮੋਹਨ ਸਿੰਘ ਦੁਆਰਾ ਕਥਿਤ ਕਈ ਪੰਜਾਬੀ ਕਵੀਆਂ( ਵਿਸ਼ੇਸ਼ ਕਰਕੇ ਨਾਥ-ਜੋਗੀਆਂ, ਮਸਊਦ, ਚਾਂਦ ਬਰਦਾਈ ਅਤੇ ਕਬੀਰ ਆਦਿਕ) ਦੀ ਬੋਲੀ ਬਾਰੇ ਭੀ ਭਾਸ਼ਾ-ਵਿਗਿਆਨੀਆਂ ਵਿੱਚ ਮਤ-ਭੇਦ ਹੈ। ਡਾ:ਸੁਨੀਤੀ ਕੁਮਾਰ ਚੈਟਰਜੀ[2] ਨੇ ਭੀ ਫ਼ਰੀਦ ਸ਼ਕਰਗੰਜ ਦੀ ਬੋਲੀ ਦੀ ਪ੍ਰਾਚੀਨਤਾ ਬਾਰੇ ਭੀ ਕਿੰਤੂ ਕੀਤਾ ਹੈ। ਇਸੇਤਰ੍ਹਾ ਮਸਊਦ ਅਤੇ ਚਾਂਦ-ਬਰਦਾਈ( ਜਿਨ੍ਹਾਂ ਨੂੰ ਹਿੰਦੀ ਅਤੇ ਪੰਜਾਬੀ ਦੋਵੇਂ ਭਾਸ਼ਾਵਾਂ ਦੇ ਇਤਿਹਾਸਕਾਰ ਅਪਨਾਉਂਦੇ ਜਾਪਦੇ ਹਨ) ਦੀ ਬੋਲੀ ਦੇ ਹਿੰਦੀ ਜਾਂ ਪੰਜਾਬੀ ਸਰੂਪ ਬਾਰੇ ਭੀ ਡਾ:ਚੈਟਰਜੀ[3] ਸ਼ੰਕਾਵਾਦੀ ਹੈ। ਪੰਜਾਬੀ ਭਾਸ਼ਾ-ਵਿਗਿਆਨੀਆਂ ਅਤੇ ਸਾਹਿਤ ਦੇ ਇਤਿਹਾਸਕਾਰਾਂ ਦੀ ਸ਼ਾਇਦ ਅਣਗਹਿਲੀ ਦੇ ਫਲ-ਸਰੂਪ ਹੀ ਡਾ:ਚੈਟਰਜੀ[4] ਨੂੰ ਇਹ ਲਿਖਣਾ ਪਿਆ ਹੈ, ਕਿ 1200 ਤੋਂ 1650 ਈਸਵੀ ਦੇ ਵਿਚਕਾਰਲੇ ਸਮੇਂ ਨਾਲ ਸੰਬੰਧਤ ਪੰਜਾਬੀ ਬੋਲੀ ਦੀਆਂ ਨੰਮੀਆਂ ਵੰਨਗੀਆਂ ਨਹੀਂ ਮਿਲਦੀਆਂ । ਇਸੇਤਰ੍ਹਾਂ ਹੀ ਸ਼ਾਇਦ ਪੰਜਾਬੀ ਬੋਲੀ ਦੀ ਵਕਾਲਤ ਘੱਟ ਹੋਣ ਕਰਕੇ, ਮੇਰੀਓ ਪਾਈ[5] ਨੇ ਆਪਣੀ ਪੁਸਤਕ "ਸੰਸਾਰ ਦੀਆਂ ਪ੍ਰਸਿਧ ਬੋਲੀਆਂ" ਵਿੱਚ ਬੰਗਾਲੀ, ਹਿੰਦੀ ਅਤੇ ਉਰਦੂ ਨੂੰ ਸ਼ਾਮਿਲ ਕਰਕੇ ਪੰਜਾਬੀ ਨੂੰ ਬਿਲਕੁਲ ਅੱਖੋਂ ਉਹਲੇ ਕਰ ਦਿੱਤਾ ਹੈ। ਹੈਰਾਨੀ ਦੀ ਗੱਲ ਹੈ, ਕਿ ਭੋਲਾ ਨਾਥ ਤਿਵਾੜੀ[6] ਅਤੇ ਬਾਬੂ ਰਾਮ ਸਕਸੇਨਾ[7] ਵਰਗੇ ਭਾਸ਼ਾ-ਵਿਗਿਆਨੀ ਭੀ ਇਹੋਂ ਲਿਖਦੇ ਹਨ, ਕਿ ਪੰਜਾਬੀ ਵਿੱਚ ਪੁਰਾਣਾ ਸਾਹਿਤ ਨਹੀਂ ਮਿਲਦਾ । ਹਿੰਦੀ ਦੇ ਇਕ ਹੋਰ ਭਾਸ਼ਾ-ਵਿਗਿਆਨੀ ਡਾ: ਸ਼ਿਆਮ ਸੁੰਦਰ ਦਾਸ[8] ਨੇ ਪੰਜਾਬੀ ਬੋਲੀ ਦੇ ਪੁਰਸ਼ਤ੍ਵ ਦੀ ਜ਼ਰੂਰ ਉਸਤਤਿ ਕੀਤੀ ਹੈ, ਪਰ ਪੰਜਾਬੀ ਦੇ ਪ੍ਰਾਚੀਨ ਸਾਹਿਤ ਬਾਰੇ ਉਹ ਭੀ ਸੰਗਦਾ ਸੰਗਦਾ ਲਿਖਦਾ ਹੈ, "ਪੰਜਾਬੀ ਵਿੱਚ ਥੋੜ੍ਹਾ ਬਹੁਤ ਸਾਹਿਤ ਭੀ ਹੈ।" ਅਜਿਹੀ ਹਾਲਤ ਵਿੱਚ ਗੁਰੂ ਅਮਰਦਾਸ ਅਤੇ ਉਨ੍ਹਾਂ ਤੋਂ ਪਹਿਲੇ ਸਮੇਂ ਨਾਲ ਸੰਬੰਧਤ ਕਵੀਆਂ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੀ ਬੋਲੀ ਬਾਰੇ ਵਿਸਥਾਰ ਸਹਿਤ ਖੋਜ ਹੋਣੀ ਚਾਹੀਦੀ ਹੈ।

(4) ਪੰਜਾਬੀ ਬੋਲੀ ਨੂੰ ਪ੍ਰਸਿਧ ਭਾਸ਼ਾ-ਵਿਗਿਆਨੀਆਂ ਨੇ ਦੋ ਮੁਖ ਭਾਗਾਂ ਵਿੱਚ ਵੰਡਿਆ ਹੈ: (ੳ) ਪੂਰਬੀ ਪੰਜਾਬੀ, ਅਤੇ (ਅ) ਪੱਛਮੀ ਪੰਜਾਬੀ ਜਾਂ ਲਹਿੰਦੀ । ਗ੍ਰੀਅਰਸਨ[9] ਨੇ "ਲਹਿੰਦੀ" ਨੂੰ

---

1. Dr. Mohan Singh-History of Panjabi Literature & An Introduction to Panjabi Literature.
2. Dr. Suniti Kumar Chatterji-Indo-Aryan & Hindi, 1942, P. 179
3. Ibid............... Pages 176-77
4. Ibid............... P. 179
5. Mario-A-Pei....The World's Chief Languages, 1949, P. 479
6. ਭੋਲਾ ਨਾਥ ਤਿਵਾੜੀ-ਭਾਸ਼ਾ ਵਿਗਿਆਨ, ਪੰਨਾ 193
7. ਬਾਬੂ ਰਾਮ ਸਕਸੇਨਾ-ਸਾਮਾਨਯ ਭਾਸ਼ਾ-ਵਿਗਿਆਨ, ਪੰਨਾ 324
8. ਸ਼ਿਆਮ ਸੁੰਦਰ ਦਾਸ-ਭਾਸ਼ਾ ਵਿਗਿਆਨ, ਪੰਨਾ 110

9. George Grierson-Linguistic Survey of India, Vol, VIII [Part I] (1919 Ed) & IX [Part I] (1916 Ed) [See Introduction]

ਪੂਰਬੀ-ਪੰਜਾਬੀ ਨਾਲੋਂ ਅੱਡ ਕਰਕੇ ਬਾਹਰਵਰਤੀ-ਚੱਕਰ ਦੀ ਬੋਲੀ ਮੰਨਿਆ ਹੈ ਅਤੇ ਉਸਦੇ ਮੂਢ ਬਾਰੇ ਪੈਸ਼ਾਚੀ-ਭਾਸ਼ਾ ਵਲ ਸੰਕੇਤ ਕੀਤਾ ਹੈ। ਪੀ.ਡੀ.ਗੁਨੇ[1] ਨੇ ਭੀ ਲਹਿੰਦੀ ਨੂੰ ਸੁਤੰਤਰ-ਬੋਲੀ ਮੰਨ ਕੇ **ਉਸਦਾ** ਸੰਬੰਧ ਪੂਰਬੀ-ਪੰਜਾਬੀ ਨਾਲੋਂ ਸਿੰਧੀ-ਭਾਸ਼ਾ ਨਾਲ ਵਧੇਰੇ ਨਿੱਗਰ ਦਰਸਾਇਆ ਹੈ। ਵੈਸੇ ਡਾ:ਸੁਨੀਤੀ ਕੁਮਾਰ ਚੈਟਰਜੀ[2], ਤੇਜਾ ਸਿੰਘ[3] ਅਤੇ ਹਰਦੇਵ ਬਾਹਰੀ[4] ਵਰਗੇ ਵਿਦਵਾਨ ਲਹਿੰਦੀ ਨੂੰ ਪੈਸ਼ਾਚੀ ਦੀ ਥਾਂ ਸ਼ੌਰਸੇਣੀ ਦੁਆਰਾ ਉਗਮੀ ਮੰਨਦੇ ਹਨ। ਡਾ:ਚੈਟਰਜੀ ਨੇ ਪੂਰਬੀ-ਪੰਜਾਬੀ ਅਤੇ ਲਹਿੰਦੀ ਦੋਹਾਂ ਨੂੰ ਇੱਕੋ-ਵਰਗ(ਉਦੀਚਯ) ਵਿੱਚ ਗਿਣਿਆ ਹੈ। ਤਾਰਾਪੁਰਵਾਲਾ[5] ਨੇ ਭੀ ਪੈਸ਼ਾਚੀ ਨੂੰ ਦਰਦ-ਭਾਸ਼ਾ-ਪਰਿਵਾਰ ਵਿੱਚ ਸ਼ਾਮਿਲ ਕਰਕੇ ਉਸਨੂੰ ਪੰਜਾਬੀ ਦਾ ਮੂਲ-ਸਰੋਤ ਨਹੀਂ ਮੰਨਿਆ । ਪੰਜਾਬੀ ਵਿਦਵਾਨਾਂ ਵਿੱਚੋਂ ਡਾ:ਮੋਹਨ ਸਿੰਘ[6] ਨੇ ਪੰਜਾਬੀ ਦਾ ਮੂਲ ਅਭੀਰੀ, ਅਹੀਰੀ ਜਾਂ ਗੁਰਜਰੀ ਨੂੰ ਦਰਸਾਇਆ ਹੈ। ਡਾ:ਦਰਦੀ[7] ਅਤੇ ਡਾ:ਕੋਹਲੀ[8] ਨੇ ਡਾ:ਮੋਹਨ ਸਿੰਘ ਦੇ ਉਲਟ ਸ਼ੌਰਸੇਣੀ ਨੂੰ ਹੀ ਪੰਜਾਬੀ ਦੀ ਮੂਲ-ਭਾਸ਼ਾ ਪਰਵਾਨ ਕੀਤਾ ਹੈ। ਇਨ੍ਹਾਂ ਵਿਦਵਾਨਾਂ ਦੇ ਉਲਟ ਪ੍ਰੇਮਪ੍ਰਕਾਸ਼ ਸਿੰਘ[9] ਨੇ ਕੈਕੇਯੀ-ਅਪਭ੍ਰੰਸ਼ ਨੂੰ ਪੰਜਾਬੀ ਦੀ ਮੂਲ-ਭਾਸ਼ਾ ਸਿੱਧ ਕਰਨ ਦਾ ਜਤਨ ਕੀਤਾ ਹੈ। ਇਸੇਤਰ੍ਹਾਂ ਵਿਦਿਆ ਭਾਸਕਰ ਅਰੁਨ[10] ਨੇ ਪੰਜਾਬੀ ਦਾ ਸੰਬੰਧ ਪੈਸ਼ਾਚੀ ਨਾਲ ਜੋੜਿਆ ਹੈ। ਥੋੜ੍ਹੇ ਸ਼ਬਦਾਂ ਵਿੱਚ ਪੰਜਾਬੀ ਬੋਲੀ ਦੇ ਜਨਮ ਬਾਰੇ ਵਿਦਵਾਨਾਂ ਵਿੱਚ ਬਹੁਤ ਮਤ-ਭੇਦ ਹੈ ਅਤੇ ਇਸ ਬਾਰੇ ਅਜੇ ਬਹੁਤ ਖੋਜ ਦੀ ਲੋੜ ਹੈ। ਇਹ ਖੋਜ ਕੇਵਲ ਅਪਭ੍ਰੰਸ਼-ਕਾਲ ਦੀਆਂ ਅੰਤਮ-ਸਦੀਆਂ ਦੇ ਸਾਹਿਤ ਜਾਂ ਪੰਜਾਬੀ ਬੋਲੀ ਨਾਲ ਸੰਬੰਧਤ ਮੁਢਲੀਆਂ ਸਦੀਆਂ ਦੇ ਸਾਹਿਤ ਤਕ ਹੀ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ ਅਪਭ੍ਰੰਸ਼-ਕਾਲ ਤੋਂ ਪਿੱਛੋਂ ਦੀਆਂ ਤਿੰਨ ਚਾਰ ਸਦੀਆਂ (1200 ਤੋਂ 1600 ਈਸਵੀ) ਤਕ ਦੇ ਮਿਲਦੇ ਸਮੁੱਚੇ ਪੰਜਾਬੀ ਸਾਹਿਤ ਬਾਰੇ ਡੂੰਘੀ-ਖੋਜ ਹੋਣੀ ਚਾਹੀਦੀ ਹੈ, ਕਿਉਂਕਿ ਪਿਛਲੀਆਂ ਸਦੀਆਂ ਦੇ ਸਾਹਿਤ ਵਿੱਚ ਭੀ ਇਸ ਇਲਾਕੇ ਦੀ ਮੂਲ-ਅਪਭ੍ਰੰਸ਼ ਦੀਆਂ ਕਈ ਵਿਸ਼ੇਸ਼ਤਾਈਆਂ ਮਿਲਦੀਆਂ ਹਨ । ਫ਼ਰੀਦ ਸ਼ਕਰਗੰਜ, ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ, ਆਦਿਕ ਕਵੀਆਂ ਦੀ ਕਵਿਤਾ ਵਿਚਲੀ ਬੋਲੀ ਇਸ ਪੱਖ ਤੋਂ ਖਾਸ ਮਹੱਤਵ ਰੱਖਦੀ ਹੈ।

(5) ਜਿੱਥੋਂ ਤਕ ਗੁਰੂ-ਸਾਹਿਤ ਬਾਰੇ ਹੁਣ ਤਕ ਹੋਈ ਖੋਜ ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਬੋਲੀ

1. P.D.Gune- An Introduction to Comparative Philology, P.258
2. S.K.Chatterji- Indo-Aryan and Hindi, P.124.
3. Teja Singh- Sahit Darshan(Panjabi), 1951, P.21
4. Hardev Bahri- Lahandi Phonology, 1962, (See Introduction).
5. Tarapore Wala- Elements of the Science of Language, P.237
6. Mohan Singh- An Introduction to Panjabi Literature, 1951, P.21

7. ਗੋਪਾਲ ਸਿੰਘ ਦਰਦੀ- ਪੰਜਾਬੀ ਸਾਹਿਤ ਦਾ ਇਤਿਹਾਸ, 1952, ਪੰਨਾ 26
8. ਸੁਰਿੰਦਰ ਸਿੰਘ ਕੋਹਲੀ-ਪੰਜਾਬੀ ਸਾਹਿਤ ਦਾ ਇਤਿਹਾਸ, 1950, ਪੰਨਾ 6
9. ਪ੍ਰੇਮਪ੍ਰਕਾਸ਼ ਸਿੰਘ- ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪੰਨਾ 255
10. ਵਿਦਿਆ ਭਾਸਕਰ ਅਰੁਨ-ਪੰਜਾਬੀ ਭਾਸ਼ਾ ਦਾ ਇਤਿਹਾਸ, ਪੰਨੇ 252-56

ਬਾਰੇ ਕਿਸੇ ਵਿਦਵਾਨ ਨੇ ਭਰਪੂਰ-ਖੋਜ ਨਹੀਂ ਕੀਤੀ । ਬੇਸ਼ੱਕ ਗੁਰੂ-ਕਵੀਆਂ ਦੀ ਧਾਰਮਕ-ਪ੍ਰਣਾਲੀ ਵਿੱਚ ਗੁਰੂ ਅਮਰਦਾਸ (ਜਨਮ 1526 ਬਿਕ੍ਰਮੀ) ਦਾ ਨੰਬਰ ਕ੍ਰਮ ਅਨੁਸਾਰ ਤੀਜਾ ਹੈ, ਪਰ ਉਮਰ ਦੇ ਲਿਹਾਜ਼ ਨਾਲ ਉਹ ਗੁਰੂ ਨਾਨਕ (ਜਨਮ 1526 ਬਿਕ੍ਰਮੀ) ਦੇ, ਸਹੀ ਅਰਥਾਂ ਵਿੱਚ ਸਮਕਾਲੀ ਆਖੇ ਜਾ ਸਕਦੇ ਹਨ। ਸੋ ਪੰਦਰ੍ਹਵੀਂ-ਸੋਲ੍ਹਵੀਂ ਸਦੀ ਦੀ ਪੰਜਾਬੀ ਦੇ ਵਿਗਿਆਨਕ-ਸਰੂਪ ਬਾਰੇ ਖੋਜ ਕਰਨ ਲਈ ਗੁਰੂ ਅਮਰਦਾਸ ਦੀ ਬੋਲੀ ਦਾ ਅਧਿਅਨ ਗੁਰੂ ਨਾਨਕ ਦੀ ਬੋਲੀ ਜਿਤਨਾ ਹੀ ਮਹੱਤਵ ਰੱਖਦਾ ਹੈ। ਇਸ ਵਿੱਚ ਸ਼ੱਕ ਨਹੀਂ, ਕਿ ਗੁਰੂ ਅਮਰਦਾਸ ਨੇ ਬਾਣੀ ਗੁਰਗੱਦੀ ਉਤੇ ਬੈਠਣ ਤੋਂ ਪਿੱਛੋਂ ਹੀ ਉਚਾਰਨ ਕੀਤੀ, ਪਰ ਜਿਵੇਂ ਉਰਦੂ ਦੇ ਪ੍ਰਸਿਧ ਕਵੀ ਦਾਗ਼ ਦਿਹਲਵੀ[1] ਨੇ ਲਿਖਿਆ ਹੈ:-

ਨਹੀਂ ਖੇਲ੍ਹ ਐ ਦਾਗ਼ ਯਾਰੋਂ ਸੇ ਕਹਿ ਦੋ
ਕਿ ਆਤੀ ਹੈ ਉਰਦੂ ਜ਼ੁਬਾਂ ਆਤੇ ਆਤੇ

ਇਸੇਤਰ੍ਹਾਂ ਹਰ ਬੋਲੀ ਆਉਂਦੀ ਆਉਂਦੀ ਹੀ ਆਉਂਦੀ ਹੈ। ਸੋ ਕਵਿਤਾ ਬੇਸ਼ੱਕ ਗੁਰੂ ਅਮਰਦਾਸ ਨੇ ਬਿਰਧ-ਅਵੱਸਥਾ ਵਿੱਚ ਪਹੁੰਚ ਕੇ ਲਿਖੀ, ਪਰ ਬੋਲੀ ਉਨ੍ਹਾਂ ਦੀ ਵਿਸ਼ੇਸ਼-ਰੂਪ ਵਿੱਚ ਉਹੀ ਸੀ, ਜੋ ਬਚਪਨ ਤੋਂ ਜੁਆਨੀ ਰਾਹੀਂ ਬਿਰਧ-ਅਵੱਸਥਾ ਤਕ ਸਹਿਜ-ਸੁਭਾ ਉਨ੍ਹਾਂ ਦੀ ਸ਼ਖ਼ਸੀਅਤ ਦਾ ਭਾਗ ਬਣ ਗਈ । ਕਾਰਲ ਵਾਸਲਰ[2] ਦੇ ਸ਼ਬਦਾਂ ਵਿੱਚ "ਅਨੇਕਾਂ ਬੋਲੀਆਂ ਸਿੱਖੀਆਂ ਤੇ ਗ੍ਰਹਿਣ ਕੀਤੀਆਂ ਜਾ ਸਕਦੀਆਂ ਹਨ, ਪਰ ਕੇਵਲ ਇੱਕੋ ਅਤੇ ਉਹੀ ਬੋਲੀ ਤੱਤ-ਫੱਟ ਅਨੁਭਵ ਕੀਤੀ ਜਾ ਸਕਦੀ ਹੈ, ਜਿਸਦਾ ਉਚਾਰਨ ਉਸ ਸਮੇਂ ਹੁੰਦਾ ਹੈ ਜਦੋਂ ਕੋਈ ਬਾਲ-ਵਰੇਸ ਵਿੱਚ ਜਾਂ ਉਸਤੋਂ ਕੁਝ ਅੱਗੇ ਹੋ ਭਾਸ਼ਾ ਬੋਲਦੇ ਪਰਵਾਰ ਦਾ ਮੈਂਬਰ ਬਣਦਾ ਹੈ ।"

(6) ਇਹ ਗੱਲ ਭੀ ਬਹੁਤ ਮਹੱਤਵ-ਪੂਰਨ ਹੈ, ਕਿ ਗੁਰੂ ਅਮਰਦਾਸ ਦਾ ਜਨਮ ਬਾਸਰਕੇ (ਜ਼ਿਲਾ ਅੰਮ੍ਰਿਤਸਰ) ਵਿੱਚ ਹੋਇਆ, ਜਿਸਨੂੰ ਆਧੁਨਿਕ-ਕਾਲ ਵਿੱਚ "ਮਾਝੀ ਬੋਲੀ ਦਾ ਇਲਾਕਾ" ਆਖਿਆ ਜਾਂਦਾ ਹੈ। ਅੰਮ੍ਰਿਤਸਰ ਮਾਝੇ ਦੀ ਧੁੰਨੀ ਹੈ ਅਤੇ ਮਾਝੀ ਦੇ ਪਿੰਡੇ ਉਤੇ ਹੀ ਵਿਸ਼ੇਸ਼ ਕਰਕੇ ਕੇਂਦਰੀ-ਪੰਜਾਬੀ ਦੀ ਉਸਾਰੀ ਕੀਤੀ ਗਈ ਹੈ। ਇਹ ਗੱਲ ਹੈਰਾਨੀ-ਭਰੀ ਹੈ, ਕਿ ਗੁਰੂ-ਕਾਲ ਦੇ ਸਮੇਂ ਨਾਲ ਸੰਬੰਧਤ ਮਾਝੀ ਬੋਲੀ ਨੂੰ ਅੱਖੋਂ ਉਹਲੇ ਕਰਕੇ ਭਾਸ਼ਾ-ਵਿਗਿਆਨੀਆਂ ਨੇ ਗੁਰੂਆਂ ਦੀ ਬੋਲੀ ਨੂੰ ਪੂਰਬੀ-ਪੰਜਾਬੀ ਦਾ ਨਾਮ ਦਿੱਤਾ ਹੈ। ਪੀ.ਡੀ.ਗੁਨੇ[3] ਵਰਗੇ ਵਿਦਵਾਨਾਂ ਨੇ ਵੈਸੇ ਪੂਰਬੀ-ਪੰਜਾਬੀ ਦੇ ਅੱਗੋਂ ਦੋ ਭਾਗ ਭੀ ਕੀਤੇ ਹਨ: (ੳ) ਮਲਵਈ, ਅਤੇ (ਅ) ਅੰਮ੍ਰਿਤਸਰੀ । ਪਰ ਦੋਹਾਂ ਉਪ-ਬੋਲੀਆਂ ਦੇ ਲੱਛਣ ਦਰਸਾ ਕੇ ਉਹ ਸੰਬੰਧਤ ਬੋਲੀ ਜਾਂ ਉਪ-ਭਾਖਾ ਦੇ ਵਿਕਾਸ ਬਾਰੇ ਕੋਈ ਨਿਰਣਾਜਨਕ ਫ਼ੈਸਲਾ ਨਹੀਂ ਦੇ ਸਕਿਆ । ਗ੍ਰਾਹਮ ਬੇਲੀ[4] ਭੀ ਅੰਮ੍ਰਿਤਸਰ ਦੀ ਬੋਲੀ ਨੂੰ ਪੂਰਬੀ-ਪੰਜਾਬੀ ਆਖ ਕੇ ਅੰਮ੍ਰਿਤਸਰ ਤੋਂ ਪਾਰ ਉੱਤਰ-ਪੱਛਮੀ ਇਲਾਕੇ ਦੀ ਬੋਲੀ ਨੂੰ ਪੱਛਮੀ-ਪੰਜਾਬੀ ਦਾ ਨਾਮ ਦਿੰਦਾ ਹੈ। ਪਰ ਅੰਮ੍ਰਿਤਸਰੀ ਜਾਂ ਮਾਝੇ ਦੀ ਬੋਲੀ ਦੇ ਨਿਕਾਸ ਅਤੇ ਵਿਕਾਸ ਬਾਰੇ ਉਹ ਭੀ ਕੋਈ ਵਿਗਿਆਨਕ-ਨਿਰਣਾ ਪੇਸ਼ ਨਹੀਂ

---

1. ਮਸਊਦ-ਉਲ-ਹਸਨ ਸਦੀਕੀ- ਇੰਤਖ਼ਾਬ ਕਲਾਮ-ਇ-ਦਾਗ਼, 1960, ਪੰਨਾ 20

2. Karl Vossler- The Spirit of Language in Civilization, 1951, P117

3. P.D.Gune- An Introduction to Comparative Philology, P.258
4. T.Graham Bailey-Studies in Northern Indian Languages, 1938, P113

ਕਰ ਸਕਿਆ । ਕਿਉਂਕਿ ਗੁਰੂ ਅਮਰਦਾਸ ਤੋਂ ਛੁੱਟ ਆਦਿ-ਗ੍ਰੰਥ ਨਾਲ ਸੰਬੰਧਤ ਲਗਪਗ ਸਾਰੇ ਗੁਰੂ-ਕਵੀ (ਗੁਰੂ ਨਾਨਕ, ਗੁਰੂ ਅੰਗਦ, ਗੁਰੂ ਰਾਮਦਾਸ ਅਤੇ ਗੁਰੂ ਅਰਜਨ) ਕਾਫ਼ੀ ਸਮਾਂ ਅੰਮ੍ਰਿਤਸਰ ਦੇ ਇਲਾਕੇ ਵਿੱਚ ਜਾਂ ਅੰਮ੍ਰਿਤਸਰ ਦੇ ਨਾਲ ਲੱਗਦੇ ਸ਼ਹਿਰਾਂ ਵਿੱਚ ਰਹੇ, ਸੋ ਅੰਮ੍ਰਿਤਸਰ ਦੇ ਆਸ ਪਾਸ ਦੀ ਬੋਲੀ ਬਾਰੇ ਵਿਸਥਾਰ ਸਹਿਤ ਖੋਜ ਹੋਣੀ ਚਾਹੀਦੀ ਹੈ। ਗੁਰੂ ਅਮਰਦਾਸ ਦਾ ਤਾਂ ਜਨਮ ਹੀ ਅੰਮ੍ਰਿਤਸਰ ਦੇ ਜ਼ਿਲੇ ਦਾ ਹੈ ਅਤੇ ਸਿਵਾਏ ਹਰਿਦੁਆਰ ਆਦਿਕ ਦੇ ਉਹ ਦੂਸਰੇ ਪ੍ਰਾਂਤਾਂ ਦੇ ਇਲਾਕਿਆਂ ਵਿੱਚ ਨਹੀਂ ਗਏ, ਸੋ ਉਨ੍ਹਾਂ ਦੀ ਬੋਲੀ ਆਪਣੇ ਸਮੇਂ (ਪੰਦਰ੍ਹਵੀਂ-ਸੋਲ੍ਹਵੀਂ ਸਦੀ) ਦੀ ਸ਼ੁੱਧ-ਮਾਝੀ ਜਾਂ ਕੇਂਦਰੀ-ਪੰਜਾਬੀ ਦੀ ਮੂੰਹ ਬੋਲਦੀ ਤਸਵੀਰ ਹੈ। ਇਸਲਈ ਗੁਰੂ ਅਮਰਦਾਸ ਦੀ ਬੋਲੀ ਬਾਰੇ ਅਸਾਂ ਵਿਸਥਾਰ ਸਹਿਤ ਖੋਜ ਕਰਨ ਦਾ ਜਤਨ ਕੀਤਾ ਹੈ ।

(7) ਗੁਰੂ ਅਮਰਦਾਸ ਦੀ ਬੋਲੀ ਦੇ ਸ਼ੁੱਧ-ਸਰੂਪ ਨੂੰ ਸਮਝਣ ਲਈ ਇਹ ਗੱਲ ਨਹੀਂ ਭੁਲਣੀ ਚਾਹੀਦੀ, ਕਿ ਉਨ੍ਹਾਂ ਦੇ ਸਮੇਂ ਤਕ ਵਿਕਾਸ ਕਰਦੀ ਹੋਈ ਪੰਜਾਬੀ ਬੋਲੀ ਗੁਆਂਢੀ ਹਿੰਦ-ਆਰੀਆਈ ਬੋਲੀਆਂ ਤੋਂ ਬਿਨਾ ਕਈ ਬਦੇਸ਼ੀ-ਬੋਲੀਆਂ (ਅਰਬੀ ਅਤੇ ਫ਼ਾਰਸੀ ਆਦਿਕ) ਦਾ ਪ੍ਰਭਾਵ ਭੀ ਗ੍ਰਹਿਣ ਕਰ ਚੁੱਕੀ ਸੀ। ਭਾਰਤ ਦਾ ਸੀਮਾਂਵਰਤੀ-ਪ੍ਰਾਂਤ ਹੋਣ ਕਰਕੇ ਪੰਜਾਬ ਦੀ ਧਰਤੀ ਉਤੇ ਸਮੇਂ ਸਮੇਂ ਕਈ ਕੌਮਾਂ ਆਈਆਂ, ਜਿਨ੍ਹਾਂ ਦੇ ਮੇਲ-ਜੋਲ ਨਾਲ ਇੱਥੋਂ ਦੀ ਬੋਲੀ ਵਿੱਚ ਸੰਬੰਧਤ ਲੋਕਾਂ ਦੀਆਂ ਬੋਲੀਆਂ ਦੇ ਅਨੇਕਾਂ ਸ਼ਬਦ ਰਚਮਿਚ ਗਏ।

(8) ਪੰਜਾਬੀ ਬੋਲੀ ਦੀ ਇਹ ਵਿਸ਼ੇਸ਼ਤਾ ਹੈ, ਕਿ ਇਸਨੇ ਪ੍ਰਾਚੀਨ ਹਿੰਦ-ਆਰੀਆਈ ਵਿੱਚੋਂ ਭੀ ਆਮ ਕਰਕੇ ਤਦਭਵ ਸ਼ਬਦ ਹੀ ਅਪਣਾਏ ਅਤੇ ਇਸੇਤਰ੍ਹਾਂ ਅਰਬੀ-ਫ਼ਾਰਸੀ ਆਦਿਕ ਬਦੇਸ਼ੀ-ਬੋਲੀਆਂ ਦੇ ਸ਼ਬਦਾਂ ਨੂੰ ਅਪਣਾਉਣ ਤੋਂ ਪਹਿਲਾਂ ਆਪਣੇ ਜੰਦੀ-ਮੁਹਾਵਰੇ ਅਨੁਸਾਰ ਸੰਬੰਧਤ ਸ਼ਬਦਾਂ ਨੂੰ ਢਾਲਣ ਦਾ ਜਤਨ ਕੀਤਾ ਹੈ। ਗੁਰੂ ਅਮਰਦਾਸ ਦੀ ਬੋਲੀ ਵਿੱਚ ਭੀ ਤਦਭਵ ਸ਼ਬਦਾਂ ਦੀ ਹੀ ਪ੍ਰਧਾਨਗੀ ਹੈ। ਸੋ ਅਸਾਂ ਗੁਰੂ ਅਮਰਦਾਸ ਦੀ ਬੋਲੀ ਦਾ ਵਿਗਿਆਨਕ-ਸਰੂਪ ਵਿਖਾਉਣ ਲਈ ਸੰਸਕ੍ਰਿਤ, ਅਰਬੀ, ਫ਼ਾਰਸੀ, ਆਦਿਕ ਦੇ ਤਤਸਮ ਸ਼ਬਦਾਂ ਦੇ ਨਾਲ ਨਾਲ ਉਨ੍ਹਾਂ ਦੁਆਰਾ ਆਏ ਤਦਭਵ-ਰੂਪਾਂ ਦੇ ਨਿਕਾਸ ਅਤੇ ਵਿਕਾਸ ਬਾਰੇ ਸਮੇਤ ਧੁਨੀ-ਪਰਿਵਰਤਨ ਦੇ ਨਿਯਮਾਂ ਦੇ ਭਰਪੂਰ-ਖੋਜ ਕੀਤੀ ਹੈ।

(9) ਗੁਰੂ ਅਮਰਦਾਸ ਦੀ ਬੋਲੀ ਦਾ ਜਿਹੜਾ ਸਰੂਪ ਸਾਡੀ ਵਿਚਾਰ ਦਾ ਕੇਂਦਰ ਹੈ, ਉਹ ਗੁਰਦੇਵ ਦੀ ਕਵਿਤਾ ਦੁਆਰਾ ਉਜਾਗਰ ਹੋਇਆ ਹੈ। ਵਾਰਤਕ ਦੀ ਬੋਲੀ ਦੇ ਟਾਕਰੇ ਵਿੱਚ ਕਵਿਤਾ ਦੀ ਬੋਲੀ ਦੀਆਂ ਆਪਣੀਆਂ ਵਿਸ਼ੇਸ਼ਤਾਈਆਂ ਅਤੇ ਮਜ਼ਬੂਰੀਆਂ ਹੁੰਦੀਆਂ ਹਨ। ਪਹਿਲੀ ਵਿਸ਼ੇਸ਼ਤਾ ਜਾਂ ਪਹਿਲੀ ਮਜਬੂਰੀ ਕਵਿਤਾ ਵਿੱਚ ਤੋਲ ਅਤੇ ਤੁਕਾਂਤ ਦੀ ਇਕਸਾਰਤਾ ਰੱਖਣ ਵਿੱਚ ਹੈ, ਜਿਸ ਕਾਰਨ ਕਈ ਵਾਰ ਸ਼ਬਦਾਂ ਦੇ ਸਧਾਰਨ ਰੂਪ ਨੂੰ ਵਿਗਾੜ ਜਾਂ ਸੰਵਾਰ ਕੇ ਲੋੜ ਅਨੁਸਾਰ ਬਦਲਿਆ ਜਾਂਦਾ ਹੈ। ਉਪਮਾਵਾਂ, ਰੂਪਕਾਂ ਅਤੇ ਬਿੰਬਾਂ ਦੇ ਰਚਨ ਸਮੇਂ ਭੀ ਕਈ ਵਾਰ ਕਵੀ ਦੀ ਬੋਲੀ ਆਮ ਨਾਲੋਂ ਖਾਸ ਹੋ ਜਾਂਦੀ ਹੈ। ਸੋ ਗੁਰੂ ਅਮਰਦਾਸ ਦੀ ਬੋਲੀ ਬਾਰੇ ਵਿਚਾਰ ਕਰਨ ਸਮੇਂ ਇਨ੍ਹਾਂ ਸਭ

ਸ਼ੈਲਾਂ ਬਾਰੇ ਵਿਚਾਰ ਕੀਤੀ ਜਾਵੇਗੀ ।

(10) ਖਿਆਲਾਂ ਦੀ ਉਸਾਰੀ ਅਤੇ ਭਾਵਾਂ ਦੀ ਸਪਸ਼ਟਤਾ ਲਈ ਇਸ ਲੇਖ ਨੂੰ ਹੇਠ ਲਿਖੇ ਭਾਗਾਂ ਵਿੱਚ ਵੰਡਿਆ ਗਿਆ ਹੈ:-

1. ਗੁਰੂ ਅਮਰਦਾਸ ਦਾ ਸ਼ਬਦ-ਕੋਸ਼
2. ਕਲਾਸੀਕਲ-ਸੰਸਕ੍ਰਿਤ ਦਾ ਪ੍ਰਭਾਵ
3. ਅਪਭ੍ਰੰਸ਼ਾਂ ਦਾ ਪ੍ਰਭਾਵ
4. ਸ਼ੌਰਸੇਨੀ ਅਤੇ ਗੁਰੂ ਅਮਰਦਾਸ ਦੀ ਬੋਲੀ
5. ਧੁਨੀ-ਪਰਿਵਰਤਨ ਦੀਆਂ ਵਿਸ਼ੇਸ਼ ਰੁਚੀਆਂ
6. ਧੁਨੀ-ਪਰਿਵਰਤਨ ਦੇ ਕੁਝ ਹੋਰ ਨਿਯਮ
7. ਅਰਬੀ-ਭਾਸ਼ਾ ਦਾ ਪ੍ਰਭਾਵ
8. ਫ਼ਾਰਸੀ-ਭਾਸ਼ਾ ਦਾ ਪ੍ਰਭਾਵ
9. ਬ੍ਰਜੀ, ਹਿੰਦੀ, ਉਰਦੂ ਅਤੇ ਸੰਤ-ਭਾਖਾ
10. ਲਹਿੰਦੀ ਨਾਲ ਸਾਂਝ
11. ਕੁਝ ਸਿੰਧੀ ਦੀ ਸ਼ਬਦਾਵਲੀ ਬਾਰੇ
12. ਮਲਵਈ ਨਾਲ ਸੰਬੰਧ
13. ਮਾਝੀ ਜਾਂ ਕੇਂਦਰੀ-ਪੰਜਾਬੀ ਦੇ ਪੱਖ ਵਿੱਚ ਹੋਰ ਪ੍ਰਮਾਣ
14. ਗੁਰੂ ਅਮਰਦਾਸ ਦੀ ਬੋਲੀ ਵਿੱਚ ਸ਼ਬਦ-ਬਣਤਰ
15. ਗੁਰੂ ਅਮਰਦਾਸ ਰਚਿਤ "ਪੱਟੀ"
16. ਕੁਝ ਦੇਸੀ ਸ਼ਬਦਾਂ ਬਾਰੇ
17. ~~[illegible]~~ ਸਾਰ-ਅੰਸ਼
18. ਬੋਲੀ ਦੀਆਂ ਕਾਵਿਕ-ਵਿਸ਼ੇਸ਼ਤਾਈਆਂ

ਹੁਣ ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ, ਉਨ੍ਹਾਂ ਦੀ ਬੋਲੀ ਨਾਲ ਸੰਬੰਧਤ ਉਪਰੋਕਤ ਵਿਸ਼ਿਆਂ ਬਾਰੇ ਕ੍ਰਮਵਾਰ ਵਿਚਾਰ ਕੀਤੀ ਜਾਵੇਗੀ।

(1) ਗੁਰੂ ਅਮਰਦਾਸ ਦਾ ਸ਼ਬਦ-ਕੋਸ਼

ਗੁਰੂ ਅਮਰਦਾਸ ਦੀ ਸ਼ਬਦਾਵਲੀ ਦਾ ਆਧਾਰ 2400 ਦੇ ਕਰੀਬ ਮੂਲ-ਸ਼ਬਦ ਹਨ,

ਜਿਨ੍ਹਾਂ ਦਾ ਵੇਰਵਾ ਇਸ ਪਰਕਾਰ ਹੈ:-

(ੳ) ਸੰਸਕ੍ਰਿਤ(ਤਤਸਮ) ............................250 ਦੇ ਕਰੀਬ ਸ਼ਬਦ

(ਅ) ਸੰਸਕ੍ਰਿਤ(ਤਦਭਵ) ..........................1600 " "

(ੲ) ਅਰਬੀ(ਤਤਸਮ ਅਤੇ ਤਦਭਵ).............. 60 " "

(ਸ) ਫ਼ਾਰਸੀ(ਤਤਸਮ ਅਤੇ ਤਦਭਵ)............. 90 " "

(ਹ) ਸਿੰਧੀ(ਤਤਸਮ ਅਤੇ ਤਦਭਵ)............... 40 " "

(ਕ) ਹਿੰਦੀ-ਉਰਦੂ ਆਦਿਕ ਹੋਰ ਬੋਲੀਆਂ.......... 60 " "

(ਖ) ਦੇਸੀ ਜਾਂ ਜਿਨ੍ਹਾਂ ਦੇ ਮੂਲ ਬਾਰੇ ਪਤਾ
ਨਹੀਂ ਲੱਗਦਾ ....................................300 " "

ਮੂਲ-ਬੋਲੀਆਂ ਦੀ ਪ੍ਰਤਿਸ਼ਤ ਗਿਣਤੀ ਲਗਪਗ ਇਸ ਪਰਕਾਰ ਹੈ:-

(ੳ) ਪ੍ਰਾਚੀਨ ਹਿੰਦ-ਆਰੀਆਈ-ਭਾਸ਼ਾ ...............77 %

(ਅ) ਅਰਬੀ-ਭਾਸ਼ਾ .................................. 3 %

* (ੲ) ਫ਼ਾਰਸੀ-ਭਾਸ਼ਾ ................................. 4 %

(ਸ) ਸਿੰਧੀ .......................................... 2 %

(ਹ) ਦੇਸੀ ਜਾਂ ਜਿਨ੍ਹਾਂ ਦੇ ਮੂਲ ਬਾਰੇ ਪਤਾ
ਨਹੀਂ ਲੱਗਦਾ ...................................12 %

ਜਿਵੇਂ ਮੁੱਢ ਵਿੱਚ ਸੰਕੇਤ ਕੀਤਾ ਜਾ ਚੁੱਕਾ ਹੈ, ਗੁਰੂ ਅਮਰਦਾਸ ਦੀ ਸ਼ਬਦਾਵਲੀ ਬਾਰੇ ਉੱਪਰ ਲਿਖੀ ਗਿਣਤੀ ਉਨ੍ਹਾਂ ਦੀ ਬਾਣੀ ਵਿੱਚ ਆਏ ਮੂਲ-ਸ਼ਬਦਾਂ ਦੇ ਆਧਾਰ ਉੱਤੇ ਹੈ। ਜੇਕਰ ਉਪਸਰਗਾਂ ਅਤੇ ਪ੍ਰਤਯਯਾਵਾਂ ਦੁਆਰਾ ਬਣੇ ਸ਼ਬਦਾਂ ਨੂੰ ਉਪਰੋਕਤ ਗਿਣਤੀ ਵਿੱਚ ਸ਼ਾਮਿਲ ਕੀਤਾ ਜਾਵੇ, ਤਾਂ ਨੰਬਰ ਹੋਰ ਭੀ ਵੱਧ ਜਾਵੇਗਾ। ਇਸੇਤਰ੍ਹਾਂ ਲਿੰਗ, ਵਚਨ ਅਤੇ ਕਾਲ ਦੇ ਆਧਾਰ ਉਤੇ ਬਣੇ ਸਭਨਾਂ ਕ੍ਰਿਆ-ਰੂਪਾਂ ਨੂੰ ਭੀ ਜੇਕਰ ਨਾਲ ਜੋੜ ਲਿਆ ਜਾਵੇ, ਤਾਂ ਗੁਰੂ ਅਮਰਦਾਸ ਦੇ ਕੁਲ ਸ਼ਬਦਾਂ ਦੀ ਗਿਣਤੀ 4500 ਤੋਂ 5000 ਤਕ ਚਲੀ ਜਾਵੇਗੀ । ਇਸਦੇ ਉਲਟ ਨਾਵਾਂ ਤੋਂ ਬਣੇ ਵਿਸ਼ੇਸ਼ਣਾਂ ਤੇ ਕ੍ਰਿਆ-ਰੂਪਾਂ ਨੂੰ ਜੇਕਰ

---

*ਸੰਤ ਸਿੰਘ ਸੇਖੋਂ ਨੇ ਆਪਣੀ ਪੁਸਤਕ "ਪੰਜਾਬੀ ਬੋਲੀ ਦਾ ਇਤਿਹਾਸ" ਰਾਹੀਂ ਸਿੱਖ-ਗੁਰੂਆਂ ਦੀ ਬੋਲੀ ਉਤੇ ਫ਼ਾਰਸੀ-ਅਰਬੀ ਦਾ ਪ੍ਰਭਾਵ ਵਿਖਾਉਣ ਸਮੇਂ ਗੁਰੂ ਅਮਰਦਾਸ ਰਚਿਤ ਰਾਮਕਲੀ-ਅਨੰਦ ਵਿੱਚੋਂ ਕੁਝ ਇਕ ਅਰਬੀ-ਫ਼ਾਰਸੀ ਦੇ ਸ਼ਬਦ ਚੁਣ ਕੇ ਜੋ ਫੈਸਲਾ ਦਿੱਤਾ ਹੈ, ਉਹ ਠੀਕ ਨਹੀਂ। ਦੂਜੇ ਉਨ੍ਹਾਂ ਰਾਮਕਲੀ-ਅਨੰਦ ਦੇ ਕੁਲ ਸ਼ਬਦਾਂ ਦੀ ਗਿਣਤੀ ਕਰਨ ਸਮੇਂ ਸੰਬੰਧਤ ਬਾਣੀ ਵਿਚ ਆਏ ਹਰ ਇਕ ਸ਼ਬਦ ਨੂੰ ਕੁਲ-ਗਿਣਤੀ ਵਿੱਚ ਸ਼ਾਮਿਲ ਕੀਤਾ ਹੈ, ਬੇਸ਼ੱਕ ਸੰਬੰਧਤ ਸ਼ਬਦ ਜਿਤਨੀ ਵਾਰ ਭੀ ਸੰਬੰਧਤ ਬਾਣੀ ਵਿੱਚ ਆਇਆ ਹੈ। ਲੋੜ ਸੀ, ਸੰਬੰਧਤ ਵਿਦਵਾਨ ਇਕ ਸ਼ਬਦ ਨੂੰ ਇਕੋ ਵਾਰ ਗਿਣਤੀ ਵਿੱਚ ਸ਼ਾਮਿਲ ਕਰਦਾ, ਬੇਸ਼ੱਕ ਉਹ ਸ਼ਬਦ ਜਿਤਨੀ ਵਾਰ ਮਰਜ਼ੀ ਸੰਬੰਧਤ ਬਾਣੀ ਵਿੱਚ ਪ੍ਰਯੋਗ ਕੀਤਾ ਗਿਆ ਹੋਵੇ।

ਵਿੱਚੋਂ ਕੱਢ ਦਿੱਤਾ ਜਾਵੇ, ਤਾਂ ਗਿਣਤੀ ਵਿੱਚ ਕੁਝ ਫ਼ਰਕ ਪੈ ਜਾਵੇਗਾ । ਵੈਸੇ ਗੁਰੂ ਅਮਰਦਾਸ ਦੀ ਬੋਲੀ ਵਿੱਚ ਨਾਂਵ, ਪੜਨਾਂਵ, ਵਿਸ਼ੇਸ਼ਣ, ਕ੍ਰਿਆ-ਵਿਸ਼ੇਸ਼ਣ, ਕ੍ਰਿਆ-ਰੂਪ, ਸੰਬੰਧਕ, ਯੋਜਕ ਅਤੇ ਵਿਸਮਿਕ ਅਰਥਾਤ ਸ਼ਬਦਾਂ ਦੇ ਸਾਰੇ ਰੂਪਾਂ ਦੀਆਂ ਵੰਨ-ਸੁਵੰਨੀਆਂ ਅਨੇਕਾਂ ਵੰਨਗੀਆਂ ਮਿਲਦੀਆਂ ਹਨ।

## (2) ਕਲਾਸੀਕਲ-ਸੰਸਕ੍ਰਿਤ ਦਾ ਪ੍ਰਭਾਵ

ਜਿਵੇਂ ਉਪਰ ਦਿੱਤੇ ਸ਼ਬਦ-ਕੋਸ਼ ਤੋਂ ਪਰਗਟ ਹੈ, ਗੁਰੂ ਅਮਰਦਾਸ ਦੀ ਬੋਲੀ ਵਿੱਚ ਤਤਸਮ ਦੀ ਥਾਂ ਤਦਭਵ-ਰੂਪੀ ਸ਼ਬਦਾਂ ਦੀ ਪ੍ਰਧਾਨਗੀ ਹੈ। ਸੰਸਕ੍ਰਿਤ ਤੋਂ ਛੁਟ ਅਰਬੀ ਅਤੇ ਫ਼ਾਰਸੀ ਆਦਿਕ ਭਾਸ਼ਾਵਾਂ ਬਾਰੇ ਭੀ ਇਹੋ ਗੱਲ ਸਹੀ ਹੁੰਦੀ ਹੈ। ਪਰ ਅਰਬੀ ਅਤੇ ਫ਼ਾਰਸੀ ਦੇ ਟਾਕਰੇ ਵਿੱਚ ਸੰਸਕ੍ਰਿਤ ਦੇ ਤਤਸਮ-ਸ਼ਬਦਾਂ ਦੀ ਪ੍ਰਤਿਸ਼ਤ ਗਿਣਤੀ ਹੋਰ ਭੀ ਥੋੜ੍ਹੀ ਹੈ। ਇਸਦਾ ਕਾਰਨ ਸ਼ਾਇਦ ਇਹ ਹੈ, ਕਿ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਨਾਲ ਪੰਜਾਬੀ ਦੀ ਸਾਂਝ ਸਦੀਆਂ ਪੁਰਾਣੀ ਹੈ ਅਤੇ ਹਰ ਭਾਵ ਨੂੰ ਪਰਗਟ ਕਰਨ ਲਈ ਅਨੇਕਾਂ ਸ਼ਬਦ ਤਦਭਵ-ਰੂਪ ਵਿੱਚ ਪੁਸ਼ਤੋ-ਪੁਸ਼ਤ ਚਲੇ ਆ ਰਹੇ ਹਨ। ਇਸਦੇ ਉਲਟ ਅਰਬੀ ਅਤੇ ਫ਼ਾਰਸੀ ਨਾਲ ਪੰਜਾਬੀਆਂ ਦਾ ਸੰਬੰਧ ਗਿਆਰਵੀਂ ਸਦੀ ਈਸਵੀ ਤੋਂ ਬੱਝਦਾ ਹੈ, ਜਦੋਂ ਤੁਰਕਾਂ ਨੇ ਭਾਰਤ ਉਤੇ ਹਮਲੇ ਸ਼ੁਰੂ ਕੀਤੇ । ਇਹ ਭੀ ਹੋ ਸਕਦਾ ਹੈ, ਕਿ ਗੁਰੂ ਅਮਰਦਾਸ ਨੇ ਭਾਰਤ ਦੇ ਪਰੰਪਰਾਗਤ-ਸਾਹਿਤ ਦਾ ਬੋਧ ਸੰਸਕ੍ਰਿਤ ਦੇ ਮੂਲ-ਸੋਮਿਆਂ ਦੀ ਬਜਾਏ ਦੇਸੀ-ਭਾਖਾਵਾਂ ਜਾਂ ਸੰਤਾਂ, ਮਹਾਤਮਾਵਾਂ ਨਾਲ ਗੋਸ਼ਟੀਆਂ ਦੁਆਰਾ ਕੀਤਾ ਹੋਵੇ। ਕਾਰਨ ਕੁਝ ਭੀ ਹੈ, ਗੁਰੂ ਅਮਰਦਾਸ ਦੀ ਬੋਲੀ ਵਿੱਚ ਕਲਾਸੀਕਲ-ਸੰਸਕ੍ਰਿਤ ਦੀ ਥਾਂ ਪ੍ਰਾਕ੍ਰਿਤਾਂ ਦੇ ਤਦਭਵ-ਰੂਪੀ ਸ਼ਬਦਾਂ ਦੀ ਪ੍ਰਧਾਨਗੀ ਹੈ।

ਤਤਸਮ-ਰੂਪ ਜਾਂ ਕਲਾਸੀਕਲ-ਸੰਸਕ੍ਰਿਤ ਦੇ ਜਿਹੜੇ ਥੋੜ੍ਹੇ ਬਹੁਤ ਸ਼ਬਦ ਮਿਲਦੇ ਭੀ ਹਨ, ਉਨ੍ਹਾਂ ਨੂੰ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਵਿਚਾਰਨ ਉਪਰੰਤ ਇਹੋ ਰਾਏ ਬਣਦੀ ਹੈ, ਕਿ ਗੁਰੂ ਅਮਰਦਾਸ ਨੇ ਅਜਿਹੇ ਸ਼ਬਦਾਂ ਦੇ ਪ੍ਰਯੋਗ ਵਿੱਚ ਕਿਸੇ ਉਚੇਚ ਤੋਂ ਕੰਮ ਨਹੀਂ ਲਿਆ । ਸਗੋਂ ਸੰਬੰਧਤ ਤਤਸਮ-ਸ਼ਬਦ, ਤਦਭਵ-ਸ਼ਬਦਾਂ ਵਾਂਗ ਹੀ ਗੁਰੂ ਅਮਰਦਾਸ ਦੇ ਸਮੇਂ ਪੰਜਾਬੀ ਵਿੱਚ ਪ੍ਰਚਲਤ ਸਨ ਅਤੇ ਅਨੁਭਵ ਦੇ ਪ੍ਰਗਟਾਉ ਲਈ ਗੁਰਦੇਵ ਦੀ ਕਲਪਨਾ ਵਿੱਚ ਸਾਰੇ ਸ਼ਬਦ ਬਿਨਾ ਕੋਸ਼ਿਸ਼ ਇਸਤਰ੍ਹਾਂ ਉਤਰਦੇ ਗਏ ਜਿਵੇਂ ਸੰਬੰਧਤ ਸ਼ਬਦਾਂ ਦੀ ਆਤਮਾ ਨਾਲ ਗੁਰਦੇਵ ਦੀ ਸਦੀਆਂ ਤੋਂ ਸਾਂਝ ਤੁਰੀ ਆਉਂਦੀ ਹੋਵੇ । ਉਪਰੋਕਤ ਕਥਨ ਦੀ ਪੁਸ਼ਟੀ ਵਿੱਚ ਕੁਝ ਇਕ ਤਤਸਮ-ਸ਼ਬਦਾਂ ਦਾ ਬਿਉਰਾ ਪੇਸ਼ ਕੀਤਾ ਜਾਂਦਾ ਹੈ:-

ਉਦਰ, ਅਨਾਥ, ਆਧਾਰ, ਆਹਾਰ, ਆਕਾਰ, ਆਚਾਰ, ਅਨੰਦ, ਅੰਬਰ, ਸਫਲ, ਸਬਲ, ਸਮਰਥ, ਸੰਕਟ, ਕਥਨ, ਕਲਪਣਾ, ਕਾਰਣ, ਕਾਲ, ਕ੍ਰਿਪਾ, ਕੀਟ, ਗੰਭੀਰ, ਗ੍ਰਿਹ, ਗੁਣ, ਗੁਪਤ, ਘੋਰ, ਚਰਣ, ਚਿਤ, ਚੰਚਲ, ਚੰਦਨ, ਜਨ, ਜਨਨੀ, ਜਨਮ, ਜਲ, ਜਾਗ੍ਰਣ, ਜੀਵਨ, ਉਪਾਇ(ਉਪਾਯ), ਤਤਕਾਲ, ਦਾਸ, ਦਾਨ, ਦੁਖ-ਨਿਵਾਰਣ, ਦੂਤ, ਦੇਵ, ਧਨ, ਨਖੀ, ਨਗਰੀ, ਨਮਸਕਾਰ, ਨਰ, ਨਰਕ, ਨਿਕਟ, ਨਿਰਗੁਣ, ਨਿਰਧਨ, ਨਿਰਮਲ, ਨਿਵਾਸ, ਨੀਰ, ਪਦਵੀ, ਪਦਾਰਥ, ਪਰਗੁਤਿ, ਪਰਤੀਤ(ਪ੍ਰਤੀਤ), ਪ੍ਰੇਤ,

ਪ੍ਰਚੰਡ, ਪਵਣ, ਪਾਤਾਲ, ਪਾਪ, ਪੁਤ੍ਰ, ਪੁਨੀਤ, ਪੰਡਿਤ, ਬ੍ਰਾਹਮਣ, ਬਾਲਕ, ਬੀਜ, ਬੁਧਿ, ਬਹੁ, ਭ੍ਰਮ, ਭਿੰਨ, ਮਸਤਕ, ਮਦ, ਮਮਤਾ, ਮਲ, ਮਾਤਾ, ਮਾਨ, ਮੁਕਤਿ, ਮੂਰਖ, ਮੂਲ, ਮੇਘ, ਮੰਡਪ, ਮੰਡਲ, ਮੰਤ੍ਰ, ਰਸ, ਰਸਾਇਣ, ਰਤਨ, ਰਾਗ, ਰੂਪ, ਰੋਗ, ਲੋਭ, ਵਰ, ਵਾਦ, ਵਿਰੋਧ, ਵੇਲਾ, ਆਦਿਕ ।

ਵੈਸੇ ਕੁਝ ਸ਼ਬਦ ਅਜਿਹੇ ਹਨ, ਜਿਨ੍ਹਾਂ ਨੂੰ ਤਤਸਮ ਆਖਣ ਦੀ ਥਾਂ ਅਰਧ-ਤਤਸਮ ਆਖਣਾ ਵਧੇਰੇ ਠੀਕ ਰਹੇਗਾ, ਕਿਉਂਕਿ ਸੰਬੰਧਤ ਸ਼ਬਦਾਂ ਵਿੱਚ ਲਗਾਂ-ਮਾਤ੍ਰਾ ਦੀ ਪੁਜ਼ੀਸ਼ਨ ਦੇਵਨਾਗਰੀ ਲਿੱਪੀ ਅਨੁਸਾਰ ਨਹੀਂ ਅਤੇ ਨਾ ਹੀ ਉਨ੍ਹਾਂ ਦਾ ਉਚਾਰਨ ਇਨਬਿਨ ਸੰਸਕ੍ਰਿਤ ਵਾਂਗ ਹੁੰਦਾ ਹੈ, ਜਿਵੇਂ: ਮਾਰਗ, ਅੰਮ੍ਰਿਤ, ਦੁਖ, ਕੀਰਤਨ, ਗਿਆਨ, ਗਿਆਨੀ, ਆਦਿਕ ।

ਹੇਠ ਲਿਖੇ ਸ਼ਬਦਾਂ ਦਾ ਪ੍ਰਯੋਗ ਅਧਿਆਤਮਿਕ-ਅਨੁਭਵ ਦੇ ਪ੍ਰਗਟਾਉ ਲਈ ਹੋਣ ਕਰਕੇ ਅਜੋਕੇ ਜਨ-ਸਧਾਰਨ ਦੀ ਪਹੁੰਚ ਇਨ੍ਹਾਂ ਤਕ ਬੇਸ਼ਕ ਕੁਝ ਘੱਟ ਹੈ(ਕਿਉਂਕਿ ਆਧੁਨਿਕ-ਯੁੱਗ ਅਧਿਆਤਮਵਾਦੀ ਦੀ ਥਾਂ ਪਦਾਰਥਵਾਦੀ ਹੈ), ਪਰ ਗੁਰੂ ਅਮਰਦਾਸ ਦੇ ਸਮੇਂ ਅਰਥਾਤ ਭਗਤੀ-ਕਾਲ ਵਿੱਚ ਪੰਜਾਬੀਆਂ ਦੀ ਪਹੁੰਚ ਇਨ੍ਹਾਂ ਸ਼ਬਦਾਂ ਤਕ ਪੂਰੀ ਸੀ । ਗੁਰੂ ਅਮਰਦਾਸ ਤੋਂ ਛੁੱਟ ਗੁਰੂ ਨਾਨਕ ਅਤੇ ਕਈ ਦੂਸਰੇ ਕਵੀਆਂ ਦੀ ਸ਼ਬਦਾਵਲੀ ਵਿੱਚ ਭੀ ਅਜਿਹੇ ਸ਼ਬਦਾਂ ਦਾ ਆਉਣਾ ਇਸੇ ਗੱਲ ਨੂੰ ਸਿੱਧ ਕਰਦਾ ਹੈ, ਕਿ ਸੰਬੰਧਤ ਸ਼ਬਦਾਂ ਤਕ ਪੰਦਰ੍ਹਵੀਂ-ਸੋਲ੍ਹਵੀਂ ਸਦੀ ਦੇ ਪੰਜਾਬੀਆਂ(ਵਿਸ਼ੇਸ਼ ਕਰਕੇ ਹਿੰਦ-ਆਰੀਆਈ ਨਸਲ ਵਾਲੇ) ਦੀ ਪਹੁੰਚ ਸੀ । ਵੈਸੇ ਗੁਰੂ ਨਾਨਕ ਅਤੇ ਕਬੀਰ ਆਦਿਕ ਕਵੀਆਂ ਦੀ ਕਵਿਤਾ ਵਿੱਚ ਅਜਿਹੇ ਕਲਾਸੀਕਲ-ਸੰਸਕ੍ਰਿਤ ਵਾਲੇ ਸ਼ਬਦਾਂ ਦੀ ਗਿਣਤੀ ਗੁਰੂ ਅਮਰਦਾਸ ਦੀ ਕਵਿਤਾ ਨਾਲੋਂ ਬਹੁਤ ਜ਼ਿਆਦਾ ਹੈ, ਇਸਲਈ ਭੀ ਸੰਬੰਧਤ ਕਵੀਆਂ ਦੀ ਬਾਣੀ ਗੁਰੂ ਅਮਰਦਾਸ ਦੀ ਬਾਣੀ ਨਾਲੋਂ ਜਨ-ਸਧਾਰਨ ਲਈ ਵਧੇਰੇ ਕਠਨ ਹੈ। ਪਰ ਗੁਰੂ ਅਮਰਦਾਸ ਦੀ ਅਧਿਆਤਮਿਕ-ਸ਼ਬਦਾਵਲੀ ਆਮ ਲੋਕਾਂ ਦੀ ਪਕੜ ਵਿੱਚ ਆ ਜਾਣ ਵਾਲੀ ਹੈ, ਜਿਵੇਂ:-

ਅਧਿਆਤਮ, ਅਤੀਤ, ਅਗੋਚਰ, ਅਭਿਆਗਤ, ਅਲਿਪਤ, ਅਵਿਚਾਰੀ, ਆਸਣ, ਇੰਦ੍ਰ, ਇੰਦ੍ਰਾਸਣਿ, ਸਹਜ, ਸਨਿਆਸੀ, ਸਾਧਕ, ਸਿਧ(ਸਿੱਧ), ਗਿਆਨ, ਗਿਆਨੀ, ਅਗਿਆਨ, ਅਗਿਆਨੀ, ਜਪ, ਜੀਵਨ-ਮੁਕਤ, ਤਰਪਣ, ਤੀਰਥ, ਧਿਆਨ, ਨਾਦ, ਨਿਰਗੁਣ, ਪੁਰਾਣ, ਬ੍ਰਹਮ, ਬ੍ਰਹਮ-ਗਿਆਨੀ, ਬ੍ਰਹਮਾ, ਭਗਵਾਨ, ਮਨਮੁਖ, ਮਾਇਆ, ਮਾਨ-ਸਰੋਵਰ, ਆਦਿਕ ।

ਕੁਝ ਸ਼ਬਦਾਂ ਦਾ ਪ੍ਰਯੋਗ ਆਧੁਨਿਕ-ਯੁੱਗ ਵਿੱਚ ਜ਼ਰੂਰ ਘੱਟ ਗਿਆ ਹੈ, ਜਿਵੇਂ: ਅਨਲ, ਅੰਗੀਕਾਰ, ਅੰਜਨ, ਅੰਭੁ, ਸੁਤ, ਕਪਾਟ, ਕਰ(ਹੱਥ), ਕਲਤ੍ਰ, ਕੰਟਕ, ਖੰਡ(ਟੁਕੜਾ), ਤਟ, ਛਾਦਨ, ਜਰਾ, ਜਿਹਵਾ, ਤਸਕਰ, ਨਿਰੰਤਰ, ਪਤੰਗ(ਕੀੜਾ), ਪਾਵਨ(ਪਵਿੱਤ੍ਰ-ਪਾਵਨ), ਪਿੰਡ(ਸਰੀਰ), ਆਦਿਕ। ਪਰ ਸਾਡਾ ਵਿਸ਼ਵਾਸ ਹੈ, ਕਿ ਗੁਰੂ ਅਮਰਦਾਸ ਦੇ ਸਮੇਂ ਇਹੋ ਜਿਹੇ ਸ਼ਬਦਾਂ ਨੂੰ ਸਮਝਣਾ ਆਮ ਲੋਕਾਂ ਲਈ ਕਠਨ ਨਹੀਂ ਸੀ ।

ਇਹ ਗੱਲ ਭੀ ਮਹੱਤਵ-ਪੂਰਨ ਹੈ, ਕਿ ਉਪਰੋਕਤ ਤਤਸਮ-ਸ਼ਬਦਾਂ ਦੇ ਨਾਲ ਨਾਲ ਇਨ੍ਹਾਂ ਦੇ

ਭਾਵ-ਅਨੁਕੂਲ ਕੁਝ ਤਦਭਵ-ਸ਼ਬਦਾਂ ਦਾ ਪ੍ਰਯੋਗ ਭੀ ਗੁਰੂ ਅਮਰਦਾਸ ਦੀ ਬੋਲੀ ਵਿੱਚ ਮਿਲਦਾ ਹੈ। ਦੂਜੇ ਤਤਸਮ-ਸ਼ਬਦਾਂ ਨੂੰ ਤੋੜ-ਮਰੋੜ ਕੇ ਜਾਂ ਸਮੇਂ ਤੇ ਸਥਾਨ ਅਨੁਕੂਲ ਉਨ੍ਹਾਂ ਨੂੰ ਪੰਜਾਬੀ ਮੁਹਾਵਰੇ ਅਨੁਸਾਰ ਢਾਲ ਲਿਆ ਗਿਆ ਹੈ, ਬੇਸ਼ੁਕ ਅਜਿਹੀ ਹਾਲਤ ਵਿੱਚ ਉਹ ਤਤਸਮ ਤੋਂ ਤਦਭਵ ਬਣ ਗਏ ਹਨ। ਉਦਾਹਰਨ ਵਜੋਂ ਧਿਆਨ ਤੋਂ ਧਿਆਨਾ, ਸਹਜ ਤੋਂ ਸਹਜੇ ਅਤੇ ਪਰਧਾਨ ਤੋਂ ਪਰਧਾਨਾ ਆਦਿਕ। ਥੋੜ੍ਹੇ ਸ਼ਬਦਾਂ ਵਿੱਚ ਗੁਰੂ ਅਮਰਦਾਸ ਦੇ ਭਾਵਾਂ ਦਾ ਵੇਗ ਬੋਲੀ ਦੇ ਪਿੱਛੇ ਨਹੀਂ ਤੁਰਦਾ, ਸਗੋਂ ਬੋਲੀ ਨੂੰ ਆਪਣੇ ਪਿੱਛੇ ਤੋਰਦਾ ਹੈ।

ਅਖੀਰ ਤੇ ਇਹ ਗੱਲ ਭੀ ਗੁਰੂ ਅਮਰਦਾਸ ਦੀ ਬੋਲੀ ਦੇ ਪੰਜਾਬੀ-ਪੁਣੇ ਦੇ ਹੱਕ ਵਿੱਚ ਜਾਂਦੀ ਹੈ, ਕਿ ਕਲਾਸੀਕਲ-ਸੰਸਕ੍ਰਿਤ ਜਾਂ ਤਤਸਮ-ਰੂਪ ਸ਼ਬਦਾਵਲੀ ਇੱਕੋ ਤੁਕ ਜਾਂ ਕਾਵਿ-ਬੰਦ( ਚਉਪਦਾ, ਪੰਚਪਦਾ, ਆਦਿਕ) ਵਿੱਚ ਕੇਂਦ੍ਰਿਤ ਨਹੀਂ ਹੋਈ, ਸਗੋਂ ਵੱਖ ਵੱਖ ਤੁਕਾਂ ਜਾਂ ਕਾਵਿ-ਬੰਦਾਂ ਦੇ ਵਿੱਕੋ-ਲਿੱਤਰੇ ਰੂਪ ਵਿੱਚ ਕੋਈ ਕੋਈ ਤਤਸਮ-ਰੂਪ ਸੰਸਕ੍ਰਿਤ ਦਾ ਸ਼ਬਦ ਵਿਖਾਈ ਦਿੰਦਾ ਹੈ। ਇਸੇਲਈ ਉਹ ਸ਼ਬਦ ਰੜਕਦਾ ਨਹੀਂ, ਜਿਵੇਂ ਹੇਠ ਲਿਖੀਆਂ ਤੁਕਾਂ ਵਿੱਚ ਅਧਿਆਤਮ, ਅਗੋਚਰ, ਅਨਲ, ਅਤੀਤ, ਆਦਿਕ ਸ਼ਬਦ ਤਤਸਮ ਹਨ:-

(ੳ) ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬਹੀ ਪਾਇ।(ਸਿਰੀ ਰਾਗੁ ਮ:3)[1]

(ਅ) ਹਰਿ ਅਪਰੰਪਰੁ ਅਗਮ ਅਗੋਚਰੁ ........................(ਆਸਾ ਮ:3)[2]

(ੲ) ਅੰਤਰਿ ਲੋਭੁ ਭਰਮੁ ਅਨਲ ਵਾਉ ....................(ਆਸਾ ਮ:3)[2]

(ਸ) ਮਨ ਕਾ ਸੁਭਾਉ ਸਦਾ ਬੈਰਾਗੀ ।
ਸਭ ਮਹਿ ਵਸੈ ਅਤੀਤੁ ਅਨਰਾਗੀ ।...................(ਭੈਰਉ ਮ:3)[4]

ਇਹ ਗੱਲ ਭੀ ਕਿਸੇ ਹੱਦ ਤਕ ਦਿਲਚਸਪੀ ਦੀ ਮੁਜਬ ਹੈ, ਕਿ ਸੰਸਕ੍ਰਿਤ ਦੇ ਕਈ ਸ਼ਬਦਾਂ ਦੇ ਅਰਥਾਂ ਵਿੱਚ ਸਮੇਂ ਦੇ ਵਿਕਾਸ ਨਾਲ ਕੁਝ ਤਬਦੀਲੀ ਆ ਗਈ ਜਾਪਦੀ ਹੈ। ਉਦਾਹਰਨ ਵਜੋਂ ਹੇਠ ਲਿਖੀਆਂ ਤੁਕਾਂ ਵਿੱਚ ਵਾਤਿ ਅਤੇ ਮੋਹ ਦੋ ਸ਼ਬਦਾਂ ਦੇ ਅਰਥ ਆਪਟੇ[5]ਦੇ ਸੰਸਕ੍ਰਿਤ-ਅੰਗ੍ਰੇਜ਼ੀ-ਕੋਸ਼ ਨਾਲੋਂ ਕੁਝ ਵੱਖਰੇ ਹਨ:-

(ੳ) ਜਿਨ ਕਉ ਪੋਤੈ ਪੁੰਨੁ ਹੈ ਤਿਨ ਵਾਤਿ ਸਿਪੀਤੀ ।
(ਵਾਰ ਰਾਮਕਲੀ ਮ:3)[6]

(ਅ) ਗੁਰ ਮਿਲਿਐ ਨਾਮੁ ਪਾਈਐ ਚੂਕੈ ਮੋਹ ਪਿਆਸ ।
(ਸਿਰੀ ਰਾਗੁ ਮ:3)[7]

ਇਸੇਤਰ੍ਹਾਂ "ਕੁਸੁੰਭ" ਸ਼ਬਦ ਦੇ ਪ੍ਰਯੋਗ ਬਾਰੇ ਆਖਿਆ ਜਾ ਸਕਦਾ ਹੈ। ਸੰਸਕ੍ਰਿਤਿ ਵਿੱਚ "ਕੁਸਮ" ਅਤੇ

---

1.ਆਦਿ-ਗ੍ਰੰਥ............ਪੰਨਾ 33
2.ਆਦਿ-ਗ੍ਰੰਥ............ਪੰਨਾ 361
3.ਆਦਿ-ਗ੍ਰੰਥ............ਪੰਨਾ 364
4.ਆਦਿ-ਗ੍ਰੰਥ............ਪੰਨਾ 1129
5. V.S.Apte- The Practical Sanskrit English Dictionary, ~~Pages 812 & 727~~ Part III (1959) Pages 1411 & 1263. Part II, (1958) P.
6.ਆਦਿ-ਗ੍ਰੰਥ............ਪੰਨਾ 951
7.ਆਦਿ-ਗ੍ਰੰਥ............ਪੰਨਾ 26

8. V.S.Apte- The Practical Sanskrit-English Dictionary, Part I (1957) P. 590

"ਕਸੁੰਭ" ਦੋ ਵੱਚੋ ਵੱਖਰੇ ਸ਼ਬਦ ਹਨ। ਪਹਿਲੇ ਦਾ ਸੰਬੰਧ ਫੁੱਲ ਨਾਲ ਹੈ ਅਤੇ ਦੂਜੇ ਦਾ "ਦੁਨਿਆਵੀ-ਪਿਆਰ" ਨਾਲ। ਗੁਰੂ ਅਮਰਦਾਸ ਦੀ ਕਵਿਤਾ ਵਿੱਚ ਕਸੁੰਭ ਜਾਂ ਕਸੁੰਭੜੇ ਦਾ ਵਰਣਨ ਬਹੁਤ ਹੈ । ਸਾਡੇ ਖਿਆਲ ਵਿੱਚ ਗੁਰਦੇਵ ਦੀ ਕਵਿਤਾ ਵਿੱਚ ਕਸੁੰਭ ਦਾ ਦੂਹਰਾ-ਅਰਥ ਹੈ ਅਰਥਾਤ ਫੁੱਲ ਭੀ ਅਤੇ ਦੁਨਿਆਵੀ-ਪਿਆਰ ਭੀ, ਜਿਵੇਂ:-

ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ ।
ਇਸਦਾ ਰੰਗੁ ਦਿਨ ਥੋੜਿਆ ਛੋਛਾ ਇਸਦਾ ਮੁਲੁ ।
(ਸਿਰੀ ਰਾਗੁ ਮ:3)[11]

## (3) ਅਪਭ੍ਰੰਸ਼ਾਂ ਦਾ ਪ੍ਰਭਾਵ

ਪੰਜਾਬੀ ਬੋਲੀ ਦਾ ਮੁਢਲਾ-ਸਰੂਪ ਪੰਜਾਬ ਦੇਸ਼ ਦੀ ਉਸ ਅਪਭ੍ਰੰਸ਼ ਵਿੱਚ ਢੂੰਡਿਆ ਜਾ ਸਕਦਾ ਹੈ, ਜੋ ਬਾਰ੍ਹਵੀਂ-ਸਦੀ ਈਸਵੀ ਤੋਂ ਪਹਿਲਾਂ ਇੱਥੇ ਪ੍ਰਚਲਤ ਸੀ । ਜਿਵੇਂ ਪਿੱਛੇ ਸੰਕੇਤ ਕੀਤਾ ਜਾ ਚੁੱਕਾ ਹੈ, ਪੰਜਾਬੀ ਦੀ ਮੂਲ-ਅਪਭ੍ਰੰਸ਼ ਬਾਰੇ ਵਿਦਵਾਨਾਂ ਵਿੱਚ ਕਾਫੀ ਮਤ-ਭੇਦ ਹੈ। ਮੋਟੇ ਤੌਰ ਤੇ ਪੰਜਾਬੀ ਬੋਲੀ ਦਾ ਸੰਬੰਧ ਭਾਸ਼ਾ-ਵਿਗਿਆਨੀਆਂ ਨੇ ਸ਼ੌਰਸੇਣੀ, ਪੈਸ਼ਾਚੀ, ਕੈਕੇਯੀ ਜਾਂ ਟੱਕੀ ਆਦਿਕ ਅਪਭ੍ਰੰਸ਼ਾਂ ਨਾਲ ਜੋੜਿਆ ਹੈ। ਪੈਸ਼ਾਚੀ ਜਾਂ ਕੈਕੇਯੀ ਅਪਭ੍ਰੰਸ਼ਾਂ ਨਾਲ ਪੰਜਾਬੀ ਦਾ ਸੰਬੰਧ ਜੋੜਨ ਬਾਰੇ, ਕੁਝ ਪ੍ਰਾਚੀਨ ਭਾਰਤੀ ਵਿਆਕਰਣੀਆਂ ਤੋਂ ਛੁੱਟ ਆਧੁਨਿਕ ਯੁੱਗ ਦੇ ਪ੍ਰਸਿਧ ਭਾਸ਼ਾ-ਵਿਗਿਆਨੀ ਡਾ:ਗ੍ਰੀਅਰਸਨ[1] ਅਤੇ ਪੀ.ਡੀ.ਗੁਨੇ[2] ਆਦਿਕ ਨੂੰ ਗਿਣਿਆ ਜਾ ਸਕਦਾ ਹੈ। ਭੋਲਾ ਨਾਥ ਤਿਵਾੜੀ[3], ਧੀਰੇਂਦਰ ਵਰਮਾ[4], ਪ੍ਰੇਮਪ੍ਰਕਾਸ਼ ਸਿੰਘ[5], ਵਿਦਿਆ ਭਾਸਕਰ ਅਰੁਨ[6] ਆਦਿਕ ਵਿਦਵਾਨਾਂ ਦੀਆਂ ਲਿਖਤਾਂ ਵਿੱਚ ਭੀ ਲਗਪਗ ਇਹੋ ਜਿਹੇ ਹੀ ਸੰਕੇਤ ਮਿਲਦੇ ਹਨ। ਇਸਦੇ ਉਲਟ ਸ਼ੌਰਸੇਣੀ ਨਾਲ ਪੰਜਾਬੀ ਦੇ ਸੰਬੰਧ ਬਾਰੇ ਵਿਸ਼ੇਸ਼ ਕਰਕੇ ਗ੍ਰੀਅਰਸਨ[1](ਜਿਸਦਾ ਮਤ ਬੇਸ਼ਕ ਅਨਿਸ਼ਚਿਤ ਹੈ), ਤੇਜਾ ਸਿੰਘ[7] ਦੁਨੀ ਚੰਦ[8] ਆਦਿਕ ਦੀਆਂ ਲਿਖਤਾਂ ਤੋਂ ਛੁੱਟ ਸੁਨੀਤੀ ਕੁਮਾਰ ਚੈਟਰਜੀ[9] ਅਤੇ ਡਾ:ਤਾਗਰੇ[10] ਵਰਗੇ ਭਾਸ਼ਾ-ਵਿਗਿਆਨੀਆਂ ਦੇ ਭਾਖਾਈ-ਵਰਗੀਕਰਣਾਂ ਵਿੱਚ ਕੁਝ ਕੀਮਤੀ ਸੁਝਾਉ ਮਿਲਦੇ ਹਨ।

ਜਿੱਥੋਂ ਤਕ ਪੈਸ਼ਾਚੀ ਅਤੇ ਕੈਕੇਯੀ ਅਪਭ੍ਰੰਸ਼ਾਂ ਦਾ ਸੰਬੰਧ ਹੈ, ਇਨ੍ਹਾਂ ਬਾਰੇ ਅਜੇ ਤਕ ਪੂਰੀ ਖੋਜ ਨਹੀਂ ਹੋਈ। ਡਾ:ਬਨਾਰਸੀ ਦਾਸ ਜੈਨ[11] ਦੇ ਕਥਨ ਅਨੁਸਾਰ ਪੈਸ਼ਾਚੀ-ਭਾਸ਼ਾ ਦੀ ਸਭ ਤੋਂ ਪ੍ਰਸਿਧ ਪੁਸਤਕ "ਬ੍ਰਹਤ-ਕਥਾ" ਚਿਰੰਕਾਲ ਤੋਂ ਲੁਪਤ ਹੈ। ਭੋਲਾ ਨਾਥ ਤਿਵਾੜੀ[3] ਨੇ ਭੀ ਇਸ ਗੱਲ

---

1. George Grierson- Linguistic Survey of India, Vol.I, Part I.P.125[illegible]
2. P.D.Gune- An Introduction to Comparative Philology, P.263 (1950 Ed)
3. ਭੋਲਾਨਾਥ ਤਿਵਾੜੀ- ਸਾਮਾਨਯ ਭਾਸ਼ਾ ਵਿਗਿਆਨ, ਪੰਨੇ 193 ਅਤੇ 179
4. ਧੀਰੇਂਦਰ ਵਰਮਾ- ਹਿੰਦੀ ਸਾਹਿਤਯ ਕਾ ਇਤਿਹਾਸ, ਪੰਨਾ 49
5. ਪ੍ਰੇਮਪ੍ਰਕਾਸ਼ ਸਿੰਘ- ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪੰਨੇ 242-263
6. ਵਿਦਿਆ ਭਾਸਕਰ ਅਰੁਨ- ਪੰਜਾਬੀ ਭਾਸ਼ਾ ਦਾ ਇਤਿਹਾਸ, ਪੰਨੇ 252-256
7. ਤੇਜਾ ਸਿੰਘ- ਸਾਹਿਤ ਦਰਸ਼ਨ, 1951, ਪੰਨੇ 20-23
8. ਦੁਨੀ ਚੰਦ- ਪੰਜਾਬੀ ਵਿਆਕਰਣ(ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ), 1964, ਪੰਨਾ 5
9. S.K.Chatterji- Indo-Aryan and Hindi, P.169
10. G.V.Tagare- Historical Grammar of Apabhramsa, P.15-16
11. ਬਨਾਰਸੀ ਦਾਸ ਜੈਨ-ਪ੍ਰਾਕ੍ਰਿਤ ਸਾਹਿਤਯ(ਵੇਖੋ:ਹਿੰਦੀ ਸਾਹਿਤਯ ਕਾ ਪ੍ਰਥਮ-ਖੰਡ ਕੀ ਭੂਮਿਕਾ) ਸੰਪਾਦਕ:ਧੀਰੇਂਦਰ ਵਰਮਾ, ਪੰਨਾ 377

ਦੀ ਹਾਮੀ ਭਰੀ ਹੈ। ਇਸੇ ਤਰ੍ਹਾਂ ਕੈਕੇਯੀ-ਸਾਹਿਤ ਸਾਹਿਤ ਬਾਰੇ ਅਪਭ੍ਰੰਸ਼-ਕਾਲ ਦੇ ਪ੍ਰਸਿਧ ਵਿਆਕਰਣੀ ਹੇਮ ਚੰਦ੍ਰ ਦੇ ਜਿਸ ਦੋਹੇ ਦਾ ਉਤਾਰਾ ਪ੍ਰੇਮਪ੍ਰਕਾਸ਼ ਸਿੰਘ[1] ਨੇ ਰਾਮ ਚੰਦ੍ਰ ਸ਼ੁਕਲ ਦੇ ਇਤਿਹਾਸ ਵਿੱਚੋਂ ਕੀਤਾ ਹੈ ਜਾਂ ਰਾਹੁਲ ਸੰਕ੍ਰਤਾਇਣ ਦੀ ਖੋਜ ਦੇ ਆਧਾਰ ਤੇ ਕੈਕੇਯੀ-ਸਾਹਿਤ ਦੀਆਂ ਜਿਹੜੀਆਂ ਦੋ ਤੁਕਾਂ ਦਾ ਹਵਾਲਾ ਦਿੱਤਾ ਹੈ, ਉਨ੍ਹਾਂ ਦੇ ਆਧਾਰ ਤੇ ਕੈਕੇਯੀ-ਸਾਹਿਤ ਦੇ ਲੱਛਣਾਂ ਬਾਰੇ ਨਿਰਣਾਜਨਕ ਗਿਆਨ ਨਹੀਂ ਹੁੰਦਾ ।

ਪੈਸ਼ਾਚੀ ਦੀਆਂ ਜਿਹੜੀਆਂ ਦੋ ਚਾਰ ਵਿਸ਼ੇਸ਼ਤਾਈਆਂ ਜਾਂ ਲੱਛਣਾਂ ਬਾਰੇ ਪ੍ਰਸਿਧ ਭਾਸ਼ਾ-ਵਿਗਿਆਨੀਆਂ ਦੀਆਂ ਲਿਖਤਾਂ ਵਿੱਚ ਸੰਕੇਤ ਮਿਲਦੇ ਹਨ, ਉਨ੍ਹਾਂ ਦੇ ਆਧਾਰ ਤੇ ਆਖਿਆ ਜਾ ਸਕਦਾ ਹੈ, ਕਿ ਗੁਰੂ ਅਮਰਦਾਸ ਦੀ ਬੋਲੀ ਉਤੇ ਪੈਸ਼ਾਚੀ ਦਾ ਪ੍ਰਭਾਵ ਨਾ ਹੋਣ ਦੇ ਬਰਾਬਰ ਹੈ। ਵਿਸ਼ੇਸ਼ ਕਰਕੇ ਇਕ ਸ਼ਬਦ "ਕੀਚੈ" ਬਾਰੇ ਸੰਕੇਤ ਕਰਨ ਦੀ ਲੋੜ ਹੈ, ਕਿਉਂਕਿ "ਕੀਜੈ" ਦੀ ਥਾ "ਕੀਚੈ" ਲਿਖਣ ਦੀ ਰੁਚੀ ਪੈਸ਼ਾਚੀ-ਅਪਭ੍ਰੰਸ਼ ਦੀ ਜਾਪਦੀ ਹੈ। ਵਰਰੁਚੀ ਦੇ "ਪ੍ਰਾਕ੍ਰਿਤ-ਪ੍ਰਕਾਸ਼" ਦੇ ਆਧਾਰ ਤੇ ਡਾ:ਸਰਕਾਰ[2] ਨੇ ਪਾਕ੍ਰਿਤਾਂ ਦੀ ਜਿਹੜੀ ਵਿਆਕਰਣ ਲਿਖੀ ਹੈ, ਉਸ ਵਿੱਚ ਪੈਸ਼ਾਚੀ ਦੀਆਂ ਵਿਸ਼ੇਸ਼ਤਾਈਆਂ ਦਰਸਾਉਣ ਸਮੇਂ ਉਸਨੇ ਰਾਜਾ ਤੋਂ ਰਾਚਾ, ਗਗਨ ਤੋਂ ਗਕਨੰ ਅਤੇ ਮੇਘ ਤੋਂ ਮੇਖੋ ਆਦਿਕ ਦੀ ਤਬਦੀਲੀ ਬਾਰੇ ਸੰਕੇਤ ਕੀਤਾ ਹੈ। ਇਸਲਈ ਕੀਜੈ ਦੀ ਥਾਂ ਕੀਚੈ ਜਾਂ ਕੀਚਈ ਆਦਿਕ ਸ਼ਬਦ ਜਿਨ੍ਹਾਂ ਦਾ ਪ੍ਰਯੋਗ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਤੋਂ ਛੁੱਟ ਗੁਰੂ ਅਰਜਨ(ਸ਼ੁੱਧ ਕੀਚੈ) ਆਦਿਕ ਗੁਰੂ-ਕਵੀਆਂ ਦੀਆਂ ਲਿਖਤਾਂ ਵਿੱਚ ਭੀ ਮਿਲਦਾ ਹੈ, ਪੈਸ਼ਾਚੀ ਦੇ ਪ੍ਰਭਾਵ ਵਜੋਂ ਪੰਜਾਬੀ ਵਿੱਚ ਆਏ ਜਾਪਦੇ ਹਨ। ਪਰ ਇਹੋ ਜਿਹੇ ਇੱਕ ਅੱਧ ਸ਼ਬਦ ਦੁਆਰਾ ਪੰਜਾਬੀ ਦਾ ਸੰਬੰਧ ਪੈਸ਼ਾਚੀ ਨਾਲ ਸਿੱਧ ਨਹੀਂ ਕੀਤਾ ਜਾ ਸਕਦਾ, ਕਿਉਂਕਿ ਪੈਸ਼ਾਚੀ ਦੀਆਂ ਬਾਕੀ ਕਈ ਰੁਚੀਆਂ ਪੰਜਾਬੀ ਬੋਲੀ ਦੇ ਜੱਦੀ-ਸੁਭਾ ਦੇ ਉਲਟ ਹਨ।

ਗੁਰੂ ਅਮਰਦਾਸ ਦੀ ਬੋਲੀ ਉਤੇ ਸਭ ਤੋਂ ਬਹੁਤਾ ਪ੍ਰਭਾਵ ਸ਼ੌਰਸੇਣੀ-ਅਪਭ੍ਰੰਸ਼ ਦਾ ਸਿੱਧ ਹੁੰਦਾ ਹੈ। ਵੈਸੇ ਕਿਤੇ ਕਿਤੇ ਅਰਧ-ਮਾਗਧੀ ਅਤੇ ਮਹਾਂਰਾਸ਼ਟਰੀ ਆਦਿਕ ਅਪਭ੍ਰੰਸ਼ਾਂ ਦਾ ਇਕ ਅੱਧ ਲੱਛਣ ਭੀ ਵਿਖਾਈ ਦਿੰਦਾ ਹੈ। ਸ਼ਾਇਦ ਇਸਦਾ ਕਾਰਨ ਇਹ ਹੈ, ਕਿ ਸ਼ੌਰਸੇਣੀ ਦਾ ਖੇਤਰ ਬਾਕੀ ਦੀਆਂ ਅਪਭ੍ਰੰਸ਼ਾਂ ਨਾਲੋਂ ਵਧੇਰੇ ਵਿਸ਼ਾਲ ਸੀ ਅਤੇ ਲੰਮੇਂ ਪਸਾਰੇ ਦੁਆਰਾ ਦੂਜੀਆਂ ਅਪਭ੍ਰੰਸ਼ਾਂ ਨਾਲ ਇਕ ਅੱਧ ਰੁਚੀ ਦਾ ਵਟਾਂਦਰੀ ਹੋ ਜਾਣਾ ਕੁਦਰਤੀ ਸੀ। ਦੂਸਰੇ ਇਨ੍ਹਾਂ ਅਪਭ੍ਰੰਸ਼ਾਂ ਦਾ ਮੂਲ-ਸੋਮਾਂ ਭੀ ਕਦੇ ਇੱਕੋ ਹੀ ਸੀ। ਪ੍ਰਸਿਧ ਭਾਸ਼ਾ-ਵਿਗਿਆਨੀ ਪਿਸ਼ਲ[3] ਨੇ ਸ਼ਾਇਦ ਇਸੇਲਈ ਇਕ ਥਾਂ ਲਿਖਿਆ ਹੈ, ਕਿ "ਵਿਆਕਰਣ ਅਤੇ ਕੋਸ਼ਕਾਰੀ ਦੇ ਕਈ ਪੱਖਾਂ ਤੋਂ ਸਭਨਾ ਪ੍ਰਾਕ੍ਰਿਤਾਂ ਦੀ ਵੇਦਕ-ਭਾਸ਼ਾ ਨਾਲ ਇੱਕੋ ਜਿਹੀ ਸਾਂਝ ਹੈ।" ਉਦਾਹਰਨ ਵਜੋਂ ਪ੍ਰਾਚੀਨ ਹਿੰਦ-ਆਰੀਆਈ ਦੇ "ਸ਼" ਤੋਂ "ਹ" ਹੋ ਜਾਣ ਦੀ ਰੁਚੀ ਮਹਾਂ-ਰਾਸ਼ਟਰੀ ਅਤੇ ਪੰਜਾਬੀ ਦੋਹਾਂ ਵਿੱਚ ਸਾਂਝੀ ਹੈ। ਮਹਾਂ-ਰਾਸ਼ਟਰੀ ਅਤੇ ਸ਼ੌਰਸੇਣੀ ਦੀ ਸਾਂਝ ਬਾਰੇ ਬਾਬੂ ਰਾਮ ਸਕਸੇਨਾ[4]

---

1.ਪ੍ਰੇਮਪ੍ਰਕਾਸ਼ ਸਿੰਘ- ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪੰਨਾ 258-261

2.D.C.Sircar- A Grammar of The Prakrit Language,1943,P.95

3.Pischel- Comparative Grammar of the Prakrit Languages,English Translation by S.Jha,1957,P.4

4.ਬਾਬੂ ਰਾਮ ਸਕਸੇਨਾ- ਸਾਮਾਨਯ ਭਾਸ਼ਾ-ਵਿਗਿਆਨ, ਪੰਨਾ 315

ਨੇ ਡਾ:ਮਨਮੋਹਨ ਘੋਸ਼ ਦੇ ਇਸ ਵਿਚਾਰ ਨੂੰ ਦੁਹਰਾਇਆ ਹੈ, ਕਿ "ਮਹਾਂਰਾਸ਼ਟਰੀ, ਸ਼ੌਰਸਨੀ ਦੀ ਉੱਤਰ-ਕਾਲੀਨ ਸ਼ਾਖ਼ ਹੈ।" ਡਾ: ਸਰਕਾਰ[1]ਨੇ ਭੀ ਮਹਾਂ-ਰਾਸ਼ਟਰੀ ਦਾ ਆਧਾਰ ਸ਼ੌਰਸੇਨੀ ਨੂੰ ਮੰਨਣ ਬਾਰੇ ਸੰਕੇਤ ਕੀਤਾ ਹੈ। ਇਸੇਤਰ੍ਹਾਂ ਅਰਧ-ਮਾਗਧੀ ਅਤੇ ਸ਼ੌਰੋਸੇਨੀ ਦੋਹਾਂ ਵਿੱਚ ਪ੍ਰਾਚੀਨ ਹਿੰਦ-ਆਰੀਆਈ ਦੇ "ਸ਼" ਤੋਂ "ਸ" ਹੋ ਜਾਣ ਦੀ ਰੁਚੀ ਹੈ, ਜੋ ਪੰਜਾਬੀ ਬੋਲੀ ਵਿੱਚ ਸਦੀਆਂ ਤੋਂ ਪ੍ਰਚਲਤ ਹੈ। ਜਿੱਥੋਂ ਤਕ ਮਾਗਧੀ ਦਾ ਸੰਬੰਧ ਹੈ, ਉਸ ਵਿੱਚ "ਰ" ਤੋਂ "ਲ" ਹੋ ਜਾਣ ਦੀ ਵਿਸ਼ੇਸ਼ ਰੁਚੀ ਹੈ। ਗੁਰੂ ਅਮਰਦਾਸ ਅਤੇ ਦੂਸਰੇ ਗੁਰੂ-ਕਵੀਆਂ ਦੀ ਬੋਲੀ ਵਿੱਚ ਭੀ ਇੱਕਣ-ਦੁੱਕਣ ਥਾਵਾਂ ਉਤੇ "ਰ" ਅਤੇ "ਲ" ਦਾ ਆਪੋ ਵਿੱਚ ਵਟਾਂਦਰਾ ਵਿਖਾਈ ਦਿੰਦਾ ਹੈ। ਪਰ ਨਿੱਕੀਆਂ ਮੋਟੀਆਂ ਉਪਰੋਕਤ ਸਾਂਝਾਂ ਦੇ ਹੁੰਦੇ ਹੋਇਆਂ ਭੀ ਸਾਰੀਆਂ ਅਪਭ੍ਰੰਸ਼ਾਂ ਦੀਆਂ ਵਿਸ਼ੇਸ਼ਤਾਈਆਂ ਵੱਖੋ ਵੱਖਰੀਆਂ ਹਨ ਅਤੇ ਪੰਜਾਬੀ ਬੋਲੀ ਵਿਸ਼ੇਸ਼ ਕਰਕੇ ਗੁਰੂ ਅਮਰਦਾਸ ਦੀ ਬੋਲੀ ਦਾ ਸੰਬੰਧ ਅਪਭ੍ਰੰਸ਼ਾਂ ਵਿੱਚੋਂ ਸਭ ਤੋਂ ਜ਼ਿਆਦਾ ਸ਼ੌਰਸੇਨੀ ਅਪਭ੍ਰੰਸ਼ ਨਾਲ ਹੈ।

## (4) ਸ਼ੌਰਸੇਨੀ-ਅਪਭ੍ਰੰਸ਼ ਅਤੇ ਗੁਰੂ ਅਮਰਦਾਸ ਦੀ ਬੋਲੀ

ਪ੍ਰਾਚੀਨ "ਪ੍ਰਾਕ੍ਰਿਤ-ਪ੍ਰਕਾਸ਼" ਦੇ ਕਰਤਾ "ਵਰਰੁਚੀ" ਤੋਂ ਆਧੁਨਿਕ-ਕਾਲ ਦੇ ਪ੍ਰਸਿਧ ਭਾਸ਼ਾ-ਵਿਗਿਆਨੀ ਗ੍ਰੀਅਰਸਨ, ਕਾਤਰੇ, ਚੈਟਰਜੀ, ਤਾਗਰੇ, ਆਦਿਕ ਸਭ ਨੇ ਸ਼ੌਰਸੇਨੀ ਦੇ ਮਹੱਤਵ ਨੂੰ ਮੰਨਿਆ ਹੈ, ਪਰ ਇਸਦੇ ਖੇਤਰ ਬਾਰੇ ਵਿਦਵਾਨਾਂ ਵਿੱਚ ਮਤ-ਭੇਦ ਹੈ। ਪਿਸ਼ਲ[2]ਦੇ ਕਥਨ ਅਨੁਸਾਰ ਪ੍ਰਾਚੀਨ ਵਿਆਕਰਣੀਆਂ ਨੇ ਸ਼ੌਰਸੇਨੀ ਬਾਰੇ ਵਿਸਥਾਰ ਸਹਿਤ ਵਿਚਾਰ ਨਹੀਂ ਕੀਤੀ। ਪਿਸ਼ਲ ਨੇ ਸ਼ੌਰਸੇਨੀ-ਇਲਾਕੇ ਦੀ ਰਾਜਧਾਨੀ ਮਥਰਾ ਦਰਸਾਈ ਹੈ। ਸ਼ੌਰਸੇਨੀ-ਪ੍ਰਾਕ੍ਰਿਤ ਵਾਂਗ ਸ਼ੌਰਸੇਨੀ-ਅਪਭ੍ਰੰਸ਼ ਦੇ ਖੇਤਰ ਬਾਰੇ ਭੀ ਵਿਦਵਾਨਾਂ ਵਿੱਚ ਮਤ-ਭੇਦ ਹੈ। ਗ੍ਰੀਅਰਸਨ[3]ਨੇ ਨਾਗਰ-ਅਪਭ੍ਰੰਸ਼(ਗੁਜਰਾਤੀ ਦਾ ਮੂਲ) ਨੂੰ ਇਸ ਨਾਲੋਂ ਅੱਡ ਕਰਕੇ ਸ਼ੌਰਸੇਨੀ ਦਾ ਖੇਤਰ ਪੰਜਾਬ ਦੇ ਮਧ ਤਕ ਨਿਸ਼ਚਿਤ ਕੀਤਾ ਹੈ ਅਤੇ ਇਸ ਰਾਹੀਂ ਪੱਛਮੀ-ਹਿੰਦੀ( ਤੇ ਪੂਰਬੀ-ਪੰਜਾਬੀ ) ਦਾ ਵਿਕਾਸ ਦਰਸਾਇਆ ਹੈ। ਡਾ:ਤਾਗਰੇ[4]ਨੇ ਅਪਭ੍ਰੰਸ਼ਾਂ ਦਾ ਵਰਗੀਕਰਣ ਕਰਨ ਸਮੇਂ ਸ਼ੌਰੋਸੇਨੀ ਨੂੰ ਪੱਛਮੀ-ਅਪਭ੍ਰੰਸ਼ ਦਾ ਨਾਮ ਦਿੱਤਾ ਹੈ ਅਤੇ ਇਸਦਾ ਖੇਤਰ ਪੱਛਮੀ-ਹਿੰਦੀ ਤੋਂ ਲੈ ਕੇ ਰਾਜਸਥਾਨੀ ਅਤੇ ਗੁਜਰਾਤੀ ਤਕ ਵਿਸ਼ਾਲ ਮੰਨਿਆ ਹੈ। ਬੇਸ਼ਕ ਭੋਲਾ ਨਾਥ ਤਿਵਾੜੀ[5]ਵਰਗੇ ਭਾਸ਼ਾ-ਵਿਗਿਆਨੀ ਡਾ:ਤਾਗਰੇ ਦੇ ਵਰਗੀਕਰਣ ਨੂੰ ਬਹੁਤ ਸੰਕੁਚਵਾਂ ਆਖ ਕੇ ਦਰਜਨਾਂ ਆਧੁਨਿਕ ਭਾਰਤੀ ਬੋਲੀਆਂ ਦਾ ਵਿਕਾਸ ਦੋ ਤਿੰਨ ਅਪਭ੍ਰੰਸ਼ਾਂ ਦੀ ਥਾਂ ਕਈ ਅਪਭ੍ਰੰਸ਼ਾਂ ਰਾਹੀਂ ਹੋਇਆ ਪ੍ਰਤੀਤ ਕਰਦੇ ਹਨ, ਪਰ ਸ਼ੌਰਸੇਨੀ ਦੇ ਖੇਤਰ ਬਾਰੇ ਲਗਪਗ ਸਾਰੇ ਭਾਸ਼ਾ-ਵਿਗਿਆਨੀ ਇਸ ਗੱਲ ਨਾਲ ਜ਼ਰੂਰ ਸਹਿਮਤ ਹਨ, ਕਿ ਬਾਕੀ ਅਪਭ੍ਰੰਸ਼ਾਂ ਦੇ ਟਾਕਰੇ ਵਿੱਚ ਸ਼ੌਰਸੇਨੀ ਦਾ ਖੇਤਰ ਸਭ ਨਾਲੋਂ ਵਿਸ਼ਾਲ ਹੈ। ਡਾ:ਸਰਕਾਰ[1]ਨੇ ਤਾਂ ਪੈਸ਼ਾਚੀ ਅਤੇ ਮਾਗਧੀ ਦਾ ਆਧਾਰ ਭੀ ਸ਼ੌਰਸੇਨੀ ਨੂੰ ਮੰਨਣ ਬਾਰੇ ਸੰਕੇਤ ਕੀਤਾ ਹੈ।

---

1. D.C.Sircar- A Grammar of The Prakrit Language,1943,P.101
2. Pischel- Comparative Grammar of The Prakrit Languages(English Translation by S.Jha),P.22
3. George Grierson-Linguistic Survey of India,Vol.I,Part 1,1927, P.126
4. Tagare- Historical Grammar of Apabhramsa,P.15
5. Bhola Nath Tiwari- Bhasha Vigyan(Hindi),P.186

ਬੇਸ਼ਕ ਪੰਜਾਬੀ ਬੋਲੀ ਦੇ ਨਿਕਾਸ ਬਾਰੇ ਅਜੇ ਹੋਰ ਖੋਜ ਦੀ ਲੋੜ ਹੈ, ਪਰ ਹੁਣ ਤਕ ਹੋਈ ਖੋਜ ਦੇ ਆਧਾਰ ਉੱਤੇ ਇਹ ਗੱਲ ਨਿਸ਼ਚੇ ਨਾਲ ਆਖੀ ਜਾ ਸਕਦੀ ਹੈ, ਕਿ ਬਾਕੀ ਅਪਭ੍ਰੰਸ਼ਾਂ ਨਾਲੋਂ ਇਸਦੇ ਲੱਛਣ ਸ਼ੌਰਸੇਣੀ ਨਾਲ ਵਧੇਰੇ ਮਿਲਦੇ ਹਨ। ਪੰਜਾਬੀ ਅਤੇ ਹਿੰਦੀ ਦੋਹਾਂ ਭਾਸ਼ਾਵਾਂ ਦਾ ਬੋਧ ਕਰਨ ਵਾਲੇ ਆਧੁਨਿਕ ਵਿਆਕਰਣੀ, ਦੁਨੀ ਚੰਦ[1]ਨੇ ਭੀ ਮੰਨਿਆ ਹੈ, ਕਿ "ਪੰਜਾਬੀ ਦਾ ਸ਼ੌਰਸੇਣੀ ਅਪਭ੍ਰੰਸ਼ ਅਤੇ ਪ੍ਰਾਕ੍ਰਿਤ ਨਾਲ ਸੰਬੰਧ ਸਾਫ਼ ਦਿਸਦਾ ਹੈ, ਕਿਉਂਕਿ ਇਸਦੇ ਬਹੁਤ ਸਾਰੇ ਵਿਆਕਰਣ-ਰੂਪ ਸ਼ੌਰਸੇਣੀ ਦੇ ਰੂਪਾਂ ਤੋਂ ਧੁਨੀ-ਵਟਾਂਦਰੇ ਦੇ ਨਿਯਮਾਂ ਅਨੁਸਾਰ ਵਿਕਸਿਤ ਹੋਏ ਦਿਸਦੇ ਹਨ।" ਬੇਸ਼ਕ ਵਿਦਵਾਨ ਲੇਖਕ ਨੇ ਆਪਣੇ ਕਥਨ ਦੀ ਪੁਸ਼ਟੀ ਵਿੱਚ ਉਦਾਹਰਨਾਂ ਨਹੀਂ ਦਿੱਤੀਆਂ, ਪਰ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ, ਆਦਿਕ ਗੁਰੂ-ਕਵੀਆਂ ਤੋਂ ਛੁੱਟ ਸ਼ਾਹ ਹੁਸੈਨ ਅਤੇ ਕਈ ਹੋਰ ਮਧਕਾਲੀਨ ਕਵੀਆਂ ਦੀ ਕਵਿਤਾ ਵਿੱਚੋਂ ਇਸਦੇ ਪ੍ਰਮਾਣ ਮਿਲ ਸਕਦੇ ਹਨ।

ਡਾ:ਤਾਗਰੇ[2]ਅਨੁਸਾਰ ਕਥਿਤ ਪੱਛਮੀ-ਅਪਭ੍ਰੰਸ਼( ਜੋ ਵਿਸ਼ੇਸ਼ ਕਰਕੇ ਸ਼ੌਰਸੇਣੀ ਨਾਲ ਸੰਬੰਧਤ ਹੈ) ਦੇ ਕੁਝ ਇਕ ਲੱਛਣ, ਸਮੇਤ ਸ਼ੌਰਸੇਣੀ ਬਾਰੇ ਸੰਕੇਤ ਕੀਤੇ ਦੂਸਰੇ ਕਈ ਭਾਸ਼ਾ-ਵਿਗਿਆਨੀਆਂ( ਵਰਰੁਚੀ, ਹੇਮਚੰਦ੍ਰ, ਪਿਸ਼ਲ, ਗ੍ਰੀਅਰਸਨ, ਪੀ.ਡੀ.ਗੁਣੇ, ਆਦਿਕ)[3]ਦੇ ਵਿਚਾਰ, ਇਸ ਗੱਲ ਦਾ ਸਬੂਤ ਹਨ, ਕਿ ਪੰਜਾਬੀ ਬੋਲੀ ਦਾ ਨਿਕਾਸ ਸ਼ੌਰਸੇਣੀ-ਅਪਭ੍ਰੰਸ਼ ਦੁਆਰਾ ਹੋਇਆ ਹੈ। ਉਪਰੋਕਤ ਭਾਸ਼ਾ-ਵਿਗਿਆਨੀਆਂ ਤੋਂ ਛੁੱਟ ਡਾ:ਸਰਕਾਰ[4], ਭੋਲਾ ਨਾਥ ਤਿਵਾੜੀ[5], ਪ੍ਰੇਮਪ੍ਰਕਾਸ਼ ਸਿੰਘ[6], ਵਿਦਿਆ ਭਾਸਕਰ ਅਰੁਨ[7]ਅਤੇ ਦੁਨੀਚੰਦ੍ਰ[8]ਆਦਿਕ ਦੀਆਂ ਲਿਖਤਾਂ ਰਾਹੀਂ ਭੀ ਸ਼ੌਰਸੇਣੀ-ਅਪਭ੍ਰੰਸ਼ ਦੇ ਲੱਛਣਾਂ ਬਾਰੇ ਜਾਣਕਾਰੀ ਹੁੰਦੀ ਹੈ। ਕੁਝ ਇਕ ਜ਼ਰੂਰੀ ਨੁਕਤੇ ਇਸ ਪਰਕਾਰ ਹਨ:-

ਪ੍ਰਾਚੀਨ ਹਿੰਦ-ਆਰੀਆਂਈ ਦੇ ਕ+ਸ਼( ਕ੍ਸ਼ ) ਤੋਂ ਸ਼ੌਰਸੇਣੀ ਵਿੱਚ ਕ+ਖ ਅਤੇ ਪੰਜਾਬੀ ਵਿੱਚ ਕੇਵਲ "ਖ" ਰਹਿ ਜਾਂਦਾ ਹੈ। ਸ਼ੌਰਸੇਣੀ ਵਿੱਚ "ਖ" ਦੀ ਰੁਚੀ ਇਤਨੀ ਪ੍ਰਬਲ ਹੈ, ਕਿ ਡਾ:ਤਾਗਰੇ[9] ਅਨੁਸਾਰ ਪੱਛਮੀ-ਅਪਭ੍ਰੰਸ਼(ਸ਼ੌਰਸੇਣੀ ਦਾ ਇਲਾਕਾ) ਨੂੰ ਕ+ਸ਼ ਤੋਂ ਕ+ਖ ਹੋ ਜਾਣ ਵਾਲੀ ਅਪਭ੍ਰੰਸ਼ ਆਖਿਆ ਜਾਂਦਾ ਰਿਹਾ ਹੈ। ਪੰਜਾਬੀ ਵਿੱਚ ਇਸ ਰੁਚੀ ਦੇ ਤਿੰਨ ਰੂਪ ਹਨ:(ੳ) ਪ੍ਰਾਚੀਨ ਹਿੰਦ-ਆਰੀਆਈ ਦੇ ਕ+ਸ਼ ਤੋਂ "ਖ" ਹੋ ਜਾਣ ਦੀ ਰੁਚੀ, (ਅ) ਪ੍ਰਾਚੀਨ ਹਿੰਦ-ਆਰੀਆਈ ਦੇ "ਸ਼" ਤੋਂ "ਖ" ਹੋ ਜਾਣ ਦੀ ਰੁਚੀ, ਅਤੇ ਇਸੇਤਰ੍ਹਾਂ (ੲ) ਪ੍ਰਾਚੀਨ ਹਿੰਦ-ਆਰੀਆਈ ਦੇ "ਕ" ਤੋਂ "ਖ" ਹੋ ਜਾਣ ਦੀ ਰੁਚੀ । ਹੇਠਾਂ ਹਰ ਰੂਪ ਦੀਆਂ ਉਦਾਹਰਨਾਂ ਸੰਸਕ੍ਰਿਤ ਅਤੇ ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) ਦੇ

---

1.ਦੁਨੀ ਚੰਦ੍ਰ- ਪੰਜਾਬੀ ਭਾਸ਼ਾ ਦਾ ਵਿਆਕਰਣ,1964,ਪੰਨਾ 5

2.G.V.Tagare- Historical Grammar of Apabhramsa(See Index of words).

3.Refer:(a)Pischel-Comparative Grammar of the Prakrit Languages,
(b)D.C.Sircar-A Grammar of The Prakrit Language,P.101-109
(C)P.D.Gune-An Introduction to Comparative Philology.

5.ਭੋਲਾ ਨਾਥ ਤਿਵਾੜੀ- ਭਾਸ਼ਾ-ਵਿਗਿਆਨ

6.ਪ੍ਰੇਮਪ੍ਰਕਾਸ਼ ਸਿੰਘ . ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ

7.ਵਿਦਿਆ ਭਾਸਕਰ ਅਰੁਨ - ਪੰਜਾਬੀ ਭਾਸ਼ਾ ਦਾ ਇਤਿਹਾਸ

8.ਦੁਨੀ ਚੰਦ੍ਰ - ਪੰਜਾਬੀ ਭਾਸ਼ਾ ਦਾ ਵਿਆਕਰਣ

9.Dr.Tagare- Historical Grammar of Apabhramsa,P.26

ਆਧਾਰ ਉਤੇ ਦਿੱਤੀਆਂ ਜਾਂਦੀਆਂ ਹਨ:-

(ੳ) ਸੰਸਕ੍ਰਿਤ ਦੇ ਕ+ਸ਼( क्ष ) ਤੋਂ ਪੰਜਾਬੀ "ਖ"

| ਸੰਸਕ੍ਰਿਤ | | ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) |
|---|---|---|
| ਸੁਧਾਕਸ਼ਰ | ( सुधाक्षर ) | ਸੁਧਾਖਰ |
| ਸੁਲਕਸ਼ਣੀ | ( सुलक्षणी ) | ਸੁਲਖਣੀ |
| ਸੂਕਸ਼ਮ | ( सूक्ष्म ) | ਸੂਖਮ |
| ਕਸ਼ੇਤ੍ਰ | ( क्षेत्र ) | ਖੇਤਰ( ਖੇਤ) |
| ਤੀਕਸ਼ਣ | ( तीक्ष्ण ) | ਤੀਖਣ |
| ਦੀਕਸ਼ਾ | ( दीक्षा ) | ਦੀਖਿਆ |
| ਪਰੀਕਸ਼ਾ | ( परीक्षा ) | ਪ੍ਰੀਖਿਆ |
| ਪਰੀਕਸ਼ਣ | ( परीक्षण ) | ਪਰਖਿਅਨਿ |
| ਪਕਸ਼ੀ | ( पक्षी ) | ਪੰਖੀ |
| ਵ੍ਰਿਕਸ਼ | ( वृक्ष ) | ਬਿਰਖ |
| ਭਿਕਸ਼ਾ | ( भिक्षा ) | ਭਿਖਿਆ |
| ਭਿਕਸ਼ੁਕ | ( भिक्षुक ) | ਭੀਖਕ |
| ਮੋਕਸ਼ | ( मोक्ष ) | ਮੋਖ |
| ਰਕਸ਼ਾ | ( रक्षा ) | ਰਖਿਆ |
| ਲਕਸ਼ਣ | ( लक्षण ) | ਲੱਖਣ( ਲਖਣ) |

(ਅ) ਸੰਸਕ੍ਰਿਤ "ਸ਼*( ष) ਤੋਂ ਪੰਜਾਬੀ "ਖ"

| | | |
|---|---|---|
| ਸ਼ਟ | ( षट् ) | ਖਟ( ਖਟ ਰਸ) |
| ਪੁਰਸ਼ | ( पुरुष ) | ਪੁਰਖ |
| ਹਰਸ਼ | ( हर्ष ) | ਹਰਖ |
| ਸੰਤੋਸ਼ | ( सन्तोष ) | ਸੰਤੋਖ |
| ਪਾਸ਼ੰਡ | ( पाषण्ड ) | ਪਾਖੰਡ |

(ੲ) ਸੰਸਕ੍ਰਿਤ "ਕ" ਤੋਂ ਪੰਜਾਬੀ "ਖ"

| | | |
|---|---|---|
| ਕੰਥ | ( कन्थ ) | ਖਿੰਥਾ |
| ਕੂਪ | ( कूप ) | ਖੂਹ( ਖੂਹਟਾ) |

ਪ੍ਰਾਚੀਨ ਹਿੰਦ-ਆਰੀਆਈ ਦੇ "ਯ" ਤੋਂ "ਜ" ਹੋਣ ਦੀ ਰੁਚੀ ਪੱਛਮੀ-ਅਪਭ੍ਰੰਸ਼ ਜਾਂ ਸ਼ੌਰਸੇਨੀ ਤੋਂ

ਛੁੱਟ ਪੂਰਬੀ-ਅਪਭ੍ਰੰਸ਼ (ਬੰਗਾਲੀ ਦਾ ਮੂਲ) ਵਿੱਚ ਭੀ ਪ੍ਰਬਲ ਪ੍ਰਤੀਤ ਹੁੰਦੀ ਹੈ। ਡਾ: ਤਾਗਰੇ[1] ਨੇ ਇਸ ਬਾਰੇ ਭੀ ਸੰਕੇਤ ਕੀਤਾ ਹੈ। ਇਸੇ ਲਈ ਸ਼ਾਇਦ ਆਦਿ-ਗ੍ਰੰਥ ਵਿੱਚ ਸ਼ਾਮਿਲ ਕਈ ਕਵੀਆਂ (ਜੈਦੇਵ ਆਦਿਕ) ਦੀ ਬੋਲੀ ਵਿੱਚ ਜੋਗੇਨ, ਜਗੇਨ, ਆਦਿਕ ਸ਼ਬਦਾਂ ਦਾ ਪ੍ਰਯੋਗ ਮਿਲਦਾ ਹੈ। ਬੇਸ਼ਕ ਜੈਦੇਵ ਤੋਂ ਛੁੱਟ "ਯ" ਤੋਂ "ਜ" ਹੋ ਜਾਣ ਦੀ ਰੁਚੀ ਕਿਤੇ ਕਿਤੇ ਤ੍ਰਿਲੋਚਨ, ਧੰਨਾ, ਕਬੀਰ ਅਤੇ ਰਵਿਦਾਸ ਵਿੱਚ ਭੀ ਵਿਖਾਈ ਦਿੰਦੀ ਹੈ, ਪਰ ਇੱਥੇ ਕੇਵਲ ਅਸੀਂ ਗੁਰੂ ਅਮਰਦਾਸ ਦੀ ਬੋਲੀ ਅਰਥਾਤ ਪੰਦਰ੍ਹਵੀਂ-ਸੋਲ੍ਹਵੀਂ ਸਦੀ ਦੀ ਪੰਜਾਬੀ ਵਿੱਚੋਂ ਉਦਾਹਰਨਾਂ ਦੇ ਕੇ ਧੁਨੀ-ਪਰਿਵਰਤਨ ਦੀ ਇਸ ਵਿਸ਼ੇਸ਼ ਰੁਚੀ ਨੂੰ ਸਿੱਧ ਕਰਾਂਗੇ:-

| ਸੰਸਕ੍ਰਿਤ | | ਪੰਜਾਬੀ (ਗੁਰੂ ਅਮਰਦਾਸ ਦੀ ਬੋਲੀ) |
|---|---|---|
| ਸੂਰਯ | ( सूर्य ) | ਸੂਰਜੁ |
| ਸੰਯਮ | ( संयम ) | ਸੰਜਮ |
| ਸੰਯੋਗ | ( संयोग ) | ਸੰਜੋਗ |
| ਆਸ਼ਚਰਯ | ( आश्चर्य ) | ਅਸਚਰਜ |
| ਕਲਿਯੁਗ | ( कलियुग ) | ਕਲਿਜੁਗ |
| ਕਾਰਯ | ( कार्य ) | ਕਾਰਜ |
| ਯੋਨਿ | ( योनि ) | ਜੋਨੀ (ਗਰਭਜੋਨਿ) |
| ਯਜਮਾਨ | ( यजमान ) | ਜਜਮਾਨ |
| ਯਮ | ( यम ) | ਜਮ (ਜਮਕਾਲਿ) |
| ਯੁਕਤ | ( युक्त ) | ਜੁਗਤ |
| ਯੌਵਨ | ( यौवन ) | ਜੋਬਨ |
| ਯੰਤ੍ਰ | ( यन्त्र ) | ਜੰਤ੍ਰ |
| ਵਿਯੋਗ | ( वियोग ) | ਵਿਜੋਗ |

ਸ਼ੌਰਸੇਨੀ ਵਾਂਗ ਹੀ ਪੰਜਾਬੀ ਵਿੱਚ ਵਰਗਾਂ ਦੀ ਪਹਿਲੀ ਧੁਨੀ ਤੀਸਰੀ ਧੁਨੀ ਵਿੱਚ ਬਦਲ ਜਾਂਦੀ ਹੈ। ਗੁਰੂ ਅਮਰਦਾਸ ਦੀ ਬੋਲੀ ਭੀ ਇਸ ਰੁਚੀ ਦੀ ਪੂਰੀ ਤਰ੍ਹਾਂ ਹਾਮੀ ਭਰਦੀ ਹੈ। ਹੇਠ ਲਿਖੀਆਂ ਉਦਾਹਰਨਾਂ ਇਸ ਕਥਨ ਦੀ ਪੁਸ਼ਟੀ ਕਰਦੀਆਂ ਹਨ:-

ਸੰਸਕ੍ਰਿਤ ਦੇ "ਕ" ਤੋਂ ਪੰਜਾਬੀ "ਗ"

| | | |
|---|---|---|
| ਯੁਕਤਿ | ( युक्ति ) | ਜੁਗਤਿ |
| [illegible] | ( | [illegible] |
| ਧਿਕ | ( धिक् ) | ਧ੍ਰਿਗ |
| ਪ੍ਰਕਟ | ( प्रकट ) | ਪ੍ਰਗਟ (ਪਰਗਟ) |

1. G.V. Tagare-Historical Grammar of Apabhramsa. P.26

| ਸੰਸਕ੍ਰਿਤ | | ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) |
|---|---|---|
| ਪ੍ਰਕਾਸ਼ | ( प्रकाश ) | ਪ੍ਰਗਾਸ(ਪਰਗਾਸੁ) |
| ਬਕ | ( बक ) | ਬਗ(ਬਗੁ) |
| ਭਕਤਿ | ( भक्ति, भक्त ) | ਭਗਤਿ |
| ਭੋਕਤਾ | ( भोक्ता ) | ਭੁਗਤਾ |

(ਅ) ਸੰਸਕ੍ਰਿਤ ਦੇ "ਤ" ਤੋਂ ਪੰਜਾਬੀ "ਦ"

| | | |
|---|---|---|
| ਅਨਾਹਤ | ( अनाहत ) | ਅਨਾਹਦ |
| ਨਿਸ਼ਚਿੰਤ | ( निश्चिन्त ) | ਨਿਚੰਦ |

ਬੇਸ਼ੱਕ ਡਾ: ਤਾਗਰੇ[1] ਅਨੁਸਾਰ ਪੱਛਮੀ-ਅਪਭ੍ਰੰਸ਼ ਵਿੱਚ ਪ੍ਰਾਚੀਨ ਹਿੰਦ-ਆਰਿਆਈ ਦੇ "ਵ" ਤੋਂ "ਬ" ਹੋਣ ਦੀ ਰੁਚੀ ਕੁਝ ਘੱਟ ਹੈ, ਪਰ ਗੁਰੂ ਅਮਰਦਾਸ ਅਤੇ ਦੂਸਰੇ ਗੁਰੂ-ਕਵੀਆਂ ਦੀ ਬਾਣੀ ਵਿੱਚ ਇਹ ਰੁਚੀ ਬਹੁਤ ਪ੍ਰਬਲ ਵਿਖਾਈ ਦਿੰਦੀ ਹੈ। ਗੁਰੂ ਅਮਰਦਾਸ ਦੀ ਬੋਲੀ ਵਿੱਚੋਂ ਕੁਝ ਉਦਾਹਰਨਾਂ ਹਾਜ਼ਰ ਹਨ:-

| | | |
|---|---|---|
| ਵ੍ਰਿਥਾ | ( वृथा ) | ਬਿਰਥਾ |
| ਵਿਲੰਬ | ( विलम्ब ) | ਬਿਲਮ |
| ਵਿਨਾਸ਼ | ( विनाश ) | ਬਿਨਾਸ |
| ਵਿਭੂਤੀ | ( विभूति ) | ਬਿਭੂਤਿ |
| ਸਰਵ( | ( सर्व ) | ਸਰਬ |
| ਗੰਧਰਵ | ( गन्धर्व ) | ਗੰਧਰਬ |
| ਗਰਵ | ( गर्व ) | ਗਰਬ |
| ਗੋਵਿੰਦ | ( गोविन्द ) | ਗੋਬਿੰਦ |
| ਯੌਵਨ | ( यौवन ) | ਜੋਬਨ |
| ਤ੍ਰਿਵਿਧ | ( त्रिविध ) | ਤ੍ਰਿਬਿਧ |
| ਦਿਵਯ-ਦ੍ਰਿਸ਼ਟੀ | ( दिव्य दृष्टि ) | ਦਿਬ-ਦ੍ਰਿਸਟਿ |
| ਵਸੰਤ | ( वसन्त ) | ਬਸੰਤ |
| ਵਾਸ਼ਨਾ | ( वासना ) | ਬਾਸਨਾ |
| ਵਾਣੀ | ( वाणी ) | ਬਾਣੀ |
| ਵਾਦ | ( वाद ) | ਬਾਦ(ਬਾਦਿ) |
| ਵਾਦੀ | ( वादी ) | ਬਾਦੀ |

---

1.G.V.Tagare- Historical Grammar of Apabhramsa,P.26

| ਸੰਸਕ੍ਰਿਤ | | ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) |
|---|---|---|
| ਵਯਾਸ | ( व्यास ) | ਬਿਆਸ |
| ਵਿਸ਼ਣੂੰ | ( विष्णु ) | ਬਿਸਨੁ |
| ਵਿਹਾਯ | ( विहाय ) | ਬਿਹਾਇ |
| ਵਿਕਾਰ | ( विकार ) | ਬਿਕਾਰ |
| ਵਿਸ਼ | ( विष ) | ਬਿਖ |
| ਵਿਘਨ | ( विघ्न ) | ਬਿਘਨ( ਬਿਘਨੁ) |
| ਵਿਰਹ | ( विरह ) | ਬਿਰਹ( ਬਿਰਹਾ) |
| ਵ੍ਰਿੱਧ | ( वृद्ध ) | ਬਿਰਧ |
| ਵਿਵੇਕੀ | ( विवेकी ) | ਬਿਬੇਕੀ( ਬਿਬੇਕੀਆ) |
| ਵੇਤਾ | ( वेता ) | ਬੇਤਾ |
| ਵੇਦ | ( वेद ) | ਬੇਦ |
| ਵ | | ਬ |
| ਬਹੁਵਿਧਿ | ( बहुविध ) | ਬਹੁਬਿਧਿ |
| ਪੂਰਵ | ( पूर्व ) | ਪੂਰਬ |
| ਵਚਨ | ( वचन ) | ਬਚਨ |
| ਵਜ੍ਰਕਪਾਟ | ( वज्र कपाट ) | ਬਜਰਕਪਾਟ |
| ਵ੍ਰਿਤੀ | ( वृति ) | ਬਿਰਤੀ |

ਇਸੇਤਰ੍ਹਾਂ ਪ੍ਰਾਚੀਨ ਹਿੰਦ-ਆਰੀਆਈ ਦੇ श, ष ਅਤੇ स ਦੀ ਥਾਂ ਪੰਜਾਬੀ ਵਿੱਚ ਇੱਕੋ "ਸ" ਰਹਿ ਜਾਂਦਾ ਹੈ। ਭੋਲਾ ਨਾਥ ਤਿਵਾੜੀ[1] ਨੇ ਮੰਨਿਆ ਹੈ, ਕਿ ਸਿਵਾਏ ਮਾਗਧੀ ਦੇ(ਜਿਸ ਵਿੱਚ "ਸ਼" ਦੀ ਧੁਨੀ ਪ੍ਰਧਾਨ ਹੈ) ਬਾਕੀ ਸਭ ਅਪਭ੍ਰੰਸ਼ਾਂ ਵਿੱਚ ਪ੍ਰਾਚੀਨ ਹਿੰਦ-ਆਰੀਆਈ ਦੇ "श" ਅਤੇ "ष" ਤੋਂ ਕੇਵਲ "ਸ" ਰਹਿ ਜਾਂਦਾ ਹੈ। ਜਿਵੇਂ ਪਿੱਛੇ ਦੱਸਿਆ ਹੈ, ਭੋਲਾ ਨਾਥ ਤਿਵਾੜੀ ਨੇ ਸ਼ੌਰਸੇਣੀ ਵਿੱਚ ਇਹ ਰੁਚੀ ਅਰਧ-ਮਾਗਧੀ ਦੁਆਰਾ ਆਈ ਮੰਨੀ ਹੈ। ਹਿੰਦੀ ਵਿੱਚ ਪੰਜਾਬੀ ਦੇ ਟਾਕਰੇ ਵਿੱਚ ਤਤਸਮ ਰੁਚੀ ਵਧੇਰੇ ਹੋਣ ਕਰਕੇ ਉਥੇ "ਸ਼" ਦੀ ਵਰਤੋਂ ਬਹੁਤ ਜ਼ਿਆਦਾ ਹੈ। ਇਸ ਪੱਖ ਤੋਂ ਪੰਜਾਬੀ ਅਪਭ੍ਰੰਸ਼ਾਂ ਦੇ ਜ਼ਿਆਦਾ ਨੇੜੇ ਹੈ। ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ ਕੁਝ ਇਕ ਉਦਾਹਰਨਾਂ ਇਸ ਪਰਕਾਰ ਹਨ:-

| | | |
|---|---|---|
| ਉਪਦੇਸ਼ | ( उपदेश ) | ਉਪਦੇਸ |
| ਅਵਿਨਾਸ਼ੀ | ( अविनाशी ) | ਅਬਿਨਾਸੀ |
| ਆਕਾਸ਼ | ( आकाश ) | ਆਕਾਸ |

1.ਭੋਲਾ ਨਾਥ ਤਿਵਾੜੀ - ਭਾਸ਼ਾ ਵਿਗਿਆਨ, ਪੰਨਾ 187 ਅਤੇ 180

| ਸੰਸਕ੍ਰਿਤ | | ਪੰਜਾਬੀ (ਗੁਰੂ ਅਮਰਦਾਸ ਦੀ ਬੋਲੀ) |
|---|---|---|
| ਸ਼ਕਤੀ | ( शक्ति ) | ਸਕਤੀ (ਸਕਤਿ) |
| ਸ਼ਬਦ | ( शब्द ) | ਸਬਦ |
| ਸ਼ਰਣ | ( शरण ) | ਸਰਣ |
| ਸ਼ਾਕਤ | ( शाक्त ) | ਸਾਕਤ |
| ਸ਼ਾਖਾ | ( शाखा ) | ਸਾਖਾ |
| ਸ਼ਾਸਨ | ( शासन ) | ਸਾਸਨ (ਸਾਸਨਾ) |
| ਸ਼ਾਸਤ੍ਰ | ( शास्त्र ) | ਸਾਸਤ੍ਰ (ਸਾਸਤੁ) |
| ਸ਼ਾਂਤਿ | ( शान्त ) | ਸਾਂਤਿ |
| ਸ਼ੀਤਲ | ( शीतल ) | ਸੀਤਲ |
| ਸ਼ੀਲ | ( शील ) | ਸੀਲ |
| ਸ਼ਿਵ | ( शिव ) | ਸਿਵ |
| ਸੰਤੁਸ਼ਟ | ( सन्तुष्ट ) | ਸੰਤੁਸਟ |
| ਸ਼ੋਭਾ | ( शोभा ) | ਸੋਭਾ |
| ਕਾਸ਼ੀ | ( काशी ) | ਕਾਸੀ |
| ਤ੍ਰਿਸ਼ਨਾ | ( तृष्णा ) | ਤ੍ਰਿਸਨਾ |
| ਦਰਸ਼ਨ | ( दर्शन ) | ਦਰਸਨ |
| ਦ੍ਵਾਦਸ਼ੀ | ( द्वादशी ) | ਦੁਆਦਸੀ |
| ਦੇਸ਼ਾਂਤਰ | ( देशान्तर ) | ਦੇਸੰਤਰ |
| ਦੁਸ਼ਟ | ( दुष्ट ) | ਦੁਸਟ |
| ਧਰਮਸ਼ਾਲਾ | ( धर्मशाला ) | ਧਰਮਸਾਲਾ |
| ਪਸ਼ੂ | ( पशु ) | ਪਸੂ |
| ਵਸ਼ਗਤ | ( वशगत ) | ਵਸਗਤ (ਗਸਗਤਿ) |
| ਵਿਸ਼ | ( विष ) | ਵਿਸ |

ਦੂਸਰੀਆਂ ਅਪਭ੍ਰੰਸ਼ਾਂ ਵਿੱਚ ਭੀ ਉਕਾਰ-ਅੰਤ ਸ਼ਬਦ ਕਾਫੀ ਹਨ ਅਤੇ ਸ਼ੌਰਸੇਨੀ ਵਿੱਚ ਭੀ ਉਕਾਰ-ਅੰਤ ਸ਼ਬਦਾਂ ਦੀ ਬਹੁਲਤਾ ਹੈ। ਆਦਿ-ਗ੍ਰੰਥ ਦੇ ਕਈ ਕਵੀਆਂ ਦੀ ਬਾਣੀ ਵਿੱਚ ਉਕਾਰ-ਅੰਤ ਸ਼ਬਦ ਮਿਲਦੇ ਹਨ। ਇਹ ਗੱਲ ਦਸਦੀ ਹੈ, ਕਿ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਆਦਿਕ ਗੁਰੂਆਂ ਦੇ ਸਮੇਂ ਪੰਜਾਬੀ

ਵਿੱਚ ਭੀ ਇਹ ਰੁਚੀ ਕਾਫੀ ਪ੍ਰਬਲ ਸੀ । ਉਦਾਹਰਨ ਵਜੋਂ ਗੁਰੂ ਅਮਰਦਾਸ ਦੀ ਬੋਲੀ ਵਿੱਚੋਂ ਕੁਝ ਇਕ ਅਜਿਹੇ ਸ਼ਬਦਾਂ ਦਾ ਬਿਉਰਾ ਇਸ ਪਰਕਾਰ ਹੈ:-

ਚਿਤੁ, ਤਨੁ, ਚੀਰੁ, ਧਾਤੁ, ਰਤਨੁ, ਰੇਣੁ, ਵਸਤੁ, ਅਚਰੁ, ਅਚੇਤੁ, ਅਭੁਲੁ, ਅਗੰਮੁ,
ਅਜਿਤੁ, ਅਚਲੁ, ਅਤੀਤੁ, ਅਟੁਟੁ, ਅਥਾਹੁ, ਅਦਿਸਟੁ, ਅਸਥੂਲੁ, ਦਇਆਲੁ, ਆਦਿਕ ।

ਪ੍ਰਾਚੀਨ ਹਿੰਦ-ਆਰੀਆਈ ਦੇ "श", "ष" ਅਤੇ "स" ਤੋਂ ਪੰਜਾਬੀ ਵਿੱਚ "ਹ" ਹੋ ਜਾਣ ਦੀ ਰੁਚੀ ਭੀ ਸ਼ੌਰਸੇਨੀ ਦੁਆਰਾ ਆਈ ਜਾਪਦੀ ਹੈ। ਭੋਲਾ ਨਾਥ ਤਿਵਾੜੀ[1] ਅਨੁਸਾਰ ਸ਼ੌਰਸੇਨੀ ਵਿੱਚ ਇਹ ਰੁਚੀ ਮਹਾਂ-ਰਾਸ਼ਟਰੀ ਦੁਆਰਾ ਆਈ ਹੈ। ਗੁਰੂ ਅਮਰਦਾਸ ਦੀ ਸ਼ਬਦਾਵਲੀ ਵਿੱਚੋਂ ਕੁਝ ਉਦਾਹਰਨਾਂ ਇਸ ਪਰਕਾਰ ਹਨ:-

| ਸੰਸਕ੍ਰਿਤ | | ਪੰਜਾਬੀ( ਗੁਰੂ ਅਮਰਦਾਸ ਦੀ ਬੋਲੀ) |
|---|---|---|
| ਨਿਸ਼ਚਲ | ( निश्चल ) | ਨਿਹਚਲ |
| ਨਿਸ਼ਕੰਟਕ | ( निष्कंटक ) | ਨਿਹਕੰਟਕ |
| ਰੋਸ਼ | ( रोष ) | ਰੋਹ |
| ਗ੍ਰਾਮ | ( ग्रास ) | ਗਿਰਾਹ |

ਪ੍ਰੇਮਪ੍ਰਕਾਸ਼ ਸਿੰਘ[2] ਦੇ ਕਥਨ ਅਨੁਸਾਰ ਸ਼ੌਰਸੇਨੀ ਵਿੱਚ ਭਵਿਖਕਾਲ-ਵਾਚੀ ਪ੍ਰਤਯਯ "ਸਿ" ਮਿਲਦਾ ਹੈ। ਇਹ ਰੁਚੀ ਬੇਸ਼ੱਕ ਲਹਿੰਦੀ( ਵਿਸ਼ੇਸ਼ ਕਰਕੇ ਪੋਠੋਹਾਰ) ਵਿੱਚ ਵਧੇਰੇ ਪ੍ਰਚਲਤ ਹੈ, ਪਰ ਪੂਰਬੀ-ਪੰਜਾਬੀ ਵਿੱਚ ਭੀ ਇਸਦਾ ਪ੍ਰਯੋਗ ਕਈ ਥਾਈਂ ਨਜ਼ਰ ਆਉਂਦਾ ਹੈ । ਜਿਹੜੇ ਭਾਸ਼ਾ-ਵਿਗਿਆਨੀ ਗੁਰੂ ਅਮਰਦਾਸ ਅਤੇ ਕਈ ਦੂਸਰੇ ਸਿੱਖ-ਗੁਰੂਆਂ ਦੀ ਬੋਲੀ ਨੂੰ ਲਹਿੰਦੀ ਨਾਲੋਂ ਬਿਲਕੁਲ ਅੱਡ ਕਰਕੇ ਉਸਨੂੰ ਵੱਖਰੀਆਂ ਵਿਸ਼ੇਸ਼ਤਾਈਆਂ ਵਾਲੀ ਪੂਰਬੀ-ਪੰਜਾਬੀ ਆਖਦੇ ਹਨ, ਉਨ੍ਹਾਂ ਨੂੰ ਗੁਰੂ ਅਮਰਦਾਸ ਦੀ ਬਾਣੀ ਵਿੱਚ ਹੇਠ ਲਿਖੇ ਸ਼ਬਦਾਂ ਦਾ ਪ੍ਰਯੋਗ ਵੇਖ ਕੇ ਸ਼ਾਇਦ ਆਪਣੀ ਰਾਏ ਬਦਲਣੀ ਪਵੇ:-

ਸਮਝਾਇਸੀ, ਸਮਾਵਸੀ, ਸੁਣਾਇਸੀ, ਕਮਾਇਸੀ, ਕਢਾਇਸੀ, ਜਾਇਸੀ, ਦੇਵਸੀ,
ਪਛਾੜਸੀ, ਪਾਇਸੀ, ਬੁਝਸੀ, ਭਾਵਸੀ, ਮਿਲਾਇਸੀ, ਰਖਸੀ, ਜਾਵਸੀ, ਆਦਿਕ ।

ਭੋਲਾ ਨਾਥ ਤਿਵਾੜੀ ਅਤੇ ਕਈ ਹੋਰ ਭਾਸ਼ਾ-ਵਿਗਿਆਨੀਆਂ ਨੇ ਭੀ ਸ਼ੌਰਸੇਨੀ ਵਿੱਚ ਪ੍ਰਾਚੀਨ ਹਿੰਦ-ਆਰੀਆਈ ਦੇ "ਮ" ਤੋਂ ਅਨੁਨਾਸਿਕ "ਵ" ਹੋ ਜਾਣ ਦੀ ਰੁਚੀ ਵਲ ਸੰਕੇਤ ਕੀਤਾ ਹੈ। ਬੇਸ਼ੱਕ ਗੁਰੂ ਅਮਰਦਾਸ ਦੀ ਬੋਲੀ ਵਿੱਚ ਅਨੁਨਾਸਿਕਤਾ ਦੀ ਰੁਚੀ ਘੱਟ ਹੈ, ਪਰ ਪ੍ਰਾਚੀਨ ਹਿੰਦ-ਆਰੀਆਈ ਦੇ "ਮ" ਤੋਂ "ਵ" ਹੋ ਜਾਣ ਦੀ ਰੁਚੀ ਜ਼ਰੂਰ ਵਿਖਾਈ ਦਿੰਦੀ ਹੈ, ਜਿਵੇਂ:-

| ਸੰਸਕ੍ਰਿਤ | | ਪੰਜਾਬੀ( ਗੁਰੂ ਅਮਰਦਾਸ ਦੀ ਬੋਲੀ) |
|---|---|---|
| ਭ੍ਰਮਰ | ( भ्रमर ) | ਭਵਰ |
| ਦਸ਼ਮ | ( दशम ) | ਦਸਵਾ |
| ਰਮਣ | ( रमण ) | ਰਵਣ ( ਰਾਵਣਹਾਰ) |

1. ਭੋਲਾ ਨਾਥ ਤਿਵਾੜੀ - ਭਾਸ਼ਾ ਵਿਗਿਆਨ, ਪੰਨਾ 180
2. ਪ੍ਰੇਮਪ੍ਰਕਾਸ਼ ਸਿੰਘ- ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪੰਨਾ 180

ਅਖੀਰ ਤੇ ਸ਼ੌਰਸੇਨੀ ਦੀ ਇਕ ਹੋਰ ਰੁਚੀ ਵਲ ਸੰਕੇਤ ਕਰਨਾ ਭੀ ਕੁਥਾਂ ਨਹੀਂ ਹੋਵੇਗਾ, ਕਿਉਂਕਿ ਸੰਬੰਧਤ ਰੁਚੀ ਭੀ ਕਾਫੀ ਹੱਦ ਤਕ ਪੰਜਾਬੀ ਵਿੱਚ ਪ੍ਰਚਲਤ ਹੈ। ਉਹ ਰੁਚੀ ਜਾਂ ਪ੍ਰਵਿਰਤੀ ਪ੍ਰਾਚੀਨ ਹਿੰਦ-ਆਰੀਆਈ ਦੇ "ਨ" ਤੋਂ "ਣ" ਵਿੱਚ ਬਦਲਣ ਦੀ ਹੈ। ਬੇਸ਼ਕ ਸ਼ੌਰਸੇਣੀ ਵਿੱਚ "ਨ" ਤੋਂ "ਣ" ਹੋਣੇ ਦੀ ਰੁਚੀ ਬਿਨਾ ਕਿਸੇ ਵਿਤਕਰੇ ਤੋਂ ਪ੍ਰਧਾਨ ਜਾਪਦੀ ਹੈ, ਪੰਜਾਬੀ ਵਿੱਚ "ਨ" ਅਤੇ "ਣ" ਦੋਵੇਂ ਚਲਦੇ ਹਨ, ਵੈਸੇ "ਨ" ਦੀ ਥਾਂ ਪ੍ਰਧਾਨਗੀ "ਣ" ਦੀ ਹੀ ਹੈ, ਜਿਵੇਂ:-

| ਸੰਸਕ੍ਰਿਤ | | ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) |
|---|---|---|
| ਮਾਨੁਸ਼ | ( मानुष ) | ਮਾਣਸ |
| ਵਿਨਾਸ਼ | ( विनाश ) | ਵਿਣਾਸ |

## (5) ਧੁਨੀ-ਪਰਿਵਰਤਨ ਦੀਆਂ ਵਿਸ਼ੇਸ਼ ਰੁਚੀਆਂ

ਸੰਸਾਰ ਭਰ ਦੀਆਂ ਭਾਸ਼ਾਵਾਂ ਵਿੱਚ ਸਮੇਂ ਸਮੇਂ ਧੁਨੀ ਪਰਿਵਰਤਨ ਹੁੰਦਾ ਆਇਆ ਹੈ। ਧੁਨੀ-ਪਰਿਵਰਤਨ ਦੀਆਂ ਪ੍ਰਧਾਨ ਰੁਚੀਆਂ ਬਾਰੇ ਪੱਛਮੀ ਭਾਸ਼ਾ-ਵਿਗਿਆਨੀਆਂ ਨੇ ਯੂਰਪ ਵਿੱਚ ਖੋਜ ਦਾ ਮੁੱਢ ਬੱਧਾ, ਜਿਸਦੀ ਇਤਿਹਾਸਕ ਰੂਪ-ਰੇਖਾ ਬਾਰੇ ਕੁਝ ਸੰਕੇਤ ਜਸਪਰਸਨ[1]ਦੀ ਪ੍ਰਸਿਧ ਪੁਸਤਕ "ਭਾਸ਼ਾ" ਵਿੱਚ ਮਿਲਦੇ ਹਨ। ਬਲੂਮਫੀਲਡ[2]ਨੇ ਭੀ ਧੁਨੀ-ਪਰਿਵਰਤਨ ਦੇ ਕਾਰਨਾਂ ਤੋਂ ਛੁੱਟ ਉਸਦੀਆਂ ਵਿਸ਼ੇਸ਼ ਰੁਚੀਆਂ ਦਾ ਉਲੇਖ ਭੀ ਕੀਤਾ ਹੈ। ਪੱਛਮੀ ਭਾਸ਼ਾ-ਵਿਗਿਆਨੀਆਂ ਤੋਂ ਪ੍ਰਭਾਵਤ ਹੋ ਕੇ ਭਾਰਤੀ ਵਿਦਵਾਨਾਂ ਨੇ ਭੀ ਪ੍ਰਾਚੀਨ ਹਿੰਦ-ਆਰੀਆਈ ਤੋਂ ਲੈ ਕੇ ਆਧੁਨਿਕ ਭਾਰਤੀ ਬੋਲੀਆਂ ਦੇ ਵਿਕਾਸ ਤਕ ਧੁਨੀ-ਪਰਿਵਰਤਨ ਦੀਆਂ ਪ੍ਰਧਾਨ ਰੁਚੀਆਂ ਦੀ ਖੋਜ ਕਰ ਲਈ ਹੈ। ਪੀ.ਡੀ.ਗੁਨੇ[3], ਡਾ:ਤਾਗਰੇ[4], ਭੋਲਾ ਨਾਥ ਤਿਵਾੜੀ[5], ਬਾਬੂ ਰਾਮ ਸਕਸੇਨਾ[6], ਸ਼ਿਆਮ ਸੁੰਦਰ ਦਾਸ[7], ਆਦਿਕ ਵਿਦਵਾਨਾਂ ਦੇ ਨਾਮ ਵਰਣਨ-ਯੋਗ ਹਨ। ਉਪਰੋਕਤ ਵਿਦਵਾਨਾਂ ਦੀਆਂ ਖੋਜਾਂ ਤੋਂ ਪ੍ਰਭਾਵਤ ਹੋ ਕੇ ਪੰਜਾਬੀ ਵਿੱਚ ਪ੍ਰੋ:ਪ੍ਰੇਮਪ੍ਰਕਾਸ਼ ਸਿੰਘ[8]ਅਤੇ ਵਿਦਿਆ ਭਾਸਕਰ ਅਰੁਣ[9]ਨੇ ਭੀ ਕੁਝ ਕੀਮਤੀ-ਸੁਝਾਉ ਦਿੱਤੇ ਹਨ।

ਬਾਕੀ ਗੁਰੂ-ਕਵੀਆਂ ਵਾਂਗ ਗੁਰੂ ਅਮਰਦਾਸ ਦੀ ਬੋਲੀ ਵਿੱਚ ਭੀ ਧੁਨੀ-ਪਰਿਵਰਤਨ ਦੀਆਂ

---

1. Otto Jesperson- Language- 1954, P.43-47 and P.164-79
2. Leonard Bloomfield- Language-, P.369-91
3. P.D.Gune- An Introduction to Comparative Philology, P.33-88
4. Dr.Tagare- Historical Grammar of Apabhramsa. Pages 16-342.

5. ਭੋਲਾ ਨਾਥ ਤਿਵਾੜੀ - ਭਾਸ਼ਾ-ਵਿਗਿਆਨ, ਪੰਨੇ 381-408
6. ਬਾਬੂ ਰਾਮ ਸਕਸੇਨਾ- ਸਾਮਾਨਯ ਭਾਸ਼ਾ-ਵਿਗਿਆਨ, ਪੰਨੇ 38-48
7. ਸ਼ਿਆਮ ਸੁੰਦਰ ਦਾਸ- ਭਾਸ਼ਾ-ਵਿਗਿਆਨ, ਪੰਨੇ 146-181
8. ਪ੍ਰੇਮਪ੍ਰਕਾਸ਼ ਸਿੰਘ- ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪੰਨੇ 352-57
9. ਵਿਦਿਆ ਭਾਸਕਰ ਅਰੁਣ- ਪੰਜਾਬੀ ਭਾਸ਼ਾ ਦਾ ਇਤਿਹਾਸ, ਪੰਨੇ 138-43

ਵਿਸ਼ੇਸ਼ ਰੁਚੀਆਂ ਇਸ ਪਰਕਾਰ ਹਨ :-

(ੳ) ਸਮੀਕਰਣ
(ਅ) ਵਿਸ਼ਮੀਕਰਣ
(ੲ) ਲੋਪ
(ਸ) ਪੂਰਬ-ਆਗਮ
(ਹ) ਮਧਿਆਗਮ
(ਕ) ਵਟਾਂਦਰਾ ਜਾਂ ਥਾਂ-ਬਦਲੀ
(ਖ) ਅਨੁਨਾਸਿਕਤਾ
(ਗ) ਸਾਦ੍ਰਿਸ਼ਤਾ
(ਘ) ਸੰਧੀ
(ਙ) ਮਾਤ੍ਰਾ-ਭੇਦ
(ਚ) ਸਘੋਸ਼ੀਕਰਣ
(ਛ) ਮਹਾਂਪ੍ਰਾਣੀਕਰਣ
(ਜ) ਅਲਪ-ਪ੍ਰਾਣੀਕਰਣ

ਹਰ ਰੁਚੀ ਬਾਰੇ ਕ੍ਰਮਵਾਰ ਵਿਚਾਰ ਕੀਤੀ ਜਾਵੇਗੀ। ਪਰ ਇੱਥੇ ਇਹ ਸੰਕੇਤ ਕਰ ਦੇਣਾ ਜ਼ਰੂਰੀ ਭਾਸਦਾ ਹੈ, ਕਿ ਧੁਨੀ-ਪਰਿਵਰਤਨ ਦੀਆਂ ਰੁਚੀਆਂ ਕਰੜੇ ਨਿਯਮ ਨਹੀਂ। ਇਸਲਈ ਗੁਰੂ ਅਮਰਦਾਸ ਅਤੇ ਦੂਸਰੇ ਗੁਰੂ-ਕਵੀਆਂ ਦੀ ਬੋਲੀ ਵਿੱਚ ਇਨ੍ਹਾਂ ਦੀ ਪਾਲਣਾ ਸਖਤੀ ਨਾਲ ਨਹੀਂ ਕੀਤੀ ਗਈ । ਧੁਨੀ-ਪਰਿਵਰਤਨ ਦੇ ਕਾਰਨਾਂ ਵਿੱਚ ਪ੍ਰਸਿਧ ਭਾਸ਼ਾ-ਵਿਗਿਆਨੀਆਂ ਨੇ ਵਾਕ-ਯੰਤ੍ਰ ਦੀ ਭਿੰਨਤਾ, ਸ੍ਰੋਤ-ਤੰਦੀਆਂ ਦੀ ਭਿੰਨਤਾ, ਨਕਲ ਦੀ ਅਪੂਰਨਤਾ, ਅਗਿਆਨ, ਲੌਕਿਕ-ਵਿਉਤਪਤੀ, ਬੋਲਣ ਵਿੱਚ ਕਾਹਲ, ਸੌਖ ਲਈ ਜਤਨ, ਭਾਵਕਤਾ, ਬਣਾਵਟ, ਵਿਭਾਸ਼ਾ ਦਾ ਪ੍ਰਭਾਵ, ਭੂਗੋਲਕ-ਪ੍ਰਭਾਵ, ਸਮਾਜਕ-ਰਾਜਨੀਤਕ-ਪ੍ਰਭਾਵ, ਲਿਖਣ ਵਿੱਚ ਤਬਦੀਲੀ, ਬਲਹੀਣ-ਵਿਅੰਜਨਾਂ ਦਾ ਲੋਪ, ਸੁਭਾਵਕ ਵਿਕਾਸ, ਤੋਲ-ਤੁਕਾਂਤ ਦੀ ਮਜਬੂਰੀ, ਸਾਦ੍ਰਿਸ਼ਤਾ, ਬਲ-ਘਾਤ, ਵਿਦੇਸ਼ੀ-ਧੁਨੀਆਂ ਦਾ ਪ੍ਰਭਾਵ, ਅੰਧ-ਵਿਸ਼ਵਾਸ, ਆਦਿਕ ਤੋਂ ਛੁੱਟ ਕਿਸੇ ਜਾਤੀ ਦੀ ਮਾਨਸਿਕ-ਅਵੱਸਥਾ ਨੂੰ ਭੀ ਯੋਗ ਥਾਂ ਦਿੱਤੀ ਹੈ। ਜਿੱਥੋਂ ਤਕ ਗੁਰੂ ਅਮਰਦਾਸ ਦੀ ਬੋਲੀ ਦਾ ਸੰਬੰਧ ਹੈ, ਧੁਨੀ-ਪਰਿਵਰਤਨ ਦਾ ਸਭ ਤੋਂ ਵੱਡਾ ਕਾਰਨ ਜਤਨ-ਸੰਜਮ ਅਤੇ ਬੋਲਣ ਵਿੱਚ ਸੌਖ ਹੈ।

ਗੁਰੂ ਅਮਰਦਾਸ ਦੀ ਬੋਲੀ ਦੇ ਆਧਾਰ ਤੇ ਧੁਨੀ-ਪਰਿਵਰਤਨ ਦੀਆਂ ਕੁਝ ਇਕ ਉਦਾਹਰਨਾਂ ਇਸ ਪਰਕਾਰ ਹਨ :-

(ੳ) ਸਮੀਕਰਣ :-

ਭੋਲਾ ਨਾਥ ਤਿਵਾੜੀ ਆਦਿਕ ਵਿਦਵਾਨਾਂ ਨੇ ਸਮੀਕਰਣ ਦੀਆਂ ਕਈ ਕਿਸਮਾਂ ਦਰਸਾਈਆਂ ਹਨ। ਮੋਟੇ ਤੌਰ ਤੇ ਇਕ ਧੁਨੀ ਜਦੋਂ ਦੂਜੀ ਧੁਨੀ ਨੂੰ ਪ੍ਰਭਾਵਤ ਕਰਕੇ ਆਪਣਾ ਸਮਰੂਪ ਬਣਾ ਲੈਂਦੀ ਹੈ, ਉਸ ਥਾਂ ਸਮੀਕਰਣ ਆਖਿਆ ਜਾਂਦਾ ਹੈ, ਜਿਵੇਂ ਗੁਰੂ ਅਮਰਦਾਸ ਦੀ ਬੋਲੀ ਵਿੱਚ ਸੰ:ਹਸਤ ਤੋਂ ਪੰ:ਹੱਥ(ਹਥ), ਸੰ:ਰਕਤ ਤੋਂ ਪੰਜਾਬੀ ਰੱਤ(ਰਤ) ਅਤੇ ਸੰ:ਸਪਤ ਤੋਂ ਪੰ:ਸੱਤ(ਸਤ) ਹੋ ਗਏ ਹਨ। ਜਿਵੇਂ ਪਿੱਛੇ ਸੰਕੇਤ ਕੀਤਾ ਜਾ ਚੁੱਕਾ ਹੈ, ਗੁਰੂ ਅਮਰਦਾਸ ਦੀ ਬੋਲੀ ਵਿੱਚ ਆਦਿ-ਗ੍ਰੰਥ ਦੇ ਕਈ ਦੂਸਰੇ ਕਵੀਆਂ ਵਾਂਗ

ਅਧਕ( ˘ ) ਦਾ ਲਗਪਗ ਲੋਪ ਹੈ।

(ਅ) <u>ਵਿਸ੍ਮੀਕਰਣ</u>

ਵਿਸ੍ਮੀਕਰਣ ਦੀ ਰੁਚੀ ਸਮੀਕਰਣ ਦੇ ਉਲਟ ਹੈ। ਇਸਦੇ ਉਤਪੰਨ ਹੋਣ ਦਾ ਮੂਲ-ਕਾਰਨ ਭੀ ਬੋਲਣ ਵਿੱਚ ਸੌਖ ਨੂੰ ਸਹਿਜ-ਸੁਭਾ ਧਾਰਨ ਕਰਨਾ ਹੈ। ਗੁਰੂ ਅਮਰਦਾਸ ਦੀ ਬੋਲੀ ਵਿੱਚ ਇਸ ਰੁਚੀ ਦੇ ਕਈ ਪ੍ਰਮਾਣ ਮਿਲਦੇ ਹਨ, ਜਿਵੇਂ:-

| ਸੰਸਕ੍ਰਿਤ | | ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) |
|---|---|---|
| ਪ੍ਰਤਯਯ | ( **प्रत्यय** ) | ਪਤਿਆਇ |
| ਪਿਪਾਸਾ | ( **पिपासा** ) | ਪਿਆਸ |
| ਪਿਪਾਸੁ | ( **पिपासु** ) | ਪਿਆਸਾ |
| ਕੁਚਰਯਾ | ( **कुचर्या** ) | ਕੁਚੱਜੀ(ਕੁਚਜੀ) |
| ਕਲਤ੍ਰ | ( **कलत्र** ) | ਕਲੱਤ(ਕਲਤੁ) |
| ਸੁਪੁਤ੍ਰ | ( **सुपुत्र** ) | ਸਪੁੱਤ(ਸਪੁਤ) |

(ੲ) <u>ਲੋਪ:-</u>

ਸਮੀਕਰਣ ਵਾਂਗ ਲੋਪ ਦੀ ਰੁਚੀ ਭੀ ਪੰਜਾਬੀ ਦੀ ਪ੍ਰਧਾਨ ਰੁਚੀ ਹੈ। ਧੁਨੀਆਂ ਦਾ ਲੋਪ[1] ਦੋ ਤਰ੍ਹਾਂ ਦਾ ਹੈ:(1) ਸ੍ਵਰ-ਲੋਪ, ਅਤੇ (2) ਵਿਅੰਜਨ-ਲੋਪ । ਗੁਰੂ ਅਮਰਦਾਸ ਦੀ ਬੋਲੀ ਵਿੱਚ ਦੋਹਾਂ ਤਰ੍ਹਾਂ ਦੀਆਂ ਉਦਾਹਰਨਾਂ ਮਿਲਦੀਆਂ ਹਨ:-

| | | |
|---|---|---|
| ਉਲਕਾ | ( **उल्का** ) | ਲੂਕੀ(ਲੂਕਾ ਤੋਂ) |
| ਈਰਛਾ | ( **ईर्ष्या** ) | ਰੀਸ |
| ਸਥਲ | ( **स्थल** ) | ਥਲ |
| ਸਥਾਨ | ( **स्थान** ) | ਥਾਨ(ਥਾਨੁ) |
| ਸਥਿਰ | ( **स्थिर** ) | ਥਿਰ |
| ਸਤੰਭ | ( **स्तम्भ** ) | ਥੰਮ |
| ਸਨਾਤ | ( **स्नात** ) | ਨਾਤਾ |
| ਸਨੇਹ | ( **स्नेह** ) | ਨੇਹੁ |
| ਸਪਰਸ਼ | ( **स्पर्श** ) | ਪਰਸ(ਪਰਸਿਆ) |

(ਸ) <u>ਪੂਰਬ-ਆਗਮ:-</u>

ਸੰਜੁਗਤ-ਧੁਨੀਆਂ ਦੇ ਉਚਾਰਨ ਨੂੰ ਸੌਖਾ ਤੇ ਸਰਲ ਬਣਾਉਣ ਲਈ ਉਨ੍ਹਾਂ ਦੇ ਮੁੱਢ ਵਿੱਚ ਸ੍ਵਰ ਜੋੜਨ

---

1. ਵੈਸੇ ਭੋਲਾ ਨਾਥ ਤਿਵਾੜੀ(ਵੇਖੋ: ਭਾਸ਼ਾ-ਵਿਗਿਆਨ, ਪੰਨਾ 311) ਨੇ ਲੋਪ ਦੀ ਰੁਚੀ ਦੇ ਕਈ ਰੂਪ ਦਰਸਾਏ ਹਨ, ਜਿਵੇਂ: ਆਦਿ-ਸ੍ਵਰ ਲੋਪ, ਮਧ-ਸ੍ਵਰ ਲੋਪ, ਆਦਿ-ਵਿਅੰਜਨ ਲੋਪ, ਮਧ-ਵਿਅੰਜਨ ਲੋਪ, ਅੰਤਮ-ਵਿਅੰਜਨ ਲੋਪ, ਆਦਿਕ। ਗੁਰੂ ਅਮਰਦਾਸ ਦੀ ਬੋਲੀ ਵਿੱਚ ਸਭ ਪਰਕਾਰ ਦੀਆਂ ਉਦਾਹਰਨਾਂ ਮਿਲਦੀਆਂ ਹਨ।

ਦੀ ਰੁਚੀ ਨੂੰ ਪੂਰਬ-ਆਗਮ ਆਖਿਆ ਜਾਂਦਾ ਹੈ। ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ ਇਸਦੀਆਂ ਕੁਝ ਉਦਾਹਰਨਾਂ ਇਸ ਪਰਕਾਰ ਹਨ:-

| ਸੰਸਕ੍ਰਿਤ | | ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) |
|---|---|---|
| ਸਤੁਤਿ | ( स्तुति ) | ਉਸਤਤਿ |
| ਸਥਿਰ | ( स्थिर ) | ਅਸਥਿਰ |
| ਸਥੂਲ | ( स्थूल ) | ਅਸਥੂਲ |
| ਸਨੇਹ | ( स्नेह ) | ਅਸਨੇਹੁ |
| ਸਨਾਨ | ( स्नान ) | ਇਸਨਾਨੁ |

(ਖ) ਮਧਿਆਗਮ:-

ਧੁਨੀ-ਪਰਿਵਰਤਨ ਦੀ ਇਹ ਰੁਚੀ ਦੋ ਪਰਕਾਰ ਦੀ ਹੈ:(1) ਮਧ-ਸ੍ਵਰ ਆਗਮ, ਅਤੇ (2) ਮਧ-ਵਿਅੰਜਨ ਆਗਮ । ਗੁਰੂ ਅਮਰਦਾਸ ਦੀ ਸ਼ਬਦਾਵਲੀ ਵਿੱਚ ਦੋਵੇਂ ਪਰਕਾਰ ਦੀਆਂ ਉਦਾਹਰਨਾਂ ਮਿਲਦੀਆਂ ਹਨ, ਜਿਵੇਂ:-

| | | |
|---|---|---|
| ਕ੍ਰਮ | ( कर्म ) | ਕਰਮ |
| ਕ੍ਰਿਪਾ | ( कृपा ) | ਕਿਰਪਾ |
| ਕ੍ਰਿਪਨ | ( कृपण ) | ਕਿਰਪਨ |
| ਗ੍ਰਾਸ | ( ग्रास ) | ਗਿਰਾਸ |
| ਭ੍ਰਮ | ( भ्रम ) | ਭਰਮ |
| ਕੋਟਿ | ( कोटि ) | ਕਰੋੜ(ਕਰੋੜੀ) |
| ਚਾਤਕ | ( चातक ) | ਚਾਤ੍ਰਿਕ |

(ਗ) ਵਟਾਂਦਰਾ ਜਾਂ ਥਾਂ-ਬਦਲੀ:-

ਬੇਸ਼ੱਕ ਭਾਸ਼ਾ-ਵਿਗਿਆਨੀਆਂ ਅਨੁਸਾਰ ਇਹ ਵਿਕਾਰ ਕਈ ਵਾਰ ਬੋਲਣ ਵਾਲੇ ਦੀ ਅਣਗਹਿਲੀ ਕਾਰਨ ਉਪਜਦਾ ਹੈ, ਪਰ ਗੁਰੂ ਅਮਰਦਾਸ ਅਤੇ ਕਈ ਦੂਸਰੇ ਮਹਾਨ ਪੰਜਾਬੀ ਕਵੀਆਂ ਦੀ ਬੋਲੀ ਵਿੱਚ ਧੁਨੀ-ਪਰਿਵਰਤਨ ਦੀ ਇਹ ਰੁਚੀ ਬੋਲਣ ਵਿੱਚ ਸੌਖ ਅਤੇ ਸਰਲਤਾ ਦੇ ਵੇਗ ਵਿੱਚ ਸਹਿਜ-ਸੁਭਾ ਉਤਪੰਨ ਹੋਈ ਹੈ, ਜਿਵੇਂ:-

| | | |
|---|---|---|
| ਚੰਚੁ | ( चंचु ) | ਚੁੰਚ |
| ਚਿੰਨ੍ਹ | ( चिन्ह ) | ਚਿਹਨ |
| ਤਿਥੀ | ( तिथि ) | ਥਿਤੀ |

(ਘ) ਅਨੁਨਾਸਿਕਤਾ:-

ਗੁਰੂ ਅਮਰਦਾਸ ਦੀ ਬੋਲੀ ਵਿੱਚ ਬੇਸ਼ੱਕ ਅਨੁਨਾਸਿਕਤਾ ਦੀ ਰੁਚੀ ਘੱਟ ਹੈ, ਪਰ ਕਈ ਥਾਈਂ

ਇਸਦੀਆਂ ਉਦਾਹਰਨਾਂ ਭੀ ਮਿਲਦੀਆਂ ਹਨ, ਜਿਵੇਂ:-

| | | |
|---|---|---|
| ਸੰਸਕ੍ਰਿਤ | | ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) |
| ਬੁੱਧ | ( बद्ध ) | ਬੁੰਧ |
| ਮੁਦ੍ਰਾ | ( मुद्रा ) | ਮੁੰਦਾ |
| ਅਮ੍ਰਿਤ | ( अमृत ) | ਅੰਮ੍ਰਿਤ |
| ਚੇਤਨ | ( चेतन ) | ਚੇਤੰਨੁ |

(ਗ) ਸਾਦ੍ਰਿਸ਼ਤਾ:-

ਵੱਖ ਵੱਖ ਧੁਨੀਆਂ ਵਿੱਚ ਸਾਦ੍ਰਿਸ਼ਤਾ ਜਾਂ ਸਮਾਨਤਾ ਦੀ ਰੁਚੀ ਕੋਸ਼ਿਸ਼ ਦੇ ਪ੍ਰਭਾਵ ਦੀ ਥਾਂ ਗੁਰੂ ਅਮਰਦਾਸ ਦੀ ਬੋਲੀ ਵਿੱਚ ਸਹਿਜ-ਸੁਭਾ ਉਪਜੀ ਜਾਪਦੀ ਹੈ, ਜਿਵੇਂ ਸੰਸਕ੍ਰਿਤ ਦੇ ਸ਼ਬਦ "ਨਿਰਗੁਣ" ਦੇ ਆਧਾਰ ਤੇ ਗੁਰਦੇਵ ਨੇ "ਸਰਗੁਣ" ਨੂੰ(ਗੁਰੂ ਨਾਨਕ ਵਾਂਗ ਹੀ) ਪੰਜਾਬੀ ਵਿੱਚ ਲੋਕ-ਪ੍ਰਿਯ ਕਰਨ ਦਾ ਜਤਨ ਕੀਤਾ ਹੈ। ਸੰਸਕ੍ਰਿਤ ਵਿੱਚ ਸਰਗੁਣ ਦੀ ਥਾਂ "ਸਗੁਣ" ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ।

(ਘ) ਸੰਧੀ:-

ਪ੍ਰੇਮਪ੍ਰਕਾਸ਼ ਸਿੰਘ[1] ਦੇ ਸ਼ਬਦਾਂ ਵਿੱਚ "ਕਈ ਵਾਰ ਨਿਕਟਵਰਤੀ ਧੁਨੀਆਂ ਦੂਜੀਆਂ ਨੂੰ ਪ੍ਰਭਾਵਤ ਕਰਦੀਆਂ ਹਨ ਅਤੇ ਉਨ੍ਹਾਂ ਦਾ ਰੂਪ ਵਿਗਾੜ ਦਿੰਦੀਆਂ ਹਨ। ਅਜਿਹੀ ਪ੍ਰਵਿਰਤੀ ਨੂੰ ਸੰਧੀ ਆਖਿਆ ਜਾਂਦਾ ਹੈ।" ਗੁਰੂ ਅਮਰਦਾਸ ਦੀ ਬੋਲੀ ਵਿੱਚ ਦੂਸਰੇ ਪੰਜਾਬੀ ਕਵੀਆਂ ਵਾਂਗ ਇਸ ਪ੍ਰਵਿਰਤੀ ਦੇ ਭੀ ਕਈ ਪ੍ਰਮਾਣ ਮਿਲਦੇ ਹਨ, ਜਿਵੇਂ:-

| | | |
|---|---|---|
| ਅਵਗੁਣ | ( अवगुण ) | ਅਉਗਣ |
| ਧਵਲ | ( धवल ) | ਧਉਲ |
| ਭਗਵਤੀ | ( भगवती ) | ਭਗਉਤੀ |
| ਨਵਮ | ( नवम् ) | ਨਉ |
| ਵਾਸੁਦੇਵ | ( वासुदेव ) | ਵਾਸਦੇਉ |
| ਨਯਨ | ( नयन ) | ਨੈਣ(ਨੈਣੀ) |

(ਙ) ਮਾਤ੍ਰਾ-ਭੇਦ:-

ਭੋਲਾ ਨਾਥ ਤਿਵਾੜੀ[2] ਨੇ ਇਸ ਰੁਚੀ ਬਾਰੇ ਹਿੰਦੀ ਵਿੱਚੋਂ ਕੁਝ ਉਦਾਹਰਨ ਦਿੱਤੇ ਹਨ। ਦੁਨੀ ਚੰਦ੍ਰ[3] ਨੇ ਵੈਸੇ ਕੁਝ ਸੁਝਾਵ ਪੰਜਾਬੀ ਬਾਰੇ ਭੀ ਦਿੱਤੇ ਹਨ। ਦੁਨੀ ਚੰਦ੍ਰ ਨੇ ਪ੍ਰਾਕ੍ਰਿਤ ਦੇ ਕੁਝ ਦੀਰਘ-ਸ੍ਵਰਾਂ ਨੂੰ ਪੰਜਾਬੀ ਵਿੱਚ ਹਰਸ੍ਵ ਹੁੰਦੇ ਦਰਸਾਇਆ ਹੈ। ਪਰ ਜਿਵੇਂ ਭੋਲਾ ਨਾਥ ਤਿਵਾੜੀ ਨੇ ਸੰਕੇਤ ਕੀਤਾ ਹੈ, ਇਸ

1.ਪ੍ਰੇਮਪ੍ਰਕਾਸ਼ ਸਿੰਘ - ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪੰਨਾ 356
2.ਭੋਲਾ ਨਾਥ ਤਿਵਾੜੀ- ਭਾਸ਼ਾ-ਵਿਗਿਆਨ, ਪੰਨਾ 400
3.ਦੁਨੀ ਚੰਦ੍ਰ- ਪੰਜਾਬੀ ਵਿਆਕਰਣ, ਪੰਨਾ 14

ਰੁਚੀ ਦੇ ਦੋ ਰੂਪ ਹਨ:(1) ਹਰਸ੍ਵ ਤੋਂ ਦੀਰਘ, ਅਤੇ (2) ਦੀਰਘ ਤੋਂ ਹਰਸ੍ਵ । ਗੁਰੂ ਅਮਰਦਾਸ ਦੀ ਬੋਲੀ ਵਿੱਚ ਦੋਵੇਂ ਰੂਪ ਮਿਲਦੇ ਹਨ, ਜਿਵੇਂ:-

(ੳ) ਹਰਸ੍ਵ ਤੋਂ ਦੀਰਘ-ਸ੍ਵਰ

| ਸੰਸਕ੍ਰਿਤ | | ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) |
|---|---|---|
| ਚੀਰ | ( चीर ) | ਚੀਰਾ |
| ਬੁਦਬੁਦ | ( वुदवुद ) | ਬੁਦਬੁਦਾ |
| ਏਕਾਦਸ਼ | ( एकादश ) | ਏਕਾਦਸੀ |

(ਅ) ਦੀਰਘ ਤੋਂ ਹਰਸ੍ਵ

| | | |
|---|---|---|
| ਅਨਾਹਤ | ( अनाहत ) | ਅਨਹਤ |
| ਵੇਦਨਾ | ( वेदना ) | ਵੇਦਨ |
| ਆਸ਼ਾ | ( आशा ) | ਆਸ |
| ਜਰਾ | ( जरा ) | ਜਰੁ( ਬੁਢੇਪਾ) |
| ਧਾਰਾ | ( धारा ) | ਧਾਰ |
| ਨਿਦ੍ਰਾ | ( निद्रा ) | ਨੀਂਦ |
| ਕਾਮਿਨੀ | ( कामिनी ) | ਕਾਮਣਿ |
| ਨਾਰੀ | ( नारी ) | ਨਾਰਿ |
| ਕੀਰਤੀ | ( कीर्ति ) | ਕੀਰਤਿ |

(ਚ) ਸਘੋਸ਼ੀਕਰਣ:-

ਇਸ ਰੁਚੀ ਦੀਆਂ ਅਨੇਕਾਂ ਉਦਾਹਰਨਾਂ "ਸ਼ੌਰਸੈਨੀ ਅਤੇ ਗੁਰੂ ਅਮਰਦਾਸ ਦੀ ਬੋਲੀ ਦਾ ਸੰਬੰਧ" ਦਰਸਾਉਣ ਸਮੇਂ ਪਿੱਛੇ ਦਿੱਤੀਆਂ ਜਾ ਚੁੱਕੀਆਂ ਹਨ। ਧੁਨੀ ਪਰਿਵਰਤਨ ਦੀ ਇਹ ਪ੍ਰਵਿਰਤੀ ਉਸ ਸਮੇਂ ਪਰਗਟ ਹੁੰਦੀ ਹੈ, ਜਦੋਂ ਅਘੋਸ਼-ਧੁਨੀਆਂ ਸਘੋਸ਼ ਹੋ ਜਾਂਦੀਆਂ ਹਨ, ਜਿਵੇਂ ਪ੍ਰਕਟ ਤੋਂ ਪ੍ਰਗਟ ਅਤੇ ਵਿਕਾਸ ਤੋਂ ਵਿਗਾਸ, ਆਦਿਕ ।

(ਛ) ਮਹਾਂਪ੍ਰਾਣੀਕਰਣ:-

ਇਹ ਰੁਚੀ ਉਸ ਸਮੇਂ ਉਤਪੰਨ ਹੁੰਦੀ ਹੈ, ਜਦੋਂ ਕੋਈ ਅਲਪ-ਪ੍ਰਾਣ ਧੁਨੀ, ਮਹਾਂ-ਪ੍ਰਾਣ ਧੁਨੀ ਵਿੱਚ ਬਦਲ ਜਾਂਦੀ ਹੈ, ਜਿਵੇਂ ਗੁਰੂ ਅਮਰਦਾਸ ਦੀ ਬੋਲੀ ਵਿੱਚ ਗ੍ਰਿਹਿ(ਘਰ) ਤੋਂ ਘਰਅਤੇ ਵੇਸ਼ (ਸੰਸਕ੍ਰਿਤ) ਤੋਂ ਭੇਖ(ਪੰਜਾਬੀ), ਆਦਿਕ।

(ਜ) ਅਲਪ-ਪ੍ਰਾਣੀਕਰਣ:-

ਇਹ ਰੁਚੀ ਮਹਾਂ-ਪ੍ਰਾਣੀਕਰਣ ਦੇ ਉਲਟ ਹੈ। ਪ੍ਰਾਚੀਨ-ਪੰਜਾਬੀ(ਸਮੇਤ ਗੁਰੂ ਅਮਰਦਾਸ ਦੀ ਬੋਲੀ)

ਵਿੱਚ "ਸ਼" ਤੋਂ "ਸ" ਹੋ ਜਾਣ ਦੀ ਰੁਚੀ ਬਾਰੇ ਅਨੇਕਾਂ ਸੰਕੇਤ ਸੰਸਕ੍ਰਿਤ, ਅਰਬੀ ਅਤੇ ਫ਼ਾਰਸੀ ਤੋਂ ਪੰਜਾਬੀ ਵਿੱਚ ਆਏ ਸ਼ਬਦਾਂ ਬਾਰੇ ਮਿਲਦੇ ਹਨ। ਪ੍ਰਾਚੀਨ ਹਿੰਦ-ਆਰੀਆਈ ਵਿੱਚੋਂ ਅਨੇਕਾਂ ਉਦਾਹਰਨਾਂ ਪਿੱਛੇ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਅਰਬੀ-ਫ਼ਾਰਸੀ ਬਾਰੇ ਅੱਗੇ ਚੱਲ ਕੇ ਦਿੱਤੀਆਂ ਜਾਣਗੀਆਂ ।

## (6) ਧੁਨੀ-ਪਰਿਵਰਤਨ ਦੇ ਕੁਝ ਹੋਰ ਨਿਯਮ

ਏਸ਼ੁਕ ਗੁਰੂ ਅਮਰਦਾਸ ਦੀ ਬੋਲੀ ਵਿੱਚ ਧੁਨੀ-ਪਰਿਵਰਤਨ ਦੀਆਂ ਵਿਸ਼ੇਸ਼ ਰੁਚੀਆਂ ਲਗਪਗ ਇਹੋ ਸਨ, ਪਰ ਅਨੇਕਾਂ ਹੋਰ ਸ਼ਬਦਾਂ ਵਿੱਚ ਬਣਤਰ ਦੇ ਨਿਯਮਾਂ ਦੀ ਸਮਾਨਤਾ ਵੇਖ ਕੇ ਜ਼ਰੂਰੀ ਭਾਸਦਾ ਹੈ, ਕਿ ਵਿਦਵਾਨ ਭਾਸ਼ਾ-ਵਿਗਿਆਨੀਆਂ ਦਾ ਧਿਆਨ ਉਨ੍ਹਾਂ ਸ਼ਬਦਾਂ ਵਲ ਦੁਆਇਆ ਜਾਵੇ, ਤਾਂਜੋ ਇਕ ਪਾਸੇ ਗੁਰੂ ਅਮਰਦਾਸ ਦੀ ਬੋਲੀ ਬਾਰੇ ਭਰਪੂਰ-ਖੋਜ ਹੋ ਸਕੇ ਅਤੇ ਦੂਜੇ ਪਾਸੇ ਪੰਦਰ੍ਹਵੀਂ-ਸੋਲ੍ਹਵੀਂ ਸਦੀ ਦੀ ਪੰਜਾਬੀ ਬਾਰੇ ਨਿਰਣਾ-ਜਨਕ ਗਿਆਨ ਹੋ ਸਕੇ। ਕਲਾਸੀਕਲ-ਸੰਸਕ੍ਰਿਤ ਦੀਆਂ ਧੁਨੀਆਂ ਨਾਲੋਂ ਇਨ੍ਹਾਂ ਸ਼ਬਦਾਂ ਦੀਆਂ ਧੁਨੀਆਂ ਵਿੱਚ ਅੱਡਰਾਪਣ ਇਸ ਗੱਲ ਦੀ ਸਾਖੀ ਭਰਦਾ ਹੈ, ਕਿ ਪੰਜਾਬੀ ਬੋਲੀ ਪੰਜਾਬ ਦੇ ਜਨ-ਸਾਧਾਰਨ ਦੀ ਬੋਲੀ ਹੈ, ਜੋ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਰਾਹੀਂ ਸਹਿਜ-ਸੁਭਾ ਵਿਕਾਸ ਕਰਦੀ ਹੋਈ ਆਪਣਾ ਅਜੋਕਾ ਰੂਪ ਧਾਰਨ ਕਰ ਗਈ ਹੈ।

ਧੁਨੀ ਪਰਿਵਰਤਨ ਦੇ ਸੰਬੰਧਤ ਨਿਯਮਾਂ ਦਾ ਬਿਊਰਾ ਇਸ ਪਰਕਾਰ ਹੈ:-

(1) ਸ਼+ਟ ਤੋਂ ਠ+ਠ ਜਾਂ ਕੇਵਲ "ਠ"

| ਸੰਸਕ੍ਰਿਤ | | ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) |
|---|---|---|
| ਅਸ਼ਟ-ਸ਼ਸ਼ਟਿ: | ( अष्ट षष्टिः ) | ਅਠਸਠ |
| ਜੁਸ਼ਟ | ( जुष्टः ) | ਜੂਠ |
| ਤੁਸ਼ਟ | ( तुष्टः ) | ਤੁੱਠ(ਤੁਠਾ) |

(2) ਸ+ਤ ਤੋਂ ਥ+ਥ ਜਾ ਕੇਵਲ "ਥ"

| | | |
|---|---|---|
| ਹਸਤ | ( हस्त ) | ਹਥ |
| ਵਸਤੁ | ( वस्तु ) | ਵਥੁ |

(3) ਕ+ਸ਼ ਤੋਂ "ਖ" ਅਤੇ ਕਿਤੇ ਕਿਤੇ "ਛ"

| | | |
|---|---|---|
| ਕਸ਼ਮਾ | ( क्षमा ) | ਖਿਮਾ |
| ਕਸ਼ੀਣ | ( क्षीण ) | ਖੀਣੁ |
| ਕਸ਼ਾਰ | ( क्षार ) | ਛਾਰ |

(4) ਪ+ਤ ਤੋਂ ਤ+ਤ ਜਾਂ ਕੇਵਲ "ਤ"

| | | |
|---|---|---|
| ਸਪਤ | ( सप्त ) | ਸਤ(ਸੱਤ ਤੋਂ ਧੁਨੀ ਵਿਕਾਰ) |

(5) ਰ+ਥ ਤੋਂ "ਠ" ਜਾਂ "ਢ"

| ਸੰਸਕ੍ਰਿਤ | | ਪੰਜਾਬੀ (ਗੁਰੂ ਅਮਰਦਾਸ ਦੀ ਬੋਲੀ) |
|---|---|---|
| ਗ੍ਰੰਥ | ( ग्रन्थि ) | ਗੰਠ (ਗੰਠੜੀ), ਗੰਢ |

(6) ਰ+ਵ ਤੋਂ ਭ+ਭ ਜਾਂ ਕੇਵਲ "ਭ"

| | | |
|---|---|---|
| ਸਰਵ | ( सर्व ) | ਸਭ |

(7) ਰ+ਣ ਤੋਂ ਨ+ਨ ਜਾਂ ਕੇਵਲ "ਨ"

| | | |
|---|---|---|
| ਕਰਣ | ( कर्ण ) | ਕੰਨ |
| ਵਰਣ | ( वर्ण ) | ਵੰਨ |

(8) ਤ+ਰ ਤੋਂ ਤ+ਤ ਜਾ ਕੇਵਲ "ਤ"

| | | |
|---|---|---|
| ਪੁਤ੍ਰ | ( पुत्र ) | ਪੁਤ |
| ਸੁਪੁਤ੍ਰ | ( सुपुत्र ) | ਸਪੁਤ |

(9) ਪਰਵਰਤੀ "ਯ" (ਅੰਸ਼) ਦਾ ਪੂਰਬ-ਵਰਤੀ-ਵਿਅੰਜਨ ਨਾਲ ਸਮੀਕਰਣ

| | | |
|---|---|---|
| ਅਸੰਖਯ | ( असंख्य ) | ਅਸੰਖ |
| ਅਲਭਯ | ( अलभ्य ) | ਅਲਭ |
| ਅਲਖਸ਼ਯ | ( अलक्ष्य ) | ਅਲਖ |
| ਪੂਜਨੀਯ | ( पूजनीय ) | ਪੂਜਨੀ |
| ਰਾਜਯ | ( राज्य ) | ਰਾਜ |
| ਮੂਲਯ | ( मूल्य ) | ਮੁਲ |

(10) ਦ+ਯ ਤੋਂ ਪੰਜਾਬੀ "ਜ"

| | | |
|---|---|---|
| ਵਾਦਯ | ( वाद्य ) | ਵਾਜਾ |

(11) ਦ+ਯ ਤੋਂ ਝ+ਝ

| | | |
|---|---|---|
| ਬੁਦਯਤੇ | ( वुध्यते ) | ਬੁਝਣਾ (ਬੂਝਣਾ) |

(12) ਰ+ਯ ਤੋਂ "ਜ"

| | | |
|---|---|---|
| ਕਾਰਯ | ( कार्य ) | ਕਾਜ |

(13) ਜ+ਯ ਤੋਂ "ਜ"

| | | |
|---|---|---|
| ਜੈਯੋਤੀ | ( ज्योति ) | ਜੋਤਿ |
| ਜਯੋਤਿਸ਼ੀ | ( ज्योतिषी ) | ਜੋਤਕੀ (ਜੋਤਸ਼ੀ ਤੋਂ ਧੁਨੀ ਵਿਕਾਰ) |

(14) ਤ+ਵ ਤੋਂ ਤ+ਤ ਜਾਂ ਕੇਵਲ "ਤ"

| ਸੰਸਕ੍ਰਿਤ | | ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) |
|---|---|---|
| ਤਤ੍ਵ | ( तत्व ) | ਤਤੁ |
| ਬ੍ਰਹਮਤ੍ਵ | ( ब्रह्मत्व ) | ਬ੍ਰਹਮਤੁ |
| ਮਹਤ੍ਵ | ( महत्व ) | ਮਹਤੁ |
| ਦਾਸਤ੍ਵ | ( दासत्व ) | ਦਾਸਤ |

(ਨੋਟ: ਅਸਲ ਵਿੱਚ ਤਵਰਗ ਦੇ ਵਿਅੰਜਨਾਂ ਵਿੱਚੋਂ ਜਿਸਦੇ ਪਿੱਛੋਂ ਭੀ ਸੰਜੁਗਤ "ਵ" ਦੀ ਧੁਨੀ ਉਪਜੇ, ਉਸੇ ਵਿਅੰਜਨ ਨਾਲ ਇਸਦਾ ਸਮੀਕਰਣ ਹੋ ਜਾਂਦਾ ਹੈ)। ਕੁਝ ਹੋਰ ਉਦਾਹਰਨਾਂ:-

| | | |
|---|---|---|
| ਊਰਧ੍ਵਤਪ | ( ऊर्ध्व तप ) | ਊਰਧਤਪ |
| ਦ੍ਵਿਤੀਯ | ( द्वितीय ) | ਦੁਤੀਆ |
| ਧ੍ਵਨੀ | ( ध्वनि ) | ਧੁਨਿ |

(15) ਆਦਿ-ਵਿਅੰਜਨਾਂ ਦੀ ਪੈਰੀਂ ਪਏ "ਵ" ਦੀ ਥਾਂ ਔਂਕੜ( ੁ )

| | | |
|---|---|---|
| ਸ੍ਵਪਨ | ( ) ( स्वप्न ) | ਸੁਪਨ |
| ਸ੍ਵਭਾਵ | ( स्वभाव ) | ਸੁਭਾਵ |
| ਸ੍ਵਰਗ | ( स्वर्ग ) | ਸੁਰਗ |

(16) ਮਹਾਂਪ੍ਰਾਣ "ਹ" ਦੇ ਪਿੱਛੋਂ "ਵ" ਆਉਣ ਤੇ ਉਸਦਾ "ਹ" ਨਾਲ ਸਮੀਕਰਣ

| | | |
|---|---|---|
| ਗਹ੍ਵਰ | ( गह्वर ) | ਗਹਿਰ |

(17) ਅਨੁਨਾਸਿਕ ਪਿੱਛੋਂ "ਯ" ਆਉਣ ਤੇ ਉਸਦਾ ਅਨੁਨਾਸਿਕ ਨਾਲ ਸਮੀਕਰਣ

| | | |
|---|---|---|
| ਪੁਣਯ | ( पुण्य ) | ਪੁੰਨ |
| ਧਨਯ | ( धन्य ) | ਧੰਨੁ |
| ਸ਼ੂਨਯ | ( शून्य ) | ਸੁੰਨ |

(18) "ਯ" ਤੋਂ "ਜ" ਜਾਂ "ਵ"

| | | |
|---|---|---|
| ਕਨਯਕਾ | ( कन्यका ) | ਕੰਵਕਾ |

(19) ਅ+ਯ ਤੋਂ ਪੰਜਾਬੀ "ਐ"

| | | |
|---|---|---|
| ਨਯਨ | ( नयन ) | ਨੈਣ(ਨੈਣੀ) |
| ਭਯ | ( भय ) | ਭੈ |
| ਤ੍ਰਯ | ( त्रय ) | ਤ੍ਰੈ |

(20) "ਏਯ" ਦੀ ਥਾਂ "ਏਉ" ਜਾਂ "ਇਉ"

| | | |
|---|---|---|
| ਅਭੇਯ | ( अभय ) | ਅਭੇਉ |
| ਅਪੇਯ | ( अपेय ) | ਅਪਿਉ |

(21) "ਅਯ" ਤੋਂ "ਅਉ" ਜਾਂ "ਆਉ"

| ਸੰਸਕ੍ਰਿਤ | | ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) |
|---|---|---|
| ਉਦਯ | ( उदय ) | ਉਦਉ |
| ਨਿਰਣਯ | ( निर्णय ) | ਨਿਰਣਉ |
| ਨਿਸ਼੍ਚਯ | ( निश्चय ) | ਨਿਹਚਉ |
| ਪ੍ਰਲਯ | ( प्रलय ) | ਪਰਲਉ |
| ਆਸ਼੍ਰਯ | ( आश्रय ) | ਅਸਰਾਉ |
| ਵਯਵਹਾਰ | ( व्यवहार ) | ਬਿਉਹਾਰ |

(22) "ਯਾ" ਤੋਂ ਪੰਜਾਬੀ "ਇਆ"

| | | |
|---|---|---|
| ਛਾਯਾ | ( छाया ) | ਛਾਇਆ |
| ਗਯਾਨ | ( ज्ञान ) | ਗਿਆਨ |
| ਵਯਾਪਤ | ( व्याप्त ) | ਵਿਆਪਤ |

(23) "ਆਯ" ਤੋਂ ਪੰਜਾਬੀ "ਆਇ"

| | | |
|---|---|---|
| ਨਾਰਾਯਣ | ( नारायण ) | ਨਾਰਾਇਣੁ |
| ਵਿਹਾਯ | ( विहाय ) | ਵਿਹਾਇ |

(24) "ਵਾ" ਤੋਂ ਪੰਜਾਬੀ "ਉਆ"

| | | |
|---|---|---|
| ਸ੍ਵਾਮੀ | ( स्वामी ) | ਸੁਆਮੀ |
| ਦ੍ਵਾਦਸ਼ੀ | ( द्वादश ) | ਦੁਆਦਸੀ |
| ਦ੍ਵਾਪਰ | ( द्वापर ) | ਦੁਆਪੁਰਿ |
| ਦ੍ਵਾਰ | ( द्वार ) | ਦੁਆਰ |

(25) "ਦ" ਤੋਂ ਪੰਜਾਬੀ "ਗ"

| | | |
|---|---|---|
| ਪਦ | ( पद ) | ਪਗ |

(26) "ਸ" ਤੋਂ ਪੰਜਾਬੀ "ਪ"

| | | |
|---|---|---|
| ਸੁਤ | ( सुत ) | ਪੁਤ(ਦੈਤ-ਪੁਤ) |

(27) "ਹ" ਤੋਂ "ਫ"

| | | |
|---|---|---|
| ਗੁਹਾ | ( गुहा ) | ਗੁਫਾ |

(28) "ਭ" ਤੋਂ "ਹ"

| | | |
|---|---|---|
| ਸੌਭਾਗਯ | ( सौभाग्य ) | ਸੋਹਾਗ(ਸੁਹਾਗ) |
| ਸ਼ੋਭਿਤ | ( शोभित ) | ਸੋਹਣਿ |

(2੬) ਤ੍ਰਿ/ਤ੍ਰੀ ਤੋਂ ਪੰਜਾਬੀ "ਤਾ" ਜਾਂ "ਤ੍ਰੀ"

| | | |
|---|---|---|
| ਦਾਤ੍ਰਿ | ( दातृ ) | ਦਾਤਾ |
| ਕਰਤ੍ਰੀ | ( कर्तृ ) | ਕਰਤਾ, ਕਰਤਾਰ |
| ਵਿਧਾਤ੍ਰਿ | ( विधातृ ) | ਵਿਧਾਤਾ( ਬਿਧਾਤਾ) |

(7) ਅਰਬੀ-ਭਾਸ਼ਾ ਦਾ ਪ੍ਰਭਾਵ

ਭਾਰਤ ਉੱਤੇ ਤੁਰਕਾਂ ਦੇ ਹਮਲੇ 1027 ਈਸਵੀ ਤੋਂ ਆਰੰਭ ਹੋਏ ਅਤੇ 1526 ਤਕ ਇਹੋ ਦੌਰ ਜਾਰੀ ਰਿਹਾ, ਜਦੋਂ ਬਾਬਰ ਨੇ ਪਾਨੀਪਤ ਦੇ ਮੈਦਾਨ ਵਿੱਚ ਜਿੱਤ ਪ੍ਰਾਪਤ ਕਰਕੇ ਭਾਰਤ ਵਿੱਚ ਮੁਗਲ-ਰਾਜ ਦਾ ਝੰਡਾ ਗੱਡ ਦਿੱਤਾ। ਮੁਗਲ-ਦਰਬਾਰ ਦੀ ਬੋਲੀ ਬੇਸ਼ੱਕ ਫ਼ਾਰਸੀ ਸੀ ਅਤੇ ਗੁਰੂ ਅਮਰਦਾਸ ਦੇ ਸਮੇਂ ਪੰਜਾਬ ਦੇ ਇਸਲਾਮੀ-ਵਾਤਾਵਰਨ ਵਿੱਚ ਭੀ ਅਰਬੀ ਨਾਲੋਂ ਫ਼ਾਰਸੀ ਵਧੇਰੇ ਪ੍ਰਚਲਤ ਸੀ, ਪਰ ਫ਼ਾਰਸੀ ਉਤੇ ਅਰਬੀ-ਭਾਸ਼ਾ ਦਾ ਇਤਨਾ ਸੰਘਣਾ ਪ੍ਰਭਾਵ ਹੈ, ਕਿ ਫ਼ਾਰਸੀ ਦੁਆਰਾ ਸੈਂਕੜੇ ਅਰਬੀ-ਸ਼ਬਦਾਂ ਦਾ ਪੰਜਾਬ ਵਿੱਚ ਪ੍ਰਚਲਤ ਹੋ ਜਾਣਾ ਅਸੁਭਾਵਕ ਨਹੀਂ ਸੀ । ਅਰਬੀ ਅਤੇ ਫ਼ਾਰਸੀ ਦੇ ਪਰਸਪਰ-ਸੰਬੰਧ ਬਾਰੇ ਪ੍ਰਸਿਧ ਕੋਸ਼ਕਾਰ ਡਾ:ਸਟੇਨਗਾਸ[1] ਲਿਖਦਾ ਹੈ,"ਫ਼ਾਰਸੀ ਉੱਤੇ ਅਰਬੀ ਦਾ ਇਤਨਾ ਸੰਘਣਾ ਪ੍ਰਭਾਵ ਹੈ, ਕਿ ਸਮੇਂ ਦੇ ਵਿਕਾਸ ਨਾਲ ਦੋਹਾਂ ਬੋਲੀਆਂ ਦੇ ਸਾਹਿਤ ਦਾ ਆਪੋ ਵਿੱਚ ਅਨਿਖੜ-ਸੰਬੰਧ ਪੈਦਾ ਹੋ ਗਿਆ ਹੈ। ਸੋ ਫ਼ਾਰਸੀ-ਭਾਸ਼ਾ ਦੀ ਵਿਦਵਤਾ ਵਿੱਚ ਸੱਚੀ ਪ੍ਰਸਿਧਤਾ ਪ੍ਰਾਪਤ ਕਰਨ ਲਈ ਫ਼ਾਰਸੀ-ਭਾਸ਼ਾ ਦੇ ਵਿਦਿਆਰਥੀ ਲਈ ਅਰਬੀ-ਭਾਸ਼ਾ ਦਾ ਬੋਧ ਬਹੁਤ ਜ਼ਰੂਰੀ ਹੈ।"

ਉਪਰੋਕਤ ਕਥਨ ਨੂੰ ਪੜ੍ਹ ਕੇ ਹੁਣ ਕੋਈ ਸ਼ੰਕਾ ਨਹੀਂ ਰਹਿ ਜਾਂਦਾ, ਕਿ ਗੁਰੂ ਅਮਰਦਾਸ ਦੇ ਸਮੇਂ ਤਕ ਪੰਜਾਬੀ ਬੋਲੀ ਵਿੱਚ ਫ਼ਾਰਸੀ ਰਾਹੀਂ ਜਾਂ ਅਰਬਾਂ ਦੇ ਸਿੱਧੇ ਸੰਪਰਕ ਰਾਹੀਂ ਅਰਬੀ ਦੇ ਸੈਂਕੜੇ ਸ਼ਬਦ ਰਚਮਿਚ ਚੁੱਕੇ ਸਨ। ਪਰ ਪੰਜਾਬੀ ਬੋਲੀ ਦੀ ਇਹ ਵਿਸ਼ੇਸ਼ਤਾ ਹੈ, ਕਿ ਇਸਨੇ ਅਰਬੀ ਜਾਂ ਫ਼ਾਰਸੀ ਦੀ ਸ਼ਹਿਨਸ਼ਾਹੀ ਨੂੰ ਪਰਵਾਨ ਨਹੀਂ ਕੀਤਾ, ਸਗੋਂ ਉਨ੍ਹਾਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੇ ਮੁਹਾਵਰੇ ਵਿੱਚ ਢਾਲ ਕੇ ਅਪਣਾਇਆ ਹੈ। ਪੰਜਾਬੀ ਵਿੱਚ ਅਰਬੀ ਤੇ ਫ਼ਾਰਸੀ ਦੇ ਸ਼ਬਦਾਂ ਦਾ ਤਦਭਵ-ਰੂਪ ਵੈਨਡ੍ਰੀਜ਼[2] ਦੇ ਇਸ ਕਥਨ ਦੀ ਪੁਸ਼ਟੀ ਕਰਦਾ ਹੈ, ਕਿ "ਬੋਲੀਆਂ ਆਪਣੀ ਧਰਤੀ ਉਤੇ ਹੀ ਜੱਦੀ-ਵੱਖਰ ਨੂੰ ਕਾਇਮ ਰੱਖ ਸਕਦੀਆਂ ਹਨ ਅਤੇ ਜਦੋਂ ਉਹ ਦੂਸਰੇ ਦੇਸ਼ਾਂ ਤਕ ਫੈਲ ਜਾਂਦੀਆਂ ਹਨ ਅਤੇ ਸੰਬੰਧਤ ਦੇਸ਼ਾਂ ਦੀਆਂ ਬੋਲੀਆਂ ਦੇ ਸੰਪਰਕ ਵਿੱਚ ਆਉਂਦੀਆਂ ਹਨ, ਤਾਂ ਉਨ੍ਹਾਂ ਦੇ ਮੁਹਾਵਰੇ ਦੀਆਂ ਵੱਡੀਆਂ ਵਿਸ਼ੇਸ਼ਤਾਈਆਂ ਗੁਆਚ ਜਾਂਦੀਆਂ ਹਨ ਤੇ ਸਥਾਨਕ-ਪ੍ਰਭਾਵਾਂ ਨਾਲ ਉਨ੍ਹਾਂ ਦਾ ਨਿੱਜੀ-ਰੂਪ ਬਦਲ ਜਾਂਦਾ ਹੈ।"

---

1. F. Steingass- A Comprehensive Persian-English Dictionary(Introduction).
2. J. Vendryes.- Language- P.353

ਗੁਰੂ ਅਮਰਦਾਸ ਦੀ ਬੋਲੀ ਵਿੱਚ ਅਰਬੀ-ਭਾਸ਼ਾ ਦੇ ਸ਼ਬਦਾਂ ਦਾ ਸਰੂਪ ਵੇਖ ਕੇ ਇਹ ਗੱਲ ਨਿਸ਼ਚੇ ਨਾਲ ਆਖੀ ਜਾ ਸਕਦੀ ਹੈ, ਕਿ ਗੁਰੂ ਅਮਰਦਾਸ ਨੇ ਇਨ੍ਹਾਂ ਦੇ ਪ੍ਰਯੋਗ ਬਾਰੇ ਉਚੇਚਾ ਜਤਨ ਨਹੀਂ ਕੀਤਾ, ਕਿਉਂਕਿ ਬਹੁਤੇ ਸ਼ਬਦ ਆਮ ਲੋਕਾਂ ਦੀ ਬੋਲ-ਚਾਲ ਵਿੱਚ ਪ੍ਰਚਲਤ ਸਨ। ਉਨ੍ਹਾਂ ਸ਼ਬਦਾ ਦਾ ਤਦਭਵ-ਰੂਪ ਇਸ ਗੱਲ ਦੀ ਗੁਆਹੀ ਦਿੰਦਾ ਹੈ। ਦੂਜੇ ਫ਼ਰੀਦ ਸ਼ੁਕਰਗੰਜ, ਗੁਰੂ ਨਾਨਕ ਅਤੇ ਗੁਰੂ ਅੰਗਦ( ਜਿਨ੍ਹਾਂ ਦੀ ਬਾਣੀ ਤਕ ਗੁਰੂ ਅਮਰਦਾਸ ਦੀ ਪੂਰੀ ਪਹੁੰਚ ਸੀ) ਵਰਗੇ ਪੰਜਾਬੀ ਕਵੀ ਆਪਣੀ ਬਾਣੀ ਰਾਹੀਂ ਗੁਰੂ ਅਮਰਦਾਸ ਦੀ ਅਰਬੀ-ਸ਼ਬਦਾਵਲੀ ਨਾਲ ਸੰਬੰਧਤ ਲਗਪਗ ੭੦ ਪ੍ਰਤੀਸ਼ਤ ਸ਼ਬਦਾਂ ਦਾ ਪ੍ਰਯੋਗ ਗੁਰੂ ਅਮਰਦਾਸ ਤੋਂ ਪਹਿਲੇ ਹੀ ਕਰ ਚੁੱਕੇ ਸਨ।

ਗੁਰੂ ਅਮਰਦਾਸ ਦੀ ਬਾਣੀ ਵਿੱਚ ਤਤਸਮ ਅਤੇ ਤਦਭਵ ਸ਼ਬਦਾਂ ਦਾ ਵੇਰਵਾ ਇਸ ਪਰਕਾਰ ਹੈ:-

(ੳ) ਤਤਸਮ-ਸ਼ਬਦ:-

ਅਜਬ, ਅਮਰ, ਅਲਾਹ, ਸਾਹਿਬ, ਸੂਰਤ, ਹਲਕ, ਹੁਕਮ, ਕਸਾਈ, ਕਰਮ, ਕਲਮ, ਕੀਮਤ, ਕੁਦਰਤ, ਕੁਰਬਾਨ( ਕੁਰਬਾਣ), ਜਵਾਹਰ, ਤਲਬ, ਦੁਨੀਆ, ਦੀਵਾਨ, ਬਦਨ, ਬਰਕਤ, ਮਹਲ, ਮਾਲ, ਮਿਕਦਾਰ, ਮੁਹਤਾਜ, ਮੁਲੰਮਾ, ਰਈਅਤ, ਵਾਹੁ, ਲਾਇਕ, ਆਦਿਕ ।

(ਅ) ਤਦਭਵ-ਸ਼ਬਦ:-

ਅਮਾਣ, ਸਹਿਲਾ, ਸਨਾਇ, ਸਰਾਫ, ਸਰੀਕ( ਸਰੀਕੀ), ਸਿਆਣਾ( ਸਿਆਣਪ), ਸਿਫਤਿ ( ਸਿਪਤੀ), ਸੇਖ, ਹਜੂਰਿ, ਹਦੂਰਿ, ਹਾਜਰ-ਹਜੂਰਿ, ਹੁਜਤਿ, ਕਲਉ, ਕਾਗਦ, ਕੀਮੁ, ਖਸਮ, ਖਤੇ, ਖਬਰ, ਖਾਲੀ, ਗਮ, ਗੁਬਾਰ, ਤਖਤ, ਤਪਾਵਸ, ਤਮਾਇ, ਤਰਫ, ਦਬਿਓਹੁ, ਨਦਰ, ਨਦਰੀ, ਫਰਕ, ਬਦਲਾਹੁ, ਕੁਮਹਲ, ਮਨਸਾ, ਮਿਆਲਾ, ਮੁਕਰਿ, ਮੁਤੀ, ਰਜਾਇ( ਰਜਾਈ), ਰਿਜਕ, ਵਖਤ, ਵਜੀਰ, ਆਦਿਕ ।

ਉਪਰੋਕਤ ਸ਼ਬਦਾਂ ਵਿੱਚੋਂ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਵਾਹੁ, ਸਿਪਤੀ, ਕੀਮੁ, ਤਪਾਵਸ, ਮਿਆਲਾ, ਕੁਮਹਲ ਅਤੇ ਮੁਤੀ, ਆਦਿਕ ਖਾਸ ਮਹੱਤਵ ਰੱਖਦੇ ਹਨ। "ਵਾਹੁ" ਬਾਰੇ ਕਈ ਵਿਦਵਾਨਾਂ ਦਾ ਖਿਆਲ ਹੈ, ਕਿ ਇਹ "ਵਾਹਿਗੁਰੂ" ਸ਼ਬਦ ਦਾ ਸੰਖੇਪ ਹੈ। ਇਸ ਬਾਰੇ ਕਿੱਸੇ ਅਗਲੇ ਲੇਖ ਰਾਹੀਂ ਵਿਸਥਾਰ ਸਹਿਤ ਵਿਚਾਰ ਕੀਤੀ ਜਾਵੇਗੀ । "ਸਿਪਤੀ" ਦਾ ਮੂਲ ਸਿਫ਼ਤ( صفت ) ਹੈ ਅਤੇ ਤਪਾਵਸ ਦਾ ਮੂਲ ਸ਼ਾਇਦ "ਤਫ਼ਹੁੱਸ"( تفحّص )। ਇਸੇਤਰ੍ਹਾਂ ਦੱਬਣ( ਦਬਿਓਹੁ) ਦਾ ਮੂਲ ਦਫ਼ਨ( دفن ) ਹੈ । ਪਿਛਲੇ ਤਿੰਨਾਂ ਸ਼ਬਦਾਂ ਦੇ ਤਦਭਵ-ਰੂਪਾਂ ਵਿੱਚ ਅਰਬੀ-ਭਾਸ਼ਾ ਦਾ "ਫ਼" ਤੋਂ "ਪ" ਜਾਂ "ਬ" ਹੋ ਗਿਆ ਹੈ। ਅਰਬੀ "ਫ਼" ਤੋਂ ਹਿੰਦ-ਆਰੀਆਈ ਭਾਸ਼ਾ ਵਿੱਚ "ਪ" ਹੋਣ ਦੀ ਰੁਚੀ ਸੰਸਕ੍ਰਿਤ ਤੋਂ ਆਈ ਜਾਪਦੀ ਹੈ। ਉਦਾਹਰਨ ਵਜੋਂ ਅਰਬੀ ਦਾ ਫ਼ਾਸ( فاس ) ਸੰਸਕ੍ਰਿਤ ਵਿੱਚ ਪਾਸ਼ ( पाश ) ਹੋ ਗਿਆ ਹੈ, ਬੇਸ਼ਕ ਦੋਹਾਂ ਦੇ ਅਰਥਾਂ ਵਿੱਚ ਕੁਝ ਭਿੰਨਤਾ ਹੈ। ਅਰਬੀ "ਫ਼ਾਸ"

ਦਾ ਅਰਥ ਵਿਲੀਅਮ ਲੇਨ[1]ਦੇ ਪ੍ਰਸਿਧ ਕੋਸ਼ ਅਨੁਸਾਰ "ਕੁਹਾੜੇ ਨਾਲ ਮਾਰਨਾ" ਹੈ। ਪਰ ਸੰਸਕ੍ਰਿਤ[2] ਵਿੱਚ "ਪਾਸ਼" ਦਾ ਅਰਥ ਗਲਾ ਘੁੱਟ ਕੇ ਮਾਰਨ ਤੋਂ ਹੈ। ਪੰਜਾਬੀ ਵਿੱਚ "ਪਾਸ਼" ਦੀ ਥਾਂ "ਫਾਸ" ਅਤੇ "ਫਾਸੀ" ਅਰਥਾਤ "ਪ" ਤੋਂ ਮੁੜ "ਫ" ਹੋ ਜਾਣ ਦੀ ਰੁਚੀ ਸ਼ਾਇਦ ਫ਼ਾਰਸੀ-ਅਰਬੀ ਦੇ ਪ੍ਰਭਾਵ ਹੇਠ ਆਈ ਹੈ। ਉਰਦੂ ਵਿੱਚ "ਪਾਸ਼" ਤੋਂ "ਫਾਸ"( پھاس ) ਜ਼ਰੂਰ ਹੋਇਆ ਹੈ, ਪਰ ਫ਼ਾਸ( فاس ) ਨਹੀਂ ਹੋਇਆ ਅਤੇ ਉਰਦੂ "ਫਾਸ" ਦਾ ਅਰਥ ਭੀ ਹਿੰਦ-ਆਰੀਆਈ "ਪਾਸ਼" ਵਾਂਗ ਗਲਾ ਘੁੱਟਣ ਤੋਂ ਹੀ ਹੈ। ਗੁਰੂ ਅਮਰਦਾਸ ਦੀ ਬੋਲੀ ਵਿੱਚ ਫਾਸ, ਫਾਸੀ, ਫਾਹਾ ਅਤੇ ਫਾਹੀ ਆਦਿਕ ਕਈ ਸ਼ਬਦਾਂ ਦਾ ਪ੍ਰਯੋਗ ਮਿਲਦਾ ਹੈ। "ਸ"(ਫਾਸੀ) ਤੋਂ "ਹ"(ਫਾਹੀ) ਹੋ ਜਾਣ ਦੀ ਰੁਚੀ ਭੀ ਪੰਜਾਬੀ ਦੀ ਬਹੁਤ ਪੁਰਾਣੀ ਰੁਚੀ ਹੈ। ਅਰਬੀ "ਫ਼" ਤੋਂ ਪੰਜਾਬੀ ਵਿੱਚ "ਪ" ਹੋਣ ਦੀ ਪ੍ਰਵਿਰਤੀ ਬਾਰੇ ਇਕ ਹੋਰ ਉਦਾਹਰਣ ਦੇਣੀ ਭੀ ਅਯੋਗ ਨਹੀਂ ਹੋਵੇਗੀ। ਅਰਬੀ ਦਾ ਇਕ ਸ਼ਬਦ ਤਫ਼ਤੀਸ਼( تفتیش ) ਹੈ, ਜਿਸਦਾ ਅਰਥ ਹੈ ਖੋਦਣਾ, ਢੂੰਡਣਾ ਜਾਂ ਤਲਾਸ਼ ਕਰਨਾ। ਪੰਜਾਬ ਦੇ ਪਿੰਡਾਂ ਵਿੱਚ ਪੁਲੀਸ ਵਾਲੇ ਜਦੋਂ ਤਫ਼ਤੀਸ਼ ਕਰਨ ਜਾਂਦੇ ਹਨ, ਤਾਂ ਅਨਪੜ੍ਹ ਤੇ ਅੱਧਪੜ੍ਹ ਪੇਂਡੂ ਕਈ ਵਾਰ ਆਖਦੇ ਸੁਣਾਈ ਦਿੰਦੇ ਹਨ,"ਠਾਣੇਦਾਰ,"ਤਪਤੀਸ਼"ਕਰਨ ਆਇਆ ਸ਼ੀ" ਸੋ ਇਸ ਗੱਲ ਵਿੱਚ ਕੋਈ ਸ਼ੰਕਾ ਨਹੀਂ ਰਹਿ ਜਾਂਦਾ, ਕਿ "ਤਪਾਵਸ" ਦਾ ਮੂਲ ਅਰਬੀ ਸ਼ਬਦ "ਤਫ਼ੱਹੁੱਸ" ਹੈ ਅਤੇ ਇਸਦਾ ਅਰਥ ਭੀ ਢੂੰਡ-ਭਾਲ ਕਰਨਾ ਹੈ। ਵੈਸੇ ਸਮੇਂ ਦੇ ਫ਼ੇਰ ਨਾਲ ਇਸਦੇ ਅਰਥਾਂ ਵਿੱਚ ਕੁਝ ਪਰਿਵਰਤਨ ਆ ਗਿਆ ਜਾਪਦਾ ਹੈ। ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੋਹਾਂ ਨੇ ਇਸਨੂੰ ਢੂੰਡ-ਭਾਲ ਦੀ ਥਾਂ ਇਨਸਾਫ ਦੇ ਅਰਥਾਂ ਵਿੱਚ ਵਰਤਿਆ ਹੈ, ਜਿਵੇਂ:-

(ੳ) ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ।
(ਤਿਲੰਗ ਮ:1)[3]

(ਅ) ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ ।
(ਰਾਮਕਲੀ ਮ:3)[4]

ਬੇਸ਼ਕ ਇਨਸਾਫ਼ ਲਈ ਢੂੰਡ-ਭਾਲ ਜ਼ਰੂਰੀ ਹੈ, ਪਰ ਢੂੰਡ-ਭਾਲ ਮੁਢਲੀ ਕਾਰਵਾਈ ਹੈ ਤੇ ਇਨਸਾਫ਼ ਅੰਤਮ-ਨਿਰਣਾ । ਕੁਝ ਭੀ ਹੈ, ਇਸ ਸ਼ਬਦ ਦੇ ਅਰਥਾਂ ਵਿੱਚ ਕੁਝ ਪਰਿਵਰਤਨ ਜ਼ਰੂਰ ਆ ਚੁੱਕਾ ਹੈ।

ਇਕ ਹੋਰ ਸ਼ਬਦ "ਮਿਆਲਾ" ਦਾ ਮੂਲ "ਮੁਆਲ"( معال ) ਹੈ, ਜਿਸਦਾ ਅਰਥ "ਉੱਚੀ ਥਾਂ" ਹੈ। ਗੁਰੂ ਅਮਰਦਾਸ ਨੇ ਇਸ ਸ਼ਬਦ ਨੂੰ ਖੇਤ ਦੀਆਂ ਉੱਚੀਆਂ-ਵੱਟਾਂ ਦੇ ਅਰਥਾਂ ਵਿੱਚ ਵਰਤਿਆ ਹੈ, ਜੋ ਸੌ ਫ਼ੀਸਦੀ ਠੀਕ ਹੈ। ਇਸੇਤਰ੍ਹਾਂ "ਕੀਮ"( قیم ) ਸ਼ਬਦ "ਕੀਮਤ" ਦਾ ਬਹੁ-ਵਚਨ ਹੈ। ਇਸਦਾ ਪ੍ਰਯੋਗ ਭੀ ਗੁਰੂ ਅਮਰਦਾਸ ਦੀ ਬਾਣੀ ਵਿੱਚ ਮਿਲਦਾ ਹੈ। ਇਨ੍ਹਾਂ ਦੋਹਾਂ

---

1. Edward William Lane- Arabic English Lexicon-(Book I, Part VI), Newyork, 1956, I.P.2325
2. Apte- Sanskrit-English Dictionary, Part II (1958), P. 1017
3. ਆਦਿ-ਗ੍ਰੰਥ......... ਪੰਨਾ 723
4. ਆਦਿ-ਗ੍ਰੰਥ.........ਪੰਨਾ 912

ਸ਼ਬਦਾਂ ਦਾ ਪ੍ਰਯੋਗ ਹੀ ਇਹ ਸਿੱਧ ਕਰਨ ਲਈ ਕਾਫ਼ੀ ਹੈ, ਕਿ ਗੁਰੂ ਅਮਰਦਾਸ ਦੇ ਸਮੇਂ ਪੰਜਾਬੀ ਵਿੱਚ ਅਰਬੀ-ਭਾਸ਼ਾ ਦੇ ਕਈ ਚੰਗੇ ਚੰਗੇ ਸ਼ਬਦ ਪ੍ਰਚਲਤ ਹੋ ਚੁੱਕੇ ਸਨ । ਇਸੇਤਰ੍ਹਾਂ ਇਕ ਹੋਰ ਸ਼ਬਦ "ਮੁਤੀ" ਦੇ ਪ੍ਰਯੋਗ ਬਾਰੇ ਆਖਿਆ ਜਾ ਸਕਦਾ ਹੈ। "ਮੁਤੀ" ਦਾ ਮੂਲ ਫ਼ਾਰਸੀ "ਮੁਤਾ"( متہ ) ਹੈ, ਜੋ ਅਰਬੀ ਦੇ ਸ਼ਬਦ "ਮੁਤਅਤ"( متعہ )[1] ਤੋਂ ਫ਼ਾਰਸੀ ਰਾਹੀਂ ਵਿਗੜ ਕੇ ਪੰਜਾਬੀ-ਸੱਚੇ ਵਿੱਚ ਢਲ ਕੇ ਹੋਰ ਭੀ ਬਦਲ ਗਿਆ ਹੈ। ਪੰਜਾਬੀ ਵਿੱਚ ਇਸ ਸ਼ਬਦ ਦਾ ਪ੍ਰਯੋਗ ਸ਼ਾਇਦ ਗੁਰੂ ਨਾਨਕ ਨੇ ਸਭ ਤੋਂ ਪਹਿਲਾਂ ਕੀਤਾ ਸੀ( ਪਿਰਿ ਛੋਡੀ ਸੁਤੀ ਅਵਗਣਿ ਮੁਤੀ.....ਮੁਖਾਰੀ ਮ:1)[2], ਪਰ ਗੁਰੂ ਅਮਰਦਾਸ ਨੇ ਇਸਨੂੰ ਇਕ ਤੋਂ ਜ਼ਿਆਦਾ ਵਾਰ ਵਰਤ ਕੇ ਆਮ ਲੋਕਾਂ ਦੀ ਸ਼ਬਦਾਵਲੀ ਦਾ ਭਾਗ ਬਣਾ ਦਿੱਤਾ । ਗੁਰੂ ਨਾਨਕ ਅਤੇ ਗੁਰੂ ਅਮਰਦਾਸ ਨੇ ਜਿਸ ਪ੍ਰਸੰਗ ਵਿੱਚ ਇਸ ਸ਼ਬਦ ਨੂੰ ਵਰਤਿਆ ਹੈ, ਉਥੇ ਇਸ ਨਾਲੋਂ ਢੁਕਦਾ ਹੋਰ ਕੋਈ ਸ਼ਬਦ ਨਹੀਂ ਜੜਿਆ ਜਾ ਸਕਦਾ । ਮੁਤਾ ਸ਼ਬਦ ਬਾਰੇ ਕਿਸੇ ਅਗਲੇ ਲੇਖ( ਗੁਰੂ ਅਮਰਦਾਸ ਦੀ ਬੋਲੀ ਅਤੇ ਅਨੁਭਵ) ਰਾਹੀਂ ਵਿਸਥਾਰ ਸਹਿਤ ਵਿਚਾਰ ਕੀਤੀ ਜਾਵੇਗੀ । ਇੱਥੇ ਕੇਵਲ ਇਤਨਾ ਹੀ ਸੰਕੇਤ ਕਾਫੀ ਹੈ, ਕਿ ਇਸਤ੍ਰੀ ਲਈ ਇਸਤੋਂ ਵੱਡੀ ਹੋਰ ਕੋਈ ਗਾਲ੍ਹ ਨਹੀਂ, ਕਿ ਉਸਨੂੰ ਮੁਤਾ ਜਾਂ ਮੁਤੀ ਆਖ ਦਿੱਤਾ ਜਾਵੇ । ਇੱਥੇ ਸ਼ਾਇਦ ਇਹ ਸੰਕੇਤ ਕਰ ਦੇਣਾ ਭੀ ਕੁਝ ਦਿਲਚਸਪੀ ਦਾ ਮੂਜਬ ਬਣੇ, ਕਿ "ਕੁਰਾਨ-ਸ਼ਰੀਫ਼"( ਇਸਲਾਮ ਦਾ ਧਾਰਮਕ-ਗ੍ਰੰਥ) ਵਿੱਚ ਮੁਤਾ (ਮੁਤਅਤ) ਤਾਂ ਇਕ ਪਾਸੇ ਰਹੀ, ਉਸਦੀ ਔਲਾਦ ਨੂੰ ਭੀ ਬਹੁਤ ਮਾੜੀ ਆਖਿਆ ਗਿਆ ਹੈ।

ਜਿੱਥੋਂ ਤਕ ਅਖੀਰਲੇ ਸ਼ਬਦ "ਕੁਮਹਲ" ਦੀ ਬਣਤਰ ਦਾ ਸੰਬੰਧ ਹੈ, ਇਸਨੂੰ ਅਰਬੀ-ਭਾਸ਼ਾ ਦੇ "ਮਹਲ" ਤੋਂ ਪਹਿਲਾਂ "ਕੁ"( ਹਿੰਦ-ਆਰੀਆਈ ਨਿਸ਼ੇਧ-ਬੋਧਕ) ਉਪਸਰਗ ਲਗਾ ਕੇ ਆਰੀਆਈ-ਸੈਮਟਿਕ ਸਭਿਆਚਾਰਾਂ ਵਿੱਚ ਭਾਸ਼ਾਈ-ਸਮਝੌਤਾ ਕਰਵਾ ਦਿੱਤਾ ਹੈ। ਸਭਿਆਚਾਰਕ-ਮੇਲ ਅਤੇ ਭਾਖਾਈ-ਸਾਂਝ ਪੰਜਾਬ ਦੇ ਲੋਕਾਂ ਅਤੇ ਉਨ੍ਹਾਂ ਦੀ ਬੋਲੀ ਦੀਆਂ ਜੱਦੀ-ਵਿਸ਼ੇਸ਼ਤਾਈਆਂ ਹਨ। ਗੁਰੂ ਅਮਰਦਾਸ ਅਤੇ ਕਈ ਦੂਸਰੇ ਸਿੱਖ ਅਤੇ ਗੈਰ-ਸਿੱਖ ਪੰਜਾਬੀ ਕਵੀਆਂ ਦੀ ਬੋਲੀ ਵਿੱਚ ਇਸ ਗੱਲ ਦੇ ਅਨੇਕਾਂ ਪ੍ਰਮਾਣ ਮਿਲਦੇ ਹਨ।

ਅਰਬੀ ਦੇ ਤਤਸਮ ਸ਼ਬਦਾਂ ਵਿੱਚੋਂ ਕੇਵਲ "ਅਮਰ"( امر ) ਅਤੇ "ਕਰਮ"( کرم ) ਦਾ ਅਰਥ ਹਿੰਦ-ਆਰੀਆਈ-ਭਾਸ਼ਾ ਦੇ "ਅਮਰ" ਅਤੇ "ਕਰਮ" ਨਾਲੋਂ ਬਿਲਕੁਲ ਅੱਡਰਾ ਹੈ। ਪਹਿਲੇ ਅਰਥਾਤ ਅਰਬੀ-ਸ਼ਬਦ-ਰੂਪਾਂ ਦਾ ਅਰਥ "ਹੁਕਮ" ਅਤੇ "ਬਖ਼ਸ਼ਿਸ਼" ਹੈ, ਪਰ ਪਿਛਲੇ ਹਿੰਦ-ਆਰੀਆਈ ਭਾਸ਼ਾ ਦੇ ਸ਼ਬਦ-ਰੂਪਾਂ ਦਾ ਭਾਵ "ਕਾਲ-ਰਹਿਤ" ਅਤੇ "ਕਰਣੀ" ਤੋਂ ਹੈ। ਸ਼ੁਕਰ ਹੈ, ਕਿ ਗੁਰੂ ਅਮਰਦਾਸ( ਅਤੇ ਕਈ ਦੂਸਰੇ ਗੁਰੂ-ਕਵੀਆਂ ਨੇ ਭੀ) ਨੇ ਆਮ ਕਰਕੇ ਅਮਰੁ( ਹੁਕਮ) ਦਾ ਪ੍ਰਯੋਗ ਔਂਕੜ ਲਗਾ ਕੇ( ਅਮਰੁ) ਅਤੇ ਇਸੇਤਰ੍ਹਾਂ ਕਰਮਿ( ਬਖ਼ਸ਼ਿਸ਼) ਦਾ ਪ੍ਰਯੋਗ ਸਿਹਾਰੀ ਲਗਾ ਕੇ (ਕਰਮਿ) ਹੀ ਕੀਤਾ

---

1. Steingass- Persian-English Dictionary, P.1162
2. ਆਦਿ-ਗ੍ਰੰਥ............ਪੰਨਾ 1111

ਹੈ। ਉਦਾਹਰਨ ਵਜੋਂ:-

(ੳ) ਸਚਾ ਅਮਰੁ ਸਚਾ ਪਾਤਿਸਾਹੁ ।

(ਗਉੜੀ ਗੁਆਰੇਰੀ ਮ:3)[1]

(ਅ) ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ ।

(ਸਿਰੀ ਰਾਗੁ ਮ:3)[2]

ਇਸਦੇ ਉਲਟ ਅਮਰ(ਅਟੱਲ) ਨਾਲ ਔਂਕੜ ਦਾ ਪ੍ਰਯੋਗ ਆਮ ਕਰਕੇ ਨਹੀਂ ਮਿਲਦਾ ਅਤੇ ਨਾ ਹੀ ਕਰਮ (ਕਰਣੀ) ਨਾਲ ਆਮ ਕਰਕੇ "ਸਿਹਾਰੀ" ਦਾ ਪ੍ਰਯੋਗ ਮਿਲਦਾ ਹੈ। ਉਦਾਹਰਨ ਵਜੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਅਮਰਾਪਦੁ, ਕਰਮ-ਕਾਂਡ, ਕਰਮਬੰਧੁ, ਕਰਮਬਿਧਾਤਾ, ਆਦਿਕ ਸ਼ਬਦਾਂ ਦਾ ਪ੍ਰਯੋਗ ਵੇਖਿਆ ਜਾ ਸਕਦਾ ਹੈ।

ਜਿੱਥੋਂ ਤਕ ਗੁਰੂ ਅਮਰਦਾਸ ਦੀ ਬਾਣੀ ਵਿੱਚ ਅਰਬੀ ਦੇ ਤਦਭਵ-ਸ਼ਬਦਾਂ ਦੇ ਪ੍ਰਯੋਗ ਦਾ ਸੰਬੰਧ ਹੈ, ਉਨ੍ਹਾਂ ਵਿੱਚ ਧੁਨੀ-ਪਰਿਵਰਤਨ ਦਾ ਮੂਲ-ਕਾਰਨ ਪੰਜਾਬੀ ਵਿੱਚ ਕਈ ਅਰਬੀ-ਧੁਨੀਆਂ ਦੀ ਅਣਹੋਂਦ ਹੈ, ਜਿਵੇਂ ਅਰਬੀ ਦੀਆਂ ਆਵਾਜ਼ਾਂ ع-ق-ط-ف-ض-ذ-ظ-ز-غ-خ-ش-س-ث-ص ਬਾਰੇ ਗੁਰਮੁਖੀ ਵਰਣਮਾਲਾ ਵਿੱਚ ਕੋਈ ਭਰੋਸੇ-ਯੋਗ ਭਾਖਾਈ-ਚਿੰਨ੍ਹ ਨਹੀਂ । ਆਧੁਨਿਕ-ਯੁੱਗ ਵਿੱਚ ਤਤਸਮ-ਸ਼ਬਦਾਂ ਵਲ ਝੁਕਾਉ ਵਧਣ ਕਰਕੇ ਕਈ ਵਰਣਾਂ ਦੇ ਪੈਰੀਂ ਬਿੰਦੀ( . ) ਲਗਾ ਕੇ ਕੁਝ ਧੁਨੀਆਂ ਨੂੰ ਪੰਜਾਬੀ ਵਿੱਚ ਲਿਆਂਦਾ ਗਿਆ ਹੈ, ਪਰ ਗੁਰੂ ਅਮਰਦਾਸ ਦੇ ਸਮੇਂ ਤਕ ਤਦਭਵ-ਰੁਚੀ ਹੀ ਪ੍ਰਧਾਨ ਸੀ ਅਤੇ ਉਪਰੋਕਤ ਅਰਬੀ-ਫ਼ਾਰਸੀ ਆਵਾਜ਼ਾਂ ਲਈ ਸ, ਖ, ਗ, ਜ, ਫ, ਤ, ਕ, ਅ, ਆਦਿਕ ਪੰਜਾਬੀ ਵਿਅੰਜਨਾਂ ਜਾਂ ਸ੍ਵਰਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ । ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਹੇਠ ਲਿਖੇ ਸ਼ਬਦਾਂ ਦੀਆਂ ਉਦਾਹਰਨਾਂ ਇਸ ਵਿਚਾਰ ਨੂੰ ਕਾਫੀ ਹੱਦ ਤਕ ਸਪਸ਼ਟ ਕਰਨਗੀਆਂ :-

| ਅਰਬੀ | ਪੰਜਾਬੀ(ਗੁਰੂ ਅਮਰਦਾਸ ਦੀ ਬੋਲੀ) |
| --- | --- |
| ਸਰਾਫ਼ ( صراف ) | ਸਰਾਫ |
| ਸ਼ਰੀਕ ( شریک ) | ਸਰੀਕ |
| ਸਿਫ਼ਤ ( صفت ) | ਸਿਫਤ |
| ਸ਼ੇਖ਼ ( شیخ ) | ਸੇਖ |
| ਹੁਜ਼ੂਰ ( حضور ) | ਹਜੂਰ( ਹਜੂਰਿ) |
| ਹਾਜ਼ਿਰ ( حاضر ) | ਹਾਜਰ |
| ਖ਼ਜ਼ਾਨਾ ( خزانہ ) | ਖਜਾਨਾ |
| *ਖ਼ਸਮ ( خصم ) | ਖਸਮ |
| ਖ਼ਸਲਤ ( خصلت ) | ਖਸਲਤ( ਖਸਲਤਿ) |

1.ਆਦਿ-ਗ੍ਰੰਥ...............ਪੰਨਾ 161
2.ਆਦਿ-ਗ੍ਰੰਥ...............ਪੰਨਾ 29

* ਅਰਬੀ ਵਿੱਚ "ਖ਼ਸਮ" ਸ਼ਬਦ ਦਾ ਅਰਥ "ਦੁਸ਼ਮਨ" ਹੈ, ਪਰ ਪੰਜਾਬੀ ਵਿੱਚ ਮਾਲਿਕ ਜਾਂ ਪਤੀ ਦੇ ਅਰਥਾਂ ਵਿੱਚ ਪ੍ਰਯੋਗ ਹੁੰਦਾ ਆਇਆ ਹੈ। ਪਤਾ ਨਹੀਂ, ਅਰਥਾਂ ਵਿੱਚ ਪਰਿਵਰਤਨ ਕਦੋਂ ਹੋਇਆ? ਅਰਬੀ-ਕੋਸ਼ ਲਈ ਵੇਖੋ: ਏਲੀਆਸ-ਏ-ਏਲੀਆਸ ਦਾ ਅੰਗ੍ਰੇਜ਼ੀ-ਅਰਬੀ-ਕੋਸ਼( ਅਲਕਾਮੂਸ ਅਲੱਸਰੇ), 1958( ਦਸਵਾਂ ਐਡੀਸ਼ਨ) ਪ੍ਰਕਾਸ਼ਕ: ਏਲੀਆਸ ਮਾਡਰਨ ਪ੍ਰੈਸ, ਕੈਰੋ( ਮਿਸਰ) , ਪੰਨਾ 237

| ਅਰਬੀ | | ਪੰਜਾਬੀ (ਗੁਰੂ ਅਮਰਦਾਸ ਦੀ ਸ਼ੈਲੀ) |
|---|---|---|
| ਖ਼ਬਰ | ( خبر ) | ਖਬਰ |
| ਖ਼ਾਲੀ | ( خالی ) | ਖਾਲੀ |
| ਗ਼ਮ | ( غم ) | ਗਮ |
| ਗ਼ੁਬਾਰ | ( غبار ) | ਗੁਬਾਰ |
| ਤਖ਼ਤ | ( تخت ) | ਤਖਤ |
| ਤਰਫ਼ | ( طرف ) | ਤਰਫ |
| ਫ਼ਰਕ | ( فرق ) | ਫਰਕ |
| ਮਨਸ਼ਾ | ( منشا ) | ਮਨਸਾ |
| ਰਿਜ਼ਕ | ( رزق ) | ਰਿਜਕ |
| ਵਜ਼ੀਰ | ( وزیر ) | ਵਜੀਰ |

ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ ਅਰਬੀ ਤੋਂ ਪੰਜਾਬੀ ਵਿੱਚ ਧੁਨੀ-ਪਰਿਵਰਤਨ ਦੀਆਂ ਕੁਝ ਇਕ ਹੋਰ ਰੁਚੀਆਂ ਅਤੇ ਨਿਯਮ ਇਸ ਪਰਕਾਰ ਸਿੱਧ ਹੁੰਦੇ ਹਨ:-

(ੳ) ਅਰਬੀ "ਜ਼" ਤੋਂ ਪੰਜਾਬੀ "ਦ"

ਹੁਜ਼ੂਰ ( حضور ) ਹਦੂਰ
ਨਜ਼ਰ ( نظر ) ਨਦਰ, ਨਦਰੀ
ਕਾਗ਼ਜ਼ ( کاغذ ) ਕਾਗਦ

(ਅ) ਅਰਬੀ "ਕ" ਤੋਂ ਪੰਜਾਬੀ "ਖ"

ਵਕਤ ( وقت ) ਵਖਤ

(ੲ) ਅਰਬੀ ਸ਼ਬਦਾਂ ਦੇ ਅੰਤ "ਮ" ਦੀ ਥਾਂ ਪੰਜਾਬੀ ਅੰਤ "ਉ"

ਕਲਮ ( قلم ) ਕਲਉ

(ਸ) ਅਰਬੀ-ਸ਼ਬਦਾਂ ਦੇ ਅੰਤ "ਮੁਕਤਾ" ਦੀ ਥਾਂ ਪੰਜਾਬੀ ਵਿੱਚ ਸਰ ਜੋੜਨ ਦੀ ਰੁਚੀ (ਜਾਂ ਵਾਧੂ-ਮਾਤ੍ਰਾ)

ਸਹਿਲ ( سہل ) ਸਹਿਲਾ
ਸ਼ਯਾਨ ( شیان ) ਸਿਆਣਾ
ਸਨਾ ( ثنا ) ਸਨਾਇ
ਤਮਅ ( طمع ) ਤਮਾਇ
ਰਜ਼ਾ ( رضا ) ਰਜ਼ਾਇ, ਰਜਾਈ

(ਹ) ਅਰਬੀ ਦੁੱਤ ਜਾਂ ਅਧਕ ਦਾ ਪੰਜਾਬੀ ਵਿੱਚ ਲੋਪ

ਹੁੱਜਤ ( حجت ) ਹੁਜਤ

ਕਈ ਵਾਰ ਧੁਨੀ-ਪਰਿਵਰਤਨ ਦਾ ਕਾਰਨ ਅਰਬੀ-ਸ਼ਬਦਾਂ ਨੂੰ ਪੰਜਾਬੀ ਵਿਆਕਰਣ ਅਨੁਸਾਰ ਤੋੜਨ-ਮਰੋੜਨ ਨਾਲ ਭੀ ਉਪਜਦਾ ਹੈ, ਜਿਵੇਂ ਅਰਬੀ "ਖ਼ਤਾ"( خطا ) ਤੋਂ ਗੁਰੂ ਅਮਰਦਾਸ ਅਤੇ ਦੂਸਰੇ ਕਈ ਪੰਜਾਬੀ ਕਵੀਆਂ ਨੇ "ਖਤੇ" ਜਾਂ ਖੱਤੇ ਬਣਾ ਲਿਆ ਹੈ। ਪਿਛਲਾ ਸ਼ਬਦ ਬਹੁ-ਵਚਨੀ ਅਰਥਾਂ ਵਿੱਚ ਵਰਤਿਆ ਗਿਆ ਹੈ।

ਇਸੇ ਤਰ੍ਹਾਂ ਹੇਠ ਲਿਖੇ ਸ਼ਬਦਾਂ ਦੇ ਨਿਰਮਾਣ ਵਿੱਚ "ਸਮੀਕਰਣ" ਜਾਂ "ਲੋਪ" ਦੀ ਰੁਚੀ ਪ੍ਰਧਾਨ ਹੈ:-

| ਅਰਬੀ | | ਪੰਜਾਬੀ( ਗੁਰੂ ਅਮਰਦਾਸ ਦੀ ਬੋਲੀ) |
|---|---|---|
| ਅਮਾਨਤ | ( امانت ) | ਅਮਾਣ |
| ਮੁਨਕਿਰ | ( مُنکر ) | ਮੁਕਰ |
| ਕਿਯਾਮ | ( قیم ) | ਕੀਮ( ਕੀਮੁ) |

(8) ਫ਼ਾਰਸੀ-ਭਾਸ਼ਾ ਦਾ ਪ੍ਰਭਾਵ

ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ, ਪੰਜਾਬੀ ਬੋਲੀ ਦਾ ਸੰਬੰਧ ਅਰਬੀ ਨਾਲੋਂ ਫ਼ਾਰਸੀ-ਭਾਸ਼ਾ ਨਾਲ ਵਧੇਰੇ ਸੰਘਣਾ ਹੈ। ਵੱਖ ਵੱਖ ਭਾਸ਼ਾਵਾਂ ਦੇ ਪਰਿਵਾਰਾਂ ਦੀ ਦ੍ਰਿਸ਼ਟੀ ਤੋਂ ਭੀ "ਪ੍ਰਾਚੀਨ-ਫ਼ਾਰਸੀ" ਨੂੰ ਹਿੰਦ-ਆਰੀਆਈ-ਭਾਸ਼ਾ-ਪਰਿਵਾਰ ਨਾਲ ਜੋੜਿਆ ਜਾਂਦਾ ਹੈ। ਬੇਸ਼ੱਕ ਪ੍ਰਾਚੀਨ-ਫ਼ਾਰਸੀ( ਪਹਿਲਵੀ) ਅਤੇ ਆਧੁਨਿਕ-ਫ਼ਾਰਸੀ ਵਿੱਚ ਬਹੁਤ ਫ਼ਰਕ ਹੈ, ਫੇਰ ਭੀ ਸੰਸਕ੍ਰਿਤ ਅਤੇ ਫ਼ਾਰਸੀ ਦੇ ਕਈ ਸ਼ਬਦਾਂ ਦੀਆਂ ਧੁਨੀਆਂ ਵਿੱਚ ਸਮਾਨਤਾ ਦਸਦੀ ਹੈ, ਕਿ ਫ਼ਾਰਸੀ ਅਤੇ ਸੰਸਕ੍ਰਿਤ ਦਾ ਮੂਲ-ਸ੍ਰੋਤ ਕਦੇ ਸਾਂਝਾ ਸੀ। ਈਰਾਨ ਉੱਤੇ ਅਰਬਾਂ ਦੇ ਕਬਜ਼ੇ ਤੋਂ ਪਿੱਛੋਂ ਉੱਥੇ ਸੈਮਟਿਕ-ਸਭਿਆਚਾਰ ਦਾ ਵਿਕਾਸ ਹੋਇਆ, ਪਰ ਅਰਬਾਂ ਦੇ ਹਮਲਿਆਂ ਤੋਂ ਪਹਿਲਾਂ ਈਰਾਨ ਵਿੱਚ ਭੀ ਕਾਫ਼ੀ ਹੱਦ ਤਕ ਆਰੀਆ-ਸਭਿਆਚਾਰ ਦਾ ਬੋਲ-ਬਾਲਾ ਸੀ। ਜਿੱਥੋਂ ਤਕ ਪੰਜਾਬੀ ਬੋਲੀ ਉੱਤੇ ਫ਼ਾਰਸੀ ਦੇ ਪ੍ਰਭਾਵ ਦਾ ਸੰਬੰਧ ਹੈ, ਸਾਡੀ ਵਿਚਾਰ ਦਾ ਸਮਾਂ ਅਰਬੀ ਵਾਂਗ ਭਾਰਤ ਉੱਤੇ ਤੁਰਕਾਂ ਦੇ ਹਮਲਿਆਂ ਤੋਂ ਪਿੱਛੇ ਨਹੀਂ ਜਾਂਦਾ। ਤੁਰਕਾਂ ਦੇ ਹਮਲੇ ਗਿਆਰਵੀਂ ਸਦੀ ਦੇ ਮੁੱਢ ਵਿੱਚ ਆਰੰਭ ਹੋਏ ਅਤੇ ਤੁਰਕੀ-ਫ਼ੌਜੀਆਂ, ਹਾਕਮਾਂ ਅਤੇ ਬਾਅਦ ਵਿੱਚ ਸੂਫ਼ੀ-ਸੰਤਾਂ ਦੇ ਆਗਮਨ ਨਾਲ ਫ਼ਾਰਸੀ-ਬੋਲੀ ਅਤੇ ਫ਼ਾਰਸੀ-ਸਾਹਿਤ ਨਾਲ ਪੰਜਾਬ ਦੇ ਲੋਕਾਂ ਦੀ ਜਾਣ-ਪਛਾਣ ਹੋਈ। ਡਾ: ਮੋਹਨ ਸਿੰਘ ਅਨੁਸਾਰ[1] "ਗਿਆਰਵੀਂ ਤੋਂ ਪੰਦਰ੍ਹਵੀਂ ਸਦੀ ਤਕ ਸਾਡੇ ਪਾਸ ਪੁਰਾਤਨ ਪੰਜਾਬੀ ਹੈ, ਜਿਸ ਵਿੱਚ ਲਹਿੰਦੀ ਪ੍ਰਧਾਨ ਹੈ ਅਤੇ ਜਿਸ ਉੱਤੇ ਅਰਬੀ, ਤੁਰਕੀ ਅਤੇ ਫ਼ਾਰਸੀ ਦਾ ਜਾਨਦਾਰ-ਪ੍ਰਭਾਵ ਹੈ।" ਅਰਬੀ ਅਤੇ ਵਿਸ਼ੇਸ਼ ਕਰਕੇ ਫ਼ਾਰਸੀ ਦਾ ਪ੍ਰਭਾਵ ਗੁਰੂ ਨਾਨਕ ਦੀ ਬਾਣੀ

---

1. Dr. MohanSingh- History of Panjabi Literature-P.7

ਉੱਤੇ ਕਾਫ਼ੀ ਸੰਘਣਾ ਹੈ, ਪਰ ਗੁਰੂ ਅੰਗਦ ਅਤੇ ਗੁਰੂ ਅਮਰਦਾਸ ਰਾਹੀਂ ਘੱਟਦਾ ਘੱਟਦਾ ਗੁਰੂ ਅਰਜਨ ਅਤੇ ਅਖੀਰ ਗੁਰੂ ਤੇਗ਼ ਬਹਾਦਰ ਦੀ ਬਾਣੀ ਤਕ ਪਹੁੰਚ ਕੇ ਇਹ ਨਾਮ-ਮਾਤਰ ਰਹਿ ਜਾਂਦਾ ਹੈ।

ਗੁਰੂ ਨਾਨਕ ਦੇ ਟਾਕਰੇ ਵਿੱਚ ਪਿਛਲੇ ਗੁਰੂਆਂ ਦੀ ਬਾਣੀ ਉੱਤੇ ਅਰਬੀ-ਫ਼ਾਰਸੀ ਦੇ ਘਟਦੇ ਪ੍ਰਭਾਵ ਦੇ ਦੋ ਤਿੰਨ ਕਾਰਨ ਹਨ। ਸਭ ਤੋਂ ਵੱਡਾ ਕਾਰਨ ਇਹ ਹੈ, ਕਿ ਗੁਰੂ ਨਾਨਕ ਦਾ ਜਨਮ ਪੱਛਮੀ-ਪੰਜਾਬ ਦੇ ਉਸ ਇਲਾਕੇ ਵਿੱਚ ਹੋਇਆ, ਜਿੱਥੇ ਇਸਲਾਮੀ-ਸਭਿਆਚਾਰ ਦਾ ਬਹੁਤ ਜ਼ੋਰ ਸੀ । ਜਨਮ-ਸਾਖੀਆਂ ਵਿੱਚ ਗੁਰੂ ਨਾਨਕ ਬਾਰੇ ਮਸੀਤ ਵਿੱਚ ਜਾ ਕੇ ਮੁੱਲਾਂ ਪਾਸੋਂ ਪੜ੍ਹਨ ਦੀ ਸਾਖੀ ਭੀ ਹੈ। ਉਸਤੋਂ ਪਿੱਛੋਂ ਕਾਰ-ਵਿਹਾਰ ਦੇ ਸਿਲਸਿਲੇ ਵਿੱਚ ਭੀ ਤਲਵੰਡੀ(ਗੁਰੂ ਨਾਨਕ ਦੀ ਜਨਮ-ਭੂਮੀ) ਦੇ ਮੁਸਲਮਾਨ ਹਾਕਮ "ਰਾਏ ਬੁਲਾਰ" ਤੋਂ ਲੈ ਕੇ "ਸੁਲਤਾਨਪੁਰ"(ਜ਼ਿਲਾ ਕਪੂਰਥਲਾ) ਦੇ ਲੋਦੀ-ਪਠਾਨਾਂ ਤਕ ਗੁਰੂ ਨਾਨਕ ਦਾ ਵਾਹ ਅਰਬੀ-ਫ਼ਾਰਸੀ ਬੋਲਣ ਵਾਲੇ ਬੰਦਿਆਂ ਨਾਲ ਆਮ ਪੈਂਦਾ ਰਿਹਾ । ਵਿਸ਼ਾਲ ਦੇਸ਼-ਰਟਨ, ਵਿਸ਼ੇਸ਼ ਕਰਕੇ "ਮੱਕੇ ਦੀ ਉਦਾਸੀ"[1] ਸਮੇਂ ਕਈ ਇਸਲਾਮੀ-ਮੁਲਕਾਂ ਦੀ ਯਾਤਰਾ ਕਰਦਿਆਂ ਗੁਰੂ ਨਾਨਕ ਦਾ ਮੇਲ-ਜੋਲ ਇਸਲਾਮੀ-ਮੌਲਾਣਿਆਂ ਅਤੇ ਸੂਫ਼ੀ-ਫ਼ਕੀਰਾਂ ਨਾਲ ਭੀ ਜ਼ਰੂਰ ਹੋਇਆ ਹੋਵੇਗਾ । ਗੁਰੂ ਨਾਨਕ ਦੀ ਜੀਵਨ-ਯਾਤਰਾ ਨਾਲ ਸੰਬੰਧਤ ਕਈ ਮੁਸਲਮਾਨ-ਫ਼ਕੀਰਾਂ ਨਾਲ ਗੋਸ਼ਟੀਆਂ ਦਾ ਵਰਣਨ ਭੀ ਸਾਖੀਕਾਰਾਂ ਨੇ ਕੀਤਾ ਹੈ। ਪੰਜਾਬ ਦਾ ਸੂਫ਼ੀ-ਫ਼ਕੀਰ "ਸ਼ੇਖ਼ ਇਬ੍ਰਾਹੀਮ" ਅਤੇ ਬਗ਼ਦਾਦ ਦਾ ਸੂਫ਼ੀ ਸਾਈਂ-ਬਹਿਲੋਲ[2] ਅਜਿਹੇ ਮੁਸਲਮਾਨ ਫ਼ਕੀਰਾਂ ਵਿੱਚ ਗਿਣੇ ਜਾ ਸਕਦੇ ਹਨ। ਸੋ ਗੁਰੂ ਨਾਨਕ ਦੇਵ ਦੀ ਬੋਲੀ ਉੱਤੇ ਅਰਬੀ-ਫ਼ਾਰਸੀ ਦਾ ਪ੍ਰਭਾਵ ਪੈਣਾ ਕੁਦਰਤੀ ਸੀ । ਇਸਲਾਮੀ-ਸਭਿਆਚਾਰ ਅਤੇ ਅਧਿਆਤਮਿਕ-ਅਨੁਭਵ ਨਾਲ ਸੰਬੰਧਤ ਸ਼ਬਦਾਵਲੀ ਦਾ ਪ੍ਰਯੋਗ ਭੀ ਗੁਰੂ ਨਾਨਕ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਉ ਲਈ ਗੁਰੂ ਅਮਰਦਾਸ ਅਤੇ ਦੂਸਰੇ ਗੁਰੂਆਂ ਨਾਲੋਂ ਪਹਿਲਾਂ ਅਤੇ ਵਧੇਰੇ ਵਿਸਥਾਰ ਸਹਿਤ ਕਰਨਾ ਪਿਆ। ਇਸੇਲਈ ਗੁਰੂ ਨਾਨਕ ਦੀ ਬੋਲੀ ਵਿੱਚ ਅਰਬੀ-ਫ਼ਾਰਸੀ ਸ਼ਬਦਾਂ ਦੀ ਗਿਣਤੀ ਬਾਕੀ ਗੁਰੂ-ਕਵੀਆਂ(ਆਦਿ-ਗ੍ਰੰਥ ਨਾਲ ਸੰਬੰਧਤ) ਨਾਲੋਂ ਬਹੁਤੀ ਹੈ।

ਗੁਰੂ ਅਮਰਦਾਸ ਨੇ ਅਰਬੀ ਤੇ ਫ਼ਾਰਸੀ ਵਲੋਂ ਜਾਣ ਬੁੱਝ ਕੇ ਮੁਖ ਨਹੀਂ ਮੋੜਿਆ । ਬੋਲੀ ਦਾ ਸੰਬੰਧ ਮਾਂ ਦੇ ਦੁੱਧ ਨਾਲ ਹੈ ਤੇ ਜਾਂਇਹ ਕੰਮ-ਧੰਦੇ, ਪੜ੍ਹਾਈ-ਲਿਖਾਈ, ਦੇਸ਼-ਰਟਨ ਅਤੇ ਹੋਰ ਸਮਾਜਕ, ਰਾਜਨੀਤਕ ਅਤੇ ਮਨੋਵਿਗਿਆਨਕ ਪ੍ਰਸਥਿਤੀਆਂ ਨਾਲ । ਗੁਰੂ ਅਮਰਦਾਸ ਦੇ ਬਚਪਨ ਬਾਰੇ ਸਾਨੂੰ ਜਿਤਨਾ ਕੁ ਪਤਾ ਲੱਗਦਾ ਹੈ, ਉਹ ਮਸੀਤਾਂ ਵਿੱਚ ਪੜ੍ਹੇ ਨਹੀਂ ਜਾਪਦੇ । ਇਸਦੇ ਉਲਟ ਉਨ੍ਹਾਂ ਦੀ ਆਸਾ ਰਾਗ ਦੀ ਪੱਟੀ ਵਿੱਚ ਓਮ.ਨਮ:ਸਿੱਧਮ(ਸਿਧੰਙਾਇਐ) ਵਲ ਸੰਕੇਤ ਹੈ, ਜੋ ਸਿੱਧ-ਮਾਤ੍ਰਿਕਾ ਨਾਮੀ ਲਿੱਪੀ ਦਾ ਸੰਖੇਪ ਜਾਪਦਾ ਹੈ ਅਤੇ ਵੀਹ-ਵਿਸਵੇ ਉਹ ਕਿਸੇ ਪਾਂਧੇ ਪਾਸੋਂ ਕੁਝ ਸਮਾਂ ਪੜ੍ਹਦੇ ਰਹੇ ਜਾਪਦੇ ਹਨ। ਇਸਲਈ ਉਨ੍ਹਾਂ ਦਾ ਵਾਹ ਛੋਟੀ ਉਮਰ ਵਿੱਚ ਫ਼ਾਰਸੀ ਨਾਲ ਘੱਟ ਹੀ ਪਿਆ । ਦੇਸ਼-ਰਟਨ ਬਾਰੇ ਭੀ

---

1. ਵਿਸਥਾਰ ਲਈ ਵੇਖੋ: ਪੁਰਾਤਨ ਜਨਮ ਸਾਖੀ(ਗੁਰੂ ਨਾਨਕ ਦੇਵ)।

2. Refer Swami Anandacharya's "Snow Birds" or Sewaram Singh's book "The Divine Master", Pages 152-157

ਗੁਰੂ ਅਮਰਦਾਸ ਹਰਿਦੁਆਰ ਅਤੇ ਕੁਰਖੇਤਰ ਆਦਿਕ ਤੋਂ ਅੱਗੇ ਗਏ ਪ੍ਰਤੀਤ ਨਹੀਂ ਹੁੰਦੇ ਅਤੇ ਬਹੁਤਾ ਸਮਾਂ ਪੰਜਾਬ ਦੇ ਕੇਂਦਰੀ-ਇਲਾਕੇ(ਵਿਸ਼ੇਸ਼ ਕਰਕੇ ਅੰਮ੍ਰਿਤਸਰ ਦਾ ਜ਼ਿਲਾ) ਵਿੱਚ ਹੀ ਰਹੇ ਜਾਪਦੇ ਹਨ, ਸੋ ਉਨ੍ਹਾਂ ਦੀ ਬੋਲੀ ਆਪਣੇ ਸਮੇਂ ਦੀ ਸਥਾਨਕ-ਪੰਜਾਬੀ ਹੈ,,ਜਿਸ ਉਤੇ ਅਰਬੀ-ਫ਼ਾਰਸੀ ਦਾ ਪੇਤਲਾ ਪੇਤਲਾ ਹੀ ਪ੍ਰਭਾਵ ਹੈ । ਉਦਾਹਰਨ ਵਜੋਂ ਫ਼ਾਰਸੀ ਦੇ ਜਿਹੜੇ ਤਤਸਮ ਜਾਂ ਤਦੱਭਵ ਸ਼ਬਦ ਗੁਰੂ ਅਮਰਦਾਸ ਦੀ ਬੋਲੀ ਵਿੱਚ ਮਿਲਦੇ ਹਨ, ਉਹ ਕਿਸੇ ਉਚੇਚ ਨਾਲ ਅਪਣਾਏ ਹੋਏ ਨਹੀਂ ਜਾਪਦੇ, ਸਗੋਂ ਇੰਜ ਲੱਗਦਾ ਹੈ, ਜਿਵੇਂ ਉਹ ਗੁਰਦੇਵ ਦੇ ਸਮੇਂ ਪੰਜਾਬ ਦੇ ਜਨ-ਸਧਾਰਨ ਦੀ ਬੋਲੀ ਵਿੱਚ ਰਚਮਿਚ ਚੁੱਕੇ ਹੋਣ । ਉਨ੍ਹਾਂ ਵਿੱਚੋਂ ਬਹੁਤੇ ਸ਼ਬਦਾਂ ਦਾ ਪ੍ਰਯੋਗ ਫ਼ਰੀਦ ਅਤੇ ਗੁਰੂ ਨਾਨਕ ਆਦਿਕ ਕਵੀਆਂ ਦੀ ਬਾਣੀ ਵਿੱਚ ਗੁਰੂ ਅਮਰਦਾਸ ਤੋਂ ਪਹਿਲਾਂ ਹੀ ਹੋ ਚੁੱਕਾ ਸੀ ਅਤੇ ਜਿਹੜੇ ਡੇਢ ਦੋ ਦਰਜਨ ਸ਼ਬਦ ਗੁਰੂ ਅਮਰਦਾਸ ਦੀ ਬਾਣੀ ਦੁਆਰਾ ਪਹਿਲੀ ਵਾਰ ਭੀ ਪੰਜਾਬੀ ਵਿੱਚ ਆਏ ਪ੍ਰਤੀਤ ਹੁੰਦੇ ਹਨ, ਉਹ ਭੀ ਕੋਸ਼ਿਸ਼ ਦੀ ਥਾਂ ਸਹਿਜ-ਸੁਭਾ ਅਨੁਭਵ ਦਾ ਮਾਧਿਅਮ ਬਣੇ ਹਨ। ਗੁਰਦੇਵ ਦੀ ਬੋਲੀ ਦੀ ਵਿਸ਼ੇਸ਼ਤਾ ਇਹੋ ਹੈ, ਕਿ ਕੋਈ ਭੀ ਓਪਰਾ ਸ਼ਬਦ ਧੁੱਸ ਮਾਰ ਕੇ ਅੱਗੇ ਨਹੀਂ ਹੋਇਆ, ਸਗੋਂ ਜਿਵੇਂ ਹਿਰਨ ਚੁੰਗੀਆਂ ਭਰਦੇ ਹਨ, ਪੰਜਾਬੀ ਸ਼ਬਦਾਂ ਦੇ ਨਾਲ ਨਾਲ ਅਰਬੀ ਤੇ ਫ਼ਾਰਸੀ ਦਾ ਕੋਈ ਕੋਈ ਸ਼ਬਦ ਚੁੰਗੀਆਂ ਭਰਦਾ ਆਇਆ ਅਤੇ ਵਿਚਾਰ ਦਾ ਬਿੰਬ ਬਣ ਕੇ ਖਲੋ ਗਿਆ ਪ੍ਰਤੀਤ ਹੁੰਦਾ ਹੈ।

ਗੁਰੂ ਅਮਰਦਾਸ ਦੀ ਬਾਣੀ ਵਿੱਚ ਫ਼ਾਰਸੀ ਦੇ ਤਤਸਮ ਅਤੇ ਤਦਭਵ ਸ਼ਬਦਾਂ ਦਾ ਵੇਰਵਾ ਇਸ ਪਰਕਾਰ ਹੈ:-

(ੳ) ਤਤਸਮ-ਸ਼ਬਦ

ਅੰਦਰ, ਸਰ, ਸਹੀ, ਸਰਕਾਰ, ਸਿਆਹ, ਸੋਗ, ਕਿਰਮ, ਗੁਮਾਨ, ਜਹਾਨ, ਦਹ, ਤੂ, ਦਮ, ਦਰ, ਦਰਦ, ਦਰਬਾਰ, ਦਾਨਾ, ਦਾਰੂ, ਦਿਵਾਨਾ, ਦੂਰ, ਦੋਸਤੀ, ਦੋਰਾਹਾ, ਨਾ, ਨਿਹ, ਪਰ(ਪੰਖ), ਪਾਇ(ਪੈਰ), ਪਿਆਲਾ, ਬਹਾਨਾ, ਬਾਬਾ, ਬੀਨਾ, ਬੇਪਰਵਾਹ,ਮਾਹ, ਮਿਹਮਾਣ, ਰਵਾਣੀ, ਰਾਹ, ਰੰਗ, ਲਾਲ, ਲਾਲਾ, ਆਦਿਕ ।

(ਅ) ਤਦਭਵ-ਸ਼ਬਦ

ਅਸਮਾਨ, ਅਰਦਾਸ, ਅੰਦੇਸਾ, ਏਕਮ, ਸਹੁ ਸਜਾਇ, ਸਰਾਈ, ਸਾਹ, ਖਰਚ, ਖਾਕ, ਗਲਤਾਨ, ਗੁਦਰੈ, ਗੁਨਹ, ਗੁਨਹਗਾਰ, ਗਰਜ, ਚਾਰ, ਚਾਕਰੀ, ਚੁਗਲ, ਜਾਗਾਤੀ, ਜੰਦਾਰ, ਜੋਲਾਹਾ, ਤੋਸਾ, ਤਕੀਐ, ਦਰਗਹਿ, ਦਰਵੇਸ, ਦੀਵਾਨਿ, [illegible], ਦੁਸਮਨ, ਨਜੀਕ, ਨਿਵਾਜ਼ਾ, ਪਰਾਆ, ਪਾਤਿਸਾਹ, ਫਾਵੀ, ਫੁਰਮਾਣ, ਬਖਸ, ਬਖਸਿਅਨੁ, ਬਖੀਲੀ, ਬਦੀਆ, ਬਦਨਾਉ, ਬਨਵਾਰੀ, ਬਾਜਾਰਾ, ਬਾਜੀ, ਬਾਦਿਸਾਹ, ਬਾਬਾਣੀਆ, ਮਜੂਰੀ, ਮਾਸਾ, ਮਿਹਰਵਾਨ, ਰਾਸਿ, ਰਾਹੀਐ, ਵੇਗਾਰ, ਵੇਚਾਰਾ, ਵੇਪਰਵਾਹ, ਆਦਿਕ ।

ਉਪਰੋਕਤ ਤਤਸਮ ਅਤੇ ਤਦਭਵ ਸ਼ਬਦਾਂ ਵਿੱਚੋਂ ਸਹਾ, ਫਾਵੀ, ਸਹੁ, ਬਖੀਲੀ, ਰਾਹੀਐ, ਆਦਿਕ ਦਾ ਪ੍ਰਯੋਗ ਵਿਸ਼ੇਸ਼ ਧਿਆਨ ਦਾ ਪਾਤਰ ਹੈ। "ਸਹਾ"( [illegible] ) ਦਾ ਅਰਥ ਸਟੇਨਗਾਸ[1]ਦੇ ਕੋਸ਼ ਅਨੁਸਾਰ

---

1. Steingass- Persian English Dictionary, P.782

ਸੰਪੂਰਨਤਾ, ਨਿਪੁੰਨਤਾ ਜਾਂ ਯਕੀਨਨ ਤੌਰ ਤੇ ਹੈ। ਗੁਰੂ ਅਮਰਦਾਸ ਨੇ ਭੀ ਆਪਣੀ ਬਾਣੀ ਰਾਹੀਂ **ਇਸਦਾ** ਪ੍ਰਯੋਗ ਯਕੀਨਨ, ਨਿਸ਼ਚੇ ਦੀ ਪਕਿਆਈ ਜਾਂ ਸ਼ੰਕੇ ਦੀ ਅਣਹੋਂਦ ਨੂੰ ਦਰਸਾਉਣ ਲਈ ਹੀ ਕੀਤਾ ਹੈ। ਸ਼ਬਦਾਰਥ[1] ਦੇ ਸੰਪਾਦਕਾਂ ਨੇ ਭੀ ਹੇਠ ਲਿਖੀ ਤੁਕ ਵਿੱਚ "ਸਹੀ" ਦਾ ਅਰਥ "ਨਿਸ਼ਚਾ ਕਰਕੇ" ਜਾਂ "ਸੱਚ ਜਾਣਕੇ" ਹੀ ਕੀਤਾ ਹੈ, ਜਿਵੇਂ:-

ਜਿਨੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮ ਸਮਾਲੇ ।
(ਵਡਹੰਸ ਮ:3)[2]

ਵੇਖਣ ਵਾਲੀ ਗੱਲ ਇਹ ਹੈ, ਕਿ "ਸਹੀ" ਨਾਮੀ ਸ਼ਬਦ ਫ਼ਾਰਸੀ ਦਾ ਹੈ, ਪਰ ਪੰਜਾਬੀ ਵਿੱਚ ਇਹ ਇਸਤਰ੍ਹਾਂ ਰਚ-ਮਿਚ ਗਿਆ ਹੈ, ਜਿਵੇਂ ਇਸੇ ਭਾਸ਼ਾ ਦਾ ਸ਼ਬਦ ਹੋਵੇ ।

ਇਸੇਤਰ੍ਹਾਂ **ਫ਼ਰੀਦ**, ਗੁਰੂ ਨਾਨਕ ਅਤੇ ਗੁਰੂ ਅਮਰਦਾਸ ਆਦਿਕ ਪੰਜਾਬੀ ਕਵੀਆਂ ਦੀ ਬਾਣੀ ਵਿੱਚ "ਸਹੁ" ਸ਼ਬਦ ਦੇ ਪ੍ਰਯੋਗ ਬਾਰੇ ਆਖਿਆ ਜਾ ਸਕਦਾ ਹੈ। ਪੰਜਾਬੀ "ਸਹੁ" ਦਾ ਮੂਲ ਫ਼ਾਰਸੀ-ਭਾਸ਼ਾ ਦਾ ਸ਼ਬਦ "ਸ਼ੌ"( شو ) ਹੈ ਅਤੇ ਸਟੇਨਗਾਸ[3] ਦੇ ਕੋਸ਼ ਅਨੁਸਾਰ ਉਸਦਾ ਅਰਥ ਹੈ, ਪਤੀ ਜਾਂ ਸ਼ੌਹਰ । ਪੰਜਾਬੀ ਕਵੀਆਂ ਨੇ ਭੀ ਇਸਨੂੰ ਪਤੀ( ਰਹੱਸਵਾਦੀ-ਕਵੀਆਂ ਦਾ ਪਤੀ ਪ੍ਰਮਾਤਮਾ ਹੈ) ਦੇ ਅਰਥਾਂ ਵਿੱਚ ਇਤਨੇ ਨਿਰ-ਉਚੇਚ ਢੰਗ ਨਾਲ ਵਰਤਿਆ ਹੈ, ਜਿਵੇਂ ਇਹ ਸ਼ਬਦ ਭੀ ਪੰਜਾਬੀ ਦਾ ਜੱਦੀ ਸ਼ਬਦ ਹੋਵੇ, ਜਿਵੇਂ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ:-

ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮਾਲਿ ।
ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ ।
(ਵਾਰ ਸੂਹੀ ਕੀ ਮ:3)[4]

ਵੈਸੇ "ਫ਼ਾਵੀ" ਸ਼ਬਦ ਦੇ ਅਰਥਾਂ ਵਿੱਚ ਕੁਝ ਪਰਿਵਰਤਨ ਆ ਗਿਆ ਜਾਪਦਾ ਹੈ। ਭਾਈ ਕਾਹਨ ਸਿੰਘ[5] ਅਨੁਸਾਰ "ਫ਼ਾਵੀ" ਸ਼ਬਦ ਦਾ ਮੂਲ ਫ਼ਾਰਸੀ-ਭਾਸ਼ਾ ਦਾ ਸ਼ਬਦ "ਫ਼ਾਵਾ"( خوا ) ਹੈ ਅਤੇ ਭਾਈ ਕਾਹਨ ਸਿੰਘ ਤੇ ਸਟੇਨਗਾਸ[6] ਦੋਹਾਂ ਨੇ "ਫ਼ਾਵਾ" ਦਾ ਅਰਥ "ਮਾਨ-ਰਹਿਤ ਜਾਂ ਬੇਇਜ਼ਤ" ਹੀ ਦਰਸਾਇਆ ਹੈ। ਪਰ ਸ਼ਬਦਾਰਥ[7] ਦੇ ਸੰਪਾਦਕਾਂ ਨੇ ਫਾਵੀ ਦਾ ਭਾਵ "ਥੱਕ ਗਈ" ਬਿਆਨ ਕੀਤਾ ਹੈ। ਇਸ ਵਿੱਚ ਸ਼ੱਕ ਨਹੀਂ, ਕਿ ਆਮ ਬੋਲ-ਚਾਲ ਵਿੱਚ ਅੱਜ ਕੱਲ ਫ਼ਾਵੀ ਦਾ ਅਰਥ ਥੱਕ ਗਈ ਜਾਂ ਹਫ ਗਈ ਹੀ ਲਿਆ ਜਾਂਦਾ ਹੈ, ਪਰ ਗੁਰੂ ਅਮਰਦਾਸ ਦੀ ਹੇਠ ਲਿਖੀ ਤੁਕ ਵਿੱਚ "ਫਾਵੀ" ਦਾ ਅਰਥ ਥੱਕ ਗਈ ਤੋਂ ਵਧੇਰੇ ਕਰੁਣਾਮਈ-ਭਾਵ ਉਜਾਗਰ ਕਰਦਾ ਹੈ, ਜਿਵੇਂ:-

ਭਰਮਿ ਭੁਲਾਈ ਸਭੁ ਜਗੁ ਫਿਰੀ ਫਾਵੀ ਹੋਈ ਭਾਲਿ ।
(ਰਾਮਕਲੀ ਕੀ ਵਾਰ ਮ:3)[8]

ਜਿੱਥੋਂ ਤਕ "ਬਖੀਲੀ"[9] ਦੇ ਪ੍ਰਯੋਗ ਦਾ ਸੰਬੰਧ ਹੈ, ਭਾਈ ਕਾਹਨ ਸਿੰਘ ਨੇ ਇਸਦਾ ਮੂਲ (ਸ਼ਾਇਦ ਛਾਪੇ ਦੀ ਗ਼ਲਤੀ ਕਾਰਨ) ਅਰਬੀ ਦਾ ਸ਼ਬਦ "**ਬਖ਼ੀਲ**" ਦਰਸਾਇਆ ਹੈ, ਪਰ "ਬਖ਼ੀਲੀ"

---

1. ਸ਼ਬਦਾਰਥ( ਦੂਜੀ ਜਿਲਦ), ਪੰਨਾ 584 ।
2. ਆਦਿ-ਗ੍ਰੰਥ.............ਪੰਨਾ 584
3. ਸਟੇਨਗਾਸ....ਅੰਗ੍ਰੇਜ਼ੀ-ਫ਼ਾਰਸੀ-ਕੋਸ਼...ਪੰਨਾ 764
4. ਆਦਿ-ਗ੍ਰੰਥ.............ਪੰਨਾ 785
5. ਕਾਹਨ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 610
6. ਸਟੇਨਗਾਸ....ਅੰਗ੍ਰੇਜ਼ੀ-ਫ਼ਾਰਸੀ-ਕੋਸ਼, ਪੰਨਾ 905(905)
7. ਸ਼ਬਦਾਰਥ( ਤੀਜੀ ਜਿਲਦ).......ਪੰਨਾ 947
8. ਆਦਿ-ਗ੍ਰੰਥ.......................ਪੰਨਾ 947
9. ਕਾਹਨਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 622

ਨੂੰ ਉਹ ਫ਼ਾਰਸੀ ਦਾ ਸ਼ਬਦ ਦਸਦਾ ਹੈ, ਜੋ ਸਟੇਨਗਾਸ[1]ਦੇ ਕੋਸ਼ ਅਨੁਸਾਰ ਠੀਕ ਨਹੀਂ । ਸਟੇਨਗਾਸ ਅਨੁਸਾਰ "ਬਖ਼ੀਲ"( بخیل ) ਅਰਬੀ ਦੀ ਥਾਂ ਫ਼ਾਰਸੀ ਦਾ ਸ਼ਬਦ ਹੈ ਅਤੇ ਇਸਦਾ ਅਰਥ ਹੈ "ਕੰਜੂਸ" । ਪਰ ਜਿਵੇਂ ਸ਼ਬਦਾਰਥ ਦੇ ਸੰਪਾਦਕਾਂ ਨੇ ਦੱਸਿਆ ਹੈ, ਹੇਠ ਲਿਖੀ ਤੁਕ ਵਿੱਚ "ਬਖੀਲੀ" ਦਾ ਭਾਵ ਕੰਜੂਸੀ ਦੀ ਥਾਂ ਈਰਖਾ ਜਾਂ ਹਸਦ ਹੈ:-

ਮਨਮੁਖ ਤਿਨ ਕੀ ਬਖੀਲੀ ਕਿ ਕਰੇ ਜਿ ਸਚੈ ਸਬਦਿ ਸਵਾਰੇ ।
(ਵਾਰ ਸਾਰੰਗ ਮ:4 ਸ਼ਲੋਕ ਮ:3)[2]

ਸੋ ਬਖ਼ੀਲੀ ਦੇ ਅਰਥਾਂ ਵਿੱਚ ਭੀ ਪਰਿਵਰਤਨ ਆ ਚੁੱਕਾ ਜਾਪਦਾ ਹੈ। "ਰਾਹੀਐ" ਸ਼ਬਦ ਦੀ ਘਾੜਤ ਬੇਸ਼ਕ ਗੁਰੂ ਅਮਰਦਾਸ ਤੋਂ ਪਹਿਲਾਂ ਪੰਜਾਬੀਆਂ ਨੇ ਕਰ ਲਈ ਹੋਵੇਗੀ, ਪਰ ਖੇਤ ਨੂੰ ਰਾਹੁਣ ਲਈ ਇਸਦਾ ਪ੍ਰਯੋਗ ਸ਼ਾਇਦ ਫ਼ਾਰਸੀ ਦੇ ਸ਼ਬਦ "ਰਾਹ"( راه ) ਨੇ ਹੀ ਪਹਿਲੀ ਵਾਰ ਸੁਝਾਇਆ ਹੋਵੇ ।

ਅਰਬੀ ਵਾਂਗ ਫ਼ਾਰਸੀ ਸ਼ਬਦਾਂ ਨੂੰ ਭੀ ਗੁਰੂ ਅਮਰਦਾਸ ਨੇ ਵਿਸ਼ੇਸ਼ ਕਰਕੇ ਤਦਭਵ-ਰੂਪ ਵਿੱਚ ਹੀ ਅਪਣਾਇਆ ਹੈ। ਫ਼ਾਰਸੀ ਤੋਂ ਪੰਜਾਬੀ ਵਿੱਚ ਧੁਨੀ-ਪਰਿਵਰਤਨ ਦੀਆਂ ਪ੍ਰਧਾਨ ਰੁਚੀਆਂ , ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ ਇਸ ਪਰਕਾਰ ਸਿੱਧ ਹੁੰਦੀਆਂ ਹਨ:-

(ੳ) ਅਰਬੀ ਵਾਂਗ ਫ਼ਾਰਸੀ ਦੇ ع-ق-ط-ف-ض-ذ-ظ-ز-غ-خ-ش-س-ث-ص ਤੋਂ ਪੰਜਾਬੀ ਵਿੱਚ ਸ, ਖ, ਗ, ਜ, ਫ, ਤ, ਕ ਅਤੇ ਅ ਹੋ ਗਿਆ ਹੈ, ਜਿਵੇਂ:-

| ਫ਼ਾਰਸੀ | | ਪੰਜਾਬੀ( ਗੁਰੂ ਅਮਰਦਾਸ ਦੀ ਬੋਲੀ) |
|---|---|---|
| ਅੰਦੇਸ਼ਾ | ( اندیشه ) | ਅੰਦੇਸਾ |
| ਸਜ਼ਾ | ( سزا ) | ਸਜਾ, ਸਜਾਇ |
| ਖ਼ਰਚ | ( خرج ) | ਖਰਚ |
| ਖ਼ੁਸ਼ੀ | ( خوشی ) | ਖੁਸੀ |
| ਗ਼ਲਤਾਨ | ( غلطان ) | ਗਲਤਾਨ |
| ਗੁਰਜ਼ | ( گرز ) | ਗੁਰਜ |
| ਚੁਗ਼ਲ | ( چغل ) | ਚੁਗਲ |
| ਜ਼ਕਾਤ | ( زکات ) | ਜਕਾਤ( ਜਾਕਾਤ, ਜਾਕਾਤੀ) |
| ਤੋਸ਼ਾ | ( توشه ) | ਤੋਸਾ |
| ਦਰਵੇਸ਼ | ( درویش ) | ਦਰਵੇਸ |
| ਦੁਸ਼ਮਨ | ( دشمن ) | ਦੁਸਮਨ |
| ਨਿਵਾਜ਼ | ( نواز ) | ਨਿਵਾਜ( ਨਿਵਾਜਾ) |
| ਪਾਤਸ਼ਾਹ | ( بادشاه ) | ਪਾਤਸਾਹ( ਪਾਤਿਸਾਹ) |

---

1. Steingass- Persian-English Dictionary, P.160
2. ਆਦਿ-ਗ੍ਰੰਥ ਅਤੇ ਸ਼ਬਦਾਰਥ( ਚੌਥੀ ਜਿਲਦ)....ਪੰਨਾ 1249

| ਫ਼ਾਰਸੀ | | ਪੰਜਾਬੀ( ਗੁਰੂ ਅਮਰਦਾਸ ਦੀ ਬੋਲੀ ) |
|---|---|---|
| ਬਾਦਸ਼ਾਹ | ( بادشاه ) | ਬਾਦਸਾਹ( ਬਾਦਿਸਾਹ) |
| ਬਖ਼ਸ਼ | ( بخشش ) | ਬਖਸ |
| ਬਾਜ਼ਾਰ | ( بازار ) | ਬਾਜਾਰ |
| ਮਾਸ਼ਾ | ( ماشه ) | ਮਾਸਾ |

(ਅ) ਅਰਬੀ ਵਾਂਗ ਫ਼ਾਰਸੀ "ਜ਼" ਤੋਂ ਪੰਜਾਬੀ "ਦ"

| | | |
|---|---|---|
| ਗੁਜ਼ਰਦ | ( گزرد ) | ਗੁਦਰੈ |

(ੲ) ਫ਼ਾਰਸੀ "ਬ" ਤੋਂ ਪੰਜਾਬੀ "ਵ"

| | | |
|---|---|---|
| ਮਿਹਰਬਾਨ | ( مهربان ) | ਮਿਹਰਵਾਨ |
| ਬੇਗਾਰ | ( بیگار ) | ਵੇਗਾਰ |
| ਬੇਚਾਰਾ | ( بیچاره ) | ਵੇਚਾਰਾ |
| ਬੇਪਰਵਾਹ | ( بےپرواه ) | ਵੇਪਰਵਾਹ |

(ਸ) ਅਰਬੀ ਵਾਂਗ ਹੀ ਫ਼ਾਰਸੀ ਅੰਤ "ਮ" ਤੋਂ ਪੰਜਾਬੀ ਅੰਤ "ਉ"

| | | |
|---|---|---|
| ਬਦਨਾਮ | ( بدنام ) | ਬਦਨਾਉ |

( ਪੰਜਾਬੀ ਵਿੱਚ ਉਕਾਰ-ਅੰਤ ਰੁਚੀ ਹੋਣ ਕਰਕੇ ਹੀ ਸ਼ਾਇਦ ਫ਼ਾਰਸੀ "ਪਾਇ" ਤੋਂ ਗੁਰੂ ਅਮਰਦਾਸ ਦੀ ਬੋਲੀ ਵਿੱਚ "ਪਾਉ"( ਪੈਰ) ਹੋ ਗਿਆ ਹੈ । )

(ਹ) ਫ਼ਾਰਸੀ "ਲ" ਤੋਂ ਪੰਜਾਬੀ "ਰ"

| | | |
|---|---|---|
| ਜੰਦਾਲ | ( جندال ) | ਜੰਦਾਰ( ਜੰਦਾਰੁ) |

(ਕ) ਫ਼ਾਰਸੀ ਸ਼ਬਦਾਂ ਦੇ ਅੰਤ ਵਾਧੂ ਸੁਰ ਜਾਂ ਮਾਤ੍ਰਾਂ ਜੋੜਨਾ

| | | |
|---|---|---|
| ਸਜ਼ਾ | ( سزا ) | ਸਜਾਇ |
| ਜੋਲਾਹ | ( جولاہ ) | ਜੋਲਾਹਾ( ਜੁਲਾਹਾ) |

(ਖ) ਸਮੀਕਰਣ ਅਤੇ ਲੋਪ ਦੀਆਂ ਰੁਚੀਆਂ

| | | |
|---|---|---|
| ਰਾਸਤ | ( راست ) | ਰਾਸ |
| ਅਰਜ਼ਦਾਸ਼ਤ | ( عرضداست ) | ਅਰਦਾਸ |
| ਆਸਮਾਨ | ( آسمان ) | ਅਸਮਾਨ |
| ਗੁਨਾਹ | ( گناه ) | ਗੁਨਹ |
| ਗੁਨਾਹਗਾਰ | ( گنہگار ) | ਗੁਨਹਗਾਰ |
| ਦਰਗਾਹ | ( درگاه ) | ਦਰਗਹ |

| ਫ਼ਾਰਸੀ | | ਪੰਜਾਬੀ( ਗੁਰੂ ਅਮਰਦਾਸ ਦੀ ਬੋਲੀ) |
|---|---|---|
| ਚਹਾਰ | ( چهار ) | ਚਾਰ |
| ਨਜ਼ਦੀਕ | ( نزدیک ) | ਨਜੀਕ |
| ਮਜ਼ਦੂਰੀ | ( مزدوری ) | ਮਜੂਰੀ |
| ਬਖ਼ਸ਼ੀਦਨ | ( بخشیدن ) | ਬਖਸਿਅਨੁ |

( ਗ) ਪੰਜਾਬੀ ਵਿਆਕਰਣ ਅਨੁਸਾਰ ਲਿੰਗ, ਵਚਨ ਆਦਿਕ ਦੀ ਤਬਦੀਲੀ

| | | |
|---|---|---|
| ਚਾਕਰ | ( چاکر ) | ਚਾਕਰੀ |
| ਬਖ਼ੀਲ | ( بخیل ) | ਬਖੀਲੀ |
| ਪਰੀ | ( پری ) | ਪਰੀਆ |
| ਬਦੀ | ( بدی ) | ਬਦੀਆਂ |

ਜਿਵੇਂ ਅਰਬੀ ਅਤੇ ਸੰਸਕ੍ਰਿਤ ਦੇ ਮੇਲ ਨਾਲ ਬਣੇ ਸ਼ਬਦਾਂ ਬਾਰੇ ਪਿੱਛੇ ਸੰਕੇਤ ਕੀਤਾ ਸੀ, ਇਸੇਤਰ੍ਹਾਂ ਇੱਥੇ ਫ਼ਾਰਸੀ ਅਤੇ ਸੰਸਕ੍ਰਿਤ ਦੇ ਮੇਲ ਨਾਲ ਬਣੇ ਕੁਝ ਸ਼ਬਦਾਂ( ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ) ਵਲ ਇਸ਼ਾਰਾ ਕਰਨਾ ਭੀ ਸ਼ਾਇਦ ਦਿਲਚਸਪੀ ਦਾ ਮੂਜਬ ਬਣੇ । ਗੁਰੂ ਅਮਰਦਾਸ ਦੀ ਬਾਣੀ ਵਿੱਚ ਜਮ-ਜਾਗਾਤੀ ਅਤੇ ਨਿਹਚਲ ਆਦਿਕ ਸ਼ਬਦਾਂ ਦਾ ਪ੍ਰਯੋਗ ਮਿਲਦਾ ਹੈ, ਜੋ ਸੰਸਕ੍ਰਿਤ ਅਤੇ ਫ਼ਾਰਸੀ ਦੇ ਮੇਲ ਦੁਆਰਾ ਇਸ ਪਰਕਾਰ ਬਣੇ ਪ੍ਰਤੀਤ ਹੁੰਦੇ ਹਨ:-

( ੳ) ਜਮ-ਜਾਗਾਤੀ = ਯਮ( ਸੰਸਕ੍ਰਿਤ) + ਜ਼ਕਾਤ( ਫ਼ਾਰਸੀ)
( ਅ) ਨਿਹਚਲ = ਨਿਹ( ਫ਼ਾਰਸੀ) + ਚਲ( ਸੰਸਕ੍ਰਿਤ)

ਇਕ ਦੋ ਥਾਂ ਧੁਨੀ-ਪਰਿਵਰਤਨ ਸਹਿਜ-ਸੁਭਾ "ਥਾਂ-ਬਦਲੀ" ਦੀ ਰੁਚੀ ਨੇ ਪੈਦਾ ਕੀਤਾ ਹੈ, ਜਿਵੇਂ ਫ਼ਾਰਸੀ ਦਾ ਸ਼ਬਦ "ਫ਼ਰਮਾਨ" ਗੁਰੂ ਅਮਰਦਾਸ ਅਤੇ ਕਈ ਹੋਰ ਮਧਕਾਲੀਨ ਕਵੀਆਂ ਦੀ ਬਾਣੀ ਵਿੱਚ "ਫੁਰਮਾਣ" ਬਣ ਗਿਆ ਹੈ।

ਪੰਜਾਬੀ ਬੋਲੀ ਦੇ ਅਪਭ੍ਰੰਸ਼ੀ-ਸੁਭਾ ਕਾਰਨ ਇਸ ਵਿੱਚ "ਨ" ਦੀ ਥਾਂ "ਣ" ਦਾ ਪ੍ਰਯੋਗ ਬਹੁਤਾ ਹੈ। ਸੰਸਕ੍ਰਿਤ ਤੋਂ ਪੰਜਾਬੀ ਵਿੱਚ ਬਦਲਣ ਸਮੇਂ ਇਹ ਰੁਚੀ ਆਮ ਵਿਖਾਈ ਦਿੰਦੀ ਹੈ, ਪਰ ਅਰਬੀ ਤੇ ਫ਼ਾਰਸੀ ਤੋਂ ਪੰਜਾਬੀ ਵਿੱਚ ਆਉਣ ਸਮੇਂ ਭੀ ਇਹ ਝੁਕਾਉ ਘੱਟ ਨਹੀਂ, ਜਿਵੇਂ:-

| | | |
|---|---|---|
| ਮਿਹਮਾਨ | ( مهمان ) | ਮਿਹਮਾਣ( ਮਿਹਮਾਣੁ) |
| ਰਵਾਨੀ | ( روانی ) | ਰਵਾਣੀ |
| ਫ਼ਰਮਾਨ | ( فرمان ) | ਫੁਰਮਾਣ |
| ਕੁਰਬਾਨ | ( قربان ) | ਕੁਰਬਾਣ |

ਅਖੀਰ ਤੇ ਧੁਨੀ-ਪਰਿਵਰਤਨ ਦੀ ਇਕ ਹੋਰ ਰੁਚੀ( ਜਾਂ ਮਜਬੂਰੀ) ਵਲ ਸੰਕੇਤ ਕਰਨਾ ਭੀ ਅਯੋਗ ਨਹੀਂ ਹੋਵੇਗਾ । ਕਵਿਤਾ ਵਿੱਚ ਤੋਲ ਅਤੇ ਤੁਕਾਂਤ ਦੀ ਇਕਸਾਰਤਾ ਕਾਇਮ ਰੱਖਣ ਲਈ ਭੀ ਕਵੀਆਂ ਨੂੰ ਕਈ ਵਾਰ ਸ਼ਬਦਾਂ ਦਾ ਰੂਪ ਬਦਲਣਾ ਪੈਂਦਾ ਹੈ, ਜਿਵੇਂ ਹੇਠ ਲਿਖੀਆਂ ਤੁਕਾਂ ਵਿੱਚ ਗੁਬਾਰ,

ਬਾਦਸ਼ਾਹ, ਜਹਾਨ, ਬਾਜ਼ਾਰ, ਬੇਚਾਰਾ, ਬੇਪਰਵਾਹ, ਸਰਾਇ, ਦੀਵਾਨ, ਮਿਕਦਾਰ, ਆਦਿਕ ਦਾ ਰੂਪ ਗੁਬਾਰਾ, ਬਾਦਿਸਾਹਾ, ਜਹਾਨੈ, ਬਾਜਾਰਾ, ਵੇਚਾਰੀਆ, ਵੇਪਰਵਾਹਾ, ਸਰਾਈ, ਦਿਵਾਨ ਅਤੇ ਮਿਕਦਾਰਾ, ਆਦਿਕ ਵਿੱਚ ਬਦਲਣਾ ਪਿਆ ਹੈ, ਜਿਵੇਂ:-

(ੳ) ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ।
(ਸੋਰਠ ਮ:3)[1]

(ਅ) ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ।
(ਸੋਰਠ ਮ:3)[1]

(ੲ) ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ ।
(ਸੋਰਠ ਕੀ ਵਾਰ ਮ:4 ਸ਼ਲੋਕ ਮ:3)[2]

(ਸ) ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟਪਟਣ ਬਾਜਾਰਾ ।
(ਸੂਹੀ ਮਹਲਾ 3)[3]

(ਹ) ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ।
(ਰਾਮਕਲੀ ਮ:3 ਅਨੰਦੁ)[4]

(ਕ) ਹੁਕਮੇ ਮੰਨੇ ਹੁਕਮੇ ਵਡਿਆਈ ਹੁਕਮੇ ਵੇਪਰਵਾਹਾ ਹੇ ।
(ਮਾਰੂ ਮ:3)[5]

(ਖ) ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ ।
(ਰਾਮਕਲੀ ਕੀ ਵਾਰ ਮ:3)[6]

(ਗ) ਬਿਨ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ।
(ਸਿਰੀ ਰਾਗੁ ਮ:3)[7]

(ਘ) ਦੇਹੀ ਕਾਚੀ ਕਾਗਦ ਮਿਕਦਾਰਾ ।......(ਮਾਰੂ ਮ:3)[8]

## (9) ਬ੍ਰਜੀ, ਹਿੰਦੀ, ਉਰਦੂ ਅਤੇ ਸੰਤ-ਭਾਖਾ, ਆਦਿਕ ਬਾਰੇ

ਸਿੱਖ-ਗੁਰੂਆਂ ਦੀ ਬੋਲੀ ਬਾਰੇ ਭਾਰਤੀ ਵਿਦਵਾਨਾਂ ਵਿੱਚ ਬਹੁਤ ਮਤ-ਭੇਦ ਹੈ। ਡਾ:ਪੀਤਾਂਬਰ ਦੱਤ ਬੜਥਵਾਲ[9] ਅਤੇ ਰਾਮ ਚੰਦ੍ਰ ਸੁਕਲ[10] ਆਦਿਕ ਹਿੰਦੀ ਸਾਹਿਤ ਦੇ ਇਤਿਹਾਸਕਾਰਾਂ ਨੇ ਸਿੱਖ-ਗੁਰੂਆਂ ਦੀ ਬੋਲੀ ਨੂੰ ਬ੍ਰਜੀ ਜਾਂ ਹਿੰਦੀ ਆਖਣ ਦੀ ਗ਼ਲਤੀ ਕੀਤੀ ਹੈ। ਡਾ:ਸੁਨੀਤੀ ਕੁਮਾਰ ਚੈਟਰਜੀ[11] ਨੇ ਬੇਸ਼ੱਕ

---

1. ਆਦਿ-ਗ੍ਰੰਥ..........ਪੰਨਾ 600
2. ਆਦਿ-ਗ੍ਰੰਥ..........ਪੰਨਾ 647
3. ਆਦਿ-ਗ੍ਰੰਥ..........ਪੰਨਾ 754
4. ਆਦਿ-ਗ੍ਰੰਥ..........ਪੰਨਾ 917
5. ਆਦਿ-ਗ੍ਰੰਥ..........ਪੰਨਾ 1054
6. ਆਦਿ-ਗ੍ਰੰਥ..........ਪੰਨਾ 947
7. ਆਦਿ-ਗ੍ਰੰਥ..........ਪੰਨਾ 39
8. ਆਦਿ-ਗ੍ਰੰਥ..........ਪੰਨਾ 1048
9. ਡਾ:ਪੀਤਾਂਬਰ ਦੱਤ ਬੜਥਵਾਲ- ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ, ਪੰਨਾ 279
10. ਰਾਮ ਚੰਦ੍ਰ ਸੁਕਲ- ਹਿੰਦੀ ਸਾਹਿਤਯ ਕਾ ਇਤਿਹਾਸ, ਪੰਨਾ 77
11. ਡਾ:ਸੁਨੀਤੀ ਕੁਮਾਰ ਚੈਟਰਜੀ- ਇੰਡੋ-ਏਰੀਅਨ ਐਂਡ ਹਿੰਦੀ (ਅੰਗ੍ਰੇਜ਼ੀ), ਪੰਨਾ 183 ਅਤੇ 176-77

ਸਿੱਖ-ਗੁਰੂਆਂ ਦੀ ਬੋਲੀ ਨੂੰ ਬ੍ਰਜੀ ਆਖਣ ਤੋਂ ਸੰਕੋਚ ਕੀਤਾ ਹੈ, ਪਰ ਹਿੰਦੀ ਜਾਂ ਹਿੰਦੁਸਤਾਨੀ ਤੋਂ ਪ੍ਰਭਾਵਤ ਹੋਈ ਆਖ ਕੇ ਨਵਾਂ ਭੁਲੇਖਾ ਪਾ ਦਿੱਤਾ ਹੈ। ਉਸੇ ਪੈਰ੍ਹੇ ਵਿੱਚ ਚੈਟਰਜੀ ਨੇ ਅੱਗੇ ਚੱਲ ਕੇ ਪੰਜਾਬੀ ਗੁਰੂਆਂ ਦੀ ਬੋਲੀ ਨੂੰ ਪੰਜਾਬੀ-ਹਿੰਦੁਸਤਾਨੀ-ਬ੍ਰਜੀ ਤਿੰਨਾਂ ਦਾ ਮਿਲਗੋਭਾ ਦਰਸਾਇਆ ਹੈ। ਪਰ ਇਸਦੇ ਨਾਲ ਹੀ ਵਿਦਵਾਨ ਲੇਖਕ ਇਕ ਥਾਂ ਲਿਖਦਾ ਹੈ, ਕਿ "ਤੇਰ੍ਹਵੀਂ-ਚੌਦਵੀਂ ਸਦੀ ਤਕ ਸਾਡੇ ਪਾਸ ਅਜੇ ਹਿੰਦੀ ਜਾਂ ਹਿੰਦੁਸਤਾਨੀ ਨਹੀਂ ਸੀ ਆਈ।" ਯਾਦ ਰਹੇ, ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੋਹਾਂ ਦਾ ਜਨਮ 1526 ਬਿਕ੍ਰਮੀ( 1469 ਈਸਵੀ) ਵਿੱਚ ਹੋਇਆ ਅਤੇ ਪੰਦਰ੍ਹਵੀਂ ਸਦੀ ਦੇ ਅੰਤ ਤਕ ਉਹ ਭਰ-ਜੁਆਨੀ ਵਿੱਚ ਸਨ । ਦੂਜੇ ਸ਼ਬਦਾਂ ਵਿੱਚ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੋਵੇਂ ਪੰਦਰ੍ਹਵਾਂ ਸਦੀ ਦੇ ਮੁੱਕਣ ਤੋਂ ਪਹਿਲਾਂ ਪੰਜਾਬ ਦੀ ਬੋਲੀ ਵਿੱਚ ਪੂਰੀ ਤਰ੍ਹਾਂ ਪਰਪੱਕ ਹੋ ਚੁੱਕੇ ਹਨ। ਸੋ ਗੁਰੂ ਅਮਰਦਾਸ ਅਤੇ ਗੁਰੂ ਨਾਨਕ ਆਦਿਕ ਗੁਰੂਆਂ ਦੀ ਬੋਲੀ ਨਾ ਬ੍ਰਜੀ ਹੈ ਅਤੇ ਨਾ ਹੀ ਹਿੰਦੀ। ਵੈਸੇ ਜੇ ਕਿਤੇ ਕੋਈ ਸ਼ਬਦ ਡਿੰਗਲ, ਰਾਜਸਥਾਨੀ ਜਾਂ ਬ੍ਰਜੀ ਦਾ ਆ ਜਾਵੇ ਤਾਂ ਇਸ ਨਾਲ ਬੋਲੀ ਦਾ ਪ੍ਰਧਾਨ-ਰੂਪ ਨਹੀਂ ਬਦਲ ਜਾਂਦਾ । ਇਹ ਗੱਲ ਪਿੱਛੇ ਦੱਸੀ ਜਾ ਚੁੱਕੀ ਹੈ, ਕਿ ਪੰਜਾਬੀ ਅਤੇ ਹਿੰਦੀ ਆਦਿਕ ਬੋਲੀਆਂ ਦਾ ਨਿਕਾਸ ਸ਼ੌਰਸੇਣੀ ਅਪਭ੍ਰੰਸ਼ ਜਾਂ ਡਾ: ਤਾਰਾਰੇ ਕਥਿਤ "ਪੱਛਮੀ-ਅਪਭ੍ਰੰਸ਼ ਵਿੱਚੋਂ ਹੋਇਆ । ਮਹਾਂ-ਰਾਸ਼ਟ੍ਰੀ ਨਾਲ ਭੀ ਸ਼ੌਰਸੇਣੀ ਦੀ ਸਾਂਝ ਬਾਰੇ ਸੰਕੇਤ ਕੀਤਾ ਜਾ ਚੁੱਕਾ ਹੈ। ਸੋ ਇਕ ਦੋ ਸ਼ਬਦ ਮਰਾਠੀ ਜਾਂ ਉਂਗਲਾਂ ਤੇ ਗਿਣੇ ਜਾ ਸਕਣ ਵਾਲੇ ਡਿੰਗਲ, ਰਾਜਸਥਾਨੀ ਜਾਂ ਬ੍ਰਜੀ ਆਦਿਕ ਦੇ [illegible] ਵੇਖ ਕੇ ਇਹੋ ਆਖਣਾ ਚਾਹੀਦਾ ਹੈ, ਕਿ ਸਮੇਤ ਪੰਜਾਬੀ ਦੇ ਇਨ੍ਹਾਂ ਸਭ ਬੋਲੀਆਂ ਦਾ ਸੋਮਾ ਸ਼ੌਰਸੇਣੀ ਹੈ ਅਤੇ ਸ਼ੌਰਸੇਣੀ ਨਾਲ ਸਭ ਦਾ ਸੰਬੰਧ ਹੋਣ ਕਰਕੇ ਗਿਣਤੀ ਦੇ ਸ਼ਬਦਾਂ ਦਾ ਆਪੋ ਵਿੱਚ ਰਲ-ਮਿਲ ਜਾਣਾ ਅਸੁਭਾਵਕ ਨਹੀਂ ।

ਜਿੱਥੋਂ ਤਕ ਉਰਦੂ ਦਾ ਸੰਬੰਧ ਹੈ, ਇਸਦਾ ਜਨਮ ਪੰਜਾਬੀ ਤੋਂ ਬਹੁਤ ਚਿਰ ਪਿੱਛੋਂ ਜਾ ਕੇ ਹੋਇਆ ਅਤੇ ਪ੍ਰਾਚੀਨ ਪੰਜਾਬੀ ਉੱਤੇ ਉਸਦਾ ਅਸਰ ਹੋਣ ਦੀ ਥਾਂ ਇਹ ਆਖਣਾ ਵਧੇਰੇ ਠੀਕ ਹੈ, ਕਿ ਪੰਜਾਬੀ ਬੋਲੀ ਨੇ ਉਰਦੂ ਨੂੰ ਉਸਦੇ ਮੁਢਲੇ ਸਾਲਾਂ ਵਿੱਚ ਬਹੁਤ ਪ੍ਰਭਾਵਤ ਕੀਤਾ । ਸੋ ਗੁਰੂ ਅਮਰਦਾਸ ਦੀ ਬੋਲੀ ਵਿੱਚ ਕਾ, ਕੇ, ਕੀ, ਕੋ( ਕਉ), ਜਹ( ਉਰਦੂ "ਜਹਾਂ"), ਤਹ( ਉਰਦੂ-ਹਿੰਦੀ "ਤਹਾਂ"), ਕਹਾਂ, ਕੀਆ, ਕੀਏ, ਜਬ, ਕਬ, ਤਬ, ਜਬਲਗ, ਕਿਉਂਕਰ( ਕਿਉਂਕਰਿ), ਅੰਦਰਿ, ਬਾਹਰਿ, ਹਮ, ਤੁਮ, ਹਮਾਰਾ, ਆਦਿਕ ਦਾ ਪ੍ਰਯੋਗ ਵੇਖ ਕੇ ਇਹ ਨਹੀਂ ਸਮਝਣਾ ਚਾਹੀਦਾ, ਕਿ ਸੰਬੰਧਤ ਸ਼ਬਦ ਉਰਦੂ ਜਾਂ ਹਿੰਦੀ ਵਿੱਚੋਂ ਆਏ ਹਨ। ਸਗੋਂ ਇਹੋ ਜਿਹੇ ਸਾਰੇ ਸ਼ਬਦ ਪ੍ਰਾਚੀਨ-ਪੰਜਾਬੀ ਦਾ ਭਾਗ ਹਨ । ਵੱਧ ਤੋਂ ਵੱਧ ਇਹੋ ਆਖਿਆ ਜਾ ਸਕਦਾ ਹੈ, ਕਿ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਪ੍ਰਚਲਤ ਇਹੋ ਜਿਹੇ ਸ਼ਬਦਾਂ ਦਾ ਸੋਮਾ ਇੱਕੋ ਹੈ । ਪ੍ਰਾਚੀਨ-ਪੰਜਾਬੀ ਅਤੇ ਆਧੁਨਿਕ ਹਿੰਦੀ-ਉਰਦੂ ਵਿੱਚ ਪ੍ਰਚਲਤ "ਕਾ" ਅਤੇ "ਕੀ"( ਜਿਨ੍ਹਾਂ ਦੀ ਥਾਂ ਆਧੁਨਿਕ ਪੰਜਾਬੀ ਵਿੱਚ "ਦਾ" ਅਤੇ "ਦੀ" ਪ੍ਰਚਲਤ ਹੈ) ਦੇ ਨਿਕਾਸ ਬਾਰੇ ਪ੍ਰੋ: ਪ੍ਰੇਮਪ੍ਰਕਾਸ਼ ਸਿੰਘ[1] ਦਾ ਵਿਚਾਰ ਹੈ, ਕਿ ਇਨ੍ਹਾਂ ਦਾ ਵਿਕਾਸ ਲਹਿੰਦੀ( ਪੰਜਾਬੀ ਦੀ

---

1. ਪ੍ਰੇਮਪ੍ਰਕਾਸ਼ ਸਿੰਘ- ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪੰਨਾ 375

ਇਕ ਉਪਭਾਖਾ) ਦੇ "ਕੂੰ" ਤੋਂ ਹੋਇਆ ਜਾਪਦਾ ਹੈ। ਪ੍ਰਾਚੀਨ-ਪੰਜਾਬੀ(ਸਮੇਤ ਗੁਰੂ ਅਮਰਦਾਸ ਦੀ ਬੋਲੀ) ਵਿੱਚ ਕਾ, ਕੇ, ਕੀ, ਆਦਿਕ ਬਹੁਤ ਪ੍ਰਚਲਤ ਸਨ ।

ਜਿੱਥੋਂ ਤਕ ਸੰਤ-ਭਾਖਾ ਦਾ ਸੰਬੰਧ ਹੈ, ਇਹ ਕੋਈ ਵਿਸ਼ੇਸ਼ ਬੋਲੀ ਨਹੀਂ, ਕਿਉਂਕਿ ਅਪਭ੍ਰੰਸ਼ਾਂ ਵਿੱਚੋਂ ਆਧੁਨਿਕ ਭਾਰਤੀ ਬੋਲੀਆਂ ਦਾ ਵਿਕਾਸ ਦਰਸਾਉਣ ਸਮੇਂ ਪ੍ਰਸਿਧ ਭਾਸ਼ਾ-ਵਿਗਿਆਨੀਆਂ(ਗ੍ਰੀਅਰਸਨ, ਚੈਟਰਜੀ, ਤਾਗਰੇ, ਆਦਿਕ) ਵਿੱਚੋਂ ਕਿਸੇ ਨੇ ਭੀ ਇਸ ਵਲ ਸੰਕੇਤ ਨਹੀਂ ਕੀਤਾ । ਹਿੰਦੀ ਸਾਹਿਤ ਦੇ ਇਤਿਹਾਸਕਾਰ ਰਾਮਚੰਦ੍ਰ ਸ਼ੁਕਲ[1]ਨੇ ਨਾਮਦੇਵ ਦੀ ਨਿਰਗੁਣਧਾਰਾ ਦੀ ਕਵਿਤਾ ਨੂੰ "ਸਧੂਕੜੀ" ਜਾਂ ਸੰਤ-ਭਾਸ਼ਾ ਦਾ ਨਾਮ ਜ਼ਰੂਰ ਦਿੱਤਾ ਹੈ। ਪਰ ਇਹੋ ਇਤਿਹਾਸਕਾਰ ਨਾਮਦੇਵ ਰਚਿਤ ਸਰਗੁਣਧਾਰਾ ਦੀ ਕਵਿਤਾ ਨੂੰ ਬ੍ਰਜੀ ਜਾਂ ਪਰੰਪਰਾਗਤ-ਹਿੰਦੀ ਦੀ ਕਾਵਯ-ਭਾਸ਼ਾ ਆਖਦਾ ਹੈ। ਡਾ:ਬੜਥਵਾਲ[2]ਨੇ ਭੀ ਆਦਿ-ਗ੍ਰੰਥ ਵਿੱਚ ਸ਼ਾਮਿਲ ਨਾਮਦੇਵ ਦੀ ਬਾਣੀ ਨੂੰ ਹਿੰਦੀ-ਕਵਿਤਾ ਦਾ ਨਾਮ ਦਿੱਤਾ ਹੈ, ਬੇਸ਼ਕ ਕਈਆਂ ਨੂੰ ਉਸ ਵਿੱਚ ਮਰਾਠੀ ਅਤੇ ਕਈਆਂ ਨੂੰ ਪੰਜਾਬੀ ਦੀਆਂ ਨਿਸ਼ਾਨੀਆਂ ਭੀ ਮਿਲਦੀਆਂ ਹਨ।

ਡਾ:ਸੁਰਿੰਦਰ ਸਿੰਘ ਕੋਹਲੀ[3]ਨੇ ਸੰਤ-ਭਾਖਾ ਦੇ ਨਿਕਾਸ ਤੇ ਵਿਕਾਸ ਬਾਰੇ ਕੁਝ ਵਿਦਵਤਾ-ਭਰਪੂਰ ਵਿਚਾਰ ਪੇਸ਼ ਕੀਤੇ ਹਨ। ਵਿਦਵਾਨ ਲੇਖਕ ਦੇ ਕਥਨ ਅਨੁਸਾਰ ਸੰਤ-ਭਾਖਾ ਦਾ ਜਨਮ ਸ਼ੌਰਸੇਨੀ-ਅਪਭ੍ਰੰਸ਼ ਦੁਆਰਾ ਹੋਇਆ ਅਤੇ ਗੋਰਖ-ਪੰਥੀਆਂ(ਭਾਵ ਨਾਥ-ਪੰਥੀਆਂ) ਨੇ ਇਸਨੂੰ ਸਮੁੱਚੇ-ਭਾਰਤ ਵਿੱਚ ਪ੍ਰਚਲਤ ਕੀਤਾ । ਕਿਉਂਕਿ ਨਾਥ-ਪੰਥੀਆਂ ਦੇ ਸਾਹਿਤ ਨੂੰ ਡਾ:ਹਜ਼ਾਰੀ ਪ੍ਰਸਾਦ ਦਿਵੇਦੀ[4]ਆਦਿਕ ਵਿਦਵਾਨਾਂ ਨੇ ਸੰਤ-ਭਾਸ਼ਾ ਨਾਲ ਸੰਬੰਧਤ ਕਰਨ ਦੀ ਥਾਂ ਉਸਨੂੰ ਬੰਗਲਾ, ਉੜੀਆ, ਮਰਾਠੀ, ਨੈਪਾਲੀ, ਹਿੰਦੀ ਅਤੇ ਪੰਜਾਬੀ ਆਦਿਕ ਵੱਖ ਵੱਖ ਭਾਸ਼ਾਵਾਂ ਵਿੱਚ ਵੰਡਿਆ ਹੈ, ਇਸਲਈ ਸੰਬੰਧਤ ਭਾਸ਼ਾਵਾਂ ਵਿੱਚ ਮਿਲਦੇ ਨਾਥ-ਸਾਹਿਤ ਦੀ ਮੂਲ-ਭਾਸ਼ਾ ਬਾਰੇ ਅਜੇ ਹੋਰ ਖੋਜ ਕਰਨ ਦੀ ਲੋੜ ਹੈ। ਡਾ:ਤਾਗਰੇ[5] ਨੇ ਨਾਮਦੇਵ ਦੇ ਸਮਕਾਲੀ,ਸੰਤ ਗਿਆਨ ਦੇਵ ਦੀ ਬਾਣੀ ਵਿੱਚੋਂ ਇਕ ਤੁਕ ਰਾਹੀਂ ਸੰਕੇਤ ਕੀਤਾ ਹੈ, ਕਿ ਗਿਆਨ-ਦੇਵ ਆਪਣੀ ਬੋਲੀ ਨੂੰ "ਦੇਸੀ-ਭਾਸ਼ਾ" ਦਾ ਨਾਮ ਦਿੰਦਾ ਹੈ। ਕਿਉਂਕਿ ਗਿਆਨ ਦੇਵ ਆਪਣੇ ਆਪਨੂੰ ਮਹਾਂ-ਰਾਸ਼ਟਰ ਵਿੱਚ ਨਾਥ-ਪੰਥ ਦਾ ਸਭ ਤੋਂ ਵੱਡਾ ਪ੍ਰਤਿਨਿਧ ਆਖਦਾ ਹੈ, ਇਸਲਈ ਉਸਦੀ ਬੋਲੀ ਦਾ ਭੀ ਵਿਗਿਆਨਕ-ਅਧਿਅਨ ਹੋਣਾ ਚਾਹੀਦਾ ਹੈ, ਤਾਂਜੋ ਸੰਤ-ਭਾਸ਼ਾ ਦੇ ਲੱਛਣਾਂ ਬਾਰੇ ਜਾਂ ਨਾਥ-ਪੰਥੀ ਕਵੀਆਂ ਦੀ ਬੋਲੀ ਤੋਂ ਪ੍ਰਭਾਵਤ ਹੋਏ ਕਵੀਆਂ ਦੀ ਬੋਲੀ ਬਾਰੇ ਕੋਈ ਪੱਕਾ ਫੈਸਲਾ ਦਿੱਤਾ ਜਾ ਸਕੇ ।

ਹੈਰਾਨੀ ਦੀ ਗੱਲ ਹੈ, ਕਿ ਪ੍ਰੋ:ਪ੍ਰੇਮਪ੍ਰਕਾਸ਼ ਸਿੰਘ[6]ਨੇ ਸੰਤ-ਭਾਖਾ ਦੇ ਲੱਛਣਾਂ ਨੂੰ ਦਰਸਾਉਣ ਤੋਂ ਬਿਨਾ ਹੀ ਸਾਰੇ ਸਿੱਖ-ਗੁਰੂਆਂ(ਆਦਿ-ਗ੍ਰੰਥ ਨਾਲ ਸੰਬੰਧਤ) ਦੀ ਬੋਲੀ ਨੂੰ ਕਾਹਲੀ ਵਿੱਚ "ਸੰਤ-ਭਾਖਾਈ

---

1.ਰਾਮ ਚੰਦ੍ਰ ਸ਼ੁਕਲ- ਹਿੰਦੀ ਸਾਹਿਤਯ ਕਾ ਇਤਿਹਾਸ, ਪੰਨਾ 65
2.ਡਾ:ਪੀਤਾਂਬਰ ਬੜਥਵਾਲ- ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ, ਪੰਨਾ 96
3.ਸੁਰਿੰਦਰ ਸਿੰਘ ਕੋਹਲੀ- "ਏ ਕ੍ਰੀਟੀਕਲ ਸਟੱਡੀ ਔਫ ਆਦਿ-ਗ੍ਰੰਥ"(ਅੰਗ੍ਰੇਜ਼ੀ),ਪੰਨੇ 47-48 ਅਤੇ 52
4.ਹਜ਼ਾਰੀ ਪ੍ਰਸਾਦ ਦਿਵੇਦੀ- ਹਿੰਦੀ ਸਾਹਿਤ੍ਯ(ਦੂਸਰਾ ਖੰਡ),ਸੰਪਾਦਕ:ਧੀਰੇਂਦਰ ਵਰਮਾ,ਪੰਨਾ 72-73
5.ਡਾ:ਤਾਗਰੇ - "ਹਿਸਟਾਰੀਕਲ ਗ੍ਰਾਮਰ ਔਫ ਅਪਭ੍ਰੰਸ਼"(ਅੰਗ੍ਰੇਜ਼ੀ),ਪੰਨਾ 6
6.ਪ੍ਰੇਮਪ੍ਰਕਾਸ਼ ਸਿੰਘ- ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪੰਨਾ 279

ਪੰਜਾਬੀ" ਆਖ ਦਿੱਤਾ ਹੈ। ਡਾ:ਕੋਹਲੀ ਨੇ[1] ਜਿੱਥੇ ਸੰਤ-ਭਾਖਾ ਦੇ ਕੁਝ ਲੱਛਣ ਦਰਸਾਉਣ ਦਾ ਜਤਨ ਕੀਤਾ ਹੈ, ਉਥੇ ਸਾਰੇ ਸਿੱਖ-ਗੁਰੂਆਂ ਦੀ ਬੋਲੀ ਨੂੰ ਸੰਤ-ਭਾਖਾਈ ਆਖਣ ਦੀ ਗ਼ਲਤੀ ਨਹੀਂ ਕੀਤੀ। ਕੇਵਲ ਗੁਰੂ ਨਾਨਕ ਅਤੇ ਗੁਰੂ ਅਰਜਨ ਦੀ ਬੋਲੀ ਵਿੱਚੋਂ ਕੁਝ ਉਦਾਹਰਨਾਂ ਇਸ ਪ੍ਰਥਾਇ ਦਿੱਤੀਆਂ ਹਨ, ਪਰ ਵਿਦਵਾਨ ਲੇਖਕ ਨੇ ਨਾਲ ਇਹ ਭੀ ਮੰਨਿਆ ਹੈ, ਕਿ ਗੁਰੂ ਨਾਨਕ ਅਤੇ ਗੁਰੂ ਅਰਜਨ ਦੀ ਬਾਣੀ ਵਿੱਚ ਨਿਰੋਲ-ਪੰਜਾਬੀ ਦੀ ਕਵਿਤਾ ਭੀ ਕਾਫ਼ੀ ਹੈ। ਗੁਰੂ ਅੰਗਦ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਆਦਿਕ ਗੁਰੂਆਂ ਦੀ ਬੋਲੀ ਬਾਰੇ ਕੋਈ ਝਗੜਾ ਨਹੀਂ, ਕਿਉਂਕਿ ਡਾ:ਕੋਹਲੀ ਨੇ ਇਨ੍ਹਾਂ ਪਿਛਲੇ ਗੁਰੂਆਂ ਦੀ ਬੋਲੀ ਨੂੰ ਸੰਤ-ਭਾਖਾ ਦੀ ਥਾਂ ਪੰਜਾਬ ਦੇ ਸੀਮਤ-ਇਲਾਕੇ ਦੀ ਬੋਲੀ ਮੰਨਿਆ ਹੈ।

ਕੁਝ ਭੀ ਹੈ, ਉਪਰੋਕਤ ਰਾਵਾਂ ਤੋਂ ਇਹ ਜ਼ਰੂਰ ਸਿੱਧ ਹੁੰਦਾ ਹੈ, ਕਿ ਸਿੱਖ-ਗੁਰੂਆਂ ਦੀ ਬੋਲੀ ਬਾਰੇ ਵਿਦਵਾਨਾਂ ਵਿੱਚ ਕਾਫ਼ੀ ਮਤ-ਭੇਦ ਹੈ ਅਤੇ ਇਸਲਈ ਇਨ੍ਹਾਂ ਦੀ ਬੋਲੀ ਦੇ ਸ਼ੁੱਧ-ਸਰੂਪ ਬਾਰੇ ਬਹੁਤ ਡੂੰਘੀ ਖੋਜ ਦੀ ਲੋੜ ਹੈ। ਜਿੱਥੋਂ ਤਕ ਗੁਰੂ ਨਾਨਕ ਦੀ ਬੋਲੀ ਦਾ ਸੰਬੰਧ ਹੈ, ਡਾ:ਤਾਰਨ ਸਿੰਘ[2] ਦੇ ਕਥਨ ਅਨੁਸਾਰ ਇਸ ਬਾਰੇ ਤਿੰਨ ਵਿਰੋਧੀ ਮਤ ਹਨ। ਪਹਿਲਾ ਮਤ ਗੁਰੂ ਨਾਨਕ ਦੀ ਬੋਲੀ ਨੂੰ ਬ੍ਰਜੀ ਜਾਂ ਹਿੰਦੀ ਆਖਦਾ ਹੈ। ਦੂਜਾ ਮਤ(ਜਿਸ ਵਿੱਚ ਤਾਰਨ ਸਿੰਘ ਭੀ ਸ਼ਾਮਿਲ ਹੈ) ਗੁਰਦੇਵ ਦੀ ਬੋਲੀ ਨੂੰ ਪੰਜਾਬੀ ਮੰਨਦਾ ਹੈ ਅਤੇ ਤੀਜਾ ਮਤ ਕੋਈ ਭੀ ਰਾਏ ਨਾ ਦੇਣ ਕਰਕੇ ਅਨਿਸਚਿਤ ਆਖਿਆ ਜਾ ਸਕਦਾ ਹੈ। ਉਪਰੋਕਤ ਤਿੰਨਾਂ ਮੱਤਾਂ ਤੋਂ ਛੁੱਟ ਗੁਰੂਆਂ ਦੀ ਬੋਲੀ ਨੂੰ ਸੰਤ-ਭਾਖਾ ਨਾਲ ਜੋੜਨ ਵਾਲਾ ਚੌਥਾ ਮਤ ਭੀ ਗਿਣਿਆ ਜਾ ਸਕਦਾ ਹੈ। ਪਰ ਇਨ੍ਹਾਂ ਚੌਹਾਂ ਮੱਤਾਂ ਵਿੱਚੋਂ ਕਿਸੇ ਮੱਤ ਨੇ ਭੀ ਵਿਗਿਆਨਕ-ਦ੍ਰਿਸ਼ਟੀ ਦੁਆਰਾ ਗੁਰਬਾਣੀ ਵਿੱਚੋਂ ਵਿਸਥਾਰ ਸਹਿਤ ਉਦਾਹਰਨਾਂ ਦੇ ਕੇ ਆਪਣੇ ਮੱਤ ਦਾ ਸਮਰਥਨ ਨਹੀਂ ਕੀਤਾ।

ਸਾਡੇ ਖਿਆਲ ਵਿੱਚ ਸਿੱਖ-ਗੁਰੂਆਂ ਦੀ ਬੋਲੀ ਦੇ ਪੰਜਾਬੀ-ਪਣੇ ਬਾਰੇ ਸ਼ੰਕੇ ਦੀ ਗੁੰਜਾਇਸ਼ ਨਹੀਂ। ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਸਭ ਗੁਰੂਆਂ ਦੀ ਬਾਣੀ ਵਿੱਚ ਨਿਰੋਲ ਪੰਜਾਬੀ ਦੇ ਅਨੇਕਾਂ ਸ਼ਬਦ ਇਸ ਕਥਨ ਦੀ ਪੁਸ਼ਟੀ ਕਰਦੇ ਹਨ। ਇਹ ਠੀਕ ਹੈ, ਕਿ ਗੁਰੂ ਨਾਨਕ ਰਚਿਤ ਕੁਝ ਫ਼ਾਰਸੀ-ਭਾਖਾਈ ਬਾਣੀ ਭੀ ਆਦਿ-ਗ੍ਰੰਥ ਵਿੱਚ ਮਿਲਦੀ ਹੈ। ਇਹ ਭੀ ਠੀਕ ਹੈ, ਕਿ ਗੁਰੂ ਅਰਜਨ ਰਚਿਤ "ਸਹਿਸਕ੍ਰਿਤੀ" ਦੇ ਸ਼ਲੋਕ ਅਤੇ ਗਾਥਾ ਆਦਿਕ ਬਾਣੀਆਂ ਦੀ ਬੋਲੀ ਭੀ ਪੰਜਾਬੀ ਨਹੀਂ, ਪਰ ਸੰਬੰਧਤ ਗੁਰੂਆਂ ਦੀਆਂ ਅਜਿਹੀਆਂ ਰਚਨਾਵਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਜਿੱਥੋਂ ਤਕ ਬੋਲੀ ਦੇ ਪ੍ਰਧਾਨ-ਰੰਗ ਦਾ ਸੰਬੰਧ ਹੈ, ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਸਭ ਵਿੱਚੋਂ ਪੰਜਾਬੀ ਬੋਲੀ ਦਾ "ਉਨਾਬੀ-ਰੰਗ" ਡਲ੍ਹਕਾਂ ਮਾਰਦਾ ਵਿਖਾਈ ਦਿੰਦਾ ਹੈ।

ਗੁਰੂ ਅਮਰਦਾਸ ਦੀ ਬੋਲੀ ਉਂਜ ਤਾਂ ਪੰਜਾਬ ਦੇ ਸੀਮਤ ਇਲਾਕੇ ਦੀ ਬੋਲੀ ਹੈ, ਪਰ ਭਾਰਤ

---

1. S.S.Kohli- A Critical Study of Adi Granth, Pages 47-53
2. Taran Singh- Guru Nanak as a Poet- Thesis approved for PhD., P.U.Library(Chandigarh),Mss.No.294.553,P.219

ਦੀ ਭਗਤੀ-ਪਰੰਪਰਾ ਵਿਸ਼ੇਸ਼ ਕਰਕੇ ਗੁਰੂ ਨਾਨਕ ਦੇ ਗੁਰਮਤਿ-ਮਾਰਗ ਨਾਲ ਜੁੜਨ ਕਰਕੇ ਇਸ ਵਿੱਚ ਭੀ ਅਨੇਕਾਂ ਸਰਬ-ਸਾਂਝੇ ਸ਼ਬਦਾਂ ਦਾ ਪ੍ਰਯੋਗ ਸੁਤੇ-ਸਿਧ ਹੋ ਗਿਆ ਹੈ। ਪਰ ਅਜਿਹੇ ਸਰਬ-ਸਾਂਝੇ-ਸ਼ਬਦਾਂ ਨੂੰ ਕਿਸੇ ਵਿਸ਼ੇਸ਼-ਬੋਲੀ ਦਾ ਨਾਮ ਦੇਣ ਦੀ ਥਾਂ "ਪਰੰਪਰਗਤ-ਪੰਜਾਬੀ-ਭਗਤੀ-ਕਾਵਿ" ਦਾ ਜੱਦੀ-ਵਿਰਸਾ ਆਖਣਾ ਵਧੇਰੇ ਉਚਿਤ ਹੋਵੇਗਾ । ਦੂਜੇ ਸੰਬੰਧਤ ਸ਼ਬਦ ਕਿਸੇ ਇਕ ਪਦੇ, ਪਉੜੀ ਜਾਂ ਸ਼ਲੋਕ ਵਿੱਚ ਕੇਂਦ੍ਰਿਤ ਨਹੀਂ, ਸਗੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਕਈ ਥਾਈਂ ਵਿੱਕੋਲਿੱਤਰੇ-ਰੂਪ ਵਿੱਚ ਆਏ ਹਨ। ਇਸਲਈ ਇਹ ਗੁਰਦੇਵ ਦੇ ਪੱਕੇ-ਪੂਰੇ ਪੰਜਾਬੀ-ਬੋਲਾਂ ਵਿੱਚ ਘੁਲ-ਮਿਲ ਗਏ ਹਨ ਅਤੇ ਜ਼ਰਾ ਭੀ ਓਪਰੇ ਨਹੀਂ ਲੱਗਦੇ । ਕੁਝ ਇਕ ਸ਼ਬਦ ਇਸ ਪਰਕਾਰ ਹਨ:-

> ਏ, ਏਈ, ਇਤੁ, ਇਕਤੁ, ਇਨਿ, ਸਾ, ਸੁ, ਸਾਈ, ਸੇ, ਸੇਈ, ਸੋ, ਸੋਈ, ਕਾ, ਕੀ, ਕੇ, ਕੋ, ਕਉ, ਕੈ, ਕੈਸਿਉ, ਜਿਤੁ, ਤਿਤੁ, ਤਿਤੈ, ਤਿਸ, ਤਾਹਾ, ਤਾਸੁ, ਕਹਾ ਹੀ, ਕਿਦੂ, ਕਿਥਾਊ, ਜਿਨ, ਕਿਨ, ਤਿਨ, ਤਿਨੀ, ਤਿਨਾਹਾ, ਕਿਨਾਹੀ, ਤੁਮ, ਤੁਝ, ਤੁਮਾਰਾ, ਤੁਮਾਰੀ, ਤੁਮਾਰੇ , ਤੈਸੇ, ਸਭੈਸੇ, ਸਭਾਇਆ, ਆਹੀ, ਐਸ੍ਰੇ, ਜੈਸੇ, ਜੈਸੀ, ਜਿਵ, ਏਵੀ, ਇਵੇਹਾ, ਕਾਹੈ, ਕਿਤੁ, ਕਿਤੀ, ਕਿਤੈ, ਕੇਵ, ਜੇਤਾ, ਤੇਤਾ, ਤਬ, ਤਹ, ਤਾਹਾ, ਅਉਰ, ਸਭਤੈ, ਸਿਉ, ਕੇਰਾ, ਕੇਰੀ, ਅਕਥੋ, ਅਕਥ, ਅਦਰੁ, ਅਚਰਜੁ, ਅਪਿਉ, ਅਮਿਉ, ਅਪੇਉ, ਅਮੇਉ, ਅਲਖ, ਅਲਾਉ, ਆਹਾਰ, ਆਕਾਰ, ਅੰਜਨ, ਸਾਚੋ-ਸਾਚੁ, ਸੋਗਾਰੋ, ਸੋਹਾਗੋ, ਸੰਪਉ, ਹਾਟਪਟਣ, ਕਾਚਾ-ਧਨੁ, ਕਵਨਾ, ਕਾਪੜ, ਗਿਆਨਮਤੀ, ਗੁਰਮਤੀ, ਦੁਤਰੁ, ਦੁਲੰਭ, ਨਿਹਚਉ, ਵਖਿਆਨਾ, ਹੋਆ, ਖਲੋਆ, ਕੀਆ, ਕੀਨਾ, ਕੀਨੀ, ਗਣੀਨੀ, ਸਮਾਤਾ, ਸਮਾਤੇ, ਸਮੀਤਾ, ਮਿਲੀਤਾ, ਫਿਰਾਤਾ, ਸਵੀਜੈ, ਮੀਧੋ, ਸੂਤਾ, ਸੂਤੇ , ਕਹਤੇ, ਕਢੋਲੈ, ਕਮਿਤਾ, ਕਰੇਨਿ, ਕੀਓ, ਗਰਠੇ, ਗਰਭੇ, ਚੀਨਿਓ, ਜਪਨੀ, ਜਪਾਨੀ, ਜੀਵਤੀ, ਜੀਵਤੇ, ਜੀਵਤਿਆ, ਜਲਤਾ, ਜਲਤੇ, ਜਾਗਤਾ, ਡੀਠੀ, ਤੂਟਹਿ, ਤ੍ਰਿਪਤਾਤੀ, ਫਿਰਾਤਾ, ਨਾਚੈ, ਪਛੋੜੀਐ , ਪਤੀਨੀ, ਭਰਮੀਤਾ, ਵਿਗਸੀਤਾ, ਲਾਗਾ, ਆਦਿਕ ।

ਅਖੀਰ ਤੇ ਇਹ ਸੰਕੇਤ ਕਰ ਦੇਣਾ ਭੀ ਜ਼ਰੂਰੀ ਹੈ, ਕਿ ਉਪਰੋਕਤ ਸ਼ਬਦਾਂ ਵਿੱਚੋਂ ਕਈਆਂ ਦਾ ਰੂਪ ਕਵਿਤਾ ਵਿੱਚ ਤੋਲ-ਤੁਕਾਂਤ ਨੂੰ ਇਕਸਾਰ ਰੱਖਣ ਲਈ ਗੁਰੂ ਅਮਰਦਾਸ ਨੂੰ ਬਦਲਣਾ ਪਿਆ ਹੈ ਅਤੇ ਉਂਜ ਭੀ ਸ਼ਬਦਾਂ ਨੂੰ ਵਿਚਾਰਾਂ ਦੇ ਪਿੱਛੇ ਤੋਰਨਾ ਗੁਰੂ-ਕਵੀਆਂ ਅਤੇ ਬਹੁਤੇ ਭਗਤ-ਕਵੀਆਂ ਦੀ ਕਵਿਤਾ ਦੀ ਵਿਸ਼ੇਸ਼ਤਾ ਹੈ।

## (19) ਲਹਿੰਦੀ ਨਾਲ ਸਾਂਝ

ਬੇਸ਼ਕ ਗ੍ਰੀਅਰਸਨ ਨੇ ਲਹਿੰਦੀ ਨੂੰ ਬਾਹਰਲੇ-ਵਰਗ ਦੀ ਬੋਲੀ ਆਖ ਕੇ ਉਸਨੂੰ ਪੂਰਬੀ-ਪੰਜਾਬੀ ਨਾਲੋਂ ਅੱਡ ਕਰ ਦਿੱਤਾ ਹੈ, ਪਰ ਗੁਰੂ ਅਮਰਦਾਸ ਆਦਿਕ ਸਿੱਖ-ਗੁਰੂਆਂ( ਜਿਨ੍ਹਾਂ ਦੀ ਬੋਲੀ ਨੂੰ ਭਾਸ਼ਾ-ਵਿਗਿਆਨੀ ਪੂਰਬੀ-ਪੰਜਾਬੀ ਕਹਿੰਦੇ ਚਲੇ ਆ ਰਹੇ ਹਨ) ਦੀ ਬੋਲੀ ਦੇ ਆਧਾਰ ਤੇ ਸਿੱਧ ਕੀਤਾ ਜਾ ਸਕਦਾ ਹੈ, ਕਿ ਪੂਰਬੀ-ਪੰਜਾਬੀ ਅਤੇ ਲਹਿੰਦੀ ਦੋਹਾਂ ਦੀ ਆਦਿ-ਕਾਲ ਤੋਂ ਅਨਿਖੜ-ਸਾਂਝ ਹੈ । ਉਦਾਹਰਨ ਵਜੋਂ ਫ਼ਰੀਦ ਸ਼ਕਰਗੰਜ (ਜੋ ਲਹਿੰਦੀ ਦਾ ਜਗਤ-ਪ੍ਰਸਿਧ ਕਵੀ ਹੈ) ਅਤੇ ਗੁਰੂ ਅਮਰਦਾਸ ਦੀ ਬਾਣੀ ਵਿੱਚ ਅਨੇਕਾਂ ਨਾਂਵ-ਰੂਪ,

ਕ੍ਰਿਆ-ਰੂਪ ਅਤੇ ਪਰਸਰਗਾਂ ਸਾਂਝੀਆਂ ਹਨ। ਕੁਝ ਇਕ ਨਾਂਵ-ਰੂਪ ਇਸ ਪਰਕਾਰ ਹਨ:-

ਡੋਹਾਗਣਿ, ਡੋਹਾਗਣੀ, ਡੁਮਣੀ(ਫ਼ਰੀਦ:ਡੁਮਣਾ), ਸਹ(ਪਤੀ), ਮੈਡਾ, ਠਉਰ,
ਠਾਉ, ਕਾਹਾਹਾ, ਕਿੜੋ-ਪਵੰਦੀ, ਅਗਲਾ(ਬਹੁਤਾ), ਵਥੁ, ਘਣੇਰੇ(ਫ਼ਰੀਦ:ਘਣੇਰਿਆ),
ਨਿਚੰਦੁ(ਫ਼ਰੀਦ: ਨਚਿੰਦੁ), ਗਾਪੜੀ, ਕਿਚਰੁ, ਕਿਥਾਊ, ਖਿਆ, ਪਿਰਹੜੀ, ਕੇਤੜਿਆ,
ਜਿਨਾ, ਤਿਨਾ, ਸੇ, ਜਾਂ, ਸੋ, ਸੇ, ਸੋਈ, ਤਉ, ਤੈਂ, ਤਿਸੁ, ਏਤੁ, ਸਿਉ, ਸੰਦਾ
(ਸੰਦੜਾ), ਸੇਤੀ, ਮੰਝਿ, ਅੰਦਰਿ, ਤਾਈਂ, ਵਿਚਿ, ਕੈ(ਅਪਾਰਕੈ), ਆਦਿਕ ।

ਇਸੇਤਰ੍ਹਾਂ ਕਈ ਕ੍ਰਿਆ-ਰੂਪ ਭੀ ਸਾਂਝੇ ਹਨ, ਜਿਵੇਂ: ਥੀਐ(ਥੀਆ), ਦਝਾਂ, ਡਿਠੁ, ਲਧੇ, ਹੰਢੈ, ਹੰਢਾਏ, ਕਾਂਢੀ(ਫ਼ਰੀਦ:ਕਾਂਢੇ), ਆਦਿਕ । ਵੈਸੇ ਗੁਰੂ ਅਮਰਦਾਸ ਦੀ ਬੋਲੀ ਵਿੱਚ ਅਨੇਕਾਂ ਕ੍ਰਿਆ-ਰੂਪਾਂ ਦੀ ਬਣਤਰ ਭੀ ਫ਼ਰੀਦ ਸ਼ੁਕਰਗੰਜ ਦੇ ਕ੍ਰਿਆ-ਰੂਪਾਂ ਨਾਲ ਮਿਲਦੀ ਹੈ, ਜਿਵੇਂ:-

| ਫ਼ਰੀਕ ਸ਼ੁਕਰਗੰਜ | ਗੁਰੂ ਅਮਰਦਾਸ |
|---|---|
| ਆਵਈ:- | ਹੋਵਈ, ਸੁਣਈ, ਚੇਤਈ, ਚੀਣਈ, ਜਾਣਈ, ਜਾਪਈ, ਪਛਾਣਈ, ਆਦਿਕ |
| ਰਾਵਿਆ:- | ਸੇਵਿਆ, ਖੋਜਿਆ, ਸੰਤੋਖਿਆ, ਜਾਣਿਆ, ਭਰਮਿਆ, ਆਦਿਕ । |
| ਰਾਵੈ, ਮਾਣਹਿ, ਆਦਿਕ:- | ਚਲਹਿ, ਬੋਲਹਿ, ਸਮਾਲਹਿ, ਧਿਆਵਹਿ, ਭਰਮਾਵਹਿ, ਆਦਿਕ । |
| ਮੁਈਆਸੁ:- | ਮੁਈਆਸੁ, ਜੀਵਾਸੁ, ਆਦਿਕ । |
| **ਕਤਾਇਦਾ**:- | ਕਰਾਇਦਾ, ਧਿਆਇਦਾ, ਪਛਤਾਇਦਾ, ਪੀੜਾਇਦਾ, ਮਿਲਾਇਦਾ, ਆਦਿਕ। |
| ਬਹਸਨਿ, ਸਵਾਪਸਨਿ:- | ਜਾਸਨਿ । |
| ਮਿਲੰਨਿ, ਜਾਗੰਨਿ:- | ਕਰੰਨਿ, ਚਲੰਨਿ, ਸੇਵੰਨਿ, ਜਾਗੰਨਿ, ਟਿਕੰਨਿ, ਆਦਿਕ । |
| ਜਾਲੇਨਿ:- | ਡੋਬੇਨਿ, ਤਾਰੇਨਿ, ਬੋਲੇਨਿ, ਕਰੇਨਿ, ਆਦਿਕ । |
| ਵਿਸਾਰਿਓਨੁ:- | ਕੀਤੋਨੁ, ਦਿਤੋਨੁ, ਰਖਿਓਨੁ, ਪਾਇਓਨੁ, ਚਲਾਇਓਨੁ, ਮੁਹਾਇਓਨੁ, ਰਚਾਇਓਨੁ, ਰੰਗਿਓਨੁ, ਲਾਇਓਨੁ, ਆਦਿਕ । |

ਫ਼ਰੀਦ ਦੇ ਕਈ ਕ੍ਰਿਆ-ਰੂਪਾਂ ਦੇ ਅੰਤ "ਉ" ਜਾਂ ਵਿਸ਼ੇਸ਼ ਕਰਕੇ "ਹਿ" ਜੋੜਨ ਦੀ ਰੁਚੀ ਭੀ ਹੈ, ਜਿਵੇਂ:ਕਹੇਉ, ਮੁਇਓਹਿ, ਮੋੜੇਹਿ, ਆਦਿਕ । ਗੁਰੂ ਅਮਰਦਾਸ ਦੀ ਬੋਲੀ ਵਿੱਚ ਭੀ ਇਸ ਪੱਖ ਤੋਂ ਹੇਠ ਲਿਖੇ ਕ੍ਰਿਆ-ਰੂਪ ਵਿਸ਼ੇਸ਼ ਧਿਆਨ ਦੇ ਪਾਤਰ ਹਨ:-

ਖਰਚਿਉ, ਭਰਮਿਉ, ਗਾਇਉ, ਸੁਣਿਅਹੁ, ਕਰੀਅਹੁ, ਕਹੇਹੁ, ਲਾਏਹੁ, ਸਮਾਲੇਹੁ,
ਸਾਲਾਹਿਹੁ, ਖਵਾਇਓਹੁ, ਆਦਿਕ ।

ਲਹਿੰਦੀ(ਵਿਸ਼ੇਸ਼ ਕਰਕੇ ਪੋਠੋਹਾਰੀ) ਵਿੱਚ ਕ੍ਰਿਆਵਾਂ ਦੇ ਅੰਤ "ਸੀ" ਭਵਿਖਤ-ਕਾਲ ਦਾ ਚਿੰਨ੍ਹ ਹੈ, ਜਿਵੇਂ ਫ਼ਰੀਦ ਦੀ ਬਾਣੀ ਵਿੱਚ "ਰਖਸੀ" ਆਦਿਕ ਦਾ ਪ੍ਰਯੋਗ । ਗੁਰੂ ਅਮਰਦਾਸ ਦੀ ਬਾਣੀ ਵਿੱਚ ਭੀ ਅਨੇਕਾਂ ਕ੍ਰਿਆ-ਰੂਪ ਇਸੇ ਨਿਯਮ ਅਨੁਸਾਰ ਬਣੇ ਪ੍ਰਤੀਤ ਹੁੰਦੇ ਹਨ, ਜਿਵੇਂ:-

ਰਖਸੀ, ਦੇਵਸੀ, ਜਾਣਸੀ, ਸੁਝਸੀ, ਭਾਵਸੀ, ਸੁਣਾਇਸੀ, ਸਮਝਾਇਸੀ, ਮਿਲਾਇਸੀ,
ਕਰਾਇਸੀ, ਕਮਾਇਸੀ, ਪਾਇਸੀ, ਜਾਇਸੀ, ਆਦਿਕ ।

ਇਸੇਤਰ੍ਹਾਂ ਕ੍ਰਿਆਵਾਂ ਦੇ ਅੰਤ "ਨੁ" ਕਰਤਾ-ਕਾਰਕ ਅਨਯ-ਪੁਰਖ ਵਲ ਸੰਕੇਤ ਕਰਦਾ ਹੈ। ਉਦਾਹਰਨ ਵਜੋਂ ਹੇਠ ਲਿਖੀਆਂ ਤੁਕਾਂ ਵਿੱਚ ਕੀਤੋਨੁ(ਉਸਨੇ ਕੀਤਾ), ਚਖਾਇਓਨੁ(ਉਸਨੇ ਚਖਾਇਆ) ਅਤੇ ਉਪਾਈਅਨੁ(ਉਸਨੇ ਉਪਾਈ), ਆਦਿਕ ਦਾ ਪ੍ਰਯੋਗ:-

(ੳ) ਜੇਹਾ ਕੀਤੋਨੁ ਤੇਹਾ ਹੋਆ...............................(ਸਿਰੀ ਰਾਗੁ ਮ:3)[1]
(ਅ) ਅੰਮ੍ਰਿਤੁ ਜਿਨਾ ਚਖਾਇਓਨੁ ਰਸੁ ਆਇਆ ਸਹਜਿ ਸੁਭਾਇ।...(ਆਸਾ ਮ:3)[2]
(ੲ) ਆਪੇ ਸ੍ਰਿਸਟਿ ਉਪਾਈਅਨੁ ਆਪਿ ਕਰੇ ਬੀਚਾਰੁ....(ਸਾਰੰਗ ਕੀ ਵਾਰ ਮ:4 ਸ਼ਲੋਕ ਮ:3[3]

ਉਪਰੋਕਤ ਸ਼ਬਦਾਂ ਤੋਂ ਛੁੱਟ ਸਮਾਇਅਨੁ, ਸਵਾਹਿਅਨੁ, ਸਾਜੀਅਨੁ, ਪਤੀਆਈਅਨੁ, ਭਰਮਾਇਅਨੁ, ਖੁਆਇਅਨੁ, ਚੁਕਾਇਅਨੁ, ਧਾਰੀਅਨੁ, ਮੇਲਿਅਨੁ, ਰਾਖਿਅਨੁ, ਆਦਿ ਦਾ ਪ੍ਰਯੋਗ ਭੀ ਵਰਣਨ-ਯੋਗ ਹੈ। ਪ੍ਰੋ:ਪ੍ਰੇਮਪ੍ਰਕਾਸ਼ ਸਿੰਘ[4] ਦੇ ਕਥਨ ਅਨੁਸਾਰ ਕਰਤਾ-ਕਾਰਕ "ਨੇ" ਦਾ ਮੂਲ ਅਪਭ੍ਰੰਸ਼ੀ-"ਏਣ" ਜਾਪਦਾ ਹੈ। ਗੁਰੂ ਅਮਰਦਾਸ ਦੀ ਬੋਲੀ ਵਿੱਚ "ਉਪਦੇਸੇਨਿ" ਆਦਿਕ ਸ਼ਬਦਾਂ ਦਾ ਪ੍ਰਯੋਗ ਭੀ ਮਿਲਦਾ ਹੈ।

ਗੁਰੂ ਅਮਰਦਾਸ ਦੀ ਬੋਲੀ ਵਿੱਚ ਬੇਸ਼ੱਕ ਲਹਿੰਦੀ ਦੇ ਮੂਲ ਸ਼ਬਦਾਂ ਦੀ ਗਿਣਤੀ ਬਹੁਤੀ ਨਹੀਂ, ਪਰ ਲਹਿੰਦੀ ਅਤੇ ਕੇਂਦਰੀ ਜਾਂ ਮਾਝੀ(ਜਿਸਨੂੰ ਭਾਸ਼ਾ-ਵਿਗਿਆਨੀਆਂ ਨੇ ਆਮ ਕਰਕੇ ਪੂਰਬੀ-ਪੰਜਾਬੀ ਹੀ ਲਿਖਿਆ ਹੈ) ਦੀ ਸ਼ਬਦਾਵਲੀ ਆਪੋ ਵਿੱਚ ਕੁਝ ਇਸਤਰ੍ਹਾਂ ਰਲ-ਮਿਲ ਗਈ ਜਾਪਦੀ ਹੈ, ਕਿ ਲਹਿੰਦੀ ਦੇ ਸ਼ਬਦਾਂ ਨੂੰ ਗੁਰੂ ਅਮਰਦਾਸ ਦੀ ਮਾਝੀ ਨਾਲੋਂ ਨਿਖੇੜਨਾ ਕੁਝ ਓਪਰਾ ਜਿਹਾ ਪ੍ਰਤੀਤ ਹੁੰਦਾ ਹੈ। ਆਮ ਭਾਸ਼ਾ-ਵਿਗਿਆਨੀ ਲਹਿੰਦੀ ਦੇ ਵੰਞ, ਥੀਆ ਅਤੇ ਜੁਲ ਤਕ ਹੀ ਰਹਿ ਜਾਂਦੇ ਹਨ, ਬੇਸ਼ੱਕ ਇਹੋ ਜਿਹੇ ਸ਼ਬਦਾਂ ਦੀ ਗਿਣਤੀ ਭੀ ਗੁਰੂ ਅਮਰਦਾਸ ਦੀ ਬੋਲੀ ਵਿੱਚ ਮਿਲਦੀ ਹੈ। ਇਸੇਤਰ੍ਹਾਂ ਜਿਚਰੁ, ਤਿਚਰੁ, ਏਵਡੁ, ਜੇਵਡੁ, ਡੇਹਿ(ਦੇਹੀ), ਡੇਹਿ(ਕੁਝ ਦੇਣ ਸੰਬੰਧੀ), ਡੇਹ(ਦਿਹੁ ਜਾਂ ਦਿਨ) ਆਦਿਕ ਦਾ ਪ੍ਰਯੋਗ ਭੀ ਮਿਲਦਾ ਹੈ।

ਪਰ ਗੁਰੂ ਅਮਰਦਾਸ ਦੀ ਕਾਵਿ-ਸ਼ੈਲੀ ਦੀ ਇਹ ਵਡਿਆਈ ਹੈ, ਕਿ ਲਹਿੰਦੀ ਦੇ ਸ਼ਬਦ ਓਪਰੇ ਨਹੀਂ ਲੱਗਦੇ ਅਤੇ ਕੋਸ਼ਿਸ਼ ਦਾ ਪ੍ਰਭਾਵ ਪਾਉਣ ਦੀ ਥਾਂ ਉਨ੍ਹਾਂ ਦਾ ਵਹਾਉ ਸਹਿਜ-ਸੁਭਾਉ ਹੋਇਆ ਜਾਪਦਾ ਹੈ। ਆਮ ਕਰਕੇ ਲਹਿੰਦੀ ਦੇ ਸ਼ਬਦ ਵਿੱਕੋ-ਲਿੱਤਰੇ ਰੂਪ ਵਿੱਚ ਆਏ ਹਨ ਅਤੇ ਮਾਝੀ ਦੇ ਪ੍ਰਧਾਨ-ਲਹਿਜੇ ਵਿੱਚ ਘੁਲੇ-ਮਿਲੇ ਜਾਪਦੇ ਹਨ। ਕਿਤੇ ਕਿਤੇ ਜਦੋਂ ਉਹ ਕਿਸੇ ਇਕ ਤੁਕ ਜਾਂ ਕਾਵਿ-ਬੰਦ ਵਿੱਚ ਕੇਂਦ੍ਰਤ ਹੋਣ ਲਗਦੇ ਹਨ, ਤਾਂ ਲਹਿੰਦੀ ਦਾ ਪ੍ਰਭਾਵ ਸੰਘਣਾ ਹੋ ਜਾਂਦਾ ਹੈ, ਜਿਵੇਂ:-

(ੳ) ਜਿਉ ਤਨੁ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ ।
ਜੀਉ ਵੰਞੈ ਚਉਖੰਨੀਐ ਸਚੇ ਸੰਦੜੈ ਨੇਹਿ ।
ਨਾਨਕ ਮੇਲੁ ਨ ਚੁਕਈ ਰਾਤੀ ਅਤੇ ਡੇਹ ।ਮ:3 ।
ਸਜਣ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ ।
ਜਿਉ ਮਜੀਠੈ ਕਪੜੇ ਰੰਗੇ ਭੀ ਪਾਹੇਹਿ ।
ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ ।
(ਸੋਰਠ ਕੀ ਵਾਰ ਮ:4 ਸ਼ਲੋਕ ਮ:3)[5]

---

1.ਆਦਿ-ਗ੍ਰੰਥ............ਪੰਨਾ 33
2.ਆਦਿ-ਗ੍ਰੰਥ............ਪੰਨਾ 428
3.ਆਦਿ-ਗ੍ਰੰਥ............ਪੰਨਾ 1248
4.ਪ੍ਰੇਮਪ੍ਰਕਾਸ਼ ਸਿੰਘ- ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪੰਨਾ 372
5.ਆਦਿ-ਗ੍ਰੰਥ............ਪੰਨਾ 644

(ਅ) ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ।
ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ।
(ਰਾਗੁ ਸੂਹੀ ਮ:3)[1]

ਗੁਰੂ ਨਾਨਕ ਅਤੇ ਗੁਰੂ ਅਰਜਨ ਬਾਰੇ ਕਈ ਭਾਸ਼ਾ-ਵਿਗਿਆਨੀਆਂ ਨੂੰ ਇਹ ਸ਼ਿਕਾਇਤ ਹੈ, ਕਿ ਉਨ੍ਹਾਂ ਦੀ ਬਾਣੀ ਵਿੱਚ ਬੋਲੀ ਦੇ ਪੱਖ ਤੋਂ ਅਣ-ਪੰਜਾਬੀ ਅੰਸ ਬਹੁਤ ਹੈ। ਪਰ ਹੈਰਾਨੀ ਦੀ ਗੱਲ ਹੈ, ਕਿ ਲਹਿੰਦੀ ਦਾ ਪ੍ਰਭਾਵ ਗੁਰੂ ਨਾਨਕ ਅਤੇ ਗੁਰੂ ਅਰਜਨ ਦੀ ਬੋਲੀ ਉੱਤੇ ਬਾਕੀ ਦੇ ਗੁਰੂਆਂ ਨਾਲੋਂ ਸਗੋਂ ਬਹੁਤਾ ਹੈ। ਇਕ ਦੋ ਉਦਾਹਰਨਾਂ ਹਾਜ਼ਰ ਹਨ:-

(ੳ) ਆਵਹੁ ਵੰਞਹੁ ਡੁੰਮਣੀ ਕਿਤੀ ਮਿਤ੍ਰ ਕਰੇਉ ।
ਸਾਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ ।
(ਮਾਰੂ ਕਾਫੀ ਮ:1)[2]

(ਅ) ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ।
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ।
(ਮਾਰੂ ਮ:5 ਡਖਣੇ)[3]

ਗੁਰੂ ਅਮਰਦਾਸ ਦੀ ਬਾਣੀ ਵਿੱਚ ਲਹਿੰਦੀ ਬੋਲੀ ਦੇ ਪੱਖ ਤੋਂ ਬੇਸ਼ੱਕ ਗੁਰੂ ਨਾਨਕ ਅਤੇ ਗੁਰੂ ਅਰਜਨ ਵਰਗਾ ਗੂੜ੍ਹਾ-ਰੰਗ ਨਹੀਂ, ਫੇਰ ਭੀ ਕਿਤੇ ਕਿਤੇ ਲਹਿੰਦੀ ਦਾ ਬੋਲ ਸਰੋਤਿਆਂ ਨੂੰ ਧੂਹ ਜ਼ਰੂਰ ਪਾ ਜਾਂਦਾ ਹੈ, ਜਿਵੇਂ:-

(ੳ) ਵਡਡੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ ।
ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥੁ ।
(ਸਲੋਕ ਵਾਰਾਂ ਤੋਂ ਵਧੀਕ)[4]

(ਅ) ਨਾ ਕੂੜੁ ਹੋਅੜੇ ਸਚੁ ਚਉ .........(ਮਾਰੂ ਕੀ ਵਾਰ ਮ:3)[5]

**ਅਖੀਰ** ਉੱਤੇ ਇਕ ਹੋਰ ਸ਼ੰਕਾ ਨਿਵਿਰਤ ਕਰਨਾ ਭੀ ਜ਼ਰੂਰੀ ਹੈ। ਸਿੱਖ-ਗੁਰੂਆਂ (ਸਮੇਤ ਗੁਰੂ ਅਮਰਦਾਸ) ਦੀ ਬੋਲੀ ਵਿੱਚ ਕਾ, ਕੇ, ਕੀ ਅਤੇ ਜਬ, ਤਬ, ਆਦਿਕ ਦਾ ਪ੍ਰਯੋਗ ਵੇਖ ਕੇ ਕਈ ਭਾਸ਼ਾ-ਵਿਗਿਆਨੀ ਕਿੰਤੂ ਕਰਦੇ ਹਨ, ਕਿ ਸਿੱਖ-ਗੁਰੂਆਂ ਦੀ ਬੋਲੀ ਉਤੇ ਬ੍ਰਜੀ, ਹਿੰਦੀ ਜਾਂ ਉਰਦੂ (ਕਿਉਂਕਿ ਸੰਬੰਧਤ ਭਾਸ਼ਾਵਾਂ ਵਿੱਚ ਇਨ੍ਹਾਂ ਪਰਸਰਗਾਂ ਦਾ ਪ੍ਰਯੋਗ ਅੱਜ ਕੱਲ ਭੀ ਹੁੰਦਾ ਹੈ, ਬੇਸ਼ੱਕ ਆਧੁਨਿਕ ਪੰਜਾਬੀ ਵਿੱਚ ਇਨ੍ਹਾਂ ਦਾ ਪ੍ਰਯੋਗ ਰੁਕ ਗਿਆ ਹੈ) ਦਾ ਸੰਘਣਾ ਪ੍ਰਭਾਵ ਹੈ। ਪਰ ਗੁਰੂ ਅਮਰਦਾਸ ਅਤੇ ਗੁਰੂ ਨਾਨਕ ਤੋਂ ਭੀ ਸੈਂਕੜੇ ਸਾਲ ਪਹਿਲਾਂ ਫ਼ਰੀਦ ਸ਼ਕਰਗੰਜ (12ਵੀਂ ਸਦੀ) ਰਚਿਤ ਲਹਿੰਦੀ ਦੇ ਸ਼ਲੋਕਾਂ ਵਿੱਚ ਭੀ ਇਨ੍ਹਾਂ ਪਰਸਰਗਾਂ ਦਾ ਪ੍ਰਯੋਗ ਵੇਖ ਕੇ ਇਹੋ ਰਾਏ ਪੱਕੀ ਹੁੰਦੀ ਹੈ, ਕਿ ਸੰਬੰਧਤ ਪਰਸਰਗਾਂ ਬ੍ਰਜੀ, ਹਿੰਦੀ ਜਾਂ ਉਰਦੂ ਦੀ ਥਾਂ ਪ੍ਰਾਚੀਨ-ਪੰਜਾਬੀ ਦੀਆਂ ਆਪਣੀਆਂ ਪਰਸਰਗਾਂ ਹਨ।

---

1. ਆਦਿ-ਗ੍ਰੰਥ.............ਪੰਨਾ 755
2. ਆਦਿ-ਗ੍ਰੰਥ.............ਪੰਨਾ 1014
3. ਆਦਿ-ਗ੍ਰੰਥ.............ਪੰਨਾ 1094
4. ਆਦਿ-ਗ੍ਰੰਥ.............ਪੰਨਾ 1420
5. ਆਦਿ-ਗ੍ਰੰਥ.............ਪੰਨਾ 1088

ਫ਼ਰੀਦ ਸ਼ੁਕਰਗੰਜ ਦੀ ਬਾਣੀ ਵਿੱਚੋਂ ਉਪਰੋਕਤ ਪਰਸਰਗਾਂ ਦੀਆਂ ਉਦਾਹਰਨਾਂ ਇਸ ਪਰਕਾਰ ਹਨ:-

(ੳ) ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ।......(ਬਾਣੀ ਫ਼ਰੀਦ)[1]
(ਅ) ਅਪਨੇ ਪ੍ਰੀਤਮ ਕੇ ਹਉ ਖਿਰਹੈ ਜਾਲੀ ।.........( " " )[2]
(ੲ) ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ।(ਬਾਣੀ ਫ਼ਰੀਦ)[3]
(ਸ) ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ।.......( " " )[4]

## (11) ਕੁਝ ਸਿੰਧੀ-ਸ਼ਬਦਾਵਲੀ ਬਾਰੇ

**ਗੁਰੂ** ਅਮਰਦਾਸ ਦੀ ਬੋਲੀ ਵਿੱਚ ਸਿੰਧੀ-ਭਾਸ਼ਾ ਦੇ ਭੀ ਕਈ ਸ਼ਬਦ ਮਿਲਦੇ ਹਨ। ਗੁਰਦੇਵ ਦੀ ਬੋਲੀ ਵਿੱਚ ਸਿੰਧੀ ਸ਼ਬਦਾਂ **ਦਾ** ਪ੍ਰਵੇਸ਼ ਕੁਝ ਤਾਂ ਲਹਿੰਦੀ ਦੁਆਰਾ ਹੋਇਆ ਜਾਪਦਾ ਹੈ, ਕਿਉਂਕਿ ਲਹਿੰਦੀ ਅਤੇ ਸਿੰਧੀ ਇਕ ਦੂਜੀ ਦੇ ਨਿਕਟ ਹੋਣ ਕਰਕੇ ਪਰਸਪਰ-ਸਾਂਝ ਰੱਖਦੀਆਂ ਹਨ। ਦੂਜਾ **ਕਾਰਨ** ਇਹ ਹੋ ਸਕਦਾ ਹੈ, ਕਿ ਗੁਰਦੇਵ ਦੀ ਬੋਲੀ ਪੰਜਾਬ ਦੇ ਕੇਂਦਰੀ-ਇਲਾਕੇ ਨਾਲ ਸੰਬੰਧਤ ਹੈ ਅਤੇ ਕੇਂਦਰੀ-ਪੰਜਾਬੀ ਉਤੇ ਗੁਆਂਢੀ ਬੋਲੀਆਂ ਦਾ ਥੋੜ੍ਹਾ ਬਹੁਤਾ ਪ੍ਰਭਾਵ ਪੈ ਜਾਣਾ ਸੁਭਾਵਕ ਹੈ। ਵੈਸੇ ਜਿਉਂ ਜਿਉਂ ਪੱਛਮੀ-ਪੰਜਾਬ ਵਲ ਵਧਦੇ ਜਾਈਏ, ਤਿਉਂ ਤਿਉਂ ਲਹਿੰਦੀ ਅਤੇ ਸਿੰਧੀ ਦਾ ਪ੍ਰਭਾਵ ਸੰਘਣਾ ਹੁੰਦਾ ਜਾਂਦਾ ਹੈ ਅਤੇ ਇਸੇਲਈ ਗੁਰੂ ਨਾਨਕ ਦੀ ਬੋਲੀ ਉਤੇ ਗੁਰੂ ਅਮਰਦਾਸ ਨਾਲੋਂ ਲਹਿੰਦੀ ਅਤੇ ਸਿੰਧੀ ਦਾ ਪ੍ਰਭਾਵ ਵਧੇਰੇ ਗੂੜ੍ਹਾ ਹੈ।

ਅਰਬੀ ਅਤੇ ਫ਼ਾਰਸੀ ਵਾਂਗ ਸਿੰਧੀ ਸ਼ਬਦਾਂ ਨੂੰ ਭੀ **ਗੁਰੂ** ਅਮਰਦਾਸ ਨੇ ਵਿਸ਼ੇਸ਼ ਕਰਕੇ ਤਦਭਵ ਰੂਪ ਵਿੱਚ ਹੀ ਅਪਣਾਇਆ ਜਾਪਦਾ ਹੈ। ਕੁਝ ਇਕ ਤਤਸਮ ਅਤੇ **ਤਦਭਵ** ਸ਼ਬਦਾਂ ਦਾ ਬਿਉਰਾ ਇਸ ਪਰਕਾਰ ਹੈ:-

ਉਬਾਰੈ, ਸਥ, ਸੈਣ, ਕਾਹਾ, ਖੰਨਿਅਹੁ, ਗਹੇਲੀ(ਗਹੇਲੀਏ), ਛਿਜਦੀ, ਜੇਵਡ,
ਠਾਇ, ਠਾਉ, ਡਾਢਾ, ਡਹਿਕਾਇਆ, ਦਝਿ, ਪੈਜ, ਬਾਖੀਆ, ਮਸੁ, ਮੁੰਧ,
ਲਧੀ, ਲੋੜਿ, ਵਣੁ, ਵਾਤਿ, ਵੇਦਨ, ਵੰਞੈ, ਆਦਿਕ ।

ਅਰਬੀ ਅਤੇ ਫ਼ਾਰਸੀ ਵਾਂਗ ਹੀ ਗੁਰੂ ਅਮਰਦਾਸ ਨੇ ਸਿੰਧੀ ਸ਼ਬਦਾਂ ਨੂੰ ਕਿਸੇ ਉਚੇਚ ਦੀ ਥਾਂ ਸਹਿਜ-ਸੁਭਾ ਅਰਥਾਤ ਬਿਨਾ ਕੋਸ਼ਿਸ਼ ਤੋਂ ਵਰਤਿਆ ਜਾਪਦਾ ਹੈ। ਹੇਠ ਲਿਖੀ ਤੁਕ ਵਿੱਚ "ਉਬਾਰੈ" ਨਾਮੀ ਸ਼ਬਦ(ਸਿੰਧੀ ਉਬਾਰੋ ਜਾਂ ਅਉਬਾਰੋ) ਜੋ ਅਜੋਕੀ ਪੰਜਾਬੀ ਵਿੱਚ ਓਪਰਾ ਜਾਪਦਾ ਹੈ, ਗੁਰੂ ਅਮਰਦਾਸ ਦੀ ਬੋਲੀ ਵਿੱਚ ਕਿਵੇਂ ਰਚਿਆ-ਮਿਚਿਆ ਜਾਪਦਾ ਹੈ:-

ਹੇ ਜਨ ਉਬਾਰੈ ਦਬਿਓਹੁ ਸੁਤਿਆ ਗਈ ਵਿਹਾਇ ।

(ਵਾਰ ਸੋਰਠ ਮ:4 ਸ਼ਲੋਕ ਮ:3)[5]

---

1.ਆਦਿ-ਗ੍ਰੰਥ..............ਪੰਨਾ 794
2.ਆਦਿ-ਗ੍ਰੰਥ..............ਪੰਨਾ 794
3.ਆਦਿ-ਗ੍ਰੰਥ..............ਪੰਨਾ 1382
4.ਆਦਿ-ਗ੍ਰੰਥ...............ਪੰਨਾ 794
5.ਆਦਿ-ਗ੍ਰੰਥ..............ਪੰਨਾ 651

## (12) ਮਲਵਈ ਨਾਲ ਸੰਬੰਧ

ਮਲਵਈ ਅਤੇ ਦੁਆਬੀ ਦੀਆਂ ਮੁੱਖ ਵਿਸ਼ੇਸ਼ਤਾਈਆਂ ਵਿੱਚੋਂ ਕੇਵਲ "ਵ" ਤੋਂ "ਬ" ਹੋ ਜਾਣ ਦੀ ਰੁਚੀ ਗੁਰੂ ਅਮਰਦਾਸ ਦੀ ਬੋਲੀ ਵਿੱਚ ਕਿਤੇ ਕਿਤੇ ਨਜ਼ਰ ਆਉਂਦੀ ਹੈ। ਜੇਕਰ ਵਿਗਿਆਨਕ-ਦ੍ਰਿਸ਼ਟੀ ਤੋਂ ਵੇਖਿਆ ਜਾਵੇ, ਤਾਂ ਪ੍ਰਾਚੀਨ ਹਿੰਦ-ਆਰੀਆਈ ਦੇ "ਵ" ਤੋਂ ਪੰਜਾਬੀ ਵਿੱਚ "ਬ" ਹੋ ਜਾਣ ਦੀ ਰੁਚੀ ਕੇਂਦਰੀ-ਪੰਜਾਬੀ (ਗੁਰੂ ਅਮਰਦਾਸ ਦੀ ਬੋਲੀ) ਦੀ ਆਪਣੀ ਵਿਸ਼ੇਸ਼ਤਾਈ ਹੈ ਅਤੇ ਸ਼ੌਰਸੇਨੀ ਦਾ ਪੰਜਾਬੀ ਉੱਤੇ ਪ੍ਰਭਾਵ ਵਿਖਾਉਣ ਸਮੇਂ ਅਸਾਂ ਗੁਰੂ ਅਮਰਦਾਸ ਦੀ ਬੋਲੀ ਵਿੱਚੋਂ ਅਨੇਕਾਂ ਉਦਾਹਰਨਾਂ ਸਹਿਤ ਇਸ ਗੱਲ ਨੂੰ ਸਿੱਧ ਕਰ ਚੁੱਕੇ ਹਾਂ। ਮਲਵਈ ਅਤੇ ਦੁਆਬੀ ਦਾ ਕੇਂਦਰੀ-ਪੰਜਾਬੀ ਨਾਲ ਅੰਤਰ ਇਸ ਕਰਕੇ ਹੈ, ਕਿ ਕੇਂਦਰੀ ਵਿੱਚ ਆਮ ਕਰਕੇ ਜਿੱਥੇ "ਵ" ਹੁੰਦਾ ਹੈ, ਪਹਿਲਾਂ ਕਥਿਤ ਬੋਲੀਆਂ ਵਿੱਚ ਉੱਥੇ "ਬ" ਹੋ ਜਾਂਦਾ ਹੈ। ਤਤਕਾਲ-ਹਵਾਲੇ ਵਜੋਂ ਗੁਰੂ ਅਮਰਦਾਸ ਦੀ ਬੋਲੀ ਵਿੱਚ ਗੋਬਿੰਦ (ਗੋਵਿੰਦ), ਜੋਬਨ (ਯੌਵਨ), ਦਿਬ-ਦ੍ਰਿਸਟਿ (ਦਿਵ੍ਯ-ਦ੍ਰਿਸ਼ਟੀ), ਬਸੰਤ (ਵਸੰਤ), ਬਾਣੀ (ਵਾਣੀ), ਬਿਖਮ (ਵਿਖਮ), ਬਿਰਹਾ (ਵਿਰਹ), ਬਿਰਧ (ਵ੍ਰਿੱਧ), ਬਿਭੂਤਿ (ਵਿਭੂਤਿ), ਬਿਬੇਕ (ਵਿਵੇਕ), ਬੇਦੀ (ਵੇਦੀ), ਬੈਰਾਗੀ (ਵੈਰਾਗੀ), ਬਜਰ-ਕਪਾਟ (ਵਜ੍ਰਕਪਾਟ), ਬਪੁਰਾ (ਵਾਪੁਰਾ), ਬਿਗਤੀ (ਵਿਗਤੀ), ਆਦਿਕ ਸ਼ਬਦਾਂ ਵਿੱਚ "ਬ" ਦੀ ਧੁਨੀ ਪ੍ਰਾਚੀਨ ਹਿੰਦ-ਆਰੀਆਈ ਦੇ ਬ੍ਰੈਕਟਾਂ ਵਿੱਚ ਦਿੱਤੇ "ਵ" ਪ੍ਰਧਾਨ ਸ਼ਬਦਾਂ ਤੋਂ ਬੱਝੇ ਨਿਯਮਾਂ ਅਨੁਸਾਰ ਆਈ ਹੈ। ਸੋ ਅਜਿਹੀ ਪ੍ਰਵਿਰਤੀ ਨੂੰ ਕੇਵਲ ਮਲਵਈ ਜਾਂ ਦੁਆਬੀ ਦੀ ਆਖਣਾ ਠੀਕ ਨਹੀਂ ਹੋਵੇਗਾ। ਵੈਸੇ ਕੇਂਦਰੀ-ਪੰਜਾਬੀ ਵਿੱਚ ਕਈ ਥਾਈਂ ਪ੍ਰਾਚੀਨ ਹਿੰਦ-ਆਰੀਆਈ ਦੇ "ਵ" ਨੂੰ ਉਸੇ ਪ੍ਰਯੋਜਨ ਵਿੱਚ ਰੱਖ ਕੇ ਹੀ ਪ੍ਰਯੋਗ ਕੀਤਾ ਗਿਆ ਹੈ, ਪਰ ਇਸ ਬਾਰੇ ਪੱਕਾ ਜਕੜਬੰਦ ਨਹੀਂ ਲਗਾਇਆ ਜਾ ਸਕਦਾ। ਗੁਰੂ ਅਮਰਦਾਸ ਦੀ ਬੋਲੀ ਵਿੱਚ ਕੇਂਦਰੀ ਜਾਂ ਮਾਝੀ ਦਾ ਪ੍ਰਧਾਨ-ਬੋਲ ਹੋਣ ਕਰਕੇ "ਵ" ਅਤੇ "ਬ" ਦੋਹਾਂ ਦੀ ਵਰਤੋਂ ਮਿਲਦੀ ਹੈ, ਜਿਵੇਂ:-

> ਵਸਤੁ...ਬਸਤੂ, ਵਾਸਨਾ...ਬਾਸਨਾ, ਵਾਦ...ਬਾਦਿ, ਵਾਦੀ ..ਬਾਦੀ, ਵਿਸਟਾ...ਬਿਸਟਾ, ਵਿਕਾਰ...ਬਿਕਾਰ, ਵਿਨਾਸ...ਬਿਨਾਸ, ਵਿਆਸ...ਬਿਆਸ, ਵਿਹਾਇ.....ਬਿਹਾਇ, ਵੇਦ...ਬੇਦ, ਵਿਗਤੀ...ਬਿਗਤੀ, ਵਿਖੜਾ-ਬਿਖੜਾ, ਵਿਕਾਸ...ਬਿਗਾਸਿ, ਵਿਣ....ਬਿਨ, ਵਿਲਮ...ਬਿਲਮ, ਵੀਚਾਰ...ਬੀਚਾਰੁ, ਵੀਰ...ਬੀਰ, ਵਸਾਇ...ਬਸਾਇ, ਵਡਿਆਈ...ਬਡਾਈ, ਵਰਸਤੁ...ਬਰਸਤ, ਵਾਜੇ....ਬਾਜੇ, ਵਸੇਰਾ...ਬਸੇਰਾ, ਵਿਸਾਰਿ....ਬਿਸਾਰਿ, ਵਿਸਥਾਰਿ...ਬਿਸਥਾਰਿ, ਵਿਸਮਾਦ....ਬਿਸਮਾਦ, ਵਿਘਨ.....ਬਿਘਨ, ਵਿਛੜਹਿ...ਬਿਛੁਰਤ, ਵਿਡਾਣੀ...ਬਿਡਾਣੀ, ਆਦਿਕ।

ਆਧੁਨਿਕ ਕੇਂਦਰੀ-ਪੰਜਾਬੀ ਦੇ ਮੁਹਾਵਰੇ ਅਨੁਸਾਰ ਉਪਰੋਕਤ ਸ਼ਬਦਾਂ ਵਿੱਚੋਂ ਬਸਤੂ, ਬਾਸਨਾ, ਬਾਦਿ (ਝਗੜਾ), ਬਾਦੀ, ਬਿਸਟਾ, ਬਿਕਾਰ, ਬਿਆਸ (ਰਿਸ਼ੀ), ਬੀਰ (ਭਰਾ), ਬੇਦ, ਬਿਲਮ, ਬੀਚਾਰ, ਬਸਾਇ, ਬਡਾਈ, ਬਰਸਤ, ਬਾਜੇ, ਬਿਸਾਰਿ, ਬਿਸਥਾਰਿ, ਬਿਸਮਾਦ, ਬਿਘਨੁ, ਬਿਛੁਰਤ, ਬਿਡਾਣੀ, ਆਦਿਕ ਅਜੇਹੀਆਂ ਧੁਨੀਆਂ ਜ਼ਰੂਰ ਮਲਵਈ ਜਾਂ ਦੁਆਬੇ ਦੇ ਇਲਾਕਿਆਂ ਦੀਆਂ ਹਨ। ਪਰ ਮਲਵਈ ਜਾਂ ਦੁਆਬੀ ਦੀ ਪ੍ਰਧਾਨ ਅਗੇਤਰ ਪਰਸਰਗ "ਬਿਚਿ" ਦਾ ਪ੍ਰਯੋਗ ਗੁਰੂ ਅਮਰਦਾਸ ਦੀ ਬਾਣੀ ਵਿੱਚ ਕਿਤੇ ਨਹੀਂ

ਮਿਲਦਾ । ਉਸਦੀ ਥਾਂ "ਵਿਚਿ" ਅਤੇ "ਵਿਚਹੁ" ਆਦਿਕ ਦਾ ਪ੍ਰਯੋਗ ਮਿਲਦਾ ਹੈ, ਜਿਵੇਂ:-

(ੳ) ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ..........(ਸਿਰੀ ਰਾਗ ਮ:3)[1]
(ਅ) ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ।...(" " ")[2]

ਜਿੱਥੋਂ ਤਕ ਦੋ ਸ੍ਵਰਾਂ ਦੇ ਵਿਚਕਾਰ "ਵ" ਤੋਂ "ਮ" ਹੋ ਜਾਣ ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਸਮੁੱਚੀ-ਸ਼ਬਦਾਵਲੀ ਵਿੱਚ ਕੇਵਲ ਦੋ ਸ਼ਬਦ ਅਜਿਹੇ ਮਿਲਦੇ ਹਨ:-ਪ੍ਰਿਥਮੀ ਅਤੇ ਦਸਮੀ । ਦਸਮੀ ਬੇਸ਼ਕ ਸਰਬ-ਪਰਵਾਨ ਤਿਥੀ(ਜਾਂ ਥਿੱਤੀ) ਹੋਣ ਕਰਕੇ ਕੇਂਦਰੀ-ਪੰਜਾਬੀ ਵਿੱਚ ਓਪਰੀ ਨਹੀਂ ਲੱਗਦੀ, ਪਰ ਪ੍ਰਿਥਮੀ ਦਾ ਪ੍ਰਯੋਗ ਜ਼ਰੂਰ ਮਲਵਈ ਦੇ ਮੁਹਾਵਰੇ ਅਨੁਸਾਰ ਹੈ। ਕੇਂਦਰੀ ਵਿੱਚ ਪ੍ਰਿਥਵੀ ਹੋਣਾ ਚਾਹੀਦਾ ਸੀ । ਵੈਸੇ ਦਸਮੀ ਦੇ ਨਾਲ ਨਾਲ ਗੁਰੂ ਅਮਰਦਾਸ ਦੀ ਬੋਲੀ ਵਿੱਚ "ਦਸਵੀ" ਅਤੇ "ਦਸਵਾ"(ਦਸਵੈ) ਆਦਿਕ ਦਾ ਪ੍ਰਯੋਗ ਸਗੋਂ ਬਹੁਤੀ ਵਾਰ ਹੋਇਆ ਹੈ। ਕਈ ਹੋਰ ਥਾਈਂ ਗੁਰੂ ਅਮਰਦਾਸ ਨੇ ਕਿਵ(ਅਜੋਕਾ ਕਿਵੇਂ), ਤਿਵੈ ਅਤੇ ਭਵਰ ਆਦਿਕ ਦਾ ਪ੍ਰਯੋਗ ਨਿਰੋਲ ਕੇਂਦਰੀ ਅਨੁਸਾਰ ਕੀਤਾ ਹੈ। ਮਲਵਈ ਅਨੁਸਾਰ ਉਪਰੋਕਤ ਸ਼ਬਦਾਂ ਦਾ ਰੂਪ ਕਿਮੇਂ, ਤਿਮੇਂ ਅਤੇ ਭਮਰ, ਆਦਿਕ ਹੋਣਾ ਚਾਹੀਦਾ ਸੀ ।

ਇਹ ਆਮ ਕਿਹਾ ਜਾਂਦਾ ਹੈ, ਕਿ ਮਲਵਈ ਵਿੱਚ ਸਮੀਕਰਣ ਦੀ ਰੁਚੀ ਕੇਂਦਰੀ ਨਾਲੋਂ ਵਧੇਰੇ ਜ਼ੋਰਦਾਰ ਹੈ, ਪਰ ਇਸ ਕਥਨ ਦੀ ਪੁਸ਼ਟੀ ਵਿੱਚ ਕੇਵਲ ਪੁੱਤਰ ਤੋਂ ਪੁੱਤ ਆਦਿਕ ਦੀਆਂ ਉਦਾਹਰਨਾਂ ਹੀ ਆਮ ਕਰਕੇ ਦਿੱਤੀਆਂ ਜਾਂਦੀਆਂ ਹਨ। ਗੁਰੂ ਅਮਰਦਾਸ ਦੀ ਬੋਲੀ ਵਿੱਚ ਧੁਨੀ-ਪਰਿਵਰਤਨ ਦੀਆਂ ਵਿਸ਼ੇਸ਼ ਰੁਚੀਆਂ ਬਾਰੇ ਵਿਚਾਰ ਕਰਦਿਆਂ ਅਸੀਂ ਸਮੀਕਰਣ ਦੀ ਰੁਚੀ ਦੀਆਂ ਅਨੇਕਾਂ ਉਦਾਹਰਨਾਂ ਪਿੱਛੇ ਦੇ ਚੁੱਕੇ ਹਾਂ । ਸੋ ਸਮੀਕਰਣ ਦੀ ਰੁਚੀ ਕੇਵਲ ਮਲਵਈ ਦੀ ਮਲਕੀਅਤ ਨਹੀਂ, ਸਗੋਂ ਕੇਂਦਰੀ-ਪੰਜਾਬੀ ਉੱਤੇ ਭੀ ਇਹ ਇੱਕੋ ਜਿਹੀ ਲਾਗੂ ਹੁੰਦੀ ਹੈ। ਜਿੱਥੋਂ ਤਕ ਆਮ ਪ੍ਰਚਲਤ ਸ਼ਬਦਾਂ ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਬਾਣੀ ਵਿੱਚ ਪੁਤ, ਸਪੁਤ, ਕਲਤੁ, ਆਦਿਕ ਦੇ ਨਾਲ ਨਾਲ ਪੁਤ੍ਰ, ਕਲਤ੍ਰ ਆਦਿਕ ਦਾ ਪ੍ਰਯੋਗ ਭੀ ਮਿਲਦਾ ਹੈ। ਉਦਾਹਰਨ ਵਜੋਂ:-

(ੳ) ਖਾਥਾਣੀਆ ਕਹਾਣੀਆ ਪੁਤ ਸਪੁਤ ਕਰੇਨਿ ।.....(ਰਾਮਕਲੀ ਕੀ ਵਾਰ ਮ;3)[3]
(ਅ) ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ।....(ਵਾਰ ਬਿਹਾਗੜਾ ਮ:4 ਸ਼ਲੋਕ ਮ:3)[4]

ਉਪਰੋਕਤ ਦਲੀਲਾਂ ਦੇ ਆਧਾਰ ਤੇ ਇਹ ਸਿੱਧ ਹੋ ਜਾਂਦਾ ਹੈ, ਕਿ ਗੁਰੂ ਅਮਰਦਾਸ ਦੀ ਬੋਲੀ ਉੱਤੇ ਮਲਵਈ ਅਤੇ ਦੁਆਬੀ ਦਾ ਪ੍ਰਭਾਵ ਲਹਿੰਦੀ ਦੇ ਟਾਕਰੇ ਵਿੱਚ ਬਹੁਤ ਮੱਧਮ ਹੈ।

## (13) ਮਾਝੀ ਜਾਂ ਕੇਂਦਰੀ-ਪੰਜਾਬੀ ਦੇ ਪੱਖ ਵਿੱਚ ਹੋਰ ਪ੍ਰਮਾਣ

**ਪਿੱਛੇ** ਅਸਾਂ ਥਾਂ-ਪਰ-ਥਾਂ ਗੁਰੂ ਅਮਰਦਾਸ ਦੀ ਬੋਲੀ ਦਾ ਸਰੂਪ ਮਾਝੀ ਜਾਂ ਕੇਂਦਰੀ ਸਿੱਧ ਕਰਨ ਬਾਰੇ ਅਨੇਕਾਂ ਪ੍ਰਮਾਣ ਦਿੱਤੇ ਹਨ। ਸ਼ੌਰਸੈਨੀ ਦਾ ਪੰਜਾਬੀ ਉੱਤੇ ਪ੍ਰਭਾਵ ਵਿਖਾਉਣ ਸਮੇਂ ਅਤੇ ਪ੍ਰਾਚੀਨ ਹਿੰਦ-

---

1. ਆਦਿ-ਗ੍ਰੰਥ................ਪੰਨਾ 28
2. ਆਦਿ-ਗ੍ਰੰਥ................ਪੰਨਾ 29
3. ਆਦਿ-ਗ੍ਰੰਥ................ਪੰਨਾ 951
4. ਆਦਿ-ਗ੍ਰੰਥ................ਪੰਨਾ 551

**ਆਰੀਆਣੀ** ਤੋਂ ਧੁਨੀ-ਪਰਿਵਰਤਨ ਦੀਆਂ ਵਿਸ਼ੇਸ਼ ਰੁਚੀਆਂ ਦਰਸਾਉਣ ਸਮੇਂ ਅਨੇਕਾਂ ਨਾਂਵ-ਰੂਪਾਂ ਵਲ ਸੰਕੇਤ ਕੀਤਾ ਜਾ ਚੁੱਕਾ ਹੈ, ਜੋ ਕੇਂਦਰੀ-ਪੰਜਾਬੀ ਦੇ ਪ੍ਰਤਿਨਿਧ ਹਨ। ਇਸੇਤਰ੍ਹਾਂ ਲਹਿੰਦੀ, ਮਲਵਈ ਅਤੇ ਕਈ ਦੂਸਰੇ ਇਲਾਕਿਆਂ ਦੀਆਂ ਬੋਲੀਆਂ ਨਾਲ ਗੁਰੂ ਅਮਰਦਾਸ ਦੀ ਬੋਲੀ ਦਾ ਸੰਬੰਧ ਦਰਸਾਉਣ ਸਮੇਂ ਭੀ, ਸਮੇਤ ਵੱਖ ਵੱਖ ਪ੍ਰਤਯਯਾਵਾਂ, ਉਪਸਰਗਾਂ, ਪਰਸਰਗਾਂ ਅਤੇ ਵਿਭਕਤੀਆਂ ਦੇ, ਅਸਾਂ ਗੁਰੂ ਅਮਰਦਾਸ ਦੀ ਬੋਲੀ ਦੇ ਕੇਂਦਰੀ-ਸਰੂਪ ਵਲ ਕਈ ਜ਼ਰੂਰੀ ਸੰਕੇਤ ਕੀਤੇ ਹਨ। ਪਰ ਇਸ ਲੇਖ ਨੂੰ ਸਮਾਪਤ ਕਰਨ ਤੋਂ ਪਹਿਲਾਂ ਕੁਝ ਇਕ ਪ੍ਰਮਾਣ ਹੋਰ ਦੇਣੇ ਭੀ ਅਯੋਗ ਨਹੀਂ ਹੋਣਗੇ ।

ਕੇਂਦਰੀ-ਪੰਜਾਬੀ ਵਿੱਚ ਵਰਤਮਾਨ-ਕਾਲ ਦੀ ਸਹਾਇਕ-ਕ੍ਰਿਆ "ਹੈ" ਅਤੇ ਉਸਦੇ ਬਹੁ-ਵਚਨੀ ਰੂਪ "ਹਹਿ" ਅਤੇ "ਹੈਨਿ" ਤਿੰਨਾਂ ਦਾ ਪ੍ਰਯੋਗ ਗੁਰੂ ਅਮਰਦਾਸ ਦੀ ਬਾਣੀ ਵਿੱਚ ਮਿਲਦਾ ਹੈ, ਜਿਵੇਂ:-

(ੳ) ਸਤਿਗੁਰੁ ਮਨਕਾਮਨਾ ਤੀਰਥੁ ਹੈ ਜਿਸਨੋ ਦੇਇ ਬੁਝਾਇ।...(ਸਿਰੀ ਰਾਗੁ ਮ:3)[1]
(ਅ) ਨਾਨਕ ਆਏ ਸੇ ਪਰਵਾਣੁ ਹਹਿ ਜਿਨ ਗੁਰਮਤੀ ਹਰਿ ਧਿਆਇ ।( " " )[2]
(ੲ) ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ ।(ਸ਼ਲੋਕ ਵਾਰਾਂ ਤੋਂ ਵਧੀਕ)[3]

ਕੇਂਦਰੀ ਵਿੱਚ ਮੁਢਲੇ-ਸ੍ਵਰਾਂ ਦੀ ਵਰਤੋਂ ਕਾਫੀ ਕੀਤੀ ਜਾਂਦੀ ਹੈ ਅਤੇ ਗੁਰੂ ਅਮਰਦਾਸ ਦੀ ਬਾਣੀ ਵਿੱਚ ਭੀ ਉਸਤਤਿ, ਅਸਥਿਰੁ, ਅਸਥੂਲ, ਅਸਨੇਹੁ, ਇਸਨਾਨੁ, ਆਦਿਕ ਸ਼ਬਦਾਂ ਦਾ ਪ੍ਰਯੋਗ ਮਿਲਦਾ ਹੈ।

ਕੇਂਦਰੀ-ਪੰਜਾਬੀ ਵਿੱਚ ਮਲਵਈ ਅਤੇ ਲਹਿੰਦੀ ਦੇ ਉਲਟ (ਪ੍ਰਾਚੀਨ-ਪੰਜਾਬੀ ਵਿੱਚ) ਅਸੀ, ਤੁਸੀ, ਆਦਿਕ ਵਿੱਚ ਬਿੰਦੀ ਦਾ ਲੋਪ ਹੋ ਜਾਂਦਾ ਹੈ ਅਤੇ ਗੁਰੂ ਅਮਰਦਾਸ ਦੀ ਬਾਣੀ ਵਿੱਚ ਉਪਰੋਕਤ ਸ਼ਬਦਾਂ ਤੋਂ ਛੁਟ ਕਈ ਹੋਰ ਥਾਈਂ ਭੀ ਅਨੁਨਾਸਿਕ ਅਰਥਾਤ ਬਿੰਦੀ ਤੇ ਟਿੱਪੀ ਦਾ ਵਰਤੋਂ ਬਹੁਤ **ਘੱਟ** ਹੈ। ਉਦਾਹਰਨ ਵਜੋਂ:-

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ।
(ਸ਼ਲੋਕ ਵਾਰਾਂ ਤੋਂ ਵਧੀਕ)[4]

ਇਸੇਤਰ੍ਹਾਂ ਜਿਉ, ਤਿਉ, ਇਵ, ਕਿਵ, ਕਿਵੇ, ਤਦਹੁ(ਤਦੋਂ), ਅੰਦਰਹੁ(ਅੰਦਰੋਂ), ਆਦਿਕ ਅਨੇਕਾਂ ਸ਼ਬਦਾਂ ਵਿੱਚ ਇਹੋ ਪ੍ਰਵਿਰਤੀ ਚਲ ਰਹੀ ਹੈ।

ਇਸੇਤਰ੍ਹਾਂ "ਲ", "ੜ" ਅਤੇ "ਨ" ਦੇ ਪੈਰੀਂ "ਹ" ਪਾਉਣ ਦੀ ਰੁਚੀ ਭੀ ਕੇਂਦਰੀ-ਪੰਜਾਬੀ ਵਿੱਚ ਘੱਟ ਹੈ, ਜਿਸ਼ਕ ਲਹਿੰਦੀ ਆਦਿਕ ਉਪਭਾਖਾਵਾਂ ਵਿੱਚ ਇਸਦਾ ਪ੍ਰਯੋਗ ਬਹੁਤ ਹੈ। ਗੁਰੂ ਅਮਰਦਾਸ ਦੀ ਬਾਣੀ ਵਿੱਚ ਕੇਂਦਰੀ-ਪੰਜਾਬੀ ਦੀ ਪ੍ਰਵਿਰਤੀ ਹੀ ਪ੍ਰਧਾਨ ਹੈ, ਜਿਵੇਂ: ਗਾਲਿ(ਗਾਲ੍ਹ-ਮੰਦਾ), ਗੜ੍ਹ(ਕਿਲ੍ਹਾ), ਗੜਮੰਦਰੁ, ਗੂੜੀ, ਦਾੜੀਆ(ਦਾੜ੍ਹੀ ਦਾ ਬਹੁ-ਵਚਨ), ਦ੍ਰਿੜ, ਮੂੜ(ਮੂਰਖ), ਗੁੜਲਾ, ਜਿਨਾ(ਜਿਨ੍ਹਾਂ), ਤਿਨਾ(ਤਿਨ੍ਹਾਂ), ਕਿਨਿ(ਕਿਨ੍ਹੇ), ਆਦਿਕ ।

ਕੇਂਦਰੀ-ਪੰਜਾਬੀ ਵਿੱਚ ਬੇਸ਼ਕ ਲਹਿੰਦੀ ਦੇ ਪ੍ਰਭਾਵ ਹੇਠ ਕਈ ਵਾਰ "ੜ" ਦੀ ਵਾਧੂ ਵਰਤੋਂ ਦੀ ਰੁਚੀ ਭੀ ਨਜ਼ਰ ਆਉਂਦੀ ਹੈ(ਵੇਖੋ:ਗੁਰੂ ਅਮਰਦਾਸ ਦੀ ਬੋਲੀ ਦੀਆਂ ਕਾਵਿਕ-ਵਿਸ਼ੇਸ਼ਤਾਈਆਂ), ਪਰ

---

1.ਆਦਿ-ਗ੍ਰੰਥ............ਪੰਨਾ 26
2.ਆਦਿ-ਗ੍ਰੰਥ............ਪੰਨਾ 28
3.ਆਦਿ-ਗ੍ਰੰਥ............ਪੰਨਾ 1415
4.ਆਦਿ-ਗ੍ਰੰਥ............ਪੰਨਾ 1416

ਕਈ ਵਾਰ ਇਸ ਵਿੱਚ ਸੁਆਇਦ ਪੂਰਬੀ-ਪੰਜਾਬੀ ਦੇ ਪ੍ਰਭਾਵ ਹੇਠਾਂ "ੜ" ਅਤੇ "ਰ" ਵਿੱਚ ਅਦਲ-ਬਦਲੀ ਹੋ ਜਾਂਦੀ ਹੈ, ਜਿਵੇਂ:-

(ੳ) ਹਰਿ ਹਰਿ ਬਖਸਿ ਮਿਲਾਇ ਪ੍ਰਭ ਜਨੁ ਨਾਨਕ ਕੀਰਾ ।
(ਗਉੜੀ ਬੈਰਾਗਣਿ ਮ:3)[1]

(ਅ) ਮਞਦੁ ਚੀਨਿ ਫਿਰਿ ਲਗੈ ਨ ਪੀਰ ।......(ਬਿਲਾਵਲ ਮ:3)[2]

ਇਸੇਤਰ੍ਹਾਂ ਕਈ ਹੋਰ ਸ਼ਬਦ, ਜਿਵੇਂ:ਜੇਵਰੀ(ਜੇਵੜੀ), ਝਗਰਾ(ਝਗੜਾ), ਪਰੇ(ਭੂਲ ਪੜੇ), ਆਦਿਕ ਪੇਸ਼ ਕੀਤੇ ਜਾ ਸਕਦੇ ਹਨ। ਇਹ ਰੁਚੀ ਕੇਂਦਰੀ-ਇਲਾਕੇ ਦੇ ਦੂਸਰੇ ਗੁਰੂ-ਕਵੀਆਂ:ਗੁਰੂ ਨਾਨਕ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਆਦਿਕ ਵਿੱਚ ਭੀ ਕਿਧਰੇ ਕਿਧਰੇ ਵਿਖਾਈ ਦਿੰਦੀ ਹੈ। ਪਰ ਕੇਂਦਰੀ ਜਾਂ ਮਾਝੀ ਦੀ ਇਹ ਵਿਸ਼ੇਸ਼ਤਾ ਹੈ, ਕਿ ਇਸ ਵਿੱਚ ਪੂਰਬੀ ਅਤੇ ਪੱਛਮੀ ਦੋਹਾਂ ਦੀਆਂ ਲਿਸ਼ਕਾਂ ਹਨ। ਉਦਾਹਰਨ ਵਜੋਂ ਗੁਰੂ ਅਮਰਦਾਸ ਦੇ ਉਪਰੋਕਤ "ਰ" ਪ੍ਰਧਾਨ ਸ਼ਬਦਾਂ ਦੇ ਸਮਾਨ-ਭਾਵੀ ਸ਼ਬਦ "ੜ" ਨਾਲ ਲਿਖੇ ਹੋਏ ਭੀ ਆਦਿ-ਗ੍ਰੰਥ ਵਿੱਚ ਮਿਲਦੇ ਹਨ, ਜਿਵੇਂ:ਕੀੜਾ, ਪੀੜ, ਜੇਵੜੀ, ਝਗੜਾ, ਪੜੇ, ਆਦਿਕ ।

ਦਾ, ਦੇ, ਦੀ, ਦੀਆ(ਦੀਆਂ) ਅਤੇ ਨੋ(ਨੂੰ), ਨਉ, ਨਾਲਿ, ਸੰਦੜਾ, ਆਦਿਕ ਸੰਬੰਧਕੀ-ਰੂਪਾਂ ਜਾਂ ਪਰਸਰਗਾਂ ਤੋਂ ਛੁੱਟ ਕੇਂਦਰੀ ਦੇ ਕ੍ਰਿਆ-ਰੂਪਾਂ ਵਿੱਚ ਭੀ "ਦ" ਸਥਿਰ ਰਹਿੰਦਾ ਹੈ। ਗੁਰੂ ਅਮਰਦਾਸ ਦੀ ਸ਼ਬਦਾਵਲੀ ਵਿੱਚੋਂ "ਦ" ਪ੍ਰਧਾਨ ਕ੍ਰਿਆ-ਰੂਪਾਂ ਦੀਆਂ ਕੁਝ ਉਦਾਹਰਣਾਂ ਇਸ ਪਰਕਾਰ ਹਨ:-

ਸੁਣਦਾ, ਸੁਣਦੇ, ਸੇਵਦੇ, ਸੋਹਦੇ, ਹੋਦਾ, ਕਹਦੇ, ਕਹਾਵਦੇ, ਕਮਾਵਦੀਆ, ਕਰਦਾ, ਕਰਦੇ, ਫਿਰਦਾ, ਬਿਨਸਦਾ, ਬਿਨਸਦੀ, ਖੋਜਦੇ, ਚਲਦਿਆ, ਬਹਦਿਆ, ਭਰਮਦੇ, ਬਿਲਲਾਦੀ, ਪਛਾਣਦੀ, ਭਾਵਦੇ, ਰਖਦਾ, ਲਿਖਦਿਆ, ਮਿਲਦੇ, ਲੋਚਦੀ, ਲੋਚਦੇ, ਵਿਗਸਦਾ, ਕਹਾਇਦਾ, ਕਰਾਇਦਾ, ਧਿਆਇਦਾ, ਦ੍ਰਿੜਾਇਦਾ, ਪਛੁਤਾਇਦਾ,ਪੀੜਾਇਦਾ, ਪਾਇਦਾ, ਭਰਮਾਇਦਾ, ਮਲਾਇਦਾ, ਭਾਇਦਾ, ਆਦਿਕ ।

ਹੇਠ ਲਿਖੇ ਪੜਨਾਂਵ, ਸੰਖਿਅਕ ਵਿਸ਼ੇਸ਼ਣ, ਕ੍ਰਿਆ-ਵਿਸ਼ੇਸ਼ਣ, ਅਵਯ ਅਤੇ ਸੰਬੋਧਨ, ਜਿਨ੍ਹਾਂ ਦਾ ਪ੍ਰਯੋਗ ਗੁਰੂ ਅਮਰਦਾਸ ਦੀ ਬਾਣੀ ਵਿੱਚ ਅਣਗਿਣਤ ਵਾਰ ਹੋਇਆ ਹੈ, ਨਿਰੋਲ ਮਾਝੀ ਦੇ ਸ਼ਬਦ ਹਨ ਅਤੇ ਗੁਰੂ ਅਮਰਦਾਸ ਦੀ ਸ਼ੈਲੀ ਨੂੰ ਕੇਂਦਰੀ ਸਿੱਧ ਕਰਨ ਲਈ ਇਨ੍ਹਾਂ ਦਾ ਬੜਾ ਮਹੱਤਵ ਹੈ:-

ਓਹੁ, ਓਨਾ, ਓਨੀ, ਓਸੁ, ਇਹ, ਏਹਾ, ਏਹੋ, ਅਸੀ, ਆਪ, ਆਪੇ, ਆਪਣਾ, ਆਪਣੀ, ਇਸ, ਜਿਸ, ਕਿਸ, ਤਿਸ, ਏਨਾ(ਇਨ੍ਹਾਂ), ਜਿਨੀ, ਜਿਨਾ, ਤਿਨੀ, ਤਿਨਾ, ਸਭ, ਸਭਨਾ, ਸਭਨੀ, ਸਭੇ, ਕਿਸੇ, ਕਿਸਹਿ, ਕਿਨੇਹੀ, ਕਿਵੈ, ਕੇਹਾ, ਜੇਹਾ, ਤੁਧ, ਤੇਰਾ, ਤੇਰਿਆ, ਤੇਰੈ, ਕਦਹੁ, ਤਦਿ, ਤਦੋਂ, ਤਦਹੁ, ਏਥਹੁ, ਓਥੈ, ਅਗੈ, ਅੰਦਰਿ, ਅੰਦਰਹੁ, ਇਕਥੈ, ਹੋਰਥੈ, ਇਉ, ਇਵ, ਕਿਵ, ਏਵ, ਇਵੇਹਾ, ਸਦ, ਸਦਾ, ਹੁਣਿ, ਕਿਥੈ, ਕਿਥਹੁ, ਜਿਉ, ਤਿਉ, ਜਿਥੇ, ਨਾਲਿ, ਨਾਲੇ, ਨਾਲਹੁ, ਸਣੁ(ਸਣੇ), ਸਿਉ, ਹੇ, ਹੋਰ, ਹੋਰੀ, ਜੀਉ, ਭੀ, ਓਏ, ਜੀ(ਅਤੇ ਜੀਤੁ),ਭਾਈ, ਵੇ ਲੋਕਾ, ਮੁਈਏ(ਮੋਈਏ), ਇਕ, ਇਕੀਹ, ਦੂਜਾ, ਤ੍ਰੈ, ਸਤ(ਸੌਤ), ਅਠ, ਅਠਸਠਿ, ਅਠਾਰਹ, ਦਸਵਾ, ਦਸਵੀ, ਆਦਿਕ ।

ਅਖੀਰ ਤੇ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਉਨ੍ਹਾਂ ਦੇ ਕੇਂਦਰੀ-ਬੋਲ ਦੀ ਪੁਸ਼ਟੀ ਲਈ ਕੁਝ ਇਕ

1.ਆਦਿ-ਗ੍ਰੰਥ..................ਪੰਨਾ 163
2.ਆਦਿ-ਗ੍ਰੰਥ..................ਪੰਨਾ 842

ਤੁਕਾਂ ਪੇਸ਼ ਕੀਤੀਆਂ ਜਾਂਦੀਆਂ ਹਨ :-

(ੳ) ਸਭ ਕਿਛ ਸੁਣਦਾ ਵੇਖਦਾ ਕਿਉ ਮੁਕਰਿ ਪਾਇਆ ਜਾਇ ।
(ਸਿਰੀ ਰਾਗੁ ਮ:3)[1]

(ਅ) ਕਹਦੇ ਪਵਿਤੁ ਸੁਣਦੇ ਪਵਿਤ......(ਰਾਮਕਲੀ ਮ:3)[2]

(ੲ) ਭਗਤਾ ਦੀ ਸਦਾ ਤੂੰ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ।
(ਸੋਰਠ ਮ:3)[3]

(ਸ) ਹਰਿ ਜੀਉ ਸਬਦੇ ਜਾਪਦਾ ਭਾਈ ਪੂਰੈ ਭਾਗਿ ਮਿਲਾਇ ।
(ਸੋਰਠ ਮ:3)[4]

(ਹ) ਬਹਦਿਆ ਉਠਦਿਆ ਨਿਤ ਧਿਆਈਐ ਸਦਾ ਸਦਾ ਸੁਖੁ ਹੋਇ ।
ਨਾਨਕ ਅੰਮ੍ਰਿਤੁ ਸਦ ਹੀ ਵਰਸਦਾ ਗੁਰਮੁਖਿ ਦੇਵੈ ਹਰਿ ਸੋਇ ।
(ਵਾਰ ਮਲਾਰ ਮ:1 ਸ਼ਲੋਕ ਮ:3)[5]

(ਕ) ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ ।
(ਸੋਰਠ ਮ:3)[6]

(ਖ) ਵਡਾ ਦਾਤਾ ਗੁਰਮੁਖਿ ਜਾਤਾ ਨਿਗੁਰੀ ਅੰਧ ਫਿਰੈ ਲੋਕਾਈ ।
(ਰਾਮਕਲੀ ਮ:3)[7]

(ਗ) ਬਾਬੀਹਾ ਜਿਸਨੋ ਤੂ ਪੁਕਾਰਦਾ ਤਿਸਨੋ ਲੋਚੈ ਸਭੁ ਕੋਇ ।
(ਵਾਰ ਮਲਾਰ ਮ:1 ਸ਼ਲੋਕ ਮ:3)[5]

(ਘ) ਲੋਕਾ ਵੇ ਹਉ ਸੂਹਵੀ ਸੂਹਾ ਵੇਸ ਕਰੀ ।
(ਵਾਰ ਸੂਹੀ ਕੀ ਮ:3)[8]

(ਙ) ਸੇਖਾ ਚਉਚਕਿਆ ਚਉਵਾਣਿਆ ਏਹੁ ਮਨੁ ਇਕਤੁ ਘਰਿ ਆਣਿ ।
ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ ।
(ਵਾਰ ਸੋਰਠ ਮ:4 ਸ਼ਲੋਕ ਮ:3)[9]

## (14) ਗੁਰੂ ਅਮਰਦਾਸ ਦੀ ਬੋਲੀ ਵਿੱਚ ਸ਼ਬਦ-ਬਣਤਰ

ਗੁਰੂ ਅਮਰਦਾਸ ਦੀ ਬੋਲੀ ਵਿੱਚ ਨਾਂਵ-ਰੂਪਾਂ ਅਤੇ ਕ੍ਰਿਆ-ਰੂਪਾਂ ਦੀ ਬਣਤਰ ਵਿੱਚ ਤਦਭਵ-ਰੁਚੀ ਹੀ ਪ੍ਰਧਾਨ ਹੈ। ਸੰਸਕ੍ਰਿਤ, ਅਰਬੀ, ਫ਼ਾਰਸੀ, ਆਦਿਕ ਭਾਸ਼ਾਵਾਂ ਰਾਹੀਂ ਆਏ ਅਨੇਕਾਂ ਸ਼ਬਦਾਂ ਦੇ ਧੁਨੀ-ਪਰਿਵਰਤਨ ਬਾਰੇ ਪਿੱਛੇ ਵਿਸਥਾਰ ਸਹਿਤ ਵਿਚਾਰ ਕੀਤੀ ਜਾ ਚੁੱਕੀ ਹੈ। ਇੱਥੇ ਕੇਵਲ ਪ੍ਰਤਯਾਵਾਂ, ਉਪਸਰਗਾਂ, ਸ਼ਬਦਾਂਤਿਕ ਲਗਾਂ-ਮਾਤ੍ਰਾਂ, ਵਿਭਕਤੀਆਂ ਅਤੇ ਪਰਸਰਗਾਂ ਦਾ ਉਲੇਖ ਕਰਨ ਉਪਰੰਤ

---

1. ਆਦਿ-ਗ੍ਰੰਥ..............ਪੰਨਾ 36
2. ਆਦਿ-ਗ੍ਰੰਥ..............ਪੰਨਾ 919
3. ਆਦਿ-ਗ੍ਰੰਥ..............ਪੰਨਾ 637
4. ਆਦਿ-ਗ੍ਰੰਥ..............ਪੰਨਾ 639
5. ਆਦਿ-ਗ੍ਰੰਥ..............ਪੰਨਾ 1281
6. ਆਦਿ-ਗ੍ਰੰਥ..............ਪੰਨਾ 637
7. ਆਦਿ-ਗ੍ਰੰਥ..............ਪੰਨਾ 912
8. ਆਦਿ-ਗ੍ਰੰਥ..............ਪੰਨਾ 786
9. ਆਦਿ-ਗ੍ਰੰਥ..............ਪੰਨਾ 646

ਕੁਝ ਇਕ ਕ੍ਰਿਆ-ਰੂਪਾਂ ਦੀ ਵਿਸ਼ੇਸ਼ਤਾ ਨੂੰ ਭੀ ਉਜਾਗਰ ਕੀਤਾ ਜਾਵੇਗਾ ।

(ੳ) <u>ਪ੍ਰਤਯਯਾਵਾਂ</u>

ਗੁਰੂ ਅਮਰਦਾਸ ਦੀ ਸ਼ਬਦਾਵਲੀ ਵਿੱਚ ਵਿਸ਼ੇਸ਼ ਕਰਕੇ ਹੇਠ ਲਿਖੀਆਂ ਪ੍ਰਤਯਯਾਵਾਂ ਦੀ ਵਰਤੋਂ ਕੀਤੀ ਗਈ ਜਾਪਦੀ ਹੈ:-

| ਪ੍ਰਤਯਯਾਵਾਂ | ਗੁਰੂ ਅਮਰਦਾਸ ਦੀ ਬੋਲੀ |
|---|---|
| (1) ਇਆਈ: | ਵਡਿਆਈ |
| (2) ਵੰਤ/ਵੰਤੀ: | ਧਨਵੰਤ, ਕੁਲਵੰਤੀ, ਸ਼ੋਭਾਵੰਤੀ । |
| (3) ਕਾਰੁ/ਕਾਰੀ: | ਗੁਣਕਾਰੀ |
| (4) ਆਲ: | ਦਇਆਲ |
| (5) ਧਾਰੀ: | ਮਾਇਆਧਾਰੀ, ਭੇਖਧਾਰੀ, ਮੋਨਧਾਰੀ । |
| (6) ਵਾਂ: | ਦਸਵਾ (ਬਿੰਦੀ ਲੋਪ) । |
| (7) ਵੀ: | ਸੂਹਵੀ |
| (8) ਹਾਰ/ਹਾਰਾ: | ਕਾਟਣਹਾਰਾ, ਜੀਵਾਲਣਹਾਰਾ, ਤੋਲਣਹਾਰਾ, ਨਿਵਾਰਣਹਾਰਾ, ਭੋਗਣਹਾਰਾ, ਸਿਰਜਨਹਾਰਿ, ਪੀਆਵਣਹਾਰੁ, ਪੁਜਾਵਣਹਾਰੁ, ਪਰਖਣਹਾਰ, ਮੇਲਣਹਾਰ, ਆਦਿਕ। |
| (9) ਵਾਨ: | ਮਿਹਰਵਾਨ |
| (10) ਹੀਣ: | ਧਨਹੀਣੁ |

(ਅ) <u>ਉਪਸਰਗਾਂ</u>

ਜਿਵੇਂ ਪ੍ਰਤਯਯਾਵਾਂ ਪਿਛੇਤਰ **ਬਣ** ਕੇ ਲਗਦੀਆਂ ਹਨ, **ਤਿਵੇਂ** ਉਪਸਰਗਾਂ ਅਗੇਤਰ ਆਣ ਖਲੋਂਦੀਆਂ ਹਨ। ਗੁਰੂ ਅਮਰਦਾਸ ਦੀ ਬੋਲੀ ਵਿੱਚ ਤਤਸਮ ਅਤੇ **ਤਦ**ਭਵ ਦੋਹਾਂ ਰੂਪਾਂ ਦੀਆਂ ਉਪਸਰਗਾਂ ਮਿਲਦੀਆਂ ਹਨ, ਜਿਵੇਂ:-

(1) <u>ਤਤਸਮ-ਉਪਸਰਗਾਂ:-</u>

| | |
|---|---|
| (1) ਪ੍ਰ: | ਪ੍ਰਸਾਦਿ, ਪ੍ਰਗਟਿਆ, ਪ੍ਰਗਾਸ, ਆਦਿਕ । |
| (2) ਅਵ: | ਅਵਗਣ, ਅਵਿਕਾਰ, ਅਵਿਨਾਸੀ । |
| (3) ਵਿ: | ਵਿਉਪਾਇ, ਵਿਕਾਰ, ਵਿਗੋਈ, ਵਿਮੁਖ, ਆਦਿਕ । |
| (4) ਸੁ: | ਸੁਥਾਨਿ, ਸੁਧਾਖਰੁ, ਸੁਭਰਤਾਲ, ਸੁਭਾਖਿਆ, ਸੁਲਖਣੀ, ਸੁਗੰਧ, ਆਦਿਕ । |
| (5) ਨਿਰ: | ਨਿਰਗੁਣ, ਨਿਰਧਨ, ਨਿਰਭਉ, ਨਿਰਵੈਰ, ਨਿਰੰਕਾਰ, ਨਿਰੰਜਨ, ਨਿਰਾਸਾ, ਨਿਰਮਲ, ਨਿਖੰਜਨ, ਆਦਿਕ । |
| (6) ਕੁ: | ਕੁਮਤਲ, ਕੁਸਤੁ, ਕੁਸੁਧ, ਕੁਸੰਗਤਿ, ਕੁਚਜੀ, ਕੁਚਲ-ਕੁਚੀਲ, ਕੁਥਾਇ, ਕੁਨਾਰਿ, ਕੁਮਾਰਗਿ, ਕੁਰੂਪਿ, ਕੁਲਖਣੀ, ਆਦਿਕ । |
| (7) ਬੇ (ਵਿਦੇਸ਼ੀ):- | ਬੇਅੰਤ, ਬੇਤਾਲੇ, ਬੇਪਰਵਾਹਾ, ਆਦਿਕ । |

(2) <u>ਤਦਭਵ-ਉਪਸਰਗਾਂ :-</u>

(1) ਅਉ: ਅਉਗਣ

(2) ਵੇ: ਵੇਪਰਵਾਹਾ, ਵੇਚਾਰਾ(ਵੇਚਾਰਿਆ), ਆਦਿਕ ।

(3) ਪਰ: ਪਰਥਾਇ, ਪਰਕਿਰਤਿ, ਪਰਨਿੰਦਾ, ਪਰਪਿਰੁ, ਪਰਪੁਰਖ, ਪਰਭਵਣ, ਆਦਿਕ ।

(4) ਦੁ: ਦੁਆਦਸੀ

(5) ਨਿ: ਨਿਸੰਗੁ, ਨਿਗੁਣਿਆ, ਨਿਖੁਟੈ, ਨਿਗੁਰਾ, ਨਿਮਾਣਾ, ਆਦਿਕ ।

(6) ਅਣ: ਅਣਹੋਦਾ, ਅਣਚਾਰੀ ।

(7) ਨਿਹ: ਨਿਹਫਲ, ਨਿਹਚਲ, ਨਿਹਕਰਮੀ, ਨਿਹਕੰਟਕ, ਨਿਹਕੇਵਲ, ਆਦਿਕ ।

(8) ਸ: ਸਭਾਗੈ, ਸਬਲ, ਸਰੂਪੁ, ਆਦਿਕ ।

(ੲ) <u>ਸ਼ਬਦਾਂਤਿਕ ਲਗਾਂ-ਮਾਤ੍ਰਾਂ</u>

ਬੇਸ਼ੁਕ ਆਧੁਨਿਕ ਪੰਜਾਬੀ ਵਿੱਚ ਸ਼ਬਦਾਂਤਿਕ ਲਗਾਂ-ਮਾਤ੍ਰਾਂ ਦਾ ਪ੍ਰਯੋਗ ਨਾ ਹੋਣ ਦੇ ਬਰਾਬਰ ਹੈ, ਪਰ ਪ੍ਰਾਚੀਨ-ਪੰਜਾਬੀ ਵਿਸ਼ੇਸ਼ ਕਰਕੇ ਗੁਰਬਾਣੀ ਵਿੱਚ ਇਨ੍ਹਾਂ ਦੀ ਵਰਤੋਂ ਬੱਝਵੇਂ ਨਿਯਮਾਂ ਅਨੁਸਾਰ ਹੋਈ ਜਾਪਦੀ ਹੈ। ਇਨ੍ਹਾਂ ਨਿਯਮਾਂ ਬਾਰੇ ਬੇਸ਼ੁਕ ਪ੍ਰੋ: ਸਾਹਿਬ ਸਿੰਘ[1] ਅਤੇ ਪ੍ਰਿੰ: ਤੇਜਾ ਸਿੰਘ[2] ਆਦਿਕ ਵਿਦਵਾਨਾਂ ਨੇ ਕਾਫ਼ੀ ਖੋਜ ਕੀਤੀ ਹੈ, ਪਰ ਅਜੇ ਤਕ ਇਹ ਖੋਜ ਮੁਕੰਮਲ ਨਹੀਂ ਹੋਈ ।

ਜਿੱਥੋਂ ਤਕ ਗੁਰੂ ਅਮਰਦਾਸ ਦੀ ਬਾਣੀ ਦਾ ਸੰਬੰਧ ਹੈ, ਇਸ ਵਿੱਚ ਸ਼ਬਦਾਂਤਿਕ ਲਗਾਂ-ਮਾਤ੍ਰਾਂ ਦਾ ਪ੍ਰਯੋਗ ਦੂਸਰੇ ਗੁਰੂ ਸਾਹਿਬਾਨ ਦੀ ਬਾਣੀ ਅਨੁਸਾਰ ਹੀ ਹੈ। ਕਾਰਕੀ-ਚਿੰਨ੍ਹਾਂ ਤੋਂ ਛੁੱਟ ਇਹ ਲਗਾਂ-ਮਾਤ੍ਰਾਂ ਲਿੰਗ, ਵਚਨ, ਪੁਰਖ ਅਤੇ ਕਾਲ, ਆਦਿਕ ਬਾਰੇ ਭੀ ਸੰਕੇਤ ਕਰਦੀਆਂ ਹਨ। ਇਨ੍ਹਾਂ ਦੀ ਵਰਤੋਂ ਬਾਰੇ ਭਰੋਸੇ-ਯੋਗ ਜਾਣਕਾਰੀ ਤੋਂ ਬਿਨਾ ਗੁਰਬਾਣੀ ਦੇ ਸ਼ੁੱਧ-ਅਰਥ ਸਮਝਣੇ ਅਸੰਭਵ ਹਨ। ਕਿਸੇ ਹੱਦ ਤਕ ਇਨ੍ਹਾਂ ਦੀ ਵਰਤੋਂ ਬੋਲੀ ਨੂੰ ਸੰਜੋਗਾਤਮਿਕ ਭੀ ਬਣਾਉਂਦੀ ਹੈ। ਉਦਾਹਰਨ ਵਜੋਂ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਹੇਠ ਲਿਖੀ ਤੁਕ ਦੇ ਅਰਥਾਂ ਬਾਰੇ ਬ੍ਰੈਕਟਾਂ ਵਿੱਚ ਦਿੱਤੇ ਸ਼ਬਦ ਕੇਵਲ ਲਗਾਂ-ਮਾਤ੍ਰਾਂ ਵਲੋਂ ਸੰਕੇਤ ਕੀਤੇ ਗਏ ਹਨ:-

ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰਚਰਣੀ ਚਿਤੁ ਲਾਇ ।
(ਸਿਰੀ ਰਾਗੁ ਮ:3)[3]

ਸ਼ਬਦਾਰਥ:- "ਜਿਨ੍ਹਾਂ (ਨੇ) ਗੁਰੂ (ਦੇ) ਚਰਨਾਂ (ਵਿੱਚ) ਚਿਤ (ਨੂੰ) ਲਗਾ (ਕੇ) ਹਰੀ-ਨਾਮ (ਦੇ) ਹਾਰ (ਨੂੰ) ਗਲੇ (**ਵਿੱਚ**) ਪਹਿਨਿਆ ਹੈ............."

ਬੇਸ਼ੁਕ ਸ਼ਬਦਾਂਤਿਕ ਲਗਾਂ-ਮਾਤ੍ਰਾਂ ਬਾਰੇ ਇੱਥੇ ਵਿਸਥਾਰ ਵਿੱਚ ਜਾਣੀ ਦੀ ਗੁੰਜਾਇਸ਼ ਨਹੀਂ, ਫੇਰ ਭੀ ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ ਕੁਝ ਇਕ ਸੰਕੇਤ ਪੇਸ਼ ਕਰਨੇ ਅਯੋਗ ਨਹੀਂ ਹੋਣਗੇ, ਜਿਵੇਂ:-

---

1. ਪ੍ਰੋ: ਸਾਹਿਬ ਸਿੰਘ- ਗੁਰਬਾਣੀ ਵਿਆਕਰਣ
2. ਪ੍ਰਿੰ: ਤੇਜਾ ਸਿੰਘ- ਸ਼ਬਦਾਂਤਿਕ ਲਗਾਂ-ਮਾਤ੍ਰਾਂ
3. ਆਦਿ-ਗ੍ਰੰਥ.........ਪੰਨਾ 26

(ੳ) <u>ਮੁਕਤਾ:-</u>

ਮੁਕਤਾ-ਅੰਤ ਨਾਂਵ ਆਮ ਕਰਕੇ ਬਹੁਵਚਨੀ ਹੁੰਦੇ ਹਨ ਅਤੇ ਇਸਦੇ ਉਲਟ ਔਂਕੜ-ਅੰਤ ਨਾਂਵ ਇਕ-ਵਚਨੀ, ਜਿਵੇਂ ਹੇਠ ਲਿਖੀਆਂ ਤੁਕਾਂ ਵਿੱਚ "ਜਨ" ਅਤੇ "ਜਨੁ" ਦਾ ਪ੍ਰਯੋਗ:-

(ੳ) ਮਨੁ ਅਸਾਧੁ ਸਾਧੈ ਜਨੁ ਕੋਇ ।...............(ਗਉੜੀ ਗੁਆਰੇਰੀ ਮ:3)[1]
(ਅ) ਸੇ ਜਨ ਸਾਚੇ ਜੋ ਗੁਰਸਬਦਿ ਮਿਲਾਇ।........( " " " )[1]

ਇਸੇਤਰ੍ਹਾਂ ਇਸਤ੍ਰੀ-ਲਿੰਗ ਨਾਵਾਂ ਦੇ ਅੰਤ ਔਂਕੜ ਦੀ ਥਾਂ ਆਮ ਕਰਕੇ ਮੁਕਤਾ ਹੀ ਹੁੰਦਾ ਹੈ, ਜਿਵੇਂ ਦੇਹ, ਸਾਰ, ਵਾਰ, ਆਸ, ਕਲਮ, ਵਾਟ, ਆਦਿਕ । ਉਂਜ ਸੰਬੰਧ-ਕਾਰਕ ਵਿੱਚ ਭੀ ਸੰਬੰਧੀ-ਨਾਵਾਂ ਦੇ ਅੰਤਲੇ-ਅੱਖਰ ਨਾਲੋਂ ਔਂਕੜ ਲਹਿ ਕੇ ਆਮ ਕਰਕੇ ਮੁਕਤਾ ਹੋ ਜਾਂਦਾ ਹੈ, ਜਿਵੇਂ: ਮੋਖਦੁਆਰ(ਮੁਕਤੀ ਦਾ ਦਰਵਾਜ਼ਾ), ਗੁਰਬਾਣੀ(ਗੁਰੂ ਦੀ ਬਾਣੀ), ਆਦਿਕ ।

(ਅ) <u>ਕੰਨਾ:-</u>

ਨਾਂਵ-ਰੂਪਾਂ ਵਿੱਚ ਕੰਨਾ ਬਹੁ-ਵਚਨ ਦਾ ਸੂਚਕ ਹੈ, ਜਿਵੇਂ ਹੇਠ ਲਿਖੀਆਂ ਤੁਕਾਂ ਵਿੱਚ "ਸਾਖਾ" ਅਤੇ "ਸੰਤਾ" ਦਾ ਪ੍ਰਯੋਗ:-

(ੳ) ਸਾਖਾ ਤੀਨਿ ਨਿਵਾਰੀਆਂ.....................(ਸਿਰੀ ਰਾਗੁ ਮ:3)[2]
(ਅ) ਸੰਤਾ ਸੰਗਤਿ ਮਿਲਿ ਰਹੈ......................( " " " )[3]

(ੲ) <u>ਸਿਹਾਰੀ:-</u>

ਸਮੁੱਚੀ-ਗੁਰਬਾਣੀ ਵਿੱਚ ਸਿਹਾਰੀ ਦੀ ਵਰਤੋਂ **ਸਭ** ਤੋਂ ਵਧੀਕ ਵਿਆਕਰਣਕ-ਰੂਪਾਂ ਨੂੰ ਉਜਾਗਰ ਕਰਦੀ ਜਾਪਦੀ ਹੈ, ਜਿਵੇਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਭੀ:-

(1) ਕਰਤਾ-ਕਾਰਕ ਦੀ ਨਿਸ਼ਾਨੀ ਵਜੋਂ, ਜਿਵੇਂ ਹੇਠ ਲਿਖੀ ਤੁਕ ਵਿੱਚ ਸਹਿ=ਸਹ ਨੇ:-
ਗੁਰਸਬਦੀ ਸੀਗਾਰੀਆ ਅਪਣੇ ਸਹਿ ਲਈਆ ਮਿਲਾਇ ।
(ਆਸਾ ਮ:3)[4]

(2) ਸਥਾਨ-ਵਾਚੀ ਸੰਬੰਧਕੀ-ਪਦਾਂ ਦੇ ਅੰਤ, ਜਿਵੇਂ: ਵਿਚਿ, ਊਪਰਿ, ਬਾਹਰਿ, ਅੰਦਰਿ, ਨਾਲਿ, ਨਜੀਕਿ, ਪਾਰਿ, ਆਦਿਕ ।

(3) ਇਕਵਚਨੀ-ਨਾਵਾਂ ਦੇ ਅੰਤ ਸੰਬੰਧਕੀ-ਚਿੰਨ੍ਹ ਵਜੋਂ, ਜਿਵੇਂ: ਘਰਿ=ਘਰ ਵਿੱਚ, ਸਿਰਿ=ਸਿਰ ਉਤੇ, ਸਚਿ= ਸੱਚ ਵਿੱਚ, ਆਦਿਕ ।

(4) ਪੂਰਬ-ਪੂਰਨ ਕਾਰਦੰਤਕ ਦੇ ਧਾਤੂ ਸ਼ਬਦਾਂ ਨਾਲ ਲਗ ਕੇ ਉਨ੍ਹਾਂ ਦੇ ਅਰਥਾਂ ਪਿੱਛੇ "ਕੇ" ਦਾ ਭਾਵ ਜੋੜਦੀ ਹੈ, ਜਿਵੇਂ: ਚਾੜਿ= ਚਾੜ੍ਹ ਕੇ, ਕਢਿ= ਕੱਢ ਕੇ, ਘਿਰਿ=ਘਿਰ ਕੇ, ਸਮਾਲਿ=ਸੰਭਾਲ ਕੇ, ਪਾਖੰਡਿ= ਪਾਖੰਡ ਕਰਕੇ, ਆਦਿਕ ।

(5) ਇਸਤ੍ਰੀ-ਲਿੰਗ ਨਾਵਾਂ ਅਤੇ ਉਨ੍ਹਾਂ ~~ਦੇ ਵਿਸ਼ੇਸ਼ਣਾਂ~~ ਤੋਂ ਬਣੇ ਵਿਸ਼ੇਸ਼ਣਾਂ ਦੇ ਅੰਤ, ਜਿਵੇਂ: ਸੋਹਾਗਣਿ, ਦੋਹਾਗਣਿ, ਕਾਮਣਿ, ਕੁਦਰਤਿ, ਸਿਫਤਿ, ਨਾਰਿ, ਪਰੀਤਿ, ਆਦਿਕ ।

(6) ਅਧੀਨ-ਵਾਕੰਸ਼ਾਂ ਦੇ ਮੁਢਲੇ ਸ਼ਬਦ(ਜੋ ਆਮ ਕਰਕੇ ਨਾਂਵ ਹੁੰਦਾ ਹੈ) ਨਾਲ ਜੁੜ ਕੇ ਨਾਵਾਂ ਅਤੇ ਕ੍ਰਿਆਵਾਂ ਵਿੱਚ ਸੰਬੰਧ ਜੋੜਦੀ ਹੈ, ਜਿਵੇਂ ਹੇਠ ਲਿਖੀਆਂ ਤੁਕਾਂ ਵਿੱਚ "ਧਾਨਿ ਖਾਧੈ"(ਧਾਨ ਦੇ ਖਾਧਿਆਂ) ਅਤੇ ਪਾਰਸਿ ਪਰਸਿਐ(ਪਾਰਸ ਦੇ ਪਰਸਿਆਂ) ਦਾ ਪ੍ਰਯੋਗ:-

---

1. ਆਦਿ-ਗ੍ਰੰਥ.........ਪੰਨਾ 159
2. ਆਦਿ-ਗ੍ਰੰਥ.........ਪੰਨਾ 66
3. ਆਦਿ-ਗ੍ਰੰਥ.........ਪੰਨਾ 31
4. ਆਦਿ-ਗ੍ਰੰਥ...........ਪੰਨਾ 430

(ੳ) ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ।...........(ਆਸਾ ਮ:3)[1]
(ਅ) ਪਾਰਸਿ ਪਰਸਿਐ ਪਾਰਸੁ ਹੋਇ ।..................(ਸਿਰੀ ਰਾਗੁ ਮ:3)[2]

(7) ਅਗਿਆਰਥ ਨਾਲ ਭੀ ਆਮ ਕਰਕੇ ਸਿਹਾਰੀ ਆਉਂਦੀ ਹੈ, ਜਿਵੇਂ:ਹੇਠ ਲਿਖੀ ਤੁਕ ਵਿੱਚ "ਸੁਣਿ" ਸ਼ਬਦ ਦਾ ਪ੍ਰਯੋਗ:-

ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮਨ ਮੇਰਿਆ ।

(ਰਾਮਕਲੀ ਮ:3)[3]

(8) ਸਮਾਨ-ਵਰਤਮਾਨ-ਕਾਲ ਦੀਆਂ ਕ੍ਰਿਆਵਾਂ ਦੇ ਅੰਤਲੇ ਅੱਖਰ ਨਾਲ ਜੇਕਰ "ਨ" ਹੋਵੇ ਅਤੇ ਉਸਦਾ ਕਰਤਾ ਬਹੁਵਚਨ ਅਨਯ-ਪੁਰਖ ਹੋਵੇ, ਤਾਂ "ਨ" ਨਾਲ ਸਿਹਾਰੀ ਲੱਗ ਜਾਂਦੀ ਹੈ, ਜਿਵੇਂ: ਸੇਵੰਨਿ,ਚਲੰਨਿ, ਜਪੰਨਿ, ਜਾਗੰਨਿ, ਟਿਕੰਨਿ, ਸਮਾਲੇਨਿ, ਕਰੇਨਿ, ਡੋਬੇਨਿ, ਤਾਰੇਨਿ, ਬੋਲੇਨਿ, ਆਦਿਕ । ਇਸੇਤਰ੍ਹਾਂ ਭਵਿਖਤ-ਕਾਲ ਦੀ ਕ੍ਰਿਆ ਦੇ ਅੰਤ ਜਦੋਂ "ਨ" ਹੋਵੇ(ਜਿਵੇਂ ਜਾਸਨਿ), ਤਾਂ ਭੀ ਅੰਤ ਸਿਹਾਰੀ ਆਉਂਦੀ ਹੈ। ਇਸਦੇ ਉਲਟ ਬਹੁਵਚਨ ਅਨਯ-ਪੁਰਖ ਦੀ ਕ੍ਰਿਆ ਸਮਾਨ-ਵਰਤਮਾਨ ਕਾਲ ਵਿੱਚ ਹੋਣ ਤੇ ਜੇਕਰ ਅੰਤਲਾ ਅੱਖਰ "ਹ" ਹੋਵੇ, ਤਾਂ ਅੰਤਲੇ "ਹ" ਨਾਲ ਭੀ ਸਿਹਾਰੀ ਜੁੜ ਜਾਂਦੀ ਹੈ, ਜਿਵੇਂ: ਸਮਾਲਹਿ, ਗਵਾਵਹਿ, ਚਲਹਿ, ਬੋਲਹਿ, ਧਿਆਵਹਿ, ਭਰਮਾਵਹਿ, ਆਦਿਕ ।

(ਸ) ਬਿਹਾਰੀ:-

ਬਹੁਵਚਨੀ-ਨਾਵਾਂ ਨਾਲ ਆਮ ਕਰਕੇ ਬਿਹਾਰੀ ਦੀ ਵਰਤੋਂ ਹੁੰਦੀ ਹੈ, ਜਿਵੇਂ: ਅੱਖ ਤੋਂ "ਅੱਖੀ" (ਅਖੀ), ਕੰਨ ਤੋਂ ਕੰਨੀ(ਕੰਨੀ), ਆਦਿਕ। ਇਸੇਤਰ੍ਹਾਂ ਸੰਬੰਧਕੀ-ਅਰਥਾਂ ਵਿੱਚ ਭੀ ਬਿਹਾਰੀ ਦਾ ਹੀ ਪ੍ਰਯੋਗ ਹੁੰਦਾ ਹੈ, ਜਿਵੇਂ:ਗੁਰਪਰਸਾਦੀ(ਗੁਰੂ ਦੀ ਕਿਰਪਾ ਦੁਆਰਾ), ਗੁਰਭਗਤੀ(ਗੁਰੂ ਦੀ ਭਗਤੀ ਦੁਆਰਾ), ਆਦਿਕ ।

(ਹ) ਔਂਕੜ:-

ਔਂਕੜ ਦੀ ਵਰਤੋਂ ਭੀ ਬਹੁਤ ਬਾਣੀ ਹੁੰਦੀ ਹੈ, ਜਿਵੇਂ ਗੁਰੂ ਅਮਰਦਾਸ ਦੀ ਬਾਣੀ ਵਿੱਚ:-

(1) ਕਰਤਾ-ਕਾਰਕ ਇਕ-ਵਚਨ ਨਾਂਵਾਂ ਦੇ ਅੰਤ, ਜਿਵੇਂ: ਅਚਿੰਤੁ, ਅਚਲੁ, ਅਜਿਤੁ, ਅਤੋਲੁ, ਅਤੀਤੁ, ਅਢਿਸਟੁ, ਅਭੁਲੁ, ਅਮੋਲੁ, ਅਲਖੁ, ਅਲਭੁ, ਧਾਤੁ, ਬਿਖੁ, ਵਸਤੁ, ਵਖੁ, ਅੰਕਸੁ, ਤਨੁ, ਆਦਿਕ ।

(2) ਭਾਵ-ਵਾਚਕ ਨਾਵਾਂ ਦੇ ਅੰਤਲੇ-ਅੱਖਰ ਦੇ ਪੈਰੀਂ "ਵ" ਜਾਂ "ਰ" ਹੋਣ ਉਤੇ, "ਵ" ਦੀ ਥਾਂ ਪੈਰੀਂ "ਔਂਕੜ" ਰਹਿ ਜਾਂਦਾ ਹੈ, ਜਿਵੇਂ: ਤਤੁ(ਤਤ੍ਵ), ਮਹਤੁ(ਮਹਤ੍ਵ), ਮੰਤੁ(ਮੰਤ੍ਰ), ਪਵਿਤੁ(ਪਵਿਤ੍ਰ), ਆਦਿਕ ।

(3) ਸਧਾਰਨ ਭੂਤ-ਕਾਲ ਦੀ ਕ੍ਰਿਆ, ਜਿਸਦੇ ਅੰਤ "ਨ" ਹੋਵੇ ਅਤੇ ਜਿਸਦਾ ਕਰਤਾ ਇਕਵਚਨ ਅਨਯ-ਪੁਰਖ ਹੋਵੇ, ਉਸ ਹਾਲਤ ਵਿੱਚ ਭੀ "ਨ" ਨਾਲ ਔਂਕੜ ਲੱਗ ਜਾਂਦੀ ਹੈ, ਜਿਵੇਂ:-

ਮਾਇਆ ਮੋਹੁ ਖੁਆਇਅਨੁ ਮਰ ਜੰਮੈ ਵਾਰੋ ਵਾਰਾ ।

(ਵਡਹੰਸ ਮ:3)

---

1.ਆਦਿ-ਗ੍ਰੰਥ...........ਪੰਨਾ 435
2.ਆਦਿ-ਗ੍ਰੰਥ...........ਪੰਨਾ 27
3.ਆਦਿ-ਗ੍ਰੰਥ...........ਪੰਨਾ 918
4.ਆਦਿ-ਗ੍ਰੰਥ...........ਪੰਨਾ 583

ਇਸੇਤਰ੍ਹਾਂ ਵੇਖੋ:ਸਮਾਇਅਨੁ, ਸਵਾਰਿਅਨੁ, ਉਤਾਰਿਅਨੁ, ਲਇਅਨੁ, ਆਦਿਕ ।
ਅਤੇ ਨਾਲ ਹੀ ਬਹੁਵਚਨੀ ਕ੍ਰਿਆ-ਰੂਪਾਂ ਦੇ ਨਾਲ ਭੀ, ਜਿਵੇਂ: ਸਾਜੀਅਨੁ, ਕੀਤੀਅਨੁ, ਚੁਕਾਈਅਨੁ, ਦਿਤੀਅਨੁ, ਰਚਾਇਓਨੁ, ਦਿਤੋਨੁ, ਰਖਿਓਨੁ, ਆਦਿਕ ।

(4) ਕਈ ਥਾਈਂ ਆਗਿਆਰਥਕ ਨਾਲ ਭੀ ਔਂਕੜ ਦਾ ਪ੍ਰਯੋਗ ਹੋਇਆ ਹੈ, ਜਿਵੇਂ: ਹੇਠ ਲਿਖੀਆਂ ਤੁਕਾਂ ਵਿੱਚ ਚਲੁ, ਆਵਹੁ ਅਤੇ ਮਿਲਹੁ ਦਾ ਪ੍ਰਯੋਗ:-

(ੳ) ਮੁੰਧਿ ਤੂ ਚਲੁ ਗੁਰ ਕੈ ਭਾਇ................(ਸਿਰੀ ਰਾਗੁ ਮ;3)[1]
(ਅ) ਆਵਹੁ ਮਿਲਹੁ ਸਹੇਲੀਹੋ ..................( " " ")[1]

(ਕ) ਦੁਲੈਂਕੜ:-

ਇਸਦਾ ਪ੍ਰਯੋਗ ਆਮ ਕਰਕੇ ਸੰਬੰਧਕੀ-ਅਰਥਾਂ ਵਿੱਚ ਹੋਇਆ ਹੈ, ਜਿਵੇਂ ਹੇਠ ਲਿਖੀਆਂ ਤੁਕਾਂ ਵਿੱਚ "ਵਥੂ" ਅਤੇ "ਵਾਸੂ" :-

(ੳ) ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ ।
(ਮਾਝ ਮ:3)[2]
(ਅ) ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ ।
(ਮਾਝ ਮ:3)[3]

(ਖ) ਲਾਵਾਂ:-

ਲਾਵਾਂ ਦੀ ਵਰਤੋਂ ਸਿਹਾਰੀ ਦੀ ਥਾਂ ਆਮ ਕਰਕੇ ਸੰਬੰਧਕੀ ਅਰਥਾਂ ਵਿੱਚ ਕੀਤੀ ਗਈ ਹੈ, ਜਿਵੇਂ: ਸੰਗੇ= ਸੰਗ ਵਿੱਚ, ਆਦਿਕ ।

(ਗ) ਦੁਲਾਵਾਂ:-

ਦੁਲਾਵਾਂ ਦਾ ਪ੍ਰਯੋਗ ਭੀ ਕਾਰਕੀ-ਚਿੰਨ੍ਹਾਂ ਦੀ ਥਾਂ ਕੀਤਾ ਗਿਆ ਜਾਪਦਾ ਹੈ ਅਤੇ ਇਨ੍ਹਾਂ ਦੁਆਰਾ ਸ਼ਬਦਾਂ ਦੇ ਸੰਬੰਧਾਂ ਬਾਰੇ ਸੁਝਾਉ ਮਿਲਦੇ ਹਨ, ਜਿਵੇਂ ਹੇਠ ਲਿਖੀਆਂ ਤੁਕਾਂ ਵਿੱਚ ਥਾਲੈ= ਥਾਲ ਵਿੱਚ, ਅਤੇ ਭਗਵੰਤੈ=ਭਗਵੰਤ ਨੂੰ:-

(ੳ) ਥਾਲੈ ਵਿਚਿ ਤੈ ਵਸਤੂ ਪਈਓ..........(ਵਾਰ ਸੋਰਠ ਮ:4 ਸ਼ਲੋਕ ਮ:3)[4]
(ਅ) ਸੋ ਭਗਉਤੀ ਜੋ ਭਗਵੰਤੈ ਜਾਣੈ ........(ਸਿਰੀ ਰਾਗੁ ਮ:3)[5]

(ਘ) ਹੋੜਾ ਤੇ ਕਨੌੜਾ, ਆਦਿਕ:-

ਹੋੜੇ ਤੇ ਕਨੌੜੇ ਦਾ ਪ੍ਰਯੋਗ ਆਮ ਕਰਕੇ ਸੰਬੰਧਕੀ-ਅਰਥਾਂ ਵਿੱਚ ਹੀ ਹੋਇਆ ਹੈ। ਦੂਸਰੇ ਗੁਰੂਆਂ ਵਾਂਗ ਗੁਰੂ ਅਮਰਦਾਸ ਦੀ ਬੋਲੀ ਵਿੱਚ ਭੀ ਹੋੜੇ ਦੀ ਧੁਨੀ ਨੂੰ "ਉ" ਜਾਂ "ਅਹੁ" ਦੁਆਰਾ ਪਰਗਟ ਕਰਨ ਦੀ ਰੁਚੀ ਹੈ। ਉਦਾਹਰਨ ਵਜੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਹੇਠ ਲਿਖੀ ਤੁਕ ਰਾਹੀਂ "ਖੰਨਿਅਹੁ" ਅਤੇ "ਵਾਲਹੁ" ਦਾ ਬਹੁਤ ਸੁੰਦਰ ਪ੍ਰਯੋਗ ਮਿਲਦਾ ਹੈ:-

ਖੰਨਿਅਹੁ ਤਿਖੀ ਵਾਲਹੁ ਨਿਕੀ...........(ਰਾਮਕਲੀ ਮ:3 ਅਨੰਦੁ)[6]

---

1. ਆਦਿ-ਗ੍ਰੰਥ.............ਪੰਨਾ 38
2. ਆਦਿ-ਗ੍ਰੰਥ.............ਪੰਨਾ 116
3. ਆਦਿ-ਗ੍ਰੰਥ.............ਪੰਨਾ 118
4. ਆਦਿ-ਗ੍ਰੰਥ.............ਪੰਨਾ 645
5. ਆਦਿ-ਗ੍ਰੰਥ.............ਪੰਨਾ 88
6. ਆਦਿ-ਗ੍ਰੰਥ--------ਪੰਨਾ 918

ਦਰਅਸਲ ਇਹ ਔਂਕੜ(_ ) ਅਪਾਦਾਨ-ਕਾਰਕ ਦੀ ਵਿਭਕਤੀ ਹੈ ਅਤੇ ਇਸਦਾ ਨਿਸ਼ਾਨੀ ਹੈ "ਤੋਂ"। ਇਸੇ ਪ੍ਰਸੰਗ ਵਿੱਚ ਗੁਰੂ ਅਮਰਦਾਸ ਦੀ ਸ਼ਬਦਾਵਲੀ ਵਿੱਚ ਅਕਹੁ, ਸਿਰਹੁ, ਕਾਗਉ, ਗਲਹੁ, ਆਦਿਕ ਨੂੰ ਗਿਣਨਾ ਚਾਹੀਦਾ ਹੈ।

ਅਖੀਰ ਤੇ ਗੁਰੂ ਅਮਰਦਾਸ ਦੀ ਬਾਣੀ ਵਿੱਚ ਸੰਬੋਧਨ-ਕਾਰਕ ਦੀਆਂ ਵਿਭਕਤੀਆਂ ਬਾਰੇ ਭੀ ਸੰਕੇਤ ਕਰਨਾ ਕੁਥਾਂ ਨਹੀਂ ਹੋਵੇਗਾ, ਜਿਵੇਂ:-

(1) ਇਕਵਚਨ ਪੁਲਿੰਗ: ਸਰੀਰਾ, ਨਾਨਕਾ, ਆਦਿਕ ।

(2) ਬਹੁ-ਵਚਨ ਪੁਲਿੰਗ: ਵਡਭਾਗੀਹੋ, ਪ੍ਰਾਣੀਹੋ, ਪਿਆਰਿਹੋ, ਨੇਤ੍ਰਹੁ, ਸ੍ਰਵਣਹੁ, ਭਾਇਰਹੁ, ਆਦਿਕ।

(3) ਇਕਵਚਨ **ਇਸਤ੍ਰੀ**-ਲਿੰਗ: ਸਖੀਏ, ਸਹੇਲੀਏ, ਬਾਲੜੀਏ, ਨਿਰਗੁਣਵੰਤੜੀਏ, ਆਦਿਕ ।

(4) ਬਹੁ-ਵਚਨ " " **ਸ**ਹੇਲੀਹੋ, ਸਹੇਲੀਓ, ਆਦਿਕ ।

## (ਸ) ਪਰਸਰਗਾਂ

ਸ਼ਬਦਾਂ ਦਾ ਪਰਸਪਰ-ਸੰਬੰਧ ਦਰਸਾਉਣ ਲਈ ਕਾਰਕੀ-ਚਿੰਨ੍ਹਾਂ ਜਾਂ ਵਿਭਕਤੀਆਂ ਤੋਂ ਛੁੱਟ ਗੁਰੂ ਅਮਰਦਾਸ ਦੀ ਬੋਲੀ ਵਿੱਚ ਦਰਜਨਾਂ ਪਰਸਰਗਾਂ ਦਾ ਸੁਚੱਜਾ-ਪ੍ਰਯੋਗ ਭੀ ਮਿਲਦਾ ਹੈ। ਵਿਭਕਤੀਆਂ ਜੇਕਰ ਪ੍ਰਾਚੀਨ ਹਿੰਦ-ਆਰੀਆਈ ਵਾਂਗ ਪ੍ਰਾਚੀਨ-ਪੰਜਾਬੀ ਦਾ ਸੰਜੋਗਾਤਮਿਕ-ਰੁਚੀ ਦੀਆਂ ਲਖਾਇਕ ਹਨ, ਤਾਂ ਪਰਸਰਗਾਂ ਨਵੀਨ ਹਿੰਦ-ਆਰੀਆਈ ਅਰਥਾਤ ਆਧੁਨਿਕ-ਪੰਜਾਬੀ ਦੀ ਵਿਜੋਗਾਤਮਿਕ-ਰੁਚੀ ਦੀ ਹਾਮੀ ਭਰਦੀਆਂ ਹਨ। ਫ਼ਰੀਦ ਸ਼ੁਕਰਗੰਜ, ਗੁਰੂ ਨਾਨਕ, ਗੁਰੂ ਅੰਗਦ ਅਤੇ ਗੁਰੂ ਅਮਰਦਾਸ ਆਦਿਕ ਕਵੀਆਂ ਦੀ ਬੋਲੀ ਵਿੱਚ ਵਿਭਕਤੀਆਂ ਦੇ ਨਾਲ ਨਾਲ ਪਰਸਰਗਾਂ ਦਾ ਪ੍ਰਯੋਗ ਇਸ ਗੱਲ ਦਾ ਸੂਚਕ ਹੈ, ਕਿ 1200-1600 ਈਸਵੀ ਤਕ ਪੰਜਾਬੀ ਬੋਲੀ ਪੂਰੀ ਤਰ੍ਹਾਂ ਵਿਜੋਗਾਤਮਿਕ ਨਹੀਂ ਸੀ ਹੋਈ, ਬੇਸ਼ੱਕ ਇਸ ਪਾਸੇ ਉਹ ਤੇਜ਼ੀ ਨਾਲ ਵਧ ਰਹੀ ਸੀ।

ਗੁਰੂ ਅਮਰਦਾਸ ਦੀ ਬਾਣੀ ਵਿੱਚ ਹੇਠ ਲਿਖੀਆਂ ਪਰਸਰਗਾਂ ਦਾ ਪ੍ਰਯੋਗ ਸਿੱਧ ਹੁੰਦਾ ਹੈ। ਸੰਬੰਧਤ ਪਰਸਰਗਾਂ ਦੁਆਰਾ ਵਿਸ਼ੇਸ਼ ਕਰਕੇ ਕਰਮ-ਕਾਰਕ, ਕਰਣ-ਕਾਰਕ, ਸੰਪ੍ਰਦਾਨ, ਅਪਾਦਾਨ, ਅਧਿਕਰਣ ਅਤੇ ਸੰਬੰਧ-ਕਾਰਕ ਦੇ ਭਾਵਾਂ ਨੂੰ ਉਜਾਗਰ ਕੀਤਾ ਗਿਆ ਹੈ। ਉਦਾਹਰਨ ਵਜੋਂ:-

(1) ਨੋ, ਨਉ: (ੳ) ਗੁਰਮੁਖਿ ਏਹੁ ਰੰਗੁ ਪਾਈਐ ਜਿਸਨੋ ਕਿਰਪਾ ਕਰੇ ਰਜਾਇ ।
(ਸਿਰੀ ਰਾਗ ਮ:3)[1]

(ਅ) ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ।
(ਰਾਮਕਲੀ ਮ:3)[2]

(2) ਨਾਲਿ, ਨਾਲਹੁ: (ੳ) ਹਉ ਹਉ ਕਰਤੀ ਜਗੁ ਫਿਰੀ ਨਾ ਧਨੁ ਸੰਪੈ ਨਾਲਿ ।
(ਸਿਰੀ ਰਾਗੁ ਮ:3)[3]

(ਅ) ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ.......
(ਵਾਰ ਬਿਹਾਗੜਾ ਮ:4 ਸ਼ਲੋਕ ਮ:3)[4]

---

1. ਆਦਿ-ਗ੍ਰੰਥ..........ਪੰਨਾ 36
2. ਆਦਿ-ਗ੍ਰੰਥ...........ਪੰਨਾ 917
3. ਆਦਿ-ਗ੍ਰੰਥ............ਪੰਨਾ 32
4. ਆਦਿ-ਗ੍ਰੰਥ............ਪੰਨਾ 549

(3) ਦਾ, ਦੇ, ਦੀਆ: (ੳ) ਜੀਉ ਪਿੰਡੁ ਸਭੁ ਤਿਸਦਾ ਤਿਸੈ ਦਾ ਆਧਾਰੁ ।...(ਸਿਰੀ ਰਾਗੁ ਮ:3)[1]

(ਅ) ਸਤਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸਦੀ ਕੀਮ ਨ ਪਾਈ ।
(ਸਿਰੀ ਰਾਗੁ ਮ:3)[2]

(ੲ) ਸਰਮੈ ਦੀਆ ਮੁੰਦ੍ਰਾ ਕੰਨੀ ਪਾਇ......(ਰਾਮਕਲੀ ਮ:3)[3]

(4) ਸੰਦੜਾ: ਜੀਉ ਵੰਞੈ ਚਉਖੰਨੀਐ ਸਚੇ ਸੰਦੜੈ ਨੇਹਿ।...(ਵਾਰ ਸੋਰਠ ਮ:4 ਸ਼ਲੋਕ ਮ:3)[4]

(5) ਕਾ, ਕੀ, ਕੇ, ਕੈ, ਕਿਆ, ਕੀਆ, ਕਉ, ਕੰਉ, ਆਦਿਕ ।

(ੳ) ਮੇਰੇ ਮਨ ਹਰਿ ਕਾ ਨਾਮੁ ਧਿਆਇ।..(ਸਿਰੀ ਰਾਗੁ ਮ:3)[5]
(ਅ) ਬਿਖੁ ਕੀ ਕਾਰ ਕਮਾਵਣੀ..............( " " " )[1]
(ੲ) ਤਿਨ ਕੇ ਮੁਖ ਸਦ ਉਜਲੇ..............( " " " )[6]
(ਸ) ਕਿਰਪਾ ਕਰਿ ਕੈ ਆਪਣੀ..............( " " " )[1]
(ਹ) ਸਤਗੁਰੂ ਕਿਆ ਫਿਟਕਿਆ..............( " " " )[7]
(ਕ) ਮਨ ਕੀਆ ਇਛਾ ਪੂਰੀਆ..............( " " " )[7]
(ਖ) ਸੇ ਸਹੀਆ ਸੋਹਾਗਣੀ ਜਿਨ ਕਉ ......( " " " )[8]
(ਗ). ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ......
(ਰਾਗੁ ਧਨਾਸਰੀ ਮ:3)[9]

(6) ਸੇਤੀ: ਸਤਿਗੁਰੁ ਤ ਪਾਇਆ ਸਹਜ ਸੇਤੀ............(ਰਾਮਕਲੀ ਮ:3)[10]

(7) ਸਿਉ: ਅੰਮ੍ਰਿਤ ਬਾਣੀ ਸਿਉ ਚਿਤੁ ਲਾਇ ............(ਮਾਝ ਮ:3)[11]

(8) ਤਾਈ(ਤਾਂਈ): ਜੀਵਣੁ ਮਰਣਾ ਸਭੁ ਤੁਧੈ ਤਾਈ................(ਮਾਝ ਮ:3)[12]

ਉਪਰੋਕਤ ਪਰਸਰਗਾਂ ਤੋਂ [redacted] ਛੁੱਟ ਮਾਹਿ, ਮਹਿ, ਮਾਹਾ, ਵਿਚਿ, ਵਿਚਹੁ, ਵਿਚਦੇ, ਅਗੇ, ਅਗੈ, ਆਗੈ, ਅੰਦਰਿ, ਅੰਦਰਹੁ, ਆਦਿਕ ਦਾ ਪ੍ਰਯੋਗ ਭੀ ਕਈ ਥਾਈਂ ਮਿਲਦਾ ਹੈ। ਗੁਰੂ ਅਮਰਦਾਸ ਦੀ ਬਾਣੀ ਵਿੱਚ ਇਕ ਹੋਰ ਅਸਧਾਰਨ-ਪਰਸਰਗ "ਹੂ" ਦਾ ਪ੍ਰਯੋਗ ਭੀ ਬਹੁਤ ਮਿਲਦਾ ਹੈ। ਇਹ "ਹੂ" ਸ਼ਬਦ ਆਮ ਕਰਕੇ "ਤੋਂ" ਦਾ ਭਾਵ ਪਰਗਟ ਕਰਦਾ ਜਾਪਦਾ ਹੈ, ਜਿਵੇਂ ਹੇਠ ਲਿਖੀ ਤੁਕ ਵਿੱਚ "ਊਚੀ ਹੂ ਊਚਾ" ਦਾ ਪ੍ਰਯੋਗ:-

ਹਰਿ ਕਾ ਨਾਉ ਅਤਿ ਵਡ ਊਚਾ ਊਚੀ ਹੂ ਊਚਾ ਹੋਇ ।
(ਸ਼ਲੋਕ ਵਾਰਾਂ ਤੋਂ ਵਧੀਕ)[13]

1. ਆਦਿ-ਗ੍ਰੰਥ............ਪੰਨਾ 36
2. ਆਦਿ-ਗ੍ਰੰਥ............ਪੰਨਾ 32
3. ਆਦਿ-ਗ੍ਰੰਥ............ਪੰਨਾ 908
4. ਆਦਿ-ਗ੍ਰੰਥ............ਪੰਨਾ 644
5. ਆਦਿ-ਗ੍ਰੰਥ............ਪੰਨਾ 35
6. ਆਦਿ-ਗ੍ਰੰਥ............ਪੰਨਾ 28
7. ਆਦਿ-ਗ੍ਰੰਥ............ਪੰਨਾ 34
8. ਆਦਿ-ਗ੍ਰੰਥ............ਪੰਨਾ 38
9. ਆਦਿ-ਗ੍ਰੰਥ............ਪੰਨਾ 665
10. ਆਦਿ-ਗ੍ਰੰਥ..........ਪੰਨਾ 917
11. ਆਦਿ-ਗ੍ਰੰਥ..........ਪੰਨਾ 118
12. ਆਦਿ-ਗ੍ਰੰਥ..........ਪੰਨਾ 110
13. ਆਦਿ-ਗ੍ਰੰਥ..........ਪੰਨਾ 1416

## (15) ਗੁਰੂ ਅਮਰਦਾਸ ਰਚਿਤ "ਪੱਟੀ"

ਗੁਰੂ ਅਮਰਦਾਸ ਦੀ ਕਵਿਤਾ ਵਿਚਲੇ ਰਾਗਾਂ, ਰਾਗਨੀਆਂ ਅਤੇ ਕਾਵਿਭੇਦਾਂ ਬਾਰੇ ਵਿਚਾਰ ਕਰਦਿਆਂ ਅਸਾਂ ਉਨ੍ਹਾਂ ਦੀ ਆਸਾ-ਰਾਗ ਵਿੱਚ ਰਚੀ "ਪੱਟੀ" ਵਲ ਸੰਕੇਤ ਕੀਤਾ ਸੀ । ਇਹ ਸਤਰਾਂ ਸੰਬੰਧਤ ਪੱਟੀ ਦੇ ਭਾਖਾਈ-ਮਹੱਤਵ ਨੂੰ ਦਰਸਾਉਣਗੀਆਂ ।

ਜਿੱਥੋਂ ਤਕ ਗੁਰੂ ਅਮਰਦਾਸ ਰਚਿਤ ਪੱਟੀ ਵਿਚਲੇ ਅੱਖਰਾਂ ਦੀ ਗਿਣਤੀ ਦਾ ਸੰਬੰਧ ਹੈ, ਉਹ ਅਜੋਕੀ-ਪੈਂਤੀ ਨਾਲੋਂ ਕਾਫੀ ਘੱਟ ਹਨ। ਗੁਰੂ ਨਾਨਕ ਨੇ ਭੀ ਆਸਾ ਰਾਗ ਵਿੱਚ ਪੱਟੀ ਲਿਖੀ ਹੈ ਅਤੇ ਉਨ੍ਹਾਂ ਦੀ ਪੱਟੀ ਵਿੱਚ ਗੁਰਮੁਖੀ ਵਰਣ-ਮਾਲਾ ਦੇ ਪੈਂਤੀ ਦੇ ਪੈਂਤੀ ਅੱਖਰ ਮਿਲ ਜਾਂਦੇ ਹਨ। ਗੁਰੂ ਨਾਨਕ ਦੀ ਪੱਟੀ ਦੇ ਟਾਕਰੇ ਵਿੱਚ ਗੁਰੂ ਅਮਰਦਾਸ ਦੀ ਪੱਟੀ ਵਿੱਚ ਗੁਰਮੁਖੀ ਵਰਣ-ਮਾਲਾ ਦੇ ਹੇਠ ਲਿਖੇ ਅੱਖਰ ਨਹੀਂ ਮਿਲਦੇ:-

ਚ, ਞ, ਟ, ਠ, ਡ, ਢ, ਣ, ਫ, ਯ, ਅਤੇ ੜ = 10 ਅੱਖਰ

ਵੈਸੇ ਜਿਹੜੇ ਅੱਖਰ ਮਿਲਦੇ ਹਨ, ਉਨ੍ਹਾਂ ਦਾ ਵੇਰਵਾ ਲਗਪਗ ਇਹ ਹੈ:-

ਅ, ੲ, ੳ, ਕ, ਖ, ਗ, ਘ, ਙ, ਨ, ਛ, ਬ, ਜ, ਸ, ਮ, ਕ, ਤ, ਥ, ਘ, ਦ, ਪ, ਭ, ਵ, ਝ, ਧ, ਗ, ਹ, ਅਤੇ ਰ, ਆਦਿਕ। (25 ਅੱਖਰ)

ਉਪਰੋਕਤ ਅੱਖਰਾਂ ਵਿੱਚ "ਕ" ਅਤੇ "ਗ" ਦੋ ਵਾਰ ਆਏ ਹਨ, ਇਸਲਈ ਉਨ੍ਹਾਂ ਦੇ ਹੇਠ ਲਕੀਰ ਮਾਰੀ ਗਈ ਹੈ।

ਇਹ ਆਖਣਾ ਬਹੁਤ ਮੁਸ਼ਕਿਲ ਹੈ, ਕਿ ਗੁਰੂ ਅਮਰਦਾਸ ਰਚਿਤ ਪੱਟੀ ਦੇ ਅੱਖਰਾਂ ਦੀ ਗਿਣਤੀ ਅਤੇ ਵਿਉਂਤ ਕਿਹੜੀ ਲਿੱਪੀ ਅਨੁਸਾਰ ਹੈ। ਵੈਸੇ ਜਿਵੇਂ ਪ੍ਰੀਤਮ ਸਿੰਘ[1] ਨੇ ਭੀ ਸੰਕੇਤ ਕੀਤਾ ਹੈ, ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ "ਸਿਧੰਙਾਇਐ" ਦਾ ਇਸ਼ਾਰਾ "ਸਿੱਧ-ਮਾਤ੍ਰਿਕਾ" ਲਿੱਪੀ ਵਲ ਜਾਪਦਾ ਹੈ। ਸੰਬੰਧਤ ਲਿੱਪੀ ਅਨੁਸਾਰ "ਓਮ:ਨਮ:ਸਿੱਧਮ" ਸ਼ਾਇਦ ਪਹਿਲਾ ਸਬਕ ਸੀ, ਜਿਸ ਵਲ ਗੁਰਦੇਵ ਨੇ "ਸਿਧੰਙਾਇਐ" ਰਾਹੀਂ ਸੰਕੇਤ ਕੀਤਾ ਹੈ। ਪਰ ਸੰਬੰਧਤ ਲਿੱਪੀ ਅਨੁਸਾਰ ਗੁਰੂ ਅਮਰਦਾਸ ਦੀ ਪੱਟੀ ਵਿਚਲੇ ਅੱਖਰਾਂ ਦੀ ਗਿਣਤੀ ਅਤੇ ਵਿਉਂਤ ਕਿਸ ਹੱਦ ਤਕ ਮਿਲਦੀ ਹੈ, ਇਸ ਬਾਰੇ ਅਜੇ ਬਹੁਤ ਖੋਜ ਦੀ ਲੋੜ ਹੈ।

ਵੈਸੇ ਗੁਰੂ ਅਮਰਦਾਸ ਰਚਿਤ ਪੱਟੀ ਦੁਆਰਾ ਹੇਠ ਲਿਖੇ ਕੀਮਤੀ-ਸੁਝਾਉ ਮਿਲਦੇ ਹਨ:-

(1) ਪੰਜਾਬ ਵਿੱਚ ਕੋਈ ਸਿੱਧ-ਮਾਤ੍ਰਿਕਾ ਨਾਮੀ ਲਿੱਪੀ ਭੀ ਗੁਰੂ ਅਮਰਦਾਸ ਦੇ ਸਮੇਂ ਪ੍ਰਚਲਤ ਸੀ।

(2) ਗੁਰੂ ਅਮਰਦਾਸ ਦੀ ਪੱਟੀ ਵਿੱਚ ਉਪਰੋਕਤ ਵਿਅੰਜਨਾਂ ਅਤੇ ਸੁਰਾਂ ਤੋਂ [redacted] ਛੁਟ ਚਾਰ ਹੋਰ ਧੁਨੀਆਂ (ਰਿ, ਰੀ, ਲ੍ਰਿ ਅਤੇ ਲ੍ਰੀ) ਵਲ ਸੰਕੇਤ ਕੀਤਾ ਗਿਆ ਹੈ। ਇਹ ਪਿਛਲੀਆਂ ਧੁਨੀਆਂ ਪੰਜਾਬੀ ਨਾਲੋਂ ਸੰਸਕ੍ਰਿਤ ਅਤੇ ਦੇਵਨਾਗਰੀ ਦੇ ਵਧੇਰੇ ਨੇੜੇ ਜਾਪਦੀਆਂ ਹਨ।

(3) ਗੁਰੂ ਅਮਰਦਾਸ ਨੇ ਆਪਣੀ ਪੱਟੀ ਰਾਹੀਂ ਆਮ ਕਰਕੇ ਅੱਖਰਾਂ ਦਾ ਉਚਾਰਨ ਪੰਜਾਬੀ ਜਾਂ ਗੁਰਮੁਖੀ ਦੀ ਮੁਹਾਰਨੀ ਅਨੁਸਾਰ ਕੀਤਾ ਹੈ, ਜਿਵੇਂ: ਨੰਨੈ, ਛੱਛੈ, ਬੱਬੈ, ਸੱਸੈ, ਕੱਕੈ, ਆਦਿਕ।

ਕਿਉਂਕਿ ਗੁਰੂ ਅਮਰਦਾਸ ਰਚਿਤ ਪੱਟੀ ਦੇ ਅੱਖਰਾਂ ਦੀ ਤਰਤੀਬ ਗੁਰਮੁਖੀ, ਲੰਡੇ, ਟਾਕਰੀ, ਦੇਵਨਾਗਰੀ, ਆਦਿਕ ਨਾਲੋਂ ਭਿੰਨ ਪਰਕਾਰ ਦੀ ਹੈ, ਸੋ ਇਹ ਭੀ ਹੋ ਸਕਦਾ ਹੈ, ਕਿ ਗੁਰਦੇਵ ਨੇ

---

[1] ਪ੍ਰੀਤਮ ਸਿੰਘ: ਪੰਜਾਬੀ ਬੋਲੀ ਅਤੇ ਲਿੱਪੀ ਬਾਰੇ ਲੇਖ (ਵੇਖੋ: ਡਾ: ਐਮ.ਐਸ.ਰੰਧਾਵਾ ਦੁਆਰਾ ਸੰਪਾਦਤ ਪੁਸਤਕ "ਪੰਜਾਬ"-ਪ੍ਰਕਾਸ਼ਕ: ਭਾਸ਼ਾ-ਵਿਭਾਗ, ਪਟਿਆਲਾ, 1960, ਪੰਨਾ 407-410

ਕਿਸੇ ਵਿਸ਼ੇਸ਼ ਲਿੱਪੀ ਵਿੱਚੋਂ ਕੇਵਲ "ਭੁਲਾਵੇਂ ਅੱਖਰ" ਲੈ ਕੇ ਬਾਣੀ ਰਚ ਦਿੱਤੀ ਹੋਵੇ । ਬਾਣੀ ਰਚਨ ਦਾ ਉਦੇਸ਼ ਅਮਲਹੀਣ-ਇਲਮ ਦੀ ਛੱਟ ਚੁੱਕਣ ਵਾਲੇ ਆਲਮਾਂ, ਫ਼ਾਜ਼ਲਾਂ ਤੇ ਪੰਡਿਤਾਂ ਨੂੰ ਉਨ੍ਹਾਂ ਦੇ ਉਲਾਰ ਜੀਵਨ-ਢੰਗ ਦੇ ਵਿਰੁਧ ਚੇਤੰਨ ਕਰਨਾ ਹੈ, ਜਿਵੇਂ:

(ੳ) ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ ।
ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ।

(ਅ) ਸਿਧੰਙਾਇਐ ਸਿਮਰਹਿ ਨਾਹੀ ਨੰਨੈ ਨ ਤੁਧੁ ਨਾਮੁ ਲਇਆ ।
ਛਛੈ ਛਾਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ ਪਕੜਿਆ ।
(ਰਾਗੁ ਆਸਾ ਮਹਲਾ 3 ਪਟੀ)[1]

ਸਾਰੀ ਗੱਲ ਮੁੱਢ ਤੋਂ ਅਖੀਰ ਤਕ "ਲੇਖਾ ਮੁਕਾਉਣ" ਦੀ ਹੈ। ਗੁਰੂ ਅਮਰਦਾਸ ਨੇ ਕਿਤਨੇ ਸਪਸ਼ਟ ਸ਼ਬਦਾਂ ਰਾਹੀਂ ਆਖਿਆ ਹੈ:-

(ੳ) ਮਨ ਐਸਾ ਲੇਖਾ ਤੂ ਕੀ ਪੜਿਆ ।
ਲੇਖਾ ਦੇਣਾ ਤੇਰੈ ਸਿਰਿ ਰਹਿਆ । ........................(ਵੇਖੋ: ਮੁੱਢ ਵਿੱਚ)[2]
(ਅ) ਨਾਨਕ ਜਿਨ ਕਉ ਸਤਿਗੁਰ ਮਿਲਿਆ ਤਿਨ ਕਾ ਲੇਖਾ ਨਿਬੜਿਆ ।(ਵੇਖੋ: ਅਖੀਰ ਤੇ)[3]

## (16) ਕੁਝ ਦੇਸੀ-ਸ਼ਬਦਾਂ ਬਾਰੇ

"ਦੇਸੀ ਨਾਮ-ਮਾਲਾ" ਦੇ ਪ੍ਰਸਿਧ ਸੰਪਾਦਕ ਹੇਮਚੰਦ੍ਰ[4] ਦੇ ਕਥਨ ਅਨੁਸਾਰ ਦੇਸੀ ਤੋਂ ਭਾਵ ਅਜਿਹੇ ਸ਼ਬਦ ਹਨ, ਜਿਨ੍ਹਾਂ ਦਾ ਮੂਲ ਸੰਸਕ੍ਰਿਤ ਵਿੱਚ ਨਹੀਂ ਮਿਲਦਾ ਅਤੇ ਜੋ ਪ੍ਰਾਕ੍ਰਿਤਾਂ ਵਿੱਚ ਆਦਿ-ਕਾਲ ਤੋਂ ਚਲੇ ਆ ਰਹੇ ਹਨ। ਹੇਮਚੰਦ੍ਰ ਦੇ ਜਰਮਨ ਆਲੋਚਕ ਪਿਸ਼ਲ[5] ਨੇ ਭੀ ਦੇਸੀ-ਸ਼ਬਦਾਂ ਦੇ ਵੰਨ-ਸੁਵੰਨੇ ਅੰਸਾਂ ਵਲ ਸੰਕੇਤ ਕਰਕੇ ਉਨ੍ਹਾਂ ਨੂੰ ਤਤਸਮ ਅਤੇ ਤਦਭਵ ਤੋਂ ਅੱਡਰੀ-ਭਾਂਤ ਦੇ ਸ਼ਬਦ ਆਖਿਆ ਹੈ। ਗ੍ਰੀਅਰਸਨ[6] ਦੇ ਵਿਚਾਰ ਅਨੁਸਾਰ "ਦੇਸੀ" ਜਾਂ "ਦੇਸੀਆ" ਤੋਂ ਭਾਵ ਅਜਿਹੇ ਸਥਾਨਕ-ਸ਼ਬਦ ਹਨ, ਜਿਨ੍ਹਾਂ ਦਾ ਮੂਲ ਕਲਾਸੀਕਲ-ਸੰਸਕ੍ਰਿਤ ਵਿੱਚ ਢੂੰਡਣ ਤੋਂ ਵਿਆਕਰਨ-ਆਚਾਰੀਆ ਅਸਮਰਥ ਹਨ। ਡਾ: ਤਾਗਰੇ[7] ਦੇ ਵਿਚਾਰ ਭੀ ਲਗਪਗ ਇਹੋ ਹਨ ਅਤੇ ਉਹ ਇਸ ਬਾਰੇ ਭਾਸ਼ਾ-ਵਿਗਿਆਨੀਆਂ ਦੀ ਸੀਮਤ-ਖੋਜ ਉੱਤੇ ਆਲੋਚਨਾ ਕਰਦਾ ਹੈ।

ਹੇਮਚੰਦ੍ਰ ਤੋਂ ਪਿੱਛੋਂ ਅਨੇਕਾਂ ਆਲੋਚਕਾਂ ਨੇ ਉਸਦੇ ਚੁਣੇ ਹੋਏ ਦੇਸੀ-ਸ਼ਬਦਾਂ ਵਿੱਚੋਂ ਕਈਆਂ ਦਾ ਮੂਲ ਸੰਸਕ੍ਰਿਤ ਵਿੱਚੋਂ ਢੂੰਡ ਲਿਆ ਹੈ। ਸੋ ਗੁਰੂ ਅਮਰਦਾਸ ਦੀ ਸ਼ਬਦਾਵਲੀ ਵਿੱਚੋਂ ਕੁਝ ਸ਼ਬਦ ਚੁਣ ਕੇ ਇਹ ਦਾਅਵਾ ਕਰਨਾ, ਕਿ ਉਹ ਦੇਸੀ ਹਨ, ਵਿਗਿਆਨਕ-ਦ੍ਰਿਸ਼ਟੀ ਤੋਂ ਚੰਗਾ ਨਹੀਂ ਲੱਗਦਾ । ਅਸਾਂ

---

1. ਆਦਿ-ਗ੍ਰੰਥ..............ਪੰਨੇ 434-435
2. ਆਦਿ-ਗ੍ਰੰਥ..............ਪੰਨਾ 434
3. ਆਦਿ-ਗ੍ਰੰਥ..............ਪੰਨਾ 435

4. Muralydhar Banerjee-The Desinama Mala of Hema Candra (Edited with the help of two Mss. of Pischel's edition of 1880), See Introduction. (1930 Ed.).
5. S. Jha (Translator)-Pischel's Comparative Grammar of Prakrit Languages, 1957, Varanasi, P. 7
6. George Grierson -Linguistic Surgey of India, Vo;. I, P t I, 1927.
7. Tagare, G. V.-Histor c Gr... b Abhramsa 1948, P. 12

ਇਸ ਲੇਖ ਦੇ ਮੁੱਢ ਵਿੱਚ ਗੁਰੂ ਅਮਰਦਾਸ ਦੀ ਬੋਲੀ ਦਾ ਸ਼ਬਦ-ਕੋਸ਼ ਬਣਾਉਣ ਸਮੇਂ ਕੇਵਲ ਉਨ੍ਹਾਂ ਸ਼ਬਦਾਂ ਨੂੰ ਦੇਸੀ ਆਖਣ ਦੀ ਖੁੱਲ੍ਹ ਲਈ ਸੀ, ਜਿਨ੍ਹਾਂ ਦੇ ਮੂਲ ਬਾਰੇ ਸੰਸਕ੍ਰਿਤ, ਅਰਬੀ ਅਤੇ ਫ਼ਾਰਸੀ, ਆਦਿਕ ਦੇ ਕੋਸ਼ ਸਾਡੀ ਸਹਾਇਤਾ ਨਹੀਂ ਕਰ ਸਕੇ। ਉਦਾਹਰਨ ਵਜੋਂ ਕੁਝ ਇਕ ਸ਼ਬਦ ਇਹ ਹਨ: ਅਘੁਲੀਐ, ਏਵਡ, ਜੇਵਡ, ਸਭਰਾਈ, ਘਾਣੀ, ਘਾਲ;(ਮਿਹਨਤ), ਘਲੈ(ਘੱਲੈ), ਛੌੜ, ਝਾਲਿ, ਝਲੌਂਭਲੈ, ਵੇੜਿਆ, ਆਦਿਕ ।

ਵੈਸੇ ਗੁਰੂ ਅਮਰਦਾਸ ਦੀ ਬੋਲੀ ਵਿੱਚ ਕੁਝ ਸ਼ਬਦ ਅਜਿਹੇ ਭੀ ਹਨ, ਜਿਨ੍ਹਾਂ ਦਾ ਆਪਣੀਆਂ ਮੂਲ-ਭਾਸ਼ਾਵਾਂ ਨਾਲ ਬਹੁਤ ਦੂਰ ਦਾ ਸੰਬੰਧ ਹੈ ਅਤੇ ਆਮ ਭਾਸ਼ਾ-ਵਿਗਿਆਨੀ ਅਜਿਹੇ ਸੰਬੰਧ ਨੂੰ ਨਹੀਂ ਪਛਾਣ ਸਕਦੇ। ਉਦਾਹਰਨ ਵਜੋਂ ਏਹੜ-ਤੇਹੜ ਦਾ ਮੂਲ ਭਾਈ ਕਾਹਨ ਸਿੰਘ[1] ਅਨੁਸਾਰ "ਅਹਿਤ-ਤ੍ਰਿਤ" (ਸੰਸਕ੍ਰਿਤ) ਹੈ ਅਤੇ ਇਸੇਤਰ੍ਹਾਂ ਹਲਤ-ਪਲਤ ਦਾ ਮੂਲ "ਇਹਤ੍ਰ-ਪਰਤ੍ਰ"(ਸੰਸਕ੍ਰਿਤ)।

## (17) ~~[illegible]~~ ਸਾਰ-ਅੰਸ਼

ਗੁਰੂ ਅਮਰਦਾਸ ਦੀ ਬੋਲੀ ਦੇ ਸਾਰੇ ਪੱਖਾਂ ਬਾਰੇ ਵਿਚਾਰ ਕਰਨ ਉਪਰੰਤ ਇਹੋ ਤੱਤ ਨਿਕਲਦਾ ਹੈ, ਕਿ ਉਨ੍ਹਾਂ ਦੀ ਬੋਲੀ ਪੰਜਾਬ ਦੇ ਮਝੈਲ-ਇਲਾਕੇ ਦੀ ਪ੍ਰਤਿਨਿਧ ਹੈ ਅਤੇ ਉਸਨੂੰ ਪੰਦਰ੍ਹਵੀਂ-ਸੋਲ੍ਹਵੀਂ ਸਦੀ ਦੀ "ਮਾਝੀ" ਜਾਂ ਅੰਮ੍ਰਿਤਸਰੀ-ਬੋਲੀ ਆਖਿਆ ਜਾ ਸਕਦਾ ਹੈ। ਇਸੇ ਬੋਲੀ ਦੇ ਪਿੰਡੇ ਉਤੇ ਹੀ ਵਿਸ਼ੇਸ਼ ਕਰਕੇ ਕੇਂਦਰੀ-ਪੰਜਾਬੀ ਦੀ ਉਸਾਰੀ ਹੋਈ ਹੈ ਅਤੇ ਗੁਰੂ ਅਮਰਦਾਸ ਦੀ ਬੋਲੀ ਵਿੱਚ ਭੀ ਕੇਂਦਰੀ-ਪੰਜਾਬੀ ਦੀਆਂ ਸਾਰੀਆਂ ਵਿਸ਼ੇਸ਼ਤਾਈਆਂ ਮਿਲਦੀਆਂ ਹਨ। ਇਕ ਪਾਸੇ ਵਿਸ਼ੇਸ਼ ਕਰਕੇ ਲਹਿੰਦੀ ਅਤੇ ਦੂਜੇ ਪਾਸੇ ਪੂਰਬੀ-ਪੰਜਾਬੀ ਨਾਲ ਇਸਦੀ ਕੁਝ ਸਾਂਝ ਸਿੱਧ ਹੁੰਦੀ ਹੈ। ਪਰ ਇਹ ਲਹਿੰਦੀ, ਮਲਵਈ ਜਾਂ ਦੁਆਬੀ ਵਾਂਗ ਪੱਕੀਆਂ ਲੋਹੇ-ਕੜੀਆਂ ਵਿੱਚ ਜਕੜੀ ਹੋਈ ਨਹੀਂ ਅਤੇ ਗੁਆਂਢੀ-ਬੋਲੀਆਂ ਜਾਂ ਪੰਜਾਬੀ-ਉਪਭਾਖਾਵਾਂ ਦੀ ਸ਼ਬਦਾਵਲੀ ਨੂੰ ਅਪਣਾ ਕੇ ਆਪਣੇ ਸ਼ਬਦ-ਕੋਸ਼ ਨੂੰ ਬਹੁਤ ਵਿਸ਼ਾਲ ਕਰਦੀ ਜਾਪਦੀ ਹੈ। ਬਦੇਸ਼ੀ-ਭਾਸ਼ਾਵਾਂ ਵਿੱਚੋਂ ਗੁਰੂ ਅਮਰਦਾਸ ਦੀ ਬੋਲੀ ਉਤੇ ਫ਼ਾਰਸੀ ਅਤੇ ਅਰਬੀ ਦਾ ਪ੍ਰਭਾਵ ਸਭ ਤੋਂ ਵਧੀਕ ਹੈ। ਪਰ ਮੂਲ-ਰੂਪ ਵਿੱਚ ਇਸਦਾ ਸੰਬੰਧ ਪ੍ਰਾਚੀਨ ਹਿੰਦ-ਆਰੀਆਈ ਭਾਸ਼ਾ ਨਾਲ ਹੈ ਅਤੇ ਸ਼ੌਰਸੇਣੀ-ਅਪਭ੍ਰੰਸ਼ ਰਾਹੀਂ ਇਸਦਾ ਵਿਕਾਸ ਹੋਇਆ ਹੈ। ਸਿੰਧੀ ਨਾਲ ਇਸਦਾ ਸੰਬੰਧ ਸਿੱਧਾ ਨਹੀਂ ਜੁੜਦਾ ਜਾਪਦਾ ਅਤੇ ਲਹਿੰਦੀ ਦੁਆਰਾ ਜਾਂਹਿਰ ਪੰਜਾਬ ਦੇ ਕੇਂਦਰੀ-ਇਲਾਕੇ ਨਾਲ ਸੰਬੰਧਤ ਹੋਣ ਕਰਕੇ ਲਹਿੰਦੀ ਦੇ ਕੁਝ ਇਕ ਸ਼ਬਦ ਇਸ ਨਾਲ ਆਣ ਮਿਲੇ ਹਨ। ਪੂਰਬੀ, ਹਿੰਦੀ ਜਾਂ ਉਰਦੂ ਦਾ ਇਸ ਉੱਤੇ ਪ੍ਰਭਾਵ ਨਾ ਹੋਣ ਦੇ ਬਰਾਬਰ ਹੈ। ਕੁਝ ਇਕ ਨਾਂਵ-ਰੂਪ ਜਾਂ ਕ੍ਰਿਆ-ਰੂਪ ਜੋ ਪੱਛਮੀ-ਹਿੰਦੀ ਅਤੇ ਗੁਰੂ ਅਮਰਦਾਸ ਦੀ ਬੋਲੀ ਵਿੱਚ ਸਾਂਝੇ ਮਿਲਦੇ ਹਨ, ਉਨ੍ਹਾਂ ਦਾ ਸਰੋਤ ਸ਼ੌਰਸੇਣੀ-ਅਪਭ੍ਰੰਸ਼ ਵਿੱਚ ਹੈ, ਜਿਸ ਦੁਆਰਾ ਪੱਛਮੀ-ਹਿੰਦੀ, ਪੂਰਬੀ-ਪੰਜਾਬੀ ਅਤੇ ਗੁਰੂ ਅਮਰਦਾਸ ਦੀ ਕੇਂਦਰੀ-ਪੰਜਾਬੀ ਦਾ ਵਿਕਾਸ ਹੋਇਆ ਹੈ। ਸੋ ਅਜਿਹੀ ਸਾਂਝ ਦਾ ਸੋਮਾ ਪੱਛਮੀ-ਹਿੰਦੀ ਦੀ ਥਾਂ ਸ਼ੌਰਸੇਣੀ-ਅਪਭ੍ਰੰਸ਼ ਨੂੰ ਹੀ ਮੰਨਣਾ ਚਾਹੀਦਾ ਹੈ, ਜਾਂਹਿਰ ਮਧਕਾਲੀਨ-ਭਾਰਤ ਦੀ ਪਰੰਪਰਾਗਤ-ਭਗਤੀ-ਕਾਵਿ-ਭਾਸ਼ਾ ਜਾਂ ਸ਼ੌਰਸੈਨੀ ਦੇ ਉਸ ਰੂਪ ਨੂੰ, ਜਿਸਨੂੰ ਕਈ ਵਿਦਵਾਨਾਂ ਨੇ ਸੰਤ-ਭਾਖਾ ਦਾ ਨਾਮ ਦਿੱਤਾ ਹੈ। ਸ਼ਬਦਾਂਤਿਕ ਲਗਾਂ-ਮਾਤ੍ਰਾਂ ਜਾਂ ਵਿਭਕਤੀਆਂ ਦਾ ਪ੍ਰਯੋਗ ਇਸ ਵਿੱਚ ਸਨਾਤਨੀ ਸੰਜੋਗਾਤਮਿਕ-ਗੁਣ ਪੈਦਾ ਕਰਦਾ ਹੈ ਅਤੇ ਪਰਸਰਗਾਂ ਦੀ ਵਰਤੋਂ ਇਸਨੂੰ ਆਧੁਨਿਕ ਬੋਲੀਆਂ ਦੀ ਕਤਾਰ ਵਿੱਚ ਖੜਿਆਂ ਕਰਦੀ ਹੈ।

## (18) ਬੋਲੀ ਦੀਆਂ ਕਾਵਿਕ-ਵਿਸ਼ੇਸ਼ਤਾਈਆਂ

ਪਿੱਛੇ ਅਸਾਂ ਸੰਕੇਤ ਕੀਤਾ ਸੀ, ਕਿ ਹਰ ਕਵੀ ਦੀ ਬੋਲੀ ਆਪੋ ਆਪਣੀ ਹੁੰਦੀ ਹੈ। ਇਸ ਕਥਨ ਦਾ ਅੰਤ੍ਰੀਵ-ਅਰਥ ਇਹ ਹੈ, ਕਿ ਹਰ ਮਹਾਨ ਕਵੀ ਦੀ ਬੋਲੀ ਦੂਜੇ ਕਵੀਆਂ ਨਾਲੋਂ ਵੱਖਰੇ-ਰੰਗ ਜਾਂ ਨਿਆਰੇ-ਢਬ ਵਾਲੀ ਹੁੰਦੀ ਹੈ। ਜਦੋਂ ਕੋਈ ਕਵੀ ਆਪਣੇ ਵਿਚਾਰਾਂ ਨੂੰ ਚਿਨ੍ਹਾਂ ਤੇ ਬਿੰਬਾਂ ਦੁਆਰਾ ਮੂਰਤੀਮਾਨ ਕਰਨ ਦਾ ਜਤਨ ਕਰਦਾ ਹੈ, ਤਾਂ ਸਧਾਰਨ ਸ਼ਬਦ ਅਸਧਾਰਨ ਬਣਦੇ ਤੁਰੇ ਜਾਂਦੇ ਹਨ। ਸ਼ਬਦ ਤਾਂ ਉਹੀ ਹੁੰਦੇ ਹਨ ਜੋ ਆਮ ਲੋਕ ਬੋਲਦੇ ਹਨ, ਪਰ ਕਵੀ ਦੀ ਸ਼ਖ਼ਸੀਅਤ ਦਾ ਵੱਖਰਾਪਣ ਪ੍ਰਚਲਤ ਸ਼ਬਦਾਂ ਨੂੰ ਆਪਣੇ ਰੰਗ ਵਿੱਚ ਰੰਗ ਕੇ ਆਮ ਤੋਂ ਖ਼ਾਸ ਬਣਾ ਦਿੰਦਾ ਹੈ। ਇਹੋ ਵਿਸ਼ੇਸ਼ਤਾ ਕਵੀ ਦਾ "ਅੰਦਾਜ਼-ਇ-ਬਿਆਨ" ਹੈ। ਬੇਸ਼ਕ ਅੰਦਾਜ਼-ਇ-ਬਿਆਨ ਦੇ ਅਰਥ ਬੋਲੀ ਦੇ ਆਮ-ਕਥਿਤ ਅਰਥਾਂ ਨਾਲੋਂ ਵਧੇਰੇ ਡੂੰਘੇ ਅਤੇ ਵਿਸ਼ਾਲ ਹਨ, ਪਰ ਬੋਲੀ ਦੀ ਖ਼ੂਬਸੂਰਤੀ ਅਤੇ ਸ਼ਬਦਾਂ ਦੇ ਜਾਦੂ ਨੂੰ ਅੰਦਾਜ਼-ਇ-ਬਿਆਨ ਨਾਲੋਂ ਅੱਡ ਨਹੀਂ ਕੀਤਾ ਜਾ ਸਕਦਾ।

ਉਰਦੂ-ਫ਼ਾਰਸੀ ਦੇ ਕਵੀ ਅੰਦਾਜ਼-ਇ-ਬਿਆਨ ਦੀ ਖ਼ੂਬਸੂਰਤੀ ਲਈ ਇਜ਼ਾਫ਼ਤਾਂ ਦੁਆਰਾ ਵੰਨ-ਸੁਵੰਨੇ ਸਮਾਸ ਬਣਾਉਂਦੇ ਹਨ, ਜਿਵੇਂ: ਨਕਸ਼-ਇ-ਫ਼ਰਿਆਦੀ, ਸ਼ਾਂਮ-ਇ-ਹਿਜਰਾ, ਆਤਿਸ਼-ਇ-ਗੁਲ ਅਤੇ ਰਕਸ-ਇ-ਸ਼ਬਨਮ, ਆਦਿਕ। ਪਰ ਪੰਜਾਬੀ-ਵਿਆਕਰਣ ਅਨੁਸਾਰ ਇਜ਼ਾਫ਼ਤਾਂ ਲਗਾਉਣ ਦਾ ਕੋਈ ਨਿਯਮ ਨਹੀਂ ਅਤੇ ਇਸ ਘਾਟੇ ਨੂੰ ਕਵੀ ਕੁਝ ਕੁ ਸਮਾਸ ਬਣਾ ਕੇ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਬੇਸ਼ਕ ਪ੍ਰਾਚੀਨ-ਪੰਜਾਬੀ ਵਿੱਚ ਸਮਾਸ ਬਣਾਉਣ ਲਈ ਦੋ ਸ਼ਬਦਾਂ ਦੇ ਵਿਚਕਾਰ ਡੈਸ਼ ( - ) ਪਾਉਣ ਦੀ ਪਿਰਤ ਨਹੀਂ ਸੀ, ਪਰ ਜਿਵੇਂ ਗੁਰੂ ਅਮਰਦਾਸ ਦੀ ਸ਼ਬਦਾਵਲੀ ਦੀਆਂ ਹੇਠ ਲਿਖੀਆਂ ਉਦਾਹਰਨਾਂ ਤੋਂ ਸਿੱਧ ਹੁੰਦਾ ਹੈ, ਸਮਾਸ ਬਣਾਉਣ ਦੀ ਕਲਾ ਦਾ ਪ੍ਰਾਚੀਨ ਪੰਜਾਬੀ ਕਵੀਆਂ ਨੂੰ ਭੀ ਪਤਾ ਸੀ। ਇਕ ਸੁੰਦਰ-ਸਮਾਸ ਆਪਣੇ ਆਪ ਵਿੱਚ ਇਕ ਸੁੰਦਰ-ਬਿੰਬ ਹੈ। ਵੈਨਡ੍ਰੀਜ਼[1] ਨੇ ਤਾਂ ਹਰ ਸ਼ਬਦ ਨੂੰ ਭਾਸ਼ਾਈ-ਬਿੰਬ ਮੰਨਿਆ ਹੈ। ਸੋ ਗੁਰੂ ਅਮਰਦਾਸ ਦੀ ਬੋਲੀ ਵਿੱਚ ਇਹੋ ਜਿਹੇ ਸਮਾਸਾਂ ਦੀ ਬਹੁਲਤਾ ਇਸ ਗੱਲ ਦੀ ਪ੍ਰਤੀਕ ਹੈ, ਕਿ ਗੁਰਦੇਵ ਦੀ ਬੋਲੀ ਕਲਾ ਦੇ ਸੂਖਮ-ਰੰਗਾਂ ਵਿੱਚ ਰੰਗੀ ਹੋਈ ਹੈ। ਉਦਾਹਰਨ ਵਜੋਂ ਕੁਝ ਇਕ ਸਮਾਸ ਇਸ ਪ੍ਰਕਾਰ ਹਨ:-

ਮਨ-ਕਾਮਨਾ-ਤੀਰਥ, ਮਨ-ਚਿੰਦਿਆ-ਫਲ, ਓਤਿ-ਪੋਤਿ, ਹਲਤੁ-ਪਲਤੁ, ਪਵਿਤੁ-ਪਾਵਨੁ,
ਭਾਇ-ਭਗਤਿ, ਗਹਿਰ-ਗੰਭੀਰ, ਗੁਣੀ-ਗਹੀਰ, ਬ੍ਰਹਮ-ਗਿਆਨੀ, ਗਿਆਨ-ਅੰਜਨ,
ਗਿਆਨ-ਖੜਗ, ਸਬਦ-ਕਸਵਟੀ, ਭੈ-ਭਾਇ-ਸੀਗਾਰਿ, ਭਾਉ-ਭੋਜਨ, ਅਨਹਦ-ਧੁਨੀ,
ਪਰਮ-ਪਦ, ਤਤੁ-ਗਿਆਨ, ਨਾਮ-ਨਿਧਾਨ, ਤਿਮਰ-ਅਗਿਆਨ, ਮਾਇਆ-ਮਮਤਾ-ਮੋਹਣੀ,
ਕੰਚਨ-ਕਾਇਆ, ਧਾਤੁਰ-ਬਾਜੀ, ਡੂਪਾ-ਨਡੁਲ, ਪੰਡ-ਪਰਾਲਾ, ਰੋਲ-ਘਚੋਲਾ, ਕੁਚਲ-ਕੁਚੀਲ,
ਕਥਨੀ-ਬਦਨੀ, ਮੋਹ-ਗੁਬਾਰ, ਤ੍ਰਿਸਨਾ-ਅਗਨਿ, ਗਾਰਬੁ-ਅਟਿਆ, ਗਾਰਬਿ-ਲਦਿਆ,
ਕਾਮ-ਗਹੇਲੀਏ, ਵੇਕਾਰੀ-ਵੇੜਿਆ, ਭਰਮ-ਪਟ, ਭਿੰਨੀ-ਰੈਣ, ਆਦਿਕ।

ਦੋ ਵਿਰੋਧੀ-ਸ਼ਬਦਾਂ ਨੂੰ ਜੋੜ ਕੇ ਭੀ ਗੁਰੂ ਅਮਰਦਾਸ ਨੇ ਕਈ ਥਾਈਂ ਬੋਲੀ ਅਤੇ ਬਿਆਨ ਵਿੱਚ

---

1. J. Vemdryes- Language-London, 1952, P. 115

ਸੁੰਦਰਤਾ ਪੈਦਾ ਕੀਤੀ ਹੈ, ਜਿਵੇਂ:- ਅਕਥੋਕਥੀਐ, ਅਚਰੁ ਚਰੈ, ਅਸਾਧੁ ਸਾਧੈ, ਆਪੁ ਉਧਾਰੇ, ਅਲਖ **ਲਖਾਵਣਿਆ**, ਅਵਗਣ ਗੁਣੀ ਬਖਸਾਵਣਿਆ, ਆਦਿਕ ।

ਇਸੇ ਤਰ੍ਹਾਂ ਕਈ ਵਾਰ ਇੱਕੋ ਸ਼ਬਦ ਨੂੰ ਬਾਰ ਬਾਰ ਦੁਹਰਾ ਕੇ ਉਸਦੀ ਸ਼ਕਤੀ ਤੀਖਣ ਕੀਤੀ ਗਈ ਹੈ। ਅਜਿਹਾ ਕਰਨ ਸਮੇਂ ਕੋਈ ਕੋਈ ਸ਼ਬਦ ਦੂਹਰਾ-ਅਰਥ ਭੀ ਦੇ ਗਿਆ ਹੈ। ਸ਼ਬਦਾਂ ਦੇ ਦੁਹਰਾਉ ਦੀਆਂ ਕੁਝ ਇਕ ਉਦਾਹਰਨਾਂ ਇਸ ਪਰਕਾਰ ਹਨ:-

(ੳ) ਹਉ ਹਉ ਕਰਤੀ ਸਭ ਮੁਈ ....................(ਸਿਰੀ ਰਾਗੁ ਮ:3)[1]
(ਅ) ਆਪੈ ਨੋ ਆਪੁ ਖਾਇ ।........................( " " " )[2]
(ੲ) ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ..........( " " " )[3]
(ਸ) ਹਉ ਵਾਰੀ ਜੀਉ ਵਾਰੀ........................(ਮਾਝ ਮ:3)[4]
(ਹ) ਮਰ ਮਰ ਜੰਮਹਿ ਫਿਰ ਫਿਰ ਆਵਹਿ ..........( " " " )[5]
(ਕ) ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰ ਕਰਾਵਣਿਆ ।.....(ਮਾਝ ਮ:3)[5]
(ਖ) ਆਪੇ ਆਪਿ ਆਪਿ ਮਿਲ ਰਹਿਆ ।................( " " " )[5]
(ਗ) ਨਾਮੋ ਖੋਜੇ ਨਾਮੋ ਜੰਮੈ ਨਾਮੋ ਮੰਨਿ ਵਸਾਇ।..........(ਗਉੜੀ ਮ:3)[6]
(ਘ) ਘਰ ਅੰਦਰਿ ਕੋ ਘਰ ਪਾਏ ।........................(ਮਾਰੂ ਮ:3)[7]
(ਙ) ਬਿਖ ਕਾ ਕੀੜਾ ਬਿਖ ਮਹਿ ਰਾਤਾ ਬਿਖ ਹੀ ਮਾਹਿ **ਪਚਾਵਣਿਆ** ।
(ਮਾਝ ਮ:3)[8]
(ਚ) **ਮਨ** ਹੀ ਨਾਲਿ ਝਗੜਾ **ਮਨ** ਹੀ ਨਾਲਿ ਸਥ ਮਨ ਹੀ ਮੰਝਿ ਸਮਾਇ ।
(ਸਿਰੀ ਰਾਗੁ ਮ:3)[9]

ਸ਼ਬਦ-ਅਲੰਕਾਰ, ਵਿਸ਼ੇਸ਼ ਕਰਕੇ ਅਨੁਪ੍ਰਾਸ ਤਾਂ ਨਿਰੋਲ ਸ਼ਬਦਾਂ ਦੀ ਜਾਦੂਗਰੀ ਹੀ ਆਖਿਆ ਜਾ ਸਕਦਾ ਹੈ, ਪਰ ਗੁਰੂ ਅਮਰਦਾਸ ਦੀ ਕਵਿਤਾ ਵਿੱਚ ਅਨੁਪ੍ਰਾਸ ਸ਼ਬਦਾਂ ਦੀ ਜਾਦੂਗਰੀ ਇਤਨੀ ਨਹੀਂ ਵਿਖਾਉਂਦਾ ਜਿਤਨੀ ਖਿਆਲਾਂ ਦੀ ਪੈਗੰਬਰੀ ਕਰਦਾ ਵਿਖਾਈ ਦਿੰਦਾ ਹੈ। ਉਦਾਹਰਨ ਵਜੋਂ:-

(ੳ) ਅਗਮ ਅਗੋਚਰ ਅਨਾਥ ਅਜੋਨੀ....................(ਮਾਝ ਮ:3)[10]
(ਅ) ਮਨੁ ਮੈਮਤੁ ਮੈਗਲ ਮਿਕਦਾਰਾ ..................(ਗਉੜੀ ਗੁਆਰੇਰੀ ਮ:3)[11]
(ੲ) ਕਾਇਆ ਕਚੀ ਕਚਾ ਚੀਰੁ ਹੰਢਾਏ। ..........(ਮਾਰੂ ਮ:3)[12]
(ਸ) ਝਿਮਿ ਝਿਮਿ ਅੰਮ੍ਰਿਤ ਵਰਸਦਾ....................(ਸ਼ਲੋਕ ਵਾਰਾਂ ਤੋਂ ਵਧੀਕ)[13]

(ਹ) ਊਨਵਿ ਊਨਵਿ ਆਇਆ........... ..............(ਵਾਰ ਮਲਾਰ ਮ:1 ਸ਼ਲੋਕ ਮ:3)[14]

---

1. ਆਦਿ-ਗ੍ਰੰਥ..............ਪੰਨਾ 84
2. ਆਦਿ-ਗ੍ਰੰਥ..............ਪੰਨਾ 86
3. ਆਦਿ-ਗ੍ਰੰਥ..............ਪੰਨਾ 87
4. ਆਦਿ-ਗ੍ਰੰਥ..............ਪੰਨਾ 113
5. ਆਦਿ-ਗ੍ਰੰਥ..............ਪੰਨਾ 115
6. ਆਦਿ-ਗ੍ਰੰਥ..............ਪੰਨਾ 246
7. ਆਦਿ-ਗ੍ਰੰਥ..............ਪੰਨਾ 1068
8. ਆਦਿ-ਗ੍ਰੰਥ..............ਪੰਨਾ 127
9. ਆਦਿ-ਗ੍ਰੰਥ..............ਪੰਨਾ ~~xxxx~~ 87
10. ਆਦਿ-ਗ੍ਰੰਥ.............ਪੰਨਾ 118
11. ਆਦਿ-ਗ੍ਰੰਥ.............ਪੰਨਾ 159
12. ਆਦਿ-ਗ੍ਰੰਥ.............ਪੰਨਾ 111
13. ਆਦਿ-ਗ੍ਰੰਥ.............ਪੰਨਾ 1420
14. ਆਦਿ-ਗ੍ਰੰਥ.............ਪੰਨਾ 1280

(ਕ) ਵਡੜੈ ਝਾਲਿ ਝਲੰਭਲੈ...........(ਸ਼ਲੋਕ ਵਾਰਾਂ ਤੋਂ ਵਧੀਕ)[1]

(ਖ) ਸਾਵਣ ਸਰਸੀ ਕਾਮਣੀ..........(ਵਾਰ ਮਲਾਰ ਮ:1 ਸ਼ਲੋਕ ਮ:3)[2]

ਇਸੇਤਰ੍ਹਾਂ ਰਸਨਾ ਰਮਨ ਰਮਾਇ, ਮਰਦੇ ਮਰਣਾ ਜਾਇ, ਠਉਰ ਨਾ ਠਾਉ, ਆਦਿਕ ਅਨੇਕਾਂ ਵਾਕੰਸ਼ ਪੇਸ਼ ਕੀਤੇ ਜਾ ਸਕਦੇ ਹਨ।

ਇੱਕੋ ਤੁਕ ਵਿੱਚ ਦੋ ਤੁਕਾਂਤ ਨਿਭਾਉਣਾ ਬੇਸ਼ਕ ਛੰਦ-ਰਚਨਾ ਤੇ ਬਿਆਨ-ਸ਼ਕਤੀ ਦਾ ਗੁਣ ਹੈ, ਪਰ ਇਸ ਗੁਣ ਨੂੰ ਉਪਜਾਉਣ ਦਾ ਸਭ ਤੋਂ ਵੱਡਾ ਹੱਥ ਸ਼ੈਲੀ ਦੀ ਅਮੀਰੀ ਦਾ ਹੈ, ਜੋ ਚਾਂਦੀ ਦੇ ਸਿੱਕਿਆਂ ਵਾਂਗ ਸ਼ਬਦਾਂ ਨੂੰ ਟੁਣਕਾਰਦੀ ਹੋਈ ਕਵੀ ਦਾ ਸਾਥ ਦਿੰਦੀ ਹੈ, ਜਿਵੇਂ:-

(ੳ) ਤੂ ਆਪੇ ਸੋਹਹਿ ਆਪੇ ਜਗੁ ਮੋਹਹਿ...........(ਮਾਝ ਮ:3)[3]
(ਅ) ਆਪੇ ਗੁਰ ਦਾਤਾ ਕਰਮ ਬਿਧਾਤਾ ..........(ਮਾਝ ਮ:3)[4]
(ੲ) ਸੁਣ ਸਖੀ ਸਹੇਲੀ ਜੀਅ ਕੀ ਮੇਲੀ .........(ਰਾਗੁ ਗਉੜੀ ਮ:3)[5]
(ਸ) ਕਾਪੜੁ ਤਨਿ ਸੁਹਾਵੈ ਜਾ ਪਿਰ ਭਾਵੈ.........( " " " )[6]
(ਹ) ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ.....( " " " )[7]
(ਕ) ਸਦਾ ਰੰਗਿ ਰਾਤੀ ਸਹਜੇ ਮਾਤੀ..............( " " " )[8]
(ਖ) ਪਿਰੁ ਰਲੀਆਲਾ ਜੋਬਨ ਬਾਲਾ ..............(ਵਡਹੰਸ 'ਮ: 3' )[9]
(ਗ) ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ .....( " " " )[10]

ਇਸੇਤਰ੍ਹਾਂ ਅਖਾਣਾਂ ਅਤੇ ਮੁਹਾਵਰਿਆਂ ਨਾਲ ਜੜਤ ਸ਼ੈਲੀ ਇਕ ਪਾਸੇ ਬਿਆਨ ਵਿੱਚ ਸ਼ੋਖੀ ਪੈਦਾ ਕਰਦੀ ਹੈ ਅਤੇ ਦੂਜੇ ਪਾਸੇ ਲੋਕ-ਤਜਰਬਿਆਂ ਨਾਲ ਇਕਸੁਰ ਹੋਣ ਕਰਕੇ ਜਨ-ਸਾਧਾਰਨ ਦੇ ਮਨਾਂ ਉੱਪਰ ਵਧੇਰੇ ਕਾਟ ਕਰਦੀ ਹੈ। ਗੁਰੂ ਅਮਰਦਾਸ ਦੀ ਸ਼ੈਲੀ ਦੀ ਵਿਸ਼ੇਸ਼ਤਾ ਇਸ ਗੱਲ ਵਿੱਚ ਹੈ, ਕਿ ਇਸ ਵਿੱਚ ਜੜੇ ਅਖਾਣ ਤੇ ਮੁਹਾਵਰੇ ਵਾਧੂ, ਬੇਥਵੇ ਜਾਂ ਓਪਰੇ ਨਹੀਂ ਲੱਗਦੇ, ਸਗੋਂ ਸਹਿਜ-ਸੁਭਾ ਸ਼ੈਲੀ ਦੇ ਅੰਸ਼ ਵਾਂਗ ਅੰਦਰੋਂ ਫੁੱਟ ਨਿਕਲੇ ਅਰਥਦਾਰ ਸ਼ੈਲੀ ਦੀ ਆਤਮਾ ਨਾਲ ਕਬੂਲ ਜਾਪਦੇ ਹਨ। ਉਦਾਹਰਨ ਵਜੋਂ ਹੇਠ ਲਿਖੀਆਂ ਤੁਕਾਂ ਵਿੱਚ ਏਕ ਜੋਤਿ ਦੁਇ ਮੂਰਤੀ, ਸੁੰਞੇ ਘਰ ਕਾ ਪਾਹੁਣਾ, ਸੁੰਞੇ ਘਰ ਕਾਉ, ਡੂਬਿ ਮੁਇ ਬਿਨ ਪਾਣੀ, ਆਦਿਕ ਅਖਾਣਾਂ ਨੂੰ ਪੂਰੀ ਤਰ੍ਹਾਂ ਸਫਲਤਾ ਨਾਲ ਵਰਤਿਆ ਗਿਆ ਹੈ:-

(ੳ) ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ।
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ।
(ਵਾਰ ਸੂਹੀ ਮ:3)[11]

(ਅ) ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ।
(ਸਿਰੀ ਰਾਗੁ ਮ:3)[12]

---

1. ਆਦਿ-ਗ੍ਰੰਥ..............ਪੰਨਾ 1420
2. ਆਦਿ-ਗ੍ਰੰਥ..............ਪੰਨਾ 1285
3. ਆਦਿ-ਗ੍ਰੰਥ..............ਪੰਨਾ 125
4. ਆਦਿ-ਗ੍ਰੰਥ..............ਪੰਨਾ 126
5. ਆਦਿ-ਗ੍ਰੰਥ..............ਪੰਨਾ 243
6. ਆਦਿ-ਗ੍ਰੰਥ..............ਪੰਨਾ 244
7. ਆਦਿ-ਗ੍ਰੰਥ................ਪੰਨਾ 245
8. ਆਦਿ-ਗ੍ਰੰਥ................ਪੰਨਾ 568
9. ਆਦਿ-ਗ੍ਰੰਥ................ਪੰਨਾ 568
10. ਆਦਿ-ਗ੍ਰੰਥ..............ਪੰਨਾ 583
11. ਆਦਿ-ਗ੍ਰੰਥ..............ਪੰਨਾ 788
12. ਆਦਿ-ਗ੍ਰੰਥ..............ਪੰਨਾ 34

(ੲ) ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰ ਕਾਉ ।
(ਸਿਰੀ ਰਾਗੁ ਮ:3)[1]

(ਸ) ਮਨਮੁਖ ਅੰਧ ਨ ਚੇਤਨੀ ਡੂਬਿ ਮੁਏ ਬਿਨੁ ਪਾਣੀ ।
(ਸਿਰੀ ਰਾਗੁ ਮ;3)[2]

ਇਸੇਤਰ੍ਹਾਂ ਕਈ ਮੁਹਾਵਰਿਆਂ, ਜਿਵੇਂ: ਨੱਕ ਰੱਖਣਾ, ਨੱਕ ਵੱਢਿਆ ਜਾਣਾ, ਘਾਲ ਥਾਇ ਪੈਣਾ, ਪੱਲੇ ਪਾਉਣਾ, ਪਿੜ ਬੰਨ੍ਹ ਨੱਚਣਾ, ਬੰਨ੍ਹ ਕੇ ਮਾਰਨਾ, ਮੂੰਹ ਕਾਲਾ ਹੋਣਾ, ਬਣਤ ਬਣਾਉਣੀ, ਭਾਗਾਂ ਦਾ ਉਦੈ ਹੋਣਾ, ਖੇਤ ਵਿੱਚ ਕੂੰਜ ਪੈਣੀ, ਠਉਰ ਨ ਠਾਉ, ਪੱਤ੍ਰੀ ਵਾਚਣੀ ਅਤੇ ਵੇਲਾ ਹੱਥ ਨਾ ਆਉਣਾ ਆਦਿਕ ਦਾ ਮੁਕੱਮਲ-ਪ੍ਰਯੋਗ ਇਸ ਪ੍ਰਕਾਰ ਹੋਇਆ ਹੈ:-

(ੳ) ਮਨਮੁਖ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ ।
(ਵਾਰ ਵਡਹੰਸ ਮ:4 ਸਲੋਕ ਮ:3)[3]

(ਅ) ਨਾਨਕ ਵਿਣੁ ਨਾਵੈ ਨਕੀ ਵਢੀ ਫਿਰਹਿ ਸੋਭਾ ਮੂਲਿ ਨ ਪਾਹਿ ।
(ਵਾਰ ਵਡਹੰਸ ਮ:4 ਸਲੋਕ ਮ:3)[4]

(ੲ) ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ।
(ਸਿਰੀ ਰਾਗੁ ਮ:3)[5]

(ਸ) ਚਿਰੀ ਵਿਛੁੰਨੇ ਮੇਲਿਅਨੁ ਸਤਗੁਰ ਪੰਨੈ ਪਾਇ ।
(ਸਿਰੀ ਰਾਗੁ ਮ:3)[6]

(ਹ) ਮਾਇਆ ਕਾਰਣਿ ਪਿੜ ਬੰਧਿ ਨਾਚੈ......(ਮਾਝ ਮ:3)[7]

(ਕ) ਜਿਨ ਸਤਿਗੁਰ ਸੇਵੇ ਜਮਪੁਰਿ ਬਧੇ ਮਾਰੀਅਨਿ ਮੁਹਿ ਕਾਲੈ ਉਠਿ ਜਾਹਿ ।
(ਵਾਰ ਵਡਹੰਸ ਮ:4 ਸਲੋਕ ਮ:3)[8]

(ਖ) ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ ।
(ਰਾਮਕਲੀ ਕੀ ਵਾਰ ਮ:3)[9]

(ਗ) ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ ।
(ਸਿਰੀ ਰਾਗੁ ਮ:3)[10]

(ਘ) ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ।....( " " ")[11]

(ਙ) ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨੋ ਠਉਰ ਨ ਠਾਉ ।...( " " " )[12]

(ਚ) ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ ।
(ਮਾਰੂ ਕੀ ਵਾਰ ਮ:3)[13]

(ਛ) ਫਿਰ ਵੇਲਾ ਹਥਿ ਨ ਆਵਈ.......... (ਵਾਰ ਗਉੜੀ ਮ:4 ਸਲੋਕ ਮ:3)[14]

ਹਰ ਭਾਵ ਨੂੰ ਪਰਗਟ ਕਰਨ ਲਈ ਗੁਰੂ ਅਮਰਦਾਸ ਪਾਸ ਢੁੱਕਵੀਂ-ਸ਼ਬਦਾਵਲੀ ਹੈ।

ਅਧਿਆਤਮਿਕ, ਇਤਿਹਾਸਕ, ਸਮਾਜਕ, ਭਾਈਚਾਰਕ ਅਤੇ ਰਾਜਨੀਤਕ ਸ਼ਬਦਾਵਲੀ ਤੋਂ ਛੁੱਟ

---

1. ਆਦਿ-ਗ੍ਰੰਥ..................ਪੰਨਾ 30
2. ਆਦਿ-ਗ੍ਰੰਥ..................ਪੰਨਾ 31
3. ਆਦਿ-ਗ੍ਰੰਥ..................ਪੰਨਾ 591
4. ਆਦਿ-ਗ੍ਰੰਥ..................ਪੰਨਾ 590
5. ਆਦਿ-ਗ੍ਰੰਥ..................ਪੰਨਾ 27
6. ਆਦਿ-ਗ੍ਰੰਥ..................ਪੰਨਾ 32
7. ਆਦਿ-ਗ੍ਰੰਥ..................ਪੰਨਾ 122
8. ਆਦਿ-ਗ੍ਰੰਥ..........ਪੰਨਾ...589
9. ਆਦਿ-ਗ੍ਰੰਥ..........ਪੰਨਾ...947
10. ਆਦਿ-ਗ੍ਰੰਥ.........ਪੰਨਾ 31
11. ਆਦਿ-ਗ੍ਰੰਥ.........ਪੰਨਾ 34
12. ਆਦਿ-ਗ੍ਰੰਥ.........ਪੰਨਾ 30
13. ਆਦਿ-ਗ੍ਰੰਥ.........ਪੰਨਾ 1093
14. ਆਦਿ-ਗ੍ਰੰਥ.........ਪੰਨਾ 314

ਮਨੁੱਖੀ-ਸੰਬੰਧਾਂ ਅਤੇ ਸ੍ਰਿਸ਼ਟੀ-ਰਚਨਾ ਬਾਰੇ ਢੁੱਕਵੇਂ-ਸ਼ਬਦਾਂ ਦੀਆਂ ਉਦਾਹਰਨਾਂ ਇਸਤੋਂ ਅਗਲੇ ਲੇਖ (ਗੁਰੂ ਅਮਰਦਾਸ ਦੀ ਬੋਲੀ ਅਤੇ ਅਨੁਭਵ) ਰਾਹੀਂ ਵਿਸਥਾਰ ਸਹਿਤ ਪੇਸ਼ ਕੀਤੀਆਂ ਗਈਆਂ ਹਨ। ਇੱਥੇ ਕੇਵਲ ਸੰਕੇਤ ਮਾਤਰ ਕੁਝ ਇਕ ਅਜਿਹੇ ਸ਼ਬਦਾਂ ਨੂੰ ਦ੍ਰਿਸ਼ਟੀ-ਗੋਚਰ ਕੀਤਾ ਜਾਵੇਗਾ, ਜੋ ਇਤਨੇ ਭਾਵ-ਪੂਰਤ ਹਨ, ਕਿ ਉਨ੍ਹਾਂ ਨੂੰ ਸੁਣਦਿਆਂ ਹੀ ਸੰਬੰਧਤ ਵਸਤੂ ਜਾਂ ਅਵੱਸਥਾਂ ਸਨਮੁਖ ਆ ਜਾਂਦੀ ਹੈ, ਜਿਵੇਂ:-

ਚਉਚਕਿਆ, ਚਉਵਾਇਆ, ਚਉਖੰਨੀਐ, ਵਰਨੈ ਝਾਗਿ ਝਲੁੰਕਣੈ, ਢੂੰਬੜੀ, ਏਹੜ ਤੇਹੜ, ਸੁਰਵੀ, ਸਭਰਾਈ, ਛਹਬਰ, ਛੌੜ, ਛੋਡਾ, ਛੁਟੜਿ, ਰਿਮਿ-ਝਿਮਿ, ਠਗਉਲੀ, ਡਹਿਕਾਇਆ, ਤੁਲਹੜਾ, ਮਰਜੀਵੜਾ, ਗਾਟੜੇ, ਗੋਰਿਥਾਂ, ਚੈਂਕੜੀ, ਭੁਇਅੰਗਮੁ, ਗਰਬਿ-ਗਹੇਲੀ, ਆਦਿਕ।

ਕਈ ਸ਼ਬਦਾਂ ਨੂੰ ਜਦੋਂ ਲਮਕਾਇਆ ਜਾਂਦਾ ਹੈ, ਉਹ ਸੁਰ-ਤਾਲ ਅਤੇ ਤੋਲ-ਤੁਕਾਂਤ ਵਿੱਚ ਸਹਾਇਕ ਹੋਣ ਤੋਂ ਛੁੱਟ ਸੂਖਮ-ਧੁਨੀਆਂ ਦੀਆਂ ਗਾਇਨ-ਲਕੀਰਾਂ ਨਾਲ ਭਾਵਾਂ ਨੂੰ ਸ਼ਿੰਗਾਰਨ ਵਿੱਚ ਭੀ ਮਦਦ ਕਰਦੇ ਹਨ। ਗੁਰੂ ਨਾਨਕ (ਵੇਖੋ: ਸੇਜੜੀ, ਅਸੀਮੜੀਆ, ਮਣਕੜਾ, ਨਿਮਾਣੜੀਆ, ਨੀਦੜੀਏ, ਸਲੋਨੜੀਏ, ਆਦਿਕ) ਤੋਂ ਵਾਰਸਸ਼ਾਹ (ਨੀ ਮੈਂ ਆਪ ਥੱਕੀ ਉਸ ਕਮਲੜੇ ਨੂੰ.....) ਤਕ ਅਨੇਕਾਂ ਕਵੀਆਂ ਨੇ ਸ਼ਬਦਾਂ ਦੇ ਅੰਤ "ੜ" ਲਗਾ ਕੇ ਇਸ ਕਲਾ ਦਾ ਪ੍ਰਯੋਗ ਕੀਤਾ ਹੈ। ਇਹ ਆਖਣਾ ਠੀਕ ਨਹੀਂ, ਕਿ ਸ਼ਬਦਾਂ ਦੇ ਅੰਤ "ੜ" ਲਗਾਉਣ ਦੀ ਰੁਚੀ ਕੇਵਲ ਪੱਛਮੀ-ਪੰਜਾਬੀ ਵਿੱਚ ਪ੍ਰਧਾਨ ਹੈ। ਅਸਲੀਅਤ ਇਹ ਹੈ, ਕਿ ਪ੍ਰਾਚੀਨ-ਪੰਜਾਬੀ (ਕੇਂਦਰੀ ਅਤੇ ਪੱਛਮੀ) ਦੇ ਲਗਪਗ ਸਾਰੇ ਦੇ ਸਾਰੇ ਮਹਾਨ ਕਵੀਆਂ ਨੇ "ੜ" ਦੀ ਮੂਰਧਨੀ-ਧੁਨੀ ਤੋਂ ਲਾਭ ਉਠਾਇਆ ਹੈ। ਆਧੁਨਿਕ-ਕਾਲ ਵਿੱਚ ਭੀ ਅੰਮ੍ਰਿਤਾ ਪ੍ਰੀਤਮ ਅਤੇ ਸੰਤੋਖ ਸਿੰਘ ਧੀਰ ਆਦਿਕ ਕਵੀ ਆਪਣੀਆਂ ਪੁਸਤਕਾਂ (ਵੇਖੋ: ਸੁਨੇਹੜੇ ਅਤੇ ਬਿਰਹੜੇ, ਆਦਿਕ) ਦੇ ਨਾਮ ਰੱਖਣ ਸਮੇਂ ਪ੍ਰਾਚੀਨ ਪੰਜਾਬੀ ਕਵਿਤਾ ਦੀ ਉਪਰੋਕਤ ਰੁਚੀ ਤੋਂ ਪ੍ਰਭਾਵਤ ਹੋਏ ਜਾਪਦੇ ਹਨ। ਗੁਰੂ ਅਮਰਦਾਸ ਦੀ ਕਵਿਤਾ ਵਿੱਚ ਸ਼ਬਦਾਂ ਨੂੰ "ੜ" ਦੁਆਰਾ ਲਮਕਾਉਣ ਦੀ ਰੁਚੀ ਕਾਫ਼ੀ ਪ੍ਰਬਲ ਹੈ, ਜਿਵੇਂ:-

(ੳ) ਜੇ ਲੋੜਹਿ ਵਰੁ ਬਾਲੜੀਏ..................(ਸੂਹੀ ਮ:3)[1]
(ਅ) ਪਿਰੁ ਰਾਵੇ ਰੰਗਿ ਰਾਤੜੀਏ................( " " ")[2]

ਇਸੇਤਰ੍ਹਾਂ ਵੇਖੋ: ਸੁਹਾਵੜੇ, ਸੋਹਿਲੜਾ, ਸੰਦੜੇ, ਹੀਅੜੇ, ਚੋਲੜਾ, ਥੋੜੜਿਆ, ਪਿਰਹੜੀ, ਪੇਈਅੜੈ, ਪੇਵਕੜੈ, ਮਿਲਾਵੜਾ, ਪਾਇੜਾ, ਏਕਲੜੀ, ਨਿਰਗੁਣਵੰਤੜੀਏ, ਅਉਗਣਵੰਤੜੀਏ, ਆਦਿਕ।

ਅਖੀਰ ਉੱਤੇ ਗੁਰੂ ਅਮਰਦਾਸ ਦੀ ਬਾਣੀ ਵਿਚਲੇ ਕੁਝ ਇਕ ਅਜਿਹੇ ਵਾਕਾਂ ਵਲ ਸੰਕੇਤ ਕਰਨਾ ਭੀ ਯੋਗ ਹੋਵੇਗਾ, ਜਿਨ੍ਹਾਂ ਵਿੱਚ ਸ਼ਬਦਾਂ ਦੀ ਜੋੜ ਇਤਨੀ ਸੁਚੱਜੀ ਹੈ, ਕਿ ਉਹ ਮੱਲੋਮੱਲੀ ਮੂੰਹ ਉੱਤੇ ਚੜ੍ਹ ਜਾਂਦੇ ਹਨ:-

(ੳ) ਏਕ ਜੋਤਿ ਦੁਇ ਮੂਰਤੀ........................(ਸੂਹੀ ਮ:3)[2]
(ਅ) ਭਰਮੁ ਗਇਆ ਭਉ ਭਾਗਿਆ ..................(ਸਿਰੀ ਰਾਗੁ ਮ:3)[3]

1. ਆਦਿ-ਗ੍ਰੰਥ..................ਪੰਨਾ 771
2. ਆਦਿ-ਗ੍ਰੰਥ..................ਪੰਨਾ 788
3. ਆਦਿ-ਗ੍ਰੰਥ..................ਪੰਨਾ 67

(ੲ) ਬਿਨੁ ਰਾਸੀ ਕੋ ਵਥੁ ਕਿਉ ਪਾਏ ।...........(ਮਾਝ ਮ:3)[1]
(ਸ) ਊਧੈ ਭਾਂਡੈ ਟਿਕੈ ਨ ਕੋਇ । .................(ਗਉੜੀ ਗੁਆਰੇਰੀ ਮ:3)[2]
(ਹ) ਲਿਵ ਧਾਤੁ ਦੁਇ ਰਾਹ ਹੈ ....................(ਸਿਰੀ ਰਾਗੁ ਮ:3)[3]
(ਕ) ਸੋ ਭਗਉਤੀ ਜੋ ਭਗਵੰਤੈ ਜਾਣੈ ................( " " " )[4]
(ਖ) ਸਚੁ ਕਰਣੀ ਸਬਦੁ ਹੈ ਸਾਰੁ .................(ਮਾਝ ਮ: 3)[5]
(ਗ) ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ।.......(ਮਾਝ ਮ:3)[6]
(ਘ) ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ।....( " " " )[7]
(ਙ) ਮੁਕਤੇ ਸੇਵੇ ਮੁਕਤਾ ਹੋਵੈ ..........................( " " " )[7]
(ਚ) ਜੋ ਬੀਜੈ ਸੋਈ ਫਲੁ ਪਾਏ । ....................( " " " )[8]
(ਛ) ਬਾਝੁ ਗੁਰੂ ਹੈ ਅੰਧ ਗੁਬਾਰਾ । ....................( " " " )[7]
(ਜ) ਉਤਪਤਿ ਪਰਲਉ ਸਬਦੇ ਹੋਵੈ।.....................( " " " )[1]
(ਝ) ਨਿਰਗੁਣੁ ਸਰਗੁਣੁ ਆਪੇ ਸੋਈ ।....................( " " " )[9]
(ਞ) ਮਾਇਆਧਾਰੀ ਅਤਿ ਅੰਨਾ ਬੋਲਾ ।.................(ਵਾਰ ਗਉੜੀ ਮ:4 ਸ਼ਲੋਕ ਮ:3)[10]
(ਟ) ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ।....(ਆਸਾ ਮ:3)[11]
(ਠ) ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ।...(ਗੂਜਰੀ ਮ:3)[12]
(ਡ) ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ ।
(ਵਾਰ ਵਡਹੰਸ ਮ:4 ਸ਼ਲੋਕ ਮ:3)[13]
(ਢ) ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨ ਆਇ ।..( " " " )[14]

*.*.*.*.*.*.*.*.*.*.*.*.*.*.*.

---

1.ਆਦਿ-ਗ੍ਰੰਥ................ਪੰਨਾ 117
2.ਆਦਿ-ਗ੍ਰੰਥ................ਪੰਨਾ 158
3.ਆਦਿ-ਗ੍ਰੰਥ................ਪੰਨਾ 87
4.ਆਦਿ-ਗ੍ਰੰਥ................ਪੰਨਾ 88
5.ਆਦਿ-ਗ੍ਰੰਥ................ਪੰਨਾ 114
6.ਆਦਿ-ਗ੍ਰੰਥ................ਪੰਨਾ 115
7.ਆਦਿ-ਗ੍ਰੰਥ................ਪੰਨਾ 116
8.ਆਦਿ-ਗ੍ਰੰਥ................ਪੰਨਾ 113
9.ਆਦਿ-ਗ੍ਰੰਥ................ਪੰਨਾ 128
10.ਆਦਿ-ਗ੍ਰੰਥ...............ਪੰਨਾ 313
11.ਆਦਿ-ਗ੍ਰੰਥ...............ਪੰਨਾ 441
12.ਆਦਿ-ਗ੍ਰੰਥ...............ਪੰਨਾ 491
13.ਆਦਿ-ਗ੍ਰੰਥ...............ਪੰਨਾ 585
14.ਆਦਿ-ਗ੍ਰੰਥ...............ਪੰਨਾ 594

## ਚੌਥਾ ਅਧਿਆਇ

# ਗੁਰੂ ਅਮਰਦਾਸ ਦੀ ਬੋਲੀ ਅਤੇ ਅਨੁਭਵ

ਪਿਛਲੇ ਲੇਖ ਰਾਹੀਂ ਅਸੀਂ ਗੁਰੂ ਅਮਰਦਾਸ ਦੀ ਬੋਲੀ ਦੇ ਅਨੇਕ-ਪੱਖਾਂ ਬਾਰੇ ਵਿਚਾਰ ਕਰ ਚੁੱਕੇ ਹਾਂ, ਪਰ ਵਿਸ਼ੇਸ਼ ਕਰਕੇ ਸਾਡੀ ਖੋਜ ਸ਼ਬਦਾਂ ਦੇ ਬਾਹਰਮੁਖੀ-ਰੂਪ ਜਾਂ ਸਰੀਰਕ-ਸੁੰਦਰਤਾ ਤਕ ਹੀ ਸੀਮਤ ਸੀ । ਸੋ ਇਸ ਲੇਖ ਰਾਹੀਂ ਗੁਰਦੇਵ ਦੀ ਬੋਲੀ ਦੇ ਅਰਥ-ਭਾਗ ਜਾਂ ਉਸਤੋਂ ਵੀ ਅਗੇਰੇ ਉਨ੍ਹਾਂ ਦੇ ਡੂੰਘੇ-ਅਨੁਭਵ ਅਤੇ ਸ਼ਬਦਾਂ ਦੀ ਕੇਂਦਰੀ-ਆਤਮਾ ਤਕ ਪਹੁੰਚਣ ਦਾ ਜਤਨ ਕੀਤਾ ਜਾਵੇਗਾ ।

ਭਾਸ਼ਾ-ਵਿਗਿਆਨ ਦਾ ਉਦੇਸ਼ ਕੇਵਲ ਸੁਰਾਂ ਤੇ ਵਿਅੰਜਨਾਂ ਦਾ ਨਾਚ ਵਿਖਾਉਣਾ ਨਹੀਂ ਅਤੇ ਨਾ ਹੀ ਇਹ ਸ਼ਬਦਾਂ ਦੇ ਨਿਰਮਾਣ ਜਾਂ ਧੁਨੀ-ਗਿਆਨ ਤਕ ਸੀਮਤ ਹੈ। ਇਸਦੇ ਉਲਟ ਆਧੁਨਿਕ-ਚੇਤਨਾ ਵੱਖ ਵੱਖ ਭਾਸ਼ਾਵਾਂ ਦੇ ਅੱਡ ਅੱਡ ਸੁਭਾਵਾਂ ਤੇ ਰੁਚੀਆਂ ਦੁਆਰਾ ਮਨੁੱਖਤਾ ਦੇ ਬਹੁ-ਰੰਗੇ ਸਭਿਆਚਾਰ ਦਾ ਵਿਕਾਸ ਢੂੰਡ ਰਹੀ ਹੈ। ਬਲੂਮਫੀਲਡ[1] ਦੇ ਕਥਨ ਅਨੁਸਾਰ "ਅਰਥਾਂ ਨਾਲ ਸੰਬੰਧਤ ਕੀਤੇ ਬਿਨਾ ਸ਼ਬਦਾਂ ਦੀਆਂ ਧੁਨੀਆਂ ਦਾ ਅਧਿਅਨ ਇਕ ਖਿਆਲੀ-ਪੁਨ ਤੋਂ ਵੱਧ ਨਹੀਂ। ਅਸਲੀਅਤ ਇਹ ਹੈ, ਕਿ ਸ਼ਬਦਾਂ ਦੀਆਂ ਧੁਨੀਆਂ ਕਿਸੇ ਗੱਲ ਦਾ ਸੰਕੇਤ ਹਨ। ਅਸਾਂ ਭਾਖਾਈ-ਰੂਪ ਦੀ ਵਿਆਖਿਆ ਕਰਦਿਆਂ ਉਸਨੂੰ ਇਕ ਅਵੱਸਥਾ ਦਰਸਾਇਆ ਹੈ, ਜਿਸਤੋਂ ਪ੍ਰੇਰਤ ਹੋ ਕੇ ਵਕਤਾ ਸੰਬੰਧਤ ਸ਼ਬਦ ਉਚਾਰਦਾ ਅਤੇ ਸਰੋਤਾ ਹੁੰਗਾਰਾ ਭਰਦਾ ਹੈ।" ਜਸਪਰਸਨ[2] ਨੇ ਪ੍ਰਸਿਧ ਵਿਦਵਾਨ "ਰਸਕ" ਵਾਂਗ ਭਾਸ਼ਾ ਨੂੰ ਕੌਮਾਂ ਦਾ ਇਤਿਹਾਸ ਜਾਣਨ ਲਈ ਸਭ ਤੋਂ ਵੱਡਾ ਮਾਧਿਅਮ ਆਖਿਆ ਹੈ। ਵੈਨਡ੍ਰੀਜ਼[3] ਨੇ ਵੀ ਠੀਕ ਲਿਖਿਆ ਹੈ, ਕਿ ਬੋਲੀ ਲੋਕਾਂ ਤੋਂ ਅੱਡ ਰਹਿ ਕੇ ਨਹੀਂ ਜੀਊਂਦੀ, ਇਸਦੀਆਂ ਜੜ੍ਹਾਂ ਸਾਡੇ ਵਿੱਚੋਂ ਹਰ ਇਕ ਦੀ ਚੇਤੰਨਤਾ ਵਿੱਚ ਡੂੰਘੀਆਂ ਹਨ, ਜਿੱਥੋਂ ਇਹ ਪ੍ਰਗਟਾਉ ਵਿੱਚ ਵਾਪਸ ਫੁੱਲਣ ਲਈ ਖੁਰਾਕ ਪ੍ਰਾਪਤ ਕਰਦਾ ਹੈ।

ਵੈਸੇ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਸ਼ਬਦਾਂ ਦਾ ਅਰਥ-ਭਾਗ ਸੀਮਤ-ਖੇਤਰ ਵਿੱਚ ਰਹਿ ਜਾਂਦਾ ਹੈ। ਪਰ ਸਾਡੇ ਵਿਚਾਰ ਦਾ ਖੇਤਰ ਭਾਸ਼ਾ-ਵਿਗਿਆਨਕ ਹੱਦਾਂ ਤੋਂ ਬਹੁਤ ਅਗੇਰੇ ਮਨੁੱਖ-ਤੱਥ ਅਤੇ ਪਰਮ-ਸਤਿ ਤਕ ਵਿਸ਼ਾਲ ਹੈ। ਵਿਲਬਰ ਮਾਰਸ਼ਲ ਉਰਬਨ[4] ਨੇ ਸ਼ਬਦਾਂ ਦੇ ਅਰਥ-ਵਿਚਾਰ ਨੂੰ ਵਿਆਕਰਣਕ-ਸੰਬੰਧਾਂ,

---

1. Leonard Bloomfield- Language-,1958, P.139.
2. Otto Jespersen- language-,1954, P.38.
3. J.Vendryes-Language, 1952, P.359.
4. Wilbur Marshall Urban- Language and Reality,1939,P.39.

ਸ਼ਬਦ-ਰੂਪ-ਭੇਦਾਂ ਅਤੇ ਵਾਕ-ਬੋਧ ਤੋਂ ਛੁੱਟ "ਸ਼ਬਦਾਂ ਦੇ ਜੀਉਂਦੇ ਰਹਿਣ ਦਾ ਮਹੱਤਵ" ਦਰਸਾਉਣ ਵਾਲਾ ਵਿਗਿਆਨ ਮੰਨਿਆ ਹੈ। ਪਰ ਅਰਥ-ਵਿਚਾਰ ਪਾਸੋਂ ਉਹ ਵਿਸ਼ੇਸ਼ ਕਰਕੇ "ਦਾਰਸ਼ਨਿਕ-ਪੱਖ ਦਾ ਵਿਸਥਾਰ" ਮੰਗਦਾ ਹੈ। ਉਸਦੇ ਸ਼ਬਦਾਂ ਵਿੱਚ "ਇਹ ਸਾਰੀਆਂ ਸਮੱਸਿਆਵਾਂ ਦਾਰਸ਼ਨਿਕ-ਪੱਖ ਰੱਖਦੀਆਂ ਹਨ, ਕਿਉਂਕਿ ਇਨ੍ਹਾਂ ਰਾਹੀਂ ਸ਼ਬਦਾਂ ਅਤੇ ਹੋਰ ਭਾਖਾਈ-ਰੂਪਾਂ ਦਾ ਜੀਵਨ ਦਾ ਅਸਲੀਅਤ ਨਾਲ ਸੰਬੰਧ ਜੁੜਦਾ ਹੈ।"

ਤੱਥ ਅਤੇ ਸੱਚ ਦੀ ਮਹਾਨਤਾ ਕਰਕੇ ਹੀ ਸ਼ਾਇਦ ਸ਼ਲਾਕ[1] ਨੇ ਕਾਵਿ-ਸਿਰਜਣਾ ਦੇ ਖੇਤਰ ਵਿੱਚ ਭਾਸ਼ਾ-ਵਿਗਿਆਨ ਨੂੰ ਕੇਵਲ ਸਹਾਇਕ ਦੀ ਪਦਵੀ ਦਿੱਤੀ ਹੈ, "ਤਾਂਜੋ ਕਈ ਰੰਗ ਰੁੱਤੇ ਸ਼ਬਦਾਂ ਦੇ ਗੁੱਝੇ-ਵਿਸਰੇ ਸੂਖਮ-ਅਰਥਾਂ ਦੀ ਖੋਜ ਹੋ ਸਕੇ।" ਕਿਉਂਕਿ ਸ਼ਬਦਾਂ ਦੇ ਅਰਥ ਸਥਿਰ ਨਹੀਂ ਰਹਿੰਦੇ, ਪ੍ਰਸਿਧ ਫ਼ਿਲਾਸਫ਼ਰ ਬਰਗਸਨ[2] ਨੇ ਭੀ ਇਹੋ ਚੇਤਾਵਨੀ ਦਿੱਤੀ ਹੈ, ਕਿ "ਭਾਸ਼ਾ-ਵਿਗਿਆਨੀਆਂ ਦਾ ਮਹਾਨ ਕਰਤਵ ਜਿਸਦੀ ਅਜੇ ਤਕ ਉਨ੍ਹਾਂ ਪਾਲਣਾ ਨਹੀਂ ਕੀਤੀ, ਇਹ ਹੈ, ਕਿ ਉਹ ਭਾਸ਼ਾ ਦੀਆਂ ਰੁਚੀਆਂ ਤੇ ਪ੍ਰਭਾਵ ਵਿੱਚੋਂ ਮਨੁੱਖਤਾ ਦੇ ਮਾਨਸਿਕ-ਜੀਵਨ ਦੇ ਸਮੂਹ-ਅੰਸ਼ਾਂ ਦੀ ਖੋਜ ਕਰਨ।" ਸਟੂਅਰਟ ਚੇਜ਼[3] ਨੇ ਬੋਲੀ ਨੂੰ ਸਭਿਆਚਾਰ ਦੀ ਜਿੰਦ-ਜਾਨ ਮੰਨਿਆ ਹੈ। ਉਸਦੇ ਕਥਨ ਅਨੁਸਾਰ "ਕਿਸੇ ਭੀ ਸਭਿਆਚਾਰ ਦਾ ਸਭ ਤੋਂ ਜ਼ਰੂਰੀ ਤੱਤ ਬੋਲੀ ਹੈ, ਜੋ ਕੌਮ ਨੂੰ ਪੁਸ਼ਤੋ-ਪੁਸ਼ਤ ਕਾਇਮ ਰੱਖਦੀ ਹੈ। ਵਿਅਕਤੀ ਮਰ ਜਾਂਦੇ ਹਨ, ਪਰ ਸਭਿਆਚਾਰ ਦੀ ਜਿਹੜੀ ਲਹਿਰ ਉਨ੍ਹਾਂ ਰਾਹੀਂ ਉਠਦੀ, ਵਿਗਸਦੀ ਅਤੇ ਅੱਗੇ ਵਧਦੀ ਹੈ, ਉਹ ਲਹਿਰ ਅਮਰ ਰਹਿੰਦੀ ਹੈ। ਸ਼ਬਦਾਂ ਬਿਨਾ ਉਹ ਲਹਿਰ ਰੁਕ ਜਾਏਗੀ ਅਤੇ ਸਭਿਆਚਾਰ ਲੋਪ ਹੋ ਜਾਏਗਾ।" ਭਾਰਤ ਵਿੱਚ ਵੈਦਿਕ-ਭਾਸ਼ਾ ਅਤੇ ਸੰਸਕ੍ਰਿਤ ਨੂੰ ਇਹੋ ਮਾਨ ਪ੍ਰਾਪਤ ਹੈ। ਡਾ: ਸੁਨੀਤੀ ਕੁਮਾਰ ਚੈਟਰਜੀ[4] ਦੇ ਸ਼ਬਦਾਂ ਵਿੱਚ "ਆਰੀਆਵਾਂ ਦੀ ਭਾਸ਼ਾ ਭਾਰਤੀ-ਲੋਕਾਂ ਦੇ ਵਿਕਾਸ ਦੇ ਇਤਿਹਾਸ ਬਾਰੇ ਸਭ ਤੋਂ ਵੱਧ ਸ਼ਕਤੀਸ਼ਾਲੀ-ਸਾਧਨਾਂ ਵਿੱਚੋਂ ਹੈ...ਧਰਮ, ਫ਼ਲਸਫ਼ਾ ਅਤੇ ਸਭਿਆਚਾਰ ਦੇ ਸੰਬੰਧ ਵਿੱਚ ਭੀ ਆਰੀਆਂ-ਭਾਸ਼ਾ ਦੀ ਮਹਾਨਤਾ ਇਸੇਤਰ੍ਹਾਂ ਹੈ।

ਦੁਨੀਆਂ ਵਿੱਚ ਭਾਸ਼ਾ-ਵਿਗਿਆਨ ਦਾ ਇਤਿਹਾਸ ਬਲੂਮਫ਼ੀਲਡ[5] ਦੇ ਕਥਨ ਅਨੁਸਾਰ ਦੋ ਸਦੀਆਂ ਤੋਂ ਵੱਧ ਪੁਰਾਣਾ ਨਹੀਂ, ਪਰ ਕਵਿਤਾ ਦਾ ਵੇਗ ਅਤੇ ਭਾਸ਼ਾ ਦਾ ਵਹਿਣ ਆਪਣੀਆਂ ਨਿਰੰਤਰ-ਲਹਿਰਾਂ ਵਿੱਚ ਹਜ਼ਾਰਾਂ ਵਰ੍ਹਿਆਂ ਦੀ ਸਭਿਅਤਾ ਅਤੇ ਸਭਿਆਚਾਰ ਸੰਭਾਲੀ ਬੈਠੇ ਹਨ। ਵੈਨਡ੍ਰੀਜ਼[6] ਨੇ ਸ਼ਾਇਦ ਇਸੇਲਈ ਆਖਿਆ ਸੀ, ਕਿ "ਭਾਸ਼ਾ-ਵਿਗਿਆਨੀ ਦਾ ਕੰਮ ਉਸ ਵਕਤ ਮੁੱਕ ਜਾਂਦਾ ਹੈ, ਜਦੋਂ ਉਹ ਭਾਸ਼ਾ ਵਿੱਚ ਸਮਾਜਕ-ਸ਼ਕਤੀਆਂ ਅਤੇ ਇਤਿਹਾਸ ਦੇ ਪ੍ਰਭਾਵ ਨੂੰ ਪਛਾਣ ਲੈਂਦਾ ਹੈ।" ਸੋ ਗੁਰੂ ਅਮਰਦਾਸ ਅਤੇ ਗੁਰੂ ਨਾਨਕ ਆਦਿਕ ਕਵੀਆਂ ਦੀ ਕਵਿਤਾ ਦੁਆਰਾ ਪੰਦ੍ਹਵੀਂ ਤੇ ਸੋਲ੍ਹਵੀਂ ਸਦੀ ਦੇ ਪੰਜਾਬ ਦੀ ਅਨੇਕ-ਪੱਖੀ

---

1H Margaret Schlauch- The Gift of Tongues-, New York, 1945, P.230-31.
2. Bergson- Quoted by Karl Vossler in "The Spirit of Language in Civilization, London, 1951, P.106.
3. Stuart Chase- Power of Words-, London, 1955, P.6
4. Suniti Kumar Chatterji- Indo-Aryan and Hindi-, 1942, P.3
5. Bloomfield- Language-, P.6
6. J.Vendryes- Language-, P.359.

ਆਤਮਾ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਪ੍ਰਸਿਧ ਭਾਸ਼ਾ-ਵਿਗਿਆਨੀ ਗ੍ਰੈਨੇਟ[1]ਨੇ ਚੀਨੀ-ਸ਼ਬਦਾਵਲੀ ਦੇ ਆਧਾਰ ਉਤੇ ਚੀਨੀ-ਸਿਧਾਂਤਾਂ ਦੀ ਕਠਨਾਈ ਬਾਰੇ ਭੀ ਅਨੁਮਾਨ ਲਗਾ ਲੀਤਾ ਸੀ। ਸਾਡੇ ਖਿਆਲ ਵਿੱਚ ਗੁਰੂ ਅਮਰਦਾਸ ਦੀ ਸ਼ਬਦਾਵਲੀ ਦੇ ਹਜ਼ਾਰਾਂ ਸ਼ਬਦ ਸਰੀਸਰ-ਨੈਣ ਹਨ, ਜਿਨ੍ਹਾਂ ਦੁਆਰਾ ਗੁਰਦੇਵ ਦੀ ਮਹਾਨ ਸ਼ਖ਼ਸੀਅਤ ਵੇਖੀ ਜਾ ਸਕਦੀ ਹੈ। ਪਰ ਕਿਸੇ ਭੀ ਕਵੀ ਦੀ ਸ਼ਬਦਾਵਲੀ ਦੇ ਆਧਾਰ ਤੇ ਉਸਦੀ ਸ਼ਖ਼ਸੀਅਤ ਦੇ ਸਾਰੇ ਪੱਖਾਂ ਬਾਰੇ ਸੰਪੂਰਨ-ਗਿਆਨ ਕਦੇ ਭੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ ।

ਵੈਸੇ ਆਧੁਨਿਕ-ਯੁੱਗ ਵਿੱਚ ਸਾਹਿਤ ਅਤੇ ਸਦਾਚਾਰ ਦਾ ਆਦਰਸ਼ ਅੱਗੇ ਵਰਗਾ ਨਹੀਂ ਰਿਹਾ । ਰਹੱਸਵਾਦ ਅਤੇ ਆਦਰਸ਼ਵਾਦ ਦੀ ਥਾਂ ਯਥਾਰਥਵਾਦ ਹੇਠਲੀਆਂ ਪਉੜੀਆਂ ਉਤਰ ਕੇ ਕੁਹਜਵਾਦ ਤਕ ਜਾ ਪਹੁੰਚਾ ਹੈ। ਅਸਤਿਤ੍ਵਵਾਦ ਭੀ ਦੁੱਖਾਂ ਤੇ ਭੁੱਖਾਂ ਰੁਲੇ ਮਨੁੱਖ ਦੀ ਤਰਸਯੋਗ ਹਾਲਤ ਵੇਖ ਕੇ ਸੋਗਵਾਨ ਖੜਾ ਹੈ। ਗੱਲ ਕੀ, ਆਪਣੇ ਆਲੇ-ਦੁਆਲੇ ਤੋਂ ਉੱਚਾ ਉਠਣ ਦੀ ਵਿਹਲ ਨਾ ਮਨੁੱਖ ਪਾਸ ਹੈ ਅਤੇ ਨਾ ਹੀ ਸਾਹਿਤ ਪਾਸ । ਕਾਡਵੈਲ[2]ਨੇ ਠੀਕ ਆਖਿਆ ਸੀ, ਕਿ ਆਧੁਨਿਕ-ਯੁੱਗ ਵਿੱਚ ਮਿਥਿਹਾਸ ਦੀ ਮੌਤ ਹੋ ਚੁੱਕੀ ਹੈ। ਜਿਹੜੇ ਲੋਕ ਧਰਮ ਨੂੰ ਅਫ਼ੀਮ ਸਮਝਦੇ ਹਨ, ਉਹ ਆਤਮਾ, ਪ੍ਰਮਾਤਮਾ, ਭਗਤੀ ਅਤੇ ਨਾਮ ਨਾਲ ਕਿਵੇਂ ਇਨਸਾਫ਼ ਕਰ ਸਕਦੇ ਹਨ। ਨਿਤਸ਼ੇ[3]ਨੇ ਜ਼ਬਰਦਸਤ ਵਿਅੰਗ ਕੀਤਾ ਸੀ, ਕਿ ਹੁਣ ਰੱਬ ਮਰ ਚੁੱਕਾ ਹੈ। ਪਰ ਜਿਵੇਂ ਨਿਤਸ਼ੇ ਦੇ ਆਲੋਚਕ ਸਕਾਟ[3]ਨੇ ਉੱਤਰ ਦਿੱਤਾ ਹੈ, ਰੱਬ ਨਹੀਂ ਮਰਿਆ, ਇਨਸਾਨ ਵਿੱਚੋਂ ਇਨਸਾਨ ਮਰ ਚੁੱਕਾ ਹੈ। ਸੋ ਗੱਲ ਸਾਰੀ ਇਨਸਾਨ ਵਿਚਲੇ ਇਨਸਾਨ ਜਾਂ ਮਨੁੱਖ ਵਿਚਲੇ "ਆਦਰਸ਼ ਮਨੁੱਖ" ਦੀ ਹੈ। ਜੋ ਆਦਰਸ਼-ਮਨੁੱਖ ਵਿੱਚ ਵਿਸ਼ਵਾਸ ਰੱਖਦੇ ਹਨ, ਉਨ੍ਹਾਂ ਨੂੰ ਗੁਰੂ ਅਮਰਦਾਸ ਦਾ ਰਹੱਸਵਾਦ ਭੀ ਔਖਾ ਨਹੀਂ ਲੱਗੇਗਾ, ਪਰ ਤਰਕਾਂ-ਵਿਤਰਕਾਂ ਦੇ ਸ਼ੰਕਾਵਾਦੀ-ਵਾਤਾਵਰਨ ਵਿੱਚ ਸ਼ਰਧਾ ਤੇ ਵਿਸ਼ਵਾਸ ਭੀ ਡੋਲ ਜਾਂਦੇ ਹਨ। ਇਹੋ ਦੁਬਿਧਾ ਹੈ, ਜੋ ਗੁਰੂਆਂ, ਭਗਤਾਂ ਅਤੇ ਸੂਫ਼ੀਆਂ ਦੇ ਰਹੱਸਵਾਦੀ-ਸਾਹਿਤ ਦੀ ਆਤਮਾ ਤਕ ਸਾਨੂੰ ਪਹੁੰਚਣ ਨਹੀਂ ਦਿੰਦੀ ।

ਗੁਰੂ ਅਮਰਦਾਸ ਦੀ ਬਾਣੀ ਵਿਚਲੇ ਅਨੁਭਵ ਦੀ ਥਾਹ ਪਾਉਣ ਲਈ ਇਕਾਗਰ-ਚਿਤ ਹੋਣ ਦੀ ਲੋੜ ਹੈ, ਕਿਉਂਕਿ ਉਨ੍ਹਾਂ ਦੀ ਸਮੁੱਚੀ-ਕਵਿਤਾ ਇਕਾਗਰ-ਚਿਤ ਦੀ ਉਪਜ ਹੈ। ਵੈਸੇ ਦੁਨੀਆਂ ਦੀ ਸਾਰੀ ਮਹਾਨ ਕਵਿਤਾ ਚਿਤ ਦੀ ਇਕਾਗਰਤਾ ਵਿੱਚੋਂ ਉਪਜਦੀ ਹੈ, ਪਰ ਅਧਿਆਤਮਿਕ ਜਾਂ ਰਹੱਸਵਾਦੀ ਅਨੁਭਵ ਲਈ ਇਕਾਗਰਤਾ ਸਭ ਤੋਂ ਮੁਢਲੀ ਵਿਸ਼ੇਸ਼ਤਾ ਹੈ। ਗੁਰੂ ਨਾਨਕ ਨੇ ਐਵੇਂ ਨਹੀਂ "ਸੁਰਤਾ" ਤੇ "ਵਕਤਾ" ਨੂੰ ਇੱਕੋ ਜਿਹੀ ਮਹਾਨਤਾ ਦਿੱਤੀ( ਸੁਰਤਾ ਵਕਤਾ ਏਕੋ )। ਇਕ ਉਦਾਹਰਨ ਦੇਣੀ ਅਯੋਗ ਨਹੀਂ ਹੋਵੇਗੀ । ਗੁਰੂ ਨਾਨਕ ਜਦੋਂ "ਸੋਦਰੁ" ਦੀ ਪਉੜੀ ਰਾਹੀਂ ਆਖਦੇ ਹਨ "ਗਾਵਨਿ ਤੁਧਨੋ ਪਉਣੁ ਪਾਣੀ ਬੈਸੰਤਰੁ" ਜਾਂ ਫਿਰ ਜਦੋਂ ਉਹ ਧਨਾਸਰੀ-ਰਾਗ ਦੇ ਸ਼ਬਦ "ਗਗਨ ਮੈ ਥਾਲੁ ਰਵਿ ਚੰਦੁ ਦੀਪਕ" ਰਾਹੀਂ ਕੁਦਰਤ ਨੂੰ ਕਾਦਰ ਦੀ ਆਰਤੀ ਉਤਾਰਦਿਆਂ ਵਿਖਾਉਂਦੇ ਹਨ, ਤਾਂ ਅਜਿਹੀ ਅਵੱਸਥਾ ਦਾ ਅਨੁਭਵ

---

1. M.Granet's notes on Some Peculiarities of Chinese Thought and language, quoted by Henry Berr (See Introduction to the book, entitled "Language" by J.Vendryes).
2. Christopher Caudwell- Illusion and Reality-1956(Indian Ed.), P.30
3. Nietzsche- Quoted by Nathan A.Scott in his essay "The Broken Centre"(Refer Rollo May's edited book "Symbolism in Religion and literature,1960,P.194).

ਪ੍ਰਕ੍ਰਿਤੀ ਅਤੇ ਪ੍ਰਕ੍ਰਿਤੀ ਦੇ ਰਚਨਹਾਰ ਨਾਲ ਇਕਸੁਰ ਹੋ ਕੇ ਹੀ ਕੀਤਾ ਜਾ ਸਕਦਾ ਹੈ। ਇਹੋ ਗੱਲ ਗੁਰੂ ਅਮਰਦਾਸ ਦੀਆਂ ਉਨ੍ਹਾਂ ਤੁਕਾਂ ਵਿਚਲੇ ਅਨੁਭਵ ਬਾਰੇ ਆਖੀ ਜਾ ਸਕਦੀ ਹੈ, ਜਿਨ੍ਹਾਂ ਤੁਕਾਂ ਰਾਹੀਂ ਆਪ ਨੇ ਬੱਦਲਾਂ ਅਤੇ ਬੰਬੀਹਿਆਂ ਦੀ ਆਤਮਾ ਵਿੱਚ ਬੈਠ ਕੇ (ਵੇਖੋ ਇਸੇ ਲੇਖ ਦੇ ਅਖੀਰ ਤੇ) ਰੂਹਾਨੀ-ਗੀਤ ਗਾਏ ਹਨ। ਕਾਰਲ ਵਾਸਲਰ[1] ਨੇ ਆਖਿਆ ਸੀ, "ਕਵੀ ਪ੍ਰਕ੍ਰਿਤੀ ਰਾਹੀਂ ਬੋਲਦਾ ਹੈ।" ਪਰ ਗੁਰੂਆਂ, ਭਗਤਾਂ ਅਤੇ ਫ਼ਕੀਰਾਂ ਦੀ ਬਾਣੀ ਪੜ੍ਹ ਕੇ ਸਾਨੂੰ ਇਹ ਭੀ ਠੀਕ ਜਾਪਦਾ ਹੈ, ਕਿ "ਪ੍ਰਕ੍ਰਿਤੀ ਕਵੀ ਰਾਹੀਂ ਬੋਲਦੀ ਹੈ।" ਪ੍ਰੋ: ਪੂਰਨ ਸਿੰਘ[2] ਨੇ ਭੀ ਆਖਿਆ ਸੀ, "ਕਵੀ ਅਤੇ ਕੁਦਰਤ ਦਾ ਅਜ਼ਲ ਥੀਂ ਸੰਜੋਗ ਹੈ: ਕਵੀ ਦੀ ਛਾਤੀ ਵਿੱਚ ਕੁਦਰਤ ਦੀ ਛਾਤੀ ਆਣ ਛਲਕਦੀ ਹੈ ਅਤੇ ਕੁਦਰਤ ਦਾ ਅਰੂਪ-ਨਾਦ ਕਵੀ ਦੇ ਰਾਗ-ਅਲਾਪ ਵਿੱਚ ਮੂਰਤੀਮਾਨ ਹੁੰਦਾ ਹੈ।"

ਸਾਰ-ਅੰਸ਼ ਇਹ ਹੈ, ਕਿ ਗੁਰੂ ਅਮਰਦਾਸ ਦੀ ਸ਼ਬਦਾਵਲੀ ਦੇ ਅਰਥ-ਵਿਚਾਰ ਲਈ ਕੇਵਲ ਭਾਸ਼ਾ-ਵਿਗਿਆਨਕ-ਸੂਝ ਹੀ ਕਾਫ਼ੀ ਨਹੀਂ। ਸ਼ਬਦਾਂ ਦੇ ਅੰਤ੍ਰੀਵ-ਅਰਥਾਂ ਤਕ ਪਹੁੰਚਣ ਲਈ ਸ਼ਰਧਾ ਅਤੇ ਇਕਾਗਰਤਾ ਦੀ ਭੀ ਲੋੜ ਹੈ। ਈਸਾਈ-ਮਤ ਦੇ ਸ਼ਰਧਾਲੂਆਂ ਲਈ "**ਲੋਗੋਸ**"[3] ਜਾਦੂ-ਭਰਿਆ ਸ਼ਬਦ ਹੈ। ਇਸੇਤਰ੍ਹਾਂ ਹਿੰਦੂਆਂ ਲਈ "ਓਮ", ਮੁਸਲਮਾਨਾਂ ਲਈ "ਅੱਲ੍ਹਾ" ਅਤੇ ਸਿੱਖਾਂ ਲਈ "ਓਅੰਕਾਰ" ਜਾਂ "ਵਾਹਿਗੁਰੂ" ਆਦਿਕ ਸ਼ਬਦ ਮੁਰਦਾ-ਰੂਹਾਂ ਨੂੰ ਜ਼ਿੰਦਾ ਕਰਨ ਦੀ ਸਮਰੱਥਾ ਰੱਖਦੇ ਹਨ। ਇਸਨੂੰ ਮਨੋ-ਵਿਗਿਆਨਕ ਕਾਰਨ ਆਖੀਏ ਜਾਂ ਕੋਈ ਹੋਰ, ਪਰ ਇਨ੍ਹਾਂ ਸ਼ਬਦਾਂ ਦੀ ਸ਼ਕਤੀ ਬਾਰੇ ਕੋਈ ਸ਼ੰਕਾ ਨਹੀਂ ਕੀਤਾ ਜਾ ਸਕਦਾ। ਕਿਉਂਕਿ ਗੁਰੂ ਅਮਰਦਾਸ ਇਕ ਸੰਤ-ਕਵੀ ਹਨ ਅਤੇ ਉਨ੍ਹਾਂ ਦਾ ਰੱਬ ਅਤੇ ਗੁਰੂ ਵਿੱਚ ਅਥਾਹ-ਵਿਸ਼ਵਾਸ ਹੈ, ਸੋ ਉਨ੍ਹਾਂ ਦੀ ਬਾਣੀ ਵਿੱਚ ਪ੍ਰਭੂ-ਨਾਮ ਅਤੇ ਗੁਰਸ਼ਬਦ ਨਾਲ ਸੰਬੰਧਤ ਸ਼ਬਦਾਵਲੀ ਦੇ ਅਰਥ ਸ਼ਬਦ-ਕੋਸ਼ਾਂ ਵਿੱਚ ਢੂੰਡਣ ਦੇ ਨਾਲ ਨਾਲ ਸਰੋਤੇ ਨੂੰ ਆਪਣੇ ਮਨ ਵਿੱਚੋਂ ਭੀ ਢੂੰਡਣੇ ਪੈਣਗੇ। ਗੁਰਬਾਣੀ ਦੇ ਰਸੀਏ ਅਤੇ ਨਾਮ ਦੇ ਅਭਿਆਸੀ ਜਾਣਦੇ ਹਨ, ਕਿ ਇੱਕੋ ਤੁਕ ਦੇ ਅਰਥ ਕਈ ਵਾਰ ਅਨੇਕਾਂ ਟੀਕਿਆਂ ਤੇ ਸ਼ਬਦ-ਕੋਸ਼ਾਂ ਦੁਆਰਾ ਸਪਸ਼ਟ ਨਹੀਂ ਹੁੰਦੇ, ਪਰ ਅਚਾਨਕ ਕਿਸੇ ਸੰਜੋਗੀ-ਘੜੀ ਸੰਬੰਧਤ-ਤੁਕ ਦਾ ਅੰਤ੍ਰੀਵ-ਅਰਥ ਆਪਣੇ ਹੀ ਮਨ ਵਿੱਚੋਂ ਫੁਰ ਪੈਂਦਾ ਹੈ। ਇਹ ਭੀ ਸ਼ਬਦ ਦੀ ਸ਼ਕਤੀ ਹੈ, ਬੇਸ਼ਕ ਇਸਦਾ ਉਲੇਖ ਸ਼ਬਦ ਦੀਆਂ ਤਿੰਨ ਸ਼ਕਤੀਆਂ (ਅਭਿਧਾ, ਲਖਸ਼ਣਾ ਅਤੇ ਵਿਅੰਜਨਾਂ) ਦਰਸਾਉਣ ਸਮੇਂ ਆਚਾਰੀਆ ਵਿਸ਼ਵਨਾਥ[4] ਵਰਗੇ ਵਿਦਵਾਨਾਂ ਨੇ ਨਹੀਂ ਕੀਤਾ ਜਾਪਦਾ।

ਗੁਰੂ ਅਮਰਦਾਸ ਦੇ ਜੀਵਨ ਅਤੇ ਸ਼ਖ਼ਸੀਅਤ ਬਾਰੇ ਵਿਚਾਰ ਕਰਨ ਸਮੇਂ ਅਸਾਂ ਉਨ੍ਹਾਂ ਦੇ ਕਾਵਿ-ਆਦਰਸ਼ ਦੀ ਵਿਆਖਿਆ ਭੀ ਕੁਝ ਹੱਦ ਤਕ ਕੀਤੀ ਸੀ। ਜਿਵੇਂ ਦੱਸਿਆ ਜਾ ਚੁੱਕਾ ਹੈ, ਗੁਰੂ ਅਮਰਦਾਸ ਦੀ ਦ੍ਰਿਸ਼ਟੀ ਵਿੱਚ ਕਵਿਤਾ, ਰਾਗ ਅਤੇ ਨ੍ਰਿਤ-ਕਲਾ ਅਰਥਾਤ ਸਭ ਸੂਖਮ-ਕਲਾਵਾਂ ਦਾ ਮਨੋਰਥ ਦਿਲ-ਪਰਚਾਵੇ ਦੀ ਥਾਂ ਪਰਮ-ਪਦ ਦੀ ਪ੍ਰਾਪਤੀ ਕਰਨਾ ਹੈ। ਕਵਿਤਾ ਅਤੇ ਕਵੀ ਦੇ ਆਦਰਸ਼ ਬਾਰੇ ਸੰਸਾਰ-ਭਰ

---

1. Karl Vossler- The Spirit of Language in Civilization, P.109
2. ਪੂਰਨ ਸਿੰਘ - ਭਾਈ ਵੀਰ ਸਿੰਘ ਰਚਿਤ ਪੁਸਤਕ "ਮਟਕ ਹੁਲਾਰੇ" ਦੀ ਭੂਮਿਕਾ।
3. Logos
4. ਆਚਾਰੀਆ ਵਿਸ਼ਵਨਾਥ- ਸਾਹਿਤਯ-ਦਰਪਨ (ਸੰਸਕ੍ਰਿਤ ਵਿੱਚੋਂ ਹਿੰਦੀ ਅਨੁਵਾਦ), 1957, ਅਨੁਵਾਦਕ: ਡਾ: ਸਤਯਵ੍ਰਤ ਸਿੰਹ।

ਵਿੱਚ ਸਦੀਆਂ ਤੋਂ ਦੋ ਮਤ ਚਲੇ ਆ ਰਹੇ ਹਨ। ਸਰ ਫਿਲਪ ਸਿਡਨੀ[1] ਨੇ ਕਵੀ ਨੂੰ ਸੱਚ ਦਾ ਦਰਸ਼ਨ ਕਰਨ ਵਾਲਾ ਅਰਥਾਤ ਪ੍ਰਾਚੀਨ-ਰਿਸ਼ੀਆਂ ਦੇ ਰੱਬੀ-ਅਨੁਭਵ ਨਾਲ ਸੰਬੰਧਤ "ਦ੍ਰਿਸ਼ਟਾ" ਦੇ ਸਮਾਨ-ਅਰਥਾਂ ਵਿੱਚ ਸਤਿਕਾਰ ਦਿੱਤਾ ਹੈ। ਇਸਦੇ ਉਲਟ ਮੈਥਿਊ ਆਰਨਲਡ[2] ਤੋਂ ਕਾਡਵੈਲ[3] ਤਕ ਦਰਜਨਾਂ ਸਾਹਿਤਕਾਰਾਂ ਅਤੇ ਆਲੋਚਕਾਂ ਨੇ ਸਾਹਿਤ ਦਾ ਉਦੇਸ਼ ਮਨੁੱਖੀ-ਜੀਵਨ ਦੀ ਆਲੋਚਨਾ ਜਾਂ ਆਲੇ-ਦੁਆਲੇ ਦੀਆਂ ਖਰਵੀਆਂ ਅਸਲੀਅਤਾਂ ਦਾ ਵਿਸ਼ਲੇਸ਼ਣ ਕਰਨਾ ਹੀ ਮੰਨਿਆ ਹੈ। ਆਧੁਨਿਕ ਮਨੁੱਖ-ਵਾਦੀ ਫਿਲਾਸਫਰ[4] ਤਾਂ ਅਧਿਆਤਮਿਕ-ਸਾਹਿਤ ਵਿੱਚ ਭੀ ਮਨੁੱਖ ਦੀ ਸੋਚ ਦਾ ਕੇਂਦਰ ਮਨੁੱਖ ਨੂੰ ਹੀ ਸਾਬਤ ਕਰਦੇ ਹਨ।

ਸੋ ਗੁਰੂ ਅਮਰਦਾਸ ਦੀ ਬੋਲੀ ਅਤੇ ਅਨੁਭਵ ਦਾ ਖੇਤਰ ਦਰਸਾਉਣ ਲਈ ਪੁਰਾਤਨ ਅਤੇ ਆਧੁਨਿਕ-ਸਿਧਾਂਤਾਂ ਵਿਚਕਾਰ ਇਕ ਤਰ੍ਹਾਂ ਦਾ ਸਮਝੌਤਾ ਕਰਵਾ ਕੇ ਅਸੀਂ ਆਪਣੀ ਵਿਚਾਰ ਦਾ ਕੇਂਦਰ **"ਸੱਚ-ਸਰੂਪ-ਬ੍ਰਹਮ"** ਨੂੰ ਮੰਨਦੇ ਹੋਏ ਮਨੁੱਖ ਅਤੇ ਸ੍ਰਿਸ਼ਟੀ-ਰਚਨਾ ਨਾਲ ਸੰਬੰਧਤ ਸ਼ਬਦਾਵਲੀ ਬਾਰੇ ਭੀ ਵਿਚਾਰ ਕਰਾਂਗੇ । ਨਿਆਏ ਅਤੇ ਸੰਤੁਲਨ ਨੂੰ ਕਾਇਮ ਰੱਖਣ ਲਈ ਅਸਾਂ ਇਸ ਲੇਖ ਨੂੰ ਹੇਠ ਲਿਖੇ ਭਾਗਾਂ ਵਿੱਚ ਵੰਡਿਆ ਹੈ:-

(1) ਅਧਿਆਤਮਿਕ ਅਤੇ ਮਿਥਿਹਾਸਕ ਸ਼ਬਦਾਵਲੀ
(2) ਮਨੁੱਖ ਅਤੇ ਮਨੁੱਖੀ-ਸੰਬੰਧਾਂ ਬਾਰੇ ਸ਼ਬਦਾਵਲੀ
(3) ਸ੍ਰਿਸ਼ਟੀ-ਰਚਨਾ ਅਤੇ ਪ੍ਰਕ੍ਰਿਤਕ-ਦ੍ਰਿਸ਼ਾਂ ਨਾਲ ਸੰਬੰਧਤ ਸ਼ਬਦਾਵਲੀ ।

ਇਨ੍ਹਾਂ ਮੁਖ-ਭਾਗਾਂ ਨੂੰ ਅੱਗੇ ਕਈ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਹਰ ਭਾਗ ਬਾਰੇ ਕ੍ਰਮਵਾਰ ਅਤੇ ਵਿਸਥਾਰ ਸਹਿਤ ਵਿਚਾਰ ਕੀਤੀ ਜਾਵੇਗੀ ।

## (1) ਅਧਿਆਤਮਿਕ ਅਤੇ ਮਿਥਿਹਾਸਕ ਸ਼ਬਦਾਵਲੀ

ਅਧਿਆਤਮਿਕ ਅਤੇ ਮਿਥਿਹਾਸਕ ਪੱਖ ਤੋਂ ਗੁਰੂ ਅਮਰਦਾਸ ਦੇ ਸ਼ਬਦ-ਭੰਡਾਰ ਨੂੰ ਹੇਠ ਲਿਖੇ ਪੰਜਾਂ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:-

(ੳ) ਬ੍ਰਹਮਵਾਚਕ-ਸ਼ਬਦਾਵਲੀ
(ਅ) ਦੇਵ-ਮਾਲਾ ਅਵਤਾਰ ਸੂਚਿਕ, ਮਨਿਜਨ-ਵਾਚਕ **ਨਾਮਾਵਲੀ**
(ੲ) ਯੋਗ-ਅਭਿਆਸ, ਕਰਮ-ਕਾਂਡ ਅਤੇ ਆਤਮਕ-ਅਵੱਸਥਾਵਾਂ ਦੀ ਲਖਾਇਕ ਚਿੰਨ੍ਹਾਵਲੀ
(ਸ) ਸ੍ਰਿਸ਼ਟੀ-ਰਚਨਾ ਬਾਰੇ ਮਿਥਿਹਾਸਕ ਸੰਕੇਤਾਵਲੀ
(ਹ) ਧਰਮ-ਗ੍ਰੰਥਾਂ, ਸੰਪ੍ਰਦਾਵਾਂ, ਭੇਖਾਂ ਅਤੇ ਧਾਰਮਕ-ਚਿੰਨ੍ਹਾਂ ਦੀ ਲਖਾਇਕ ਸ਼ਬਦਾਵਲੀ ।

---

1. J. Churton Collins-Sidney's Apologie for Poetrie, 1967, Oxford, The Clarendon Press, P.5
2. Arnold, Mathew- Essays in Criticism, 3rd Edition, London, Macmillan.
3. Christopher Caudwell- Illusion and Reality, 1956 (Indian Edition), P.30
4. Dr. Lewis Wispits. The Religious Renaissance of The German Humanists, 1963, Cambridge, Harvard University Press,

(ੳ) ਬ੍ਰਹਮਵਾਚਕ-ਸ਼ਬਦਾਵਲੀ:

ਗੁਰੂ ਅਮਰਦਾਸ ਦੀ ਬਾਣੀ ਵਿੱਚ ਵਿਸ਼ੇਸ਼ ਕਰਕੇ ਹੇਠ ਲਿਖੇ ਬ੍ਰਹਮਵਾਚਕ-ਸ਼ਬਦ ਮਿਲਦੇ ਹਨ:-

ਓਅੰਕਾਰ, ਅਲਾਹ(ਅਲਹ), ਸਾਹਿਬ, ਅਤੁਲ, ਅਥਾਹ, ਅਕਥ, ਅਜੋਨੀ, ਅਗਮ, ਅਗੋਚਰ, ਅਪਰੰਪਰ, ਅਵਿਨਾਸੀ, ਅਲਖ, ਅਭੇਉ, ਅਮੇਉ, ਆਦਿ-ਮੀਤੁ, ਆਦਿ-ਪੁਰਖ, ਆਤਮਰਾਮ, ਆਤਮਦੇਵ, ਆਤਮ-ਚੇਤੁ, ਆਤਮ-ਬ੍ਰਹਮ, ਅੰਤਰਜਾਮੀ, ਏਕੰਕਾਰ, ਸਿਰਜਣਹਾਰ, ਸੁਆਮੀ, ਸਾਰੰਗਪਾਣਿ, ਸੁਖਦਾਤਾ, ਸੁਖ-ਸਾਗਰ, ਸੂਖਮ, ਹਰਿ, ਕਰਣਕਾਰਣ, ਕਰਤਾ, ਕਰਤਾਰ, ਕਰਮ-ਬਿਧਾਤਾ, ਗਹਿਰ-ਗੰਭੀਰ, ਗੁਣੀ-ਗਹੀਰ, ਗੁਣੀ-ਨਿਧਾਨ, ਗੁਣ-ਦਾਤਾ, ਗੋਸਾਈ, ਗੋਬਿੰਦ, ਜਗਦੀਸ, ਜਗਜੀਵਨ, ਠਾਕੁਰ, ਦਇਆਪਤਿ, ਦੀਨ-ਦਇਆਲ, ਦਯਿ, ਦਾਤਾਰ, ਦੁਸਟ-ਸੰਘਾਰਣ, ਨਾਰਾਇਣ, ਨਿਹਕੇਵਲ, ਪਾਪ-ਨਿਖੰਜਨ, ਜਮਕਾਲ-ਨਿਖੰਜਨ, ਨਿਰਜੋਗ-ਜੋਗੀ, ਨਿਰਗੁਣ, ਸਰਗੁਣ, ਨਿਰਭਉ, ਨਿਰਵੈਰ, ਨਿਰੰਕਾਰ, ਨਿਰਮਲ, ਪ੍ਰਭੁ, ਪ੍ਰਿਤਪਾਲ, ਪਰਫੰਨਾ, ਪਰਮਾਨੰਦ, ਪਰਮੇਸੁਰ, ਬ੍ਰਹਮ, ਪਾਰਬ੍ਰਹਮ, ਬਨਵਾਰੀ(ਬਨਰਾਇ), ਬੇਅੰਤ, ਬੇਪਰਵਾਹ, ਭਗਤ-ਵਛਲ, ਭਗਵੰਤ, ਭਗਵਾਨ, ਭੁਗਤਾ, ਭੈ-ਭੰਜਨ, ਮਧੁਸੂਦਨ, ਮਨਮੋਹਣ, ਮੁਰਾਰਿ, ਮਿਹਰਵਾਨ, ਰਾਮ, ਰਮਈਆ, ਰਘੁਰਾਇਆ, ਵਾਸਦੇਉ, ਆਦਿਕ ।

ਉਪਰੋਕਤ ਸ਼ਬਦਾਂ ਵਿੱਚੋਂ ਬਹੁਤਿਆਂ ਦਾ ਸਰੋਤ ਗੁਰੂ ਨਾਨਕ ਅਤੇ ਆਦਿ-ਗ੍ਰੰਥ ਦੇ ਭਗਤ-ਕਵੀਆਂ (ਨਾਮਦੇਵ, ਕਬੀਰ, ਆਦਿਕ) ਦੀ ਬਾਣੀ ਵਿੱਚ ਢੂੰਡਿਆ ਜਾ ਸਕਦਾ ਹੈ । ਇਸਲਾਮ-ਧਰਮ ਦਾ ਸਰਬ-ਸ੍ਰੇਸ਼ਟ ਸ਼ਬਦ "ਅੱਲ੍ਹਾ"(ਅਲਹ) ਗੁਰੂ ਨਾਨਕ ਤੋਂ ਸ਼ੇਖ਼ ਫ਼ਰੀਦ, ਕਬੀਰ ਅਤੇ ਨਾਮਦੇਵ ਦੀ ਬਾਣੀ ਵਿੱਚ ਭੀ ਹੈ। ਓਅੰਕਾਰ, ਅਲਖ, ਅਭੇਵ(ਅਭੇਉ), ਅਜੋਨੀ, ਅਗਮ, ਅਗੋਚਰ, ਅਬਿਨਾਸੀ(ਅਬਿਨਾਸੀ), ਅਪਰੰਪਰ, ਆਤਮਰਾਮ, ਏਕੰਕਾਰ, ਸਿਰਜਨਹਾਰ, ਸਾਰੰਗਪਾਣਿ, ਹਰਿ(ਹਰਿਰਾਏ), ਕਰਤਾ(ਕਰਤਾ-ਪੁਰਖ), ਕਰਤਾਰ, ਕਰਮ-ਬਿਧਾਤਾ, ਗੋਸਾਈ, ਗੋਵਿੰਦ, ਗੁਣਨਿਧਾਨ, ਗਹਿਰ-ਗੰਭੀਰ, ਗੁਣੀ-ਗਹੀਰ, ਜਗਜੀਵਨ, ਦੀਨ-ਦਇਆਲ, ਦਯਿ, ਦਾਤਾਰ, ਨਿਰਭਉ, ਨਿਰਵੈਰ, ਨਿਹਕੇਵਲ(ਨਰਨਿਹਕੇਵਲ), ਨਿਰੰਕਾਰ, ਨਿਰੰਜਨ, ਨਾਰਾਇਣ, ਪਰਮਾਨੰਦ, ਪਰਮੇਸਰ, ਪਾਰਬ੍ਰਹਮ, ਬਨਵਾਰੀ, ਮਨਮੋਹਨ(ਮੋਹਨ), ਮਧੁਸੂਦਨ, ਮੁਰਾਰਿ, ਰਾਮ, ਰਮਈਆ, ਵਾਸਦੇਉ, ਆਦਿਕ ਸ਼ਬਦਾਂ ਦਾ ਪ੍ਰਯੋਗ ਗੁਰੂ ਅਮਰਦਾਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਕਰ ਚੁੱਕੇ ਸਨ। ਸਗੋਂ ਕਈ ਸ਼ਬਦ ਗੁਰੂ ਨਾਨਕ ਤੋਂ ਭੀ ਪਹਿਲਾਂ ਨਾਮਦੇਵ ਅਤੇ ਕਬੀਰ, ਆਦਿਕ ਭਗਤਾਂ ਦੀ ਬਾਣੀ ਰਾਹੀਂ ਲੋਕ-ਪ੍ਰਿਯ ਹੋ ਚੁੱਕੇ ਸਨ, ਜਿਵੇਂ: ਸਿਰਜਨਹਾਰ(ਕਬੀਰ), ਸਾਰੰਗਪਾਣਿ(ਕਬੀਰ ਅਤੇ ਤ੍ਰਿਲੋਚਨ), ਹਰਿ ਜਾਂ ਹਰਿਰਾਏ(ਨਾਮਦੇਵ, ਰਵਿਦਾਸ ਅਤੇ ਭੀਖਣ), ਕਰਤਾ (ਰਵਿਦਾਸ), ਕਰਤਾਰ(ਕਬੀਰ), ਗੋਸਾਈ(ਕਬੀਰ, ਨਾਮਦੇਵ, ਰਵਿਦਾਸ ਅਤੇ ਧੰਨਾ), ਗੋਬਿੰਦ(ਜੈਦੇਵ, ਨਾਮਦੇਵ, ਕਬੀਰ, ਧੰਨਾ, ਰਵਿਦਾਸ, ਤ੍ਰਿਲੋਚਨ ਅਤੇ ਸੈਣ), ਦਇਆਲ(ਧੰਨਾ ਅਤੇ ਰਵਿਦਾਸ), ਨਿਰੰਕਾਰ(ਕਬੀਰ), ਨਿਰੰਜਨ(ਨਾਮਦੇਵ, ਰਵਿਦਾਸ, ਬੇਣੀ ਅਤੇ ਸੈਣ), ਬ੍ਰਹਮ(ਰਾਮਾਨੰਦ ਅਤੇ ਤ੍ਰਿਲੋਚਨ), ਪਾਰਬ੍ਰਹਮ(ਨਾਮਦੇਵ ਅਤੇ ਧੰਨਾ), ਬਨਵਾਰੀ(ਭੀਖਣ ਭਗਤ), ਮਧੁਸੂਦਨ(ਕਬੀਰ), ਮੁਰਾਰਿ(ਨਾਮਦੇਵ, ਕਬੀਰ ਅਤੇ ਰਵਿਦਾਸ), ਰਾਮ ਜਾਂ ਰਾਮਰਾਇ(ਜੈਦੇਵ, ਨਾਮਦੇਵ, ਕਬੀਰ, ਤ੍ਰਿਲੋਚਨ, ਰਵਿਦਾਸ, ਭੀਖਣ ਅਤੇ ਬੇਣੀ) ਅਤੇ ਰਮਈਆ(ਨਾਮਦੇਵ, ਕਬੀਰ, ਤ੍ਰਿਲੋਚਨ ਅਤੇ ਬੇਣੀ), ਨਾਰਾਇਣ(ਨਾਮਦੇਵ, ਕਬੀਰ ਅਤੇ ਤ੍ਰਿਲੋਚਨ), ਪਰਮਾਨੰਦ(ਕਬੀਰ, ਤ੍ਰਿਲੋਚਨ, ਧੰਨਾ ਅਤੇ ਸੈਣ), ਆਦਿਕ ।

ਗੁਰੂ ਅਮਰਦਾਸ ਦੀ ਬਾਣੀ ਵਿੱਚ ਕੁਝ ਸ਼ਬਦ ਅਜਿਹੇ ਭੀ ਹਨ, ਜਿਨ੍ਹਾਂ ਦਾ ਪ੍ਰਯੋਗ ਗੁਰੂ ਅਮਰਦਾਸ ਤੋਂ ਪਹਿਲਾਂ ਆਦਿ-ਗ੍ਰੰਥ ਦੇ ਕੁਝ ਭਗਤ-ਕਵੀ ਤਾਂ ਬੇਸ਼ੱਕ ਕਰ ਚੁੱਕੇ ਸਨ, ਪਰ ਗੁਰੂ ਨਾਨਕ ਅਤੇ ਗੁਰੂ ਅੰਗਦ ਦੀ ਬਾਣੀ ਵਿੱਚ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਘੱਟ ਵਧ ਹੀ ਜਾਪਦਾ ਹੈ, ਜਿਵੇਂ: ਬ੍ਰਹਮ ਨਾਮੀ ਸ਼ਬਦ ਰਾਮਾਨੰਦ ਅਤੇ ਤ੍ਰਿਲੋਚਨ ਦੀ ਬਾਣੀ ਵਿੱਚੋਂ ਤਾਂ ਸੁਣਿਆ ਜਾ ਸਕਦਾ ਹੈ, ਪਰ ਗੁਰੂ ਨਾਨਕ ਨੇ ਬ੍ਰਹਮ ਦੀ ਥਾਂ ਆਮ ਕਰਕੇ "ਪਾਰਬ੍ਰਹਮ" ਸ਼ਬਦ ਦਾ ਪ੍ਰਯੋਗ ਕੀਤਾ ਹੈ। ਗੁਰੂ ਅਮਰਦਾਸ ਦੀ ਬਾਣੀ ਵਿੱਚ "ਬ੍ਰਹਮ" ਅਤੇ "ਪਾਰਬ੍ਰਹਮ" ਦੋਹਾਂ ਨੂੰ ਸਮਾਨ-ਅਰਥਾਂ ਵਿੱਚ ਵਰਤਿਆ ਗਿਆ ਹੈ, ਜਿਵੇਂ:-

(ੳ) ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ।
(ਸਿਰੀ ਰਾਗੁ ਮ:3)[1]

(ਅ) ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ।
(ਵਾਰ ਸ੍ਰੀਰਾਗੁ ਮ:4 ਸ਼ਲੋਕ ਮ:3)[2]

ਇਸੇ ਤਰ੍ਹਾਂ ਅੰਤਰਜਾਮੀ(ਨਾਮਦੇਵ ਅਤੇ ਰਵਿਦਾਸ), ਸੁਖ-ਸਾਗਰ(ਰਵਿਦਾਸ), ਪ੍ਰਭੁ(ਨਾਮਦੇਵ), ਬੇਅੰਤ (ਫ਼ਰੀਦ), ਭਗਵੰਤ(ਕਬੀਰ ਅਤੇ ਰਵਿਦਾਸ), ਭਗਵਾਨ(ਨਾਮਦੇਵ), ਆਦਿਕ ਸ਼ਬਦ ਭੀ ਗੁਰੂ ਨਾਨਕ ਅਤੇ ਗੁਰੂ ਅੰਗਦ ਦੀ ਥਾਂ ਵਿਸ਼ੇਸ਼ ਕਰਕੇ ਗੁਰੂ ਅਮਰਦਾਸ ਦੀ ਬਾਣੀ ਵਿੱਚ ਹੀ ਮਿਲਦੇ ਹਨ।

ਪਰ ਗੁਰੂ ਅਮਰਦਾਸ ਦੀ ਬ੍ਰਹਮਵਾਚਕ-ਸ਼ਬਦਾਵਲੀ ਦੀ ਵੱਡੀ ਵਡਿਆਈ ਇਸ ਗੱਲ ਵਿੱਚ ਹੈ, ਕਿ ਇਸ ਰਾਹੀਂ ਕਈ ਅਜਿਹੇ ਸ਼ਬਦਾਂ ਦਾ ਪ੍ਰਯੋਗ ਭੀ (ਜੇਕਰ ਪਹਿਲੀ ਵਾਰ ਨਹੀਂ) ਤਾਂ ਵਧੇਰੇ ਜ਼ੋਰ ਨਾਲ ਹੋਇਆ ਹੈ, ਜੋ ਦੇਸ਼, ਕਾਲ, ਕੌਮ ਅਤੇ ਸੰਪ੍ਰਦਾਏ ਦੀਆਂ ਹੱਦਾਂ ਟੱਪ ਕੇ ਸਰਬ-ਵਿਆਪਕ ਅਤੇ ਸਰਬ-ਸਾਂਝੇ ਬ੍ਰਹਮ ਨੂੰ ਪ੍ਰਤੀਮਾਨ ਕਰਦੇ ਹਨ। ਕੁਝ ਇਕ ਉਦਾਹਰਨਾਂ ਇਸ ਪਰਕਾਰ ਹਨ:-

(ੳ) <u>ਆਤਮਦੇਵ:</u>

ਤੈ ਸਾਹਿਬ ਕੀ ਕਰਹਿ ਸੇਵ। ਪਰਮਸੁਖ ਪਾਵਹਿ ਆਤਮਦੇਵ ।
(ਬਸੰਤ ਮ:3)[3]

(ਅ) <u>ਆਤਮਦੇਉ:</u>

ਆਤਮਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ ।
ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ ।
(ਸਿਰੀ ਰਾਗੁ ਮ:3)[4]

(ੲ) <u>ਆਤਮ-ਬ੍ਰਹਮ:</u>

ਗੁਰਮੁਖ ਕਮਲੁ ਵਿਗਸਿਆ ਸਭ ਆਤਮ-ਬ੍ਰਹਮ ਪਛਾਨ ।
(ਸ਼ਲੋਕ ਵਾਰਾਂ ਤੋਂ ਵਧੀਕ ਮ:3)[5]

(ਸ) <u>ਆਦਿ-ਮੀਤੁ:</u>

ਤੇਰਾ ਕੀਆ ਕਿਰਮ ਜੰਤੁ । ਦੇਹਿ ਤ ਜਾਪੀ ਆਦਿ ਮੀਤੁ ।
(ਬਸੰਤ ਮ:3)[6]

---

1. ਆਦਿ-ਗ੍ਰੰਥ................ਪੰਨਾ 39
2. ਆਦਿ-ਗ੍ਰੰਥ................ਪੰਨਾ 88
3. ਆਦਿ-ਗ੍ਰੰਥ................ਪੰਨਾ 1172
4. ਆਦਿ-ਗ੍ਰੰਥ................ਪੰਨਾ 87
5. ਆਦਿ-ਗ੍ਰੰਥ................ਪੰਨਾ 1419
6. ਆਦਿ-ਗ੍ਰੰਥ................ਪੰਨਾ 1176

(ਹ) ਆਦਿ-ਪੁਰਖ:

ਕਹਤ ਨਾਨਕ ਜੋ ਜਾਣੈ ਭੇਉ । ਆਦਿ-ਪੁਰਖ ਨਿਰੰਜਨ ਦੇਉ ।
(ਭੈਰਉ ਮ:3)[1]

(ਕ) ਸੂਖਮ:

ਹਰਿ ਜੀ ਸੂਖਮੁ ਅਗਮੁ ਹੈ ......... (ਸੂਹੀ ਮ:3)[2]

(ਖ) ਪਰਛੰਨਾ (ਗੁਪਤ, ਸੂਖਮ, ਪਾਰਬ੍ਰਹਮ):

ਇਕੋ ਆਪਿ ਫਿਰੈ ਪਰਛੰਨਾ । ਗੁਰਮੁਖਿ ਵੇਖਾ ਤਾ ਇਹ ਮਨੁ ਭਿੰਨਾ ।
(ਮਾਝ ਮ:3)[3]

(ਗ) ਅਲਖ (ਅਕੱਥਨੀਯ, ਪਾਰਬ੍ਰਹਮ):

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹਿ ਕਹਾਣੀ ।
(ਰਾਮਕਲੀ ਮ:3 ਅਨੰਦੁ)[4]

(ਘ) ਅਜਾਚੂ:

ਅਜਾਚੂ ਅਗੋਚਰੁ ਅਪਰੰਪਰ ਨਰਹਰਾ....... (ਮਲਾਰ ਮ:3)[5]

(ਙ) ਗਹਿਰ-ਗੰਭੀਰ, ਗੁਣੀ-ਗਹੀਰ:

ਗਹਿਰ ਗੰਭੀਰ ਗੁਣੀ ਗਹੀਰੁ ਗੁਰ ਕੈ ਸਬਦਿ ਪਛਾਨਿਆ ।
(ਸਾਰੰਗ ਮ:3)[6]

(ਗੁਰੂ ਨਾਨਕ ਨੇ ਉਪਰੋਕਤ ਸ਼ਬਦਾਂ ਨੂੰ ਇਕ ਥਾਂ ਪਾਰਬ੍ਰਹਮ ਦੇ ਵਿਸ਼ੇਸ਼ਣ ਬਣਾਇਆ ਹੈ, ਜਿਵੇਂ: "ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ (ਆਸਾ ਮ:1)"[7], ਪਰ ਗੁਰੂ ਅਮਰਦਾਸ ਨੇ ਇਨ੍ਹਾਂ ਸ਼ਬਦਾਂ ਨੂੰ ਬ੍ਰਹਮ ਦੇ ਵਾਚਕ ਬਣਾ ਕੇ ਇਨ੍ਹਾਂ ਨੂੰ ਪਰਿਪੂਰਨ ਅਤੇ ਸੁਤੰਤਰ ਕਰ ਦਿੱਤਾ ਹੈ)।

(ਚ) ਭੁਗਤਾ:

ਆਪੇ ਕਰਤਾ ਆਪੇ ਭੁਗਤਾ । ............. (ਮਾਝ ਮ:3)[8]

(ਛ) ਨਿਰਮਲ (ਨਿਰਮਲ-ਸਰੂਪ ਬ੍ਰਹਮ):

ਜੋ ਨਿਰਮਲੁ ਸੇਵੇ ਸੋ ਨਿਰਮਲੁ ਹੋਵੈ ।...... (ਮਾਝ ਮ:3)[9]

ਪਿੱਛੇ ਅਸਾਂ ਸੰਕੇਤ ਕੀਤਾ ਸੀ, ਕਿ ਗੁਰੂ ਅਮਰਦਾਸ ਦੀ ਸ਼ਬਦਾਵਲੀ ਵਿੱਚ ਅਜਿਹੇ ਸ਼ਬਦ ਨਾ ਹੋਣ ਦੇ ਬਰਾਬਰ ਹਨ, ਜੋ ਸਰਬ-ਵਿਆਪਕ-ਬ੍ਰਹਮ ਨੂੰ ਦੇਸ਼ ਕਾਲ ਦੀਆਂ ਹੱਦਾਂ ਵਿੱਚ ਸੀਮਤ ਕਰਨ ਦਾ ਟੱਪਲਾ ਦੇ ਸਕਦੇ ਹਨ। ਇਉਂ ਭੀ ਆਖਿਆ ਜਾ ਸਕਦਾ ਹੈ, ਕਿ ਗੁਰੂ ਅਮਰਦਾਸ ਨੇ ਬ੍ਰਹਮ ਜਾਂ ਪਾਰਬ੍ਰਹਮ ਬਾਰੇ ਆਪਣੇ ਅਨੁਭਵ ਨੂੰ ਪ੍ਰਗਟਾਉਣ ਲਈ ਐਸੇ ਸ਼ਬਦਾਂ ਨੂੰ ਵਰਤਣ ਤੋਂ ਜਾਣ ਬੁੱਝ ਕੇ ਸੰਕੋਚ ਕੀਤਾ ਜਾਪਦਾ ਹੈ, ਜੋ ਭਾਰਤੀ-ਮਿਥਿਹਾਸ ਵਿੱਚ "ਵਿਸ਼ਨੂੰ" ਅਤੇ ਉਸਦੇ ਅਵਤਾਰਾਂ ਦਾ ਰੂਪ ਧਾਰ ਕੇ ਪਾਰਬ੍ਰਹਮ ਦੇ ਵਾਚਕ ਬਣਨਾ ਲੋੜਦੇ ਹਨ। ਇਸ ਵਿੱਚ ਸ਼ੱਕ ਨਹੀਂ, ਕਿ ਉਨ੍ਹਾਂ ਗੁਰੂ ਨਾਨਕ

---

1. ਆਦਿ-ਗ੍ਰੰਥ................ਪੰਨਾ 1129
2. ਆਦਿ-ਗ੍ਰੰਥ................ਪੰਨਾ 756
3. ਆਦਿ-ਗ੍ਰੰਥ................ਪੰਨਾ 111
4. ਆਦਿ-ਗ੍ਰੰਥ................ਪੰਨਾ 918
5. ਆਦਿ-ਗ੍ਰੰਥ................ਪੰਨਾ 1260
6. ਆਦਿ-ਗ੍ਰੰਥ................ਪੰਨਾ 1234
7. ਆਦਿ-ਗ੍ਰੰਥ................ਪੰਨਾ 9
8. ਆਦਿ-ਗ੍ਰੰਥ................ਪੰਨਾ 125
9. ਆਦਿ-ਗ੍ਰੰਥ................ਪੰਨਾ 121

ਅਤੇ ਆਦਿ-ਗ੍ਰੰਥ ਦੇ ਕਈ ਭਗਤ-ਕਵੀਆਂ ਵਾਂਗ ਕੁਝ ਪੌਰਾਣਕ-ਬ੍ਰਹਮਵਾਚਕ ਸ਼ਬਦਾਂ ਦਾ ਪ੍ਰਯੋਗ ਭੀ ਕੀਤਾ ਹੈ, ਪਰ ਅਜਿਹੇ ਸ਼ਬਦਾਂ ਦੀ ਚੋਣ ਕਰਨ ਸਮੇਂ ਗੁਰੂ ਅਮਰਦਾਸ ਨੇ ਪ੍ਰਾਚੀਨ ਮਿਥਿਹਾਸਕ-ਸ਼ਬਦਾਂ ਨੂੰ ਨਵੇਂ ਅਤੇ ਵਿਸ਼ਾਲ ਅਰਥ ਪ੍ਰਦਾਨ ਕਰ ਦਿੱਤੇ ਹਨ।

ਵੈਸੇ ਦੂਸਰੇ ਗੁਰੂ ਸਾਹਿਬਾਨ ਅਤੇ ਕਈ ਭਗਤ-ਕਵੀਆਂ ਨੇ ਭੀ ਆਮ ਕਰਕੇ ਪ੍ਰਾਚੀਨ ਮਿਥਿਹਾਸਕ ਸ਼ਬਦਾਂ ਨੂੰ ਅਵਤਾਰਵਾਦ ਦੇ ਸੀਮਤ-ਘੇਰੇ ਵਿੱਚੋਂ ਬਾਹਰ ਕੱਢ ਕੇ ਸਰਬ-ਸਾਂਝੇ-ਬ੍ਰਹਮ ਦੇ ਵਾਚਕ ਬਣਾਇਆ ਹੈ, ਪਰ ਨਾਮਦੇਵ, ਕਬੀਰ ਅਤੇ ਗੁਰੂ ਅਰਜਨ ਆਦਿਕ ਕਵੀਆਂ ਦੀ ਬਾਣੀ ਵਿਚਲੀਆਂ ਹੇਠ ਲਿਖੀਆਂ ਤੁਕਾਂ ਸਧਾਰਨ-ਪਾਠਕਾਂ ਨੂੰ ਟਪਲਾ ਦੇ ਸਕਦੀਆਂ ਹਨ, ਜਿਵੇਂ ਉਹ ਸਰਬ-ਸਾਂਝੇ-ਬ੍ਰਹਮ ਦੀ ਥਾਂ ਦੇਸ਼ ਕਾਲ ਦੀ ਹੱਦ ਵਿੱਚ ਬੱਝੇ ਕਿਸੇ ਅਵਤਾਰ ਦੀ ਸਿਫ਼ਤ ਗਾਇਨ ਕਰ ਰਹੇ ਹੋਣ। ਉਦਾਹਰਨ ਵਜੋਂ:-

(ੳ) ਜਸਰਥਰਾਇ ਨੰਦੁ ਰਾਜਾ ਮੇਰਾ ਰਾਮਚੰਦੁ
ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ।
(ਰਾਮਕਲੀ ਨਾਮਦੇਵ)[1]

(ਅ) ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ।
ਦੁਹਸਾਸਨ ਕੀ ਸਭਾ ਦ੍ਰੋਪਦੀ ਅੰਬਰ ਲੇਤ ਉਬਾਰੀਅਲੇ ।
(ਮਾਲੀ ਗਉੜਾ ਨਾਮਦੇਵ)[2]

(ੲ) ਬਿੰਦ੍ਰਾਬਨ ਮਨਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ ।
ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ ।
(ਰਾਗੁ ਗਉੜੀ ਕਬੀਰ ਜੀ)[3]

(ਸ) ਬਾਵਨ ਰੂਪੁ ਕੀਆ ਤੁਧੁ ਕਰਤੇ

..............................

ਮਛੁ ਕਛੁ ਕੂਰਮੁ ਆਗਿਆ ਅਉਤਰਾਸੀ

......................................

ਸੁੰਦਰ ਕੁੰਡਲ ਮੁਕਟ ਬੈਨ
ਸੰਖ ਚਕ੍ਰ ਗਦਾ ਹੈ ਧਾਰੀ

..........................

ਆਪੇ ਗੋਪੀ ਆਪੇ ਕਾਨਾ
ਆਪੇ ਗਊ ਚਰਾਵੈ ਬਾਨਾ

(ਮਾਰੂ ਮਹਲਾ 5)[4]

ਨਾਮਦੇਵ ਦਾ ਜਸਰਥ(ਦਸਰਥ) ਰਾਜੇ ਦੇ ਪੁੱਤਰ ਰਾਮਚੰਦ੍ਰ ਜਾਂ "ਗਰੁੜ ਚੜੇ ਗੋਪਾਲ" ਅਤੇ ਦੁਹਸਾਸਨ ਦੀ ਸਭਾ ਵਿੱਚ ਦ੍ਰੋਪਦੀ ਦੀ ਲਾਜ ਬਚਾਉਣ ਵਾਲੇ ਕ੍ਰਿਸ਼ਨ ਆਦਿਕ ਅਵਤਾਰਾਂ ਨੂੰ ਭਗਵਾਨ ਦਾ ਸਰੂਪ ਸਮਝ ਕੇ ਸਤਿਕਾਰਨਾ, ਕਬੀਰ ਦਾ ਬਿੰਦ੍ਰਾਬਨ ਵਿੱਚ ਗਊਆਂ ਚਾਰਦੇ ਕ੍ਰਿਸ਼ਨ ਨੂੰ ਇਕ ਗੋਪੀ ਦੇ ਰੂਪ ਵਿੱਚ ਪਿਆਰ ਨਾਲ ਬੁਲਾਉਣਾ ਅਤੇ ਗੁਰੂ ਅਰਜਨ ਦਾ ਮਛੁ, ਕਛੁ ਅਤੇ ਬਾਵਨ-ਅਵਤਾਰਾਂ ਨੂੰ ਸ਼ਰਧਾਂਜਲੀ ਭੇਟ ਕਰਨਾ ਦਸਦਾ ਹੈ, ਕਿ ਸੰਬੰਧਿਤ ਕਵੀ ਉਪਰੋਕਤ ਸਤਰਾਂ ਨੂੰ ਲਿਖਣ ਸਮੇਂ ਸਰਬ-ਸਾਂਝੇ-ਬ੍ਰਹਮ ਬਾਰੇ ਸਰਬ-ਸਾਂਝੇ

---

1. ਆਦਿ-ਗ੍ਰੰਥ............ਪੰਨਾ 973
2. ਆਦਿ-ਗ੍ਰੰਥ............ਪੰਨਾ 988
3. ਆਦਿ-ਗ੍ਰੰਥ............ਪੰਨਾ 338
4. ਆਦਿ-ਗ੍ਰੰਥ............ਪੰਨਾ 1082-83

ਉਪਮਾ-ਸੂਚਕ ਅਪਣਾਉਣ ਦੀ ਥਾਂ ਭਾਰਤੀ-ਮਿਥਿਹਾਸ ਵਿੱਚੋਂ ਦੇਸ਼ ਕਾਲ ਦੀਆਂ ਹੱਦਾਂ ਵਿੱਚ ਬੱਝੇ ਰੂਪਕ ਅਤੇ ਉਪਮਾਵਾਂ ਅਪਣਾਉਂਦੇ ਸਨ।

ਜਿੱਥੋਂ ਤਕ ਸ੍ਰਿਸ਼ਟੀ ਵਿੱਚ ਵਿਆਪਕ-ਬ੍ਰਹਮ ਦਾ ਸੰਬੰਧ ਹੈ, ਇਸਦੇ ਪ੍ਰਮਾਣ ਉਪਨਿਸ਼ਦਾਂ ਵਿੱਚ ਭੀ ਕਈ ਥਾਈਂ ਮਿਲਦੇ ਹਨ। ਪਰ ਜਿਵੇਂ ਡਾ:ਨਾਗਾਰਾਜਾ[1] ਨੇ ਸੰਕੇਤ ਕੀਤਾ ਹੈ,"ਪੂਰਵ-ਬੋਧੀ-ਉਪਨਿਸ਼ਦਾਂ ਵਿੱਚੋਂ ਅਵਿਤਾਰਵਾਦ ਦਾ ਸਿਧਾਂਤ ਉਜਾਗਰ ਨਹੀਂ ਹੁੰਦਾ। ਅਵਿਤਾਰਵਾਦ ਦਾ ਸਿਧਾਂਤ ਪੌਰਾਣਿਕ-ਯੁੱਗ ਦੀ ਉਪਜ ਹੈ ਅਤੇ ਪਿਛਲੇਰੇ-ਯੁੱਗ ਦੇ ਉਪਨਿਸ਼ਦਾਂ ਵਿੱਚ ਇਸ ਬਾਰੇ ਸੰਕੇਤ ਮਿਲਦੇ ਹਨ। ਡਾ:ਰਾਧਾਕ੍ਰਿਸ਼ਨਨ[2] ਦੇ ਕਥਨ ਅਨੁਸਾਰ ਪਿਛਲੇਰੇ-ਯੁੱਗ ਦੇ ਉਪਨਿਸ਼ਦਾਂ( ਜਿਨ੍ਹਾਂ ਦੀ ਗਿਣਤੀ ਪੂਰਵ-ਬੋਧੀ-ਉਪਨਿਸ਼ਦਾਂ ਦੇ ਟਾਕਰੇ ਵਿੱਚ ਬਹੁਤ ਜ਼ਿਆਦਾ ਹੈ) ਵਿੱਚ ਸ਼ਿਵ, ਸ਼ਕਤੀ ਅਤੇ ਵਿਸ਼ਨੂੰ-ਭਗਤੀ ਦੀ ਮਹਿਮਾ ਬਹੁਤ ਮਿਲਦੀ ਹੈ। ਸੋ ਦੇਵ-ਪੂਜਾ ਵਾਂਗ ਅਵਿਤਾਰ-ਵਾਦ ਦਾ ਸਿਧਾਂਤ ਭੀ ਭਾਰਤ ਵਿੱਚ ਹਜ਼ਾਰਾਂ ਸਾਲ ਪੁਰਾਣਾ ਹੈ। ਗੀਤਾ[3] ਵਿੱਚ ਭੀ ਭਗਵਾਨ ਦੇ ਮੁਖ ਤੋਂ ਅਖਵਾਇਆ ਗਿਆ ਹੈ, ਕਿ "ਹੇ ਭਾਰਤ, ਜਦੋਂ ਜਦੋਂ ਧਰਮ ਦੀ ਹਾਨੀ ਅਤੇ ਅਧਰਮ ਦੀ ਵ੍ਰਿਧੀ ਹੁੰਦੀ ਹੈ, ਤਦੋਂ ਤਦੋਂ ਹੀ ਮੈਂ ਆਪਣੇ ਰੂਪ ਨੂੰ ਰਚਦਾ ਹਾਂ ਅਰਥਾਤ ਆਪਣਾ ਆਪ ਪਰਗਟ ਕਰਦਾ ਹਾਂ ।" ਗੀਤਾ ਤੋਂ ਛੁਟ ਭਾਗਵਤ ਅਤੇ ਵਿਸ਼ਨੂੰ ਪੁਰਾਨ, ਸ਼ਿਵ-ਪੁਰਾਨ, ਆਦਿਕ ਗ੍ਰੰਥਾਂ ਰਾਹੀਂ ਭੀ ਅਵਿਤਾਰ-ਵਾਦ ਦੇ ਸਿਧਾਂਤ ਨੂੰ ਪ੍ਰਗਟਾਇਆ ਗਿਆ ਹੈ। ਇਸੇਤਰ੍ਹਾਂ ਸਰਗੁਣ-ਧਾਰਾ ਦੇ ਅਨੇਕਾਂ ਵੈਸ਼ਨਵ ਅਤੇ ਸ਼ੈਵ-ਭਗਤਾਂ ਦੇ ਪਦੇ ਅਤੇ ਉਪਾਸ਼ਨਾ-ਗੀਤ ਭੀ ਗੁਰੂ ਸਾਹਿਬਾਨ ਦੇ ਆਗਮਨ ਤੋਂ ਪਹਿਲਾਂ ਭਾਰਤੀ-ਸੰਸਕ੍ਰਿਤੀ ਦਾ ਅਮਰ-ਭਾਗ ਬਣ ਚੁੱਕੇ ਸਨ। ਸੋ ਆਦਿ-ਗ੍ਰੰਥ ਦੇ ਭਗਤਾਂ ਅਤੇ ਗੁਰੂ-ਕਵੀਆਂ ਦੀ ਬਾਣੀ ਵਿੱਚ ਪ੍ਰਭੂ ਦੇ ਪੌਰਾਣਿਕ-ਨਾਵਾਂ ਦਾ ਆਉਣਾ ਅਸੁਭਾਵਕ ਨਹੀਂ। ਪਰ ਨਾਵਾਂ ਦੀ ਚੋਣ ਬਾਰੇ ਵਿਸ਼ੇਸ਼ਤਾ ਉਸੇ ਕਵੀ ਨੂੰ ਦਿੱਤੀ ਜਾ ਸਕਦੀ ਹੈ, ਜਿਸਨੇ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ-ਬ੍ਰਹਮ ਦਾ ਸਰਬ-ਸਾਂਝਾ-ਸਰੂਪ ਉਲੀਕਣ ਵਾਲੇ ਸ਼ਬਦ ਚੁਣੇ ਹੋਣ । ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੀ ਬ੍ਰਹਮਵਾਚਕ-ਸ਼ਬਦਾਵਲੀ ਵਿੱਚ ਇਹੀ ਗੁਣ ਪ੍ਰਧਾਨ ਹੈ।

ਜਿੱਥੋਂ ਤਕ ਫ਼ਰੀਦ ਸ਼ਕਰਗੰਜ ਦਾ ਸੰਬੰਧ ਹੈ, ਉਸਦੀ ਬ੍ਰਹਮਵਾਚਕ-ਸ਼ਬਦਾਵਲੀ ਵਿੱਚ ਕੋਈ ਭੀ ਸ਼ਬਦ ਭਾਰਤੀ-ਮਿਥਿਹਾਸ ਨਾਲ ਸੰਬੰਧ ਨਹੀਂ ਰੱਖਦਾ, ਸੋ ਸਧਾਰਨ ਪਾਠਕਾਂ ਲਈ ਟਪਲੇ ਦੀ ਕੋਈ ਗੁੰਜਾਇਸ਼ ਨਹੀਂ । ਕਬੀਰ ਅਤੇ ਨਾਮਦੇਵ, ਆਦਿਕ ਭਗਤਾਂ ਅਤੇ ਗੁਰੂ ਸਾਹਿਬਾਨ ਦੀ ਬਾਣੀ ਵਿੱਚ ਜ਼ਰੂਰ ਕਈ ਮਿਥਿਹਾਸਕ-ਸ਼ਬਦ ਅਜਿਹੇ ਆਏ ਹਨ, ਜੋ ਭਾਰਤੀ ਜਨ-ਸਧਾਰਨ ਵਿੱਚ ਸਦੀਆਂ ਤੋਂ ਪ੍ਰਚਲਤ ਸਨ( ਕਾਫੀ ਹੱਦ ਤਕ ਅੱਜ ਭੀ ਹਨ), ਪਰ ਭਾਰਤੀ ਜਨ-ਸਧਾਰਨ ਇਨ੍ਹਾਂ ਸ਼ਬਦਾਂ ਨੂੰ ਅਪਰੰਪਰ-ਪਾਰਬ੍ਰਹਮ ਦੀ ਥਾਂ ਵਿਸ਼ਨੂੰ ਅਤੇ ਉਸਦੇ ਅਵਿਤਾਰਾਂ ਦੇ ਵਾਚਕ ਸਮਝ ਕੇ ਸਤਿਕਾਰਦਾ ਰਿਹਾ ਹੈ, ਬੇਸ਼ਕ ਵਿਸ਼ਨੂੰ ਅਤੇ ਅਪਰੰਪਰ-ਪਾਰਬ੍ਰਹਮ ਵਿੱਚ ਭੀ ਉਹ ਕੋਈ ਭੇਦ ਨਹੀਂ ਸਮਝਦਾ ।ਵੈਸੇ

---

1.P.Nagaraja Rao- Introduction to Vedanta-,1958,P.124.
2.S.Radhakrishnan- The Principal Upanisads(Edited),1953,P.21
3.ਸ਼੍ਰੀਮਦ-ਭਗਵਤ-ਗੀਤਾ- ਚੌਥਾ ਅਧਿਆਇ, ਸਤਵਾਂ ਸ਼ਲੋਕ, ਪ੍ਰਕਾਸ਼ਕ:ਗੀਤਾ ਪ੍ਰੈਸ(ਗੋਰਖਪੁਰ), ਸੰ:2007 ਬਿਕ੍ਰਮੀ ।

ਆਦਿ-ਗ੍ਰੰਥ ਦੇ ਭਗਤਾਂ ਅਤੇ ਗੁਰੂ-ਕਵੀਆਂ ਨੇ ਸੰਬੰਧਤ ਸ਼ਬਦਾਂ ਨੂੰ ਕੇਵਲ ਪਾਰਬ੍ਰਹਮ ਲਈ ਵਰਤਿਆ ਹੈ, ਜਾਂ ਇੰਜ ਆਖਣਾ ਭੀ ਠੀਕ ਹੈ, ਕਿ ਉਨ੍ਹਾਂ ਜਨ-ਸਧਾਰਨ ਵਿੱਚ ਪ੍ਰਚਲਤ ਬ੍ਰਹਮਵਾਚਕ-ਸ਼ਬਦਾਂ ਦੇ ਅਰਥਾਂ ਨੂੰ ਵਿਸ਼ਾਲ ਕਰਕੇ ਉਨ੍ਹਾਂ ਦਾ ਅੰਤ੍ਰੀਵ-ਭਾਵ ਲੋਕਾਂ ਵਿੱਚ ਦ੍ਰਿੜ੍ਹ ਕੀਤਾ ਹੈ, ਤਾਂਜੋ ਉਹ ਅਨੇਕ-ਈਸ਼ਵਰੀ ਭਗਤੀ ਨੂੰ ਛੱਡ ਕੇ ਇੱਕੋ-ਈਸ਼ਵਰ ਦੀ ਉਪਾਸ਼ਨਾ ਕਰਨ। ਗੁਰਮਤਿ ਵਿੱਚ "ਏਕੰਕਾਰ" ਜਾਂ ਇੱਕੋ-ਈਸ਼ਵਰ ਦੀ ਉਪਾਸ਼ਨਾ ਦਾ ਹੁਕਮ ਹੈ।

ਗੁਰੂ ਅਮਰਦਾਸ ਦੀ ਬ੍ਰਹਮਵਾਚਕ-ਸ਼ਬਦਾਵਲੀ ਵਿੱਚ ਵਿਸ਼ੇਸ਼ ਕਰਕੇ ਹੇਠ ਲਿਖੇ ਮਿਥਿਹਾਸਕ ਨਾਮ ਆਏ ਹਨ, ਜਿਨ੍ਹਾਂ ਦਾ ਅੰਤ੍ਰੀਵ-ਅਰਥ ਬ੍ਰਹਮ ਜਿਤਨਾ ਹੀ ਵਿਸ਼ਾਲ ਹੈ। ਇਨ੍ਹਾਂ ਬ੍ਰਹਮਵਾਚਕ ਸ਼ਬਦਾਂ ਵਿੱਚੋਂ ਕਿਸੇ ਨੂੰ ਭੀ ਪੌਰਾਣਿਕ-ਅਵਿਤਾਰਾਂ ਦੇ ਨਾਵਾਂ ਨਾਲ ਜੋੜਨ ਦੀ ਗੁੰਜਾਇਸ਼ ਨਹੀਂ, ਕਿਉਂਕਿ ਇਨ੍ਹਾਂ ਰਾਹੀਂ ਕਿਤੇ ਭੀ "ਵਿਸ਼ਨੂੰ" ਜਾਂ ਉਸਦੇ ਅਵਿਤਾਰਾਂ ਦੇ ਕਲਪਿਤ-ਸਰੂਪ( ਸੰਖਧਾਰੀ, ਚੱਕ੍ਰਧਾਰੀ, ਚਤੁਰ-ਭੁਜ, ਪੀਤ-ਪੀਤੰਬਰ, ਸੁੰਦਰ-ਕੁੰਡਲ, ਦਰੋਪਦੀ-ਲੱਜਾ-ਨਿਵਾਰ, ਆਦਿਕ) ਦੀ ਮਹਿਮਾ ਨਹੀਂ ਮਿਲਦੀ। ਕੇਵਲ ਇਕ ਦੋ ਥਾਂ "ਰਘੁਰਾਇਆ" ਸ਼ਬਦ ਬ੍ਰਹਮ-ਵਾਚਕ-ਰੂਪ ਵਿੱਚ ਵਰਤਿਆ ਗਿਆ ਹੈ, ਪਰ ਉਸਦਾ ਸੰਬੰਧ ਭੀ ਰਘੁਪਤਿ( ਰਾਜਾ ਰਾਮਚੰਦ੍ਰ) ਨਾਲ ਨਹੀਂ ਜੋੜਿਆ ਜਾ ਸਕਦਾ, ਕਿਉਂਕਿ ਜਿਸ ਪ੍ਰਸੰਗ ਵਿੱਚ ( ਹਰਨਾਖਸ਼ ਅਤੇ ਪ੍ਰਹਿਲਾਦ ਦੀ ਵਾਰਤਾ) ਗੁਰੂ ਅਮਰਦਾਸ ਨੇ ਸੰਬੰਧਤ **ਸ਼ਬਦ** ਦਾ ਪ੍ਰਯੋਗ ਕੀਤਾ ਹੈ, ਉਸ ਸਮੇਂ( ਸਤਿਜੁਗ ਵਿੱਚ) ਰਘੁਪਤਿ ਰਾਜਾ ਰਾਮਚੰਦ੍ਰ ਦਾ ਅਜੇ ਜਨਮ ਹੀ ਨਹੀਂ ਸੀ ਹੋਇਆ । ਸੋ ਗੁਰੂ ਅਮਰਦਾਸ ਦੀ ਹੇਠ ਲਿਖੀ ਤੁਕ ਵਿੱਚ "ਰਘੁਰਾਇਆ" ਸ਼ਬਦ ਦਾ ਅਰਥ, ਰਘੁ( ਪ੍ਰਕਾਸ਼) ਦਾ ਰਾਇ( ਸੁਆਮੀ) ਅਰਥਾਤ ਜੋਤਿ-ਸਰੂਪ ਕਰਤਾਰ ਹੈ। ਭਾਈ ਕਾਹਨ ਸਿੰਘ[1] ਨੇ ਭੀ ਇਸ ਸ਼ਬਦ ਨੂੰ ਇੱਥੇ "ਕਰਤਾਰ ਦਾ ਬੋਧਕ" ਮੰਨਿਆ ਹੈ। ਸੰਬੰਧਤ ਤੁਕ ਇਸ ਪਰਕਾਰ ਹੈ:-

ਸੰਡਾ ਮਰਕਾ ਸਭਿ ਜਾਇ ਪੁਕਾਰੇ ।
ਪ੍ਰਹਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ ।
ਦੁਸਟ ਸਭਾ ਮਹਿ ਮੰਤ੍ਰੁ ਪਕਾਇਆ ।
ਪ੍ਰਹਿਲਾਦ ਕਾ ਰਾਖਾ ਹੋਇ ਰਘੁਰਾਇਆ ।

(ਭੈਰਉ ਮ:3)[2]

ਗੁਰੂ ਅਮਰਦਾਸ ਦੀ ਬਾਣੀ ਦੁਆਰਾ ਪ੍ਰਭੂ ਦੇ ਦੂਸਰੇ ਮਿਥਿਹਾਸਕ-ਨਾਵਾਂ ਦਾ ਵੇਰਵਾ ਇਸ ਪਰਕਾਰ ਹੈ:-

(ੳ) <u>ਸਾਰਿੰਗਪਾਣਿ</u>( ਪ੍ਰਿਥਵੀ ਹੈ ਜਿਸਦੇ ਹੱਥ ਵਿੱਚ ਅਰਥਾਤ ਜੋ ਸਾਰੇ ਵਿਸ਼ਵ ਦਾ ਪਾਲਨ ਕਰਦਾ ਹੈ)[3] :-

ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ।

(ਰਾਮਕਲੀ ਮ:3 ਅਨੰਦੁ)[4]

(ਅ) <u>ਗੋਸਾਈ</u>[5]( ਪ੍ਰਿਥਵੀ ਦਾ ਮਾਲਕ, ਜਗਤ-ਨਾਥ, ਕਰਤਾਰ) :-

ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ । ਕਹਾਂ ਤੁਮ੍ਹਾਰਾ ਜਗਦੀਸ ਗੁਸਾਈ ।
ਜਗਜੀਵਨ ਦਾਤਾ ਅੰਤਿ ਸਖਾਈ । ਜਹ ਦੇਖਾ ਤਹ ਰਹਿਆ ਸਮਾਈ ।

(ਭੈਰਉ ਮ:3)[6]

---

1. ਭਾਈ ਕਾਹਨ ਸਿੰਘ-ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 761
2. ਆਦਿ-ਗ੍ਰੰਥ............ਪੰਨਾ 1154
3. ਭਾਈ ਕਾਹਨ ਸਿੰਘ- ਪੂਨਾ, ......ਪੰਨਾ 139
4. ਆਦਿ-ਗ੍ਰੰਥ.........ਪੰਨਾ 920
5. ਕਾਹਨ ਸਿੰਘ-ਪੂਨਾ...ਪੰਨਾ 307
6. ਆਦਿ-ਗ੍ਰੰਥ.........ਪੰਨਾ 1154

(ੲ) <u>ਗੋਬਿੰਦ</u>(ਗੋ=ਗੁਰਬਾਣੀ ਕਰਕੇ ਜੋ ਵਿੰਦ=ਲੱਭਿਆ ਜਾਵੇ, ਪਾਰਬ੍ਰਹਮ, ਕਰਤਾਰ)[1]:-

ਗੋਵਿੰਦ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ।
(ਸਿਰੀ ਰਾਗੁ ਮ:3)[2]

(ਸ) <u>ਨਾਰਾਇਣ</u>(ਕਰਤਾਰ, ਪਾਰਬ੍ਰਹਮ)[3]:-

ਗੁਰੁ ਸਾਲਾਹੀ ਸਦਾ ਸਖਦਾਤਾ ਪ੍ਰਭੁ ਨਾਰਾਇਣ ਸੋਈ ।
ਗੁਰਪਰਸਾਦਿ ਪਰਮਪਦੁ ਪਾਇਆ ਵਡੀ ਵਡਿਆਈ ਹੋਈ ।
(ਮਲਾਰ ਮ:3)[4]

(ਹ) <u>ਬਨਵਾਰੀ</u>(ਕਰਤਾਰ, ਜੋ ਸਾਰੇ ਜੰਗਲਾਂ ਨੂੰ ਮਾਲਾਵਤ ਧਾਰਨ ਕਰਦਾ ਹੈ)[5]:-

ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰ ਬਨਵਾਰੀਆ ।
ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ।
(ਰਾਮਕਲੀ ਮ:3 ਅਨੰਦੁ)[6]

(ਕ) <u>ਮਧੁਸੂਦਨ</u>(ਕਰਮ-ਜਾਲ ਦੇ ਤੋੜਨ ਵਾਲਾ-ਕਰਤਾਰ)[7]:-

ਆਪੇ ਕਰਤਾ ਆਪੇ ਭੁਗਤਾ । ਆਪੇ ਸੰਜਮ ਆਪੇ ਜੁਗਤਾ ।
ਆਪੇ ਨਿਰਮਲੁ ਮਿਹਰਵਾਨੁ ਮਧੁਸੂਦਨ ਜਿਸਦਾ ਹੁਕਮ ਨ ਮੇਟਿਆ ਜਾਈ ਹੇ ।
(ਮਾਰੂ ਮ:3)[8]

(ਖ) <u>ਮਨਮੋਹਨ</u>(ਮਨ ਨੂੰ ਮੋਹ ਲੈਣ ਵਾਲਾ=ਕਰਤਾਰ)[9]:-

ਕਾਮਣਿ ਹਰਿ ਰਸ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ ।
ਮਨਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ।
(ਗਉੜੀ ਮ:3)[10]

(ਗ) <u>ਮੁਰਾਰਿ</u>(ਅਗਿਆਨ-ਵਿਨਾਸ਼ਕ ਗੁਰੂ, ਕਰਤਾਰ, ਪਾਰਬ੍ਰਹਮ)[11]:-

ਗੁਰ ਕੈ ਸਬਦਿ ਇਹ ਗੁਫਾ ਵੀਚਾਰੇ ।
ਨਾਮੁ ਨਿਰੰਜਨ ਅੰਤਰਿ ਵਸੈ ਮੁਰਾਰੈ ।
(ਮਾਝ ਮ:3)[12]

(ਘ) <u>ਰਮਈਆ</u>(ਰਮਨ ਕਰਨ ਵਾਲਾ, ਕਰਤਾਰ, ਪਾਰਬ੍ਰਹਮ)[13]

ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ । ਨਾਦੀ ਬੇਦੀ ਪੜਹਿ ਪੁਰਾਣ ।
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ । ਤਿਨ ਕੈ ਰਮਈਆ ਨੇੜਿ ਨਾਹਿ ।
(ਬਸੰਤ ਮ:3)[14]

---

1. ਭਾਈ ਕਾਨ੍ਹ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 321
2. ਆਦਿ-ਗ੍ਰੰਥ..............ਪੰਨਾ 32
3. ਭਾਈ ਕਾਨ੍ਹ ਸਿੰਘ- ਪੂਨਾ........ਪੰਨਾ 523
4. ਆਦਿ-ਗ੍ਰੰਥ.............ਪੰਨਾ 1258
5. ਭਾਈ ਕਾਨ੍ਹ ਸਿੰਘ- ਪੂਨਾ .......ਪੰਨਾ 627
6. ਆਦਿ-ਗ੍ਰੰਥ.......... ...ਪੰਨਾ 917
7. ਭਾਈ ਕਾਨ੍ਹ ਸਿੰਘ- ਪੂਨਾ.........ਪੰਨਾ 709
8. ਆਦਿ-ਗ੍ਰੰਥ.............ਪੰਨਾ 1047
9. ਭਾਈ ਕਾਨ੍ਹ ਸਿੰਘ- ਪੂਨਾ........ਪੰਨਾ 711
10. ਆਦਿ-ਗ੍ਰੰਥ...........ਪੰਨਾ 245
11. ਭਾਈ ਕਾਨ੍ਹ ਸਿੰਘ- ਪੂਨਾ......ਪੰਨਾ 740
12. ਆਦਿ-ਗ੍ਰੰਥ .........ਪੰਨਾ 126
13. ਭਾਈ ਕਾਨ੍ਹ ਸਿੰਘ- ਪੂਨਾ.......ਪੰਨਾ 766
14. ਆਦਿ-ਗ੍ਰੰਥ..........ਪੰਨਾ 1169

(ਙ) <u>ਵਾਸਦੇਉ</u>(ਜਿਸ ਵਿੱਚ ਸਭ ਦਾ ਨਿਵਾਸ ਹੈ ਅਤੇ ਜੋ ਸਭ ਵਿੱਚ ਹੈ, ਕਰਤਾਰ)[1]:-

ਵਵੈ ਵਾਰੀ ਆਈ ਮੂੜੇ ਵਾਸਦੇਉ ਤੁਧੁ ਵਿਸਰਿਆ ।
ਏਹ ਵੇਲਾ ਨ ਲਹਸਹਿ ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ ।
(ਆਸਾ ਮ:3)[2]

(ਚ) <u>ਹਰਿਜੀਉ</u>(ਕਰਤਾਰ, ਪ੍ਰਮੇਸਰ)[3]:-

ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ ।......(ਭੈਰਉ ਮ:3)[4]

(ਛ) <u>ਗੋਪਾਲੁ</u>(ਗੋ=ਪ੍ਰਿਥਵੀ ਦੀ ਪਾਲਣਾ ਕਰਨ ਵਾਲਾ, ਜਗਤ-ਪਾਲਕ)[5]:-

ਪ੍ਰਹਿਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ ।
ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ ।
(ਭੈਰਉ ਮ:3)[6]

(ਜ) <u>ਰਾਮੁ</u>(ਜਿਸ ਵਿੱਚ ਯੋਗੀਜਨ ਰਮਣ ਕਰਦੇ ਹਨ, ਪਾਰਬ੍ਰਹਮ, ਸਰਬ-ਵਿਆਪੀ ਕਰਤਾਰ)[7]:-

ਰਾਮਨਾਮੁ ਇਸੁ ਜੁਗ ਮਹਿ ਦੁਲਭੁ ਹੈ ਗੁਰਮਤਿ ਹਰਿ ਰਸੁ ਪੀਜੈ ।
(ਵਡਹੰਸ ਮ:3)[8]

ਜਿੱਥੋਂ ਤਕ ਆਦਿ-ਗ੍ਰੰਥ ਵਿੱਚ ਸ਼ਾਮਿਲ ਬਾਣੀ ਦਾ ਸੰਬੰਧ ਹੈ, ਸਭ ਤੋਂ ਬਹੁਤੇ ਬ੍ਰਹਮਵਾਚਕ-ਸ਼ਬਦਾਂ ਦਾ ਪ੍ਰਯੋਗ ਗੁਰੂ ਅਰਜਨ ਦੇਵ ਨੇ ਕੀਤਾ ਹੈ, ਉਸ ਤੋਂ ਪਿੱਛੋਂ ਗੁਰੂ ਨਾਨਕ ਅਤੇ ਬਾਅਦ ਵਿੱਚ ਕ੍ਰਮਵਾਰ ਗੁਰੂ ਅਮਰਦਾਸ, ਗੁਰੂ ਰਾਮਦਾਸ, ਕਬੀਰ, ਨਾਮਦੇਵ, ਆਦਿਕ ਨੇ । ਗੁਰੂ ਅਰਜਨ ਦੇਵ ਨੇ ਤਾਂ ਮਹਾਂ-ਰਿਸ਼ੀ ਵਿਆਸ ਰਚਿਤ "ਵਿਸਨੁ ਸਹਸ੍ਰਨਾਮ ਸਤੋਤ੍ਰਮ"(ਜੋ ਪੰਜਾਬ ਵਿੱਚ ਵਿਸ਼ਨੂੰ ਸਹੰਸਰ-ਨਾਮਾ ਕਰਕੇ ਪ੍ਰਸਿਧ ਹੈ ਅਤੇ ਜਿਸਦਾ ਪ੍ਰਸੰਗ ਮਹਾਂ-ਭਾਰਤ ਵਿੱਚ ਇਕ ਥਾਂ ਭੀਸ਼ਮ-ਯੁਧਿਸ਼ਟਰ-ਸੰਬਾਦ ਨਾਲ ਸੰਬੰਧਤ ਹੈ) ਵਾਂਗ "ਮਾਰੂ ਰਾਗ ਦੇ ਇਕ ਸੋਲਹੇ"[9] ਦੁਆਰਾ ਜਾਣੋ ਸਿੱਖ-ਧਰਮ ਦੇ ਅਨੁਯਾਈਆਂ ਲਈ ਇਕ ਛੋਟਾ ਜਿਹਾ "ਬ੍ਰਹਮ-ਸਤੋਤ੍ਰ" ਰਚ ਦਿੱਤਾ ਹੈ। ਲਗਪਗ 108 ਬ੍ਰਹਮਵਾਚਕ-ਸ਼ਬਦਾਂ ਨਾਲ ਜੜਤ ਗੁਰੂ ਅਰਜਨ ਰਚਿਤ ਬ੍ਰਹਮ-ਸਤੋਤ੍ਰ ਲਗਪਗ 108 ਮਣਕਿਆਂ ਦੀ ਮਾਲਾ ਜਾਪਦਾ ਹੈ, ਜਿਸਦੇ ਸਿਰਮੌਰ ਮਣਕੇ ਉਤੇ "ਸਤਿਨਾਮ" ਲਿਖਿਆ ਹੋਇਆ ਹੈ। ਬਾਕੀ ਦੇ ਸਾਰਿਆਂ ਨਾਵਾਂ ਨੂੰ ਗੁਰਦੇਵ ਨੇ ਪ੍ਰਭੂ ਦੇ "ਕਿਰਤਮ ਨਾਮ" ਆਖ ਕੇ "ਸਤਿਨਾਮ" ਨੂੰ ਪਰਾ-ਪੂਰਬਲਾ ਨਾਮ ਆਖਿਆ ਹੈ:-

ਕਿਰਤਮ ਨਾਮ ਕਥੇ ਤੇਰੇ ਜਿਹਬਾ ਸਤਿਨਾਮ ਤੇਰਾ ਪਰਾ ਪੂਰਬਲਾ ।
(ਮਾਰੂ ਸੋਲਹੇ ਮ:5)[9]

ਪਰ ਜਿਵੇਂ ਦੱਸਿਆ ਜਾ ਚੁੱਕਾ ਹੈ, ਗੁਰੂ ਅਰਜਨ ਰਚਿਤ ਉਪਰੋਕਤ "ਮਾਰੂ ਸੋਲਹੇ" ਦੇ ਬ੍ਰਹਮਵਾਚਕ-ਸ਼ਬਦਾਂ ਵਿੱਚੋਂ ਬਹੁਤਿਆਂ ਦੀ "ਵਿਸ਼ਨੂੰ ਸਹੰਸਰ-ਨਾਮਾ" ਆਦਿਕ ਨਾਲ ਕਾਫ਼ੀ ਸਾਂਝ ਹੈ, ਜਿਵੇਂ ਅਚੁਤ, ਅਮੋਘ,

---

1. ਭਾਈ ਕਾਹਨ ਸਿੰਘ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 814
2. ਆਦਿ-ਗ੍ਰੰਥ.............ਪੰਨਾ 435
3. ਭਾਈ ਕਾਹਨ ਸਿੰਘ. ਉਹੀ.....ਪੰਨਾ 197
4. ਆਦਿ-ਗ੍ਰੰਥ.............ਪੰਨਾ 1154
5. ਭਾਈ ਕਾਹਨ ਸਿੰਘ ਉਹੀ.....ਪੰਨਾ 323
6. ਆਦਿ-ਗ੍ਰੰਥ.............ਪੰਨਾ 1154
7. ਭਾਈ ਕਾਹਨ ਸਿੰਘ ਉਹੀ.....ਪੰਨਾ 773
8. ਆਦਿ ਗ੍ਰੰਥ.............ਪੰਨਾ 565
9. ਆਦਿ-ਗ੍ਰੰਥ.............ਪੰਨੇ 1082-83 ਅਤੇ 1083

ਦਰਸਨ, ਸਹਸ-ਨੇਤ੍ਰ, ਸੈਭਉ, ਸ੍ਰੀਰੰਗ, ਸੁੰਦਰ-ਰੂਪ, ਹਰਿ ਜੀਉ, ਕਰਤਾ, ਕੇਸਵ, ਕ੍ਰਿਸਨ, ਗਦਾਧਾਰੀ, ਚਕ੍ਰਪਾਣਿ(ਚਕ੍ਰਧਾਰੀ), ਚਤੁਰ-ਭੁਜ, ਜੋਤਿ-ਸਰੂਪ, ਦਾਮੋਦਰ, ਧਨੰਜੈ, ਧਰਣੀਧਰ, ਨਰਸਿੰਘ, ਪਤਿਤ-ਪਾਵਨ, ਪਰਮੇਸਰ, ਬਨਵਾਰੀ, ਬੈਕੁੰਠ-ਵਾਸੀ, ਭਗਤ-ਵਛਲ, ਭੈ-ਭੰਜਨ, ਮਾਧਵ, ਮੁਕੰਦ, ਮਨੋਹਰ, ਮਹੀਐ(ਮਹੀਧਰ), ਰਾਮ(ਰਾਮਚੰਦ), ਵਾਸਦੇਵ, ਆਦਿਕ। ਵਿਸ਼ਨੂੰ ਸਹੰਸਰ-ਨਾਮਾ(ਵਿਸਨੁ-ਸਹਸ੍ਰਨਾਮ-ਸਤੋਤ੍ਰਮ)[1] ਵਿੱਚ ਉਪਰੋਕਤ ਨਾਵਾਂ ਨਾਲ ਸੰਬੰਧਤ ਸ਼ਲੋਕਾਂ ਦੇ ਨੰਬਰ ਹੇਠਾਂ ਫੁਟ-ਨੋਟ ਵਿੱਚ ਦਿੱਤੇ ਗਏ ਹਨ।

ਇਸ ਵਿੱਚ ਸ਼ੱਕ ਨਹੀਂ, ਕਿ ਉਪਰੋਕਤ ਵੇਰਵੇ ਵਿੱਚ ਸ਼ਾਮਿਲ ਕਈ ਸ਼ਬਦ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਆਦਿ-ਗ੍ਰੰਥ ਦੇ ਭਗਤ-ਕਵੀਆਂ ਦੀ ਬਾਣੀ ਵਿੱਚ ਭੀ ਮਿਲਦੇ ਹਨ, ਪਰ ਅਚੁਤ, ਅਮੋਘ-ਦਰਸ਼ਨ, ਕਮਲ-ਨੈਣ, ਗਦਾਧਾਰੀ, ਚਕ੍ਰਧਾਰੀ, ਚਤੁਰ-ਭੁਜ, ਜੋਤਿ-ਸਰੂਪ, ਧਨੰਜੈ, ਆਦਿਕ ਨੂੰ ਬ੍ਰਹਮਵਾਚਕ -ਸ਼ਬਦਾਂ ਦੇ ਰੂਪ ਵਿੱਚ ਵਰਤਣ ਦੀ ਰੁੱਚੀ ਵਿਸ਼ੇਸ਼ ਕਰਕੇ ਗੁਰੂ ਅਰਜਨ ਨੇ ਹੀ ਲਈ ਜਾਪਦੀ ਹੈ। ਗੁਰੂ ਅਰਜਨ ਰਚਿਤ ਉਪਰੋਕਤ ਬ੍ਰਹਮ-ਸਤੋਤ੍ਰ ਦੀ ਸ਼ੈਲੀ ਭੀ "ਵਿਸਨੁ ਸਹਸ੍ਰਨਾਮ-ਸਤੋਤ੍ਰਮ" ਨਾਲ ਮਿਲਦੀ ਜੁਲਦੀ ਜਾਪਦੀ ਹੈ।

ਵੈਸੇ ਗੁਰੂ ਅਰਜਨ ਤੋਂ ਛੁੱਟ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਆਦਿਕ ਗੁਰੂ-ਕਵੀਆਂ ਦੀ ਬਾਣੀ ਵਿੱਚ ਭੀ ਕਈ ਬ੍ਰਹਮਵਾਚਕ-ਸ਼ਬਦ ਅਜਿਹੇ ਹਨ, ਜਿਨ੍ਹਾਂ ਦਾ ਸੰਕੇਤ ਵਿਸਨੁ-ਸਹਸ੍ਰਨਾਮ-ਸਤੋਤ੍ਰਮ ਵਿੱਚ ਮਿਲਦਾ ਹੈ, ਬੇਸ਼ਕ ਸੰਬੰਧਤ ਸ਼ਬਦਾਂ ਦੀ ਗਿਣਤੀ ਗੁਰੂ ਅਰਜਨ ਦੀ ਬਾਣੀ ਵਿਚਲੇ ਸ਼ਬਦਾਂ ਨਾਲੋਂ ਥੋੜ੍ਹੀ ਹੈ। ਵੇਰਵੇ ਦੇ ਪੱਖ ਤੋਂ ਗੁਰੂ ਨਾਨਕ[2] ਦੀ ਬਾਣੀ ਵਿੱਚ ਸ੍ਰੀਰੰਗ, ਸੈਭਉ, ਹਰਿਰਾਇ, ਕਰਤਾ, ਗੋਬਿੰਦ, ਜਗੰਨਾਥ, ਜਗਦੀਸਰੁ, ਦਾਮੋਦਰ, ਤ੍ਰੈਲੋਕੀ-ਨਾਥ, ਪਰਮੇਸਰ, ਪਰਮਾਤਮ, ਬਨਵਾਰੀ, ਮਾਧੋ, ਰਾਮ ਅਤੇ ਵਾਸਦੇਵ ਆਦਿਕ ਸ਼ਬਦਾਂ ਦਾ ਸੋਮਾ ਵਿਸਨੁ-ਸਹਸ੍ਰਨਾਮ-ਸਤੋਤ੍ਰਮ ਵਿੱਚ ਢੂੰਡਿਆ ਜਾ ਸਕਦਾ ਹੈ। ਇਸੇਤਰ੍ਹਾਂ ਕਬੀਰ[3] ਦੀ ਬਾਣੀ ਵਿੱਚ ਕੇਸਵ, ਗੋਬਿੰਦ, ਜਗਜੀਵਨ, ਧਰਣੀਧਰ, ਭਗਵਾਨ, ਮੁਕੰਦ, ਮਾਧੋ, ਰਾਮ, ਆਦਿਕ ਅਤੇ ਬਾਕੀ ਭਗਤਾਂ[3] ਦੀ ਬਾਣੀ ਵਿੱਚ ਪਤਿਤ-ਪਾਵਨ, ਪਾਰਸ-ਰਾਇਆ (ਪਰਮੇਸ਼ਟ), ਕ੍ਰਿਸਨ, ਨਰਸਿੰਘ ਅਤੇ ਮਨੋਹਰ ਆਦਿਕ ਸ਼ਬਦ ਭੀ ਵਿਸਨੁ-ਸਹਸ੍ਰਨਾਮ-ਸਤੋਤ੍ਰਮ ਨਾਲ ਮਿਲਦੇ ਜੁਲਦੇ ਹਨ।

ਜਿੱਥੋਂ ਤਕ ਗੁਰੂ ਅਮਰਦਾਸ[4] ਦੀ ਬਾਣੀ ਦਾ ਸੰਬੰਧ ਹੈ, ਉਪਰੋਕਤ ਕਵੀਆਂ ਨਾਲ ਸਾਂਝੇ ਕਈ ਸ਼ਬਦਾਂ ਤੋਂ ਛੁੱਟ ਗਹਿਰ-ਗੰਭੀਰ, ਪ੍ਰਭੁ, ਪਰਮੇਸਰ, ਪਾਪ-ਨਿਪੰਜਨ(ਪਾਪ-ਨਾਸ਼ਕ), ਸੁਆਮੀ, ਭੁਗਤਾ

1. ਵਿਸਨੁ-ਸਹਸ੍ਰਨਾਮ-ਸਤੋਤ੍ਰਮ ਪ੍ਰਕਾਸ਼ਕ: ਗੀਤਾ ਪ੍ਰੈਸ(ਗੋਰਖਪੁਰ), ਸ਼ਲੋਕ ਨੰ: 24, 25, 37, 18, 98, 78, 82, 47, 16, 20, 71, 28, 107, 53, 83, 93, 16, 45, 94, 73, 57, 91, 73, 102, 21, 68, 62, 53, 56, 49, ਆਦਿਕ।
2. ਵਿਸਨੁ-ਸਹਸ੍ਰਨਾਮ-ਸਤੋਤ੍ਰਮ. ਸ਼ਲੋਕ ਨੰ: 98, 18, 32, 47, 33, 12, 22, 53, 93, 91, 94, 15, 73, 21, 56, 49, ਆਦਿਕ।
3. ਵਿਸਨੁ-ਸਹਸ੍ਰਨਾਮ-ਸਤੋਤ੍ਰਮ ਸ਼ਲੋਕ ਨੰ: 16, 33, 112, 93, 73, 68, 21, 56, 88, 20, 16, 62, ਆਦਿਕ।
4. ਵਿਸਨੁ-ਸਹਸ੍ਰਨਾਮ-ਸਤੋਤ੍ਰਮ 71, 17, 54, 119, 84, 108, 91, 102, 49, 18, ਆਦਿਕ ॥

(ਭੋਕਤਾ), ਭਗਤ-ਵਛਲ(ਭਗਤ-ਵਤਸਲ), ਭੈ-ਭੰਜਨ(ਭੈ-ਨਾਸ਼ਨ), ਵਾਮਦੇਵ ਅਤੇ ਨਾਮ-ਖਿਪਾਤਾ, ਆਦਿਕ ਸ਼ਬਦਾਂ ਨਾਲ ਮਿਲਦੇ ਜੁਲਦੇ ਸ਼ਬਦ ਵਿਸ਼ਨੂ-ਸਹਸ੍ਰਨਾਮ-ਸਤੋਤ੍ਰਮ ਵਿੱਚ ਵੇਖੇ ਜਾ ਸਕਦੇ ਹਨ।

ਵਿਸ਼ਨੂ-ਸਹਸ੍ਰਨਾਮ-ਸਤੋਤ੍ਰਮ ਆਦਿਕ ਗ੍ਰੰਥਾਂ ਦੇ ਟਾਕਰੇ ਵਿੱਚ ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ ਦੇ ਦੂਸਰੇ ਕਵੀਆਂ ਦੀ ਬ੍ਰਹਮਵਾਚਕ-ਸ਼ਬਦਾਵਲੀ ਆਮ ਕਰਕੇ ਏਸ ਗਲ ਦੀਆਂ ਸੌਖਾਂ ਟੱਪ ਕੇ ਸਰਬ-ਵਿਆਪਕ ਵਿਸ਼ਵ-ਆਤਮਾ ਨਾਲ ਗਲਵਕੜੀਆਂ ਪਾਉਂਦੀ ਜਾਪਦੀ ਹੈ, ਸਗੋਂ ਦ੍ਰਿਸ਼ਟਿਮਾਨ ਤੋਂ ਭੀ ਪਰੇ, ਅਗਮ ਅਗੋਚਰ ਅਪਰੰਪਰ ਪਾਰਬ੍ਰਹਮ ਦਾ ਦਰ ਖੜਕਾਉਂਦੀ ਹੈ। ਇਸਦੇ ਉਲਟ ਪਹਿਲਾਂ ਵਰਣਨ ਕੀਤੇ ਪੌਰਾਣਿਕ-ਗ੍ਰੰਥਾਂ ਦੀ ਨਾਮਾਵਲੀ ਵਿੱਚ ਵਿਸ਼ਵ-ਆਤਮਾ ਸੁੰਗੜਦੀ ਤੇ ਸਿਮਟਦੀ ਹੋਈ ਕਈ ਥਾਈਂ ਸੂਰਜ-ਮੰਡਲ(ਸੂਰਜ, ਰਵੀ)[1] ਤੋਂ ਉਤਰ ਕੇ ਅੰਨ੍ਹ(ਅੰਨਮ੍)[2] ਅਤੇ ਭੋਜਨ(ਭੋਜਨਮ੍)[3] ਦਾ ਸਰੂਪ ਧਾਰਨ ਕਰ ਗਈ ਹੈ।

(ਅ) ਦੇਵ-ਮਾਲਾ ਅਰਥਾਤ ਸੁਰਿੰਨਰ, ਪ੍ਰਤਿਮਨ-ਵਾਚਕ ਨਾਮਾਵਲੀ

ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਤੋਂ ਛੁੱਟ ਪੌਰਾਣਿਕ-ਗ੍ਰੰਥਾਂ ਅਨੁਸਾਰ ਕਲਪਿਤ ਚੌਵੀਸ-ਅਵਤਾਰਾਂ ਵਿੱਚੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਨਰਸਿੰਘ, ਨਾਰਦ, ਰਾਮਚੰਦ੍ਰ, ਕ੍ਰਿਸ਼ਨ, ਬਿਆਸ(ਵਿਆਸ) ਅਤੇ ਮੋਹਨੀ(ਮੋਹਿਨੀ) ਦਾ ਸੰਕੇਤ ਮਿਲਦਾ ਹੈ।

ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਬਾਰੇ ਗੁਰੂ ਅਮਰਦਾਸ ਦਾ ਦ੍ਰਿਸ਼ਟੀ-ਕੋਣ ਪੌਰਾਣਿਕ ਦੀ ਥਾਂ ਆਧੁਨਿਕ ਤਰਕਵਾਦੀ-ਚੇਤਨਾ ਦੇ ਅਨੁਕੂਲ ਹੈ। ਗੀਤਾ[4] ਅਤੇ ਪੌਰਾਣਿਕ-ਗ੍ਰੰਥਾਂ ਅਨੁਸਾਰ ਜਦੋਂ ਭੀ ਧਰਮ ਦੀ ਹਾਨੀ ਹੁੰਦੀ ਹੈ ਅਤੇ ਅਧਰਮ ਦੀ ਵ੍ਰਿਧੀ ਹੁੰਦੀ ਹੈ, ਭਗਵਾਨ ਅਵਤਾਰਾਂ ਦੇ ਰੂਪ ਵਿੱਚ ਪਰਗਟ ਹੁੰਦਾ ਹੈ ਅਤੇ ਦੁਸ਼ਟਾਂ ਦਾ ਦਮਨ ਕਰਕੇ ਧਰਮੀਆਂ ਦਾ ਕਲਿਆਣ ਕਰਦਾ ਹੈ। ਪਰ ਗੁਰਮਤਿ ਅਨੁਸਾਰ ਭਗਵਾਨ ਜਾਂ ਪਾਰਬ੍ਰਹਮ "ਅਜੋਨੀ" ਹੋਣ ਕਰਕੇ ਆਪ ਜਨਮ ਨਹੀਂ ਧਾਰਦਾ, ਸਗੋਂ ਧਰਤੀ ਦੀ ਪੁਕਾਰ ਸੁਣ ਕੇ ਕਿਸੇ ਮਹਾਂ-ਪੁਰਖ ਨੂੰ ਜੀਵਾਂ ਦੇ ਉਧਾਰ ਲਈ ਭੇਜਦਾ ਹੈ:-

> ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ ।
>
> (ਵਾਰਾਂ ਭਾਈ ਗੁਰਦਾਸ)[5]

ਜਿੱਥੋਂ ਤਕ ਅਵਤਾਰਵਾਦ ਦਾ ਸੰਬੰਧ ਹੈ, ਭਾਈ ਕਾਹਨ ਸਿੰਘ[6] ਨੇ ਪੁਰਾਣਾਂ ਦੇ ਆਧਾਰ ਤੇ ਲਿਖਿਆ ਹੈ, "ਅਵਤਾਰ ਜਾਂ ਮਹਾਂ-ਪੁਰਖ ਵਖ ਵਖ ਕਲਾ ਦੇ ਸੁਆਮੀ ਹੁੰਦੇ ਹਨ। ਦੂਜੇ ਸ਼ਬਦਾਂ ਵਿੱਚ ਦੇਵਤਿਆਂ ਦੀ ਕਲਾ ਦੇ ਕਈ ਅੰਸ਼(ਭਾਗ) ਹੁੰਦੇ ਹਨ। ਉਨ੍ਹਾਂ ਕਲਾ ਵਿੱਚੋਂ ਜਿਨ੍ਹਾਂ ਅਵਤਾਰਾਂ ਵਿੱਚ ਕੁਝ ਹਿੱਸੇ ਪਾਈਦੇ ਹਨ, ਉਹ "ਅੰਸ਼ਾਵਤਾਰ" ਸਦਾਉਂਦੇ ਹਨ। ਇਸੇ ਵਿਚਾਰ ਨਾਲ ਕਿਸੇ ਅਵਤਾਰ ਨੂੰ

---

1. ਵਿਸ਼ਨੂ-ਸਹਸ੍ਰਨਾਮ-ਸਤੋਤ੍ਰਮ- ਗੀਤਾ ਪ੍ਰੈਸ(ਗੋਰਖਪੁਰ) ਸ਼ਲੋਕ ਨੰ:107
2. ਪੂਨਾ..........................ਪ੍ਰਾ ਸ਼ਲੋਕ ਨੰ:118
3. ਪੂਨਾ.............................. ਸ਼ਲੋਕ ਨੰ:29
4. ਸ੍ਰੀਮਦਭਗਵਤ-ਗੀਤਾ........ਚੌਥਾ. ਅਧਿਆਇ, ਸਤਵਾਂ ਸ਼ਲੋਕ ।
5. ਵਾਰਾਂ ਭਾਈ ਗੁਰਦਾਸ(ਵਾਰ ਨੰ:1, ਪਉੜੀ ਨੰ:23) ।
6. ਭਾਈ ਕਾਹਨ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 83

ਨੌ ਕਲਾ ਵਾਲਾ ਕਿਸੇ ਨੂੰ ਸੋਲ੍ਹਾਂ ਕਲਾ ਵਾਲਾ ਮੰਨਿਆ ਜਾਂਦਾ ਹੈ।" ਬੇਸ਼ਕ ਅਵਤਾਰ ਨੌ ਕਲਾ ਵਾਲਾ ਹੋਵੇ ਬੇਸ਼ਕ ਸੋਲ੍ਹਾਂ ਕਲਾ ਵਾਲਾ, ਗੁਰੂ ਅਮਰਦਾਸ ਦੀ ਬਾਣੀ ਵਿੱਚ ਉਨ੍ਹਾਂ "ਅੰਸ਼ਾਵਤਾਰਾਂ" ਜਾਂ ਪੌਰਾਣਿਕ-ਦੇਵਤਿਆਂ ਬਾਰੇ ਸ਼ਰਧਾ ਨਹੀਂ ਲੱਭਦੀ, ਸਗੋਂ ਉਨ੍ਹਾਂ ਦੇ ਕਰਤਵਾਂ ਬਾਰੇ ਕਰੜੀ ਆਲੋਚਨਾ ਵੇਖਣ ਵਿੱਚ ਆਉਂਦੀ ਹੈ, ਜਿਵੇਂ:-

(ੳ) ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ ।
ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ ।
(ਗੂਜਰੀ ਕੀ ਵਾਰ ਮ:3)[1]

(ਅ) ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ।
(ਵਾਰ ਬਿਲਾਵਲ ਮ:4 ਸ਼ਲੋਕ ਮ:3)[2]

(ੲ) ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਪਸਾਰਾ ।
ਮਹਾਦੇਉ ਗਿਆਨੀ ਵਰਤੈ ਘਰਿ ਤਾਮਸੁ ਬਹੁਤੁ ਅਹੰਕਾਰਾ ।
ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ।
(ਵਡਹੰਸ ਮ:3)[3]

ਉਪਰੋਕਤ ਦੇਵਤਿਆਂ ਅਤੇ ਅਵਤਾਰਾਂ ਬਾਰੇ, ਗੁਰੂ ਨਾਨਕ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਆਦਿਕ ਲਗਪਗ ਸਾਰੇ ਗੁਰੂਆਂ ਦੀ ਬਾਣੀ ਵਿੱਚ ਗੁਰੂ ਅਮਰਦਾਸ ਵਰਗੇ ਹੀ ਵਿਚਾਰ ਹਨ, ਪਰ ਪ੍ਰਥਮ-ਕਥਿਤ ਗੁਰੂਆਂ ਦੀ ਬਾਣੀ ਨਾਲੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਗੁਰਮਤਿ ਦਾ ਦ੍ਰਿਸ਼ਟੀਕੋਣ ਵਧੇਰੇ ਸਿੱਧੇ, ਸਰਲ ਅਤੇ ਸਪਸ਼ਟ ਰੂਪ ਵਿੱਚ ਉਜਾਗਰ ਹੋਇਆ ਮਿਲਦਾ ਹੈ। ਪ੍ਰਥਮ-ਕਥਿਤ ਗੁਰੂਆਂ ਦੀ ਬਾਣੀ ਵਿੱਚ ਕਈ ਥਾਈਂ ਜਜ਼ਬੇ ਦੀ ਤੀਖਣਤਾ ਅਤੇ ਅਲੰਕਾਰਾਂ ਦੀ ਜੜਤ ਵਧੇਰੇ ਮੀਨਾਕਾਰੀ ਵਾਲੀ ਹੋਣ ਕਰਕੇ ਕਈ ਵਾਰ ਉਨ੍ਹਾਂ ਦੇ ਵਿਚਾਰ ਸਧਾਰਨ-ਬੁੱਧੀ ਦੇ ਪਾਠਕਾਂ ਨੂੰ ਉਹ ਬੋਧ ਪ੍ਰਦਾਨ ਨਹੀਂ ਕਰਦੇ, ਜਿਹੜੀ ਬੋਧ ਗੁਰੂ ਅਮਰਦਾਸ ਦੀ ਸਿੱਧੀ, ਸਰਲ, ਸਪਸ਼ਟ ਅਤੇ ਵਿਆਖਿਆਮਈ-ਸ਼ੈਲੀ ਦੁਆਰਾ ਮਿਲਦੀ ਹੈ। ਉਦਾਹਰਨ ਵਜੋਂ ਜਦੋਂ ਗੁਰੂ ਰਾਮਦਾਸ, ਗੁਰੂ ਅਮਰਦਾਸ ਵਾਂਗ ਸਿੱਧੀ, ਸਰਲ ਅਤੇ ਸਪਸ਼ਟ ਸ਼ੈਲੀ ਵਿੱਚ ਲਿਖਦੇ ਹਨ, ਤਾਂ ਉਨ੍ਹਾਂ ਦਾ ਦ੍ਰਿਸ਼ਟੀਕੋਣ ਪੂਰੀ ਤਰ੍ਹਾਂ ਸਪਸ਼ਟ ਹੁੰਦਾ ਹੈ, ਜਿਵੇਂ:-

ਬ੍ਰਹਮਾ ਬਿਸਨੁ ਮਹਾਂਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ।
(ਸੂਹੀ ਮ:4)[4]

ਪਰ ਜਦੋਂ ਉਹ ਜਜ਼ਬੇ ਦੇ ਤਿੱਖੇ ਵੇਗ ਵਿੱਚ ਇਕ ਹੋਰ ਪਉੜੀ ਰਾਹੀਂ ਪ੍ਰਭੂ ਨੂੰ ਵਿਸ਼ਵ-ਆਤਮਾ ਦੇ ਰੂਪ ਵਿੱਚ ਪੇਸ਼ ਕਰਦੇ ਹਨ, ਤਾਂ ਸਧਾਰਨ-ਬੁੱਧੀ ਦੇ ਪਾਠਕ ਦੁਬਿਧਾ ਵਿੱਚ ਫਸ ਜਾਂਦੇ ਹਨ:-

ਆਪੇ ਸੁਰਿਨਰ ਗਣ ਗੰਧਰਬਾ ਆਪੇ ਖਟ ਦਰਸਨ ਕੀ ਬਾਣੀ ।
ਆਪੇ ਸਿਵ ਸੰਕਰ ਮਹੇਸਾ ਆਪੇ ਗੁਰਮੁਖਿ ਅਕਥ ਕਹਾਣੀ ।
(ਬਿਹਾਗੜੇ ਕੀ ਵਾਰ ਮ:4)[5]

---

1. ਆਦਿ-ਗ੍ਰੰਥ....................ਪੰਨਾ 516
2. ਆਦਿ-ਗ੍ਰੰਥ....................ਪੰਨਾ 852
3. ਆਦਿ-ਗ੍ਰੰਥ....................ਪੰਨਾ 559
4. ਆਦਿ-ਗ੍ਰੰਥ....................ਪੰਨਾ 735
5. ਆਦਿ-ਗ੍ਰੰਥ....................ਪੰਨਾ 553

ਕੀ ਸਧਾਰਨ-ਬੁੱਧੀ ਦੇ ਪਾਠਕ ਉਪਰੋਕਤ ਤੁਕਾਂ ਵਿੱਚ ਛੁਪੇ ਪਾਰਬ੍ਰਹਮ ਅਤੇ ਸ਼ਿਵ, ਸ਼ੰਕਰ, ਗਣ-ਗੰਧਰਬ, ਆਦਿਕ ਦੇ ਅੰਤਰ ਨੂੰ ਨਿਖੇੜ ਸਕਦੇ ਹਨ? ਇਸੇ ਤਰ੍ਹਾਂ ਗੁਰੂ ਨਾਨਕ ਰਚਿਤ "ਜਪੁਜੀ" ਦੀ ਤੀਹਵੀਂ ਪਉੜੀ (ਏਕਾ ਮਾਈ ਜੁਗਤਿ ਵਿਆਈ)[1] ਵਿੱਚ ਬ੍ਰਹਮਾ, ਬਿਸ਼ਨ ਅਤੇ ਮਹੇਸ਼ ਬਾਰੇ ਇਹੋ ਜਿਹੀ ਅਲੰਕ੍ਰਿਤ-ਸ਼ੈਲੀ ਦੁਆਰਾ ਵਿਚਾਰ ਪੇਸ਼ ਕੀਤੇ ਗਏ ਹਨ, ਕਿ ਉਹ ਜਨ-ਸਧਾਰਨ ਦੀ ਪਕੜ ਤੋਂ ਬਹੁਤ ਉੱਚੇ ਹਨ।

ਇਸਦਾ ਇਹ ਭਾਵ ਨਹੀਂ, ਕਿ ਗੁਰੂ ਅਮਰਦਾਸ ਪੌਰਾਣਿਕ ਜਾਂ ਮਿਥਿਹਾਸਕ-ਵਿਅਕਤੀਆਂ ਬਾਰੇ ਕੋਮਲ-ਭਾਵ ਨਹੀਂ ਰੱਖਦੇ, ਸਗੋਂ ਇਸਦੇ ਉਲਟ ਇਹ ਆਖਣਾ ਠੀਕ ਹੈ, ਕਿ ਗੁਰਦੇਵ ਨੇ "ਬਾਬਾਣੀਆ ਕਹਾਣੀਆ" ਵਾਂਗ ਸਤਿਗੁਰ ਦਾ ਭਾਣਾ ਮੰਨਣ ਵਾਲੇ ਸਭ ਮਹਾਂ-ਪੁਰਖਾਂ ਦਾ ਸਦਾ ਸਤਿਕਾਰ ਕੀਤਾ ਹੈ। ਉਦਾਹਰਨ ਵਜੋਂ:-

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ।
ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੇਈ ਕਰਮ ਕਰੇਨਿ ।
ਜਾਇ ਪੁਛਹੁ ਸਿਮ੍ਰਿਤਿ ਸਾਸਤ ਬਿਆਸ ਸੁਕ ਨਾਰਦ ਬਚਨ ਸਭ ਸ੍ਰਿਸਟਿ ਕਰੇਨਿ ।
ਸਚੈ ਲਾਏ ਸਚਿ ਲਗੇ ਸਦਾ ਸਚੁ ਸਮਾਲੇਨਿ ।
ਨਾਨਕ ਆਏ ਸੇ ਪਰਵਾਣੁ ਭਏ ਜਿ ਸਗਲੇ ਕੁਲ ਤਾਰੇਨਿ ।
(ਰਾਮਕਲੀ ਕੀ ਵਾਰ ਮ:3)[2]

ਹੋਰਨਾਂ ਦੇਵਤਿਆਂ ਵਿੱਚੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਇੰਦ੍ਰ (ਸਮੇਤ ਗਣ-ਗੰਧਰਬ), ਧਰਮਰਾਇ ਅਤੇ ਜਮਕਾਲਿ (ਸਮੇਤ ਜਮਕੰਕਰ, ਜਮ-ਜਾਗਾਤੀ, ਜਮ-ਜੰਦਾਲ, ਜਮਪੁਰਿ, ਜਮਦਰ, ਜਮ-ਖੜਗ, ਆਦਿਕ) ਵਰਣਨ-ਯੋਗ ਹਨ। ਇਸੇ ਤਰ੍ਹਾਂ "ਮਨਮੋਹਣੀ-ਮਾਇਆ" ਜਾਂ ਸ਼ਕਤੀ, ਲਖਿਮੀ (ਲਕਸ਼ਮੀ), ਕਮਲਾ (ਕਵਲਾ), ਅਤੇ ਸਾਇਰ ਕੀ ਪੁੱਤ੍ਰੀ ਆਦਿਕ ਕਈ ਸ਼ਬਦ "ਸ਼ਕਤੀ" ਵਲ ਸੰਕੇਤ ਕਰਦੇ ਹਨ। ਪਰ ਭਗਤਾਂ ਵਿੱਚੋਂ ਕੇਵਲ ਪ੍ਰਹਿਲਾਦ (ਦੈਂਤ-ਪੁਤ), ਦੈਂਤਾਂ ਵਿੱਚੋਂ ਹਰਨਾਖਸ਼ ਅਤੇ ਉਸਦੀ ਦੈਂਤ-ਮੰਡਲੀ ਵਿੱਚੋਂ ਸੰਡਾ ਤੇ ਮਰਕਾ (ਸ਼ੰਡ ਅਤੇ ਅਮਰਕ) ਦਾ ਪ੍ਰਸੰਗ ਪ੍ਰਭੂ-ਭਗਤੀ ਨੂੰ ਦ੍ਰਿੜ੍ਹ ਕਰਵਾਉਣ ਲਈ ਪੇਸ਼ ਕੀਤਾ ਗਿਆ ਹੈ। ਇਕ ਦੋ ਥਾਈਂ ਪ੍ਰੇਤਾਂ ਅਤੇ ਪਰੀਆਂ ਦੀ ਪਰਾਸਰੀਰਕ-ਹੋਂਦ ਵਲ ਭੀ ਸੰਕੇਤ ਮਿਲਦੇ ਹਨ। ਪਰ ਜਿਤਨੇ ਕਲਾਮਈ-ਢੰਗ ਅਤੇ ਬਹੁਰੰਗੀ-ਸ਼ਬਦਾਵਲੀ ਦੁਆਰਾ ਗੁਰਦੇਵ ਨੇ "ਜਮਕਾਲਿ" ਨੂੰ ਵੱਖ ਵੱਖ ਰੂਪਾਂ ਵਿੱਚ ਚਿਤ੍ਰਿਆ ਹੈ, ਉਸਦੀ ਮਿਸਾਲ ਆਦਿ-ਗ੍ਰੰਥ ਦੇ ਕਿਸੇ ਕਵੀ ਦੀ ਕਵਿਤਾ ਵਿੱਚ ਭੀ ਨਹੀਂ ਮਿਲਦੀ। ਡਾ: ਨਾਗਾਰਾਜਾ ਰਾਓ[3] ਦੇ ਕਥਨ ਅਨੁਸਾਰ ਸ਼ੈਵ-ਸਿਧਾਂਤ ਵਾਲੇ ਸ਼ਿਵ ਦੇ ਕਈ ਰੂਪ (ਰੁਦਰ, ਸ਼ਿਵ, ਸ਼ੰਕਰ, ਮਹਾਂਦੇਵ, ਹਰਿ, ਈਸ਼ਵਰ, ਆਦਿਕ) ਮੰਨਦੇ ਹਨ। ਪਰ ਸਰ ਜਾਨ ਵੁਡਰੌਫ[4] ਨੇ ਬ੍ਰਾਹਮਣ-ਕਾਲ ਅਤੇ ਤਾਂਤ੍ਰਿਕ-ਯੁੱਗ ਦੇ ਕਈ ਗ੍ਰੰਥਾਂ ਦੇ ਹਵਾਲੇ ਦੇ ਕੇ ਸਿੱਧ ਕੀਤਾ ਹੈ, ਕਿ ਸ਼ੈਵ-ਮਤ ਵਿੱਚ ਮਹਾਂਦੇਵ, ਮਹੇਸ਼, ਰੁਦਰ, ਵਿਸ਼ਨੂੰ, ਹਰਿ, ਵਿਨਾਇਕ (ਗਣੇਸ਼), ਸਕੰਦ (ਕਾਰਤਿਕ), ਸ਼ੰਭੂ, ਲਿੰਗ, ਆਦਿਕ ਕਈ ਸਰੂਪਾਂ ਦੀ ਪੂਜਾ ਹੁੰਦੀ ਹੈ। ਗੁਰੂ ਅਮਰਦਾਸ ਨੇ ਭੀ

---

1. ਆਦਿ-ਗ੍ਰੰਥ.....................ਪੰਨਾ 7
2. ਆਦਿ-ਗ੍ਰੰਥ.....................ਪੰਨਾ 951

3. Nagaraja Rao- Introduction to Vedanta-P.176
4. John Woodroff-Shakti and Shakta-London, 1920, Pages 445-447.

ਆਪਣੀ ਬਾਣੀ ਰਾਹੀਂ ਰੁਦਰ, ਸ਼ਿਵ, ਮਹੇਸ਼ ਜਾਂ ਮਹਾਂਦੇਉ, ਆਦਿਕ ਵਲ ਸੰਕੇਤ ਕੀਤਾ ਹੈ। ਬੇਸ਼ਕ ਇਸਤਰ੍ਹਾਂ ਕਰਨ ਸਮੇਂ ਗੁਰੂ ਅਮਰਦਾਸ ਸ਼ੈਵ-ਸਿਧਾਂਤ ਅਨੁਸਾਰ ਸ਼ਿਵ ਦੀ **ਕਲਪਨਾ** ਨਹੀਂ ਕਰਦੇ, ਸ਼ਿਵ ਨੂੰ ਜ਼ਰੂਰ ਉਨ੍ਹਾਂ ਸ਼ਕਤੀ ਦੇ ਟਾਕਰੇ ਵਿੱਚ ਆਤਮ-ਗਿਆਨ ਦਾ ਵਾਚਕ ਮੰਨਿਆ ਹੈ, ਜਿਵੇਂ:-

(ੳ) ਅਨਦਿਨੁ ਨਾਵੈ ਸਕਤਿ ਨਿਵਾਰੈ ਸਿਵਘਰਿ ਨੀਦ ਨ ਹੋਈ ।
ਸਕਤੀਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ ।
(ਗੂਜਰੀ ਮ:3)[1]

(ਅ) ਸਿਵਨਗਰੀ ਮਹਿ ਆਸਣਿ ਬੈਸੈ ਗੁਰਸਬਦੀ ਜੋਗੁ ਪਾਇਆ ।
(ਰਾਮਕਲੀ ਮ:3)[2]

ਵੈਸੇ ਜੋਗ-ਮਤ ਵਿੱਚ ਭੀ ਕੁੰਡਲਿਨੀ ਨੂੰ ਵਿੰਨ੍ਹ ਕੇ ਸ਼ਿਵ-ਘਰ ਵਿੱਚ ਜਾਣਾ ਹੀ ਆਤਮਿਕ-ਜਾਗ੍ਰਤੀ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਸੋ ਗੁਰੂ ਅਮਰਦਾਸ ਨੇ ਇਨ੍ਹਾਂ ਧਾਰਨਾਂ ਜਾਂ ਸਿਧਾਂਤਾਂ ਦੁਆਰਾ ਕਲਪੇ ਸ਼ਿਵ ਦੇ ਅਧਿਆਤਮਿਕ-ਅਰਥ ਹੀ ਲਏ ਹਨ, ਜੋ ਆਤਮਾ ਅਤੇ ਪਰਮਾਤਮਾ ਜਿਤਨੇ ਵਿਸ਼ਾਲ ਹਨ। ਇਸਦੇ ਉਲਟ ਗੁਰਦੇਵ ਨੇ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀ ਤ੍ਰਿਕੜੀ ਨੂੰ ਤ੍ਰੈਗੁਣਾਂ ਵਿੱਚ ਬੱਧੀ ਆਖਿਆ ਹੈ:-

ਬ੍ਰਹਮਾ ਬਿਸਨੁ ਮਹੇਸ ਤ੍ਰੈਮੂਰਤਿ ਤ੍ਰਿਗੁਣਿ ਭਰਮਿ ਭੁਲਾਈ ।[2]

ਦੂਜੇ ਸ਼ਬਦਾਂ ਵਿੱਚ "ਸ਼ਿਵ" ਨੂੰ ਸੰਬੰਧਤ ਧਾਰਨਾਂ ਦੇ ਉਲਟ ਬ੍ਰਹਮ ਦਾ ਵਾਚਕ ਨਹੀਂ ਮੰਨਿਆ, ਸਗੋਂ ਬ੍ਰਹਮ ਦੇ ਹੁਕਮ ਦੁਆਰਾ ਉਸਦੀ ਉਤਪਤੀ ਮੰਨੀ ਹੈ:-

ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮੁ ਵਰਤਾਏ ।
(ਰਾਮਕਲੀ ਮ:3 ਅਨੰਦੁ)[3]

ਜਿੱਥੋਂ ਤਕ ਆਦਿ-ਗ੍ਰੰਥ ਦੇ ਕਵੀਆਂ ਦੀ ਕਵਿਤਾ ਵਿੱਚ ਅਵਤਾਰਾਂ, ਦੇਵਤਿਆਂ, ਦੈਂਤਾਂ, ਭਗਤਾਂ ਅਤੇ ਪ੍ਰਾਚੀਨ-ਰਿਸ਼ੀਆਂ ਮੁਨੀਆਂ ਬਾਰੇ ਸੰਕੇਤਾਂ ਦਾ ਸੰਬੰਧ ਹੈ, ਸਭ ਤੋਂ ਬਹੁਤੇ ਸੰਕੇਤ ਗੁਰੂ ਨਾਨਕ ਅਤੇ ਭਗਤ ਨਾਮਦੇਵ ਦੀ ਬਾਣੀ ਵਿੱਚ ਮਿਲਦੇ ਹਨ। ਉਨ੍ਹਾਂ ਤੋਂ ਪਿੱਛੋਂ ਕਬੀਰ ਅਤੇ ਗੁਰੂ ਅਰਜਨ ਦੇਵ ਦੀ ਬਾਣੀ ਵਿੱਚ ਭੀ ਮਿਥਿਹਾਸਕ-ਇਸ਼ਾਰੇ ਕਾਫ਼ੀ ਹਨ। ਆਕਾਰ ਦੇ ਪੱਖ ਤੋਂ ਗੁਰੂ ਅਮਰਦਾਸ ਦੀ ਬਾਣੀ ਨਾਮਦੇਵ ਆਦਿਕ ਭਗਤਾਂ ਨਾਲੋਂ ਬਹੁਤ ਜ਼ਿਆਦਾ ਹੈ, ਪਰ ਗੁਰੂ ਅਮਰਦਾਸ ਦੀ ਬਾਣੀ ਵਿੱਚ ਨਾਮਦੇਵ ਆਦਿਕ ਕਵੀਆਂ ਦੇ ਟਾਕਰੇ ਵਿੱਚ ਮਿਥਿਹਾਸਕ-ਸੰਕੇਤ ਬਹੁਤ ਥੋੜ੍ਹੇ ਹਨ।

ਗੁਰੂ ਨਾਨਕ ਨੇ ਈਸਰ, ਬ੍ਰਹਮਾ(ਬਰਮਾ), ਗੋਰਖ, ਪਾਰਬਤੀ, ਇੰਦਰ, ਗੋਤਮ, ਅਹਲਿਆ, ਧਰਮਰਾਜ, ਚਿਤ੍ਰਗੁਪਤ, ਧ੍ਰੂਭਗਤ, ਨਾਰਦ, ਸਨਕ, ਸਨੰਦਨ, ਹਰਨਾਖਸ਼, ਪ੍ਰਹਿਲਾਦ, ਗੋਪੀ, ਜਸੋਧਾਂ-ਘਰ-ਕਾਨ੍ਹ(ਕ੍ਰਿਸ਼ਨ), ਕੰਸ, ਚਾਂਡੂਰ, ਕੇਸੀ, ਪਰਸਰਾਮ, ਬਲਿਰਾਮ, ਰਾਮਚੰਦ੍ਰ, ਲਛਮਣ(ਲਖਮਣ), ਸੀਤਾ, ਹਨੂਮਾਨ(ਹਣਵੰਤ), ਰਾਵਣ, ਲੰਕਾ, ਬਭੀਖਣ, ਪਾਂਡਵ, ਅਰਜਨ, ਦੁਰਜੋਧਨ, ਜਮਦਗਨ-ਰਿਸ਼ੀ, ਜਰਾਸੰਧ, ਕਾਲਜਮੁਨ, ਰਕਤਬੀਜ, ਕਾਲਨੇਮ, ਮਹਿਖਾਸੁਰ, ਮਧੁ-ਕੈਟੰਭ, ਰਾਜਾ ਬਲਿ, ਬਾਵਨ

---
1. ਆਦਿ-ਗ੍ਰੰਥ.....................ਪੰਨਾ 506(506)
2. ਆਦਿ-ਗ੍ਰੰਥ.....................ਪੰਨਾ 909(909)
3. ਆਦਿ-ਗ੍ਰੰਥ.....................ਪੰਨਾ 920

ਅਵਤਾਰ, ਸਿਧ, ਬੁਧ, ਨਾਥ, ਜਨ, ਗੰਧਰਬ, ਹਰਿਚੰਦ ਰਾਜਾ, ਅਜਯਪਾਲ, ਸਾਰਦਾ(ਸ਼ਾਰਦਾ), ਮਛਿੰਦ੍ਰ, ਚਰਪਟ, ਲੋਹਾਰੀਪਾ, ਗੋਪੀਚੰਦ, ਭਰਥਰੀ, ਆਦਿਕ ਅਨੇਕਾਂ ਦੇਵੀ, ਦੇਵਤਿਆਂ, ਦੈਂਤਾਂ, ਭਗਤਾਂ ਅਤੇ ਅਵਿਤਾਰਾਂ ਦੇ ਕੌਤਕਾਂ ਨੂੰ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਵਰਤਿਆ ਹੈ। ਪਰ ਆਮ ਕਰਕੇ ਉਨ੍ਹਾਂ ਦੇ ਉਪਰੋਕਤ ਸੰਕੇਤ ਭਾਗਵਤ ਅਤੇ ਦੂਸਰੇ ਪੌਰਾਣਿਕ-ਗ੍ਰੰਥਾਂ ਦੁਆਲੇ ਘੁੰਮਦੇ ਹਨ।

ਇਸੇ ਤਰ੍ਹਾਂ ਨਾਮਦੇਵ ਦੀ ਬਾਣੀ ਵਿੱਚ ਭੀ ਇੰਦ੍ਰ, ਗੌਤਮ(ਗਉਤਮ), ਅਹਿਲਿਆ, ਚਿਤ੍ਰਗੁਪਤ, ਧਰਮਰਾਜ, ਬ੍ਰਹਮਾ, ਸ਼ਿਵਜੀ, ਧ੍ਰੂ, ਨਾਰਦ, ਗੰਧਰਬ, ਸੈਨਾ, ਮਦਨਾ, ਪ੍ਰਹਿਲਾਦ, ਹਰਨਾਖਸ਼, ਨਰਸਿੰਘ, ਬਿਦਰ, ਸੁਦਾਮਾ, ਉਗ੍ਰਸੈਨ, ਜਾਦਮ-ਰਾਇਆ(ਕ੍ਰਿਸ਼ਨ), ਰਘੁਪਤਿ ਦਸਰਥ ਦਾ ਪੁੱਤ੍ਰ ਰਾਮਚੰਦ੍ਰ, ਕੇਸੀ, ਕੰਸ, ਦੁਰਯੋਧਨ, ਸੀਤਾ, ਬਿਭੀਖਣ, ਅਰਜਨ, ਅਜਾਮਲ, ਪਾਰਬਤੀ, ਲਛਮੀ, ਕਾਲੀ-ਨਾਗ, ਸ਼ੇਸ਼-ਨਾਗ, ਕਛੂਆ(ਕੱਛਪ-ਅਵਿਤਾਰ), ਪੂਤਨਾ, ਗਨਿਕਾ, ਕੁਬਿਜਾ, ਬਿਆਧਿ(ਸ਼ਿਕਾਰੀ), ਮਾਰਕੰਡੇ, ਦੁਰਬਾਸਾ, ਦ੍ਰੋਪਦੀ, ਭੈਰੋਂ, ਸੀਤਲਾ, ਮਹਾਂ-ਮਾਈ, ਆਦਿ-ਭਵਾਨੀ, ਦੁਹਸਾਸਨ, ਅੰਬਰੀਕ, ਆਦਿਕ ਪੌਰਾਣਿਕ-ਨਾਵਾਂ ਨਾਲ ਸੰਬੰਧਤ ਪ੍ਰਸੰਗਾਂ ਵਲ ਇਸ਼ਾਰੇ ਕੀਤੇ ਗਏ ਹਨ।

ਕਬੀਰ ਦੀ ਬਾਣੀ ਵਿੱਚ ਭੀ ਨਾਮਦੇਵ ਵਾਂਗ ਪੌਰਾਣਿਕ ਅਤੇ ਮਿਥਿਹਾਸਕ ਨਾਵਾਂ ਵਲ ਕਾਫੀ ਸੰਕੇਤ ਹਨ, ਜਿਵੇਂ: ਧਰਮਰਾਇ, ਇੰਦ੍ਰ, ਗੰਧਰਬ, ਸੁਕਦੇਵ, ਜਨਕ, ਸਨਕਾਦਿ(ਸਨਕਾਦਿਕ), ਧ੍ਰੂ, ਨਾਰਦ, ਸੈਨਾ, ਮਦਨਾ, ਹਰਨਾਖਸ਼, ਪ੍ਰਹਿਲਾਦ, ਵਿਸ਼ਨੂੰ, ਕ੍ਰਿਸ਼ਨ, ਬਿਪ੍ਰ-ਸੁਦਾਮਾ, ਗਰੁੜ, ਸ਼ਿਵਜੀ, ਮਹਾਂ-ਦੇਵ, ਰਘੁਪਤਿ ਰਾਜਾ ਰਾਮ, ਬਿਆਸ, ਦੁਰਯੋਧਨ, ਰਾਵਣ, ਹਨਵੰਤ, ਦੁਰਗਾ, ਕਾਲੀ-ਦੇਵੀ, ਬਾਵਨ-ਅਵਿਤਾਰ, ਚਉਰਾਸੀ-ਸਿਧ, ਨਾਥ, ਛੇ ਜਤੀ, ਅਜਾਮਲ, ਅਗਸਤ ਮੁਨੀ, ਅਕ੍ਰੂਰ, ਸਰਸਵਤੀ, ਲਛਮੀ(ਲਖਸ਼ਮੀ), ਸ਼ੇਸ਼ਨਾਗ, ਬਾਸੁਕਨਾਗ, ਕਾਮਦੇਵ, ਕੁਬੇਰ, ਆਦਿਕ।

ਗੁਰੂ ਅਰਜਨ ਅਤੇ ਦੂਜੇ ਗੁਰੂਆਂ ਦੀ ਬਾਣੀ ਵਿੱਚ ਭੀ ਮਿਥਿਹਾਸਕ ਦੇਵੀ ਦੇਵਤਿਆਂ ਦੇ ਨਾਮ ਉਪਰੋਕਤ ਕਵੀਆਂ ਦੇ ਸੰਕੇਤ ਕੀਤੇ ਨਾਵਾਂ ਨਾਲ ਮਿਲਦੇ ਜੁਲਦੇ ਹਨ, ਵੈਸੇ ਗੁਰੂ ਅਰਜਨ ਨੇ ਮਛੁ(ਮਤਸਯ), ਕਛੁ(ਕੱਛਪ), ਬਾਵਨ(ਵਾਮਨ) ਅਤੇ ਵਰਾਹ, ਆਦਿਕ ਪੌਰਾਣਿਕ-ਅਵਿਤਾਰਾਂ ਬਾਰੇ ਜੋ ਸੰਕੇਤ ਕੀਤੇ ਹਨ, ਉਹ ਇਸ ਗੱਲ ਦਾ ਪ੍ਰਮਾਣ ਹਨ, ਕਿ ਗੁਰੂ ਅਰਜਨ ਦੀ ਬਾਣੀ ਵਿੱਚ ਬਾਕੀ ਗੁਰੂਆਂ ਦੇ ਟਾਕਰੇ ਵਿੱਚ ਮਿਥਿਹਾਸਕ-ਅਵਿਤਾਰਾਂ ਦੇ ਸੰਕੇਤ ਅਧਿਕ ਹਨ।

ਬਾਕੀ ਕਵੀਆਂ ਦੀ ਬਾਣੀ ਦੇ ਆਧਾਰ ਉਤੇ ਮਿਥਿਹਾਸਕ ਅਤੇ ਪਰਾ-ਸਰੀਰਕ ਹਸਤੀਆਂ ਬਾਰੇ ਲੰਮੀ ਲਿਸਟ ਪੇਸ਼ ਕਰਨ ਤੋਂ ਸਾਡਾ ਭਾਵ ਇਹ ਹੈ, ਕਿ ਗੁਰੂ ਅਮਰਦਾਸ ਦੀ ਬਾਣੀ ਵਿੱਚ ਮਿਥਿਹਾਸਕ-ਹਸਤੀਆਂ ਬਾਰੇ ਬਹੁਤੇ ਸੰਕੇਤਾਂ ਦਾ ਨਾ ਹੋਣਾ ਉਨ੍ਹਾਂ ਦੇ ਅਨੁਭਵ ਦੀ ਵਿਸ਼ਾਲਤਾ ਦੇ ਰਾਹ ਵਿੱਚ ਕਿਸੇ ਗੱਲੋਂ ਭੀ ਰੁਕਾਵਟ ਨਹੀਂ ਪੈਦਾ ਕਰਦਾ। ਇਹ ਗੱਲ ਠੀਕ ਹੈ, ਕਿ ਉਨ੍ਹਾਂ ਦੀ ਸ਼ਬਦਾਵਲੀ ਵਿੱਚ ਇਹੋ ਜਿਹੇ ਕੁਝ ਸ਼ਬਦਾਂ ਦੀ ਘਾਟ ਹੈ, ਪਰ ਦੂਜੇ ਪਾਸੇ ਇਸ ਘੱਟ ਗਿਣਤੀ ਦੇ ਪ੍ਰਤਿਫਲ ਉਨ੍ਹਾਂ ਦੇ ਵਿਚਾਰਾਂ ਉਤੇ ਪੌਰਾਣਿਕ-ਕਥਾਵਾਂ ਦੀ ਮਿਥਿਹਾਸਕ-ਧੁੰਦ ਨਹੀਂ ਚੜ੍ਹ ਸਕੀ ਅਤੇ ਦੂਜੇ ਕਵੀਆਂ ਦੇ ਟਾਕਰੇ ਵਿੱਚ ਗੁਰੂ ਅਮਰਦਾਸ ਦੀ ਵਿਚਾਰਧਾਰਾ ਵਧੇਰੇ ਸਰਲ ਅਤੇ ਸਪਸ਼ਟ ਹੋ ਨਿਬੜੀ ਹੈ। ਇਸ ਸਰਲਤਾ ਅਤੇ ਸਪਸ਼ਟਤਾ

ਦਾ ਕਾਰਨ ਇਹ ਭੀ ਹੈ, ਕਿ ਗੁਰੂ ਅਮਰਦਾਸ ਨੇ ਹਰ ਮਿਥਿਹਾਸਕ-ਨਾਮ(ਔਰ ਤਾਂ ਅਜਿਹੇ ਨਾਮ ਹੀ ਬਹੁਤ ਥੋੜ੍ਹੇ ਹਨ) ਨਾਲ ਸੰਬੰਧਤ ਪ੍ਰਸੰਗ ਦੀ ਸੰਕੇਤ-ਮਾਤ੍ਰ ਵਿਆਖਿਆ ਭੀ ਜ਼ਰੂਰ ਕੀਤੀ ਹੈ(ਦੇਖੋ:ਪ੍ਰਹਿਲਾਦ ਅਤੇ ਹਰਨਾਖਸ਼ ਦਾ ਪ੍ਰਸੰਗ)[1] ਇਸਦੇ ਉਲਟ ਗੁਰੂ ਨਾਨਕ ਤੇ ਕਬੀਰ ਆਦਿਕ ਕਵੀਆਂ ਨੇ ਮਿਥਿਹਾਸਕ ਪ੍ਰਸੰਗਾਂ ਦੀ ਵਿਆਖਿਆ ਤਾਂ ਕਿਤੇ ਰਹੀ, ਪ੍ਰਸੰਗਾਂ ਵਲ ਕੋਈ ਖਾਸੀ ਸੰਕੇਤ ਤਕ ਨਹੀਂ ਕੀਤਾ, ਜਿਵੇਂ ਗੁਰੂ ਨਾਨਕ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ:-

ਜਰਾਸੰਧਿ ਕਾਲਜਮੁਨ ਸੰਘਾਰੇ ।
ਰਕਤਬੀਜੁ ਕਾਲੁਨੇਮੁ ਬਿਦਾਰੇ ।

(ਗਉੜੀ ਮ:1)[2]

ਉਪਰੋਕਤ ਤੁਕਾਂ ਨੂੰ ਪੜ੍ਹ ਕੇ ਕਈ ਸਿਆਣੇ ਪਾਠਕ ਭੀ ਸ਼ਾਇਦ ਜਰਾਸੰਧ, ਕਾਲਜਮੁਨ, ਰਕਤਬੀਜ ਅਤੇ ਕਾਲਨੇਮ ਦੇ ਸੰਬੰਧਤ ਪ੍ਰਸੰਗਾਂ ਬਾਰੇ ਕੋਸ਼ ਦਾ ਸਹਾਰਾ ਢੂੰਡਣ।

(ਚ) ਜੋਗ-ਅਭਿਆਸ, ਕਰਮ-ਕਾਂਡ ਅਤੇ ਆਤਮਕ-ਅਵੱਸਥਾਵਾਂ ਦੀ ਲਖਾਇਕ ਸ਼ਬਦਾਵਲੀ:-

ਜੋਗ-ਅਭਿਆਸ, ਕਰਮ-ਕਾਂਡ ਅਤੇ ਆਤਮਕ-ਅਵੱਸਥਾਵਾਂ ਨੂੰ ਚਿਤ੍ਰਨ ਵਾਲੇ ਸ਼ਬਦ ਭੀ ਗੁਰੂ ਅਮਰਦਾਸ ਦੀ ਸ਼ਬਦਾਵਲੀ ਵਿੱਚ ਅਨੇਕਾਂ ਹਨ, ਜਿਵੇਂ:-

ਜਪ, ਤਪ, ਸੰਜਮ, ਅਭਿਆਸ, ਕਰਮ-ਕਾਂਡ, ਦੀਖਿਆ, ਆਸਣਿ, ਨੇਤੀ, ਧੋਤੀ, ਕਰਣ-ਪਲਾਵ, ਉਰਧ-ਤਪ, ਤਾੜੀ, ਧਿਆਨ, ਸਮਾਧਿ, ਹੋਮ-ਜਗ, ਤਰਪਣ(ਜਲ-ਅਰਪਨ-ਕ੍ਰਿਆ), ਨਉਲਿਕਿ, ਅਠਾਰਹ ਸਿਧੀ, ਕਰਾਮਾਤ(ਕਰਮਾਤਿ), ਉਨਮਨਿ, ਤੁਰੀਆ, ਚਉਥ-ਪਦ, ਅਉਖੀ-ਪਉੜੀ, ਆਤਮਪਦ, ਮੁਕਤੀ, ਮੋਖ(ਮੋਖੰਤਰ), ਬਿਬੇਕ, ਤਤ-ਗਿਆਨ, ਬ੍ਰਹਮ-ਗਿਆਨ, ਨਿਜਘਰਿ, ਸਹਜ-ਧੁਨਿ, ਅਨਹਦ-ਨਾਦ, ਅਨਹਦ-ਬਾਣੀ, ਅਨਹਦ-ਧੁਨੀ, ਪੰਚ ਸਬਦ, ਦੁਬਿਧਾ, ਦੁਮਨੀ, ਦੁਤੀਆ-ਭਾਉ(ਦੂਜਾ ਭਾਉ), ਤਿਮਰ-ਅਗਿਆਨ, ਆਦਿਕ ।

ਕਿਉਂਕਿ ਜੋਗ-ਅਭਿਆਸ, ਕਰਮ-ਕਾਂਡ ਅਤੇ ਆਤਮਕ-ਅਵੱਸਥਾਵਾਂ ਨਾਲ ਸੰਬੰਧਤ ਸਾਹਿਤ ਗੁਰੂ ਅਮਰਦਾਸ ਤੋਂ ਕਈ ਸਦੀਆਂ ਪਹਿਲਾਂ ਤੋਂ ਰਚਿਆ ਜਾ ਰਿਹਾ ਸੀ ਅਤੇ ਨਾਮਦੇਵ, ਕਬੀਰ, ਗੁਰੂ ਨਾਨਕ ਆਦਿਕ ਮਹਾਨ ਕਵੀਆਂ ਦੁਆਰਾ ਇਨ੍ਹਾਂ ਚਿੰਨ੍ਹਾਂ ਅਤੇ ਅਵੱਸਥਾਵਾਂ ਬਾਰੇ ਬਲਵਾਨ ਅਤੇ ਭਰਪੂਰ ਅਨੁਭਵ ਦਾ ਪ੍ਰਕਾਸ਼ ਹੋ ਚੁੱਕਾ ਸੀ, ਸੋ ਗੁਰੂ ਅਮਰਦਾਸ ਦੀ ਸ਼ਬਦਾਵਲੀ ਦਾ ਪੂਰਬ-ਕਾਲਿਕ ਕਵੀਆਂ ਤੋਂ ਪ੍ਰਭਾਵਤ ਹੋਣਾ ਸੁਭਾਵਕ ਸੀ। ਦੂਜੇ ਸ਼ਬਦਾਂ ਵਿੱਚ ਗੁਰੂ ਅਮਰਦਾਸ ਦੀ ਬਾਣੀ ਵਿੱਚ ਆਏ ਅਜਿਹੇ ਸੈਂਕੜੇ ਸ਼ਬਦਾਂ ਦਾ ਪ੍ਰਯੋਗ ਪੂਰਬ-ਕਵੀ ਗੁਰੂ ਅਮਰਦਾਸ ਤੋਂ ਪਹਿਲਾਂ ਕਰ ਚੁੱਕੇ ਸਨ। ਪਰ ਗੁਰੂ ਅਮਰਦਾਸ ਦੀ ਕਾਵਿ-ਕਲਾ ਦੀ ਇਹ ਵਡਿਆਈ ਹੈ, ਕਿ ਉਨ੍ਹਾਂ ਬਹੁਤੇ ਸ਼ਬਦਾਂ ਦੀ ਜਾਣਕਾਰੀ ਵਿੱਚ ਉਲਝਣ ਦੀ ਥਾਂ, ਭਗਤੀ-ਭਾਵ ਨਾਲ ਸੰਬੰਧਤ ਕੁਝ ਇਕ ਮੂਲ ਜਾਂ ਲੋਕ-ਪ੍ਰਿਯ ਸ਼ਬਦਾਂ ਨੂੰ ਸਨਮੁਖ ਰੱਖ ਕੇ ਹੀ ਗੁਰਮਤਿ ਦਾ ਆਦਰਸ਼ ਪਰਪੱਕ ਕੀਤਾ ਅਤੇ ਨਾਲ ਹੀ ਸੰਬੰਧਤ ਸ਼ਬਦਾਂ ਦੇ ਅੰਤ੍ਰੀਵ-ਭਾਵ ਨੂੰ ਵਿਸਥਾਰ ਸਹਿਤ ਖੋਲ੍ਹ ਕੇ ਸਿੱਖ-ਧਰਮ ਦੇ ਅਨੁਯਾਈਆਂ ਦੇ ਮਨਾਂ ਵਿੱਚ

---

1.ਆਦਿ-ਗ੍ਰੰਥ................ਪੰਨਾ 1154
2.ਆਦਿ-ਗ੍ਰੰਥ.................ਪੰਨਾ 224

ਉਨ੍ਹਾਂ ਦਾ ਭਾਵ ਸਿੱਧ ਕੀਤਾ ਹੈ। ਉਨ੍ਹਾਂ ਦੀ ਸਮੁੱਚੀ-ਬਾਣੀ ਵਾਂਗ ਇਨ੍ਹਾਂ ਸ਼ਬਦਾਂ ਦੇ ਅੰਤ੍ਰੀਵ-ਭਾਵ ਬਾਰੇ ਭੀ ਕਿਸੇ ਟਪਲੇ ਦੀ ਗੁੰਜਾਇਸ਼ ਨਹੀਂ। ਨਿਰਛਲਤਾ, ਸਰਲਤਾ ਅਤੇ ਸਪਸ਼ਟਤਾ ਗੁਰਦੇਵ ਦੀ ਬੋਲੀ ਅਤੇ ਸ਼ੈਲੀ ਦੇ ਵਿਸ਼ੇਸ਼ ਗੁਣ ਹਨ ਅਤੇ ਉਹ ਗੁਣ ਇੱਥੇ ਭੀ ਉਜਾਗਰ ਹਨ।

"ਸਹਜ" ਅਤੇ "ਅਨੰਦ" ਦੇ ਸ਼ਬਦਾਂ ਨੂੰ ਹੀ ਲਵੋ। ਗੁਰੂ ਅਮਰਦਾਸ ਤੋਂ ਪਹਿਲਾਂ ਗੁਰੂ ਨਾਨਕ ਦੀ ਬਾਣੀ ਵਿੱਚ ਸਹਜ-ਜੋਗ, ਸਹਜ-ਰੰਗ, ਸਹਜ-ਸਮਾਧਿ, ਸਹਜ-ਘਰਿ, ਸਹਜ-ਸੀਗਾਰ, ਸਹਜ-ਗੁਫਾ ਅਤੇ ਸਹਜ-ਸੁਖ ਆਦਿਕ ਅਨੇਕਾਂ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਸੇ ਤਰ੍ਹਾਂ ਨਾਮਦੇਵ, ਕਬੀਰ, ਰਵਿਦਾਸ ਅਤੇ ਸੂਰਦਾਸ ਆਦਿਕ ਭਗਤ-ਕਵੀਆਂ ਦੀ ਬਾਣੀ ਵਿੱਚ ਭੀ ਸਹਜ-ਧੁਨਿ, ਸਹਜ-ਸੁੰਨ ਅਤੇ ਸਹਜ-ਸਮਾਧਿ ਦੀ ਮਹਿਮਾ ਗਾਇਨ ਕੀਤੀ ਗਈ ਹੈ। ਪਰ "ਸਹਜ" ਦੀ ਜਿਤਨੀ ਸਰਲ, ਸਪਸ਼ਟ ਅਤੇ ਵੇਰਵੇ ਸਹਿਤ ਵਿਆਖਿਆ ਗੁਰੂ ਅਮਰਦਾਸ ਨੇ ਕੀਤੀ ਹੈ, ਉਸਦੀ ਮਿਸਾਲ ਆਦਿ-ਗ੍ਰੰਥ ਦੇ ਕਿਸੇ ਭੀ ਕਵੀ ਦੀ ਕਵਿਤਾ ਵਿੱਚ ਨਹੀਂ ਮਿਲਦੀ। ਗੁਰੂ ਅਮਰਦਾਸ ਦੀ ਕਵਿਤਾ ਵਿੱਚ ਵਰਤੇ ਗਏ ਜੇਕਰ ਸਾਰੇ ਸ਼ਬਦਾਂ ਦੀ ਅਨੁਕ੍ਰਮਣਿਕਾ ਬਣਾਈ ਜਾਵੇ, ਤਾਂ ਸਹਜ ਸ਼ਬਦ ਸੈਂਕੜੇ ਵਾਰ ਵਰਤਿਆ ਮਿਲੇਗਾ। ਆਦਿ-ਗ੍ਰੰਥ ਦੇ ਬਾਕੀ ਕਵੀ ਤਾਂ ਕਿਤੇ ਰਹੇ, ਗੁਰੂ ਅਮਰਦਾਸ ਦੀ ਆਪਣੀ ਬਾਣੀ ਵਿੱਚ ਭੀ ਸ਼ਾਇਦ ਇਸ ਸ਼ਬਦ ਜਿਤਨਾ ਦੁਹਰਾਉ ਕਿਸੇ ਹੋਰ ਸ਼ਬਦ ਦੇ ਹਿੱਸੇ ਨਹੀਂ ਆਇਆ। ਸਹਜ ਅਤੇ ਅਨੰਦ ਦੇ ਅਨੁਭਵ ਬਾਰੇ ਇਕ ਵੱਖਰੇ ਅਧਿਆਇ( ਲੋਕ-ਪ੍ਰਿਯ ਰਚਨਾ "ਅਨੰਦੁ" ਦੀ ਸਾਹਿਤਕ ਅਤੇ ਸਿਧਾਂਤਕ ਮਹਾਨਤਾ) ਰਾਹੀਂ ਵਿਸਥਾਰ ਸਹਿਤ ਵਿਚਾਰ ਕੀਤੀ ਗਈ ਹੈ।

ਸਹਜ ਵਾਂਗ ਹੀ ਇਸਦੇ ਵਿਰੋਧ-ਭਾਵੀ ਸ਼ਬਦ "ਸਹਸਾ" ਦੀ ਵਿਆਖਿਆ ਬਾਰੇ ਆਖਿਆ ਜਾ ਸਕਦਾ ਹੈ। ਸਹਸਾ ਨਾਮੀ ਸ਼ਬਦ ਭੀ ਨਾਮਦੇਵ ਅਤੇ ਗੁਰੂ ਨਾਨਕ ਆਦਿਕ ਮਹਾਨ ਕਵੀਆਂ ਦੀ ਬਾਣੀ ਵਿੱਚ ਆਉਂਦਾ ਹੈ, ਪਰ ਇਸ ਸ਼ਬਦ ਦੇ ਅੰਤ੍ਰੀਵ-ਅਰਥਾਂ ਤਕ ਪਹੁੰਚਣ ਲਈ ਭੀ ਗੁਰੂ ਅਮਰਦਾਸ ਦੀ ਬਾਣੀ ਹੀ ਸਭ ਤੋਂ ਵਧੇਰੇ ਸਾਡੀ ਸਹਾਇਤਾ ਕਰਦੀ ਹੈ। ਇਸੇ ਤਰ੍ਹਾਂ ਬਿਬੇਕ, ਤਤੁ-ਗਿਆਨ ਅਤੇ ਇਨ੍ਹਾਂ ਦੇ ਉਲਟ ਭਰਮ-ਅਗਿਆਨ ਦੀ ਵਿਆਖਿਆ ਭੀ ਗੁਰੂ ਅਮਰਦਾਸ ਦੀ ਬਾਣੀ ਰਾਹੀਂ ਬਾਕੀ ਕਵੀਆਂ ਨਾਲੋਂ ਵਧੇਰੇ ਨਿਖੜਵੇਂ ਅਤੇ ਉਘੜਵੇਂ ਰੂਪ ਵਿੱਚ ਉਜਾਗਰ ਹੋਈ ਹੈ। ਦਸਮ-ਦੁਆਰ ਅਤੇ ਅਨਹਦ-ਸ਼ਬਦ ਬਾਰੇ ਬੇਸ਼ੱਕ ਗੁਰੂ ਅਮਰਦਾਸ ਪਾਸ ਸਿੱਧਾਂ ਜਾਂ ਯੋਗੀਆਂ ਵਰਗੀ ਵਿਗਿਆਨਮਈ ਜਾਂ ਮਿਥਿਹਾਸਕ-ਪਰਿਭਾਸ਼ਾ ਨਹੀਂ ਅਤੇ ਨਾ ਹੀ ਉਨ੍ਹਾਂ ਦੀ ਬਾਣੀ ਦੁਆਰਾ ਇੜਾ, ਪਿੰਗਲਾ, ਸੁਖਮਨਾ ਅਤੇ ਰੇਚਕ, ਪੂਰਕ ਜਾਂ ਕੁੰਭਕ ਆਦਿਕ ਬਾਰੇ ਵਿਆਖਿਆ ਕੀਤੀ ਗਈ ਹੈ, ਫੇਰ ਭੀ ਦਸਮ-ਦੁਆਰ ਅਤੇ ਅਨਹਦ-ਸ਼ਬਦਾਂ ਬਾਰੇ ਜਿਤਨੀ ਸਰਲਤਾ ਅਤੇ ਸਪਸ਼ਟਤਾ ਨਾਲ ਗੁਰੂ ਅਮਰਦਾਸ ਨੇ ਆਪਣੇ ਅਨੁਭਵ ਨੂੰ ਪਰਗਟ ਕੀਤਾ ਹੈ, ਇਨ੍ਹਾਂ ਆਤਮਕ-ਅਵੱਸਥਾਵਾਂ ਬਾਰੇ ਸਾਨੂੰ ਯਥਾ-ਯੋਗ ਗਿਆਨ ਹੋ ਜਾਂਦਾ ਹੈ। ਯੋਗ ਦੀਆਂ ਵੱਖ ਵੱਖ ਅਵੱਸਥਾਵਾਂ ਵਿਸ਼ੇਸ਼ ਕਰਕੇ ਪ੍ਰਾਣਾਯਾਮ ਦੇ ਚੱਕਰਾਂ ਨਾਲ ਸੰਬੰਧਤ ਯੋਗਿਕ-ਪਰਿਭਾਸ਼ਾ ਦਾ ਵੇਰਵਾ ਨਾ ਦੇਣਾ ਗੁਰੂ ਅਮਰਦਾਸ ਦੀ ਬਾਣੀ ਨੂੰ ਗੁਰਮਤਿ ਦੇ ਅਨੁਯਾਈਆਂ ਲਈ ਸਰਲ ਅਤੇ ਸਪਸ਼ਟ ਕਰਨ ਵਿੱਚ ਕਾਫੀ ਹੱਦ ਤਕ ਸਹਾਇਕ ਹੋਇਆ ਹੈ।

(ਸ) ਸ੍ਰਿਸ਼ਟੀ-ਰਚਨਾ ਬਾਰੇ ਮਿਥਿਹਾਸਕ ਸ਼ਬਦਾਵਲੀ:-

ਸ੍ਰਿਸ਼ਟੀ-ਰਚਨਾ ਬਾਰੇ ਜਿੱਥੋਂ ਤਕ ਮਿਥਿਹਾਸਕ-ਸ਼ਬਦਾਵਲੀ ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਸ਼ਬਦ-ਚੋਣ ਸਭ ਤੋਂ ਵਧੇਰੇ ਗੁਰੂ ਨਾਨਕ ਦੀ ਬਾਣੀ ਤੋਂ ਪ੍ਰਭਾਵਿਤ ਹੋਈ ਜਾਪਦੀ ਹੈ। ਕੋਈ ਕੋਈ ਕੋਈ ਸ਼ਬਦ ਭਗਤ-ਬਾਣੀ ਦੇ ਅਧਿਐਨ ਦੁਆਰਾ ਭੀ ਗੁਰਦੇਵ ਦੀ ਸ਼ਬਦਾਵਲੀ ਦਾ ਅੰਗ ਬਣ ਗਿਆ ਜਾਪਦਾ ਹੈ। ਕੁਝ ਭੀ ਹੈ, ਗੁਰੂ ਅਮਰਦਾਸ ਦੀ ਕਾਵਿ-ਕਲਾ ਦੀ ਇਸ ਵਿੱਚ ਵਡਿਆਈ ਹੈ, ਕਿ ਉਨ੍ਹਾਂ ਜੋ ਕੁਝ ਲਿਖਿਆ ਹੈ, ਉਹ ਸਾਦ੍ਹਾ, ਸਰਲ ਅਤੇ ਸਪਸ਼ਟ ਹੈ। ਕਿਤੇ ਕਿਤੇ ਮਿਥਿਹਾਸਕ-ਸ਼ਬਦਾਂ ਦਾ ਪ੍ਰਯੋਗ ਜ਼ਰੂਰ ਹੈ, ਪਰ ਪੌਰਾਣਿਕ-ਗ੍ਰੰਥਾਂ ਵਰਗੀ ਧੁੰਦ ਨਜ਼ਰ ਨਹੀਂ ਆਉਂਦੀ। ਦੂਜੇ ਸ਼ਬਦਾਂ ਵਿੱਚ ਗੁਰੂ ਅਮਰਦਾਸ ਨੇ ਮਿਥਿਹਾਸਕ-ਗੱਲਾਂ ਦੀ ਵਿਆਖਿਆ ਵਿਗਿਆਨ ਵਰਗੀ ਸਪਸ਼ਟਤਾ ਨਾਲ ਕੀਤੀ ਹੈ। ਉਦਾਹਰਣ ਵਜੋਂ ਸ੍ਰਿਸ਼ਟੀ ਦੀ ਉਤਪਤੀ ਬਾਰੇ ਕਿਤਨੀ ਸਪਸ਼ਟਤਾ ਨਾਲ "ਸ਼ਬਦ" ਦੀ ਸ਼ਕਤੀ ਨੂੰ ਦ੍ਰਿੜ ਕੀਤਾ ਗਿਆ ਹੈ:-

ਉਤਪਤਿ ਪਰਲਉ ਸਬਦੇ ਹੋਵੈ ।
ਸਬਦੇ ਹੀ ਫਿਰਿ ਓਪਤਿ ਹੋਵੈ ।

(ਮਾਝ ਮ:3)[1]

ਇਹੋ ਸਪਸ਼ਟਤਾ ਚਹੁੰ-ਜੁੱਗਾਂ (ਸਤਿਜੁਗ, ਤ੍ਰੇਤਾ, ਦੁਆਪਰਿ ਅਤੇ ਕਲਿਜੁਗ) ਜਾਂ ਉਨ੍ਹਾਂ ਦੇ ਕਈ ਗੇੜਿਆਂ ਅਰਥਾਤ ਛੱਤੀ-ਜੁੱਗਾਂ ਦੀ ਸੁੰਨ-ਸਮਾਧਿ ਦੀ ਵਿਆਖਿਆ ਸਮੇਂ ਵਿਖਾਈ ਦਿੰਦੀ ਹੈ। ਗੁਰੂ ਨਾਨਕ ਨੇ ਭੀ ਚਹੁੰ-ਜੁੱਗਾਂ ਦੀ ਵਿਆਖਿਆ ਕੀਤੀ ਹੈ (ਵੇਖੋ: ਆਸਾ ਦੀ ਵਾਰ ਮ:1)[2], ਪਰ ਉਨ੍ਹਾਂ ਦੀ ਵਿਆਖਿਆ ਅਲੰਕਾਰ-ਪ੍ਰਧਾਨ ਹੋਣ ਕਰਕੇ ਜਨ-ਸਧਾਰਨ ਦੀ ਪਕੜ ਤੋਂ ਉਚੇਰੀ ਹੈ। ਇਸਦਾ ਇਹ ਭਾਵ ਨਹੀਂ, ਕਿ ਗੁਰੂ ਅਮਰਦਾਸ ਦੀ ਕਵਿਤਾ ਵਿੱਚ ਅਲੰਕਾਰਾਂ ਦਾ ਅਭਾਵ ਹੈ। ਅਸਲੀਅਤ ਇਹ ਹੈ, ਕਿ ਗੁਰੂ ਅਮਰਦਾਸ ਅਲੰਕਾਰ ਨੂੰ ਵਿਚਾਰ ਉਤੇ ਹਾਵੀ ਨਹੀਂ ਹੋਣ ਦਿੰਦੇ ਅਤੇ ਸੱਚ ਨੂੰ ਆਮ ਕਰਕੇ ਸੁਭਾਵਕ-ਸਾਦਗੀ ਦੁਆਰਾ ਪੇਸ਼ ਕਰਦੇ ਹਨ।

ਕਬੀਰ ਵਾਂਗ ਗੁਰੂ ਅਮਰਦਾਸ ਨੇ ਸ੍ਰਿਸ਼ਟੀ ਦੇ "ਚਉਦਹ ਭਵਣ" ਮੰਨੇ ਹਨ, ਜਿਨ੍ਹਾਂ ਨੂੰ ਸੰਖੇਪ ਪਰਿਭਾਸ਼ਾ ਵਿੱਚ "ਤ੍ਰਿਭਵਣ" ਜਾਂ "ਤ੍ਰੈਲੋਕੀ" ਭੀ ਆਖਿਆ ਹੈ। ਇਸੇ ਤਰ੍ਹਾਂ ਧਰਤੀ ਦੇ "ਨਉਖੰਡ" ਲਿਖੇ ਹਨ ਅਤੇ ਸਾਰੀ ਬਨਸਪਤੀ ਦੀ ਗਿਣਤੀ-ਮਿਣਤੀ ਲਈ "ਭਾਰ ਅਠਾਰਹ" ਇਕੱਲਾ ਮਿਥਿਹਾਸਕ-ਸ਼ਬਦ ਕਾਫ਼ੀ ਸਮਝਿਆ ਹੈ। ਅਧਿਆਤਮਕ-ਕਵੀ ਸ੍ਰਿਸ਼ਟੀ-ਰਚਨਾ ਦਾ ਮੁੱਢ ਭੌਤਕ-ਵਿਗਿਆਨੀਆਂ, ਧਰਤ-ਵਿਗਿਆਨੀਆਂ ਜਾਂ ਭੂਗੋਲ-ਵਿਗਿਆਨੀਆਂ ਵਾਂਗ ਕੁਝ ਕਲਪਿਤ ਅਤੇ ਕੁਝ ਪ੍ਰਯੋਗਸ਼ਾਲਾਵਾਂ ਵਿੱਚ ਕੱਢੇ ਸਿੱਟਿਆਂ ਦੇ ਆਧਾਰ ਉਤੇ ਦਰਸਾਉਣ ਦੀ ਥਾਂ, ਗੁਰੂ ਅਮਰਦਾਸ ਵਾਂਗ ਇਸਨੂੰ "ਤ੍ਰੈਗੁਣੀ" ਜਾਂ "ਤ੍ਰਿਬਿਧਿ" ਮਾਇਆ ਆਖ ਕੇ ਅਣਲੋੜੀ-ਚਤੁਰਾਈਆਂ ਵਿੱਚ ਉਲਝਣ ਤੋਂ ਬਚ ਜਾਂਦੇ ਹਨ। ਗੁਰਦੇਵ ਨੇ ਸੰਸਾਰ ਦੀ ਖੇਡ ਵਿੱਚ "ਪੰਜ ਦੂਤਾਂ" ਜਾਂ "ਪੰਜ ਚੋਰਾਂ" (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਪ੍ਰਧਾਨ-ਪਾਰਟ ਕਰਦੇ ਵਿਖਾਇਆ ਹੈ, ਜਿਨ੍ਹਾਂ ਦੇ ਵਲ ਛਲ ਵਿੱਚ ਫਸ ਕੇ ਮਨੁੱਖ ਮੁੜ ਗਰਭ-ਜੋਨੀ

1. ਆਦਿ-ਗ੍ਰੰਥ............................ਪੰਨਾ 117
2. ਆਦਿ-ਗ੍ਰੰਥ............................ਪੰਨਾ 470

ਵਿੱਚ ਪੈ ਕੇ ਚਉਰਾਸੀਹ-ਲੱਖ ਜੂਨਾਂ ਦੇ ਚੱਕਰ ਵਿੱਚ ਘੁੰਮਦਾ ਰਹਿੰਦਾ ਹੈ।

ਸਮੁੱਚੇ-ਰੂਪ ਵਿੱਚ ਇਸ ਭਾਗ ਦੀ ਮਿਥਿਹਾਸਕ-ਸ਼ਬਦਾਵਲੀ ਸੰਕੁਚਵੀਂ ਹੈ। ਪਰ ਇਹ ਕੋਈ ਦੋਸ਼ ਨਹੀਂ, ਕਿਉਂਕਿ ਗੁਰੂ ਅਮਰਦਾਸ ਦੀ ਕਾਵਿ-ਕਲਾ ਦਾ ਆਦਰਸ਼ ਸ੍ਰਿਸ਼ਟੀ-ਰਚਨਾ ਦੀ ਥਾਂ ਸ੍ਰਿਸ਼ਟੀ ਦੇ ਰਚਨਹਾਰ ਦਾ ਚਿੰਤਨ ਕਰਕੇ ਆਤਮ-ਖੋਜੀਆਂ ਨੂੰ ਮੰਜ਼ਿਲ ਦੀ ਸੇਧ ਵਿਖਾਉਣਾ ਹੈ ਅਤੇ ਇਸ ਪੱਖ ਤੋਂ ਗੁਰਦੇਵ ਦੀ ਸ਼ਬਦਾਵਲੀ ਕਾਫੀ ਅਮੀਰ ਹੈ।

(ਹ) <u>ਧਰਮ-ਗ੍ਰੰਥਾਂ, ਸੰਪ੍ਰਦਾਵਾਂ, ਭੇਖਾਂ ਅਤੇ ਧਾਰਮਕ-ਚਿੰਨ੍ਹਾਂ ਦੀ ਲਖਾਇਕ ਸ਼ਬਦਾਵਲੀ:-</u>

ਅਧਿਆਤਮਕ-ਗ੍ਰੰਥਾਂ ਵਿੱਚੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਵਿਸ਼ੇਸ਼ ਕਰਕੇ ਬੇਦ(ਨਿਗਮ), ਸ਼ਾਸਤ੍ਰ(ਅਗਮ), ਪੁਰਾਣ, ਸਿਮ੍ਰਿਤਿ ਅਤੇ ਖਟ-ਦਰਸ਼ਨ ਆਦਿਕ ਦਾ ਸੰਕੇਤ ਮਿਲਦਾ ਹੈ। ਲੋਕ-ਪ੍ਰਸਿ ਗਾਇਤ੍ਰੀ-ਮੰਤ੍ਰ ਦਾ ਹਵਾਲਾ ਭੀ ਮਿਲਦਾ ਹੈ।

ਧਾਰਮਕ-ਸੰਪ੍ਰਦਾਵਾਂ, ਭੇਖਾਂ ਅਤੇ ਉਨ੍ਹਾਂ ਦੇ ਆਗੂਆਂ ਬਾਰੇ ਤਪਾ, ਸਿਧ, ਜੋਗੀ, ਦਿਗੰਬਰ, ਬੈਰਾਗੀ, ਭਗਤ, ਭਗਉਤੀ, ਸੰਤ, ਦਰਵੇਸ, ਸੇਖ, ਪੰਡਿਤ, ਪਾਂਡਾ, ਪਾਂਧਾ, ਬ੍ਰਾਹਮਣ, ਮੁਨਿਜਨ, ਮੋਨੀ, ਵਿਰਤਿਪਖ(ਤਿਆਗੀ), ਗਿਆਨੀ, ਬ੍ਰਹਮ-ਗਿਆਨੀ, ਗੁਰੂ, ਗੁਰਸਿਖ, ਨਿਰਮਲੇ(ਗੁਰੂ ਨਾਨਕ ਦੇ ਨਿਰਮਲ-ਪੰਥ ਨੂੰ ਧਾਰਨ ਕਰਨ ਵਾਲੇ), ਆਦਿਕ ਸ਼ਬਦ ਗੁਰੂ ਅਮਰਦਾਸ ਦੀ ਬਾਣੀ ਵਿੱਚ ਕਈ ਵਾਰ ਆਏ ਹਨ।

ਧਾਰਮਕ-ਚਿੰਨ੍ਹਾਂ ਵਿੱਚੋਂ ਮੁੰਦਾ, ਪਤ, ਝੋਲੀ, ਬਿਭੂਤਿ, ਖਿੰਥਾ, ਸਿੰਙੀ, ਡੰਡੀ, ਡੰਡਾ, ਡੰਡਾਰਾ, ਕੀਰਤਨ, ਗੁਰਬਾਣੀ, ਧਰਮਸਾਲਾ, ਗੁਰੂਦੁਆਰਾ(ਗੁਰਦੁਆਰਿ), ਆਦਿਕ ਦੀ ਅਸਲੀਅਤ ਨੂੰ ਦਰਸਾਉਣ ਲਈ ਗੁਰੂ ਅਮਰਦਾਸ ਨੇ ਇਨ੍ਹਾਂ ਦੇ ਅਧਿਆਤਮਕ-ਅਰਥ ਦ੍ਰਿੜ੍ਹ ਕਰਵਾਏ ਹਨ। ਇਸਦੇ ਉਲਟ ਇਨ੍ਹਾਂ ਚਿੰਨ੍ਹਾਂ ਦੇ ਬਾਹਰ-ਮੁਖੀ ਰੂਪ ਤਕ ਸੰਤੁਸ਼ਟ ਰਹਿਣ ਵਾਲੇ ਸੰਬੰਧਤ ਧਾਰਮਕ-ਅਨੁਯਾਈਆਂ ਦੀ ਕਰੜੀ ਆਲੋਚਨਾ ਕੀਤੀ ਹੈ।

ਜਿੱਥੋਂ ਤਕ ਵੱਖ ਵੱਖ ਧਰਮਾਂ ਜਾਂ ਸੰਪ੍ਰਦਾਵਾਂ ਦੀ ਸ਼ਰਧਾ ਨਾਲ ਸੰਬੰਧਤ ਪ੍ਰਾਚੀਨ ਤੀਰਥਾਂ ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਬਾਣੀ ਵਿੱਚ ਕੇਵਲ ਸੁਰਸੁਰੀ(ਗੰਗਾ) ਅਤੇ "ਕਾਸ਼ੀ" ਦਾ ਸੰਕੇਤ ਮਿਲਦਾ ਹੈ। ਵੈਸੇ ਅਠਸਠਿ-ਤੀਰਥ ਵਲ ਇਸ਼ਾਰਾ ਭੀ ਕੀਤਾ ਹੈ, ਪਰ ਜਿੱਥੋਂ ਤਕ ਇਨ੍ਹਾਂ ਤੀਰਥਾਂ ਦੀ ਯਾਤ੍ਰਾ ਦਾ ਸੰਬੰਧ ਹੈ, ਗੁਰੂ ਅਮਰਦਾਸ ਦੇ ਮਨ ਵਿੱਚ ਇਨ੍ਹਾਂ ਬਾਰੇ ਕੋਈ ਸ਼ਰਧਾ ਨਹੀਂ ਜਾਪਦੀ, ਕਿਉਂਕਿ ਉਨ੍ਹਾਂ ਸਾਫ਼ ਲਿਖਿਆ ਹੈ:-

(ੳ) ਸਤਿਗੁਰੁ ਮਨਕਾਮਨਾ ਤੀਰਥੁ ਹੈ ਜਿਸਨੋ ਦੇਇ ਬੁਝਾਇ ।

(ਸਿਰੀ ਰਾਗੁ ਮ:3)[1]

(ਅ) ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸੁਰੀ ਚਰਣ ਸਮਾਣੀ ।

(ਆਸਾ ਮ:3 ਅਸਟਪਦੀਆਂ)[2]

---

1. ਆਦਿ-ਗ੍ਰੰਥ................ਪੰਨਾ 26
2. ਆਦਿ-ਗ੍ਰੰਥ................ਪੰਨਾ 422

ਉਂਜ ਗੁਰੂ ਨਾਨਕ, ਨਾਮਦੇਵ ਅਤੇ ਕਬੀਰ ਤਿੰਨਾਂ ਦੀ ਬਾਣੀ ਵਿੱਚ ਅਨੇਕਾਂ ਭਾਰਤੀ-ਤੀਰਥਾਂ ਵਲ ਸੰਕੇਤ ਮਿਲਦੇ ਹਨ, ਲੇਸ਼ਕ ਸੰਬੰਧਿਤ ਤੀਰਥਾਂ ਬਾਰੇ ਉਨ੍ਹਾਂ ਦਾ ਦ੍ਰਿਸ਼ਟੀਕੋਣ ਭੀ ਗੁਰੂ ਅਮਰਦਾਸ ਵਾਂਗ ਇਨਕਲਾਬੀ ਹੀ ਹੈ।

## (2) ਮਨੁੱਖ ਅਤੇ ਮਨੁੱਖੀ-ਸੰਬੰਧਾਂ ਬਾਰੇ ਸ਼ਬਦਾਵਲੀ

ਸਭਿਅਤਾ ਦੇ ਆਰੰਭ ਤੋਂ ਹੀ ਮਨੁੱਖ ਅਤੇ ਧਰਮ ਦਾ ਅਨਿਖੜ ਸੰਬੰਧ ਚਲਿਆ ਆ ਰਿਹਾ ਹੈ। ਇਹ ਗੱਲ ਵੱਖਰੀ ਹੈ, ਕਿ ਕਈ ਧਾਰਮਕ-ਆਗੂਆਂ ਨੇ ਦੁਨੀਆਂ ਨਾਲੋਂ ਰਿਸ਼ਤਾ ਤੋੜ ਕੇ ਤਿਆਗ ਦਾ ਉਪਦੇਸ਼ ਦਿੱਤਾ ਹੈ, ਪਰ ਮਨੁੱਖ ਨਾਲੋਂ ਧਰਮ ਦਾ ਸੰਬੰਧ ਕਦੇ ਨਹੀਂ ਟੁੱਟਿਆ। ਨਿਰਵਿਰਤੀ (ਨਿਵ੍ਰਿੱਤਿ) ਮਾਰਗ ਦੇ ਸਾਧਕ ਦਾ ਦਿਸਦੇ-ਸੰਸਾਰ ਅਤੇ ਇਸਦੇ ਪਦਾਰਥਾਂ ਨਾਲੋਂ ਸਿੱਧਾ ਸੰਬੰਧ ਬੇਸ਼ਕ ਟੁੱਟ ਜਾਂਦਾ ਹੈ, ਪਰ ਕਿਸੇ ਨਾ ਕਿਸੇ ਰੂਪ ਵਿੱਚ ਉਸਦਾ ਰਿਸ਼ਤਾ ਮਨੁੱਖ-ਜਾਤੀ ਨਾਲ ਬਣਿਆ ਰਹਿੰਦਾ ਹੈ। "ਸਿਧ ਗੋਸ਼ਟਿ" ਰਾਹੀਂ ਗੁਰੂ ਨਾਨਕ ਨੇ ਇਸ ਮਸਲੇ ਨੂੰ ਟੁੰਬਵੀਆਂ ਦਲੀਲਾਂ ਦੁਆਰਾ ਹੱਲ ਕੀਤਾ ਹੈ। ਜਦੋਂ ਸਿੱਧਾਂ ਨੇ ਗੁਰੂ ਨਾਨਕ ਉੱਤੇ ਸੁਆਲ ਕੀਤਾ, ਕਿ:-

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ।
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ।
(ਸਿਧ ਗੋਸ਼ਟਿ)[1]

ਤਾਂ ਗੁਰੂ ਨਾਨਕ ਨੇ ਇਹ ਆਖ ਕੇ ਉਨ੍ਹਾਂ ਦੇ ਤਿਆਗ-ਫ਼ਲਸਫ਼ੇ ਉੱਤੇ ਆਲੋਚਨਾ ਕੀਤੀ ਸੀ:-

ਹਾਟੀ ਬਾਟੀ ਨੀਦ ਨ ਆਵੈ ਪਰਘਰਿ ਚਿਤੁ ਨ ਡੋਲਾਈ ।
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ।
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ।
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ।
(ਸਿਧ ਗੋਸ਼ਟਿ)[1]

ਗੁਰੂ ਅਮਰਦਾਸ ਭੀ ਗੁਰੂ ਨਾਨਕ ਵਾਂਗ "ਗਿਰਹੀ ਮਾਹਿ ਉਦਾਸ" ਰਹਿ ਕੇ "ਪਰਵਿਰਤਿ" ਰਾਹੀਂ "ਨਿਰਵਿਰਤੀ" ਦਾ ਮਾਰਗ ਵਿਖਾਉਂਦੇ ਹਨ:-

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ ।
(ਰਾਮਕਲੀ ਕੀ ਵਾਰ ਮ:3)[2]

ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੇ ਉਪਰੋਕਤ ਵਿਚਾਰ ਮਨੁੱਖ ਦੇ ਮਨੁੱਖਤਾ ਨਾਲ ਅਟੁੱਟ-ਰਿਸ਼ਤੇ ਤੋਂ ਛੁੱਟ ਗੁਰਮਤਿ ਦੇ ਸਿਧਾਂਤ ਨੂੰ ਭੀ ਕਾਫ਼ੀ ਹੱਦ ਤਕ ਖੋਲ੍ਹਦੇ ਪ੍ਰਤੀਤ ਹੁੰਦੇ ਹਨ। ਵੈਸੇ ਸਿੱਧਾਂ ਦੇ ਪ੍ਰਸ਼ਨ ਦਾ ਉੱਤਰ ਜੇਕਰ ਸਿੱਧਾਂ ਦੇ ਆਪਣੇ ਸੁਆਲ ਵਿੱਚੋਂ ਭੀ ਢੂੰਡੀਏ, ਤਾਂ ਭੀ ਇਹੋ ਸਿੱਧ ਹੁੰਦਾ ਹੈ,

1. ਆਦਿ-ਗ੍ਰੰਥ........................ਪੰਨਾ 939
2. ਆਦਿ-ਗ੍ਰੰਥ........................ਪੰਨਾ 949

ਕਿ ਮਨੁੱਖ ਦਾ ਸੰਬੰਧ ਆਪਣੀ ਜਾਤੀ ਨਾਲ ਅਰਥਾਤ ਸੰਸਾਰ ਨਾਲ ਪੂਰੀ ਤਰ੍ਹਾਂ ਕਦੇ ਭੀ ਨਹੀਂ ਟੁੱਟਿਆ। ਸੰਸਾਰਕ ਘਰ-ਘਾਰ ਨੂੰ ਛੱਡ ਕੇ ਜੰਗਲਾਂ (ਰਾਣੀ ਬਾਣੀ) ਵਿੱਚ ਜਾਣ ਨਾਲ ਵਾਸਤੇ-ਮਿੱਤਰਾਂ ਅਤੇ ਸੁਹਿਰਦਾਂ ਨਾਲ ਥੋੜ੍ਹੇ-ਚਿਰ ਲਈ ਬੇਸ਼ਕ ਸੰਬੰਧ ਟੁੱਟ ਜਾਵੇ, ਪਰ ਜੰਗਲ, ਬੀਆਬਾਨ, ਰੁਖ, ਬਿਰਖ ਤੇ ਹੋਰ ਕਈ ਤਰ੍ਹਾਂ ਦੀ ਪ੍ਰਕ੍ਰਿਤੀ ਨਾਲ ਤਾਂ ਰਿਸ਼ਤਾ ਕਾਇਮ ਰਹਿੰਦਾ ਹੈ। ਇਸੇਤਰ੍ਹਾਂ ਗ੍ਰਿਹਸਥੀਆਂ ਵਾਹਜੋ ਭੋਗ ਤਿਆਗ ਕੇ ਕੰਦ-ਮੂਲ ਦਾ ਆਹਾਰ ਕਰਨ ਨਾਲ ਭੀ ਮਨੁੱਖ ਦਾ ਰਿਸ਼ਤਾ ਜੜ੍ਹ-ਪਦਾਰਥ ਨਾਲ ਬਣਿਆ ਰਹਿੰਦਾ ਹੈ। ਜੜ੍ਹ-ਪਦਾਰਥ ਮਨੁੱਖੀ-ਸਰੀਰ ਦਾ ਆਧਾਰ ਹਨ ਅਤੇ ਮਨੁੱਖੀ-ਸਰੀਰ ਗੁਰੂ ਅਮਰਦਾਸ ਦੇ ਸ਼ਬਦਾਂ ਵਿੱਚ ਬਹੁਤ ਮਹਾਨ ਦਰਜਾ ਰੱਖਦਾ ਹੈ, ਕਿਉਂਕਿ:-

> ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ।
> ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ।
> ਇਸੁ ਕਾਇਆ ਅੰਦਰਿ ਨਾਮੁ ਨਉਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ।
>
> (ਸੂਹੀ ਮ:3)[1]

ਸੋ ਗੁਰੂ ਅਮਰਦਾਸ ਦੀ ਬਾਣੀ ਵਿੱਚ ਮਨੁੱਖ ਅਤੇ ਮਨੁੱਖੀ-ਸੰਬੰਧਾਂ ਬਾਰੇ ਜੋ ਸ਼ਬਦਾਵਲੀ ਹੈ, ਉਸ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਇਹ ਨੁਕਤਾ ਸਨਮੁਖ ਰੱਖਣਾ ਜ਼ਰੂਰੀ ਹੈ, ਕਿ ਮਨੁੱਖ ਨੂੰ ਚਿਤ੍ਰਨ ਸਮੇਂ ਗੁਰਦੇਵ ਨੇ ਕੇਵਲ ਉਸਦੀ ਸਮਾਜਕ, ਭਾਈਚਾਰਕ, ਰਾਜਨੀਤਕ ਜਾਂ ਧਾਰਮਕ ਅਵੱਸਥਾ ਦੀਆਂ ਰਸਮੀ-ਤਸਵੀਰਾਂ ਹੀ ਪੇਸ਼ ਨਹੀਂ ਕੀਤੀਆਂ, ਸਗੋਂ ਉਸਦੀਆਂ ਸਰੀਰਕ ਤੇ ਮਾਨਸਿਕ ਲੋੜਾਂ, ਥੋੜ੍ਹਾਂ, ਮਜਬੂਰੀਆਂ, ਲਾਲਸਾਵਾਂ, ਤਰਕਨਾਵਾਂ ਅਤੇ ਹੋਰ ਸਦਾਚਾਰਕ ਊਣਤਾਈਆਂ ਬਾਰੇ ਉਸਾਰੂ-ਆਲੋਚਨਾ ਕਰਕੇ ਮਨੁੱਖ ਨੂੰ "ਆਦਰਸ਼ ਮਨੁੱਖ" ਬਣਨ ਦੀ ਪ੍ਰੇਰਨਾ ਕੀਤੀ ਹੈ।

ਅਜੋਕੇ ਮਨੁੱਖਵਾਦੀ-ਫ਼ਿਲਾਸਫ਼ਰ[2] ਬੇਸ਼ਕ ਮਨੁੱਖ ਨੂੰ "ਸਾਰੀ ਸ੍ਰਿਸ਼ਟੀ ਦਾ ਧੁੱਰਾ ਕੇਂਦਰ" ਆਖਦੇ ਹਨ, ਪਰ ਕੌਣ ਨਹੀਂ ਜਾਣਦਾ ਕਿ ਮਨੁੱਖ ਅਜੇ ਤਕ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਹੀਂ ਪਛਾਣ ਸਕਿਆ। ਗੱਲ ਸਾਰੀ ਆਪੇ ਦੀ ਪਛਾਣ ਹੋਣ ਦੀ ਹੈ ਅਤੇ ਇਸੇਲਈ ਗੁਰੂ ਅਮਰਦਾਸ ਨੇ ਅੱਜ ਤੋਂ ਲਗਪਗ 400 ਵਰ੍ਹੇ ਪਹਿਲਾਂ ਆਖਿਆ ਸੀ:-

> ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ।
>
> (ਆਸਾ ਮ:3)[3]

ਜਿੱਥੋਂ ਤਕ ਮਨੁੱਖ-ਜਾਤੀ ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਸ਼ਬਦਾਵਲੀ ਨੂੰ ਹੇਠ ਲਿਖੇ ਤਿੰਨਾਂ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:-

(ੳ) ਮਨੁੱਖੀ-ਸਰੀਰ
(ਅ) ਮਨੁੱਖੀ-ਸੰਬੰਧ ਅਤੇ ਰਿਸ਼ਤੇ-ਨਾਤੇ
(ੲ) ਮਨੁੱਖ-ਮਾਤ੍ਰ ਦੇ ਕੰਮ ਆਉਣ ਵਾਲੀਆਂ ਵਸਤਾਂ

---

1. ਆਦਿ-ਗ੍ਰੰਥ........................ਪੰਨਾ 754

2. Dr. Lewis Wispitz-The Religious Renaissance of the German Humanists Cambridge, 1963, P.4

2. ਆਦਿ-ਗ੍ਰੰਥ........................ਪੰਨਾ 441

ਹਰ ਭਾਗ ਦੀ ਸ਼ਬਦਾਵਲੀ ਬਾਰੇ ਕ੍ਰਮਵਾਰ ਵਿਚਾਰ ਕੀਤੀ ਜਾਵੇਗੀ:-

### (ੳ) ਮਨੁੱਖੀ-ਸਰੀਰ :-

ਮਨੁੱਖੀ-ਸਰੀਰ ਨੂੰ ਗੁਰੂ ਅਮਰਦਾਸ ਨੇ ਦੇਹ, ਦੇਹੀ, ਤਨ, ਬਦਨ, ਸਰੀਰ, ਘਟਿ, ਪਿੰਡ, ਕਾਇਆ, ਮੂਰਤੀ, ਹਰਿਮੰਦਿਰ, ਆਦਿਕ ਭਿੰਨ ਭਿੰਨ ਢੰਗਾਂ ਦੀ ਭਾਹ ਮਾਰਦੇ ਸ਼ਬਦਾਂ ਦੁਆਰਾ ਚਿਤ੍ਰਿਆ ਹੈ। ਸੁੰਦਰ ਅਤੇ ਸੁਡੌਲ ਸਰੀਰ ਨੂੰ "ਕੰਚਨ ਕਾਇਆ" ਅਤੇ ਨਵਤਨ(ਨਵਤਨੋ) ਆਦਿਕ ਵਿਸ਼ੇਸ਼ਣਾਂ ਨਾਲ ਸ਼ਿੰਗਾਰ ਕੇ ਨਾਲ ਹੀ ਉਸਨੂੰ "ਕੱਚਾ ਚੋਲਾ" ਆਖ ਦਿੱਤਾ ਹੈ, ਤਾਂਜੋ ਕੱਚੇ-ਚੋਲੇ ਨੂੰ ਆਪਣੇ ਕੱਚਪੁਣੇ ਦਾ ਅਹਿਸਾਸ ਭੀ ਹੋ ਜਾਵੇ ।

ਗੁਰੂ ਸਾਹਿਬਾਨ ਅਤੇ ਆਦਿ-ਗ੍ਰੰਥ ਦੇ ਭਗਤ-ਕਵੀਆਂ ਦੁਆਰਾ ਰਚੇ ਗਏ ਸਮੁੱਚੇ ਭਗਤੀ-ਸਾਹਿਤ ਵਿੱਚ ਮਨੁੱਖੀ-ਸਰੀਰ ਅੰਦਰ ਛੁਪੇ ਅਨਮੋਲ-ਰਤਨਾਂ ਦੀ ਸਿਫ਼ਤ-ਸਲਾਹ ਅਤੇ ਖੋਜ-ਭਾਲ ਬਾਰੇ ਜਿਤਨਾ ਭਰਪੂਰ ਅਤੇ ਖੁੱਲ੍ਹਵਾਂ ਪ੍ਰਗਟਾਉ ਗੁਰੂ ਅਮਰਦਾਸ ਦੀ ਬਾਣੀ ਦੁਆਰਾ ਹੋਇਆ ਹੈ, ਉਹੋ ਜਿਹਾ ਹੋਰ ਕਿਤੇ ਨਹੀਂ ਮਿਲਦਾ । ਜਿਵੇਂ ਪਿੱਛੇ ਦੱਸਿਆ ਗਿਆ ਹੈ, ਕਬੀਰ ਅਤੇ ਗੁਰੂ ਨਾਨਕ ਦੋਹਾਂ ਕਵੀਆਂ ਦਾ ਅਨੁਭਵ ਵਧੇਰੇ ਡੂੰਘਾ ਅਤੇ ਵਿਸ਼ਾਲ ਹੈ। ਉਨ੍ਹਾਂ ਇੜਾ, ਪਿੰਗਲਾ ਅਤੇ ਸੁਖਮਨਾ ਤੋਂ ਬਿਨਾ ਪ੍ਰਾਣਾਯਾਮ ਦੁਆਰਾ ਵੱਖ ਵੱਖ ਚੱਕਰਾਂ ਨੂੰ ਵਿੰਨ੍ਹਣ ਅਤੇ ਦਸਮ-ਦੁਆਰ ਵਿੱਚ ਅਨਹਦ-ਸ਼ਬਦਾਂ ਦੀ ਖੇਡ ਬਾਰੇ ਵਿਸਥਾਰ ਸਹਿਤ ਸੰਕੇਤ ਦਿੱਤੇ ਹਨ। ਪਰ ਸਰੀਰ ਦੇ ਵੱਖ ਵੱਖ ਅੰਗਾਂ ਨਾਲ ਯਾਰਾਂ ਦੋਸਤਾਂ ਵਾਲੀ ਸਾਂਝ ਪਾ ਕੇ , ਜਿਹੋ ਜਿਹੀ ਨਿਰਛਲ, ਨਿਸ਼ਕਪਟ ਅਤੇ ਸਹਿਜ-ਸੁਭਾ ਗੱਲ-ਬਾਤ ਗੁਰੂ ਅਮਰਦਾਸ ਨੇ ਕੀਤੀ ਹੈ, ਉਸਦੀ ਮਿਸਾਲ ਹੋਰ ਕਿਤੇ ਨਹੀਂ ਮਿਲਦੀ । ਉਦਾਹਰਨ ਵਜੋਂ ਵੇਖੋ ਰਾਮਕਲੀ ਅਨੰਦੁ ਵਿੱਚ ਹੇਠ ਲਿਖੀਆਂ ਤੁਕਾਂ:-

(ੳ) ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ।[1]
(ਅ) ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ।[1]
(ੲ) ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ।[2]
(ਸ) ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ।
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ।[2]
(ਹ) ਏ ਰਸਨਾ ਤੂੰ ਅਨਰਸਿ ਰਾਚਿ ਰਹੀ ਤੇਰੀ ਪਿਆਸ ਨਾ ਜਾਇ ।[1]
(ਕ) ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ।[3]

(ਰਾਮਕਲੀ ਮ:3 ਅਨੰਦੁ)

ਕਬੀਰ ਅਤੇ ਗੁਰੂ ਨਾਨਕ ਵਾਂਗ ਮਨੁੱਖੀ-ਸਰੀਰ ਦੇ ਠਉ-ਦਰਵਾਜ਼ੇ ਦੱਸ ਕੇ ਉਨ੍ਹਾਂ ਤੋਂ ਉਚੇਰਾ ਹੋ ਦਸਮ-ਦੁਆਰ ਦੀ ਰਹੱਸਮਈ-ਖੇਡ ਨੂੰ ਭੀ ਗੁਰੂ ਅਮਰਦਾਸ ਨੇ ਘਰੋਗੀ-ਸਾਂਝ ਵਾਲੇ ਪਿਆਰ-ਭਿੰਨੇ ਅਤੇ ਭਾਵਾਂ ਨਾਲ ਛਲਕਦੇ ਸ਼ਬਦਾਂ ਦੁਆਰਾ ਅੰਕਿਤ ਕੀਤਾ ਹੈ, ਜਿਵੇਂ:-

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ।
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ।

---

1. ਆਦਿ-ਗ੍ਰੰਥ.....................ਪੰਨਾ 921
2. ਆਦਿ-ਗ੍ਰੰਥ.....................ਪੰਨਾ 922
3. ਆਦਿ-ਗ੍ਰੰਥ.....................ਪੰਨਾ 918

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰ ਦਿਖਾਇਆ ।
ਤਹੈ ਅਨੇਕ ਰੂਪ ਨਾਉ ਨਵਨਿਧਿ ਤਿਸਦਾ ਅੰਤੁ ਨ ਜਾਈ ਪਾਇਆ ।
(ਰਾਮਕਲੀ ਮ;3 ਅਨੰਦੁ)[1]

ਵੇਰਵੇ ਦੇ ਪੱਖ ਤੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਅੱਖਾਂ, ਨੱਕ, ਕੰਨ, ਜੀਭ, ਗਲਾ, ਹੱਥ, ਬਾਹਵਾਂ, ਮੱਥਾ(ਮਸਤਕ), ਮੂੰਹ, ਦੰਦ, ਦਾਹੜੀ, ਵਾਲ, ਪੈਰ, ਮਨ ਅਤੇ ਸੁਆਸਾਂ ਬਾਰੇ ਕ੍ਰਮਵਾਰ ਹੇਠ ਲਿਖੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਗਿਆ ਹੈ:-

ਅਖਿ, ਨੇਤ੍ਰਹੁ, ਨੈਣੀ, ਲੋਇਣ, ਨਕ, ਸਰਵਣਹੁ, ਕੰਨ, ਕੰਨੀ, ਜਿਹਵਾ, ਰਸਨਾ, ਕੰਠ, ਗਲਹੁ, ਹਲਕ, ਹਥ, ਹਥਹੁ, ਚਰਣ, ਪਗ, ਪਾਇ, ਪੈਰ, ਬਾਹ, ਮਥੇ, ਮਸਤਕ, ਲਿਲਾਟ, ਵਾਹਿ, ਦੰਤਾ, ਦਾੜੀਆ(ਸਚੀਆ ਦਾੜੀਆ), ਵਾਲਹੁ, ਲਖੀ, ਮਨ, ਰਿਦੈ, ਹਿਰਦੈ, ਹੀਅੜੈ, ਚਿਤ, ਜੀ, ਜੀਉ, ਆਦਿਕ ।

ਉਪਰੋਕਤ ਸ਼ਬਦਾਂ ਵਿੱਚ ਕਈ ਸ਼ਬਦਾਂ ਦੇ ਰੂਪ ਲਿੰਗ, ਵਚਨ, ਕ੍ਰਿਆ ਅਤੇ ਕਾਰਕ-ਰੂਪ-ਸਾਧਨਾ ਕਰਕੇ ਗੁਰਦੇਵ ਨੂੰ ਬਦਲਣੇ ਪਏ ਹਨ ਅਤੇ ਅਸਾਂ ਉਸੇ ਤਰ੍ਹਾਂ ਨਕਲ ਕੀਤੇ ਹਨ, ਜਿਵੇਂ ਗੁਰਦੇਵ ਨੇ ਆਪਣੀ ਬਾਣੀ ਰਾਹੀਂ ਵਰਤੇ ਹਨ। ਨਕੀ ਵਢੀ(ਨੱਕ ਕੱਟੀ) ਅਤੇ ਨਕਟੇ(ਨੱਕ ਲਏ) ਆਦਿਕ ਸ਼ਬਦਾਂ ਤੇ ਮੁਹਾਵਰਿਆਂ ਦਾ ਪ੍ਰਯੋਗ ਭੀ ਇਹੋ ਦਸਦਾ ਹੈ, ਕਿ ਗੁਰਦੇਵ ਸ਼ਬਦਾਂ ਨੂੰ ਭਾਵਾਂ ਦੇ ਅਨੁਕੂਲ ਕਰਨ ਲਈ ਤੋੜ-ਮਰੋੜ ਭੀ ਲੈਂਦੇ ਸਨ।

(ਅ) ਮਨੁੱਖੀ-ਸੰਬੰਧ ਅਤੇ ਰਿਸ਼ਤੇ-ਨਾਤੇ :-

ਸਾਰੇ ਮਨੁੱਖੀ-ਸੰਬੰਧ ਪੁਰਖ ਅਤੇ ਇਸਤ੍ਰੀ ਦੀ ਹੋਂਦ ਉੱਤੇ ਨਿਰਭਰ ਹਨ। ਸਿੱਖ-ਧਰਮ ਵਿੱਚ ਪੁਰਖ ਅਤੇ ਇਸਤ੍ਰੀ ਨੂੰ ਸਮਾਨ-ਅਧਿਕਾਰ ਦਿੱਤੇ ਗਏ ਪ੍ਰਤੀਤ ਹੁੰਦੇ ਹਨ। ਪਰ ਜਿੱਥੋਂ ਤਕ ਗੁਰਬਾਣੀ ਦਾ ਸੰਬੰਧ ਹੈ, ਇਸ ਦੁਆਰਾ ਪੁਰਖ ਅਤੇ ਇਸਤ੍ਰੀ ਦੇ ਮਨੁੱਖੀ-ਸੰਬੰਧਾਂ ਜਾਂ ਰਿਸ਼ਤੇ-ਨਾਤਿਆਂ ਦਾ ਅੰਤ੍ਰੀਵ-ਅਰਥ ਵਿਹਾਰਕ ਨਾਲੋਂ ਪ੍ਰਮਾਰਥਕ ਅਤੇ ਸਰੀਰਕ ਨਾਲੋਂ ਆਤਮਕ ਵਧੇਰੇ ਹੈ। ਸਮੁੱਚੇ ਭਗਤੀ-ਸਾਹਿਤ ਵਿੱਚ ਵੈਸ਼ਨਵ ਅਤੇ ਸ਼ੈਵ-ਭਗਤਾਂ ਨੇ ਜੀਵ-ਆਤਮਾ ਨੂੰ ਪਤਨੀ ਅਤੇ ਪ੍ਰਮਾਤਮਾ ਨੂੰ ਪਤੀ ਦੇ ਸਰੂਪ ਵਿੱਚ ਚਿਤ੍ਰਿਆ ਹੈ। ਆਦਿ-ਗ੍ਰੰਥ ਦੇ ਗੁਰੂ-ਕਵੀਆਂ ਅਤੇ ਭਗਤ-ਕਵੀਆਂ ਨੇ ਭੀ ਪਤੀ-ਪਤਨੀ ਅਤੇ ਪੇਕੇ(ਪੇਵਕੜੇ) ਸਹੁਰੇ(ਸਸੁਰੇ) ਸਾਕਾਂ ਤੇ ਸੰਬੰਧਾਂ ਦੁਆਲੇ ਮਹਾਨ ਅਧਿਆਤਮਕ-ਭਾਵਾਂ ਦਾ ਪ੍ਰਗਟਾਉ ਕੀਤਾ ਹੈ।

ਵੇਰਵੇ ਦੇ ਪੱਖ ਤੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਮਾਤਾ, ਪਿਤਾ, ਪਤੀ, ਪਤਨੀ, ਪੁੱਤਰ, ਧੀ, ਭਰਾ, ਪਿਤਰ, ਕੁੜਮ, ਪੇਕਾ-ਘਰ, ਸਹੁਰਾ-ਘਰ, ਆਦਿਕ ਸੰਬੰਧੀਆਂ ਅਤੇ ਹੋਰ ਪਰਵਾਰ ਲਈ ਹੇਠ ਲਿਖੇ ਸ਼ਬਦਾਂ ਦਾ ਪ੍ਰਯੋਗ ਮਿਲਦਾ ਹੈ:-

ਮਾ, ਮਾਇ, ਮਾਈ, ਮਾਤਾ, ਜਨਨੀ, ਪਿਤਾ, ਪਿਤੁ, ਪਿਰ, ਪ੍ਰਿਉ, ਕੰਤ, ਖਸਮ, ਨਾਹ, ਭਤਾਰ, ਵਰ, ਧਨ, ਕਾਮਣਿ, ਨਾਰਿ, ਮੁੰਧ, ਮਹਲ, ਮਹੇਲੀ, ਕਲਤ੍ਰ, ਸੁਤ,

---

1.ਆਦਿ-ਗ੍ਰੰਥ....................ਪੰਨਾ 922

ਜਾਇਆ, ਪੁਤ੍ਰ, ਪੁਤ੍ਰੀ, ਭਾਈ, ਭਾਇਰਾ, ਬੰਧਪ, **ਸਰੀਕ**, ਬਾਬਾ(ਸਮੇਤ ਬਾਬਾਣੀਆ ਕਹਾਣੀਆ), ਸਸੁਰੇ, ਸਾਹੁਰੈ, ਪੇਈਅੜੈ, ਪੇਵਕੜੈ, ਸੈਣ, ਕੁਟੰਬ, ਪਰਵਾਰ, ਆਦਿਕ ।

ਜਿਵੇਂ ਉੱਪਰ ਦੱਸਿਆ ਹੈ, ਇਹ ਸਾਰੇ ਰਿਸ਼ਤੇ ਰਹੱਸਵਾਦੀ-ਅਨੁਭਵ ਨੂੰ ਪ੍ਰਗਟਾਉਣ ਲਈ ਜਾਂ ਅਧਿਆਤਮਕ-ਅਰਥਾਂ ਨੂੰ ਖੋਲ੍ਹਣ ਲਈ ਵਿਚਾਰਾਂ ਦੇ ਸਹਾਇਕ ਬਣ ਕੇ ਆਏ ਹਨ । ਪਰ ਅਧਿਆਤਮਕ-ਅਨੁਭਵ ਦੇ ਨਾਲ ਨਾਲ ਇਨ੍ਹਾਂ ਰਿਸ਼ਤਿਆਂ ਅਤੇ ਸੰਬੰਧਾਂ ਨੂੰ ਸਮਾਜਕ, ਭਾਈਚਾਰਕ ਅਤੇ ਸਦਾਚਾਰਕ ਪਿਛੋਕੜ ਵਿੱਚ ਰੱਖ ਕੇ ਗੁਪਤ-ਇਸ਼ਾਰਿਆਂ ਦੁਆਰਾ "ਆਦਰਸ਼ ਸਮਾਜ" ਜਾਂ "ਆਦਰਸ਼ ਭਾਈਚਾਰੇ" ਦੀ ਕਲਪਨਾ ਭੀ ਕੀਤੀ ਗਈ ਹੈ। ਉਦਾਹਰਨ ਵਜੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਸੋਹਾਗਣ-ਦੋਹਾਗਣ, ਗੁਣਵੰਤੀ-ਅਗੁਣਵੰਤੀ, ਸੁਚੱਜੀ-ਕੁਚੱਜੀ, ਪਰਪਿਰ, ਪਰਪੁਰਖ, ਰੰਡ(ਵਿਧਵਾ)ਅਤੇ ਬੇਸੁਆ (ਵੇਸਵਾ), ਆਦਿਕ ਸ਼ਬਦਾਂ ਦੁਆਰਾ ਉਲੀਕੇ-ਚਿਤ੍ਰਾਂ ਦੀ ਮਹਾਨਤਾ ਜਿਤਨੀ ਅਧਿਆਤਮਕ ਹੈ ਉਤਨੀ ਹੀ ਸਮਾਜਕ, ਭਾਈਚਾਰਕ ਅਤੇ ਸਦਾਚਾਰਕ ਭੀ ਹੈ। "ਗੁਰਮੁਖ" ਅਤੇ "ਮਨਮੁਖ" ਦਾ ਸੰਬੰਧ ਪਰਗਟ ਰੂਪ ਵਿੱਚ ਬੇਸ਼ਕ "ਗੁਰੂ" ਨਾਲ ਹੈ, ਪਰ ਇਨ੍ਹਾਂ ਸ਼ਬਦਾਂ ਦੁਆਰਾ ਸੋਹਾਗਣ-ਦੋਹਾਗਣ ਵਾਂਗ ਸਮਕਾਲੀ-ਸਮਾਜ ਦੀਆਂ ਜਿਨਸੀ-ਕਮੀਆਂ ਉੱਤੇ ਭੀ ਚੋਟ ਕੀਤੀ ਗਈ ਜਾਪਦੀ ਹੈ, ਜਿਵੇਂ:-

(ੳ) ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ।
ਪਿਰੁ ਛੋਡਿਆ ਘਰਿ ਆਪਣਾ ਪਰਪੁਰਖੈ ਨਾਲਿ ਪਿਆਰ ।
(ਸਿਰੀ ਰਾਗੁ ਮ:3)[1]

(ਅ) ਮਨਮੁਖ ਕਰਮ ਕਮਾਵਣੇ ਜਿਉ **ਦੋਹਾਗਣਿ** ਤਨਿ ਸੀਗਾਰੁ ।
ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ।
(ਸਿਰੀ ਰਾਗੁ ਮ:3)[2]

ਦੋਹਾਗਣ, ਰੰਡ, ਵੇਸਵਾ, ਆਦਿਕ ਸ਼ਬਦ ਜਨ-ਸਧਾਰਨ ਦੀ ਪਕੜ ਵਿੱਚ ਜਲਦੀ ਆ ਜਾਂਦੇ ਹਨ, ਪਰ ਗੁਰੂ ਅਮਰਦਾਸ ਨੇ ਇਸੇ ਭਾਵ ਦੇ ਇੱਕ ਹੋਰ ਸ਼ਬਦ "ਮੁਤੀ" ਜਾਂ "ਮੁਤੀਆ" ਦਾ ਪ੍ਰਯੋਗ ਭੀ ਕੀਤਾ ਹੈ, ਜਿਵੇਂ:-

(ੳ) ਪੇਈਅੜੈ ਧਨ ਅਨਦਿਨੁ ਮੁਤੀ । ਕੰਤਿ ਵਿਸਾਰੀ ਅਵਗਣਿ ਮੁਤੀ ।
ਅਨਦਿਨ ਸਦਾ ਫਿਰੈ ਬਿਲਲਾਦੀ, ਬਿਨੁ ਪਿਰ ਨੀਦ ਨ ਪਾਵਣਿਆ ।
(ਮਾਝ ਮ:3)[3]

(ਅ) ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ।
(ਸਿਰੀ ਰਾਗੁ ਮ:3)[4]

ਜਿਵੇਂ ਪਿਛਲੇ ਲੇਖ ਰਾਹੀਂ ਸੰਕੇਤ ਕੀਤਾ ਸੀ, "ਮੁਤੀ" ਜਾਂ "ਮੁਤੀਆ" ਅਰਬੀ-ਭਾਸ਼ਾ ਦੇ ਸ਼ਬਦ "ਮਤਅਣ"( [illegible] ) ਤੋਂ ਵਿਗੜ ਕੇ ਪੰਜਾਬੀ ਵਿੱਚ ਫ਼ਾਰਸੀ ਦੇ ਤਦਭਵ-ਸ਼ਬਦ "ਮੁਤਾਹ"( [illegible] ) ਦੁਆਰਾ ਆਇਆ ਜਾਪਦਾ ਹੈ। ਫ਼ਾਰਸੀ-ਭਾਸ਼ਾ ਦੇ ਪ੍ਰਸਿੱਧ ਕੋਸ਼ਕਾਰ ਡਾ:ਸਟੇਨਗਾਸ[5] ਅਨੁਸਾਰ ਮੁਤਾਹ ਤੋਂ

---

1. ਆਦਿ-ਗ੍ਰੰਥ...............ਪੰਨਾ 89
2. ਆਦਿ-ਗ੍ਰੰਥ...............ਪੰਨਾ 31
3. ਆਦਿ-ਗ੍ਰੰਥ...............ਪੰਨਾ 110
4. ਆਦਿ-ਗ੍ਰੰਥ...............ਪੰਨਾ 38

5. F.Steingass- A Comprehensive Persian-English Dictionary- 1957 Edition P.1162

ਭਾਵ "ਹਾਮ੍ਹੀਆ-ਬਰਦਾਰ ਔਰਤ(ਵੇਸ਼ਵਾ) ਹੈ, ਜਿਸਨੂੰ ਥੋੜ੍ਹੇ-ਚਿਰ ਲਈ ਘਰ ਲਿਆ ਕੇ ਫੇਰ ਬਾਹਰ ਕੱਢ ਦਿੱਤਾ ਜਾਂਦਾ ਹੈ।" ਜੋ "ਮੁਤੀ" ਜਾਂ "ਮੁਤੀਆ" ਸ਼ਬਦ ਵਿੱਚ ਮਿਲਾਵਟ ਦੇ ਕਾਰਣ, ਰੰਡ ਅਤੇ ਵੇਸਵਾ ਤੋਂ ਭੀ ਬਦਤਰ ਜਾਪਦੀ ਹੈ ਅਤੇ ਉਸਦਾ ਦਿਨੇ ਰਾਤੀਂ ਮਿਲਣ-ਤੁਲਣ ਰਹਿਣਾ ਸਮਝ ਵਿੱਚ ਆ ਸਕਦਾ ਹੈ।

ਜਿੱਥੇ ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚ ਇਖਲਾਕੋਂ ਗਿਰੇ ਹੋਏ ਮਨੁੱਖਾਂ ਲਈ ਤ੍ਰਿਸਕਾਰ-ਢੰਗ ਵਾਲੇ ਵਿਸ਼ੇਸ਼ਣ-ਸ਼ਬਦ(ਕਰੂਪ, ਕੁਲਖਣੀ, ਕੁਚਜੀ, ਕੁਚੀਲ, ਕੁਲੱਜੀ, ਕੁਨਾਰਿ, ਆਦਿਕ) ਹਨ, ਉਥੇ ਸੁਹਿਰਦ-ਜੀਵਾਂ ਲਈ ਪਿਆਰ ਅਤੇ ਸਤਿਕਾਰ ਨਾਲ ਛਲਕਦੀ ਸ਼ਬਦਾਵਲੀ(ਸੁਘੜ, ਸਰੂਪ, ਸੁਲਖਣੀ, ਸੁਆਲਿਓ, ਕੁਲਵੰਤੀ, ਆਦਿਕ) ਭੀ ਹੈ। ਇਸੇਤਰ੍ਹਾਂ ਸਮੇਂ ਅਤੇ ਸਥਾਨ ਅਨੁਸਾਰ ਨਾਵਾਂ ਅਤੇ ਭਾਵਾਂ ਭਰੇ ਸ਼ਬਦਾਂ ਦਾ ਪ੍ਰਯੋਗ ਭੀ ਕੀਤਾ ਗਿਆ ਹੈ, ਜਿਵੇਂ: ਬਾਲਾ, ਬਾਲੀ, ਬਾਲੜੀਏ(ਸੰਬੋਧਨ), ਸਹੇਲੀ, ਸਹੇਲੀਏ, ਗਰਬ-ਗਹੇਲੀਏ(ਸੰਬੋਧਨ), ਭੈਣੀ, ਮੀਤ, ਸਖਾ, ਸਖੀ, ਸਖੀਏ(ਸੰਬੋਧਨ), ਸਹੇਲੀ, ਸਹੇਲੀਹੋ (ਸੰਬੋਧਨ), ਗੁਣਵੰਤੜੀਏ ਅਤੇ ਨਿਰਗੁਣਵੰਤੜੀਏ(ਸੰਬੋਧਨ), ਆਦਿਕ ।

ਵੱਖ ਵੱਖ ਮਾਨਸਿਕ-ਦੁਬਿਧਾਂ ਵਿੱਚ ਉਲਝੇ ਹੋਏ ਜੀਵਾਂ ਦੀ ਮਨੋ-ਸਥਿਤੀ ਦੇ ਅਨੁਕੂਲ ਸ਼ਬਦਾਵਲੀ ਭੀ ਕਈ ਥਾਈਂ ਹੈਰਾਨ ਕਰਨ ਵਾਲੀ ਹੈ, ਜਿਵੇਂ ਅਹੰਕਾਰ ਵਿੱਚ ਮੱਤੀ ਤੇ ਨੱਚਦੀ ਟੱਪਦੀ ਜੀਵ-ਆਤਮਾ ਲਈ ਇੱਥੇ ਉਪਮਾ-ਸੂਚਕ "ਕਾਮ ਗਹੇਲੀਏ" ਪੂਰੀ ਤਸਵੀਰ ਉਲੀਕ ਦਿਆ ਹੈ:-

ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ ਲੁਡਾਇ ।
(ਸਿਰੀ ਰਾਗੁ ਮ:3)[1]

"ਗਾਰਬਿ ਅਟਿਆ" ਅਤੇ "ਗਾਰਬਿ ਲਦਿਆ" ਆਦਿਕ ਸਮਾਸ ਭੀ ਇਹੋ ਜਿਹੇ ਭਾਵਾਂ ਨੂੰ ਪਰਗਟ ਕਰਨ ਵਿੱਚ ਪੂਰੀ ਤਰ੍ਹਾਂ ਸਫਲ ਹਨ। ਬੇਸ਼ੱਕ ਗੁਰੂ ਅਮਰਦਾਸ ਨਾ ਭਾਸ਼ਾ-ਵਿਗਿਆਨੀ ਸਨ ਅਤੇ ਨਾ ਹੀ ਮਨੋ-ਵਿਗਿਆਨੀ, ਪਰ ਫੇਰ ਭੀ ਲੰਮੇ ਜੀਵਨ-ਤਜਰਬੇ ਦੇ ਫਲ-ਸਰੂਪ ਉਨ੍ਹਾਂ ਪਾਸ ਠੀਕ ਥਾਂ ਉਤੇ ਠੀਕ ਸ਼ਬਦ ਜੜਨ ਦੀ ਸੂਝ-ਬੂਝ ਅਤੇ ਸ਼ਬਦਾਵਲੀ ਦੋਵੇਂ ਗੁਣ ਮੌਜੂਦ ਸਨ। ਉਦਾਹਰਣ ਵਜੋਂ "ਸਤੀ" ਦੇ ਜਲਣ ਬਾਰੇ ਚਿਤਾ ਜਾਂ ਚਿਖਾ ਦਾ ਪ੍ਰਯੋਗ ਤਾਂ ਸਾਰੇ ਸਮਝ ਸਕਦੇ ਹਨ, ਪਰ ਬਿਰਹਾ ਦੀ ਚੋਟ ਅਤੇ ਵਿਛੋੜੇ ਦੀਆਂ ਲਾਟਾਂ ਨਾਲ ਤਿਲ ਤਿਲ ਕਰਕੇ ਸੜਨਾ ਕਿਸੇ "ਆਦਰਸ਼-ਸਤੀ" ਦਾ ਹੀ ਕੰਮ ਹੋ ਸਕਦਾ ਹੈ:-

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ।
(ਵਾਰ ਸੂਹੀ ਮ:3)[2]

ਅਧੋਗਤੀ-ਸੰਬੰਧੀਆਂ ਅਤੇ ਰਿਸ਼ਤੇ-ਨਾਤਿਆਂ ਤੋਂ ਛੁੱਟ ਮਨੁੱਖ ਦੀ ਆਪਣੇ ਆਲ-ਦੁਆਲੇ ਦੇ ਸਮਾਜ ਨਾਲ ਭੀ ਅਨਿੱਖੜ-ਸਾਂਝ ਹੈ। ਇਸ ਸਾਂਝ ਦਾ ਮੂਲ-ਆਧਾਰ ਮਨੁੱਖ ਨੂੰ ਮਨੁੱਖ ਦੀ ਲੋੜ ਹੈ। ਜੋ ਪਰਸਪਰ-ਲੋੜ ਵਿੱਚੋਂ ਪਰਸਪਰ-ਸਾਂਝ, ਮਿਲਵਰਤਣ ਅਤੇ ਇਕ ਦੂਜੇ ਦੇ ਕੰਮ ਆਉਣ ਲਈ ਵੰਨ-ਸੁਵੰਨੇ ਧੰਦੇ ਉਪਜਦੇ ਰਹੇ। ਇਨ੍ਹਾਂ ਧੰਦਿਆਂ ਵਿੱਚੋਂ ਗੁਰੂ ਅਮਰਦਾਸ ਨੇ ਸਰਾਫ(ਕਸਵਟੀ ਸਮੇਤ), ਬਿਉਪਾਰ, ਵਣਜ,

1.ਆਦਿ-ਗ੍ਰੰਥ..............ਪੰਨਾ 37
2.ਆਦਿ-ਗ੍ਰੰਥ..............ਪੰਨਾ 787

ਵਣਜਾਰਾ, ਆਦਿਕ ਆਪਣੀ ਜਾਤ-ਬਿਰਾਦਰੀ ਦੇ ਜੋੜੀ-ਸ਼ਬਦਿਆਂ ਨੂੰ ਰਿੰਨ੍ਹ ਮਿੱਥ ਕੇ ਇਨ੍ਹਾਂ ਦੁਆਲੇ ਅਧਿਆਤਮਕ-ਅਨੁਭਵ ਦਾ ਪ੍ਰਗਟਾਉ ਕੀਤਾ ਹੈ। ਕੀਤਿਆਂ ਅਤੇ ਧੰਦੇ ਕਰਨ ਵਾਲਿਆਂ ਦਾ ਬਿਆਨ ਗੁਰਦੇਵ ਨੇ ਕਵਿਤਾ ਦੀ ਬਿਆਨੀਆ-ਸ਼ਕਤੀ ਵਿਖਾਉਣ ਲਈ ਨਹੀਂ ਕੀਤਾ, ਸਗੋਂ ਦੁਨਿਆਵੀ ਕਾਰ-ਵਿਹਾਰ ਦੇ ਉਹਲੇ ਕਿਸੇ ਉਚੇਰੇ-ਵਣਜ ਵਲ ਇਸ਼ਾਰਾ ਕਰਕੇ ਮਨੁੱਖ ਨੂੰ "ਆਦਰਸ਼ ਮਨੁੱਖ" ਬਣਨ ਦੀ ਪ੍ਰੇਰਨਾ ਕੀਤੀ ਹੈ। ਗੁਰੂ ਅਮਰਦਾਸ ਨੇ ਪਰਮਾਤਮਾ ਨੂੰ ਇਕ ਸਿਆਣੇ-ਸਰਾਫ਼ ਨਾਲ ਉਪਮਾ ਦਿੱਤੀ ਹੈ, ਜੋ ਮਨੁੱਖਾਂ ਦੀ ਪਰਖ ਉਸੇ ਤਰ੍ਹਾਂ ਕਰਦਾ ਹੈ, ਜਿਸ ਤਰ੍ਹਾਂ ਕੋਈ ਸਰਾਫ਼ ਸੋਨੇ ਨੂੰ ਕਸਵਟੀ ਉਤੇ ਲਾ ਕੇ ਪਰਖਦਾ ਹੈ:-

ਆਪਿ ਸਰਾਫੁ ਕਸਵਟੀ ਲਾਏ। ਆਪੇ ਪਰਖੇ ਆਪਿ ਚਲਾਏ ।
(ਬਿਲਾਵਲ ਮ:3)[1]

ਪਰ ਦੁਨਿਆਵੀ-ਸਰਾਫ਼ ਜਿੱਥੇ ਉਰਲੀ ਕਿਸੇ ਵੀ "ਮੁਲੰਮੇ" ਦੇ ਭਾਅ ਸੋਨਾ ਵੇਚ ਕੇ ਠੱਗੀ ਦਾ ਵਾਪਾਰ ਕਰ ਰਹੇ ਸਨ, ਸੱਚਾ ਸਰਾਫ਼ ਅਤੇ ਸੱਚ-ਸੁਨਾਰ ਸਦਾ ਸੱਚ ਦਾ ਵਾਪਾਰ ਕਰਦਾ ਹੈ:-

ਸਚਾ ਸਾਹੁ ਸਚੇ ਵਣਜਾਰੇ । ਸਚੁ ਵਣੰਜਹਿ ਗੁਰ ਹੇਤਿ ਅਪਾਰੇ ।
(ਮਾਝ ਮ:3)[2]

ਗੁਰੂ ਅਮਰਦਾਸ ਨੇ ਆਪਣੇ ਸਮਕਾਲੀ-ਸਮਾਜ ਨੂੰ ਚੇਤਾਵਨੀ ਕਰਵਾਈ ਸੀ, ਕਿ ਕੂੜ ਦੀ ਠੱਗੀ ਮੁਲੰਮੇ ਵਾਂਗ ਬਹੁਤਾ ਚਿਰ ਛੁਪੀ ਨਹੀਂ ਰਹਿ ਸਕਦੀ। ਇਸੇ ਤਰ੍ਹਾਂ ਉਨ੍ਹਾਂ ਦੁਨਿਆਵੀ ਕਾਰ-ਵਿਹਾਰ ਲਈ ਲੋੜੀਂਦੀ ਰਾਸ ਵਲ ਇਸ਼ਾਰਾ ਕਰਕੇ ਮਨੁੱਖ ਨੂੰ ਪਰਮਾਰਥ ਲਈ ਵੀ ਰਾਸ ਪੱਲੇ ਬੰਨ੍ਹਣ ਦਾ ਉਪਦੇਸ਼ ਕੀਤਾ ਹੈ:-

(ੳ) ਕੂੜੁ ਨਹੀ ਗਡੀ ਨਾ ਰਹੈ ਕੂੜੁ ਮੁਲੰਮਾ ਪਲੇਟਿ ਧਰੋਹੁ ।
(ਵਾਰ ਗਉੜੀ ਮ:4 ਸ਼ਲੋਕ ਮ:3)[3]

(ਅ) ਬਿਨੁ ਰਾਸੀ ਕੋ ਵਥੁ ਕਿਉ ਪਾਏ ਮਨਮੁਖ ਭੂਲੇ ਲੋਕ ਸਬਾਏ ।
(ਮਾਝ ਮ:3)[4]

ਸੁਨਾਰ, ਸਰਾਫ਼ ਅਤੇ ਵਣਜਾਰੇ ਆਮ ਕਰਕੇ ਸਮਾਜ ਦੀ ਉਪਰਲੀ-ਸ਼੍ਰੇਣੀ ਨਾਲ ਸੰਬੰਧ ਰੱਖਦੇ ਹਨ ਜਾਂ ਉਹ ਮਧਵਰਗੀ ਹੁੰਦੇ ਹਨ। ਗੁਰੂ ਅਮਰਦਾਸ ਦਾ ਜਨਮ ਬੇਸ਼ੱਕ ਇਕ ਮਧਵਰਗੀ ਪਰਵਾਰ ਵਿੱਚ ਹੋਇਆ, ਪਰ ਗੁਰਦੇਵ ਦੇ ਸੰਪਰਕ ਵਿੱਚ ਨੀਵੀਂ ਸ਼੍ਰੇਣੀ ਦੇ ਕਿਰਤੀ-ਕਿਸਾਨ ਜਾਂ ਮਿਹਨਤ-ਕਸ਼ ਬਹੁਤ ਆਏ ਜਾਪਦੇ ਹਨ। ਉਪਰਲੇ-ਵਰਗ ਦੀ ਨਿਸਬਤ ਹੇਠਲਾ-ਵਰਗ ਗੁਰਦੇਵ ਦੀ ਕਿਰਪਾ ਦਾ ਪਾਤਰ ਵਧੇਰੇ ਬਣਿਆ ਜਾਪਦਾ ਹੈ। ਕਿਰਤੀਆਂ ਕਿਸਾਨਾਂ ਵਿੱਚ ਹੀ ਛੀਂਬੇ, ਲੋਹਾਰੇ, ਘੁਮਿਆਰ(ਕੁਮ੍ਹਾਰ), ਪੇਂਵਟ, ਮਰਜੀਵੜੇ, ਮਾਲੀ ਅਤੇ ਪਾਣੀ ਭਰਨ ਵਾਲੀਆਂ ਪਨਿਹਾਰੀਆਂ ਆ ਜਾਂਦੀਆਂ ਹਨ। ਗੁਰਮਤਿ ਵਿੱਚ ਜਾਤਿ ਅਤੇ ਜਨਮ ਦੀ ਵਡਿਆਈ ਨਹੀਂ ਅਤੇ ਕੇਵਲ ਕਰਣੀ ਪ੍ਰਧਾਨ ਹੈ। ਇਸੇ ਕਰਣੀ ਸਦਕੇ ਹੀ ਗੁਰਦੇਵ ਦੀ ਨਜ਼ਰ ਵਿੱਚ ਨਾਮਦੇਵ ਅਤੇ ਕਬੀਰ ਵਰਗੇ ਭਗਤ ਪਰਮਗਤੀ ਨੂੰ ਪ੍ਰਾਪਤ ਹੋਏ:-

ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ ।
(ਸਿਰੀ ਰਾਗੁ ਮ:3)[5]

---

1. ਆਦਿ-ਗ੍ਰੰਥ......................ਪੰਨਾ 797
2. ਆਦਿ-ਗ੍ਰੰਥ......................ਪੰਨਾ 117
3. ਆਦਿ-ਗ੍ਰੰਥ......................ਪੰਨਾ 311
4. ਆਦਿ-ਗ੍ਰੰਥ...... ..............ਪੰਨਾ 117
5. ਆਦਿ-ਗ੍ਰੰਥ......................ਪੰਨਾ 67

ਇਸੇ ਤਰ੍ਹਾਂ ਕਿਰਤੀਆਂ ਤੇ ਕਾਮਿਆਂ ਲਈ ਗੁਰੂ ਅਮਰਦਾਸ ਦੇ ਦਿਲ ਵਿੱਚ ਕਿਤਨਾ ਪਿਆਰ ਤੇ ਸਤਿਕਾਰ ਹੈ, ਕਿ ਉਹ ਗੁਰ-ਸ਼ਬਦਿ ਨੂੰ "ਖੇਵਟ" ਅਤੇ ਭਗਤਾਂ ਨੂੰ "ਮਰਜੀਵੜਿਆਂ"(ਟੁੱਬੀ ਮਾਰਨ ਵਾਲੇ) ਦਾ ਦਰਜਾ ਦਿੰਦੇ ਹਨ:-

(ੳ) ਰਾਮਨਾਮੁ ਹਰ ਬੋਹਿਥਾ ਸਚੁ ਸਬਦੁ ਖੇਵਟੁ ਵਿਚਿ ਪਾਇ ।
(ਗਉੜੀ ਮ:3)[1]

(ਅ) ਭਗਤ ਕਰਹਿ ਮਰਜੀਵੜੈ ਗੁਰਮੁਖਿ ਭਗਤਿ ਸਦਾ ਹੋਇ ।
(ਵਡਹੰਸ ਕੀ ਵਾਰ ਮ:4 ਸ਼ਲੋਕ ਮ:3)[2]

ਇਸੇ ਤਰ੍ਹਾਂ ਇਸ ਨੇ "ਕੁਦਰਤਿ" ਨੂੰ "ਪਨਿਹਾਰੀ" ਆਖ ਕੇ ਪਾਣੀ-ਭਰਨ-ਵਾਲੀ ਸ਼ੂਦ੍ਰ-ਨਾਰੀ ਦਾ ਸਿਰ ਉੱਚਾ ਕਰ ਦਿੱਤਾ ਹੈ:-

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ।
(ਵਡਹੰਸ ਮ:3)[3]

ਇਕ ਹੋਰ ਥਾਂ "ਢਾਢੀ" ਅਤੇ "ਸੁਨਿਆਰ"(ਸੁਨਿਆਰ) ਦਾ ਸਤਿਕਾਰ ਕੀਤਾ ਹੈ। "ਢਾਢੀ" ਭੀ ਪ੍ਰਭੂ-ਜੱਸ ਗਾਉਣ ਕਰਕੇ ਗੁਰਦੇਵ ਦੀ ਨਜ਼ਰ ਵਿੱਚ ਪਰਵਾਨ ਚੜ੍ਹਿਆ ਹੈ। ਢਾਢੀ ਜੇਕਰ ਕੰਮ ਨਾ ਭੀ ਕਰੇ, ਆਤਮਕ-ਕਿਰਤ ਤਾਂ ਕਰਦਾ ਹੈ। ਸੋ ਦੂਜੇ ਕਿਰਤੀਆਂ ਨਾਲੋਂ ਘੱਟ ਸਤਿਕਾਰ ਦਾ ਪਾਤਰ ਨਹੀਂ। ਸ਼ਰਤ ਇਹ ਹੈ, ਕਿ ਉਹ ਪ੍ਰਭੂ ਦੇ ਦਰ ਉਤੇ ਪੁਕਾਰ ਕਰਦਾ ਰਹੇ:-

ਢਾਢੀ ਕਰੇ ਪੁਕਾਰ ਪ੍ਰਭੂ ਸੁਣਾਇਸੀ । ਅੰਦਰਿ ਧੀਰਕ ਹੋਇ ਪੂਰਾ ਪਾਇਸੀ ।
(ਗੂਜਰੀ ਕੀ ਵਾਰ ਮ:3)[4]

ਪਰ ਜ਼ੁਬਾਨੀ ਜਮਾਂ-ਤਫ਼ਰੀਕ ਕਰਨ ਵਾਲੇ ਪੰਡਿਤ ਅਤੇ ਜੋਤਕੀ(ਜੋਤਿਸ਼ੀ) ਜਾਂ ਵਾਦ-ਵਿਵਾਦ ਕਰਨ ਵਾਲੇ ਖੁਸ਼ਕ-ਗਿਆਨੀ ਗੁਰੂ ਅਮਰਦਾਸ ਦੀ ਕਲਮ ਦਾ ਬੁਰੀ ਤਰ੍ਹਾਂ ਸ਼ਿਕਾਰ ਹੋਏ ਹਨ:-

ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ।
ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ।
(ਸਿਰੀ ਰਾਗੁ ਮ:3)[5]

ਇਸੇ ਤਰ੍ਹਾਂ ਦਰ ਦਰ ਭਿਖਿਆ ਮੰਗਦੇ "ਅਭਿਆਗਤਾਂ" ਨੂੰ ਭੀ ਗੁਰਦੇਵ ਨੇ ਖ਼ਬਰਦਾਰ ਕੀਤਾ ਹੈ:-

ਅਭਿਆਗਤ ਏਹਿ ਨ ਆਖੀਅਨਿ ਜਿ ਪਰਘਰਿ ਭੋਜਨੁ ਕਰੇਨਿ ।
ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ।
(ਰਾਮਕਲੀ ਕੀ ਵਾਰ ਮ:3)[6]

ਭਾਈਚਾਰਕ-ਸੰਬੰਧਾਂ ਬਾਰੇ ਕਈ ਹੋਰ ਸ਼ਬਦ ਵੀ ਹਨ, ਜਿਵੇਂ:ਮਾਤਾ, ਸੁਖ ਅਤੇ ਸੰਗਤਿ, ਆਦਿਕ । ਪਰ ਉਨ੍ਹਾਂ ਨੂੰ ਭੀ ਧਰਮ ਦੀ ਰੰਗਣ ਵਿੱਚ ਰੰਗ ਕੇ ਗੁਰ-ਸਭਾ ਅਤੇ ਸਤਿਸੰਗ ਵਿੱਚ ਬਦਲਣ ਦਾ ਗੁਪਤ-ਸੰਕੇਤ

---

1. ਆਦਿ-ਗ੍ਰੰਥ.....................ਪੰਨਾ 245
2. ਆਦਿ-ਗ੍ਰੰਥ.....................ਪੰਨਾ 589
3. ਆਦਿ-ਗ੍ਰੰਥ.....................ਪੰਨਾ 570
4. ਆਦਿ-ਗ੍ਰੰਥ.....................ਪੰਨਾ 510
5. ਆਦਿ-ਗ੍ਰੰਥ.....................ਪੰਨਾ 27
6. ਆਦਿ-ਗ੍ਰੰਥ.....................ਪੰਨਾ 949

ਕੀਤਾ ਹੈ। ਜੈਸੇ ਗੁਰੂ, ਸਿਖ, ਗੁਰਸਿਖ, ਚੇਲਾ, ਸਾਧਕ, ਆਦਿਕ ਸ਼ਬਦਾਂ ਦਾ ਪ੍ਰਯੋਗ ਨਿਰੋਲ ਧਾਰਮਕ ਪ੍ਰਸੰਗ ਵਿੱਚ ਹੀ ਹੋਇਆ ਹੈ।

ਜਿੱਥੋਂ ਤਕ ਰਾਜਨੀਤਕ-ਸੰਬੰਧਾਂ ਅਰਥਾਤ ਸਰਕਾਰ ਅਤੇ ਰਾਜ-ਦਰਬਾਰ ਨਾਲ ਸੰਬੰਧਤ ਸ਼ਬਦਾਵਲੀ ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਬਾਣੀ ਵਿੱਚ:-

ਰਾਜੇ, ਭੂਪਤਿ, ਪਾਤਿਸਾਹ, ਪਾਤਿਸਾਹ(ਪਾਤਿਸ਼ਾਹੀ ਸਮੇਤ), ਵਜ਼ੀਰ, ਦੀਵਾਨ, ਰਾਇ (ਰਾਜੇ), ਮਾਲਕੋ(ਚੌਧਰੀ), ਸਰਕਾਰ, ਦਰਬਾਰ, ਖ਼ਜ਼ਾਨਾ, ਕੋਟ, ਗੜ੍ਹ, ਤਖਤਿ, ਤਪਾਵਸ(ਇਨਸਾਫ਼), ਤੋਸਾ(ਸਫ਼ਰ ਖ਼ਰਚ), ਡੰਨ(ਸਜ਼ਾ), ਡੰਡਾ, ਫਾਹਾ, ਫਾਸੀ, ਜਾਗਾਤੀ, ਵੇਗਾਰਿ, ਆਦਿਕ

ਵਲ ਸੰਕੇਤ ਮਿਲਦੇ ਹਨ। ਪਰ ਸਰਾਫ਼ਾਂ ਤੇ ਵਣਜਾਰਿਆਂ ਵਾਂਗ ਪਾਤਿਸ਼ਾਹ ਅਤੇ ਉਸਦੀ ਪਾਤਿਸ਼ਾਹੀ ਨਾਲ ਸੰਬੰਧਤ ਸ਼ਬਦ ਭੀ ਰਾਜਨੀਤਕ-ਸਮੱਸਿਆਵਾਂ ਦੀ ਥਾਂ ਅਧਿਆਤਮਕ-ਖ਼ਿਆਲਾਂ ਦਾ ਹੀ ਜੁਆਬ ਦਿੰਦੇ ਪ੍ਰਤੀਤ ਹੁੰਦੇ ਹਨ। ਗੁਰੂ ਅਮਰਦਾਸ ਨੇ ਇਨ੍ਹਾਂ ਸ਼ਬਦਾਂ ਨੂੰ ਰੱਬੀ-ਭੇਦਾਂ ਦੇ ਖੋਲ੍ਹਣ ਲਈ ਅਲੰਕਾਰ ਵਜੋਂ ਵਰਤਿਆ ਪ੍ਰਤੀਤ ਹੁੰਦਾ ਹੈ। ਉਦਾਹਰਨ ਵਜੋਂ ਪਾਤਿਸ਼ਾਹ ਅਤੇ ਵਜ਼ੀਰ ਪ੍ਰਮਾਤਮਾ ਆਪ ਹੈ। ਧਰਮ-ਰਾਜ ਉਸਦਾ ਦੀਵਾਨ ਹੈ ਅਤੇ ਜਮ-ਕਾਲ ਧਰਮ-ਰਾਜ ਦਾ ਦੂਤ। ਗੁਰਦੇਵ ਦੀ ਬਾਣੀ ਵਿੱਚ "ਜਮਕਾਲ" ਦੇ ਭਿਆਨਕ-ਰੂਪ ਨੂੰ ਦਿਖਾਉਣ ਲਈ ਜਮ-ਜਾਗਾਤੀ, ਜਮ-ਡੰਡ, ਜਮ-ਜੰਦਾਰੁ, ਜਮਦੰਡ ਅਤੇ ਜਮ-ਪਕੜ, ਆਦਿਕ ਕਈ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ।

ਗੁਰੂ ਅਮਰਦਾਸ ਜੀ ਬਾਣੀ ਵਿੱਚ ਵਰਤੇ ਗਏ ਸ਼ਬਦ-ਭੰਡਾਰ ਦੇ ਆਧਾਰ ਤੇ ਇਹ ਸੰਕੇਤ ਮਿਲਦਾ ਹੈ, ਕਿ ਉਨ੍ਹਾਂ ਦੇ ਸਮਕਾਲੀ-ਸਮਾਜ ਵਿੱਚ ਸਾਹਿਬ-ਸੇਵਕ, ਸੁਆਮੀ-ਦਾਸ, ਗੋਲੇ-ਗੋਲੇ ਭੀ ਸਨ ਅਤੇ ਬਿਨਾ ਮਜੂਰੀ ਵੇਗਾਰ ਵਿੱਚ ਭੀ ਅਨੇਕਾਂ ਲੋਕ ਫੜੇ ਜਾਂਦੇ ਸਨ। ਬੇਸ਼ਕ ਉਨ੍ਹਾਂ ਅਜਿਹੇ ਸ਼ਬਦਾਂ ਨੂੰ ਆਤਮਕ-ਅਨੁਭਵ ਲਈ ਹੀ ਵਰਤਿਆ ਹੈ, ਪਰ ਇਨ੍ਹਾਂ ਸ਼ਬਦਾਂ ਦਾ ਧਾਰਨਮੁਖੀ-ਅਰਥ ਸਮਕਾਲੀ-ਸਮਾਜ ਦੀ ਤਰਸਯੋਗ ਹਾਲਤ ਉੱਤੇ ਭੀ ਇਕਤਰ੍ਹਾਂ ਕਟਾਖਸ਼ ਕਰ ਜਾਂਦਾ ਹੈ, ਜਿਵੇਂ ਹੇਠ ਲਿਖੀ ਤੁਕ ਵਿੱਚ ਦੁਨਿਆਵੀ-ਧੰਦਿਆਂ ਨੂੰ ਵੇਗਾਰ ਆਖਿਆ ਗਿਆ ਹੈ, ਪਰ ਅਸਲੀਅਤ ਇਹ ਹੈ, ਕਿ ਇਹ ਵੇਗਾਰ ਸੱਚੀ-ਮੁੱਚੀ ਦੀ ਭੀ ਭਾਰਤ ਦੇ ਅਨੇਕਾਂ ਲੋਕਾਂ ਨੂੰ ਉਸ ਸਮੇਂ ਕਰਨੀ ਪੈਂਦੀ ਸੀ ਅਤੇ ਹੋ ਸਕਦਾ ਹੈ, ਕਿ ਆਤਮਕ-ਪ੍ਰੇਰਨਾ ਲਈ ਭੀ ਇਸ ਅਲੰਕਾਰ ਦਾ ਸੁਝਾਉ ਗੁਰਦੇਵ ਨੂੰ ਆਪਣੇ ਸਮਕਾਲੀ-ਸਮਾਜ ਵਿੱਚ ਪ੍ਰਚਲਤ ਵੇਗਾਰ ਨੇ ਹੀ ਦਿੱਤਾ ਹੋਵੇ। ਸੰਬੰਧਤ ਤੁਕ ਇਸ ਪ੍ਰਕਾਰ ਹੈ:-

ਨਾਮੁ ਨ ਲੈਵੈ ਮੂਰਖੁ ਵੇਗਾਰਿ ਦੁਖੁ ਪਾਏ ।

(ਮਾਝ ਮ:3)[1]

ਜੋ ਕਿਸੇ ਦੁਨਿਆਵੀ-ਪਾਤਿਸ਼ਾਹ ਦਾ ਵੇਗਾਰੀ ਜਾਂ ਗੋਲਾ(ਗ਼ੁਲਾਮ-ਗੋਲਾ) ਬਣਨ ਨਾਲੋਂ ਗੁਰੂ ਅਮਰਦਾਸ ਮਨੁੱਖ ਨੂੰ ਪਾਤਿਸ਼ਾਹਾਂ ਦੇ ਪਾਤਿਸ਼ਾਹ ਅਰਥਾਤ ਪ੍ਰਮਾਤਮਾ ਦੇ ਦਰ ਦਾ ਗੋਲਾ ਬਣਨ ਦੀ ਪ੍ਰੇਰਨਾਂ ਕਰਦੇ ਹਨ। ਜੇਕਰ ਮਨੁੱਖ ਕਿਸੇ ਦੁਨਿਆਵੀ-ਪਾਤਿਸ਼ਾਹ ਦੀ ਥਾਂ ਪ੍ਰਮਾਤਮਾ ਦੇ ਦਰ ਦਾ ਗੁਲਾਮ ਬਣ ਜਾਵੇ, ਤਾਂ

1.ਆਦਿ-ਗ੍ਰੰਥ...............ਪੰਨਾ 124

ਉਹ ਗੋਲਾ ਨਹੀਂ ਰਹਿੰਦਾ, ਕਿਉਂਕਿ ਉਸਦਾ ਸਾਹਿਬ, ਮਾਲਕ ਹੀ ਥਾਂ ਮਿੱਤਰ ਜਾਂ ਸਖਾ ਬਣ ਜਾਂਦਾ ਹੈ, ਜਿਵੇਂ:-

ਲਾਲੇ ਆਪਣੀ ਜਾਤਿ ਗਵਾਈ । ਤਨੁ ਮਨੁ ਅਰਪੇ ਸਤਿਗੁਰ ਸਰਣਾਈ ।
ਹਿਰਦੈ ਨਾਮੁ ਵਡੀ ਵਡਿਆਈ । ਸਦਾ ਪ੍ਰੀਤਮੁ ਪ੍ਰਭੁ ਹੋਇ ਸਖਾਈ ।
(ਆਸਾ ਮ:3)[1]

(ਸ) ਮਨੁੱਖ-ਮਾਤਰ ਦੇ ਕੰਮ ਆਉਣ ਵਾਲੀਆਂ ਵਸਤਾਂ:-

ਜਿਵੇਂ ਦੱਸਿਆ ਜਾ ਚੁੱਕਾ ਹੈ, ਗੁਰੂ ਅਮਰਦਾਸ ਜੀ ਕਾਵਿ-ਕਲਾ ਦਾ ਆਦਰਸ਼ ਥੋੜ੍ਹੇ ਤੋਂ ਥੋੜ੍ਹੇ ਚਿਤ੍ਰਾਂ, ਸੰਕੇਤਾਂ ਅਤੇ ਅਲੰਕਾਰਾਂ ਦੁਆਰਾ ਗੁਰਮਤਿ ਦੇ ਕੇਂਦਰੀ-ਭਾਵ ਨੂੰ ਦ੍ਰਿੜ੍ਹ ਕਰਵਾਉਣਾ ਹੈ। ਸੋ ਮਨੁੱਖੀ-ਸੰਬੰਧਾਂ ਅਤੇ ਰੋਜ਼ਾਨਾ ਕੰਮ ਆਉਣ ਵਾਲੀਆਂ ਵਸਤਾਂ ਵਿੱਚੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਕੇਵਲ ਉਨ੍ਹਾਂ ਬਾਰੇ ਹੀ ਸੰਕੇਤ ਮਿਲਦਾ ਹੈ, ਜੋ ਸਹਿਜ-ਸੁਭਾ ਗੁਰਦੇਵ ਦੇ ਸਨਮੁਖ ਆ ਗਈਆਂ । ਵਾਰਸਸ਼ਾਹ ਵਰਗੇ ਕਿੱਸਾ-ਕਵੀਆਂ (ਵੇਖੋ: ਹੀਰ ਵਾਰਸ) ਦੇ ਉਲਟ ਇੱਥੇ ਮਜ਼ਮੂਨ-ਉਸਾਰੀ ਲਈ ਵੱਖ ਵੱਖ ਜਾਤਾਂ, ਜਿਨਸਾਂ ਅਤੇ ਵਸਤਾਂ ਦੀਆਂ ਲੰਮੀਆਂ ਲਿਸਟਾਂ ਦੁਆਰਾ ਵਾਲ ਦੀ ਖੱਲ ਲਾਹੁਣ ਦੀ ਥਾਂ, ਕੇਵਲ ਉਨ੍ਹਾਂ ਮੋਟੀਆਂ ਮੋਟੀਆਂ ਵਸਤਾਂ ਨੂੰ ਕਲਪਨਾ ਦਾ ਮਾਧਿਅਮ ਬਣਾਇਆ ਗਿਆ ਹੈ, ਜਿਨ੍ਹਾਂ ਨਾਲ ਗੁਰਦੇਵ ਦੇ ਸਮਕਾਲੀ-ਮਨੁੱਖ ਦੀ ਅਨਿੱਖੜ-ਸਾਂਝ ਸੀ । ਉਨ੍ਹਾਂ ਗਿਣਤੀ ਦੀਆਂ ਵਸਤਾਂ ਦੁਆਰਾ ਵਿਚਾਰਾਂ ਦਾ ਪ੍ਰਸਤੁਤੀਕਰਨ ਜਿੱਥੇ ਗੁਰਦੇਵ ਦੀ ਕਵਿਤਾ ਨੂੰ ਬਣਾਵਟੀ ਅੜਕ-ਮੜਕ ਤੋਂ ਬਚਾਉਂਦਾ ਹੈ, ਉੱਥੇ ਉਨ੍ਹਾਂ ਦੇ ਵਿਚਾਰਾਂ ਨੂੰ ਜਨ-ਸਾਧਾਰਨ ਤਕ ਪਹੁੰਚਾਉਣ ਵਿੱਚ ਭੀ ਕਾਫ਼ੀ ਹੱਦ ਤਕ ਸਹਾਇਕ ਹੋਇਆ ਹੈ ।

ਖਾਣ-ਪੀਣ, ਪਹਿਨਣ ਅਤੇ ਰਹਿਣ-ਸਹਿਣ ਤੋਂ ਬਿਨਾ ਹਾਰ-ਸ਼ਿੰਗਾਰ, ਕਾਰ-ਵਿਹਾਰ, ਹੱਟੀ-ਪੱਟੀ, ਗਿਣਤੀ-ਮਿਣਤੀ, ਪੜ੍ਹਾਈ-ਲਿਖਾਈ, ਦਵਾ-ਦਾਰੂ ਅਤੇ ਹੋਰ ਕਈ ਤਰ੍ਹਾਂ ਦੇ ਨਿਤ-ਸੁਖ ਨਾਲ ਸੰਬੰਧਤ ਸੰਕੇਤ ਇਸ ਪ੍ਰਕਾਰ ਹਨ:-

ਅੰਨੁ(ਅੰਨ), ਧਾਨ, ਦੁਧ, ਦਹੀ, ਫੋਕਾ(ਖਾਲੀ ਦਾਣਾ), ਤਿਲ, ਤੁਹ(ਛਿੱਲੜ), ਪਰਾਲਾ (ਪਰਾਲੀ), ਖੇਤ, ਖੂਹਟਾ, ਹਰਹਟ, ਵਿਸੁ(ਬਿਖ), ਅੰਮ੍ਰਿਤੁ, ਕਸਤੂਰੀ, ਰਸਕਸ, ਮਿਠਾ(ਮਿੱਠਾ), ਫਿਕਾ(ਫਿੱਕਾ), ਆਰਸੀ, ਸੇਜ, ਕਾਜਲ, ਹਾਰ(ਹਾਰੇ), ਹੀਰਾ, ਚੋਲਾ, ਸੂਹਾ-ਵੇਸ, ਬਸਤ੍ਰ, ਕੰਧ, ਪੰਡ, ਗੰਠੜੀ, ਗੁਫਾ, ਗ੍ਰਿਹ, ਘਰ, ਘਰਬਾਰ, ਕੋਠੇ, ਮਹਲ, ਗਿਰਾਉ, ਨਗਰੀ, ਥੰਮ, ਦਰ, ਦਰਵਾਜੇ, ਬਾਰ, ਹਟ, ਹਾਟ, ਹਟਨਾਲੇ, ਵਿਉਹਾਰ, ਸਉਦਾ, ਵਖਰ(ਵੱਖਰ), ਵਸਤ, ਵਣਜ, ਗਾਹਕ, ਤਕੜੀ (ਤੱਕੜੀ), ਤੋਲ, ਤੋਲਣਹਾਰਾ, ਤੋਲਾਵਣਹਾਰਾ, ਵਾਟੁ, ਲਾਹਾ, ਖਟਣਾ, ਹਾਣਤ, ਮੋਲ, ਧਨ, ਧੰਦਾ, ਕਿਰਤ, ਪਰਕਿਰਤਿ, ਮਜੂਰੀ, ਕਾਰੀਗਰੀ, ਕੋਲੂ, ਘਾਣੀ, ਬੇੜੀ, ਮਾਮਾ, ਰਾਈ, ਵੈਦ, ਦਾਰੂ, ਪਿਆਲਾ, ਥਾਲ, ਤਾਲਾ, ਕੁੰਜੀ, ਦੀਵਾ(ਦੀਪਕ), ਕਲਮ, ਪਟੀ(ਪੱਟੀ), ਜੂਐ-ਬਾਜ਼ੀ, ਖੰਡਾ, ਗੁਰਜ, ਖੜਗ, ਆਦਿਕ ।

ਗੁਰੂ ਅਮਰਦਾਸ ਅਤੇ ਦੂਸਰੇ ਗੁਰੂ-ਕਵੀਆਂ ਦੀ ਬਾਣੀ ਵਿੱਚ ਸੰਕੇਤ ਕੀਤੀਆਂ ਕਈ ਵਸਤਾਂ ਦੇ ਨਾਮ ਅੱਜਕੇ

---

1. ਆਦਿ ਗ੍ਰੰਥ..............ਪੰਨਾ 362-363

ਪੰਜਾਬੀਆਂ ਨੂੰ ਸ਼ਾਇਦ ਓਪਰੇ ਜਾਪਣ, ਪਰ ਮਧਕਾਲੀਨ-ਪੰਜਾਬ ਵਿੱਚ ਸੰਬੰਧਤ ਸ਼ਬਦਾਂ ਦਾ ਪ੍ਰਯੋਗ ਆਮ ਸੀ । ਇਸ ਗੱਲ ਦਾ ਸਬੂਤ ਇਹ ਹੈ, ਕਿ ਗੁਰੂ ਅਮਰਦਾਸ ਤੋਂ ਛੁੱਟ ਗੁਰੂ ਨਾਨਕ ਅਤੇ ਕਈ ਹੋਰਨਾਂ ਕਵੀਆਂ ਦੀ ਬਾਣੀ ਵਿੱਚ ਭੀ ਉਨ੍ਹਾਂ ਸ਼ਬਦਾਂ ਦਾ ਪ੍ਰਯੋਗ ਮਿਲਦਾ ਹੈ। ਉਦਾਹਰਨ ਵਜੋਂ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਕੁਝ ਇਕ ਅਜਿਹੇ ਸ਼ਬਦ ਹੇਠਾਂ ਦਿੱਤੇ ਜਾਂਦੇ ਹਨ, ਜਿਨ੍ਹਾਂ ਵਿੱਚੋਂ ਬਹੁਤਿਆਂ ਦਾ ਪ੍ਰਯੋਗ ਗੁਰੂ ਨਾਨਕ ਅਤੇ ਕਈ ਦੂਸਰੇ ਪ੍ਰਾਚੀਨ ਕਵੀਆਂ ਦੀ ਕਵਿਤਾ ਵਿੱਚ ਭੀ ਮਿਲਦਾ ਹੈ:-

ਅੰਜਨ, ਤੰਬੋਲ-ਰਸੁ, ਕਾਪੜੁ, ਚੰਦਨ, ਚੋਰਾ, ਛੈਲ, ਪੋਤੈ, ਪਰਮਲ, ਆਚਾਰ, ਖਟਰਸ, ਮਾਣਕੇ, ਮਾਰਣ(ਮਸਾਲੇ), ਮਸੁ(ਸਿਆਹੀ), ਮਸਵਾਣੀ ਜਾਂ ਮਸਾਜਣੀ(ਦੁਆਤ), ਤੁਲਹੜਾ, ਬੋਹਿਥਾ, ਖੰਨਲੀ(ਤੇਲ ਦੀ ਕੁੱਪੀ ਨੂੰ ਸਾਫ਼ ਕਰਨ ਵਾਲੀ ਟਾਕੀ), ਸਾਰੀ(ਚੌਪੜ ਦੀ ਖੇਡ ਨਾਲ ਸੰਬੰਧਤ ਗੋਟੀਆਂ), ਮੰਡਪ, ਮਾੜੀਆਂ, ਤੂਰੇ(ਵਾਜੇ), ਨਗਉਲੀ, ਪਾਰਸ, ਗਾਰੜੂ (ਸੱਪ ਦਾ ਜ਼ਹਿਰ ਮਾਰਨ ਵਾਲਾ ਮੰਤ੍ਰ), ਕਾਸਟ(ਲਕੜੀ), ਜੂਠੀ(ਜੁਆਰੀ), ਰੇਣ(ਧੂੜ), ਮਨੂਰ(ਸੜੇ ਹੋਏ ਲੋਹੇ ਦੀ ਰਾਖ), ਅੰਕਸੁ(ਹਾਥੀ ਦਾ ਕੁੰਡਾ), ਆਦਿਕ ।

ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਨੂੰ ਗੁਰੂ ਅਮਰਦਾਸ ਤਦੋਂ ਹੀ ਵਰਤਣਯੋਗ ਸਮਝਦੇ ਹਨ, ਜੇਕਰ ਇਨ੍ਹਾਂ ਦੁਆਰਾ ਸੁਖ ਦੀ ਪ੍ਰਾਪਤੀ ਹੋ ਸਕੇ । ਇਸਦਾ ਇਹ ਮਤਲਬ ਨਹੀਂ, ਕਿ ਗੁਰਦੇਵ ਦੁਨਿਆਵੀ-ਵਸਤਾਂ ਨੂੰ ਤਿਆਗਣ ਦਾ ਉਪਦੇਸ਼ ਕਰਦੇ ਹਨ। ਸੱਚ ਇਹ ਹੈ, ਕਿ ਉਹ ਬਾਹਰਲੀ ਅੜਕ-ਮੜਕ ਅਤੇ ਦਿਖ-ਪੋਚ ਦੀ ਥਾਂ ਅੰਤਰਮੁਖੀ-ਜੀਵਨ ਨੂੰ ਚੰਗੇਰਾ ਤੇ ਸੁਹਣੇਰਾ ਬਣਾਉਣ ਉੱਤੇ ਜ਼ੋਰ ਦਿੰਦੇ ਹਨ। ਅੰਤਰਮੁਖੀ-ਜੀਵਨ ਦਾ ਵਿਕਾਸ ਬਾਹਰਮੁਖੀ-ਜੀਵਨ ਨੂੰ ਭੀ ਖੁਸ਼ੀ ਅਤੇ ਖੇੜਾ ਬਖ਼ਸ਼ਦਾ ਹੈ। ਸੰਸਾਰਕ-ਪਦਾਰਥਾਂ ਦੀ ਘਾਟ ਭੀ ਨਹੀਂ ਚੁਭਦੀ । ਇਸਦੇ ਉਲਟ ਅੰਤਰਮੁਖੀ-ਵਿਕਾਸ ਤੋਂ ਬੇਪਰਵਾਹ ਹੋ ਕੇ ਬਾਹਰਮੁਖੀ-ਵਿਕਾਸ ਨੂੰ ਹੀ ਜੀਵਨ ਦਾ ਮਨੋਰਥ ਸਮਝ ਲੈਣਾ ਸੁਖ ਦੀ ਥਾਂ ਦੁੱਖ ਦਾ ਕਾਰਨ ਬਣਦਾ ਹੈ। ਹੇਠ ਲਿਖੇ ਅਲੰਕਾਰ ਦੁਆਰਾ ਗੁਰੂ ਅਮਰਦਾਸ ਨੇ ਕੇਵਲ ਪ੍ਰਮਾਤਮਾ-ਰੂਪੀ ਪਤੀ ਦੀ ਹੀ ਮਹਿਮਾ ਨਹੀਂ ਗਾਇਨ ਕੀਤੀ, ਸਗੋਂ ਦੁਨਿਆਵੀ-ਪਦਾਰਥਾਂ ਦੀ ਅਸਲੀਅਤ ਉਤੋਂ ਭੀ ਪਰਦਾ ਚੁੱਕਿਆ ਹੈ:-

ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਏ ।
ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ ।
(ਗਉੜੀ ਮ:3)[1]

ਸੋ ਗੁਰੂ ਅਮਰਦਾਸ ਦੇ ਵਿਚਾਰ ਅਨੁਸਾਰ ਪਰਮ-ਸੁਖ ਦਾਤਾਂ ਵਿੱਚ ਨਹੀਂ, ਸਗੋਂ ਦਾਤਾਂ ਰਾਹੀਂ "ਦਾਤਾਰ" ਤਕ ਪਹੁੰਚਣ ਵਿੱਚ ਹੈ।

ਕਾਮ-ਖੁਸ਼ੀਆਂ ਤੋਂ ਪ੍ਰੇਰਤ ਕਵੀਆਂ ਦੀ ਕਵਿਤਾ ਵਿੱਚ ਹਾਰ-ਸ਼ਿੰਗਾਰ ਦਾ ਵਰਣਨ ਸੰਸਾਰਕ-ਵਾਸ਼ਨਾਵਾਂ ਉਤਪੰਨ ਕਰਕੇ ਸੁਰਤ ਨੂੰ ਖਿੰਡਾਰਦਾ ਹੈ। ਪਰ ਆਤਮਕ-ਖੁਸ਼ੀ ਜਾਂ ਸਹਜ-ਅਨੰਦ ਦੇ ਕਵੀ ਗੁਰੂ ਅਮਰਦਾਸ ਦੀ ਬਾਣੀ ਵਿੱਚ ਹਾਰ-ਸ਼ਿੰਗਾਰ ਦਾ ਵਰਣਨ ਸੁਰਤ ਨੂੰ ਖਿੰਡਾਰਨ ਦੀ ਥਾਂ ਪ੍ਰਮਾਤਮਾ-ਰੂਪੀ-ਪਤੀ ਦੇ ਚਰਨਾਂ ਵਿੱਚ ਇਕਾਗਰ ਕਰਦਾ ਹੈ:-

---
1. ਆਦਿ-ਗ੍ਰੰਥ.............ਪੰਨਾ 244

(ੳ) ਕਾਮਣਿ ਤਉ ਸੀਗਾਰ ਕਰਿ ਜਾ ਪਹਿਲਾਂ ਕੰਤ ਮਨਾਇ ।
ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ ।

(ਅ) ਭਉ ਸੀਗਾਰੁ ਤਬੋਲ ਰਸੁ ਭੋਜਨ ਭਾਉ ਕਰੇਇ ।
ਤਨ ਮਨ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ।

(ਵਾਰ ਸੂਹੀ ਮ:3)[1]

ਸੋ ਮੂਲ-ਰੂਪ ਵਿੱਚ ਇਹ ਹਾਰ-ਸ਼ਿੰਗਾਰ ਭਉ, ਭਾਉ ਅਤੇ ਖਿਮਾ ਆਦਿਕ ਗੁਣਾਂ ਦਾ ਹੈ। ਇਸੇ ਲਈ ਗੁਰੂ ਅਮਰਦਾਸ ਦੀ ਬਾਣੀ ਵਿੱਚ ਸੰਕੇਤ ਹੋਈਆਂ ਸਭ ਚੀਜ਼ਾਂ ਤੇ ਵਸਤਾਂ ਮਨੁੱਖ ਨੂੰ ਜੀਵਨ ਦੇ ਅਸਲੀ ਮਨੋਰਥ ਵਲ ਸੇਧਤ ਕਰਕੇ ਉਸਨੂੰ ਬੇਹੋਸ਼ੀ ਦੀ ਨੀਂਦ ਵਿੱਚੋਂ ਟੁੰਬ ਜਗਾਉਂਦੀਆਂ ਹਨ। ਇੱਥੋਂ ਤਕ, ਕਿ ਕਲਮ, ਕਾਗ਼ਜ਼ ਅਤੇ ਸਿਆਹੀ ਭੀ "ਰੱਬੀ-ਪਿਆਰ" ਤੋਂ ਛੁੱਟ ਹੋਰ ਕਿਸੇ ਵਿਸ਼ੇ ਨੂੰ ਸਾਕਾਰ ਕਰਨ ਤੋਂ ਮੁਨਕਰ ਹੋ ਉਠਦੇ ਹਨ:-

ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ ।
ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ।

(ਸਿਰੀ ਰਾਗੁ ਮ:3)[2]

## (3) ਸ੍ਰਿਸ਼ਟੀ-ਰਚਨਾ ਅਤੇ ਪ੍ਰਕ੍ਰਿਤਕ-ਦ੍ਰਿਸ਼ਾਂ ਨਾਲ ਸੰਬੰਧਤ ਸ਼ਬਦਾਵਲੀ

ਅਧਿਆਤਮਕ ਅਤੇ ਮਿਥਿਹਾਸਕ ਸ਼ਬਦਾਵਲੀ ਦੇ ਸਿਰਲੇਖ ਹੇਠਾਂ ਅਸੀਂ ਸ੍ਰਿਸ਼ਟੀ-ਰਚਨਾ ਨਾਲ ਸੰਬੰਧਤ ਚੌਹਾਂ-ਜੁੱਗਾਂ, ਤ੍ਰੈਲੋਕੀ, ਚਉਦਹ ਭਵਨ ਜਾਂ ਚਉਦਹ ਤਬਕ, ਭਾਰ ਅਠਾਰਹ, ਆਦਿਕ ਵਲ ਸੰਕੇਤ ਕਰ ਚੁੱਕੇ ਹਾਂ, ਪਰ ਵਿਸ਼ੇ ਦਾ ਮਹੱਤਵ ਵਧੇਰੇ ਵਿਸਥਾਰ ਮੰਗਦਾ ਹੈ।

ਜਿੱਥੋਂ ਤਕ ਸ੍ਰਿਸ਼ਟੀ-ਰਚਨਾ ਦੇ ਮੁੱਢ ਦਾ ਸੰਬੰਧ ਹੈ, ਗੁਰੂ ਅਮਰਦਾਸ ਨੇ ਇਸ ਵਿੱਚ ਉਲਝਣਾ ਮੁਨਾਸਬ ਨਹੀਂ ਸਮਝਿਆ ਅਤੇ ਆਮ ਕਰਕੇ ਗੁਰੂ ਨਾਨਕ ਦੇ ਵਿਸਮਾਦਜਨਕ-ਸਿਧਾਂਤ "ਕੁਦਰਤਿ ਕਵਣ ਕਹਾ ਵੀਚਾਰੁ" ਅੱਗੇ ਹੀ ਸਿਰ ਝੁਕਾਇਆ ਹੈ। ਵੈਸੇ ਬਹੁ-ਰੰਗੀ ਕੁਦਰਤ ਦੇ ਅਨੇਕਾਂ ਨਜ਼ਾਰਿਆਂ ਦੁਆਰਾ ਗੁਰਦੇਵ ਨੇ ਰਚਨਾ ਦਾ ਮਨੋਰਥ ਅਤੇ ਰਚਨਹਾਰ ਦੇ ਇਲਾਹੀ-ਭੇਤਾਂ ਨੂੰ ਫੋਲ੍ਹਿਆ ਹੈ।

ਵੇਰਵੇ ਦੇ ਪੱਖ ਤੋਂ ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ ਸ੍ਰਿਸ਼ਟੀ-ਰਚਨਾ ਨਾਲ ਸੰਬੰਧਤ ਪੰਜ ਮੂਲ-ਤੱਤਾਂ ਅਤੇ ਭੌਤਕ-ਪਦਾਰਥਾਂ ਤੋਂ ਛੁੱਟ ਵੰਨ-ਸੁਵੰਨੇ ਪ੍ਰਕ੍ਰਿਤਕ-ਦ੍ਰਿਸ਼ਾਂ, ਬਿਰਖਾਂ-ਬੂਟਿਆਂ, ਫੁੱਲਾਂ, ਫਲਾਂ, ਪਸ਼ੂਆਂ, ਪੰਛੀਆਂ, ਕੀੜੇ-ਮਕੌੜਿਆਂ, ਰੁੱਤਾਂ-ਮੌਸਮਾਂ ਅਤੇ ਬਦਲਦੇ ਸਮੇਂ ਦੀ ਗਤੀ ਨਾਲ ਸੰਬੰਧਤ ਸ਼ਬਦਾਂ ਦੁਆਰਾ ਪਰਗਟ ਹੋਏ ਅਨੁਭਵ ਬਾਰੇ ਵਿਚਾਰ ਕੀਤੀ ਜਾਵੇਗੀ । ਹੁਣ ਇਹ ਦੁਹਰਾਉਣ ਦੀ ਲੋੜ ਨਹੀਂ, ਕਿ ਗੁਰੂ ਅਮਰਦਾਸ ਦੀ ਬਾਣੀ ਵਿੱਚ ਸ੍ਰਿਸ਼ਟੀ-ਰਚਨਾ ਜਾਂ ਪ੍ਰਕ੍ਰਿਤੀ-ਚਿਤ੍ਰਣ ਦਾ ਵੇਰਵਾ, ਰਸਮੀ ਦ੍ਰਿਸ਼-ਵਰਨਣ ਦਾ ਚਮਤਕਾਰ ਵਿਖਾਉਣ ਲਈ ਨਹੀਂ ਆਇਆ, ਸਗੋਂ ਵਰਡਜ਼ਵਰਥ ਆਦਿਕ ਪੱਛਮੀ-

---

1. ਆਦਿ-ਗ੍ਰੰਥ.....................ਪੰਨਾ 788
2. ਆਦਿ-ਗ੍ਰੰਥ.....................ਪੰਨਾ 83

ਕਵੀਆਂ ਵਾਂਗ ਗੁਰੂ ਅਮਰਦਾਸ ਨੇ ਤੁੱਛ ਤੋਂ ਤੁੱਛ ਪ੍ਰਕ੍ਰਿਤਕ-ਦ੍ਰਿਸ਼ਾਂ ਰਾਹੀਂ ਭੀ ਕੋਈ ਗੂਢ-ਰਮਜ਼ ਬੋਲੀ ਹੈ। ਸੂਰਜ, ਚੰਨ ਅਤੇ ਆਕਾਸ਼-ਪਾਤਾਲ ਤੋਂ ਲੈ ਕੇ ਨਿੱਕੇ ਨਿੱਕੇ ਫੁੱਲ, ਫਲ, ਪੰਛੀ ਅਤੇ ਕੀੜੇ-ਮਕੌੜੇ, ਗੱਲ ਕੀ ਸ੍ਰਿਸ਼ਟੀ ਦਾ ਹਰ ਅਣੂ, ਆਪਣੇ ਰੰਗ-ਰੂਪ, ਸੁਭਾਅ-ਕਰਮ ਅਤੇ ਗੁਣ-ਔਗੁਣ ਅਨੁਸਾਰ ਮਨੁੱਖੀ-ਜੀਵਨ ਦੀ ਅਗਵਾਈ ਕਰਦਾ ਪ੍ਰਤੀਤ ਹੁੰਦਾ ਹੈ।

ਸ੍ਰਿਸ਼ਟੀ ਦੇ ਜਿਸ ਭਾਗ ਨਾਲ ਮਨੁੱਖ-ਜਾਤੀ ਅਤੇ ਦੂਸਰੀਆਂ ਜੂਨਾਂ ਦਾ ਵਿਸ਼ੇਸ਼ ਸੰਬੰਧ ਹੈ, ਉਸਨੂੰ ਗੁਰੂ ਅਮਰਦਾਸ ਨੇ ਸੰਸਾਰ, ਲੋਇ, ਦੁਨਿਆਈ ਜਾਂ ਲੋਕਾਈ ਆਦਿਕ ਨਾਮ ਦਿੱਤੇ ਹਨ। ਮਿਥਿਹਾਸਕ-ਭਾਸ਼ਾ ਅਨੁਸਾਰ ਸ੍ਰਿਸ਼ਟੀ ਦੇ ਇਸ ਭਾਗ ਨੂੰ ਮਾਤਲੋਕ, ਭਵਜਲ, ਭਵ-ਸਾਗਰ ਅਤੇ ਦੁਤਰੁ ਆਖ ਕੇ ਇਸ ਵਿੱਚੋਂ ਗੁਜ਼ਰਦਿਆਂ ਕਾਮਾਦਿਕ ਦੀਆਂ ਮਾਨੂ-ਤਰੰਗਾਂ ਅਤੇ ਇਨ੍ਹਾਂ ਨਾਲ ਜੂਝਣ ਵਾਲੇ ਪ੍ਰਭੂ-ਭਗਤਾਂ ਦੀਆਂ ਮੁਸ਼ਕਿਲਾਂ ਵਲ ਭੀ ਸੰਕੇਤ ਕੀਤਾ ਹੈ। ਖੰਡ, ਮੰਡਲ, ਬ੍ਰਹਿਮੰਡ, ਪੁਰੀਆਂ ਅਤੇ ਭਵਨ, ਆਦਿਕ ਸ਼ਬਦ ਗੁਰੂ ਅਮਰਦਾਸ ਦੀ ਸ਼ਬਦਾਵਲੀ ਨੂੰ ਬੇਸ਼ੱਕ ਕੁਝ ਹੱਦ ਤਕ ਮਿਥਿਹਾਸਕ-ਰੰਗ ਵਿੱਚ ਰੰਗਦੇ ਹਨ, ਪਰ ਇਹ ਰੰਗ ਇਤਨੀ ਗਾੜ੍ਹੀ ਨਹੀਂ ਜਿਤਨੀ ਅਦ੍ਵੈਤ-ਅਵੱਸਥਾ ਦੀ ਸੁੰਨ-ਸਮਾਧਿ ਵਿੱਚ ਹੈ।

ਸਮੁੱਚੀ-ਸ੍ਰਿਸ਼ਟੀ ਨੂੰ ਗੁਰੂ ਅਮਰਦਾਸ ਨੇ "ਦਹਿਦਿਸਿ"(ਦੱਸ ਦਿਸ਼ਾਵਾਂ ਵਾਲੀ) ਜਾਂ ਮੋਟੇ ਰੂਪ ਵਿੱਚ "ਚਹੁਦਿਸਿ"(ਚਾਰ ਦਿਸ਼ਾਵਾਂ ਵਾਲੀ) ਜਾਂ "ਚਹੁ-ਕੁੰਟੀ" ਵਿੱਚ ਵੰਡਿਆ ਹੈ। ਇਸੇ ਤਰ੍ਹਾਂ ਵੱਖ ਵੱਖ ਤਰ੍ਹਾਂ ਨਾਲ ਜੀਵਾਂ ਦੀ ਉਤਪਤੀ ਹੋਣ ਕਰਕੇ ਸਭ ਜੂਨੀਆਂ ਨੂੰ ਚਾਰ-ਖਾਣੀਆਂ ਆਖ ਕੇ ਕੁਲ ਜੂਨੀਆਂ ਦੀ ਗਿਣਤੀ "ਚਉਰਾਸੀਹ-ਲੱਖ" ਦਰਸਾਈ ਹੈ।

ਵੇਰਵੇ ਦੇ ਪੱਖ ਤੋਂ ਜਿਵੇਂ ਸੰਕੇਤ ਕੀਤਾ ਜਾ ਚੁੱਕਾ ਹੈ, ਗੁਰੂ ਅਮਰਦਾਸ ਨੇ ਸ੍ਰਿਸ਼ਟੀ-ਰਚਨਾ ਨਾਲ ਸੰਬੰਧਤ ਅਨੇਕਾਂ ਪਦਾਰਥਾਂ, ਫੁੱਲਾਂ, ਫਲਾਂ, ਬਿਰਖਾਂ-ਬੂਟਿਆਂ, ਪਸ਼ੂਆਂ-ਪੰਛੀਆਂ ਅਤੇ ਰੁੱਤਾਂ-ਮੌਸਮਾਂ ਵਲ ਸੰਕੇਤ ਕੀਤਾ ਹੈ। ਇਸਨਾਲ ਸੰਬੰਧਤ ਵਿਸ਼ਿਆਂ ਬਾਰੇ ਗੁਰੂ ਅਮਰਦਾਸ ਦੀ ਸ਼ਬਦਾਵਲੀ ਅਤੇ ਅਨੁਭਵ ਬਾਰੇ ਵਿਸਥਾਰ ਸਹਿਤ ਵਿਚਾਰ ਕਰਨ ਦੀ ਲੋੜ ਹੈ। ਸੋ ਗੁਰਦੇਵ ਦੀ ਬਾਣੀ ਦੇ ਆਧਾਰ ਤੇ ਸ੍ਰਿਸ਼ਟੀ ਦੇ ਹਰ ਭਾਗ ਬਾਰੇ ਉਨ੍ਹਾਂ ਦੀ ਸ਼ਬਦਾਵਲੀ ਦੇ ਚਮਤਕਾਰ ਦਿਖਾਏ ਜਾਣਗੇ:-

(ੳ) ਮੁਢਲੇ-ਤੱਤਾਂ ਅਤੇ ਭੌਤਕ-ਪਦਾਰਥਾਂ ਨਾਲ ਸੰਬੰਧਤ ਸ਼ਬਦਾਵਲੀ:-

ਜਿੱਥੋਂ ਤਕ ਮੁਢਲੇ-ਤੱਤਾਂ ਅਤੇ ਭੌਤਕ-ਪਦਾਰਥਾਂ ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਸ਼ਬਦਾਵਲੀ ਵਿੱਚ ਹੇਠ ਲਿਖੇ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ:-

ਜਲ, ਪਾਣੀ, ਨੀਰ, ਅੰਭੁ, ਵਾਯੂ, ਪਉਣ, ਅਨਲ, ਅਗਨਿ, ਅੰਬ, ਬੈਸੰਤਰ, ਧਰਤੀ, ਧਰਣੀ, ਮੇਦਨੀ, ਅੰਬਰ, ਆਕਾਸ, ਪਥਰ(ਪੱਥਰ), ਕਾਸਟ, ਲੋਹਾ, ਕੰਚਨ, ਸੋਇਨਾ, ਮਣੀ, ਮਾਣਕ, ਜਵਾਹਰ, ਰੁਪਾ(ਰੁੱਪਾ=ਚਾਂਦੀ), ਆਦਿਕ।

ਪਰ ਗੁਰੂ ਅਮਰਦਾਸ ਦੀ ਪਾਰਦਰਸ਼ੀ-ਨਜ਼ਰ ਕੇਵਲ ਸੋਨੇ, ਚਾਂਦੀ ਅਤੇ ਮਾਣਕ-ਮੋਤੀਆਂ ਦੁਆਰਾ ਹੀ ਆਪਣੇ ਅਨੁਭਵ ਨੂੰ ਨਹੀਂ ਪ੍ਰਗਟਾਉਂਦੀ, ਸਗੋਂ ਨਿਗੂਣੇ, ਨਿਮਾਣੇ ਅਤੇ ਤੁੱਛ ਪਦਾਰਥਾਂ(ਪਦਾਰਥ ਆਖਣਾ ਭੀ ਸ਼ਾਇਦ ਵਧੀਕੀ ਹੈ) ਨੂੰ ਭੀ ਕਈ ਥਾਈਂ ਪੂਰੇ ਸਤਿਕਾਰ ਸਹਿਤ ਅਪਣਾਉਂਦੀ ਹੈ। ਉਦਾਹਰਨ ਵਜੋਂ

ਹੇਠ ਲਿਖੀਆਂ ਤੁਕਾਂ ਰਾਹੀਂ ਮਿੱਟੀ(ਮਾਟੀ), ਰੇਣ ਅਤੇ ਮਨੂਰ ਆਦਿਕ ਗੁਰਦੇਵ ਦੀ ਕਲਮ ਦੀ ਛੁਹ ਪਾ ਕੇ ਸੋਨੇ-ਚਾਂਦੀ ਨਾਲੋਂ ਭੀ ਕੀਮਤੀ-ਪਦਾਰਥ ਬਣਦੇ ਜਾਪਦੇ ਹਨ:-

(ੳ) ਮਾਟੀ ਏਕ ਸਗਲ ਸੰਸਾਰਾ । ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ।
(ਭੈਰਉ ਮ:3)[1]

(ਅ) ਤਿਨ ਕੀ ਰੇਣੁ ਮਿਲੈ ਤਾਂ ਮਸਤਕਿ ਲਾਈ ਜਿਨ ਸਤਿਗੁਰੁ ਪੂਰਾ ਧਿਆਇਆ ।
ਨਾਨਕ ਤਿਨ ਕੀ ਰੇਣੁ ਪੂਰੈ ਭਾਗਿ ਪਾਈਐ ਜਿਨੀ ਰਾਮਨਾਮਿ ਚਿਤੁ ਲਾਇਆ ।
(ਭੈਰਉ ਮ:3)[2]

(ੲ) ਖਿਨ ਮਹਿ ਰਾਮਨਾਮਿ ਕਿਲਵਿਖ ਕਾਟੇ ਭਏ ਪਵਿਤੁ ਸਰੀਰਾ ।
ਨਾਨਕ ਰਾਮਨਾਮਿ ਨਿਸਤਾਰਾ ਕੰਚਨ ਭਏ ਮਨੂਰਾ ।
(ਗਉੜੀ ਮ:3)[3]

ਗੁਰੂ ਅਮਰਦਾਸ ਦੀ ਦ੍ਰਿਸ਼ਟੀ ਅਨੁਸਾਰ ਧਾਤਾਂ ਦਾ ਨਿਮਾਣਾਪਣ ਅਤੇ ਨਿਕੰਮਾਪਣ ਇਤਨਾ ਮਾੜਾ ਨਹੀਂ, ਜਿਤਨਾ ਵਲ ਛਲ ਅਤੇ ਕਪਟ ਕੁਮਾਦਾ ਉਨ੍ਹਾਂ ਨੂੰ ਅਸਲੀ ਤੋਂ ਨਕਲੀ ਬਣਾਉਣਾ। ਮੁਲੰਮਾ ਕਪਟ ਦਾ ਪ੍ਰਤੀਕ ਹੈ। ਇਸੇਤਰ੍ਹਾਂ ਮੋਰਚਾ(ਜੰਗਾਲ) ਭੀ ਵਿਕਾਰ ਦਾ ਚਿੰਨ੍ਹ ਹੈ। ਸੋ ਮੋਰਚਾ ਅਤੇ ਮੁਲੰਮਾ ਅਰਥਾਤ ਮਨੁੱਖਾਂ ਵਿੱਚ ਵਲ ਛਲ ਕਪਟ ਅਤੇ ਹਉਮੈ ਨਿੰਦਨਯੋਗ ਹਨ। ਜਦੋਂ ਤਕ ਮਨ-ਰੂਪੀ-ਸ਼ੀਸ਼ੇ ਉੱਤੇ ਹਉਮੈ ਦੀ ਮੈਲ ਹੈ, ਆਪਣੇ ਅਸਲੇ ਦੀ ਪਛਾਣ ਨਹੀਂ ਹੋ ਸਕਦੀ:-

(ੳ) ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ।
ਮੋਰਚਾ ਨ ਲਾਗੈ ਹਉਮੈ ਸੋਖੈ ।
(ਮਾਝ ਮ:3)[4]

(ਅ) ਕੂੜੁ ਠਗੀ ਗੁਝੀ ਨਾ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ ।
(ਗਉੜੀ ਕੀ ਵਾਰ ਮ:4 ਸਲੋਕ ਮ:3)[5]

(ਅ) ਫੁੱਲਾਂ, ਫਲਾਂ ਅਤੇ ਬਿਰਖਾਂ-ਬੂਟਿਆਂ ਦੀ ਨਾਮਾਵਲੀ:-

ਫੁੱਲਾਂ ਵਿੱਚੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਕੰਵਲ(ਕਮਲ), ਕਸੁੰਭ(ਕਸੁੰਭੜਾ), ਮਜੀਠ, ਚਲੂਲਾ(ਗੂੜ੍ਹ-ਲਾਲਰੰਗ), ਆਦਿਕ ਵਲ ਸੰਕੇਤ ਮਿਲਦੇ ਹਨ। ਬੇਸ਼ਕ ਗੁਰਦੇਵ ਨੇ ਬਹੁਤੇ ਫੁੱਲਾਂ ਨੂੰ ਆਪਣੇ ਅਨੁਭਵ ਦਾ ਮਾਧਿਅਮ ਨਹੀਂ ਬਣਾਇਆ, ਪਰ ਜਿਤਨੇ ਫੁੱਲਾਂ ਦਾ ਜ਼ਿਕਰ ਮਿਲਦਾ ਹੈ, ਉਹ ਅਮਰ-ਮਿਆਂ ਵਾਂਗ ਗੁਰਦੇਵ ਦੀ ਕਵਿਤਾ ਵਿੱਚੋਂ ਝਲਕਾਰੇ ਮਾਰਦੇ ਹਨ। ਉਦਾਹਰਨ ਵਜੋਂ ਕਸੁੰਭ ਜਾਂ ਕਸੁੰਭੜੇ ਰਾਹੀਂ ਗੁਰੂ ਅਮਰਦਾਸ ਨੇ ਸੰਸਾਰ ਦੇ ਛਿਣ-ਭੰਗਰੇ ਸੁੱਖਾਂ ਤੋਂ ਮਨੁੱਖ ਨੂੰ ਖ਼ਬਰਦਾਰ ਕਰਕੇ ਉਸਨੂੰ ਸਦੀਵੀ-ਅਨੰਦ ਦੀ ਢੂੰਡ-ਭਾਲ ਕਰਨ ਦੀ ਪ੍ਰੇਰਨਾ ਕੀਤੀ ਹੈ:-

ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ ।
ਇਸਕਾ ਰੰਗੁ ਦਿਨ ਥੋੜਿਆ ਛੋਛਾ ਇਸਦਾ ਮੁਲੁ ।
(ਸਿਰੀ ਰਾਗੁ ਮ:3)[6]

---

1. ਆਦਿ-ਗ੍ਰੰਥ................ਪੰਨਾ 1128
2. ਆਦਿ-ਗ੍ਰੰਥ................ਪੰਨਾ 1131
3. ਆਦਿ-ਗ੍ਰੰਥ................ਪੰਨਾ 245
4. ਆਦਿ-ਗ੍ਰੰਥ................ਪੰਨਾ 115
5. ਆਦਿ-ਗ੍ਰੰਥ................ਪੰਨਾ 311
6. ਆਦਿ-ਗ੍ਰੰਥ................ਪੰਨਾ 85

ਫਲਾਂ ਵਿੱਚੋਂ "ਤੂੰਬੜੀ" (ਕੱਦੂ) ਵਲ ਸੰਕੇਤ ਮਿਲਦਾ ਹੈ। ਗੁਰਦੇਵ ਨੇ ਤੂੰਬੜੀ ਨੂੰ ਇਕ ਥਾਂ ਗਿਆਨ ਅਤੇ ਉਸਦੀ ਵੇਲ ਨੂੰ ਜਗਤ ਦਾ ਪ੍ਰਤੀਕ ਮੰਨਿਆ ਹੈ, ਜਿਵੇਂ:-

ਜਿਨ੍ਹਾ ਵੇਲ ਨ ਤੂੰਬੜੀ ਮਾਇਆ ਠਗੇ ਠਗਿ ।
ਮਨਮੁਖ ਅੰਨ੍ਹਿ ਚਲਾਈਅਹਿ ਨਾ ਮਿਲਹੀ ਵਗਿ ਸਗਿ ।

(ਸਲੋਕ ਵਾਰਾਂ ਤੇ ਵਧੀਕ)[1]

ਹੋਰ ਫਲਾਂ ਵਿੱਚੋਂ ਕਿਸੇ ਵਿਸ਼ੇਸ਼ ਫਲ ਵਲ ਸੰਕੇਤ ਨਹੀਂ ਮਿਲਦਾ, ਵੈਸੇ "ਅੰਮ੍ਰਿਤ-ਫਲ" ਅਤੇ "ਬਿਖ-ਫਲ" ਆਦਿਕ ਸੰਕੇਤ ਅਧਿਆਤਮਕ-ਅਰਥ ਰੱਖਦੇ ਹੋਏ ਵੀ ਗੁਰਦੇਵ ਦੀ ਫੁੱਲਾਂ ਬਾਰੇ ਪਾਰਖੂ-ਸੂਝ ਦੇ ਸੂਚਕ ਹਨ।

ਜਿੱਥੋਂ ਤਕ ਬਿਰਖਾਂ-ਬੂਟਿਆਂ ਦਾ ਸੰਬੰਧ ਏ, ਗੁਰੂ ਅਮਰਦਾਸ ਦੀ ਬਾਣੀ ਵਿੱਚ "ਚੰਦਨ" ਦੀ ਮਹਿਮਾ ਅਪਰੰਅਪਰ ਹੈ, ਪਰ ਇਹ ਚੰਦਨ ਕੋਈ ਸਾਧਾਰਨ ਬਿਰਖ-ਬੂਟਾ ਨਹੀਂ, ਸਗੋਂ ਸਤਿਸੰਗਤ ਦੀ ਛਤਰ-ਛਾਇਆ ਹੈ। ਗੁਰਦੇਵ ਲਿਖਦੇ ਹਨ:-

ਚੰਦਨ ਚੰਧ ਸੁਗੰਧ ਏ ਗੁਰੁ ਵਾਸਨਾ ਪਰਕਾਰਿ ।

(ਮਲਾਰ ਮ:3)[2]

ਇਸੇਤਰ੍ਹਾਂ ਤਰਵਰ, ਬਿਰਖ, ਡਾਲੀ ਅਤੇ ਵਾੜੀ ਆਦਿਕ ਸ਼ਬਦ ਵੀ ਆਤਮਕ-ਭੇਤਾਂ ਨੂੰ ਖੋਲ੍ਹਣ ਲਈ ਚਿੰਨ੍ਹਾਂ, ਪ੍ਰਤੀਕਾਂ ਅਤੇ ਉਪਮਾਵਾਂ ਆਦਿਕ ਦਾ ਕੰਮ ਕਰਦੇ ਹਨ।

(ੲ) <u>ਪਸ਼ੂਆਂ, ਪੰਖੀਆਂ ਅਤੇ ਕੀੜੇ-ਮਕੌੜਿਆਂ ਬਾਰੇ ਸੰਕੇਤਾਵਲੀ</u>:-

ਜੰਗਲੀ-ਜਨੌਰਾਂ ਵਿੱਚੋਂ ਹਾਥੀ ਬਾਰੇ ਕਈ ਸ਼ਬਦ ਹਨ, ਜਿਵੇਂ: ਹਸਤੀ, ਕੁੰਚਰ, , ਆਦਿਕ ਅਤੇ ਹਾਥੀ ਨੂੰ ਸਿੱਧੇ ਰਾਹ ਪਾਉਣ ਲਈ ਅੰਕੁਸ਼ ਜਾਂ ਕੁੰਡੇ ਵਲ ਭੀ ਕਈ ਥਾਈਂ ਸੰਕੇਤ ਕੀਤਾ ਗਿਆ ਹੈ। ਅਧਿਆਤਮਕ-ਅਰਥਾਂ ਲਈ ਹਾਥੀ ਮਨ ਹੈ, [illegible] ਪੀਲਕ(ਮਹਾਵਤ) ਗੁਰੂ ਅਤੇ ਕੁੰਡਾ ਗਿਆਨ ਦਾ ਪ੍ਰਤੀਕ ਹੈ। ਇਸੇਤਰ੍ਹਾਂ "ਮਿਰਗ" ਵੀ ਸਿੱਖਿਆ ਦਾ ਮਾਧਿਅਮ ਹੈ। ਸਾਧਾਰਨ ਪਸ਼ੂਆਂ ਵਿੱਚੋਂ ਢੋਰ, ਪਸੁ(ਪਸ਼ੂ), ਚਰੁ ਅਤੇ ਉਠ੍ਹਾਂ ਦਾ ਇਕੱਠ "ਵਗਿ"(ਵੱਗ) ਵੀ ਕਿਸੇ ਅਰਥ ਨੂੰ ਖੋਲ੍ਹਣ ਲਈ ਆਏ ਹਨ। ਸਗਿ(ਕੁੱਤੇ) ਵਲ ਵੀ ਇਕ ਥਾਂ ਸੰਕੇਤ ਹੈ। ਵਿਸ਼ੇਸ਼ ਪਸ਼ੂਆਂ ਵਿੱਚੋਂ ਧਉਲ(ਬਲਦ) ਵਲ ਇਸ਼ਾਰਾ ਹੈ। ਇਹ ਸਭ ਪਸ਼ੂ ਭਾਰਤ ਦੀ ਧਰਤੀ ਦੇ ਹਨ ਅਤੇ ਇਨ੍ਹਾਂ ਦੇ ਗੁਣ-ਔਗੁਣ ਅਤੇ ਸੁਭਾ-ਕਰਮ ਅਨੁਸਾਰ ਗੁਰੂ ਅਮਰਦਾਸ ਨੇ ਦੂਸਰੇ ਅਧਿਆਤਮਕ-ਕਵੀਆਂ ਵਾਂਗ ਹੀ ਮਨੁੱਖਤਾ ਨੂੰ ਬੁਰਾਈਆਂ ਵਿਰੁਧ ਟੁੰਬਿਆ ਹੈ।

ਪੰਖੀਆਂ ਵਿੱਚੋਂ ਸਭ ਤੋਂ ਸ੍ਰੇਸ਼ਟ "ਹੰਸ" ਅਤੇ ਹੰਸਾਂ ਵਿੱਚੋਂ "ਪਰਮਹੰਸ" ਬਾਰੇ ਸਤਿਕਾਰ-ਭਰੇ ਸੰਕੇਤ ਹਨ। ਹੰਸ ਦੇ ਉਲਟ ਬਗਲਾ(ਬਗੁ) ਅਤੇ "ਕਾਗ"(ਕਾਂ) ਜਾਂ "ਕੂੰਜ" ਸਭ ਮਲੀਨਤਾ ਦੇ ਪ੍ਰਤੀਕ ਹਨ ਅਤੇ ਇਹੋ ਜਿਹੀਆਂ ਮਲੀਨ-ਰੁਚੀਆਂ ਤੋਂ ਬਚਣ ਲਈ ਮਨੁੱਖ ਨੂੰ ਪ੍ਰੇਰਨਾ ਕੀਤੀ ਹੈ।

ਜਿੱਥੋਂ ਤਕ ਪੰਖੀਆਂ ਦੀ ਜੀਵ-ਆਤਮਾ ਦੀ ਚਿਤ੍ਰਕਾਰੀ ਦਾ ਸੰਬੰਧ ਹੈ, "ਚਾਤ੍ਰਿਕ" ਜਾਂ

---

1. ਆਦਿ-ਗ੍ਰੰਥ................ਪੰਨਾ 1413
2. ਆਦਿ-ਗ੍ਰੰਥ................ਪੰਨਾ 1261

ਬੰਬੀਹਾ ਪੇਸ਼ ਕੀਤਾ ਜਾ ਸਕਦਾ ਹੈ। ਬੰਬੀਹਾ (ਬਾਬੀਹਾ), ਗੁਰੂ ਅਮਰਦਾਸ ਦੀ ਕਵਿਤਾ ਵਿੱਚ ਪ੍ਰਭੂ-ਪਿਆਰ ਲਈ ਤੜਪਦੀ ਤੇ ਵਿਲਕਦੀ ਆਤਮਾ ਦਾ ਪ੍ਰਤੀਕ ਹੈ ਅਤੇ ਇਸ ਪ੍ਰਤੀਕ[1] ਨੂੰ ਗੁਰੂ ਅਮਰਦਾਸ ਨੇ ਇਤਨੀ ਸਫਲਤਾ ਨਾਲ ਉਲੀਕਿਆ ਹੈ, ਕਿ ਇਸ ਪੰਛੀ ਉਤੇ ਗੁਰਦੇਵ ਦੀ ਅਸਾਧਾਰਨ-ਸ਼ਖਸੀਅਤ ਦੀ ਮੁਹਰ ਲੱਗ ਗਈ ਹੈ।

ਕੀੜੇ-ਮਕੌੜੇ ਭੀ ਕਿਸੇ ਜੀਵਨ-ਭੇਤ ਨੂੰ ਖੋਲ੍ਹਣ ਲਈ ਆਏ ਹਨ। ਗੁਰੂ ਅਮਰਦਾਸ ਦੀ ਬਾਣੀ ਵਿੱਚ ਸਰਪ ਤੋਂ ਛੋਟੇ (ਪਤੰਗ, ਭਵਰੁ (ਭਿਰੰਗ), ਕੂੰਜੀ, ਮਿਰਗਾ ਕਾ ਜੋੜਾ, ਆਦਿਕ ਵਲ ਸੰਕੇਤ ਮਿਲਦੇ ਹਨ। ਸਰਪ ਦਾ ਭਿਆਨਕ-ਰੂਪ ਅਜਗਰ ਹੈ, ਪਰ ਗੁਰਦੇਵ ਦੀ ਬਾਣੀ ਵਿੱਚ ਸਰਪ ਮਾਇਆ ਦਾ ਪ੍ਰਤੀਕ ਹੋਣ ਕਰਕੇ ਬਹੁਤੀ ਥਾਈਂ "ਨਾਗਣੀ" ਦੇ ਸੁੰਦਰ ਤੇ ਵਲ ਛਲ ਵਾਲੇ ਸਰੂਪ ਵਿੱਚ ਮੂਰਤੀਮਾਨ ਹੈ। ਸੱਪ ਦੀ ਖੁੱਡ ਨੂੰ ਵਰਮੀ ਦਾ ਨਾਮ ਦਿੱਤਾ ਗਿਆ ਹੈ ਅਤੇ ਸੱਪ ਨੂੰ ਮਾਰਨ ਲਈ ਵਰਮੀ ਉੱਤੇ ਸੋਟੇ ਮਾਰਨ ਵਾਲਿਆਂ ਨੂੰ ਖ਼ਬਰਦਾਰ ਕੀਤਾ ਹੈ। ਦੂਜੇ ਸ਼ਬਦਾਂ ਵਿੱਚ ਗੁਰਦੇਵ ਨੇ ਮਨ ਨੂੰ ਮਾਰਨ ਲਈ ਕਰਮਕਾਂਡ ਆਦਿਕ ਉਪਾਵਾਂ ਦੀ ਥਾਂ ਗੁਰੂ ਦੀ ਸ਼ਰਨ ਨੂੰ ਪ੍ਰਾਪਤ ਕਰਨਾ **ਸਹੀ** ਰਸਤਾ ਮੰਨਿਆ ਹੈ। ਇਸਦੇ ਉਲਟ:-

ਵਰਮੀ ਮਾਰੀ ਸਾਪੁ ਨਾ ਮਰੈ ਤਿਉ ਨਿਗੁਰੇ ਕਰਮ ਕਮਾਹਿ ।
(ਵਡਹੰਸ ਕੀ ਵਾਰ ਮ:4 ਸਲੋਕ ਮ:3)[2]

(ਸ) ਸਮੇਂ ਦੀ ਗਤੀ ਨਾਲ ਸੰਬੰਧਤ ਚਿੰਨ੍ਹਾਵਲੀ:-

ਗੁਰੂ ਅਮਰਦਾਸ ਦੀ ਬਾਣੀ ਵਿੱਚ ਸਮੇਂ ਦੀ ਗਤੀ ਨੂੰ ਦਰਸਾਉਣ ਲਈ ਆਦਿ-ਜੁਗਾਦਿ, ਛੱਤੀਹ-ਜੁਗ (ਛਤੀਹ ਜੁਗ), ਚਹੁ-ਜੁਗੀ (ਸਤਿਜੁਗ, ਤ੍ਰੇਤਾ, ਦੁਆਪਰ, ਕਲਿਜੁਗ), ਵਰ੍ਹੇ (ਸਾਲ), ਮਾਹ (ਮਹੀਨੇ), ਪੰਦ੍ਰਹ ਥਿਤੀ (ਪੰਦਰ੍ਹਾਂ ਤਿਥਾਂ), ਸੱਤ ਵਾਰ (ਆਦਿਤਵਾਰਿ, ਸੋਮਵਾਰਿ, ਮੰਗਲਿਵਾਰ, ਬੁਧਵਾਰਿ, ਵੀਰਵਾਰਿ, ਸੁਕਰਵਾਰਿ, ਛਨਿਛਰਵਾਰਿ) ਅਤੇ ਦਿਨ (ਦਿਨ, ਦਿਵਸ, ਦਿਹਾੜੀ, ਦਿਹੁ), ਘੜੀ, ਪਲ, ਖਿਨ, ਰਸਾ, ਤਤਕਾਲ, ਆਦਿਕ ਸ਼ਬਦ ਮਿਲਦੇ ਹਨ। ਵਿਸ਼ੇਸ਼ਕਰ ਅੰਮ੍ਰਿਤ-ਵੇਲਾ, ਸੰਧਿਆ ਅਤੇ ਰੈਣ ਭੀ ਵਰਣਨ-ਯੋਗ ਹਨ। ਉਮਰ ਲਈ ਆਰਜਾ ਅਤੇ ਬੁਢੇਪੇ ਲਈ "ਜਰਾ" ਸ਼ਬਦ ਦਾ ਭੀ ਪ੍ਰਯੋਗ ਮਿਲਦਾ ਹੈ । ਸਮੇਂ ਦੀ ਗਤੀ ਨੂੰ ਮਾਪਣ ਲਈ ਘੜਿਆਲ ਵਲ ਸੰਕੇਤ ਭੀ ਹੈ।

(ਹ) ਰੁੱਤਾਂ-ਮੌਸਮਾਂ ਅਤੇ ਪ੍ਰਕਿਰਤਕ-ਦ੍ਰਿਸ਼ਾਂ ਦੀ ਚਿੰਨ੍ਹਾਵਲੀ:-

ਗੁਰੂ ਅਮਰਦਾਸ ਦੀ ਬਾਣੀ ਵਿੱਚ ਰੁੱਤਾਂ ਵਿਚੋਂ ਵਿਸ਼ੇਸ਼ ਕਰਕੇ "ਸਾਵਣ" ਅਤੇ "ਬਸੰਤ" ਵਲ ਸੰਕੇਤ ਮਿਲਦੇ ਹਨ। ਬੱਦਲ ਨੂੰ "ਜਲਨਿਧਿ", "ਮੇਘ" ਅਤੇ "ਮੇਘਲਾ" ਭੀ ਆਖਿਆ ਗਿਆ ਹੈ। ਪਰ ਬੱਦਲਾਂ ਦੀ ਵਰਖਾ ਅਤੇ ਬਸੰਤ ਦੇ ਖੇੜੇ ਤੋਂ ਇੱਥੇ ਭਾਵ ਕੇਵਲ ਬਾਹਰਮੁਖੀ-ਸੁੰਦਰਤਾ ਦਾ ਨਜ਼ਾਰਾ ਨਹੀਂ, ਸਗੋਂ ਕੁਦਰਤ ਦੇ ਸੀਨੇ ਵਿੱਚ ਕਾਦਰ ਦਾ ਦਿਲ **ਧੜਕਦਾ** ਸੁਣਾਈ ਦਿੰਦਾ ਹੈ। ਬੱਦਲ ਲਈ

---

1. ਆਦਿ-ਗ੍ਰੰਥ.................... ਪੰਨਾ 1281 ਤੋਂ 1285 ਅਤੇ 1419-20
2. ਆਦਿ-ਗ੍ਰੰਥ.................... ਪੰਨਾ 588

ਘਾਖੀਂ ਪ੍ਰਕ੍ਰਿਆ ਦਾ ਪ੍ਰਤੀਕ ਬਣਦਾ ਹੈ। ਦਰਸ-ਪਿਆਸੀ-ਰੂਹ ਕਦੇ ਬੰਬੀਹੇ(ਪਪੀਹੇ) ਵਾਂਗ ਤੜਪਦੀ ਹੈ ਤੇ ਕਦੇ ਮੋਰ ਵਾਂਗ ਵਰਖਾ ਦੇ ਰਾਗ ਵਿੱਚ ਵਿਛ ਜਾਂਦੀ ਹੈ। ਜਿਸੋਤਰ੍ਹਾਂ ਸਾਹਿਤ ਦੇ ਖੇਤਰ ਵਿੱਚ ਸਤ-ਸਾਹਿਤ-ਰੂਪੀ-ਪਰਮਾਤਮਾ ਦਾ ਆਪਣਾ ਪ੍ਰਕਾਸ਼ ਝਲਕਾਰੇ ਮਾਰਦਾ ਹੈ।

ਆਕਾਸ਼, ਪਾਤਾਲ, ਚੰਨ, ਸੂਰਜ, ਧਰਤੀ, ਜਲ, ਥਲ, ਸਮੁੰਦਰ(ਸਾਗਰ, ਰੈਣਾਇਰ), ਫੇਨ(ਝੱਗ), ਬੁਦਬੁਦਾ(ਬੁਲਬੁਲਾ), ਬੂੰਦ ਅਤੇ ਲਹਿਰ, ਆਦਿਕ ਸ਼ਬਦਾਂ ਦੀ ਆਤਮਾ ਭੀ ਅਧਿਆਤਮਕ-ਅਰਥਾਂ ਨੂੰ ਖੋਲ੍ਹਦੀ ਪ੍ਰਤੀਤ ਹੁੰਦੀ ਹੈ। ਪਰ ਗੁਰੂ ਅਮਰਦਾਸ ਦੀ ਪ੍ਰਕ੍ਰਿਤੀ-ਵਾਚਕ ਸ਼ਬਦਾਵਲੀ ਅਧਿਆਤਮਕ-ਅਰਥਾਂ ਦੀ ਧਾਰਨੀ ਹੁੰਦੀ ਹੋਈ ਭੀ ਪੰਜਾਬ ਦੇ ਪਿੰਡਾਂ, ਖੇਤਾਂ, ਫਸਲਾਂ, ਰੁੱਖਾਂ, ਬਿਰਖਾਂ, ਬੂਟਿਆਂ, ਘਾਹਾਂ ਤੇ ਫੁੱਲਾਂ, ਫਲਾਂ ਤੋਂ ਬਿਨਾ ਪਸ਼ੂਆਂ-ਪੰਛੀਆਂ ਦੇ ਐਹੋ ਜਿਹੇ ਸੁੰਦਰ ਚਿਤ੍ਰ ਉਲੀਕਦੀ ਹੈ, ਕਿ ਸਾਨੂੰ ਗੁਰਦੇਵ ਦੀ ਕਿਰਸਾਣੀਆਂ-ਪ੍ਰਕਰਤੀ ਅਤੇ ਸੁਰੱਜੀ ਸ਼ਬਦ-ਚੋਣ ਦੀ ਦਾਦ ਦੇਣੀ ਪੈਂਦੀ ਹੈ।

ਹੇਠ ਲਿਖੀਆਂ ਤੁਕਾਂ ਵਿੱਚ ਕਈ ਸ਼ਬਦ ਸੰਗੀਤ, ਨਿਰਤ, ਅਤੇ ਚਿਤ੍ਰਕਾਰੀ ਦੇ ਤਾਲਾਂ ਅਤੇ ਰੰਗਾਂ ਨਾਲ ਨੱਚਦੇ, ਟੱਪਦੇ ਤੇ ਗਾਉਂਦੇ ਹੋਏ ਅਲੌਕਿਕ-ਰਾਗ ਦਰਸਾਉਂਦੇ ਪ੍ਰਤੀਤ ਹੁੰਦੇ ਹਨ। ਊਨਵਿ ਊਨਵਿ ਆਇਆ, ਝਿਮਿ ਝਿਮਿ ਅੰਮ੍ਰਿਤੁ ਵਰਸਦਾ, ਵੁਠਾ ਛਹਬਰ ਲਾਇ, ਭਿੰਨੀ-ਰੈਨ, ਛਾਵ-ਪਾਣੀ, ਗੂੜੀ ਛਹਬਰਾਇ, ਵਡਭੈ ਝਾਲਿ ਝਲੰਭਲੈ ਅਤੇ ਖੇਤ ਮਿਆਲਾ ਹੋਈਆਂ, ਆਦਿਕ ਦਾ ਵਰਣਨ ਜਿੱਥੇ ਪੰਦਰ੍ਹਵੀਂ-ਸੋਲ੍ਹਵੀਂ ਸਦੀ ਵਿੱਚ ਪੰਜਾਬੀ ਬੋਲੀ ਦੀ ਸਮਰੱਥਾ ਨੂੰ ਦਰਸਾਉਂਦਾ ਹੈ, ਉੱਥੇ ਗੁਰੂ ਅਮਰਦਾਸ ਦੀ ਅਨੁਭਵ-ਅਨੁਕੂਲ ਸ਼ਬਦ-ਚੋਣ ਦੀ ਭੀ ਸਾਖੀ ਭਰਦਾ ਹੈ।

ਨਿਮਨ-ਲਿਖਤ ਤੁਕਾਂ ਵਿੱਚੋਂ ਕੁਝ ਵਾਕੰਸ਼ਾਂ ਤੋਂ ਪ੍ਰਭਾਵਤ ਹੋ ਕੇ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਆਦਿਕ ਕਵੀਆਂ ਨੇ ਉਹਨਾਂ ਨੂੰ ਆਪਣੀ ਕਵਿਤਾ ਰਾਹੀਂ ਉਸੇ ਰੂਪ ਵਿੱਚ ਹੀ ਅਪਣਾਇਆ ਜਾਪਦਾ ਹੈ। ਇਸੇ ਵਿੱਚ ਗੁਰੂ ਅਮਰਦਾਸ ਦੀ ਕਾਵਿ-ਕਲਾ ਦੀ ਵਡਿਆਈ ਹੈ। ਕੁਝ ਇਕ ਤੁਕਾਂ ਹਾਜ਼ਰ ਹਨ:-

(ੳ) ਊਨਵਿ ਊਨਵਿ ਆਇਆ ਅਵਰਿ ਕਰੇਂਦਾ ਵੰਨ ।
(ਅ) ਊਨਵਿ ਊਨਵਿ ਆਇਆ ਵਰਸੈ ਲਾਇ ਝੜੀ ।
(ਵਾਰ ਮਲਾਰ ਮ:1 ਸ਼ਲੋਕ ਮ:3)[1]
(ੲ) ਝਿਮਿ ਝਿਮਿ ਅੰਮ੍ਰਿਤੁ ਵਰਸਦਾ...........(ਸ਼ਲੋਕ ਵਾਰਾਂ ਤੋਂ ਵਧੀਕ)[2]
(ਸ) ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ ।
(ਹ) ਇੰਦੁ ਵਰਸੈ ਦਇਆ ਕਰਿ ਗੂੜ੍ਹੀ ਛਹਬਰ ਲਾਇ ।
(ਵਾਰ ਮਲਾਰ ਮ:1 ਸ਼ਲੋਕ ਮ:3)[3]
(ਕ) ਸਾਜੇ ਕੁੰਡਾ ਝੋਕਿ ਵਰਸਦਾ..............(ਸ਼ਲੋਕ ਵਾਰਾਂ ਤੋਂ ਵਧੀਕ)[4]
(ਖ) ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ ।
(ਗ) ਭਿੰਨੀ ਰੈਨਿ ਚਮਕਿਆ ਵੁਠਾ ਛਹਬਰ ਲਾਇ ।
(ਵਾਰ ਮਲਾਰ ਮ:1 ਸ਼ਲੋਕ ਮ:3)[5]

---

1. ਆਦਿ-ਗ੍ਰੰਥ...........ਪੰਨਾ 1280
2. ਆਦਿ-ਗ੍ਰੰਥ...........ਪੰਨਾ 1420
3. ਆਦਿ-ਗ੍ਰੰਥ...........ਪੰਨਾ 1281
4. ਆਦਿ-ਗ੍ਰੰਥ...........ਪੰਨਾ 1419
5. ਆਦਿ-ਗ੍ਰੰਥ...........ਪੰਨਾ 1282

(ਘ) ਘਰਿ ਢੁਠਾ ਮਲੁ ਲਹੁ ਮਤੁ ਪਰਵਣੈ ਸਭੁ ਜਗੁ ਦਰਿਆਵਹੁ ਹੋਇ ।
(ਸਲੋਕ ਵਾਰਾਂ ਤੋਂ ਵਧੀਕ)[1]

(ਙ) ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ ।
ਮਹਲ ਭਗਤੀ ਘਰਿ ਸਰੈ ਸਜਣ ਪਾਹੁਣਿਅਉ ।
ਬਰਸਨਾ ਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ ।
(ਗੂਜਰੀ ਕੀ ਵਾਰ ਮ:3)[2]

(ਚ) ਵਣਹੈ ਝਾਗਿ ਝਲੁੰਭਲੈ.................. (ਸਲੋਕ ਵਾਰਾਂ ਤੋਂ ਵਧੀਕ)[3]

(ਛ) ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ।( " " " )[3]

(ਜ) ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ।
(ਸਿਰੀ ਰਾਗੁ ਮ:3)[4]

(ਝ) ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ।( " " " )[4]

(ਞ) ਮਾਹਾ ਰੁਤੀ ਮਹਿ ਸਦ ਬਸੰਤੁ ।
ਜਿਤੁ ਹਰਿਆ ਸਭੁ ਜੀਅ ਜੰਤੁ ।
(ਬਸੰਤ ਮ:3)[5]

(ਟ) ਛਾਵ ਘਣੀ ਫੂਲੀ ਬਨਰਾਇ ।...... (ਬਸੰਤ ਮ:3)[6]

(ਠ) ਸਾਵਣ ਸਰਸੀ ਕਾਮਣੀ.............. (ਵਾਰ ਮਲਾਰ ਮ:1 ਸਲੋਕ ਮ:3)[7]

*.*.*.*.*.*.*.*.*.*.*.*.*.*.

---
1. ਆਦਿ-ਗ੍ਰੰਥ.....................ਪੰਨਾ 1420
2. ਆਦਿ-ਗ੍ਰੰਥ.....................ਪੰਨਾ 517
3. ਆਦਿ-ਗ੍ਰੰਥ.....................ਪੰਨਾ 1420
4. ਆਦਿ-ਗ੍ਰੰਥ.....................ਪੰਨਾ 66
5. ਆਦਿ-ਗ੍ਰੰਥ.....................ਪੰਨਾ 1172
6. ਆਦਿ-ਗ੍ਰੰਥ.....................ਪੰਨਾ 1174
7. ਆਦਿ-ਗ੍ਰੰਥ.....................ਪੰਨਾ 1285

## ਪੰਜਵਾਂ ਅਧਿਆਇ

### ਗੁਰੂ ਅਮਰਦਾਸ ਦੀ ਕਵਿਤਾ ਵਿੱਚ "ਪ੍ਰਤੀਕ"

ਪ੍ਰਤੀਕ ਜਾਂ "ਸਿੰਬਲ"( Symbol ) ਦਾ ਮੂਲ ਯੂਨਾਨੀ-ਭਾਸ਼ਾ ਦੇ ਸ਼ਬਦ "ਸਿੰਬੋਲੋਨ" ( Symbolon )[1] ਜਾਂ "ਸਿੰਬੋਲੀਅ" ( Symbollin )[2] ਵਿੱਚ ਲੱਭਿਆ ਜਾ ਸਕਦਾ ਹੈ। ਐਰਿਕ ਕੈਹਲਰ[3] ਦੇ ਕਥਨ ਅਨੁਸਾਰ ਉਪਰੋਕਤ ਸ਼ਬਦ ਦਾ ਯੂਨਾਨੀ-ਭਾਸ਼ਾ ਵਿੱਚ ਅਰਥ ਹੈ "ਇਕੱਠੇ ਆਉਣਾ ਜਾਂ ਇਕੱਠੇ ਲਿਆਉਣਾ"। ਇਨਸਾਈਕਲੋਪੀਡੀਆ ਬ੍ਰਿਟੈਨੀਕਾ[4] ਅਨੁਸਾਰ "ਪ੍ਰਤੀਕ ਤੋਂ ਭਾਵ ਕੋਈ ਦ੍ਰਿਸ਼ਟ-ਪਦਾਰਥ ਹੈ, ਜੋ ਮਨ ਦੀ ਕਿਸੇ ਅਦ੍ਰਿਸ਼ਟ-ਅਵੱਸਥਾ ਦੀ ਪ੍ਰਤਿਨਿਧਤਾ ਕਰਦਾ ਹੈ।" ਦੂਜੇ ਸ਼ਬਦਾਂ ਵਿੱਚ ਪ੍ਰਤੀਕ ਅੰਤਰਮੁਖੀ ਅਤੇ ਬਾਹਰਮੁਖੀ ਮਨ ਵਿਚਲੀ ਖਾਈ ਉਤੇ ਇਕ ਪੁਲ ਹੈ। ਰੋਲੋ ਮੇ[5] ਦੇ ਕਥਨ ਅਨੁਸਾਰ ਇਸਦਾ ਜਨਮ ਚੇਤਨ ਅਤੇ ਅਚੇਤ ਦੇ ਸੰਵਾਦ ਦੁਆਰਾ ਹੁੰਦਾ ਹੈ। ਅਚੇਤ-ਮਨ ਦੇ ਮੁੱਢਲੇ-ਸੰਸਕਾਰਾਂ ਦੀ ਡੂੰਘਾਈ "ਮਾਂ" ਬਣ ਕੇ ਅਤੇ ਸਮਕਾਲੀ-ਪ੍ਰਸਥਿਤੀਆਂ ਵਿੱਚ ਵਿਅਕਤੀ ਦੀ ਚੇਤਨ-ਹੋਂਦ "ਪਿਉ" ਬਣ ਕੇ ਪ੍ਰਤੀਕ ਦੇ ਨਕਸ਼ ਉਲੀਕਦੇ ਹਨ। ਰੋਲੋ ਮੇ[6] ਨੇ ਐਰਿਕ ਕੈਹਲਰ ਦਾ ਹਵਾਲਾ ਦਿੰਦੇ ਹੋਇਆਂ ਡਾ:ਫਰਾਇਡ ਅਤੇ ਡਾ:ਯੁੰਗ ਆਦਿਕ ਮਨੋਵਿਗਿਆਨੀਆਂ ਦੀ ਸੁਪਨ-ਵਿਆਖਿਆ ਜਾਂ ਮਨੋ-ਵਿਸ਼ਲੇਸ਼ਣ ਨਾਲ ਸੰਬੰਧਤ ਪ੍ਰਤੀਕਾਂ ਨੂੰ ਮਾਨਸਿਕ-ਰੋਗੀਆਂ ਦੇ ਰੋਗਾਂ ਦੀਆਂ ਇਲਾਮਤਾਂ ਆਖ ਕੇ ਆਲੋਚਨਾ ਕੀਤੀ ਹੈ। ਜੋ ਜਿੱਥੋਂ ਤਕ ਅਧਿਆਤਮਕ ਜਾਂ ਰਹੱਸਵਾਦੀ-ਕਵਿਤਾ ਦਾ ਸੰਬੰਧ ਹੈ, ਡਾ:ਫਰਾਇਡ ਆਦਿਕ ਮਨੋ-ਵਿਗਿਆਨੀਆਂ ਦਾ ਪ੍ਰਤੀਕਵਾਦ ਸਾਡੀ ਸਹਾਇਤਾ ਨਹੀਂ ਕਰਦਾ ਜਾਪਦਾ। ਸਰੀਰਕ ਲੋੜਾਂ, ਥੋੜ੍ਹਾਂ, ਦੁੱਖਾਂ, ਭੁੱਖਾਂ, ਲੋਚਨਾਵਾਂ, ਭਟਕਣਾਵਾਂ ਅਤੇ ਉਦਗਾਰਾਂ ਵਿੱਚ ਗੁੱਝੇ ਮਾਨਸਿਕ-ਰੋਗੀ-ਨੁਮਾ-ਕਵੀਆਂ ਦੇ ਸੁਪਨਿਆਂ ਅਤੇ ਆਤਮਕ-ਮਿਲਾਪ ਲਈ ਤੜਪਦੇ ਰਹੱਸਵਾਦੀ-ਕਵੀਆਂ ਦੀ ਕਲਪਨਾ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਇਸ ਅੰਤਰ ਨੂੰ ਸਨਮੁਖ ਨਾ ਰੱਖਣ ਕਰਕੇ ਕਈ ਆਧੁਨਿਕ ਆਲੋਚਕਾਂ ਨੇ ਰਹੱਸਵਾਦੀ-ਕਵਿਤਾ ਵਿਚਲੇ ਪ੍ਰਤੀਕਾਂ ਨੂੰ ਸਰੀਰਕ-ਅਰਥ ਦੇਣ ਦੀ ਗ਼ਲਤੀ ਕੀਤੀ ਹੈ। ਪਰ ਇੰਜ ਕਰਨਾ ਰਹੱਸਵਾਦੀ-ਸਾਹਿਤ ਨਾਲ ਅਨਿਆਂ ਕਰਨਾ ਹੈ। ਜਾਹਨ ਸੀਨੀਅਰ[7] ਨੇ ਸ਼ਾਇਦ ਇਸੇ ਲਈ ਇਹੋ ਜਿਹੇ ਮਨੋ-ਵਿਗਿਆਨੀਆਂ, ਮਾਨਵ-ਵਿਗਿਆਨੀਆਂ ਅਤੇ ਸਮਾਜ-ਵਿਗਿਆਨੀਆਂ ਨੂੰ "ਨਾਸੇ ਮਾਸਟਰ" ਆਖ ਕੇ ਵਿਅੰਗ ਕੀਤਾ ਹੈ।

---

1. The Encyclopaedia Americana, 1957, Vol. XXVI, P. 159
2) Erich Kahler- The Nature of Symbol-(Chapter included in Rollo
&) May's book, entitled "Symbolism in Religion and literature"
3) (Edited), New York, 1960, P. 17
4. The Encyclopaedia Brittanica-Vol. XXI, P. 700
5. Rollo May- Symbolism in Religion and Literature, 1960, P. 19
6. Rollo May- Ibid., Pages 14-18
7. John Senior- The Way Down and Out (The Occult in Symbolist Literature), New York, 1959, P. 1

ਐਵਲਿਨ ਅੰਡਰਹਿਲ[1] ਨੇ ਸੰਕੀਰਣ ਆਲੋਚਕਾਂ ਨੂੰ ਅਜਿਹੇ ਜਾਨਵਰਾਂ ਨਾਲ ਉਪਮਾ ਦਿੱਤੀ ਹੈ, ਜੋ ਆਪ ਤਾਂ ਕਦੇ ਧਰਤੀ ਦੀ ਤੰਗ ਵਲਗਣ ਤੋਂ ਬਾਹਰ ਨਹੀਂ ਨਿਕਲੇ, ਪਰ ਡੂੰਘੇ-ਪਾਣੀਆਂ ਵਿੱਚ ਤੈਰਨ ਵਾਲੇ ਜਹਾਜ਼ਰਾਨਾਂ ਦੇ ਸਮੁੰਦਰੀ-ਨਕਸ਼ਿਆਂ ਨੂੰ ਬੇਤੁੱਕੇ ਅਤੇ ਮਨੁੱਖੀ-ਸਮਝ ਤੋਂ ਬਾਹਰਲੀਆਂ ਗੱਲਾਂ ਆਖ ਕੇ ਤਿਊੜੀ ਵੱਟਦੇ ਹਨ।

ਇਸਦਾ ਇਹ ਭਾਵ ਨਹੀਂ, ਕਿ ਅਧਿਆਤਮਕ ਜਾਂ ਰਹੱਸਵਾਦੀ ਕਵਿਤਾ ਦਾ ਦਿਸਦੇ-ਜੀਵਨ ਨਾਲ ਕੋਈ ਸੰਬੰਧ ਨਹੀਂ, ਸਗੋਂ ਇਸਦੇ ਉਲਟ ਗੁਰੂ ਅਮਰਦਾਸ ਵਰਗੇ ਸੰਤ-ਕਵੀ ਤਾਂ ਦਿਸਦੇ-ਜਗਤ ਨੂੰ "ਹਰਿ ਕਾ ਰੂਪ" ਅਤੇ ਮਨੁੱਖੀ-ਸਰੀਰ ਨੂੰ "ਹਰਿਮੰਦਰ" ਮੰਨਦੇ ਹਨ। ਰਹੱਸਵਾਦੀ-ਅਨੁਭਵ ਦੀ ਵਿਸ਼ੇਸ਼ਤਾ ਸਮਾਜਿਕ-ਜੀਵਨ ਨੂੰ ਆਤਮਕ-ਸੱਚੇ ਵਿੱਚ ਢਾਲਣ ਦੀ ਪ੍ਰੇਰਨਾ ਕਰਨਾ ਹੈ। ਪਾਲ ਟਿਲਿਕ[2] ਦੇ ਸ਼ਬਦਾਂ ਵਿੱਚ "ਧਾਰਮਕ-ਪ੍ਰਤੀਕ" ਵਿੱਚ ਦੂਸਰੇ ਪ੍ਰਤੀਕਾਂ ਨਾਲੋਂ ਇਕ ਵਿਸ਼ੇਸ਼ਤਾ ਵਧੇਰੇ ਹੁੰਦੀ ਹੈ। ਜੋ ਵਧੇਰੇ ਵਾਲੀ ਗੱਲ ਇਹੋ ਜਾਪਦੀ ਹੈ, ਕਿ ਧਾਰਮਕ ਜਾਂ ਆਤਮਕ-ਪ੍ਰਤੀਕ ਦਿਸਦੇ-ਸੱਚ (ਜਿਸਨੂੰ ਕਈ ਰਹੱਸਵਾਦੀਆਂ ਨੇ ਸੁਪਨਾ ਆਖਿਆ ਹੈ) ਤੋਂ ਅਗੇਰੇ "ਅਣਦਿਸਦੇ ਸੱਚ" ਦੀ ਪ੍ਰਤਿਨਿਧਤਾ ਕਰਦੇ ਹਨ। ਸਿਤਾਰਿਆਂ ਤਕ ਹਰ ਕੋਈ ਵੇਖ ਸਕਦਾ ਹੈ, ਪਰ ਕੋਈ ਇਕਬਾਲ[3] ਜਦੋਂ ਇਹ ਆਖਦਾ ਹੈ, ਕਿ "ਸਿਤਾਰੋਂ ਕੇ ਆਗੇ ਜਹਾਂ ਔਰ ਭੀ ਹੈਂ", ਤਾਂ ਸਾਨੂੰ ਦਿਸਦੇ ਤੋਂ ਅਣਦਿਸਦੇ ਵਲ ਉਡਣ ਦੀ ਪ੍ਰੇਰਨਾ ਹੁੰਦੀ ਹੈ।

ਪਰ ਸਿਤਾਰਿਆਂ ਤੋਂ ਪਾਰ ਹਰ ਕੋਈ ਨਹੀਂ ਜਾ ਸਕਦਾ । ਆਤਮਕ-ਮੰਡਲਾਂ ਦੇ ਭੇਤ ਕੇਵਲ ਉਹੀ ਜਾਣ ਸਕਦਾ ਹੈ, ਜਿਸਨੇ ਉਨ੍ਹਾਂ ਮੰਡਲਾਂ ਵਿੱਚ ਕਦੇ ਪ੍ਰਵੇਸ਼ ਕੀਤਾ ਹੋਵੇ । ਦੂਜੇ ਆਤਮਕ-ਮੰਡਲਾਂ ਦਾ ਕੇਂਦਰ "ਬ੍ਰਹਮ" ਜਾਂ ਪਾਰਬ੍ਰਹਮ, ਅਮਰ, ਅਜੋਨੀ, ਅਸੀਮ, ਅਗੋਚਰ, ਅਦ੍ਰਿਸ਼ਟ ਅਤੇ ਅਨੂਪਮ ਹੈ। ਸ਼ੰਕਰਆਚਾਰੀਆ[4] ਤੋਂ ਬ੍ਰੈਡਲੇ[5] ਤਕ ਲਗਪਗ ਸਾਰੇ ਫਿਲਾਸਫਰਾਂ ਨੇ ਦ੍ਰਿਸ਼ਟਮਾਨ ਦੇ ਕਿਸੇ ਭੀ ਪਦਾਰਥ ਨੂੰ ਬ੍ਰਹਮ ਦੇ ਤੁੱਲ ਨਹੀਂ ਮੰਨਿਆ। ਫਿਰ ਅਣਦਿਸਦੇ ਆਤਮਕ-ਸੱਚ ਦਾ ਨਿਤਾਰਾ ਕਿਵੇਂ ਹੋਵੇ? ਸ਼ੁਕਰ ਹੈ, ਕੁਝ ਇਕ ਸੰਤਾਂ, ਭਗਤਾਂ ਅਤੇ ਬ੍ਰਹਮ-ਗਿਆਨੀਆਂ ਦਾ, ਜਿਨ੍ਹਾਂ ਆਤਮਕ-ਅਨੁਭਵ ਦੇ ਪ੍ਰਗਟਾਉ ਲਈ ਦ੍ਰਿਸ਼ਟਮਾਨ ਦੇ ਪਦਾਰਥਾਂ ਨੂੰ ਪ੍ਰਤੀਕ ਬਣਾਇਆ, ਤਾਂ ਜੋ ਹਨੇਰੇ ਵਿੱਚ ਭਟਕਦੀਆਂ-ਰੂਹਾਂ ਨੂੰ ਕੋਈ ਸੇਧ ਮਿਲ ਸਕੇ। ਸੋ ਬੇਸ਼ੱਕ ਰਹੱਸਵਾਦੀ-ਕਵਿਤਾ ਵਿਚਲੇ ਬਿੰਬ ਅਤੇ ਪ੍ਰਤੀਕ ਪਰਮ-ਸੱਚ ਪਾਰਬ੍ਰਹਮ ਦੀ ਪੂਰੀ ਤਰ੍ਹਾਂ ਪ੍ਰਤਿਨਿਧਤਾ ਨਹੀਂ ਭੀ ਕਰਦੇ, ਫੇਰ ਭੀ ਕਿਸੇ ਹੱਦ ਤਕ ਉਹ ਦੁਨੀਆਂ ਦੇ ਕਾਲੇ-ਰਾਹ ਉੱਤੇ ਜਗਮਗਾਉਂਦੀਆਂ-ਮਿਸ਼ਾਲਾਂ ਵਾਂਗ ਮਾਰਗ ਦੇ ਪਾਂਧੀਆਂ ਨੂੰ ਸਦਾ ਰਾਹ ਵਿਖਾਉਂਦੇ ਰਹਿਣਗੇ।

ਜਿੱਥੋਂ ਤਕ ਗੁਰੂ ਅਮਰਦਾਸ ਜੀ ਬਾਣੀ ਦਾ ਸੰਬੰਧ ਹੈ, ਇਸ ਵਿੱਚ ਪ੍ਰਤੀਕਾਂ ਦਾ ਪ੍ਰਯੋਗ ਕਲਾ

---

1. Evelyn Underhill- Mysticism-,1957,P.125
2. Paul Tillich- The Religious Symbol-(Chapter included in Rollo May's book,entitled "Symbolism in Religion and Literature" 1960,P.70
3. Sir Mohd.Iqbal(Famous Urdu poet,author of Bang-i-Dira,etc.)
4. Refer N.K.Devaraja,D.Litt.-An Introduction to Shankara's Theory of Knowledge,1962.
5. Refer F.H.Bradley- Appearances & Truth and Reality, etc.

[illegible] ਦੀ ਪੂਰਨਸੂਰਤੀ ਵਜੋਂ ਤੁਰੰਤੇ ਤੌਰ ਤੇ ਨਹੀਂ ਹੋਇਆ, ਸਗੋਂ ਸਹਿਜ-ਸੁਭਾ ਕਿਤੇ ਕਿਤੇ ਕੋਈ ਪ੍ਰਤੀਕ ਅਲੰਕਾਰਾਂ ਦੀ ਥਾਂ ਮੌਲਕਾ ਪ੍ਰਤੀਕ ਹੁੰਦਾ ਹੈ। ਵੈਸੇ ਭਗਤੀ-ਕਾਲ ਦੇ ਦੂਸਰੇ ਸੰਤ-ਕਵੀਆਂ ਵਾਂਗ ਗੁਰੂ ਅਮਰਦਾਸ ਦੀ ਕਵਿਤਾ ਵਿੱਚ ਭੀ ਆਮ ਕਰਕੇ ਉਪਮਾ, ਦ੍ਰਿਸ਼ਟਾਂਤ ਅਤੇ ਰੂਪਕ ਆਦਿਕ ਅਲੰਕਾਰ ਹੀ ਪ੍ਰਧਾਨ ਹਨ। ਅਲੰਕਾਰਾਂ ਦੇ ਉਲਟ ਪ੍ਰਤੀਕ ਦਾ ਸਭ ਤੋਂ ਵੱਡਾ ਗੁਣ ਉਸਦੇ ਸੁਝਾਊਪਣੇ ਵਿੱਚ ਹੈ। ਪਰ ਇਹ ਸੁਝਾਊਪਣਾ ਇਸ ਹੱਦ ਤਕ ਸਾਹ-ਘੁੱਟਵਾਂ ਨਹੀਂ ਹੋਣਾ ਚਾਹੀਦਾ, ਕਿ ਵਾਈਟਹੈਡ[1] ਦੇ ਸ਼ਬਦਾਂ ਵਿੱਚ ਮੋਟੀ-ਬੁੱਧੀ ਦੇ ਸੀਦਿਆਂ ਨੂੰ ਇਹ ਆਖਣ ਉਤੇ ਮਜਬੂਰ ਹੋਣਾ ਪਵੇ, "ਅਸੀਂ ਤੱਥ ਮੰਗਦੇ ਹਾਂ, ਨਾ ਕਿ ਪ੍ਰਤੀਕ"। ਆਦਿ-ਗ੍ਰੰਥ ਦੇ ਗੁਰੂਆਂ ਅਤੇ ਭਗਤਾਂ, ਵਿਸ਼ੇਸ਼ ਕਰਕੇ ਗੁਰੂ ਅਮਰਦਾਸ ਦੀ ਕਵਿਤਾ ਵਿੱਚ ਵਰਤੇ ਗਏ ਪ੍ਰਤੀਕਾਂ ਦੀ ਇਹ ਵਿਸ਼ੇਸ਼ਤਾ ਹੈ, ਕਿ ਇਨ੍ਹਾਂ ਰਾਹੀਂ ਸੱਚ ਨੂੰ ਜੰਦਰਾ ਨਹੀਂ ਵੱਜਦਾ। ਇਸ ਵਿਸ਼ੇਸ਼ਤਾ ਦੇ ਦੋ ਕਾਰਨ ਹਨ। ਪਹਿਲਾ ਇਹ, ਕਿ ਗੁਰੂ ਅਮਰਦਾਸ ਨੇ ਮਾਨਸਿਕ ਅਤੇ ਆਤਮਕ-ਭਾਵਾਂ ਦੇ ਅਨੁਕੂਲ ਬਹੁਤ ਢੁੱਕਵੇਂ ਪ੍ਰਤੀਕਾਂ ਦੀ ਚੋਣ ਕੀਤੀ ਹੈ। ਦੂਜਾ ਇਹ, ਕਿ ਪ੍ਰਤੀਕਾਂ ਨਾਲ ਸੰਬੰਧਤ ਪਦਾਰਥ ਜਾਂ ਵਸਤੂ ( ਜੋ ਪ੍ਰਤੀਕ ਦੀ ਉਸਾਰੀ ਵਿੱਚ ਇੱਟਾਂ ਥਾਪੜੇ ਹਨ) ਅਸਾਧਾਰਨ, ਓਪਰੇ ਅਤੇ ਦੁਰਲੱਭ ਨਹੀਂ, ਸਗੋਂ ਪੰਜਾਬ ਦੇ ਘਰੋਗੀ-ਜੀਵਨ ਜਾਂ ਸਮਾਜਕ ਅਤੇ ਪ੍ਰਾਕ੍ਰਿਤਕ ਆਲੇ-ਦੁਆਲੇ ਵਿੱਚ ਵੇਖੇ ਜਾ ਸਕਦੇ ਹਨ, ਜਿਵੇਂ:-

ਘਰ, ਗੁਫਾ, ਮਹਲ, ਕੋਟ(ਕਿਲ੍ਹਾ), ਨਉਦਰ(ਨਉ ਦਰਵਾਜ਼ੇ), ਕੁੰਜੀ, ਪੇਈਅੜੈ(ਪੇਕਾ ਘਰ), ਸਾਹੁਰੈ(ਸਹੁਰਾ ਘਰ), ਕਾਮਣੀ, ਕੰਤ, ਸੋਹਾਗਣਿ, ਦੋਹਾਗਣਿ, ਸੁਹਾਵੇਸ, ਸੇਜ, ਬੇੜ, ਬੀਜ, ਫੁੱਲ, ਫਲ, ਤਰਵਰ(ਬਿਰਖ), ਪੰਖੇਰੂ, ਕਮਲ, ਮਉਰ, ਵੇਲ, ਤੂੰਬੜੀ, ਖੂਹਟਾ, (ਖੂਹ), ਪਨਿਹਾਰੀ, ਨਾਗ, ਕੂੰਜ, ਬਾਬੀਹਾ(ਪਪੀਹਾ), ਮੀਨ, ਪਤੰਗਾ, ਸੱਪ, ਵਰਮੀ (ਸੱਪ ਦੀ ਖੁੱਡ), ਨਾਗਣੀ, ਵਿਸਟਾ ਦਾ ਕੀੜਾ, ਚੌਪੜ ਦੀ ਖੇਡ ਨਾਲ ਸੰਬੰਧਤ ਨਰਦਾਂ (ਕਚੀ ਪਕੀ ਸਾਰੀ), ਮੂਲ, ਸਾਖ(ਡਾਲੀ), ਸਉਦਾ, ਵਖਰ, ਹਟ(ਹੱਟੀ), ਵਣਜ, ਵਾਪਾਰ, ਰਾਸ, ਧਨ, ਲਾਹਾ, ਹਾਟਿ(ਦੁਕਾਨ), ਵਿਖ, ਅੰਮ੍ਰਿਤ, ਅੰਧੇਰਾ, ਚਾਨਣ, ਕਾਜਲ, ਸਮੁੰਦਰ(ਭੈਸਾਗਰ), ਉਰਵਾਰ, ਪਾਰ, ਧਰਤੀ, ਬੋਹਿਥ, ਮਲਾਹ, ਕਮਾਵਣੀ, XXXX, ਕੋਠਾ, ਕੰਚਨ, ਮਜੂਰ, ਮਾਣਕ, ਰਤਨ, ਪਰਹਿ(ਪਰਾਲੀ), ਖੋਟੇ, ਖਰੇ, ਖਜ਼ਾਨਾ, ਢਾਲ, ਵਸਤੂ, ਨੀਂਦ, ਜਾਗਣ, ਜੋਤਿ(ਇਲਾਹੀ-ਜੋਤਿ), ਆਦਿਕ।

"ਪਾਰਸ", ਜਿਸਦਾ ਪ੍ਰਯੋਗ ਗੁਰੂ ਅਮਰਦਾਸ ਅਤੇ ਅਨੇਕਾਂ ਹੋਰ ਦੇਸੀ ਅਤੇ ਵਿਦੇਸ਼ੀ ਕਵੀਆਂ ਨੇ ਕੀਤਾ ਹੈ, ਬੇਸ਼ਕ ਕਿਤੇ ਦਿਖਾਈ ਨਹੀਂ ਦਿੰਦਾ, ਪਰ ਇਸਨੂੰ ਸਮਝਣਾ ਭੀ ਲੋਕਾਂ ਲਈ ਔਖਾ ਨਹੀਂ, ਕਿਉਂਕਿ ਪਾਰਸ ਦੀ ਮਹਿਮਾ ਬਹੁਤ ਹੋ ਚੁੱਕੀ ਹੈ। ਇਸੇਤਰ੍ਹਾਂ ਦਸਮ-ਦੁਆਰ ਅਤੇ ਬਜਰ-ਕਪਾਟ ਆਦਿਕ ਪ੍ਰਤੀਕ ਭੀ ਬੇਸ਼ਕ ਆਤਮਕ-ਅਵੱਸਥਾਵਾਂ ਦੇ ਹਨ, ਪਰ ਦੁਆਰ ਅਤੇ ਕਪਾਟ ਸ਼ਬਦ ਆਮ ਲੋਕਾਂ ਦੀ ਸਮਝ ਵਿੱਚ ਇਕਦਮ ਆ ਜਾਂਦੇ ਹਨ, ਕਿਉਂਕਿ ਇਹ ਦੁਆਰ ਤੇ ਕਪਾਟ ਅਸੀਂ ਆਪਣੀਆਂ ਅੱਖਾਂ ਨਾਲ ਵੇਖ ਸਕਦੇ ਹਾਂ।

ਉਪਰੋਕਤ ਪ੍ਰਤੀਕ ਗੁਰੂ ਅਮਰਦਾਸ ਦੀ ਬਾਣੀ ਵਿੱਚ ਜਿਹੜੀਆਂ ਵੱਖ ਵੱਖ ਮਾਨਸਿਕ ਜਾਂ ਆਤਮਕ ਅਵੱਸਥਾਵਾਂ ਦੇ ਪ੍ਰਤਿਨਿਧ ਹਨ, ਉਨ੍ਹਾਂ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਕੁਝ ਇਕ ਮਹਿਆਰੀ-

---

1. A. N. Whitehead- Uses of Symbolism-(Chapter included in Rollo May's Book "Symbolism in Religion and Literature", P. 233).

ਨੁਕਤਿਆਂ ਵਲ ਸੰਕੇਤ ਕਰਨਾ ਜ਼ਰੂਰੀ ਹੈ। ਮੁੱਢਲੀ ਗੱਲ, ਗੁਰੂ ਅਮਰਦਾਸ ਦੀ ਕਵਿਤਾ ਵਿਚਲੇ ਪ੍ਰਤੀਕ "ਪ੍ਰਮਾਰਥਵਾਦੀ ਸਤਿਆਚਾਰਕ ਪ੍ਰਤੀਕ" ਹਨ। ਪ੍ਰਮਾਰਥਵਾਦੀ ਸਤਿਆਚਾਰਕ ਪ੍ਰਤੀਕਾਂ ਤੋਂ ਸਾਡਾ ਭਾਵ ਇਹ ਹੈ, ਕਿ ਗੁਰਦੇਵ ਦੇ ਪ੍ਰਤੀਕਾਂ ਦੀ ਸੇਧ ਮਨੁੱਖ ਨੂੰ ਪ੍ਰਮਾਰਥ ਦੀ ਪ੍ਰੇਰਨਾ ਕਰਨਾ ਹੈ। ਕਿਉਂਕਿ ਗੁਰਦੇਵ ਦੇ ਪ੍ਰਤੀਕ ਮਨੁੱਖ ਨੂੰ ਸ੍ਰਿਸ਼ਟੀ ਦੇ ਕੇਂਦਰ ਅਰਥਾਤ ਪ੍ਰਮਾਤਮਾ ਨਾਲ ਜੋੜਨ ਦਾ ਸੁਝਾਉ ਦਿੰਦੇ ਹਨ ਅਤੇ ਇਹ ਜੀਵਨ ਦੀਆਂ ਬੁਨਿਆਦੀ-ਕੀਮਤਾਂ (ਜੋ ਸਦੀਆਂ ਵਿੱਚ ਭੀ ਨਹੀਂ ਬਦਲਦੀਆਂ) ਨੂੰ ਕਾਇਮ ਰੱਖਣ ਦਾ ਉਪਦੇਸ਼ ਕਰਦੇ ਹਨ, ਇਸਨਲਈ ਇਨ੍ਹਾਂ ਨੂੰ "ਕੇਂਦਰੀ-ਪ੍ਰਤੀਕ" ਭੀ ਆਖਿਆ ਜਾ ਸਕਦਾ ਹੈ। ਆਧੁਨਿਕ-ਯੁੱਗ ਦੀ ਬਹੁਤੀ ਕਵਿਤਾ ਖਿੰਡਰੀ-ਸੁਰਤ ਵਿੱਚੋਂ ਉਪਜੀ ਹੈ। ਇਸਨਲਈ ਆਧੁਨਿਕ-ਯੁੱਗ ਦੇ ਬਹੁਤੇ **ਪ੍ਰਤੀਕਵਾਦੀ** ਮਨੁੱਖਤਾ ਨੂੰ ਕੇਂਦਰ ਨਾਲ ਜੋੜਨ ਵਾਲੇ ਪ੍ਰਤੀਕ ਨਹੀਂ ਘੜ ਸਕੇ। ਸੋ ਜਦੋਂ ਕਦੇ ਭੀ ਮਨੁੱਖ ਨੂੰ ਬੁਨਿਆਦੀ-ਕੀਮਤਾਂ ਦਾ ਪਿਆਰ ਜਾਗਿਆ, ਗੁਰੂ ਅਮਰਦਾਸ, ਗੁਰੂ ਨਾਨਕ ਅਤੇ ਇਹੋ ਜਿਹੇ ਹੋਰ ਆਦਰਸ਼ਵਾਦੀ ਕਵੀਆਂ ਪਾਸੋਂ ਉਸਨੂੰ ਨਵੀਂ ਤਾਕਤ ਮਿਲੇਗੀ।

ਗੁਰੂ ਅਮਰਦਾਸ ਰਚਿਤ ਪ੍ਰਤੀਕਾਂ ਦੀ ਵੱਡੀ ਵਡਿਆਈ ਭੁੱਲੇ ਭਟਕੇ ਇਨਸਾਨਾਂ ਨੂੰ ਸਿੱਧੇ ਰਾਹ ਪਾਉਣਾ ਹੈ। ਮਨੁੱਖ ਬੇਸ਼ੱਕ ਕਿਤਨਾ ਨੀਚ, ਕਪਟੀ ਅਤੇ ਗੁਨਾਹਗਾਰ ਕਿਉਂ ਨਾ ਹੋਵੇ, ਗੁਰਬਾਣੀ ਉਸਦੇ ਕੰਨ ਖਿੱਚ ਕੇ ਸਿੱਧੇ-ਰਾਹ ਭੀ ਜ਼ਰੂਰ ਪਾਉਂਦੀ ਹੈ। ਉਦਾਹਰਨ ਵਜੋਂ ਹੇਠ ਲਿਖੀਆਂ ਤੁਕਾਂ ਵਿੱਚ ਖੰਨਲੀ, ਮਨੂਰ ਅਤੇ ਮਾਰੂ ਆਦਿਕ ਸ਼ਬਦ ਮਨੁੱਖ ਦੀ ਅਧੋਗਤੀ ਦੇ ਪ੍ਰਤੀਕ ਹਨ, ਪਰ ਕੰਚਨ ਅਤੇ ਸੀਤਲ ਹੋਵੇਂ ਆਤਮਕ-ਵਿਕਾਸ ਦੀਆਂ ਨਿਸ਼ਾਨੀਆਂ ਹਨ:-

(ੳ) ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ।
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ।
(ਸੋਰਠ ਕੀ ਵਾਰ ਮ:4 ਸਲੋਕ ਮ:3)[1]

(ਅ) ਮਨੂਰੈ ਤੇ ਕੰਚਨ ਭਏ ਭਾਗੀ ਗੁਰੁ ਪਾਰਸੁ ਮੇਲਿ ਮਿਲਾਇ ।
(ਸੋਰਠ ਮ:3)[2]

(ੲ) ਮਾਰੂ ਤੇ ਸੀਤਲੁ ਕਰੇ ਮਨੂਰਹੁ ਕੰਚਨੁ ਹੋਇ ।
(ਮਾਰੂ ਮ:3)[3]

ਇਸੇਤਰ੍ਹਾਂ "ਜਗਤ ਜਲੰਦਾ" ਤ੍ਰਿਸ਼ਨਾ ਦੀ ਅੱਗ ਵਿੱਚ ਸੜ ਰਹੇ ਸੰਸਾਰ ਦਾ ਪ੍ਰਤੀਕ ਹੈ ਅਤੇ "ਦੁਆਰ" ਅਮਨ ਦੇ ਪੈਗੰਬਰ ਗੁਰੂ ਦਾ ਚਿੰਨ੍ਹ ਹੈ।

ਵੀਹਵੀਂ ਸਦੀ ਦੇ ਚਿੰਤਕਾਂ ਅਤੇ ਕਵੀਆਂ ਨੇ ਭਾਂ ਸਮਕਾਲੀ ਭੁੱਖ, ਨੰਗ, ਬੇਕਾਰੀ, ਜੰਗ ਅਤੇ ਕਈ ਹੋਰ ਤਰ੍ਹਾਂ ਦੇ ਡਰ-ਚਿੰਤਾ ਦੀਆਂ ਤਸਵੀਰਾਂ ਉਲੀਕੀਆਂ ਹਨ, ਪਰ ਉਨ੍ਹਾਂ ਦੀਆਂ ਤਸਵੀਰਾਂ ਮਨੁੱਖਤਾ ਵਿੱਚ ਆਸ਼ਾਵਾਦ ਦਾ ਸੰਚਾਰ ਕਰਨ ਦੀ ਥਾਂ ਨਿਰਾਸ਼ਾਵਾਦ ਦਾ xxx ਪ੍ਰਭਾਵ ਵਧੇਰੇ ਉਪਜਾਉਂਦੀਆਂ ਹਨ।

---

1. ਆਦਿ-ਗ੍ਰੰਥ......................ਪੰਨਾ 651
2. ਆਦਿ-ਗ੍ਰੰਥ......................ਪੰਨਾ 638
3. ਆਦਿ-ਗ੍ਰੰਥ......................ਪੰਨਾ 994

ਆਧੁਨਿਕ ਚਿੰਤਕਾਂ ਅਤੇ ਰਾਜਨੀਤੀ-ਆਗੂਆਂ ਵਿੱਚ ਪਰੇਸ਼ਾਨੀ ਨੇ ਭੀ ਉਨ੍ਹਾਂ ਦੀਆਂ ਅੱਖਾਂ ਉਤੇ ਪੱਟੀ ਬੰਨ੍ਹ ਛੱਡੀ ਹੈ ਤੇ ਉਹ ਆਪਣੇ ਧੜੇ ਜਾਂ ਪਾਰਟੀ ਤੋਂ ਬਾਹਰ ਕਿਸੇ ਨੇਕ ਕੰਮ ਦਾ ਵਿਸ਼ਵਾਸ ਹੀ ਨਹੀਂ ਕਰ ਸਕਦੇ। ਇਸਲਈ ਉਨ੍ਹਾਂ ਦੇ ਰਚੇ ਪ੍ਰਤੀਕ ਭੀ ਛੋਟੇ-ਛੋਟੇ ਇਨਸਾਨਾਂ ਨੂੰ ਉਚੇਰੇ ਅਧਿਆਤਮਕ-ਆਦਰਸ਼ਾਂ ਵਲ ਪ੍ਰੇਰਨ ਦੀ ਥਾਂ ਜੋੜ-ਤੋੜ, ਆਦਿਕ ਨਾਵੇਂ ਧਾਰੇ ਦੀਆਂ ਰੁਚੀਆਂ ਵਲ ਉਤਰਨ ਲਈ ਉਕਸਾਉਂਦੇ ਹਨ ਜਾਂ ਫਿਰ ਉਨ੍ਹਾਂ ਨੂੰ ਅਣ-ਆਵੱਸ਼ਕ ਪਾਤਰਾਂ ਵਾਂਗ ਰੰਗ-ਮੰਚ ਦੇ ਪਿਛਲੇ ਪਾਸੇ ਵੱਲ ਧੱਕ ਦਿੱਤਾ ਜਾਂਦਾ ਹੈ। ਆਧੁਨਿਕ-ਯੁੱਗ ਦੇ ਸਾਹਿਤ ਦੁਆਰਾ ਰਚੇ ਗਏ ਪ੍ਰਤੀਕਾਂ ਦਾ ਸਭ ਤੋਂ ਵੱਡਾ ਦੋਸ਼ ਇਹੋ ਹੈ, ਕਿ ਇਨ੍ਹਾਂ ਦੁਆਰਾ ਛੋਟੇ-ਛੋਟੇ ਮਨੁੱਖ ਨੂੰ ਆਪਣੇ ਪੁਰਾਣੇ-ਅਸਲੇ ਦੀ ਪਛਾਣ ਨਹੀਂ ਹੁੰਦੀ। ਰੋਲੋ ਮੇ[1] ਦੇ ਕਥਨ ਅਨੁਸਾਰ "ਪ੍ਰਾਚੀਨ ਪ੍ਰਮਾਰਥਵਾਦੀ-ਅਧਿਆਤਮਕ-ਪ੍ਰਤੀਕ ਮਾਨਸਿਕ-ਸੰਕਟ ਵਿੱਚ ਫਸੇ ਮਨੁੱਖ ਦਾ ਸਹਾਰਾ ਸਨ, ਪਰ ਆਧੁਨਿਕ-ਯੁੱਗ ਵਿੱਚ ਉਹ ਪ੍ਰਤੀਕ ਪ੍ਰਚਲਤ ਨਹੀਂ ਰਹੇ ਅਤੇ ਸੰਕਟ ਵਿੱਚ ਫਸੇ ਮਨੁੱਖ ਦਾ ਮਾਨਸਿਕ-ਸੰਘਰਸ਼ ਹੋਰ ਭੀ ਤਿੱਖਾ ਹੋ ਗਿਆ ਹੈ। ਅਜਿਹਾ ਮਨੁੱਖ ਮਾਨਸਿਕ-ਡਰ, ਚਿੰਤਾ ਅਤੇ ਗੁਨਾਹ ਦੀ ਮੁਸ਼ਕਲ ਦਾ ਸ਼ਿਕਾਰ ਹੈ। ਉਸਨੂੰ ਆਪਣੇ ਅਸਲੇ ਦੀ ਪਛਾਣ ਨਹੀਂ।"

ਜੇ ਆਪਣੇ ਅਸਲੇ ਦੀ ਪਛਾਣ ਲਈ ਮਨੁੱਖ ਨੂੰ ਸ੍ਰੀ ਗੁਰੂ ਅਮਰਦਾਸ ਵਰਗੇ ਸੰਤ-ਕਵੀਆਂ ਦੀ ਬਾਣੀ ਦਾ ਹੀ ਸਹਾਰਾ ਲੈਣਾ ਪਵੇਗਾ ਅਤੇ ਪਰੇਸ਼ਾਨੀ ਤੋਂ ਉੱਚਿਆਂ ਉਠਣ ਲਈ ਵੀ ਉਸੇ ਦਰ ਤੋਂ ਹੀ ਪ੍ਰੇਰਨਾ ਮਿਲੇਗੀ, ਕਿਉਂਕਿ ਗੁਰੂ ਅਮਰਦਾਸ ਨੇ ਲਿਖਿਆ ਹੈ:-

(ੳ) ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ।
(ਆਸਾ ਮ:3)[2]

(ਅ) ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ।
(ਬਿਲਾਵਲ ਕੀ ਵਾਰ ਮ:4 ਸਲੋਕ ਮ:3)[3]

ਰੋਲੋ ਮੇ[4], ਪਾਲ ਟਿਲਿਕ[5] ਅਤੇ ਮਾਲਿਨੋਵਿਸਕੀ[6] ਆਦਿਕ ਵਿਚਾਰਵਾਨਾਂ ਨੇ ਠੀਕ ਲਿਖਿਆ ਹੈ, ਕਿ ਧਰਮਾਂ ਦੀ ਕਲਾ, ਵਿਗਿਆਨ, ਇਤਿਹਾਸ-ਗਿਆਨ, ਅਤੇ ਧਾਰਮਿਕ-ਸਿਧਾਂਤਾਂ ਦਾ ਪ੍ਰਗਟਾਉ ਪ੍ਰਮਾਰਥਵਾਦੀ ਅਧਿਆਤਮ ਦੇ ਬੁਨਿਆਦੀ-ਪ੍ਰਤੀਕਾਂ ਅਤੇ ਮਿਥਿਹਾਸ ਦੁਆਰਾ ਹੋਇਆ ਹੈ। ਸਾਰੰਸ਼ ਇਹ ਹੈ, ਕਿ ਪ੍ਰਮਾਰਥਵਾਦੀ-ਅਧਿਆਤਮਕ-ਪ੍ਰਤੀਕ ਮਨੁੱਖਤਾ ਦੇ ਭਲੇ ਨਾਲ ਸੰਬੰਧਿਤ ਸਦੀਵੀ-ਕੀਮਤਾਂ ਦੇ ਧਾਰਨੀ ਹਨ। ਇਸੇਲਈ ਅਸਾਂ ਆਖਿਆ ਹੈ, ਕਿ ਗੁਰੂ ਅਮਰਦਾਸ ਆਦਿਕ ਸੰਤ-ਕਵੀਆਂ ਦੀ ਬਾਣੀ ਦੁਆਰਾ ਰਚੇ ਗਏ ਪ੍ਰਤੀਕ ਸਦਾ ਮਨੁੱਖਤਾ ਨੂੰ ਸੇਧ ਵਿਖਾਉਂਦੇ ਰਹਿਣਗੇ।

ਪਰ ਪ੍ਰਤੀਕ ਅਤੇ "ਚਿੰਨ੍ਹ" ਵਿੱਚ ਕਾਫ਼ੀ ਫ਼ਰਕ ਹੈ। ਭਾਰਤ ਵਿੱਚ ਸਾਹਿਤ ਅਤੇ ਧਰਮ ਦੇ ਕਈ ਵਿਆਖਿਆਕਾਰਾਂ ਨੇ ਇਸ ਫ਼ਰਕ ਨੂੰ ਅਜੇ ਤਾਈਂ ਪਛਾਣਿਆ ਨਹੀਂ ਜਾਪਦਾ। ਜੇ ਇਸ ਬਾਰੇ

---

1. Rollo May- Symbolism in Religion and Literature-1960, P.33

2. ਆਦਿ-ਗ੍ਰੰਥ....................ਪੰਨਾ 441
3. ਆਦਿ-ਗ੍ਰੰਥ....................ਪੰਨਾ 853

4. Rollo May, Paul Tillich and Malinowski- Quoted in Rollo May's book "Symbolism in Religion and Literature, P.22-28

ਕੁਝ ਵਿਸਥਾਰ ਦੀ ਲੋੜ ਹੈ। ਇਕ ਚੰਗੇ ਪ੍ਰਤੀਕ ਦੀ ਪਛਾਣ ਉਸਦੀ ਰੂਪ-ਰੇਖਾ ਦੀ ਥਾਂ ਉਸ ਵਿਚਲੀ ਪ੍ਰੇਰਨਾ-ਸ਼ਕਤੀ ਦੁਆਰਾ ਹੋ ਸਕਦੀ ਹੈ। ਇਸਦੇ ਉਲਟ ਚਿੰਨ੍ਹ ਇਕ ਨਿਰਪੱਖ ਸੰਕੇਤ ਹੈ, ਜਿਸ ਵਿੱਚ ਪ੍ਰੇਰਨਾ ਦਾ ਅਭਾਵ ਹੈ। ਰੋਲੋ ਮੇ[1] ਦੇ ਸ਼ਬਦਾਂ ਵਿੱਚ "ਜਦੋਂ ਤਕ ਕੋਈ ਸ਼ਬਦ ਸਾਨੂੰ ਕੀਲ ਲੈਣ ਦੀ ਆਪਣੀ ਮੈਜਿਕ-ਸ਼ਕਤੀ ਸੰਭਾਲੀ ਰਖਦਾ ਹੈ, ਉਹ ਪ੍ਰਤੀਕ ਹੈ, ਪਰ ਜਦੋਂ ਉਸਦੀ ਕੀਲਣ-ਸ਼ਕਤੀ ਗੁਆਚ ਜਾਂਦੀ ਹੈ, ਉਹ ਪ੍ਰਤੀਕ ਤੋਂ ਫਿੱਕਾ ਪੈ ਕੇ ਕੇਵਲ ਇਕ ਚਿੰਨ੍ਹ ਬਣ ਕੇ ਰਹਿ ਜਾਂਦਾ ਹੈ। ਪਾਲ ਟਿਲਿਕ[2] ਨੇ ਵੀ ਪ੍ਰਤੀਕ ਦੀ ਅੰਤ੍ਰੀਵ-ਸ਼ਕਤੀ ਕਰਕੇ ਹੀ ਉਸਨੂੰ ਚਿੰਨ੍ਹ ਨਾਲੋਂ ਨਿਖੇੜਿਆ ਹੈ।"ਪ੍ਰਤੀਕ ਦੀ ਬਣਤਰ" ਦੇ ਲੇਖਕਾਂ[3] ਅਨੁਸਾਰ ਵੀ "ਚਿੰਨ੍ਹ" ਕਾਰਜ ਜਾਂ ਘਟਨਾ ਦੀ ਪ੍ਰਤਿਨਿਧਤਾ ਕਰਨ ਦੀ ਥਾਂ ਉਸ ਵਲ ਕੇਵਲ ਸੰਕੇਤ ਕਰਦਾ ਹੈ। ਐਰਿਕ ਕੈਹਲਰ[4] ਨੇ ਧਾਰਮਕ ਜਾਂ ਸੰਪ੍ਰਦਾਇਕ ਮੂਰਤੀਆਂ ਨੂੰ ਪ੍ਰਤੀਕ ਵੀ ਆਖਿਆ ਹੈ, ਪਰ ਨਾਲ ਹੀ ਉਨ੍ਹਾਂ ਨੂੰ ਚਿੰਨ੍ਹਾਂ ਤੋਂ ਵੱਧ ਮਹੱਤਵ ਨਹੀਂ ਦਿੱਤਾ। ਦੂਜੇ ਸ਼ਬਦਾਂ ਵਿੱਚ ਉਸਨੇ ਸੰਬੰਧਤ ਮੂਰਤੀਆਂ ਨੂੰ ਨਿਪੁੰਨ-ਪ੍ਰਤੀਕ ਨਹੀਂ ਮੰਨਿਆ। ਨਿਪੁੰਨ ਜਾਂ ਕਲਾਮਈ-ਪ੍ਰਤੀਕ ਕਵੀ-ਮਨ ਦੀ ਕਰਤਾਰੀ-ਸ਼ਕਤੀ ਦਾ ਚੇਤੰਨ-ਅਮਲ ਹੈ। ਇਹ ਕਿਸੇ ਧਰਮ ਜਾਂ ਸੰਪ੍ਰਦਾਏ ਦੀਆਂ ਦੇਵ-ਮੂਰਤੀਆਂ ਦੀ ਫੋਟੋ ਉਤਾਰਨ ਦਾ ਹੁਨਰ ਨਹੀਂ, ਸਗੋਂ ਕਲਪਨਾ ਦੇ ਰੰਗਾਂ ਨਾਲ ਉਲੀਕਿਆ ਸੂਖਮ-ਕਲਾ ਦਾ ਟੋਟਾ ਹੈ, ਜੋ ਮਨ ਜਾਂ ਜੀਵ-ਆਤਮਾ ਦੀ ਕਿਸੇ ਅੰਤ੍ਰੀਵ-ਅਵੱਸਥਾ ਦਾ ਪ੍ਰਤਿਨਿਧ ਹੈ।

ਉਪਰੋਕਤ ਵਿਚਾਰਾਂ ਦੀ ਸੇਧ ਅਨੁਸਾਰ, ਗੁਰੂ ਅਮਰਦਾਸ ਦੀ ਬਾਣੀ ਵਿੱਚ ਭਾਰਤ ਦੇ ਵੱਖ ਵੱਖ ਧਰਮਾਂ ਤੇ ਸੰਪ੍ਰਦਾਵਾਂ ਦੇ ਚਿੰਨ੍ਹਾਂ ਬਾਰੇ ਜੋ ਸੰਕੇਤ ਮਿਲਦੇ ਹਨ, ਉਨ੍ਹਾਂ ਨੂੰ ਪ੍ਰਤੀਕਾਂ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ। ਪ੍ਰਤੀਕ ਦੀ ਵਿਸ਼ੇਸ਼ਤਾ ਉਸਦੀ ਪ੍ਰੇਰਨਾ-ਸ਼ਕਤੀ ਵਿੱਚ ਹੈ। ਪਰ ਦਰਸ਼ਕ ਜਾਂ ਸਰੋਤੇ ਵਿੱਚ ਸ਼ਰਧਾ ਤੋਂ ਬਿਨਾ ਕੋਈ ਵੀ ਪ੍ਰਤੀਕ ਉਸ ਵਿੱਚ ਕਿਸੇ ਭਾਵ ਦੀ ਪ੍ਰੇਰਨਾ ਨਹੀਂ ਜਗਾ ਸਕਦਾ। ਇਹ ਇਕ ਬੁਨਿਆਦੀ-ਨੁਕਤਾ ਹੈ, ਜਿਸਨੂੰ ਅੱਖੋਂ ਉਹਲੇ ਕਰਨ ਨਾਲ ਦੂਸਰੇ ਧਰਮਾਂ ਜਾਂ ਸੰਪ੍ਰਦਾਵਾਂ ਦੇ ਅਨੁਯਾਈਆਂ ਨਾਲ ਅਣਿਆਏ ਹੋ ਜਾਣ ਦਾ ਡਰ ਹੈ। ਸੋ ਕਿਸੇ ਵੀ ਪ੍ਰਤੀਕ ਦੀ ਸ਼ਕਤੀ ਦਾ ਅਨੁਮਾਨ ਉਸ ਨਾਲ ਸੰਬੰਧਤ ਜਾਤੀ, ਕੌਮ ਜਾਂ ਦੇਸ਼ ਵਲੋਂ ਮਿਲੀ ਪ੍ਰਵਾਨਗੀ ਦੁਆਰਾ ਹੀ ਲਗਾਇਆ ਜਾ ਸਕਦਾ ਹੈ। ਪਾਲ ਟਿਲਿਕ[5] ਨੇ ਇਸੇਲਈ ਪ੍ਰਤੀਕ ਦੀਆਂ ਵਿਸ਼ੇਸ਼ਤਾਈਆਂ ਦਾ ਵਰਣਨ ਕਰਦੇ ਹੋਇਆਂ "ਸਮਾਜ ਵਲੋਂ ਪ੍ਰਵਾਨਗੀ" ਦੇ ਮਹੱਤਵ ਨੂੰ ਵੀ ਦਰਸਾਇਆ ਹੈ। ਪਾਲ ਟਿਲਿਕ ਦੇ ਵਿਚਾਰ ਅਨੁਸਾਰ ਇਹ ਆਖਣਾ ਠੀਕ ਨਹੀਂ, ਕਿ ਕੋਈ ਵਸਤੂ ਜਾਂ ਪਦਾਰਥ ਕਵੀ ਜਾਂ ਕਲਾਕਾਰ ਦੇ ਸੰਕੇਤ ਕਰਨ ਨਾਲ ਹੀ ਪ੍ਰਤੀਕ ਬਣ ਜਾਂਦਾ ਹੈ।

ਪਰ ਪਰਵਾਨਗੀ ਜਾਂ ਅਪ੍ਰਵਾਨਗੀ ਦਾ ਇਕ ਹੋਰ ਪੱਖ ਵੀ ਹੈ। ਉਦਾਹਰਨ ਵਜੋਂ ਜਦੋਂ ਕਿਸੇ

---

1. Rollo May-Symbolism in Religion and Literature-1960, P.17
2. Paul Tillich- The Religious Symbol-(Chapter included in Rollo May's book.....Ibid., P.77
3. Heinz Werner & Bernard Kaplan- Symbol Formation-, London 1963, Pages 13-14
4. Erich Kahler- The Nature of the Symbol-(Chapter included in Rollo May's book.. ...Ibid., P.61
5. Paul Tillich- Ibid., P.77

ਧਰਮ ਜਾਂ ਕੌਮ ਦੇ ਅਨੁਯਾਈਆਂ ਵਿੱਚ ਆਤਮਕ ਜਾਂ ਸਦਾਚਾਰਕ ਨਿਘਾਰ ਆ ਜਾਂਦਾ ਹੈ, ਤਾਂ ਸਦੀਆਂ ਤੋਂ ਚਲੇ ਆ ਰਹੇ ਸਭਿਆਚਾਰਕ-ਪ੍ਰਤੀਕ ਪ੍ਰੇਰਨਾ ਕਰਨੋਂ ਅਸਮਰਥ ਹੋ ਜਾਂਦੇ ਹਨ। ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੇ ਯੁੱਗ ਵਿੱਚ ਵੀ ਭਾਰਤ ਦੇ ਵੱਖ ਵੱਖ ਧਰਮਾਂ ਦੇ ਅਨੁਯਾਈਆਂ ਵਿੱਚ ਇਹ ਨਿਘਾਰ ਆ ਚੁੱਕਾ ਸੀ। ਆਦਿ-ਗ੍ਰੰਥ ਦੇ ਗੁਰੂਆਂ ਅਤੇ ਭਗਤ-ਕਵੀਆਂ ਦੀ ਬਾਣੀ ਵਿੱਚ ਵੀ ਇਸ ਗੱਲ ਦੇ ਕਾਫ਼ੀ ਪ੍ਰਮਾਣ ਮਿਲਦੇ ਹਨ। ਗੁਰੂ ਅਮਰਦਾਸ ਅਤੇ ਗੁਰੂ ਨਾਨਕ ਆਦਿਕ ਕਵੀਆਂ ਦੀ ਇਸ ਵਿੱਚ ਵਡਿਆਈ ਹੈ, ਕਿ ਉਨ੍ਹਾਂ ਸਮਕਾਲੀ-ਦੇਸ਼ਵਾਸੀਆਂ ਨੂੰ ਆਤਮਕ-ਨਿਘਾਰ ਦਾ ਅਹਿਸਾਸ ਕਰਵਾ ਕੇ ਨਾਲ ਹੀ ਉਨ੍ਹਾਂ ਦੇ ਧਾਰਮਕ-ਚਿੰਨ੍ਹਾਂ ਦੇ ਅੰਤ੍ਰੀਵ-ਅਰਥ ਸਪਸ਼ਟ ਕਰਵਾਏ । ਗੁਰੂ ਅਮਰਦਾਸ ਜੀ ਬਾਣੀ ਵਿੱਚ ਵਿਸ਼ੇਸ਼ ਕਰਕੇ ਨਾਥ-ਜੋਗੀਆਂ ਨੂੰ ਇਸ ਬਾਰੇ ਸੁਚੇਤ ਕੀਤਾ ਹੈ। ਇਸ ਵਿੱਚ ਸ਼ੱਕ ਨਹੀਂ, ਕਿ ਗੁਰੂ ਅਮਰਦਾਸ ਨਾਥ-ਪੰਥੀਆਂ ਦੇ ਉਲਟ ਗੁਰੂ ਨਾਨਕ ਦੁਆਰਾ ਸਥਾਪਿਤ ਗੁਰਮਤਿ-ਮਾਰਗ ਦੇ ਪ੍ਰਤਿਨਿਧ ਸਨ, ਪਰ ਭਗਤੀ ਦੁਆਰਾ ਸਹਜ-ਅਨੰਦ ਨੂੰ ਪ੍ਰਾਪਤ ਹੋਣ ਕਰਕੇ ਉਹ ਯੋਗ (ਪ੍ਰਭੂ ਨਾਲ ਮਿਲਾਪ ਹੋਣਾ) ਦੇ ਅੰਤ੍ਰੀਵ-ਅਰਥ ਨੂੰ ਸਮਝਦੇ ਸਨ। ਦੂਜੇ ਨਾਥ-ਪੰਥੀਆਂ ਦਾ ਉਹਨੀਂ ਦਿਨੀਂ ਪੰਜਾਬ ਅਤੇ ਉੱਤਰੀ-ਭਾਰਤ ਦੇ ਕਈ ਹੋਰ ਇਲਾਕਿਆਂ ਵਿੱਚ ਵੀ ਕਾਫ਼ੀ ਬੋਲ-ਬਾਲਾ ਸੀ ਅਤੇ ਨਾਥ-ਪੰਥੀਆਂ ਦੇ ਭੇਖ-ਪ੍ਰਧਾਨ ਚਿੰਨ੍ਹਾਂ ਅਤੇ ਪ੍ਰਤੀਕਾਂ ਬਾਰੇ ਗੁਰੂ ਅਮਰਦਾਸ ਨੂੰ ਜਾਣਕਾਰੀ ਹੋਣਾ ਸੁਭਾਵਕ ਸੀ। ਉਦਾਹਰਣ ਵਜੋਂ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਕੁਝ ਇਕ ਤੁਕਾਂ ਪੇਸ਼ ਕੀਤੀਆਂ ਜਾਂਦੀਆਂ ਹਨ :-

(ੳ) ਐਸੀ ਕਿੰਗੁਰੀ ਵਜਾਇ ਜੋਗੀ। ਜਿਤੁ ਕਿੰਗੁਰੀ ਅਨਹਦੁ ਵਾਜੈ
ਹਰਿ ਸਿਉ ਰਹੈ ਲਿਵ ਲਾਇ । 1 । ਰਹਾਉ ।
ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ ।
ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ । 2 ।
ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ ।
ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ । 3 ।
(ਰਾਮਕਲੀ ਮ:3 ਅਸਟਪਦੀਆ)[1]

(ਅ) ਭਉ ਭਾਉ ਦੁਇ ਪਤ ਲਾਇ ਜੋਗੀ ਇਹੁ ਸਰੀਰੁ ਕਰ ਡੰਡੀ ।
ਗੁਰਮੁਖਿ ਹੋਵਹਿ ਤਾ ਤੰਤੀ ਵਾਜੈ ਇਨਬਿਧਿ ਤ੍ਰਿਸਨਾ ਖੰਡੀ ।
(ਰਾਮਕਲੀ ਮ:3 ਅਸਟਪਦੀਆ)[1]

(ੲ) ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗਰੀ ਵਜਾਇ ।

(ਸ) ਸਿਵਨਗਰੀ ਮਹਿ ਆਸਣਿ ਬੈਸੈ ਗੁਰਸਬਦੀ ਜੋਗੁ ਪਾਈ ।
ਧਾਤੁਰਬਾਜੀ ਸਬਦਿ ਨਿਵਾਰੇ ਨਾਮ ਵਸੈ ਮਨਿ ਆਈ ।

(ਹ) ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ ।
(ਰਾਮਕਲੀ ਮ:3)[2]

(ਕ) ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ ।
(ਰਾਮਕਲੀ ਮ:3)[3]

---

1. ਆਦਿ-ਗ੍ਰੰਥ..................ਪੰਨਾ 908
2. ਆਦਿ-ਗ੍ਰੰਥ..................ਪੰਨਾ 909
3. ਆਦਿ-ਗ੍ਰੰਥ..................ਪੰਨਾ 910

ਉਪਰੋਕਤ ਢੰਗ ਦੀ ਪ੍ਰੇਰਨਾ ਜੇਕਰ ਮਿਲ ਸਕੇ, ਤਾਂ ਸੰਬੰਧਿਤ ਚਿੰਨ੍ਹ ਆਪਣੀ ਸ਼ਕਤੀ ਦੁਆਰਾ ਪ੍ਰਤੀਕ ਬਣ ਜਾਂਦੇ ਹਨ, ਪਰ ਜੇਕਰ ਇਸਦੇ ਉਲਟ **ਉਹ** ਭੇਖ ਜਾਂ ਬਾਹਰਲਾ-ਵਿਖਾਵਾ ਬਣ ਕੇ ਰਹਿ ਜਾਣ, ਤਾਂ ਆਤਮਕ-ਵਿਕਾਸ ਨਹੀਂ ਹੁੰਦਾ । ਗੁਰੂ ਅਮਰਦਾਸ ਨੇ ਇਹੋ ਜਿਹੀ ਹਠ-ਜੋਗੀਆਂ ਅਤੇ ਕਰਮ-ਕਾਂਡੀਆਂ ਨੂੰ ਤਾੜਨਾ ਭੀ ਕੀਤੀ ਹੈ, ਕਿ:-

(ੳ) ਸਿਧਾਂ ਦੇ ਆਸਣਿ ਜੇ ਸਿਖੈ ਇੰਦ੍ਰੀ ਵਸਿ ਕਰ ਕਮਾਇ ।
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ।
(ਵਡਹੰਸ ਮ:3)[1]

(ਅ) ਕਰਮਕਾਂਡ ਬਹੁ ਕਰਹਿ ਅਚਾਰ । ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ।
(ਗਉੜੀ ਗੁਆਰੇਰੀ ਮ:3)[2]

ਜੇਕਰ ਗੁਰੂ ਨਾਨਕ ਦੀ ਬਾਣੀ ਵਿੱਚ ਸਮਕਾਲੀ-ਭਾਰਤ ਵਿੱਚ ਪ੍ਰਚਲਤ ਧਰਮਾਂ ਦੇ ਅਨੇਕਾਂ ਪ੍ਰਤੀਕਾਂ ਅਤੇ ਚਿੰਨ੍ਹਾਂ ਬਾਰੇ ਸੰਕੇਤ ਮਿਲਦੇ ਹਨ, ਗੁਰੂ ਅਮਰਦਾਸ ਦੀ ਬਾਣੀ ਵਿੱਚ ਇਸ ਪੱਖ ਤੋਂ ਵਿਸਥਾਰ ਘੱਟ ਹੈ। ਉਨ੍ਹਾਂ ਬਹੁਤੇ ਵੇਰਵਿਆਂ ਜਾਂ ਸੰਪ੍ਰਦਾਵਾਂ ਉਤੇ ਆਲੋਚਨਾ ਨਹੀਂ ਕੀਤੀ, ਸਗੋਂ ਕੁਝ ਇਕ ਸੰਕੇਤਾਂ ਦੁਆਰਾ ਹੀ ਮਤਲਬ ਦੀ ਗੱਲ ਸਮਝਾ ਦਿੱਤੀ ਹੈ। ਉਹ ਨਿੱਤ-ਕਰਮਾਂ ਅਤੇ ਨੈਮਿੱਤ-ਕਰਮਾਂ ਦੇ ਵੇਰਵੇ ਵਿੱਚ ਨਹੀਂ ਗਏ । ਵੈਸੇ ਸੰਧਿਆ, ਗਾਇਤ੍ਰੀ, ਤਰਪਣ, ਵਰਤ, ਪਾਠ-ਪੂਜਾ ਅਤੇ ਤੀਰਥ-ਯਾਤ੍ਰਾ, ਆਦਿਕ ਬਾਰੇ ਉਨ੍ਹਾਂ ਲੋਕਾਂ ਦੀ ਸੋਚ ਨੂੰ ਟੁੰਬਿਆ ਅਤੇ ਇਨ੍ਹਾਂ ਧਾਰਮਕ-ਪ੍ਰਤੀਕਾਂ, ਰਸਮਾਂ ਤੇ ਰੀਤਾਂ ਦੇ ਅੰਤ੍ਰੀਵ-ਅਰਥਾਂ ਤਕ ਪਹੁੰਚ ਕੇ ਦੇਸ਼-ਵਾਸੀਆਂ ਨੂੰ ਦਿਖਾਵੇ ਦੀ ਥਾਂ ਸਿੱਧਾ, ਸਰਲ ਅਤੇ ਕਰਮ-ਕਾਂਡ ਰਹਿਤ ਜੀਵਨ ਜਿਊਣ ਦੀ ਜਾਚ ਦੱਸੀ। ਗੁਰਦੇਵ ਨੇ ਸਪਸ਼ਟ ਸ਼ਬਦਾਂ ਰਾਹੀਂ ਭਾਰਤ-ਵਾਸੀਆਂ ਨੂੰ ਇਹ ਆਖਿਆ:-

(ੳ) ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ।
(ਸੋਰਠ ਮ:3)[3]

(ਅ) ਨਉਮੀ ਨੇਮੁ ਸਚੁ ਜੇ ਕਰੈ । ਕਾਮ ਕ੍ਰੋਧੁ ਤ੍ਰਿਸਨਾ ਉਚਰੈ ।
ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ।
ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਪਾਂਡੇ ਮਨ ਮਾਨੈ ।
ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ।
(ਵਾਰ ਸਾਰੰਗ ਮ:4 ਸਲੋਕ ਮ:3)[4]

(ੲ) ਵੇਦ ਪੁਕਾਰੈ ਤ੍ਰਿਬਿਧਿ ਮਾਇਆ । ਮਨਮੁਖ ਨ ਬੂਝਹਿ ਦੂਜੈ ਭਾਇਆ ।
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ।
(ਮਾਝ ਮ:3)[5]

(ਸ) ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ । ਮਾਇਆ ਮੋਹੁ ਪਸਰਿਆ ਪਾਸਾਰਾ ।
(ਮਾਰੂ ਮ:3)[6]

(ਹ) ਅਠਸਠਿ ਤੀਰਥ ਗੁਰਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ।
(ਸੂਹੀ ਮ:3)[7]

---

1. ਆਦਿ-ਗ੍ਰੰਥ.................ਪੰਨਾ 558
2. ਆਦਿ-ਗ੍ਰੰਥ.................ਪੰਨਾ 162
3. ਆਦਿ-ਗ੍ਰੰਥ.................ਪੰਨਾ 603
4. ਆਦਿ-ਗ੍ਰੰਥ.................ਪੰਨਾ 1245
5. ਆਦਿ-ਗ੍ਰੰਥ.................ਪੰਨਾ **128**( 128 )
6. ਆਦਿ-ਗ੍ਰੰਥ.................ਪੰਨਾ 1053
7. ਆਦਿ-ਗ੍ਰੰਥ.................ਪੰਨਾ 753

ਇਸੇਤਰ੍ਹਾਂ ਸੁੱਚ ਅਤੇ ਉਸਦੇ ਉਲਟ "ਮੈਲਾ ਚਉਕਾ" ਅਤੇ "ਸੂਤਕ" ਬਾਰੇ ਭੀ ਗੁਰੂ ਅਮਰਦਾਸ ਨੇ ਗੁਰੂ ਨਾਨਕ ਵਾਂਗ ਹੀ ਪੰਡਿਤਾਂ ਦੇ ਭਰਮ-ਜਾਲ ਨੂੰ ਤੋੜਿਆ ਅਤੇ ਪ੍ਰੇਰਨਾ-ਰਹਿਤ ਚਿੰਨ੍ਹਾਂ ਤੇ ਪ੍ਰਤੀਕਾਂ ਨੂੰ ਫਾਲਤੂ-ਰਸਮਾਂ ਤੇ ਰੀਤਾਂ ਵਾਂਗ ਪਰ੍ਹਾਂ ਵਗਾਹ ਮਾਰਨ ਦਾ ਉਪਦੇਸ਼ ਕੀਤਾ। ਸਤੀ ਅਤੇ ਉਸਦੀ ਚਿਖਾ ਭੀ ਕਿਸੇ ਗੱਲ ਦਾ ਪ੍ਰਤੀਕ ਸੀ, ਪਰ ਨਾਨਕੀ ਸਮੇਂ ਤੱਕ ਇਹ ਪ੍ਰੇਰਨਾ ਦੇਣ ਦੀ ਥਾਂ ਲੋਕ-ਲਾਜ ਅਤੇ ਰਸਮ ਦੀ ਮਜਬੂਰੀ ਬਣਦੀ ਜਾ ਰਹੀ ਸੀ। ਸੋ ਗੁਰੂ ਅਮਰਦਾਸ ਨੇ "ਆਦਰਸ਼ ਸਤੀ" ਦੀ ਕਲਪਨਾ ਕਰਕੇ ਜਿੱਥੇ ਉਸਨੂੰ "ਬਿਰਹੇ ਚੋਟ ਮਰੰਨਿ" ਅਤੇ "ਸੀਲ ਸੰਤੋਖ ਰਹੰਨਿ" ਦਾ ਉਪਦੇਸ਼ ਕੀਤਾ, ਉੱਥੇ "ਮੜਿਆ ਲਗਿ ਜਲੰਨਿ" ਦੀ ਰਸਮ ਦਾ ਇਹ ਆਖ ਕੇ ਭੀ ਖੰਡਨ ਕੀਤਾ, ਕਿ:-

ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ।
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ।
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ ।
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ ।

(ਵਾਰ ਸੂਹੀ ਕੀ ਮ:3)[1]

ਜਿੱਥੋਂ ਤਕ ਗੁਰੂ ਅਮਰਦਾਸ ਦੀ ਬ੍ਰਹਮਵਾਚਕ ਸ਼ਬਦਾਵਲੀ ਜਾਂ ਰੱਬੀ-ਪ੍ਰਤੀਕਾਂ ਦਾ ਸੰਬੰਧ ਹੈ, ਇਸ ਬਾਰੇ "ਗੁਰੂ ਅਮਰਦਾਸ ਦੀ ਸ਼ੈਲੀ ਅਤੇ ਅਨੁਭਵ" ਵਾਲੇ ਅਧਿਆਇ ਦੁਆਰਾ ਵਿਸਥਾਰ ਸਹਿਤ ਵਿਚਾਰ ਕੀਤੀ ਜਾ ਚੁੱਕੀ ਹੈ। ਕੇਵਲ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਹਰ ਸ਼ਬਦ ਕਿਸੇ ਭਾਵ ਦਾ ਪ੍ਰਤੀਕ ਹੈ ਅਤੇ ਕੇਵਲ ਮੈਥਿਊ ਆਰਨਲਡ[2], ਕੀਟਸ[3] ਅਤੇ ਬ੍ਰੈਡਲੇ[4] ਆਦਿਕ ਕਵੀਆਂ ਅਤੇ ਆਲੋਚਕਾਂ ਅਨੁਸਾਰ ਸ਼ਬਦ-ਰੂਪੀ ਪ੍ਰਤੀਕਾਂ ਨੂੰ ਸੰਬੰਧਤ ਚੀਜ਼ਾਂ (ਜਿਨ੍ਹਾਂ ਦੇ ਉਹ ਪ੍ਰਤੀਕ ਹਨ) ਦੀ ਬਰਾਬਰੀ ਦਾ ਦਰਜਾ ਦਿੱਤਾ ਗਿਆ ਹੈ, ਫੇਰ ਭੀ ਪਾਰਬ੍ਰਹਮ ਦੇ ਵਾਚਕ ਜਿਤਨੇ ਭੀ ਸ਼ਬਦ ਜਾਂ ਨਾਮ ਦੁਨੀਆਂ ਦੀਆਂ ਵੱਖ ਵੱਖ ਬੋਲੀਆਂ ਵਿੱਚ ਪ੍ਰਚਲਤ ਹਨ, ਉਨ੍ਹਾਂ ਨੂੰ ਪਾਰਬ੍ਰਹਮ ਦੇ ਤੁੱਲ ਨਹੀਂ ਸਮਝਿਆ ਜਾ ਸਕਦਾ, ਕਿਉਂਕਿ ਪਾਰਬ੍ਰਹਮ ਦੇ ਬਰਾਬਰ ਦਾ ਕੋਈ ਸ਼ਬਦ ਕਿਸੇ ਭੀ ਬੋਲੀ ਵਿੱਚ ਨਹੀਂ। ਵੈਸੇ "ਓਮ" ਸ਼ਬਦ ਨੂੰ ਸੁਣਕੇ ਹਿੰਦੂ, "ਅੱਲ੍ਹਾ" ਦਾ ਨਾਮ ਸੁਣਕੇ ਮੁਸਲਮਾਨ ਅਤੇ "ਵਾਹਿਗੁਰੂ" ਦੀ ਧੁਨੀ ਸੁਣ ਕੇ ਸਿੱਖ ਵਜਦ ਵਿੱਚ ਆ ਜਾਂਦੇ ਹਨ।

ਕਿਉਂਕਿ "ਵਾਹਿਗੁਰੂ" ਸ਼ਬਦ ਨੂੰ ਕਈ ਸਿੱਖ ਵਿਦਵਾਨਾਂ[5] ਨੇ ਸਿੱਖ-ਧਰਮ ਦਾ ਬੀਜ-ਮੰਤ੍ਰ ਆਖ ਕੇ ਵਡਿਆਇਆ ਹੈ ਅਤੇ ਜਿਸਦਾ ਉਚਾਰਨ ਸੁਣਨ ਤੋਂ ਫੋਟੋ ਕਿਸੇ ਕਿਤਾਬ, ਰੁਮਾਲ ਜਾਂ ਦੀਵਾਰ ਉੱਤੇ ਇਸਨੂੰ ਉੱਕਰਿਆ ਵੇਖ ਕੇ ਭੀ ਕਈ ਸ਼ਰਧਾਲੂ-ਸਿੱਖ ਪ੍ਰੇਰਤ ਹੋ ਜਾਂਦੇ ਹਨ, ਸੋ ਇਹ ਸ਼ਬਦ ਸਿੱਖਾਂ ਵਿੱਚ ਪ੍ਰਤੀਕ ਦਾ ਥਾਂ ਮੱਲਦਾ ਪ੍ਰਤੀਤ ਹੁੰਦਾ ਹੈ। ਜਿੱਥੋਂ ਤਕ "ਵਾਹਿਗੁਰੂ" ਸ਼ਬਦ ਦੇ ਨਿਕਾਸ ਅਤੇ ਅਰਥਾਂ ਦੀ ਵਿਸ਼ਾਲਤਾ ਦਾ ਸੰਬੰਧ ਹੈ, ਭਾਈ ਗੁਰਦਾਸ[6], ਕਵੀ ਸੰਤੋਖ ਸਿੰਘ[7], ਭਾਈ ਕਾਹਨ ਸਿੰਘ,[8]

---

1. ਆਦਿ-ਗ੍ਰੰਥ.................ਪੰਨਾ 787

2,3 & 4. Mathew Arnold, Keats & Bradley- Quoted in A.C. Bradley's book "Oxford Lectures on English Poetry", Pages 19-24.

5. S.S. Kohli- Outlines of Sikh Thought-, 1966, P. 94-95.

6. ਭਾਈ ਗੁਰਦਾਸ- ਵਾਰ ਪਹਿਲੀ (ਪਉੜੀ 49), ਵਾਰ ਬਾਰ੍ਹਵੀਂ (ਪਉੜੀ 17), ਵਾਰ ਤੇਈਸਵੀਂ (ਪਉੜੀ 1)।
7. ਕਵੀ ਸੰਤੋਖ ਸਿੰਘ- ਨਾਨਕ ਪ੍ਰਕਾਸ਼ (ਪਹਿਲਾ ਅਧਿਆਇ)।
8. ਭਾਈ ਕਾਹਨ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1960, ਪੰਨੇ 814-15

ਗਿਆਨੀ ਹਜ਼ਾਰਾ ਸਿੰਘ[1], ਭਾਈ ਵੀਰ ਸਿੰਘ[2], ਪੰਡਿਤ ਤਾਰਾ ਸਿੰਘ ਨਰੋਤਮ[3], ਪੰਡਿਤ ਕਰਤਾਰ ਸਿੰਘ ਦਾਖਾ[4] ਅਤੇ ਡਾ: ਸ਼ੇਰ ਸਿੰਘ[5] ਆਦਿਕ ਦਰਸ਼ਨਾਂ ਵਿਦਵਾਨਾਂ ਨੇ ਕੁਝ ਨਿਰਧਾਰਤ ਵਿਚਾਰ ਪੇਸ਼ ਕੀਤੇ ਹਨ। ਡਾ: ਕੋਹਲੀ[6] ਨੇ "ਵਾਹਿਗੁਰੂ" ਸ਼ਬਦ ਦਾ ਨਿਕਾਸ ਤੈਤ੍ਰੀਯ ਉਪਨਿਸ਼ਦ ਦੇ ਸ਼ਬਦ "ਹਾ...ਵੂ" ਦੁਆਰਾ ਮੰਨਿਆ ਹੈ। ਤੈਤ੍ਰੀਯ ਉਪਨਿਸ਼ਦ[7] ਵਿਚਲੇ ਪਵਿੱਤਰ ਸ਼ਬਦਾਂ (ਹਾ...ਵੂ...ਹਾ...ਵੂ...ਹਾ...ਵੂ) ਦਾ ਅਨੁਵਾਦ ਡਾ: ਰਾਧਾਕ੍ਰਿਸ਼ਨਨ[7] ਅਨੁਸਾਰ "ਹੈਰਾਨੀ ਪੈਦਾ ਕਰਨ ਵਾਲਾ ਜਾਂ ਵਿਸਮਾਦ-ਜਨਕ ਹੈ।" ਪਰ ਇਹ ਪੱਕੀ ਤਰ੍ਹਾਂ ਨਹੀਂ ਆਖਿਆ ਜਾ ਸਕਦਾ, ਕਿ ਪੰਜਾਬੀ ਵਿੱਚ "ਵਾਹੁ" ਸ਼ਬਦ ਤੈਤ੍ਰੀਯ ਉਪਨਿਸ਼ਦ ਦੇ ਉਪਰੋਕਤ ਸ਼ਬਦ ਦਾ ਪੁਨਰ-ਵਿਚਾਰ ਦੁਆਰਾ ਬਦਲਿਆ ਰੂਪ ਹੈ ਜਾਂ ਫਿਰ ਇਹ ਸਿਮੈਟਿਕ-ਭਾਸ਼ਾ (ਅਰਬੀ-ਭਾਸ਼ਾ) ਦੇ ਸ਼ਬਦ "ਸ਼ਹੋਵਾ" ਤੋਂ ਆਇਆ ਹੈ ਜਾਂ ਅਰਬੀ-ਭਾਸ਼ਾ ਦੇ "ਵਾਹ" ਦੁਆਰਾ। ਹੈਰਾਨੀ ਦੀ ਗੱਲ ਹੈ, ਕਿ ਆਦਿ-ਗ੍ਰੰਥ ਵਿੱਚ ਭੱਟਾਂ ਦੇ ਸਵੱਈਆਂ ਤੋਂ ਛੁੱਟ ਕਿਤੇ ਵੀ ਗੁਰੂ-ਬਾਣੀ ਨੇ ਇਸਦਾ ਇਹੋ ਰੂਪ (ਵਾਹਿਗੁਰੂ) ਵਿੱਚ ਕਿਧਰੇ ਵੀ ਪ੍ਰਯੋਗ ਨਹੀਂ ਕੀਤਾ। ਵੈਸੇ ਸਾਡੇ ਵਿਚਾਰਾਂ ਦਾ ਇਹ ਖਿਆਲ ਹੈ, ਕਿ ਗੁਰੂ ਅਮਰਦਾਸ ਜੀ ਬਾਣੀ ਵਿੱਚ ਵਰਤੇ ਜਾਣੇ "ਵਾਹੁ" ਸ਼ਬਦ "ਵਾਹਿਗੁਰੂ" ਸ਼ਬਦ ਦਾ ਹੀ ਸੰਖੇਪ ਹੈ, ਪਰ ਇਸ ਬਾਰੇ ਬਾਣੀ ਵਿੱਚ ਪੱਕਾ ਫ਼ੈਸਲਾ ਦੇਣਾ ਠੀਕ ਨਹੀਂ, ਕਿਉਂਕਿ "ਵਾਹੁ" ਸ਼ਬਦ ਸਪਸ਼ਟ ਰੂਪ ਵਿੱਚ ਬ੍ਰਹਮ ਜਾਂ ਵਾਹਿਗੁਰੂ ਦੇ ਅਰਥਾਂ ਵਿੱਚ ਵਰਤਿਆ ਗਿਆ ਸਿੱਧ ਨਹੀਂ ਹੁੰਦਾ। ਸੱਚ ਵੀ ਹੈ, ਗੁਰੂ ਅਮਰਦਾਸ ਜੀ ਬਾਣੀ ਵਿੱਚ "ਵਾਹੁ" ਸ਼ਬਦ ਅਨੇਕਾਂ ਵਾਰ ਆਇਆ ਹੈ ਅਤੇ ਇਸ ਬਾਰੇ ਅਜੇ ਹੋਰ ਖੋਜ ਦੀ ਲੋੜ ਹੈ। ਕੁਝ ਇਕ ਤੁਕਾਂ ਇਸ ਪ੍ਰਕਾਰ ਹਨ:-

(ੳ) ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ ।
ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ ।
ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ ।
ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ ।
(ਗੂਜਰੀ ਕੀ ਵਾਰ ਮ:3)[9]

(ਅ) ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ।
ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ।
(ਗੂਜਰੀ ਕੀ ਵਾਰ ਮ:3)[10]

(ੲ) ਵਾਹੁ ਮੇਰੇ ਸਾਹਿਬਾ ਵਾਹੁ ।
ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ।
(ਸੂਹੀ ਮ:3)[11]

---

1. ਗਿਆਨੀ ਹਜ਼ਾਰਾ ਸਿੰਘ- ਕ੍ਰਿਤ ਟੀਕਾ ਵਾਰਾਂ ਭਾਈ ਗੁਰਦਾਸ, ਪੰਨੇ 50-51
2,3,4. ਭਾਈ ਵੀਰ ਸਿੰਘ, ਤਾਰਾ ਸਿੰਘ ਨਰੋਤਮ ਅਤੇ ਕਰਤਾਰ ਸਿੰਘ ਦਾਖਾ ਆਦਿ ਦੇਖੋ ਫੁਟ-ਨੋਟ ਗਿਆਨੀ ਹਜ਼ਾਰਾ ਸਿੰਘ ਰਚਿਤ ਟੀਕਾ ਵਾਰਾਂ ਭਾਈ ਗੁਰਦਾਸ (ਪ੍ਰਕਾਸ਼ਕ: ਖਾਲਸਾ ਸਮਾਚਾਰ, ਅੰਮ੍ਰਿਤਸਰ)।
5. Sher Singh- Philosophy of Sikhism, 1944, P.127
6. S.S.Kohli- Outlines of Sikh Thought, 1966, P.94-95.
7. Dr.S.Radhakrishnan- The Principal Upanisads (Edited), 1953, P.561.

8. ਆਦਿ-ਗ੍ਰੰਥ- ....................ਪੰਨਾ 14੦3 (1403)
9. ਆਦਿ-ਗ੍ਰੰਥ....................ਪੰਨਾ 514
10. ਆਦਿ-ਗ੍ਰੰਥ....................ਪੰਨਾ 514
11. ਆਦਿ-ਗ੍ਰੰਥ....................ਪੰਨਾ 755

ਜਿੱਥੋਂ ਤਕ ਮਿਥਿਹਾਸਕ-ਪ੍ਰਤੀਕਾਂ ਦਾ ਸੰਬੰਧ ਹੈ, ਇਨ੍ਹਾਂ ਦੀ ਮਾਤਰਾ ਆਧੁਨਿਕ-ਯੁੱਗ ਵਿੱਚ ਜ਼ਰੂਰ ਘੱਟ ਗਈ ਹੈ, ਪਰ ਭਗਤੀ-ਕਾਲ ਦੇ ਕਵੀ ਮਿਥਿਹਾਸ ਤੋਂ ਵੀ ਕਾਫ਼ੀ ਪ੍ਰੇਰਣਾ ਲੈਂਦੇ ਸਨ। ਕਬੀਰ, ਨਾਮਦੇਵ, ਗੁਰੂ ਨਾਨਕ ਅਤੇ ਗੁਰੂ ਅਰਜਨ ਆਦਿਕ ਕਵੀਆਂ ਦੀ ਬਾਣੀ ਵਿੱਚ ਮਿਥਿਹਾਸਕ-ਪ੍ਰਤੀਕਾਂ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ। ਵੈਸੇ ਗੁਰੂ ਅਮਰਦਾਸ ਨੇ ਮਿਥਿਹਾਸਕ-ਵਿਸਥਾਰਿਆਂ ਵਿੱਚ ਬਹੁਤਾ ਉਲਝਣਾ ਮੁਨਾਸਿਬ ਨਹੀਂ ਸਮਝਿਆ ਜਾਪਦਾ। ਵਿਸ਼ੇਸ਼ ਕਰਕੇ ਇਕ ਥਾਂ ਲੋਕ-ਪ੍ਰਸਿੱਧ ਮਿਥਿਹਾਸਕ-ਕਥਾ ਵਲ ਸੰਕੇਤ ਹੈ ਅਰਥਾਤ ਪ੍ਰਹਿਲਾਦ-ਭਗਤ ਦੀ ਕਹਾਣੀ ਵਲ:-

ਪ੍ਰਹਿਲਾਦ ਜਨ ਗੁਰ ਰਾਖਿ ਲਏ ਹਰਿ ਜੀਉ ਹਰਣਾਖਸ ਮਾਰਿ ਪਚਾਇਆ।
(ਸੋਰਠਿ ਮ:3)[1]

ਪਰ ਮਿਥਿਹਾਸਕ-ਪ੍ਰਤੀਕਾਂ ਦਾ ਘੱਟ ਹੋਣਾ ਕਿਸੇ ਕਵੀ ਦੀ ਕਾਵਿ-ਕਲਾ ਵਿੱਚ ਘਾਟ ਦੀ ਨਿਸ਼ਾਨੀ ਨਹੀਂ। ਐਰਿਕ ਕੈਹਲਰ[2] ਨੇ ਪ੍ਰਤੀਕਵਾਦ ਦੇ ਦੋ ਪ੍ਰਕਾਰ ਦਾ ਮੰਨਿਆ ਹੈ:(1) ਅਧੋਮੁਖੀ ਪ੍ਰਤੀਕਵਾਦ( **Descending Symbolism**) ਅਤੇ ਊਰਧਮੁਖੀ ਪ੍ਰਤੀਕਵਾਦ( **Ascending Symbolism** )। ਐਰਿਕ ਕੈਹਲਰ ਦੇ ਕਥਨ ਅਨੁਸਾਰ ਮਿਥਿਹਾਸਕ-ਪ੍ਰਤੀਕ ਆਮ ਕਰਕੇ ਅਧੋਮੁਖੀ ਹੁੰਦੇ ਹਨ, ਕਿਉਂਕਿ ਇਨ੍ਹਾਂ ਰਾਹੀਂ ਪ੍ਰਤੀਕਆਤਮੀ-ਪ੍ਰਤਿਨਿਧਤਾ ਸੰਕੀਰਣ ਅਸਲੀਅਤ ਨਾਲੋਂ ਨਿਰਲੇਪ ਰਹਿੰਦੀ ਹੈ। ਇਸਦੇ ਉਲਟ ਮਿਥਿਹਾਸਕ, ਇਤਿਹਾਸਕ ਅਤੇ ਸਿਧਾਂਤਿਕ ਤੱਥ ਵਲੋਂ ਅਭਿੱਜ ਰਹਿਣ ਵਾਲੇ ਪ੍ਰਤੀਕ, ਊਰਧਮੁਖੀ ਆਖੇ ਜਾ ਸਕਦੇ ਹਨ। ਇਸ ਵਿੱਚ ਸ਼ੱਕ ਨਹੀਂ, ਕਿ ਗੁਰੂ ਅਮਰਦਾਸ ਦੀ ਬਾਣੀ ਵੀ ਗੁਰਮਤਿ ਦੀ ਵਿਆਖਿਆ ਕਰਦੀ ਹੈ ਅਤੇ ਇਸ ਵਿਚਲੇ ਕਈ ਪ੍ਰਤੀਕ ਗੁਰੂ ਨਾਨਕ ਅਤੇ ਕਬੀਰ ਆਦਿਕ ਕਵੀਆਂ ਨਾਲ ਸਾਂਝੇ ਹਨ, ਪਰ ਆਮ ਕਰਕੇ ਅਧਿਆਤਮਕ-ਸੱਚ ਦਾ ਅਨੁਭਵ ਸਾਧਕ ਦੀ ਥਾਂ ਭਾਵਕ ਹੋਣ ਕਰਕੇ ਗੁਰਦੇਵ ਦੇ ਵਰਤੇ ਪ੍ਰਤੀਕਾਂ ਉੱਤੇ ਉਨ੍ਹਾਂ ਦੀ ਨਿੱਜੀ-ਸ਼ਖ਼ਸੀਅਤ ਦੀ ਮੋਹਰ ਹੈ। ਇਸਲਈ ਉਨ੍ਹਾਂ ਦੇ ਵਰਤੇ ਬਹੁਤੇ ਪ੍ਰਤੀਕ ਅਧੋਮੁਖੀ ਦੀ ਥਾਂ ਊਰਧਮੁਖੀ ਹੀ ਆਖੇ ਜਾ ਸਕਦੇ ਹਨ। ਇਸੇਤਰ੍ਹਾਂ ਜਿੱਥੋਂ ਤਕ "ਮਿਥ" ਅਤੇ "ਪ੍ਰਤੀਕ" ਵਿਚਲੇ ਅੰਤਰ ਦਾ ਸੰਬੰਧ ਹੈ, ਲਿਊਇਸ[3] ਦੇ ਕਥਨ ਅਨੁਸਾਰ ਮਿਥ ਜਿੱਥੇ ਸਮੂਹਕ-ਚੇਤੰਨਤਾ ਵਿੱਚੋਂ ਉਪਜਦੀ ਹੈ, ਪ੍ਰਤੀਕ ਦਾ ਸੋਮਾ ਕਲਾਕਾਰ ਦਾ ਨਿੱਜੀ ਅਨੁਭਵ ਹੁੰਦਾ ਹੈ। ਕਿਉਂਕਿ ਗੁਰੂ ਅਮਰਦਾਸ ਦੀ ਕਵਿਤਾ ਵਿਚਲੇ ਬਹੁਤੇ ਪ੍ਰਤੀਕ ਨਿੱਜੀ-ਅਨੁਭਵ ਦੀ ਦੇਣ ਹਨ, ਇਸਲਈ ਉਹ "ਮਿੱਥ" ਦੀ ਥਾਂ ਉੱਤਮ ਦਰਜੇ ਦੇ ਊਰਧਮੁਖੀ ਪ੍ਰਤੀਕ ਹਨ।

ਵੇਰਵੇ ਦੇ ਪੱਖ ਤੋਂ ਗੁਰੂ ਅਮਰਦਾਸ ਦੇ ਪ੍ਰਤੀਕਾਂ ਨੂੰ ਹੇਠ ਲਿਖੇ ਭਾਗਾਂ ਵਿੱਚ ਵੰਡ ਕੇ ਉਨ੍ਹਾਂ ਦੀ ਰੂਪ-ਰੇਖਾ ਉਲੀਕਣ ਦਾ ਯਤਨ ਕੀਤਾ ਜਾਵੇਗਾ:-

---

1. ਆਦਿ ਗ੍ਰੰਥ..................ਪੰਨਾ 637

2. Erich Kahler- The Nature of the Symbol(Chapter included in Rollo May's book "Symbolism in Religion and Literature", Pages 66-67.

3. C.Dey Lewis- The Poetic Image,P.32

(ੳ) ਧਨ-ਪਿਰ ਜਾਂ ਪਤੀ-ਪਤਨੀ ਦਾ ਪ੍ਰਤੀਕ ।
(ਅ) ਸੰਬੀਬਾ ਅਤੇ ਅੰਮ੍ਰਿਤ-ਜਲ ।
(ੲ) ਕੁਝ ਹੋਰ ਪ੍ਰਤੀਕ ਅਤੇ ਸੰਕੇਤ-ਭਾਵ ।

(ੳ) ਧਨ-ਪਿਰ ਜਾਂ ਪਤੀ-ਪਤਨੀ ਦਾ ਪ੍ਰਤੀਕ:-

ਪੂਰਬ ਅਤੇ ਪੱਛਮ ਦੇ ਅਨੇਕਾਂ ਮੁਲਕਾਂ ਅਤੇ ਕੌਮਾਂ ਦੇ ਰਹੱਸਵਾਦੀ-ਸਾਹਿਤ ਵਿੱਚ ਜੀਵ-ਆਤਮਾ ਅਤੇ ਪਰਮਾਤਮਾ ਦਾ ਸੰਬੰਧ ਪਤੀ-ਪਤਨੀ ਜਾਂ ਪ੍ਰੇਮੀ-ਪ੍ਰੇਮਿਕਾ ਦੇ ਪ੍ਰਤੀਕਾਂ ਦੁਆਰਾ ਦਰਸਾਇਆ ਗਿਆ ਹੈ। ਐਵਲਿਨ ਅੰਡਰਹਿਲ[1] ਨੇ ਮਹਾਨ-ਸੰਤ-ਈਸਾਈ-ਮਤ ਦੀਆਂ ਸਾਧਵੀਆਂ ਬਾਰੇ ਜ਼ਿਕਰ ਕੀਤਾ ਹੈ, ਕਿ ਉਹ "ਪ੍ਰਭੂ" ਨੂੰ ਹੀ ਆਪਣਾ ਸੱਚਾ-ਪਤੀ ਮੰਨਦੀਆਂ ਹਨ। ਸੰਤ ਬਰਨਾਰਡ[2] ਨੇ ਵੀ ਜੀਵ-ਆਤਮਾ ਨੂੰ "ਦੁਲਹਨ" ਅਤੇ ਪਵਿੱਤਰ-ਪੁਰਸ਼ ਨੂੰ "ਦੁਲਹਾ" ਆਖ ਕੇ ਸਤਿਕਾਰਿਆ ਹੈ। ਸੰਤ ਵਿਕਟਰ ਦੇ ਅਨੁਯਾਈ ਰਿਚਰਡ ਮਹਾਨ[3] ਨੇ ਤਾਂ ਆਤਮਕ-ਵਿਆਹ ਦੇ ਚਾਰ ਵੱਖ ਵੱਖ ਪੜਾ ਵੀ ਦਰਸਾਏ ਹਨ, ਜਿਵੇਂ: ਮੰਗਣੀ, ਵਿਆਹ, ਕੰਤ-ਦਰਸ਼ਨਾ ਅਤੇ ਫਲ ਦੀ ਪ੍ਰਾਪਤੀ । ਪਹਿਲੇ ਪੜਾ ਤੇ ਜੀਵ-ਆਤਮਾ ਨੂੰ ਇਕ ਮੁਟਿਆਰ ਵਾਂਗ ਵਰ ਦੀ ਪ੍ਰਾਪਤੀ ਲਈ ਵਿਆਕੁਲ ਦਰਸਾਇਆ ਗਿਆ ਹੈ। ਦੂਜੇ ਪੜਾ ਤੇ ਜੀਵ-ਆਤਮਾ-ਰੂਪੀ-ਮੁਟਿਆਰ ਦਾ ਪਰਮਾਤਮਾ-ਰੂਪੀ-ਪੁਰਸ਼ ਦੇ ਨਾਲ ਵਿਆਹ ਹੋ ਜਾਂਦਾ ਹੈ ਅਤੇ ਮੁਟਿਆਰ ਆਪਣੇ ਪ੍ਰੀਤਮ ਦੇ ਪਿਆਰ ਵਿੱਚ ਮਗਨ ਹੋ ਆਪਣੇ ਆਪ ਤੋਂ ਉੱਚੀ ਉਠ ਜਾਂਦੀ ਹੈ ਅਤੇ ਇਸ ਅਵੱਸਥਾ ਵਿੱਚ ਸੱਚ ਦੇ ਸੂਰਜ ਦਾ ਪ੍ਰਕਾਸ਼ ਵੇਖਦੀ ਹੈ। ਪਰ ਵਿਆਹ ਦੇ ਪੱਕੇ-ਬੰਧਨ ਵਿੱਚ ਬੱਝ ਕੇ ਵੀ ਅਜੇ ਉਹ ਪਤੀ ਦਾ ਸੰਗ ਨਹੀਂ ਮਾਣ ਸਕਦੀ । ਪਤੀ ਦੇ ਪ੍ਰੇਮ-ਆਲਿੰਗਨ ਨੂੰ ਮਾਣਨ ਲਈ ਤੀਜੇ-ਪੜਾ ਦੀ ਮਿਲਾਪ-ਦਿਲ ਅਵੱਸਥਾ ਵਿੱਚ ਪਹੁੰਚਣਾ ਜ਼ਰੂਰੀ ਹੈ। ਇੱਥੇ ਪਹੁੰਚਣ ਨਾਲ ਜੀਵ-ਆਤਮਾ ਨੂੰ ਨਵੀਂ ਵਿਸਮਾਦੀ-ਅਵੱਸਥਾਵਾਂ ਦਾ ਅਨੁਭਵ ਹੋ ਜਾਂਦਾ ਹੈ। ਪਰ ਚਉਥਾ ਜਾਂ ਅੰਤਮ-ਪੜਾ ਇਸ਼ਕ ਵਿੱਚ ਫ਼ਨਾਹ ਦਾ ਪ੍ਰਗਟਾਅ ਹੈ। ਇਸ ਅਵੱਸਥਾ ਵਿੱਚ ਪਹੁੰਚ ਕੇ ਪੂਰਨ ਤਦਾਕਾਰ-ਰੂਪ ਹੋ ਜਾਂਦਾ ਹੈ ਅਤੇ ਜੀਵ-ਆਤਮਾ-ਰੂਪੀ-ਪਤਨੀ ਆਪਣੇ ਪਰਮਾਤਮਾ-ਰੂਪੀ-ਪਤੀ ਨਾਲ ਅਭੇਦ ਹੋ ਜਾਂਦੀ ਹੈ।

ਭਾਰਤੀ ਰਹੱਸਵਾਦੀ-ਸਾਹਿਤ ਵਿੱਚ ਜੀਵ-ਆਤਮਾ ਅਤੇ ਪਰਮਾਤਮਾ ਦੇ ਸੰਬੰਧ ਨੂੰ ਧਨ-ਪਿਰ ਜਾਂ ਪਤੀ-ਪਤਨੀ ਦੇ ਪ੍ਰਤੀਕਾਂ ਦੁਆਰਾ ਦਰਸਾਉਣ ਦਾ ਮੁੱਢ ਵੈਦਿਕ ਯੁਗ ਅਤੇ ਪ੍ਰਕਿਰਤੀ ਦੇ ਨਜ਼ਾਰਾਂ ਨਾਲ ਪੁਰਾਣੇ ਅਲੰਕਾਰ ਵਿੱਚ ਢੂੰਡਿਆ ਜਾ ਸਕੇ। ਪਰ ਸਪਸ਼ਟ ਰੂਪ ਵਿੱਚ ਇਸਦਾ ਉਲੇਖ ਵੈਸ਼ਨਵ-ਧਰਮ ਦੇ ਅਨੁਯਾਈ ਸੰਤਾਂ, ਭਗਤਾਂ, ਗੁਰਮਤਿ ਦੇ ਅਨੁਯਾਈ ਗੁਰੂਆਂ ਅਤੇ ਸੂਫ਼ੀ-ਮਤ ਦੇ ਅਨੁਯਾਈ ਮੁਸਲਮਾਨ ਕਵੀਆਂ ਨੇ ਹੀ ਕੀਤਾ ਜਾਪਦਾ ਹੈ। ਰਾਮਾਨੁਜ, ਮਾਧਵ-ਆਚਾਰੀਆ, ਵਲਭਾਚਾਰੀਆ, ਜੈਦੇਵ, ਨਾਮਦੇਵ ਅਤੇ ਕਬੀਰ ਤੋਂ ਛੁੱਟ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਆਦਿਕ ਕਵੀਆਂ ਦੀ ਕਵਿਤਾ ਜਾਂ ਉਨ੍ਹਾਂ ਦੀ ਵਿਚਾਰਧਾਰਾ ਬਾਰੇ ਹੋਰੀ ਵਿਆਖਿਆ ਵਿੱਚ ਇਸ ਗੱਲ

---

1. Evelyn Underhill- Mysticism-, 1957, P. 138.
2. St. Bernard- Quoted by Underhill......Ibid., P. 137.
3. Richard of St. Victor- Quoted by Underhill....Ibid., P. 139.

ਦੇ ਸੰਕੇਤ ਮਿਲਦੇ ਹਨ। ਵੈਸ਼ਨਵ ਅਤੇ ਸ਼ੈਵ-ਭਗਤਾਂ ਅਤੇ ਸਿੱਖ-ਗੁਰੂਆਂ ਨੇ ਭੀ ਪ੍ਰਭੂ ਨਾਲ ਸੰਬੰਧ-ਭਾਵ ਅਰਥਾਤ ਧਨ-ਪਿਰ ਜਾਂ ਪਤੀ-ਪਤਨੀ ਵਰਗਾ ਅਭਿਵਿਅਕਤ-ਸੰਬੰਧ ਦਰਸਾਇਆ ਹੈ। ਸੂਫ਼ੀ-ਕਵੀਆਂ ਨੇ ਪ੍ਰਭੂ ਦੇ ਮਿਲਾਪ ਲਈ ਇਸ਼ਕ ਨੂੰ ਜ਼ਰੂਰ ਮਹੱਤਵ ਦਿੱਤਾ ਹੈ। ਵਾਰਸਸ਼ਾਹ ਨੇ ਤਾਂ ਇਸ਼ਕ ਨੂੰ "ਪੀਰ ਫ਼ਕੀਰ ਦਾ ਮਰਤਬਾ" (ਵੇਖੋ: ਹੀਰ-ਵਾਰਸ)[1] ਆਖ ਕੇ ਸਿਰ ਨਿਵਾਇਆ ਹੈ। ਪਰ ਜਿੱਥੋਂ ਤਕ ਸਿੱਖ-ਧਰਮ ਦਾ ਸੰਬੰਧ ਹੈ, ਇਸ ਵਿੱਚ ਮਜਾਜ਼ੀ ਦੀ ਥਾਂ ਹਕੀਕੀ-ਪਿਆਰ ਦੀ ਪ੍ਰਾਪਤੀ ਦਾ ਆਦਰਸ਼ ਹੈ। ਫ਼ਰੀਦ ਸ਼ੁਕਰਗੰਜ ਦਾ ਅਨੁਭਵ ਪਿਛਲੇਰੇ-ਕਾਲ ਦੇ ਪੰਜਾਬੀ ਸੂਫ਼ੀਆਂ ਨਾਲੋਂ ਪਿਆਰ-ਆਦਰਸ਼ ਦੇ ਪੱਖ ਤੋਂ ਗੁਰਮਤਿ ਦੇ ਵਧੇਰੇ ਅਨੁਕੂਲ ਹੈ। ਫ਼ਰੀਦ ਆਮ ਕਰਕੇ ਧਨ, ਪਿਰ ਅਤੇ ਨਾਮ-ਰੰਗ ਦੇ ਪ੍ਰਤੀਕਾਂ ਜਾਂ ਅਲੰਕਾਰਾਂ ਦੁਆਰਾ ਆਤਮਕ ਜਾਂ ਹਕੀਕੀ-ਪਿਆਰ ਦੀ ਗੱਲ ਕਰਦਾ ਪ੍ਰਤੀਤ ਹੁੰਦਾ ਹੈ, ਇਸ ਲਈ ਕਿਉਂ ਉਸਦੇ ਪ੍ਰੀਤ-ਸਾਧਨੇ ਦਾ ਪ੍ਰਕਾਰ ਸਿੱਖ-ਗੁਰੂਆਂ ਨਾਲੋਂ ਵਧੇਰੇ ਸ਼ੁੱਧ ਹੈ, ਜਿਵੇਂ:-

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ।
(ਬਾਣੀ ਫ਼ਰੀਦ)[2]

ਕਬੀਰ ਅਤੇ ਗੁਰੂ ਨਾਨਕ ਦੀ ਕਵਿਤਾ ਵਿੱਚ ਭੀ ਜੀਵ-ਆਤਮਾ ਨੂੰ ਪਤਨੀ ਅਤੇ ਪ੍ਰਮਾਤਮਾ ਨੂੰ ਪਤੀ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਪਤੀ-ਪਤਨੀ ਦੇ ਰਿਸ਼ਤੇ ਨਾਲ ਸੰਬੰਧਤ ਸ਼ਬਦਾਵਲੀ (ਸੋਹਾਗਣਿ, ਦੋਹਾਗਣਿ, ਸੁਲਖਣੀ, ਕੁਲਖਣੀ, ਸੁਚੱਜੀ, ਕੁਚੱਜੀ, ਗੁਣਵੰਤੀ, ਅਉਗਣਵੰਤੀ, ਆਦਿਕ) ਨੂੰ ਕਲਾ-ਪੂਰਬਕ ਢੰਗ ਨਾਲ ਵਰਤਿਆ ਗਿਆ ਹੈ। ਸਮਾਜਕ-ਦ੍ਰਿਸ਼ਟੀ ਤੋਂ ਪਤੀ-ਪਤਨੀ ਦਾ ਪ੍ਰਤੀਕ ਗ੍ਰਿਹਸਥ-ਜੀਵਨ ਦਾ ਮਹੱਤਵ ਦਰਸਾਉਂਦਾ ਹੈ ਅਤੇ ਧਾਰਮਕ-ਦ੍ਰਿਸ਼ਟੀ ਤੋਂ ਇਹ "ਗਿਰਹੀ ਮਾਹਿ ਉਦਾਸ" ਦਾ ਲਖਾਇਕ ਹੈ।

ਗੁਰੂ ਅਮਰਦਾਸ ਦੀ ਕਾਵਿ-ਕਲਾ ਦੀ ਇਹ ਵਡਿਆਈ ਹੈ, ਕਿ ਇਸ ਦੁਆਰਾ ਧਨ-ਪਿਰ ਜਾਂ ਨਾਮ-ਰੰਗ ਦੇ ਪ੍ਰਤੀਕ ਕੇਵਲ ਕਲਾ ਦੀ ਪ੍ਰਦਰਸ਼ਨੀ ਹੀ ਨਹੀਂ ਕਰਦੇ, ਸਗੋਂ ਉੱਚੇ ਆਤਮਕ-ਭੇਤ ਖੋਲ੍ਹ ਕੇ ਮਨੁੱਖੀ-ਆਦਰਸ਼ਾਂ ਦੀ ਅਗਵਾਈ ਭੀ ਕਰਦੇ ਹਨ। ਕਬੀਰ ਅਤੇ ਆਦਿ-ਗ੍ਰੰਥ ਦੇ ਦੂਸਰੇ ਕਵੀਆਂ ਨਾਲੋਂ ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਗੁਰੂ ਅਰਜਨ ਆਦਿਕ ਗੁਰੂ-ਕਵੀਆਂ ਦੇ ਪ੍ਰਤੀਕ ਇਸ ਪੱਖ ਤੋਂ ਵਧੇਰੇ ਨਿਖਰ ਕੇ ਉਜਾਗਰ ਹੋਏ ਹਨ। ਗੁਰੂ ਅਮਰਦਾਸ ਦੇ ਬਿਆਨ ਵਿੱਚ ਗੁਰੂ ਨਾਨਕ ਨਾਲੋਂ ਸ਼ੋਖੀ ਘੱਟ ਹੈ, ਪਰ ਪਿਆਰ ਦਾ ਆਦਰਸ਼ ਘੱਟ ਉੱਚਾ ਨਹੀਂ। ਗੁਰੂ ਅਮਰਦਾਸ ਦੀ ਸੁਹਾਗਣ ਦਾ ਪਤੀ-ਪਿਆਰ ਦੂਜੀਆਂ ਸੰਜੋਗ-ਘੜੀਆਂ ਵਿੱਚ ਉਤਰ ਚੁੱਕਾ ਅਨੁਮਾਨੀਦਾ ਹੈ, ਪਰ ਕੁਝ ਗੁਰਦੇਵ ਦੀ ਉਮਰ ਦਾ ਤਕਾਜ਼ਾ (ਕਿਉਂਕਿ ਉਹਨਾਂ ਬਾਣੀ ਬਿਰਧ-ਅਵੱਸਥਾ ਵਿੱਚ ਰਚੀ) ਅਤੇ ਕੁਝ ਲੰਮੇ-ਸਾਧਨਾ ਦੁਆਰਾ ਪ੍ਰਾਪਤ ਹੋਏ ਸੰਜਮ ਕਰਕੇ, ਉਹਨਾਂ ਦੀ ਬਾਣੀ ਵਿੱਚ ਇਸਤ੍ਰੀ-ਰੂਪ ਦੇ ਵਰਣਨ ਬਾਰੇ ਸ਼ੋਖੀ ਘੱਟ ਹੈ ਅਤੇ ਸੰਜਮ ਬਹੁਤਾ ਹੈ।

ਸਨਾਤਨੀ ਰਹੱਸਵਾਦੀ-ਕਵੀਆਂ ਵਾਂਗ ਗੁਰੂ ਅਮਰਦਾਸ ਦਾ ਇਹ ਮਤ ਹੈ, ਕਿ ਸਾਰੀ ਸ੍ਰਿਸ਼ਟੀ ਵਿੱਚ

---

1. ਵਾਰਸਸ਼ਾਹ- ਕਿੱਸਾ-ਹੀਰ (ਮੁੱਢਲੀਆਂ ਸਤਰਾਂ) ।
2. ਆਦਿ-ਗ੍ਰੰਥ..........ਪੰਨਾ 1379

"ਪ੍ਰਭੂ" ਇੱਕੋ ਹੈ ਅਤੇ ਉਹੀ ਸਭ ਜੀਵਾਂ ਦਾ ਪਤੀ ਹੈ:-

ਸਭਨਾ ਕਾ ਭਤਾਰੁ ਏਕ ਹੈ ਸੁਆਮੀ ਕਹਣਾ ਕਿਛੂ ਨ ਜਾਇ ।
(ਵਡਹੰਸ ਮ:3)[1]

ਈਸਾਈ-ਸੰਤਾਂ ਅਤੇ ਰਹੱਸਵਾਦੀਆਂ ਵਾਂਗ ਗੁਰੂ **ਅਮਰਦਾਸ** ਦਾ ਭੀ ਇਹੋ ਅਨੁਭਵ ਹੈ, ਕਿ ਜਨਮ ਲੈਣ ਤੋਂ ਹੀ ਹਰ ਜੀਵ-ਆਤਮਾ ਦੀ ਮੰਗਣੀ ਪਰਮਾਤਮਾ-ਰੂਪੀ-ਪਤੀ ਨਾਲ ਹੋ ਚੁੱਕੀ ਹੈ। ਸੋ ਇਕ ਦਿਨ ਹਰ ਜੀਵ-ਆਤਮਾ ਨੇ "ਸਾਹੁਰੇ" ਜ਼ਰੂਰ ਜਾਣਾ ਹੈ, ਕਿਉਂਕਿ "ਪੇਈਅੜੈ" ਜਾਂ ਪੇਕੇ-ਘਰ ਵਿੱਚ ਚਾਰ ਦਿਨਾਂ ਦਾ ਹੀ ਵਾਸਾ ਹੈ:-

ਪੇਈਅੜੈ ਦਿਨ ਚਾਰਿ ਹੈ.................(ਗਉੜੀ ਬੈਰਾਗਣ ਮ:3)[2]

ਇਸਲਈ ਸਹੁਰੇ-ਘਰ ਜਾ ਕੇ ਪਤੀ ਦਾ ਪਿਆਰ ਪ੍ਰਾਪਤ ਕਰਨ ਲਈ ਜੀਵ-ਰੂਪ-ਮੁਟਿਆਰ ਨੂੰ ਪਹਿਲਾਂ ਤੋਂ ਹੀ ਅਰਥਾਤ ਪੇਕੇ-ਘਰ ਵਿੱਚ ਹੀ ਪਤੀ ਦੀ ਯਾਦ ਨੂੰ ਹਿਰਦੇ ਵਿੱਚ ਪਾਲਣਾ ਚਾਹੀਦਾ ਹੈ। ਪਤੀ ਦੀ ਯਾਦ ਉਸਦਾ "ਆਕਰਸ਼ਣ" ਹੈ, ਪਰ ਜਿਹੜੀ ਮੰਦਭਾਗਣ ਆਕਰਸ਼ਣ ਦੀ ਪਰਵਾਹ ਨਾ ਕਰਦੀ ਹੋਈ ਪੇਕੇ-ਘਰ ਦੀਆਂ **ਖੇੜ੍ਹਚਿਰ**ੀਆਂ ਖੇਡਾਂ ਵਿੱਚ ਮਸਤ ਰਹਿੰਦੀ ਹੈ, ਉਹ ਸਹੁਰੇ-ਘਰ ਜਾ ਕੇ ਪਤੀ ਦੇ ਪਿਆ**ਰ** ਨੂੰ ਪ੍ਰਾਪਤ ਨਹੀਂ ਕਰ ਸਕਦੀ:-

ਪੇਈਅੜੈ ਪਿਰੁ ਚੇਤੇ ਨਾਹੀ । **ਦੂਜੈ ਮੁਠੀ** ਰੋਵੈ ਧਾਹੀ ।

ਖਰੀ ਕੁਆਲਿਓ ਕੁਰੂ**ਪਿ** ਕੁਲਖਣੀ ਸੁਪਨੈ ਪਿਰੁ ਨਹੀ ਪਾਵਣਿਆ ।
(ਮਾਝ ਮ:3)[3]

ਇਸਦੇ ਉਲਟ ਜਿਹੜੀ ਮੁਟਿਆਰ ਪੇਕੇ-ਘਰ ਵਿੱਚ ਪਤੀ ਨੂੰ ਯਾਦ ਕਰਦੀ ਹੈ, ਉਹ ਸਹੁਰੇ ਜਾ ਕੇ ਪਤੀ ਦੇ ਕੰਠ ਲੱਗ ਜਾਂਦੀ ਹੈ:-

ਪੇਈਅੜੈ ਪਿਰੁ ਮੰਨਿ ਵਸਾਇਆ । ਪੂਰੈ ਗੁਰਿ ਹਦੂਰਿ ਦਿਖਾਇਆ ।
ਕਾਮਣਿ ਪਿਰੁ ਰਾਖਿਆ ਕੰਠਿ ਲਾਇ ਸਬਦੇ ਪਿਰੁ ਰਾਵੈ ਸੇਜ ਸੁਹਾਵਣਿਆ ।
(ਮਾਝ ਮ:3)[3]

ਜਿਵੇਂ ਪਿੱਛੇ ਸੰਕੇਤ ਕੀਤਾ ਹੈ, ਗੁਰੂ ਅਮਰਦਾਸ ਜੀ ਬਾਣੀ ਵਿੱਚ **ਪ**ਤੀ-ਪਤਨੀ ਦੇ ਪ੍ਰਤੀਕ ਨਾਲ ਸੰਬੰਧਿਤ "ਸੋਹਾਗਣਿ" ਅਤੇ "ਦੋਹਾਗਣਿ" ਦੇ ਹੋਰ ਪ੍ਰਤੀਕਾਂ ਨੂੰ ਭੀ ਬਹੁਤ ਸੁਚੱਜਤਾ ਨਾਲ ਉਭਾਰਿਆ ਗਿਆ ਹੈ। ਸੁਲਖਣੀ, ਕੁਲਖਣੀ, ਸੁਚੱਜੀ, ਕੁਚੱਜੀ, ਗੁਣਵੰਤੀ, ਅਉਗਣਵੰਤੀ (ਜਾਂ ਨਿਰਗੁਣਵੰਤੀ) ਆਦਿਕ ਪ੍ਰਤੀਕ ਇਸ ਪੱਖ ਤੋਂ ਬਹੁਤ ਮਹੱਤਵ ਰੱਖਦੇ ਹਨ। ਸੋਹਾਗਣਿ ਨੂੰ ਆਤਮਕ-ਸੁੰਦਰਤਾ ਲਈ ਨਿਰਮਾਣਤਾ, ਭੈ-ਭਾਉ-ਸ਼ਿੰਗਾਰ ਅਤੇ ਸਹਿਜ-ਸ਼ਿੰਗਾਰ, ਆਦਿਕ ਦੀ ਲੋੜ ਹੈ। ਸੂਹਾ ਤੇ ਭੜਕੀਲਾ-ਵੇਸ ਦੋਹਾਗਣਾਂ ਪਾਉਂਦੀਆਂ ਹਨ। ਇਹ ਦੇ ਉਲਟ ਮਜੀਠੀ-ਰੰਗ ਸੋਹਾਗਣਾਂ ਦਾ ਪ੍ਰਤੀਕ ਹੈ।

1. ਆਦਿ-ਗ੍ਰੰਥ....................ਪੰਨਾ 559
2. ਆਦਿ-ਗ੍ਰੰਥ....................ਪੰਨਾ 162
3. ਆਦਿ-ਗ੍ਰੰਥ....................ਪੰਨਾ 127

ਮੈਲਾ-ਵੇਸ ਰੰਡੇਪੇ ਦਾ ਚਿੰਨ੍ਹ ਹੈ. ਇਹ ਸਭ ਕੁਝ, ਸਮੇਤ ਸੋਹਾਗਣਾਂ ਦੇ ਮਨ ਵਿੱਚ ਮਿਲਾਪ ਦੀ ਤਾਂਘ ਅਤੇ ਦੋਹਾਗਣਾਂ ਦੇ ਦਿਲ ਵਿੱਚ ਦੁਨਿਆਵੀ-ਵਾਸ਼ਨਾਵਾਂ ਦੀ ਬੇਚੈਨੀ, ਗੁਰੂ ਅਮਰਦਾਸ ਦੀ ਕਵਿਤਾ ਰਾਹੀਂ ਪੂਰੀ ਸਫਲਤਾ ਨਾਲ ਚਿਤ੍ਰਿਆ ਗਿਆ ਹੈ, ਜਿਵੇਂ:-

(ੳ) <u>ਸੋਹਾਗਣਿ ਦੇ ਲੱਛਣ ਅਤੇ ਮਨੋ-ਸਥਿਤੀ:-</u>

(1) ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ ।
ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ।
ਦੁਬਿਧਾ ਸਹਜਿ ਸਮਾਏ ਵਰੁ ਪਾਏ ਗੁਰਮਤੀ ਰੰਗੁ ਲਾਏ ।
(ਗਉੜੀ ਮ:3)[1]

(2) ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ।
ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਧਾਰੇ ।
(ਗਉੜੀ ਮ:3)[1]

(3) ਸਾ ਸੋਹਾਗਣਿ ਸਾਚੀ ਜਿਸੁ ਸਾਚਿ ਪਿਆਰੁ ।
ਅਪਣਾ ਪਿਰੁ ਰਾਖੈ ਸਦਾ ਉਰਧਾਰਿ ।
(ਆਸਾ ਮ:3)[2]

(4) ਸੋਹਾਗਣੀ ਆਪਿ ਸਵਾਰੀਓਨੁ ਲਾਇ ਪ੍ਰੇਮ ਪਿਆਰੁ ।
ਸਤਿਗੁਰ ਕੈ ਭਾਣੈ ਚਲਦੀਆ ਨਾਮੇ ਸਹਜਿ ਸੀਗਾਰੁ ।
ਸਦਾ ਰਾਵੈ ਪਿਰੁ ਆਪਣਾ ਸਚੀ ਸੇਜ ਸੁਭਾਇ ।
ਪਿਰ ਕੈ ਪ੍ਰੇਮਿ ਮੋਹੀਆ ਮਿਲਿ ਪ੍ਰੀਤਮ ਸੁਖੁ ਪਾਇ ।
(ਆਸਾ ਮ:3)[3]

(5) ਸੋਹਾਗਣੀ ਮਹਲੁ ਪਾਇਆ ਵਿਚਹੁ ਆਪੁ ਗਵਾਇ ।
ਗੁਰਸਬਦੀ ਸੋਹਾਗਣੀਆ ਅਪਣੇ ਸਹਿ ਲਈਆ ਮਿਲਾਇ ।
(ਆਸਾ ਮ:3)[4]

(ਅ) <u>ਦੋਹਾਗਣਿ ਦੇ ਲੱਛਣ ਅਤੇ ਮਨੋ-ਅਵਸਥਾ:-</u>

(1) ਧਨ ਭੋਲੜੀ ਜੀਉ ਪਿਰੁ ਜਾਣ ਪਿਆਰੇ ।
ਦੂਜੈ ਭਾਇ ਮੁਠੀ ਜੀਉ ਬਿਨੁ ਗੁਰਸਬਦ ਕਰਾਰੇ ।
(ਗਉੜੀ ਮ:3)[5]

(2) ਦੋਹਾਗਣੀ ਮਹਲੁ ਨ ਪਾਇਨੀ ਨ ਜਾਣਨਿ ਪਿਰ ਕਾ ਸੁਆਉ ।
(ਆਸਾ ਮ:3)[6]

(3) ਦੋਹਾਗਣੀ ਭਰਮਿ ਭੁਲਾਈਆ ਕੂੜੁ ਬੋਲਿ ਬਿਖੁ ਖਾਹਿ ।
ਪਿਰੁ ਨ ਜਾਣਨਿ ਆਪਣਾ ਸੁੰਞੀ ਸੇਜ ਦੁਖੁ ਪਾਹਿ ।
(ਆਸਾ ਮ:3)[7]

(4) ਦੋਹਾਗਣੀ ਪਿਰ ਕੀ ਸਾਰ ਨ ਜਾਣਹੀ ਕਿਆ ਕਰਿ ਕਰਹਿ ਸੀਗਾਰੁ ।
ਅਨਦਿਨੁ ਸਦਾ ਜਲਦੀਆ ਫਿਰਹਿ ਸੇਜੈ ਰਵੈ ਨ ਭਤਾਰੁ ।
(ਆਸਾ ਮ:3)[4]

---

1. ਆਦਿ-ਗ੍ਰੰਥ..................ਪੰਨਾ 245
2. ਆਦਿ-ਗ੍ਰੰਥ..................ਪੰਨਾ 363
3. ਆਦਿ-ਗ੍ਰੰਥ..................ਪੰਨਾ 436
4. ਆਦਿ-ਗ੍ਰੰਥ..................ਪੰਨਾ 430
5. ਆਦਿ-ਗ੍ਰੰਥ..................ਪੰਨਾ 244
6. ਆਦਿ-ਗ੍ਰੰਥ..................ਪੰਨਾ 426
7. ਆਦਿ-ਗ੍ਰੰਥ..................ਪੰਨਾ 428

(5) ਏਹ ਕੁਲਖਣੀ ਕੁਚਜਣੀ ਪਰਹਰਿ ਛੋਡੀ ਭਤਾਰਿ ।

(ਗੂਜਰੀ ਕੀ ਵਾਰ ਮ:3)[1]

(6) ਬਿਨੁ ਪਿਰ ਕਾਮਣਿ ਕਰੇ ਸੀਗਾਰੁ ।
ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ।

(ਮਲਾਰ ਮ:3)[2]

(7) ਜੈਸ ਸੁਆਮੀ ਨਾਲਿ ਮੁਠੀ ਨੇਹੁ ਨ ਲਾਇਓਨਿ ਭਾਉ ।

(ਗੂਜਰੀ ਕੀ ਵਾਰ ਮ:3)[3]

ਪਰ ਸੰਤ-ਕਵੀਆਂ ਵਾਂਗ ਗੁਰੂ ਅਮਰਦਾਸ ਜੀ ਕਵਿਤਾ ਦੀ ਇਹ ਇਹੋ ਵਡਿਆਈ ਹੈ, ਕਿ ਇਸ ਨਾਰੀ ਦੋਹਾਗਣਾਂ ਨੂੰ ਕੇਵਲ ਨਿੰਦਿਆ ਹੀ ਨਹੀਂ ਕੀਤਾ, ਸਗੋਂ ਸੁਹਾਗਣਿ-ਪਦਵੀ ਸੁਖ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਜੀਵਨ-ਜੁਗਤਾਂ ਭੀ ਦਿੱਤੇ ਹਨ, ਜਿਵੇਂ:-

(ੳ) ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ ।

(ਵਡਹੰਸ ਮ:3)[4]

(ਅ) ਗੁਰ ਕੀ ਕਾਰ ਕਰੇ ਧਨ ਬਾਲੜੀਏ ਹਰਿ ਵਰੁ ਦੇਇ ਮਿਲਾਏ ਰਾਮ ।

(ਸੂਹੀ ਮ:3)[5]

(ੲ) ਰਹਿਸੀ ਨਾਮਿ ਸੁਹੇਲੇ ਤੂ ਸਚੁ ਗੁਰ ਕੈ ਭਾਇ ।
ਹਰਿ ਵਰੁ ਪਾਇਆ ਸਦਾ ਸੁਹੇਲੇ ਨਿਜ ਘਰਿ ਵਾਸਾ ਪਾਏ ।
ਨਿਜ ਘਰਿ ਵਾਸਾ ਪਾਏ ਸਾਚੁ ਕਮਾਏ ਸਦਾ ਸੁਹਾਗਣਿ ਨਾਰੀ ।
ਪਿਰੁ ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ ਸਵਾਰੀ ।
ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ ।
ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ ।

(ਵਡਹੰਸ ਮ:3)[6]

ਗੁਰੂ ਅਮਰਦਾਸ ਦੀ ਦੋਹਾਗਣ ਨੂੰ ਦੁਨਿਆਵੀ-ਪਦਾਰਥ ਵਰਤਣ ਦੀ ਮਨਾਹੀ ਨਹੀਂ, ਪਰ ਸ਼ਰਤ ਇਹ ਹੈ, ਕਿ ਅੰਦਰੋਂ ਮਨ ਪਰਮ-ਪਿਆਰ ਵਿੱਚ ਰੰਗਿਆ ਹੋਵੇ। ਜੈਸੇ "ਪ੍ਰਿਅ-ਸੀਗਾਰ" ਤੋਂ ਦੂਰ "ਭੈ-ਭਾਇ-ਸੀਗਾਰ" ਹੀ ਅਸਲ-ਸ਼ਿੰਗਾਰ ਹੈ, ਜੋ ਕਦੇ ਮੈਲਾ ਨਹੀਂ ਹੁੰਦਾ। ਇਹੋ ਜਿਹੇ ਸ਼ਿੰਗਾਰ ਨਾਲ ਹੀ ਅੰਦਰੋਂ ਸੱਚ ਦਾ ਪ੍ਰਕਾਸ਼ ਨਜ਼ਰ ਆਉਂਦਾ ਹੈ ਅਤੇ ਮੁਖ ਸਦਾ ਉਜਲਾ ਰਹਿੰਦਾ ਹੈ:-

ਸੂਹਵ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ ।
ਸਤਿਗੁਰੁ ਆਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ ।
ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ ।
ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ।

(ਵਾਰ ਸੂਹੀ ਕੀ ਮ:3)[7]

ਵੈਸੇ ਇਹ ਵਿਸ਼ਵਾਸ ਭੀ ਦੋਹਾਗਣਾਂ ਦੀ ਨਾਇਕਾ-ਕਲਪ ਕਰਨ ਵਿੱਚ ਸਹਾਇਕ ਹੋ ਸਕਦਾ ਹੈ, ਕਿ ਪਿਰ ਸਾਂ ਪਤੀ ਸਦਾ ਉਨ੍ਹਾਂ ਦੇ ਸੰਗ ਸੰਗ ਹੈ। ਕੇਵਲ ਉਨ੍ਹਾਂ ਨੂੰ ਪਤੀ ਨਜ਼ਰ ਨਹੀਂ ਆਉਂਦਾ, ਜਾਂ

---

1. ਆਦਿ-ਗ੍ਰੰਥ................ਪੰਨਾ 516
2. ਆਦਿ-ਗ੍ਰੰਥ................ਪੰਨਾ 1277
3. ਆਦਿ-ਗ੍ਰੰਥ................ਪੰਨਾ 510
4. ਆਦਿ-ਗ੍ਰੰਥ................ਪੰਨਾ 583
5. ਆਦਿ-ਗ੍ਰੰਥ................ਪੰਨਾ 770
6. ਆਦਿ-ਗ੍ਰੰਥ................ਪੰਨਾ 568
7. ਆਦਿ-ਗ੍ਰੰਥ................ਪੰਨਾ 785

ਜ਼ਰੂਰ ਉਨ੍ਹਾਂ ਦੀ ਅੱਖ ਵਿੱਚ "ਦੂਜੇ ਭਾਉ" ਦਾ ਮੋਤੀਆ-ਬਿੰਦ ਹੈ। ਗੁਰਦੇਵ ਫੁਰਮਾਉਂਦੇ ਹਨ:-

ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਸਦਾ ਨਾਲੇ ।
(ਵਡਹੰਸ ਮ:3)[1]

ਜਦੋਂ ਗੁਰੂ ਦੁਆਰਾ ਮਨ ਦੀ ਅੱਖ ਖੁੱਲ੍ਹ ਜਾਂਦੀ ਹੈ, ਤਾਂ ਜੀਵ-ਆਤਮਾ-ਰੂਪੀ-ਪਤਨੀ ਦਾ ਪ੍ਰਮਾਤਮਾ-ਰੂਪੀ-ਪਤੀ ਨਾਲ ਮਿਲਾਪ ਹੋ ਜਾਂਦਾ ਹੈ। ਪਤੀ-ਪਤਨੀ ਦੇ ਮਿਲਾਪ ਸਮੇਂ (ਆਨੰਦ-ਕਾਰਜ) ਸੋਹਾਗ (ਸੁਹਾਗ) ਅਤੇ ਮੰਗਲ ਗਾਏ ਜਾਂਦੇ ਹਨ। ਗੁਰੂ ਅਮਰਦਾਸ ਨੇ ਭੀ ਜੀਵ-ਆਤਮਾ ਅਤੇ ਪ੍ਰਮਾਤਮਾ ਦੇ ਮਿਲਾਪ ਦੀ ਖੁਸ਼ੀ ਨੂੰ ਪ੍ਰਗਟਾਉਣ ਲਈ ਕਈ "ਛੰਤ" ਰਚੇ ਹਨ। ਪਰ ਆਸਾ-ਰਾਗ ਦਾ ਇਹ ਛੰਤ ਖਾਸ ਮਹੱਤਵ ਰੱਖਦਾ ਹੈ, ਜਿਸਦੀਆਂ ਮੁੱਢਲੀਆਂ ਤੁਕਾਂ ਇਸ ਪ੍ਰਕਾਰ ਹਨ:-

ਹਮ ਘਰੇ ਸਾਚਾ ਸੋਹਿਲਾ ਸਾਚੈ ਸਬਦਿ ਸੁਹਾਇਆ ਰਾਮ ।
ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ ।
ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ ।
ਗੁਰਸਬਦਿ ਸੀਗਾਰੀ ਸਚਿ ਸਵਾਰੀ ਸਦਾ ਰਾਵੈ ਰੰਗਿ ਰਾਤੀ ।
ਆਪੁ ਗਵਾਏ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ ।
ਕਹੁ ਨਾਨਕ ਗੁਰਸਬਦਿ ਸਵਾਰੀ ਸਫਲਿਉ ਜਨਮੁ ਸਬਾਇਆ ।
(ਆਸਾ ਮ:3 ਛੰਤ ਘਰੁ 1)[2]

ਉਪਰੋਕਤ ਛੰਤ ਦੁਆਰਾ ਗੁਰੂ ਅਮਰਦਾਸ ਨੇ ਵਿਛੋੜੇ ਦੀ ਤੜਪ ਅਤੇ ਮਿਲਾਪ ਦੀ ਖੁਸ਼ੀ, ਪੇਕੇ ਜਾਂ ਅਨੰਦ ਨੂੰ ਅਲੰਕਾਰ ਨਾਇਕਾ ਦੇ ਮਨ ਦੀਆਂ ਵੱਖ ਵੱਖ ਅਵੱਸਥਾਵਾਂ ਨੂੰ ਬਲਵਾਨ ਅਨੁਭਵ ਰਾਹੀਂ ਉਲੀਕਿਆ ਹੈ।

(ਅ) ਬੰਬੀਹਾ ਅਤੇ ਅੰਮ੍ਰਿਤ-ਜਲ:-

ਵੈਸੇ ਗੁਰੂ ਅਮਰਦਾਸ ਦੀ ਬਾਣੀ ਵਿੱਚ ਹੰਸ, ਬਗਲਾ ਅਤੇ ਕੂੰਜ ਆਦਿਕ ਅਨੇਕਾਂ ਪੰਛੀਆਂ ਦੇ ਪ੍ਰਤੀਕਾਂ ਦੁਆਰਾ ਆਤਮਕ-ਜੀਵਨ ਦੇ ਉੱਚੇ-ਨੀਵੇਂ ਪੇਖੇ ਗਏ ਹਨ, ਪਰ ਬੰਬੀਹਾ (ਜਾਂ ਚਾਤ੍ਰਿਕ) ਇਕ ਮਹਾਨ ਪ੍ਰਤੀਕ ਹੈ। ਬੰਬੀਹੇ ਰਾਹੀਂ ਗੁਰੂ ਅਮਰਦਾਸ ਨੇ ਜੀਵ-ਆਤਮਾ ਨੂੰ ਵੱਖ ਵੱਖ ਅਵੱਸਥਾਵਾਂ ਵਿੱਚੋਂ ਲੰਘਦਿਆਂ ਵਿਖਾਇਆ ਹੈ। ਪਹਿਲੀ ਅਵੱਸਥਾ ਅੰਮ੍ਰਿਤ-ਜਲ-ਰੂਪੀ-ਪ੍ਰਭੂ-ਨਾਮ ਤੋਂ ਬੇਮੁਖ ਹੋ ਦੁਨਿਆਵੀ-ਪਦਾਰਥਾਂ ਪਿੱਛੇ ਭਟਕਣ ਦੀ ਹੈ, ਜਿਵੇਂ:-

ਚਾਤ੍ਰਿਕ ਤੂ ਨ ਜਾਣਹੀ ਕਿਆ ਤੁਧੁ ਵਿਚਿ ਤਿਖਾ ਹੈ ਕਿਤੁ ਪੀਤੈ ਤਿਖ ਜਾਇ ।
ਦੂਜੈ ਭਾਇ ਭਰੰਮਿਆ ਅੰਮ੍ਰਿਤ ਜਲੁ ਪਲੈ ਨ ਪਾਇ ।
(ਵਾਰ ਮਲਾਰ ਮ:1 ਸਲੋਕ ਮ:3)[3]

ਦਰਅਸਲ ਬੰਬੀਹਾ ਸਾਰੇ ਜਗਤ ਦਾ ਪ੍ਰਤੀਕ ਹੈ ਅਤੇ ਸਾਰਾ ਜਗਤ ਪ੍ਰਭੂ-ਨਾਮ ਦੇ ਅੰਮ੍ਰਿਤ-ਜਲ ਤੋਂ ਦੂਰ ਤ੍ਰਿਸ਼ਨਾ ਦੀ ਅੱਗ ਵਿੱਚ ਸੜ ਰਿਹਾ ਹੈ:-

---

1. ਆਦਿ-ਗ੍ਰੰਥ..................ਪੰਨਾ 584
2. ਆਦਿ-ਗ੍ਰੰਥ..................ਪੰਨਾ 439
3. ਆਦਿ-ਗ੍ਰੰਥ..................ਪੰਨਾ 1284

ਬਾਬੀਹਾ ਏਹੁ ਜਗਤੁ ਹੈ ਮਤ ਕੋ ਭਰਮਿ ਭੁਲਾਇ ।
ਇਹੁ ਬਾਬੀਹਾ ਪਸੂ ਹੈ ਇਸਨੋ ਬੂਝਣੁ ਨਾਹਿ ।
ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ ।
ਨਾਨਕ ਗੁਰਮੁਖਿ ਜਿਨ ਪੀਆ ਤਿਨ ਬਹੁੜਿ ਨ ਲਾਗੀ ਆਇ ।

(ਵਾਰ ਮਲਾਰ ਮ:1 ਸ਼ਲੋਕ ਮ:3)[1]

ਇਹੋ ਘੁੰਡੀ ਸੀ, ਜੋ ਗੁਰੂ ਅਮਰਦਾਸ ਨੇ ਉਪਰੋਕਤ ਤੁਕਾਂ ਰਾਹੀਂ ਖੋਲ੍ਹ ਦਿੱਤੀ ਹੈ। ਪ੍ਰਤੀਕ ਦੀ ਵਿਸ਼ੇਸ਼ਤਾ ਉਸਦੇ ਮੁਹਾਉ-ਅੰਸ਼ ਵਿੱਚ ਹੈ, ਪਰ ਜਿਵੇਂ ਅਸਾਂ ਪਿੱਛੇ ਸੰਕੇਤ ਕੀਤਾ ਹੈ, ਗੁਰੂ ਅਮਰਦਾਸ ਦੇ ਪ੍ਰਤੀਕ ਸੱਚ ਨੂੰ ਜੰਦਰਾ ਮਾਰਨ ਦੀ ਲੋੜ ਕਰ ਮੁਹਾਉ ਨਹੀਂ, ਕਿਉਂਕਿ ਇਹ ਕਲਾ ਦੀ ਪੂਰਤਮੂਲੀ ਲਈ ਨਹੀਂ ਰਚੇ ਗਏ, ਸਗੋਂ ਭੋਲੇ-ਭਾਲੇ ਜਗਿਆਸੂਆਂ ਦੇ ਪ੍ਰਚਾਰ ਲਈ ਰੌਂਹ ਵਿੱਚ ਆਏ ਹਨ। ਜੋ ਜਿੱਥੇ ਕਿੱਥੇ ਭੀ ਗੁਰੂ ਅਮਰਦਾਸ ਨੂੰ ਕੋਈ ਪ੍ਰਤੀਕ ਲੋੜ ਨਾਲੋਂ ਵਧੇਰੇ ਮੁਹਾਉ ਰੱਖਦਾ ਜਾਪਿਆ ਹੈ, ਉਹਨਾਂ ਵਿਆਖਿਆ ਦੁਆਰਾ ਉਹਨੂੰ ਸਪਸ਼ਟ ਕਰ ਦਿੱਤਾ ਹੈ।

ਵੈਸੇ ਜੀਵ-ਆਤਮਾ-ਰੂਪੀ-ਪਪੀਹੇ ਨੂੰ ਨਾਮ-ਰੂਪੀ-ਸ੍ਵਾਂਤ-ਬੂੰਦ ਦੇ ਵਿਛੋੜੇ ਵਿੱਚ ਜੋ ਕਾਹਲਾਂ ਵਾਪਰੀਆਂ ਹਨ, ਉਹਨਾਂ ਦੇ ਪ੍ਰਗਟਾਉ ਲਈ ਕਿਤਨੇ ਸੁੰਦਰ ਸ਼ਬਦ ਹਨ:-

(ੳ) ਬਾਬੀਹਾ ਖਿਨੁ ਖਿਨੁ ਬਿਲਲਾਇ । ਬਿਨੁ ਪਿਰ ਦੇਖੇ ਨੀਦ ਨ ਪਾਇ ।
ਇਹੁ ਵੇਛੋੜਾ ਸਹਿਆ ਨ ਜਾਇ । ਸਤਿਗੁਰੁ ਮਿਲੈ ਤਾਂ ਮਿਲੈ ਸੁਭਾਇ ।

(ਮਲਾਰ ਮ:3)[2]

(ਅ) ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲਨਿਧਿ ਪ੍ਰੇਮ ਪਿਆਰਿ ।

(ਸ਼ਲੋਕ ਵਾਰਾਂ ਤੋਂ ਵਧੀਕ)[3]

ਇਹੋ ਬੰਬੀਹੇ ਦੀ ਪ੍ਰੇਮ-ਵਿਆਕੁਲਤਾ ਹੈ। ਇਹੋ ਉਸਦੀ ਅਰਦਾਸ ਹੈ। ਪਰ ਜਦੋਂ ਤਕ ਬੰਬੀਹੇ ਨੂੰ ਆਪਣੇ ਮਾਲਕ ਦੇ ਮਹਿਲਾਂ ਦਾ ਰਾਹ ਨਹੀਂ ਪਤਾ, ਉਸਦੀ ਅਰਦਾਸ ਕਿਵੇਂ ਪਹੁੰਚੇ:-

ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ ਮਹਲੁ ਦੇਖਿ ਅਰਦਾਸਿ ਪਾਇ ।
ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ ।

(ਵਾਰ ਮਲਾਰ ਮ:1 ਸ਼ਲੋਕ ਮ:3)[4]

ਖਸਮ ਦੇ ਮਹਿਲ ਤਕ ਪਹੁੰਚਣ ਲਈ ਗੁਰੂ ਦੀ ਲੋੜ ਹੈ। ਜਦੋਂ ਗੁਰੂ ਮਿਲ ਜਾਵੇ, ਆਪਣੇ ਅੰਦਰ ਹੀ ਖਸਮ ਦਾ ਮਹਿਲ ਨਜ਼ਰ ਆਉਣ ਲੱਗ ਪੈਂਦਾ ਹੈ। ਫਿਰ "ਜਲਨਿਧਿ" ਬਾਰੇ ਕੋਈ ਭਰਮ-ਭੁਲੇਖਾ ਨਹੀਂ ਰਹਿੰਦਾ, ਸ਼ਿਕਵੇ-ਸ਼ਿਕਾਇਤਾਂ ਮੁੱਕ ਜਾਂਦੀਆਂ ਹਨ, ਪ੍ਰਕ੍ਰਿਤੀ ਦੀ ਹਰ ਸ਼ੈਅ ਕਿਸੇ ਹੁਕਮ ਵਿੱਚ ਬੱਝੀ ਕਾਰ ਕਰਦੀ ਜਾਪਦੀ ਹੈ ਅਤੇ ਹੁਕਮ ਜਾਂ ਰਜ਼ਾ ਵਿੱਚ ਚੱਲਣਾ ਹੀ ਸਹੀ ਮਾਰਗ ਸਿੱਧ ਹੁੰਦਾ ਹੈ:-

(ੳ) ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ ।
ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ ।

(ਵਾਰ ਮਲਾਰ ਮ:1 ਸ਼ਲੋਕ ਮ:3)[5]

---

1. ਆਦਿ-ਗ੍ਰੰਥ......................ਪੰਨਾ 1283
2. ਆਦਿ-ਗ੍ਰੰਥ......................ਪੰਨਾ 1262
3. ਆਦਿ-ਗ੍ਰੰਥ......................ਪੰਨਾ 1419
4. ਆਦਿ-ਗ੍ਰੰਥ......................ਪੰਨਾ 1283
5. ਆਦਿ-ਗ੍ਰੰਥ......................ਪੰਨਾ 1282

(ਅ) ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ ।
ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ ।
ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ ।
ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ।
ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ ।
(ਸਲੋਕ ਵਾਰਾਂ ਤੋਂ ਵਧੀਕ)[1]

ਗੁਰੂ ਅਮਰਦਾਸ ਜੀਆਂ ਹੇਠ ਲਿਖੀਆਂ ਤੁਕਾਂ ਵਿੱਚ "ਇੰਦ੍ਰ"(ਵਰਖਾ ਦਾ ਦੇਵਤਾ) ਸ਼ਾਇਦ ਗੁਰੂ ਦਾ ਪ੍ਰਤੀਕ ਹੈ ਅਤੇ "ਵਰਖਾ" ਪ੍ਰਤੀਕ ਹੈ ਗੁਰੂ-ਕਿਰਪਾ ਦੀ।- ਗੁਰੂ ਨਿਰੰਕਾਰ ਨਾਲ ਅਭੇਦ ਹੈ ਅਤੇ ਉਸਦੇ ਹੁਕਮ ਅਨੁਸਾਰ ਹੀ ਜੀਵਾਂ ਦਾ ਉਧਾਰ ਕਰ ਰਿਹਾ ਹੈ। ਇਸ ਭੇਤ ਨੂੰ ਕਿਤਨੇ ਸੋਹਣੇ ਪ੍ਰਤੀਕ ਦੁਆਰਾ ਖੋਲ੍ਹਿਆ ਗਿਆ ਹੈ:-

(ੳ) ਧੁਰਹੁ ਖਸਮਿ ਭੇਜਿਆ ਸਚੈ ਹੁਕਮਿ ਪਠਾਇ ।
ਇੰਦੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ ।
(ਸਲੋਕ ਵਾਰਾਂ ਤੋਂ ਵਧੀਕ)[1]

(ਅ) ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ ।
ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ ।
ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ ।
(ਵਾਰ ਮਲਾਰ ਮ:1 ਸਲੋਕ ਮ:3)[2]

(ੲ) ਇੰਦੁ ਵਰਸੈ ਸਹਿ ਚੜਿਆ ਲੋਕਾਂ ਮਨਿ ਉਪਜੈ ਚਾਉ ।
ਜਿਸ ਕੈ ਹੁਕਮਿ ਇੰਦੁ ਵਰਸਦਾ ਤਿਸ ਕੈ ਸਦ ਬਲਿਹਾਰੈ ਜਾਉ ।
(ਵਾਰ ਮਲਾਰ ਮ:1 ਸਲੋਕ ਮ:3)[3]

ਜਿਵੇਂ ਪਿੱਛੇ ਦੱਸਿਆ ਗਿਆ ਹੈ, "ਜਲ" ਪ੍ਰਮਾਤਮਾ ਦਾ ਪ੍ਰਤੀਕ ਹੈ ਅਤੇ ਇਸ ਲਈ ਸਾਰੀ ਸ੍ਰਿਸ਼ਟੀ ਦਾ ਆਧਾਰ ਹੈ। ਬੰਬੀਹਾ ਵੀ ਸ੍ਰਿਸ਼ਟੀ ਵਿੱਚ ਹੀ ਸ਼ਾਮਿਲ ਹੈ:-

(ੳ) ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ ।
ਨਾਨਕ ਹਰਿਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ ।
(ਸਲੋਕ ਵਾਰਾਂ ਤੋਂ ਵਧੀਕ)[4]

(ਅ) ਬਾਬੀਹਾ ਜਿਸਨੋ ਤੂ ਪੂਕਾਰਦਾ ਤਿਸਨੋ ਲੋਚੈ ਸਭੁ ਕੋਇ ।
ਅਪਣੀ ਕਿਰਪਾ ਕਰਿ ਕੈ ਵਰਸਸੀ ਵਣੁ ਤ੍ਰਿਣੁ ਹਰਿਆ ਹੋਇ ।
(ਵਾਰ ਮਲਾਰ ਮ:1 ਸਲੋਕ ਮ:3)[2]

ਇਹ ਗੱਲ ਭੀ ਗੁਰਮਤਿ ਅਨੁਸਾਰ ਬਿਲਕੁਲ ਠੀਕ ਹੈ, ਕਿ ਪ੍ਰਭੂ-ਪਰਮੇਸ਼ਰ ਦੀ ਕਿਰਪਾ ਤਾਂ ਸਭ ਜੀਵ ਉੱਤੇ ਸਹਜਿ-ਸੁਭਾ ਹੋ ਰਹੀ ਹੈ, ਪਰ ਆਮ ਅਤੇ ਭੁੱਲੇ-ਭਟਕੇ ਜੀਵਾਂ ਨੂੰ ਇਸਦੀ ਸੋਝੀ ਨਹੀਂ। ਜਿਨ੍ਹਾਂ ਨੂੰ ਪ੍ਰਭੂ ਦੇ ਹੁਕਮ ਅਨੁਸਾਰ ਗੁਰੂ ਦੀ ਕਿਰਪਾ ਨਾਲ ਇਸ ਗੱਲ ਦਾ ਵਿਸ਼ਵਾਸ ਹੋ ਗਿਆ ਹੈ, ਉਹ ਮਨਮੁਖੋਂ-ਸਾਕਤੋਂ ਖਿੜ ਕੇ ਹਰਿਆਵਲੇ(ਗੁਰਮੁਖ) ਹੋ ਗਏ ਹਨ:-

---

1. ਆਦਿ-ਗ੍ਰੰਥ.............ਪੰਨਾ 1420
2. ਆਦਿ-ਗ੍ਰੰਥ.............ਪੰਨਾ 1281
3. ਆਦਿ-ਗ੍ਰੰਥ.............ਪੰਨਾ 1285
4. ਆਦਿ-ਗ੍ਰੰਥ.............ਪੰਨਾ 1419

(ੳ) ਇਹੁ ਜਲੁ ਸਭਤੈ ਵਰਸਦਾ ਵਰਸੈ ਭਾਇ ਸੁਭਾਇ ।
ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ ।
(ਵਾਰ ਮਲਾਰ ਮ:1 ਸ਼ਲੋਕ ਮ:3)[1]

(ਅ) ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ ।
ਜਲ ਕੀ ਸਾਰ ਨ ਜਾਣਹੀ ਤਾਂ ਤੂ ਕੂਕਣ ਪਾਹਿ ।
ਜਲ ਥਲ ਚਹੁਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ ।
ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ ।
ਨਾਨਕ ਗੁਰਮੁਖਿ ਤਿਨ ਸੋਝੀ ਪਈ ਜਿਨ ਵਸਿਆ ਮਨ ਮਾਹਿ ।
(ਵਾਰ ਮਲਾਰ ਮ:1 ਸ਼ਲੋਕ ਮ:3)[1]

ਅਖੀਰ ਤੇ ਸੱਭ ਦੀਆਂ ਸਾਰੀਆਂ ਕੰਨੀਆਂ ਛੁੱਹ ਕੇ ਸਪਸ਼ਟ ਕਰ ਦਿੱਤਾ ਹੈ, ਕਿ ਪਪੀਹੇ ਨੂੰ ਜਦੋਂ ਪ੍ਰਭੂ ਦੇ ਹੁਕਮ ਦੀ ਪਛਾਣ ਹੋ ਜਾਂਦੀ ਹੈ, ਉਸਦੀ ਕੂਕ ਪੁਕਾਰ ਮੁੱਕ ਜਾਂਦੀ ਹੈ ਅਤੇ ਉਹ ਸਹਿਜ-ਅਵੱਸਥਾ ਵਿੱਚ ਲੀਨ ਹੋ ਜਾਂਦਾ ਹੈ। ਇਹ ਅਵੱਸਥਾ ਜੋ ਸ਼ਿਕਵੇ-ਸ਼ਿਕਾਇਤ ਅਤੇ ਕੂਕ-ਪੁਕਾਰ ਤੋਂ ਉੱਚੀ ਹੈ, ਗੁਰਮਤਿ ਅਨੁਸਾਰ ਸਭ ਤੋਂ ਉੱਚੀ-ਅਵੱਸਥਾ ਹੈ:-

ਬਾਬੀਹੈ ਹੁਕਮੁ ਪਛਾਣਿਆ ਗੁਰ ਕੈ ਸਹਜਿ ਸੁਭਾਇ ।
ਮੇਘੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ ।
ਬਾਬੀਹੇ ਕੂਕ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ ।
(ਵਾਰ ਮਲਾਰ ਮ:1 ਸ਼ਲੋਕ ਮ:3)[2]

(ੲ) ਕੁਝ ਹੋਰ ਪ੍ਰਤੀਕ ਅਤੇ ਸੰਬੰਧਿਤ ਭਾਵ:-

ਗੁਰੂ ਅਮਰਦਾਸ ਦੀ ਕਵਿਤਾ ਵਿੱਚ ਉਪਰੋਕਤ ਪ੍ਰਤੀਕਾਂ ਤੋਂ ਛੁੱਟ ਅਨੇਕਾਂ ਹੋਰ ਪ੍ਰਤੀਕਾਂ ਦੀ ਭੀ ਬਹੁ-ਮਤੀ ਉਸਾਰੀ ਕੀਤੀ ਗਈ ਹੈ। ਭਾਵੇਂ ਇਨ੍ਹਾਂ ਵਿੱਚੋਂ ਬਹੁਤੇ ਪ੍ਰਤੀਕ ਗੁਰੂ ਨਾਨਕ ਅਤੇ ਦੂਸਰੇ ਗੁਰੂ ਅਤੇ ਭਗਤ-ਕਵੀਆਂ ਨਾਲ ਸਾਂਝੇ ਹਨ, ਪਰ ਸੂਖਮ-ਨੀਝ ਨਾਲ ਵੇਖਿਆਂ ਹਰ ਪ੍ਰਤੀਕ ਦੀ ਰੂਹ ਉੱਤੇ ਗੁਰੂ ਅਮਰਦਾਸ ਦੀ ਨਿੱਜੀ-ਸ਼ਖ਼ਸੀਅਤ ਦੀ ਵਿਲੱਖਣ ਸ਼ੈਲੀ ਵਿਖਾਈ ਦਿੰਦੀ ਹੈ। ਸੰਬੰਧਿਤ ਪ੍ਰਤੀਕਾਂ ਦਾ ਵਿਉਰਾ (ਸਮੇਤ ਉਨ੍ਹਾਂ ਨਾਲ ਸੰਬੰਧਤ-ਭਾਵਾਂ ਦੇ) ਇਸ ਪਰਕਾਰ ਹੈ:-

(1) ਘਰ (ਅਡੋਲ ਆਤਮਕ-ਅਵੱਸਥਾ):-

ਗੁਰੂ ਅਮਰਦਾਸ ਅਤੇ ਦੂਸਰੇ ਗੁਰੂਆਂ ਦੀ ਬਾਣੀ ਵਿੱਚ "ਘਰ" ਦਾ ਪ੍ਰਤੀਕ ਬਹੁਤ ਵਾਰ ਹੋਇਆ ਹੈ। ਦਰਅਸਲ ਇਹ ਘਰ ਹੀ ਸਾਡਾ ਆਤਮ-ਟਿਕਾਣਾ ਹੈ। ਐਵਲਿਨ ਅੰਡਰਹਿਲ[3] ਨੇ ਪੱਛਮ ਦੇ ਰਹੱਸਵਾਦੀ-ਸਾਹਿਤ ਦੇ ਆਧਾਰ ਤੇ ਮਨੁੱਖ ਨੂੰ ਇਨ੍ਹਾਂ ਗੁਣਾਂ ਵਿੱਚ ਇਕ "ਘਰਗਾਮੀ" ਜਾਂ "ਪ੍ਰਦੇਸੀ" ਦੇ ਰੂਪ ਵਿੱਚ ਦਰਸਾਇਆ ਗਿਆ ਹੈ, ਜੋ ਆਪਣੇ ਆਤਮ-ਵਤਨ ਜਾਂ "ਘਰ" ਤੋਂ ਦੂਰ ਪ੍ਰਦੇਸਾਂ ਵਿੱਚ ਭਟਕ ਰਿਹਾ ਹੈ। ਗੁਰੂ ਰਾਮਦਾਸ (ਅਤੇ ਬਾਕੀ ਹੋਰ ਕਵੀਆਂ ਨੇ ਭੀ) ਨੇ ਇਸੇ ਵਿਚਾਰ ਨੂੰ ਸਰੋਦੀ-ਰੂਪ ਨਾਲ ਵਿਸਤਾਰ ਪੇਸ਼ ਕੀਤਾ ਹੈ:-

---

1. ਆਦਿ-ਗ੍ਰੰਥ........................ਪੰਨਾ 1282
2. ਆਦਿ-ਗ੍ਰੰਥ........................ਪੰਨਾ 1285
3. Evelyn Underhill- Mysticism-, 1957, Pages 126-27.

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ।
(ਆਸਾ ਮ:4)[1]

ਗੁਰੂ ਅਮਰਦਾਸ ਨੇ ਭੀ "ਘਰ" ਨੂੰ ਜੀਵ-ਆਤਮਾ ਦੇ "[illegible]" ਦੇ ਪ੍ਰਤੀਕ ਵਜੋਂ ਹੀ ਵਰਤਿਆ ਪ੍ਰਤੀਤ ਹੁੰਦਾ ਹੈ, ਜਿਵੇਂ:-

ਘਰੈ ਅੰਦਰਿ ਹੈ ਘਰੁ ਪਾਇ ।
(ਮਾਰੂ ਮ:3)[2]

ਵੈਸੇ ਸਧਾਰਨ-ਅਰਥਾਂ ਵਿੱਚ "ਘਰ" ਤੋਂ ਭਾਵ ਮਨੁੱਖੀ-ਮਨ ਜਾਂ ਮਨੁੱਖੀ-ਸਰੀਰ ਵੀ ਲਿਆ ਜਾ ਸਕਦਾ ਹੈ। ਪਰ ਅੰਤ੍ਰੀਵ-ਅਰਥਾਂ ਲਈ ਆਤਮਨ-ਘਰ ਵਲ ਹੀ ਵੇਖਣਾ ਪਵੇਗਾ, ਜਿਸ ਘਰ ਵਿੱਚ ਨਾਮ-ਰੂਪੀ ਅਨਮੋਲ-ਰਤਨ ਤੋਂ ਛੁੱਟ ਧਰਤੀ, ਧਉਲ, ਆਕਾਸ਼, ਪਾਤਾਲ, ਸਾਗਰ ਸਭ ਕੁਝ ਹੈ:-

(ੳ) ਘਰ ਮਹਿ ਠਾਕੁਰੁ ਅਲਖ ਅਪਾਰਾ ।
ਗੁਰਮਤਿ ਖੋਜਹਿ ਸਬਦਿ ਬੀਚਾਰਾ ।..................(ਬਸੰਤ ਮ:3)[3]
(ਅ) ਘਰ ਮਹਿ ਧਰਤੀ ਧਉਲੁ ਪਾਤਾਲਾ ।..................(ਮਾਝ ਮ:3)[3(ੳ)]

ਇਸੇ ਆਤਮਨ-ਘਰ ਨੂੰ ਕਈ ਥਾਈਂ "ਮਹਲ" ਅਤੇ "ਨਿਜਘਰਿ" ਭੀ ਆਖਿਆ ਗਿਆ ਹੈ, ਜਿਵੇਂ:-

(ੳ) ਅੰਦਰਿ ਮਹਲ ਰਤਨੀ ਭਰੇ ਭੰਡਾਰਾ ।..................(ਮਾਝ ਮ:3)[3(ੳ)]
(ਅ) ਨਿਰਮਲ ਬਾਣੀ ਨਿਜਘਰਿ ਵਾਸਾ । ..................(ਆਸਾ ਮ:3)[4]

(2) <u>ਗੁਫਾ, ਕੋਟ ਜਾਂ ਗੜ੍ਹ</u> (ਦੇਹੀ ਜਾਂ ਸਰੀਰ ਦੇ ਅਰਥਾਂ ਵਿੱਚ):-

(ੳ) ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ।
(ਰਾਮਕਲੀ ਮ:3)[5]
(ਅ) ਇਸੁ ਗੁਫਾ ਮਹਿ ਅਖੁਟ ਭੰਡਾਰਾ ।...........(ਮਾਝ ਮ:3)[6]

(3) <u>ਨਉ-ਦਰਾਂ ਵਾਲਾ ਘਰ</u> (ਮਨੁੱਖੀ-ਸਰੀਰ):-

ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ........
(ਰਾਮਕਲੀ ਮ:3)[5]

(4) <u>ਦਸਵਾਂ-ਦੁਆਰ</u> (ਤੁਰੀਆ-ਅਵੱਸਥਾ):-

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ।
(ਰਾਮਕਲੀ ਮ:3)

(5) <u>ਅਨਮੋਲ-ਰਤਨ ਜਾਂ [illegible]</u> (ਪ੍ਰਭੂ-ਨਾਮ):-

ਅੰਦਰਿ ਮਹਲ ਰਤਨੀ ਭਰੇ ਭੰਡਾਰਾ ।.........(ਮਾਝ ਮ:3)[3(ੳ)]

(6) <u>ਬਜਰ-ਕਪਾਟ</u> ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦਾ ਕਰਤਾ ਭਾਈ ਕਾਨ੍ਹ ਸਿੰਘ ਅਤੇ ਕਈ ਦੂਸਰੇ ਵਿਦਵਾਨ ਬਜਰ-ਕਪਾਟ ਦਾ ਅਰਥ "ਅਗਿਆਨਤਾ ਦੇ ਪੱਟ" ਕਰਦੇ ਚੱਲ ਰਹੇ ਹਨ, ਪਰ ਅਸਾਂ ਇਸਦੇ ਅਰਥਾਂ ਬਾਰੇ ਇਕ ਹੋਰ ਸੁਝਾਅ ਵੀ ਦਿੱਤਾ ਹੈ। ਵਿਸਥਾਰ ਲਈ ਵੇਖੋ: ਖੋਜ-ਪ੍ਰਬੰਧ ਰਚਨਾ "[illegible]" ਦੀ ਪਰਿਭਾਸ਼ਾ ਅਤੇ ਸਿਧਾਂਤਕ-ਆਧਾਰ"।

ਹਉਮੈ ਮਾਰਿ ਬਜਰ ਕਪਾਟ ਖੁਲਾਇਆ ।
(ਮਾਝ ਮ:3)[6]

---

1.ਆਦਿ-ਗ੍ਰੰਥ...........ਪੰਨਾ 451
2.ਆਦਿ-ਗ੍ਰੰਥ...........ਪੰਨਾ 1068
3.ਆਦਿ-ਗ੍ਰੰਥ............ਪੰਨਾ 1175
3(ੳ).ਆਦਿ-ਗ੍ਰੰਥ ........ਪੰਨਾ 126
4.ਆਦਿ-ਗ੍ਰੰਥ.....................ਪੰਨਾ 362
5.ਆਦਿ-ਗ੍ਰੰਥ.....................ਪੰਨਾ 922
6.ਆਦਿ-ਗ੍ਰੰਥ.....................ਪੰਨਾ 124

(7) ਕੁੰਜੀ (ਵਿਆਹ) :-

ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ।
(ਮਾਝ ਮ:3)[1]

(8) ਪੇਈਅੜੈ=ਪੇਕਾ ਘਰ (ਮਾਤ-ਲੋਕ) :-

ਪੇਈਅੜੈ ਪਿਰ ਜਾਤਾ ਹੈ.............. (ਗਉੜੀ ਬੈਰਾਗਣਿ ਮ:3)[2]

(9) ਸਹੁਰੇ, ਸਾਹੁਰੈ=ਸਹੁਰਾ ਘਰ (ਪ੍ਰਲੋਕ) :-

ਪੇਵਕੜੈ ਗੁਣ ਸੰਮਲੈ ਸਾਹੁਰੈ ਵਾਸੁ ਪਾਇਆ । ( " " " )[2]

(10) ਧਨ, ਕਾਮਣਿ, ਨਾਰਿ (ਜੀਵ-ਆਤਮਾ) :-

ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ।.....(ਗਉੜੀ ਮ:3)[3]

(11) ਪਿਰ, ਕੰਤ, ਭਤਾਰ, ਨਾਹ, ਪ੍ਰੀਤਮ (ਪਰਮਾਤਮਾ) :-

ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ।
(ਗਉੜੀ ਮ:3)[4]

(12) ਸੋਹਾਗਣਿ (ਗੁਰਮੁਖ) :-

ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ
ਖਸਮੈ ਮਾਹਿ ਸਮਾਇ ।.................(ਵਾਰ ਸੂਹੀ ਮ:3)[5]

(13) ਦੋਹਾਗਣਿ (ਮਨਮੁਖ) :-

ਦੋਹਾਗਣੀ ਮਹਲੁ ਨ ਪਾਇਨੀ ਨ ਜਾਣਨਿ ਪਿਰ ਕਾ ਸੁਆਉ ।
(ਆਸਾ ਮ:3)[6]

(14) ਕੁਚਜ, ਕੁਚਜੀ (ਨਾਮ-ਵਿਹੂਣੀ ਕੁਚਜਣ) :-

ਕੁਚਜੀਏ ਕੂੜਾ ਸਭੁ ਸੀਗਾਰੁ ਹੈ ਮਿਲਿ ਗੁਰਮਤਿ ਦੂਜਾ ਭਾਉ ।
(ਵਾਰ ਸੂਹੀ ਮ:3)[7]

(15) ਲਾਲ-ਰੰਗ, ਰੰਗ-ਚਲੂਲਾ ਜਾਂ ਮਜੀਠੈ-ਰੰਗ (ਅਧਿਆਤਮਕ-ਪਿਆਰ) :-

(ੳ) ਰੰਗਿ ਚਲੂਲੈ ਰਤਿ ਰਹਿ ਭਾਏ ।......(ਬਿਲਾਵਲ ਮ:3)[8]

(ਅ) ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ ।
ਜਿਉ ਮਜੀਠੈ ਕਪੜੇ ਰੰਗੇ ਭੀ ਪਾਹੇਹਿ ।
ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ ।
(ਸੋਰਠ ਕੀ ਵਾਰ ਮ:4, ਸਲੋਕ ਮ:3)[9]

(ੲ) ਗੁਰਮੁਖਿ ਲਾਲੋ ਲਾਲ ਹੈ ਜਿਉ ਰੰਗੁ ਮਜੀਠ ਸਚੜਾਉ ।
(ਵਾਰ ਸੂਹੀ ਮ:3)[7]

---

1. ਆਦਿ-ਗ੍ਰੰਥ............ਪੰਨਾ 124
2. ਆਦਿ-ਗ੍ਰੰਥ............ਪੰਨਾ 162
3. ਆਦਿ-ਗ੍ਰੰਥ............ਪੰਨਾ 244
4. ਆਦਿ-ਗ੍ਰੰਥ............ਪੰਨਾ 245
5. ਆਦਿ-ਗ੍ਰੰਥ............ਪੰਨਾ 785
6. ਆਦਿ-ਗ੍ਰੰਥ............ਪੰਨਾ 426
7. ਆਦਿ-ਗ੍ਰੰਥ............ਪੰਨਾ 786
8. ਆਦਿ-ਗ੍ਰੰਥ............ਪੰਨਾ 798
9. ਆਦਿ-ਗ੍ਰੰਥ............ਪੰਨਾ 644

(16) ਦੂਜੈ-ਭਾਇ ਜਾਂ ਦੁਬਿਧਾ (ਮਾਇਕ-ਪਿਆਰ) :-

ਮਨਮੁਖ ਨਾਮ ਵਿਛੁੜਿਆ ਫਿਰਹਿ ਕੁਸੁੰਭਾ ਦੇਖਿ ਨ ਭੁਲੁ ।
ਇਸਦਾ ਰੰਗੁ ਦਿਨ ਥੋੜਿਆ ਛੋਛਾ ਇਸਦਾ ਮੁਲੁ ।
(ਸ੍ਰੀਰਾਗੁ ਕੀ ਵਾਰ ਮ:4 ਸਲੋਕ ਮ:3)[1]

(17) ਮੈਲਾ-ਵੇਸ (ਗੰਦੇਪਾ, ਪ੍ਰਮਾਤਮਾ ਤੋਂ ਵਿਛੋੜਾ) :-

ਸਦਾ ਹੋਵਹਿ ਸੋਹਾਗਣੀ ਫਿਰਿ ਮੈਲਾ ਵੇਸੁ ਨ ਹੋਈ ਰਾਮ ।
(ਸੂਹੀ ਮ:3)[2]

(18) ਕਾਲਾ-ਰੰਗ (ਪਾਪ, ਬਦਨਾਮੀ ਅਤੇ ਮੌਤ ਦਾ ਪ੍ਰਤੀਕ) :-

(ੳ) ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ।.....(ਸੂਹੀ ਮ:3)[3]
(ਅ) ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ।
(ਸੋਰਠ ਕੀ ਵਾਰ ਮ:4 ਸਲੋਕ ਮ:3)[4]
(ੲ) ਮਾਇਆ ਖੋਟੀ ਰਾਸਿ ਹੈ ਏਕ ਚਸੇ ਮਹਿ ਪਾਜੁ ਲਹਿ ਜਾਇ ।
ਹਥਹੁ ਛੁੜਕੀ ਤਨੁ ਸਿਆਹ ਹੋਇ......(ਗੂਜਰੀ ਮ:3)[5]

(19) ਸੱਚੀ-ਰਾਸਿ, ਸੱਚ-ਸਉਦਾ, ਸੱਚ-ਧਨ, ਸੱਚ-ਵਾਪਾਰ (ਨਾਮ) :-

(20) ਕੱਚ-ਧਨ (ਕਾਚਾ-ਧਨ) ਅਤੇ ਖੋਟੀ-ਰਾਸਿ (ਮਾਇਆ ਜਾਂ ਦੁਨਿਆਵੀ-ਧੰਦੇ) :-

(ੳ) ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ।.......(ਮਾਝ ਮ:3)[6]
(ਅ) ਕਾਚਾ ਧਨੁ ਸੰਚਹਿ ਮੂਰਖ ਗਾਵਾਰ । ...........(ਧਨਾਸਰੀ ਮ:3)[7]

(21) ਖੇਤੀ (ਭਗਤੀ) :-
(22) ਕੂੰਜ (ਮੌਤ) :-

ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ।
(ਸਿਰੀ ਰਾਗੁ ਮ:3)[8]

(23) ਸਰਾਫੁ (ਪ੍ਰਮਾਤਮਾ) :- ਆਪਿ ਸਰਾਫੁ ਕਸਵਟੀ ਲਾਏ ।......(ਬਿਲਾਵਲ ਮ:3)[9]

(24) ਖਜਾਨਾ (ਮੁਕਤੀ) :-

ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ।
(ਮਾਝ ਮ:3)[10]

(25) ਖਰੇ (ਗੁਰਮੁਖ) :-
(26) ਖੋਟੇ (ਮਨਮੁਖ) :-

ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ।

(27) ਰਤਨ-ਪਦਾਰਥ (ਪ੍ਰਭੂ-ਨਾਮ) ਅਤੇ ਪਰਖਿ=ਪਰਖਣੀ (ਮਾਇਕ ਪਦਾਰਥ) :-

ਰਤਨ ਪਦਾਰਥ ਪਰਖਿ ਨਿਆਰੈ ।....... (ਮਾਝ ਮ:3)[11]

(28) ਮਾਣਕ (ਗੁਰਸ਼ਬਦ)
(29) ਪਾਰਖੂ (ਗੁਰੂ)
(30) ਅੰਨ੍ਹਾਂ (ਪਾਰਖੂ ਨਹੀਂ ਜਾਂ ਅਗਿਆਨੀ)

ਅੰਧੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ ।
ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ ।
ਜੇ ਆਪਿ ਪਰਖ ਨ ਆਵਈ ਤਾ ਪਾਰਖੀਆ ਥਾਵਹੁ ਲਇਉ ਪਰਖਾਇ ।
(ਵਾਰ ਸਾਰੰਗ ਮ:4 ਸਲੋਕ ਮ:3)[12]

---

1. ਆਦਿ-ਗ੍ਰੰਥ.............ਪੰਨਾ 85
2. ਆਦਿ-ਗ੍ਰੰਥ.............ਪੰਨਾ 770
3. ਆਦਿ-ਗ੍ਰੰਥ.............ਪੰਨਾ 755
4. ਆਦਿ-ਗ੍ਰੰਥ.............ਪੰਨਾ 651
5. ਆਦਿ-ਗ੍ਰੰਥ.............ਪੰਨਾ 510
6. ਆਦਿ-ਗ੍ਰੰਥ.............ਪੰਨਾ 115
7. ਆਦਿ-ਗ੍ਰੰਥ..................ਪੰਨਾ 665
8. ਆਦਿ-ਗ੍ਰੰਥ..................ਪੰਨਾ 34
9. ਆਦਿ-ਗ੍ਰੰਥ..................ਪੰਨਾ 797
10. ਆਦਿ-ਗ੍ਰੰਥ.................ਪੰਨਾ 119
11. ਆਦਿ-ਗ੍ਰੰਥ.................ਪੰਨਾ 113
12. ਆਦਿ-ਗ੍ਰੰਥ.................ਪੰਨਾ 1249

(31) ਬਾਜੀਗਰ (ਪਰਮਾਤਮਾ)
(32) ਬਾਜੀ (ਦੁਨੀਆਂ ਦੀ ਖੇਡ) — ਬਾਜੀਗਰ ਇਨ ਬਾਜੀ ਪਾਈ । (ਮਾਰੂ ਮ:3)[1]

(33) ਚਾਰ ਨਦੀਆਂ (ਹਿੰਸਾ, ਮੋਹ, ਲੋਭ ਅਤੇ ਕ੍ਰੋਧ) :-

ਚਾਰਿ ਨਦੀਆ ਅਗਨੀ ਤਨਿ ਚਾਰੇ । .......... (ਬਸੰਤੁ ਮ:3)[2]

(34) ਪਉਣ (ਸੁਆਸ) :- ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ । (ਰਾਮਕਲੀ ਮ:3)[3]

(35) ਲੋਹਾ ਤੇ ਮਨੂਰ (ਪਾਪਾਂ ਨਾਲ ਲਿਬੜਿਆ-ਮਨ)
(36) ਕੰਚਨ (ਗੁਰਮੁਖ)
(37) ਪਾਰਸਿ (ਗੁਰੂ)
(38) ਮਨੂਰਪਨ (ਮਨਮੁਖ ਦਾ ਆਤਮਕ ਜੀਵਨ)
(39) ਕੰਚਨ (ਗੁਰਮੁਖ ਦਾ ਸੁੰਦਰ-ਜੀਵਨ)

(ੳ) ਹਰਿਮੰਦਰ ਮਹਿ ਮਨੁ ਲੋਹਟੁ ਹੈ....... (ਪ੍ਰਭਾਤੀ ਮ:3)[4]
(ਅ) ਪਾਰਸਿ ਭੇਟਿਐ ਕੰਚਨੁ ਭਇਆ....... (ਪ੍ਰਭਾਤੀ ਮ:3)[4]
(ੲ) ਮਾਨੂ ਤੇ ਸੋਇਨੁ ਨਹੀ ਮਨੂਰਨੁ ਕੰਚਨੁ ਹੋਇ। (ਮਾਰੂ ਮ:3)[5]

(40) ਉਰਵਾਰ (ਮਾਤ-ਲੋਕ)
(41) ਪਾਰ (ਪਰਲੋਕ) — ਨਾਨਕ ਨਾਮ ਵਿਹੂਣਿਆ ਨ ਉਰਵਾਰਿ ਨ ਪਾਰਿ । (ਵਾਰ ਸੋਰਠ ਮ: 4 ਸਲੋਕ ਮ:3)[6]

(42) ਦੂਤਰ, ਭਵਜਲ (ਮਾਇਆ) :- ਗੁਰਮੁਖਿ ਮਾਰਗੀ ਭਵਜਲੁ ਤਰੈ............(ਆਸਾ ਮ:3)[7]

(43) ਪੰਚ ਸਬਦ (ਅਨਹਦ-ਸਬਦ) :- ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ । (ਰਾਮਕਲੀ ਮ:3 ਅਨੰਦੁ)[8]

(44) ਪੰਚ ਚੋਰ, ਪੰਚ ਦੂਤ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) :-

ਪੰਚ ਚੋਰ ਤਿਨਾ ਘਰੁ ਮੁਹਨਿ ਹਉਮੈ ਅੰਦਰਿ ਸੰਨਿ । (ਵਾਰ ਬਿਲਾਵਲ ਮ:4 ਸਲੋਕ ਮ:3)[9]

(45) ਅੰਮ੍ਰਿਤੁ (ਨਾਮ) :- ਸੁਰਿਨਰ ਮੁਨਿਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ । (ਰਾਮਕਲੀ ਮ:3)[10]

(46) ਬਿਖ (ਮਾਇਕ-ਵਿਕਾਰ) :- ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨਿ । (ਵਾਰ ਬਿਲਾਵਲ ਮ:4 ਸਲੋਕ ਮ:3)[9]

(ਨੋਟ: ਅੰਮ੍ਰਿਤ ਅਤੇ ਬਿਖ "ਨੇਕੀ" ਅਤੇ "ਬਦੀ" ਦੇ ਵੀ ਪ੍ਰਤੀਕ ਹਨ, ਜਿਵੇਂ:-
ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ।
ਸੰਸਾਰ ਬਿਰਖ ਕਉ ਦੁਇ ਫਲ ਲਾਗੇ ।
(ਮਾਰੂ ਮ:3)[11]

(47) ਅਗਨਿ, ਅਗਨੀ (ਤ੍ਰਿਸ਼ਨਾਂ)
(48) ਵਾਉ (ਅਹੰਕਾਰ) — ਅਗਨਿ ਵਾਉ ਭਰਮਿ ਭੁਲਾਣੀ । (ਮਾਰੂ ਮ:3)[12]

---

1. ਆਦਿ-ਗ੍ਰੰਥ...................ਪੰਨਾ 1061
2. ਆਦਿ-ਗ੍ਰੰਥ...................ਪੰਨਾ 1172
3. ਆਦਿ-ਗ੍ਰੰਥ...................ਪੰਨਾ 922
4. ਆਦਿ-ਗ੍ਰੰਥ...................ਪੰਨਾ 1346
5. ਆਦਿ-ਗ੍ਰੰਥ...................ਪੰਨਾ 994
6. ਆਦਿ-ਗ੍ਰੰਥ...................ਪੰਨਾ 649
7. ਆਦਿ-ਗ੍ਰੰਥ...................ਪੰਨਾ 365
8. ਆਦਿ-ਗ੍ਰੰਥ...................ਪੰਨਾ 917
9. ਆਦਿ-ਗ੍ਰੰਥ...................ਪੰਨਾ 853
10. ਆਦਿ-ਗ੍ਰੰਥ...................ਪੰਨਾ 918
11. ਆਦਿ-ਗ੍ਰੰਥ...................ਪੰਨਾ 1172
12. ਆਦਿ-ਗ੍ਰੰਥ...................ਪੰਨਾ 1048

(49) ਤਰਵਰ ਜਾਂ ਬਿਰਖ (ਪ੍ਰਮਾਤਮਾ, ਸਰੀਰ ਜਾਂ ਪ੍ਰਕ੍ਰਿਤੀ) :-

(50) ਦੋ ਪੰਖੀ (ਜੀਵ-ਆਤਮਾ ਅਤੇ ਪ੍ਰਮਾਤਮਾ) :-

(51) ਬਿਹੰਗ ਜਾਂ ਭੌਰਾ (ਗੁਰਮੁਖ) :-

(52) ਫੁੱਲ ਅਤੇ ਫਲ (ਹਰਿਨਾਮ) :-

(ੳ) ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ।
ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ।[1]
(ਵਾਰ ਬਿਹਾਗੜਾ ਮ:4 ਸਲੋਕ ਮ:3)

(ਅ) ਨਾਨਕ ਤਰਵਰੁ ਏਕੁ ਹੈ ਏਕੋ ਫੁਲੁ ਬਿਰੰਗ ।
(ਮਾਰੂ ਕੀ ਵਾਰ ਮ:3)[2]

(ੲ) ਪੰਖੀ ਬਿਰਖਿ ਸੁਹਾਵੜਾ
ਸਚੁ ਚੁਗੈ ਗੁਰ ਭਾਇ ।
(ਸਿਰੀ ਰਾਗੁ ਮ:3)[3]

(53) ਮੂਲ (ਪ੍ਰਮਾਤਮਾ) :- ਜਿਨ ਮੂਲਿ ਲਗੇ ਤਿਨੀ ਸੁਖੁ ਪਾਇਆ ।
(ਮਾਰੂ ਮ:3)[4]

(54) ਡਾਲੀ, ਸਾਖਾ (ਰਜੋ, ਸਤੋ, ਤਮੋ) :- (ੳ) ਡਾਲੀ ਲਾਗੇ ਤਿਨੀ ਜਨਮੁ ਗਵਾਇਆ ।
(ਮਾਰੂ ਮ:3)[4]

(ਅ) ਸਾਖਾ ਤੀਨਿ ਨਿਵਾਰੀਆ.............
(ਸਿਰੀ ਰਾਗੁ ਮ:3)[3]

(55) ਖੂਹ (ਅੰਮ੍ਰਿਤ-ਰੂਪੀ-ਨਾਮ) :-
(36) ਪਨਿਹਾਰੀ (ਸੁਰਤੀ) :-

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ।
(ਵਡਹੰਸ ਮ:3)[5]

(57) ਹੰਸ (ਗੁਰਮੁਖ) :- ਗੋਵਿੰਦੁ ਊਜਲੁ ਊਜਲ ਹੰਸਾ ।..... (ਮਾਝ ਮ:3)[6]

(58) ਹੰਸ (ਰੂਹ) :- ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ ।
(ਗੂਜਰੀ ਕੀ ਵਾਰ ਮ:3)[7]

(59) ਬੱਗਾ, ਬਗੁਲਾ (ਭੇਖੀ, ਪਾਖੰਡੀ) :-

ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ ।
ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ।
ਹੰਸਾ ਦੇਖਿ ਤਰੰਦਿਆ ਬਗਾ ਭਿ ਆਯਾ ਚਾਉ ।
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ।
(ਵਾਰ ਵਡਹੰਸ ਮ:4 ਸਲੋਕ ਮ:3)[8]

(60) ਸੱਪੁ (ਮਾਇਆ ਵਿੱਚ ਗ੍ਰਸਿਆ ਪਾਪੀ-ਮਨ) :-

ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ ।
(ਵਾਰ ਵਡਹੰਸ ਮ:4 ਸਲੋਕ ਮ:3)[9]

(61) ਕਮਲ (ਵਿਰਲਾ) :-
(62) ਕਿਰਣ, ਪ੍ਰਕਾਸ਼ (ਗਿਆਨ) :-

ਜਿਨਿ ਕਮਲ ਕਿਰਣਿ ਪਰਗਾਸੀ ਪਰਗਾਸੁ ਕਰਿ ਦੇਖਾਇਆ ।
(ਮਾਰੂ ਮ:3)[10]

(63) ਅੰਮ੍ਰਿਤਸਰ (ਨਾਮ-ਰੂਪੀ-ਸਰੋਵਰ) :- ਅੰਤਰੁ ਨਿਰਮਲੁ ਅੰਮ੍ਰਿਤਸਰਿ ਨਾਏ ।
(ਆਸਾ ਮ:3)[11]

(64) ਦੁਆਰੈ (ਸਾਹਿਬ-ਦੇ-ਦਰ) :- ਰੇ ਮਨ ਦੁਆਰੈ ਚਲਿਆ ਤੁਰਿਆ ਗਰਬੀ ਸਿਆਣਿ ।
(ਵਾਰ ਸੋਰਠ ਮ:4 ਸਲੋਕ ਮ:3)[12]

---

1. ਆਦਿ-ਗ੍ਰੰਥ................ਪੰਨਾ 550
2. ਆਦਿ-ਗ੍ਰੰਥ................ਪੰਨਾ 1089(1089)
3. ਆਦਿ-ਗ੍ਰੰਥ................ਪੰਨਾ 66
4. ਆਦਿ-ਗ੍ਰੰਥ................ਪੰਨਾ 1051(1051)
5. ਆਦਿ-ਗ੍ਰੰਥ................ਪੰਨਾ 570
6. ਆਦਿ-ਗ੍ਰੰਥ................ਪੰਨਾ 121
7. ਆਦਿ-ਗ੍ਰੰਥ................ਪੰਨਾ 511
8. ਆਦਿ-ਗ੍ਰੰਥ................ਪੰਨਾ 585
9. ਆਦਿ-ਗ੍ਰੰਥ..... ...........ਪੰਨਾ 588
10. ਆਦਿ-ਗ੍ਰੰਥ................ਪੰਨਾ 1069
11. ਆਦਿ-ਗ੍ਰੰਥ................ਪੰਨਾ 363
12. ਆਦਿ-ਗ੍ਰੰਥ................ਪੰਨਾ 651

(65) ਲਹਿਰਾਂ (ਕਾਮਾਦਿਕ) :- ਜਿਨਹੁ ਦਿਲ ਮਹੁ ਲਹਰੀ ਵਿਚਿ ਹੈ..........
(ਵਾਰ ਸਾਰੰਗ ਮ:4 ਸ਼ਲੋਕ ਮ:3)[1]

(66) <u>ਨਿਰਮਲ-ਜੋਤਿ</u> (ਪ੍ਰਮਾਤਮਾ) :- ਨਿਰਮਲ ਜੋਤਿ ਸਭ ਮਾਹਿ ਸਮਾਣੀ ......(ਮਾਝ ਮ:3)[2]

(67) ਵੇਲ (ਬਲੀ) :- ਜਿਨਾ ਵੇਲਿ ਨ ਤੂੰਬੜੀ ਮਾਇਆ ਠਗੇ ਠਗਿ ।
(68) ਤੂੰਬੜੀ (ਗਿਆਨ) :- (ਸ਼ਲੋਕ ਵਾਰਾਂ ਤੋਂ ਵਧੀਕ)[3]

(69) ਰੈਣ (ਉਮਰ) :- ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ ।
(70) ਨੀਂਦ (ਸੁਖ, ਚੈਨ, ਸ਼ਾਂਤੀ) :- (ਸਿਰੀ ਰਾਗੁ ਮ:3)[4]

(71) <u>ਬਿਸਟਾ ਕਾ ਕੀੜਾ ਜਾਂ ਬਿਖੁ ਕਾ ਕੀੜਾ</u> (ਮਾਇਆ ਵਿੱਚ ਗ੍ਰਸਿਆ ਮਨੁੱਖ) :-

(ੳ) ਬਿਸਟਾ ਕੇ ਕੀੜੇ ਪਵਹਿ ਵਿਚਿ ਬਿਸਟਾ ਸੇ ਬਿਸਟਾ ਮਾਹਿ ਸਮਾਇ ।
(ਸਿਰੀ ਰਾਗੁ ਮ:3)[5]

(ਅ) ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ...(ਵਡਹੰਸੁ ਮ:3)[6]

(72) <u>ਕਚੀ ਪਕੀ ਸਾਰੀ</u> (ਕੱਚੇ ਪੱਕੇ ਜੀਵ) :-

ਆਪੇ ਪਰਖਿ ਲੈਸਹਿ ਕਚੀ ਪਕੀ ਸਾਰੀ ।
(ਮਾਝ ਮ:3)[7]

(73) <u>ਦੂਜਾ ਭਾਵ</u> (ਦੁਨਿਆਵੀ-ਪਿਆਰ) :-

ਦੂਜੈ ਭਾਇ ਸੁਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ ।
(ਗੂਜਰੀ ਮ:3)[8]

(74) <u>ਸਿਵਘਰਿ</u> (ਆਤਮਕ-ਚੇਤਨਤਾ) :-

ਅਨਦਿਨੁ ਜਾਗੈ ਸਾਚਿ ਨਿਵਾਸੈ ਸਿਵਘਰਿ ਸੋਇ ਨ ਹੋਈ ।
(ਗੂਜਰੀ ਮ:3)[9]

(75) <u>ਸਕਤੀਘਰਿ</u> (ਆਤਮਕ-ਬੇਹੋਸ਼ੀ) :-

ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ ।
(ਗੂਜਰੀ ਮ:3)[9]

*.*.*.*.*.*.*.*.*.*.*.*.*.*.*.*

1. ਆਦਿ-ਗ੍ਰੰਥ..............ਪੰਨਾ 1247
2. ਆਦਿ-ਗ੍ਰੰਥ..............ਪੰਨਾ 121
3. ਆਦਿ-ਗ੍ਰੰਥ..............ਪੰਨਾ 1413
4. ਆਦਿ-ਗ੍ਰੰਥ..............ਪੰਨਾ 31
5. ਆਦਿ-ਗ੍ਰੰਥ..............ਪੰਨਾ 28
6. ਆਦਿ-ਗ੍ਰੰਥ..............ਪੰਨਾ 571
7. ਆਦਿ-ਗ੍ਰੰਥ..............ਪੰਨਾ 113
8. ਆਦਿ-ਗ੍ਰੰਥ..............ਪੰਨਾ 509 (509)
9. ਆਦਿ-ਗ੍ਰੰਥ..............ਪੰਨਾ 506

## ਛੇਵਾਂ ਅਧਿਆਇ

# ਗੁਰੂ ਅਮਰਦਾਸ ਦੀ ਕਵਿਤਾ ਵਿੱਚ ਬਿੰਬ ਅਤੇ ਅਲੰਕਾਰ

ਬੇਸ਼ਕ ਗ੍ਰੰਥਾਂ ਵਿੱਚ ਅਲੰਕਾਰ-ਸੰਪ੍ਰਦਾਏ ਨੂੰ ਪ੍ਰਕਰਨ ਰੂਪ ਦਾ ਜਿਹੜਾ ਪ੍ਰਾਚੀਨ ਭਾਰਤੀ ਸਾਹਿਤ-ਸ਼ਾਸਤ੍ਰੀਆਂ ਦੇ ਜਿਨ ਹੈ, ਪਰ ਜਿੱਥੋਂ ਤਕ ਬਿੰਬ-ਸਿਧਾਂਤ ਦਾ ਸੰਬੰਧ ਹੈ, ਇਸਦੇ ਮੋਢੀ ਪੱਛਮੀ ਪ੍ਰਗਤੀਵਾਦੀ-ਚਿੰਤਕ ਹਨ। ਇਸਦਾ ਇਹ ਭਾਵ ਨਹੀਂ, ਕਿ ਪ੍ਰਾਚੀਨ ਭਾਰਤੀ ਕਵੀਆਂ ਦੀ ਕਵਿਤਾ ਵਿੱਚ ਬਿੰਬਾਵਲੀ ਦੀ ਘਾਟ ਹੈ, ਸਗੋਂ ਇਹ ਆਪਣਾ ਦਾਵੇ ਉਚਿਤ ਹੈ, ਕਿ ਅੱਜ ਤੋਂ ਹਜ਼ਾਰਾਂ ਸਾਲ ਪਹਿਲੇ ਜਦੋਂ ਪੱਛਮ ਦੇ ਕਈ ਮੁਲਕਾਂ ਦਾ ਸਾਹਿਤ ਅਜੇ ਮੁਢਲੇ-ਪੜਾ ਉੱਤੇ ਪਯਾ ਸੀ, ਭਾਰਤ ਵਿੱਚ ਕਾਲੀਦਾਸ ਅਤੇ ਉਸਤੋਂ ਭੀ ਪਹਿਲੇ ਅਨੇਕਾਂ ਹੋਰ ਕਵੀ ਅਨੂਪਮ ਬਿੰਬਾਵਲੀ ਰਚ ਚੁੱਕੇ ਸਨ। ਪੱਛਮੀ-ਪ੍ਰਗਤੀਵਾਦੀਆਂ ਦੀ ਪਹਿਲ ਬਿੰਬਾਂ ਨੂੰ ਰਚਨ ਦੀ ਥਾਂ ਬਿੰਬ ਦੀ ਪਰਿਭਾਸ਼ਾ ਅਤੇ ਬਿੰਬ-ਸਿਧਾਂਤ ਨੂੰ ਲਾਗੂ ਕਰਨ ਵਿੱਚ ਹੈ।

ਬਿੰਬ ਅਤੇ ਆਮ ਅਲੰਕਾਰਾਂ ਵਿੱਚ ਜੋ ਅੰਤਰ ਹੈ, ਉਸ ਬਾਰੇ ਵਿਸਥਾਰ ਵਿੱਚ ਜਾਣਾ ਇੱਥੇ ਲੋੜੀਂਦਾ ਨਹੀਂ ਜਾਪਦਾ, ਪਰ ਕੁਝ ਇਕ ਸੰਕੇਤ ਜ਼ਰੂਰੀ ਹਨ। ਬਿੰਬ ਦੀ ਪਰਿਭਾਸ਼ਾ ਦੱਸਦਾ ਹੋਇਆ ਲੇਵਿਸ[1] ਲਿਖਦਾ ਹੈ, "ਕਾਵਿ-ਬਿੰਬ ਅਧਿਕਤਰ ਸ਼ਬਦਾਂ-ਰਚਿਆ ਸ਼ਬਦ-ਚਿਤ੍ਰ ਹੈ, ਜੋ ਕਿਸੇ ਸਨੁੱਖੀ-ਤਜਰਬੇ ਦੀ ਸੰਬੰਧ-ਸੂਚਨੀ ਦੇ ਪ੍ਰਸੰਗ ਵਿੱਚ ਕਿਸੇ ਹੱਦ ਤਕ ਰੂਪਕੀ ਹੈ, ਪਰ ਵਿਸ਼ੇਸ਼ ਭਾਵਮਈ-ਰਸਾਂਵਲੇ ਜਾਂ ਵੇਗ ਦੀ ਪਕੜ ਵਿੱਚ ਲੈਣ ਕਰਕੇ ਉਹ ਪਾਠਕ ਦੇ ਮਨ ਵਿੱਚ ਭੀ ਉਹੋ ਜਿਹੇ ਭਾਵਾਂ ਦਾ ਹੀ ਸੰਚਾਰ ਕਰਦਾ ਹੈ।" ਬੇਸ਼ਕ ਬਿੰਬ ਦੀ ਉਪਰੋਕਤ ਪਰਿਭਾਸ਼ਾ, ਜਿਵੇਂ ਸੰਬੰਧਤ ਲੇਖਕ ਆਪ ਮੰਨਦਾ ਹੈ, ਸੰਪੂਰਨ ਨਹੀਂ ਆਖੀ ਜਾ ਸਕਦੀ ਅਤੇ ਕਾਵਿ-ਬਿੰਬ ਅਧਿਕਤਰ ਸ਼ਬਦ-ਚਿਤ੍ਰ ਤੋਂ ਛੁੱਟ ਆਪਣੇ ਵਿੱਚ ਹੋਰ ਭੀ ਬਹੁਤ ਕੁਝ ਰੱਖਦਾ ਹੈ, ਪਰ ਇਹ ਗੱਲ ਪੱਕੀ ਹੈ, ਕਿ ਅਲੰਕਾਰ ਨਾਲੋਂ ਉਸਦੇ ਅਰਥ ਵਧੇਰੇ ਡੂੰਘੇ ਅਤੇ ਵਿਸ਼ਾਲ ਹਨ।

ਬੇਸ਼ਕ ਪ੍ਰਾਚੀਨ ਭਾਰਤੀ ਪ੍ਰਗਤੀਵਾਦੀ-ਆਚਾਰੀਆ ਭਾਮਾ[2] (ਕਰਮਕ ਚੌਥੀ ਸਦੀ ਈਸਵੀ) ਦਾ ਇਹ ਮਤ, ਕਿ "ਅਲੰਕਾਰ ਕਾਵਿ ਦੀ ਆਤਮਾ ਹੈ", ਉਸਤੋਂ ਪਿਛਲੇ ਕਈ ਚਿੰਤਕਾਂ ਅਤੇ ਰਚਨਾਵਾਂ ਦੇ ਭੀ ਅਪਣਾਇਆ ਹੈ, ਪਰ ਜਿਵੇਂ ਆਚਾਰੀਆ "ਮੰਮਟ"[3] ਨੇ ਭਾਮਾ ਤੋਂ ਪਿੱਛੋਂ ਇਹ ਗੱਲ ਸਾਫ਼ ਕਰ ਛੱਡੀ ਹੈ," ਅਲੰਕਾਰ ਕਵਿਤਾ ਦੇ ਸਰੀਰ ਨੂੰ ਸਜਾਉਂਦੇ ਹਨ, ਪਰ ਉਸਦੀ ਆਤਮਾ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ।"

ਦੂਜੇ ਸ਼ਬਦਾਂ ਵਿੱਚ ਅਲੰਕਾਰ ਨੂੰ ਜੇਕਰ ਕਵਿਤਾ ਨਾਲੋਂ ਨਿਖੇੜ ਦਿੱਤਾ ਜਾਵੇ, ਤਾਂ ਭੀ ਕਈ ਵਾਰ ਕਵਿਤਾ ਦੀ ਆਤਮਾ ਉਸੇ ਤਰ੍ਹਾਂ ਸੁੰਦਰ ਵਿਖਾਈ ਦਿੰਦੀ ਹੈ, ਪਰ ਠੀਕ ਢਾਲਿਆ ਹੋਇਆ ਉੱਤੇ ਢਲਿਆ ਹੋਇਆ ਕਾਵਿ-ਬਿੰਬ ਕਈ ਵਾਰ ਕਵਿਤਾ ਦੀ ਆਤਮਾ ਨਾਲ ਇਸ ਤਰ੍ਹਾਂ ਜੁੜਿਆ ਹੁੰਦਾ ਹੈ, ਕਿ ਉਸਨੂੰ ਕਵਿਤਾ ਨਾਲੋਂ

---

1. C. Day Lewis- The Poetic Image., P.22
2. ਆਚਾਰੀਆ ਭਾਮਾ ਅਤੇ ਵਿਸਥਾਰ ਲਈ ਵੇਖੋ: ਆਚਾਰੀਆ ਵਿਸ਼ਵਨਾਥ ਰਚਿਤ "ਸਾਹਿਤਯ-ਦਰਪਣ"
3. ਆਚਾਰੀਆ ਮੰਮਟ (ਸੰਸਕ੍ਰਿਤ) ਦੀ ਹਿੰਦੀ ਵਿੱਚ ਵਿਆਖਿਆ (ਵਿਆਖਿਆਕਾਰ: ਡਾ: ਸਤਯਵ੍ਰਤ), 1957, ਪੰਨੇ 13-50 ਅਤੇ ਪ੍ਰੋ: ਟੇਕਚੰਦ ਅਤੇ ਡਾ: ਵੇਦਪਾਲ ਦੀ ਪੁਸਤਕ "ਆਚਾਰਯ-ਆਲੋਚਨ"।

ਅੱਡ ਕੀਤਿਆਂ ਕਵਿਤਾ ਮਰ ਜਾਂਦੀ ਹੈ। ਡੇ-ਲੇਵਿਸ[1] ਨੇ ਠੀਕ ਆਖਿਆ ਹੈ, ਕਿ "ਬਿੰਬ ਕਾਵਿ-ਅਨੁਭਵ ਦਾ ਪ੍ਰਭਾਵ ਨਹੀਂ, ਸਗੋਂ ਉਸਨੂੰ ਜਨਮ ਦੇਣ ਵਾਲੀ ਅਨਿਖੜ-ਕੁੱਖ ਹੈ।" ਪੀ.ਗੁਰੇ[2] ਨੇ ਵੀ ਇਸੇ ਗੱਲ ਉਤੇ ਹੀ ਜ਼ੋਰ ਦਿੱਤਾ ਹੈ, ਕਿ ਬਿੰਬ ਕਾਵਿ-ਅਨੁਭਵ ਨਾਲ ਇਕ-ਜਾਨ ਹੁੰਦਾ ਹੈ ਅਤੇ ਉਸਤੋਂ ਅੱਡਰੀ ਕੋਈ ਹੈਸੀਅਤ ਨਹੀਂ ਰੱਖਦਾ।

ਉਦਾਹਰਨ ਵਜੋਂ ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚੋਂ ਦੋ ਤਸਵੀਰਾਂ ਪੇਸ਼ ਕੀਤੀਆਂ ਜਾਂਦੀਆਂ ਹਨ, ਜੋ ਉਹਨਾਂ ਦੇ ਕਾਵਿ-ਅਨੁਭਵ ਨਾਲੋਂ ਨਿਖੇੜੀਆਂ ਨਹੀਂ ਜਾ ਸਕਦੀਆਂ :-

(ੳ) ਮਹਿਨਦ ਵਿਚਰਿਪਖਿ ਨਗਰੀ ਤਾਰੇ ਮੁਨਿਜਨ ਗਿਆਨ ਬੀਚਾਰੀ ।
ਸਿਧ ਸਾਧਿਕ ਲਿਵਲਾਗੀ ਤਾਰੇ ਜਿਨ ਗੁਰਮੁਖਿ ਬੁਧਿ ਵੀਚਾਰੀ ।
ਖੰਡ ਬ੍ਰਹਮੰਡ ਤ੍ਰੈਗੁਣ ਤਾਰੇ ਜਿਨ ਲਾਗੀ ਹਰਿ ਲਿਵ ਤੁਮਾਰੀ ।
ਜੀਅ ਜੰਤ ਸਭੇ ਹੀ ਤਾਰੇ ਤਾਰਹਿ ਧਾਰਣੀ ਸਾਰੀ ।
(ਗੂਜਰੀ ਮ:3)[3]

(ਅ) ਰੇਹਿ ਸਿਆਲਾ ਉਚੀਆ ਘਰ ਹੁਣਾ ਕਿਰਤੰਤੁ ।
ਮਹਲ ਭਗਤੀ ਘਰਿ ਸਰੈ ਸਜਣ ਪਾਹੁਣਿਅੜੇ ।
ਬਰਸਨਾ ਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ ।
ਨਾਨਕ ਤਿਨ੍ਹ ਬਲਿਹਾਰਣੈ ਜਿਨ ਗੁਰਮੁਖਿ ਪਾਇਆ ਮਨ ਮਾਹਿ ।
(ਗੂਜਰੀ ਕੀ ਵਾਰ ਮ:3)[4]

ਪਹਿਲੇ ਕਾਵਿ-ਬੰਦ ਵਿੱਚ ਵਿਸ਼ਵ-ਨਾਚ ਦਾ ਚਿਤ੍ਰ ਹੈ ਅਤੇ ਦੂਜੇ ਵਿੱਚ ਇਕ ਪ੍ਰੇਮ-ਕੁੱਠੀ ਤੇ ਵਿਆਕੁਲ ਜੀਵ-ਆਤਮਾ ਦੀ ਤਸਵੀਰ। ਦੇਖਣ ਨੂੰ ਪਹਿਲੀ ਤਸਵੀਰ ਕੇਵਲ ਚੋਖ-ਇੰਦ੍ਰੀ ਨਾਲ ਸੰਬੰਧਤ ਜਾਪਦੀ ਹੈ, ਪਰ ਇਹ ਬਾਹਰਲੀਆਂ ਅੱਖਾਂ ਦੀ ਨਹੀਂ, ਆਤਮਕ-ਅੱਖ ਦੀ ਹੈ। ਦੂਜੀ ਤਸਵੀਰ ਵਿੱਚ ਵੀ ਮੇਰ ਮਨ ਛੂਹੀ ਹੈ, ਜਿਸ ਵਿੱਚ ਬੱਦਲਾਂ ਪਿਆਰੇ ਦੀ ਸੰਪੂਰਨ-ਵਰਖਾ ਦੀ ਉਡੀਕ ਵਿੱਚ ਕਾਵਿ-ਰੂਪ ਧਰਤੀ ਨੇ ਉੱਚੀਆਂ ਕਰ ਕੱਢੀਆਂ ਹਨ। ਧਰਤੀ, ਪਾਹੁਣਾ, ਮਹਲ, ਵਰਖਾ, ਆਦਿਕ ਦ੍ਰਿਸ਼ਟਾਵਲੀ-ਚਿਤ੍ਰ ਜਾਂ ਪ੍ਰਕ੍ਰਿਤਕ-ਚਿਤ੍ਰ ਨਹੀਂ, ਸਗੋਂ ਕਵੀ ਦੀ ਅਨੁਭਵ-ਕਲਪਨਾ ਦੁਆਰਾ ਉਲੀਕੀ ਗਈ ਪਿਆਰ-ਕੁੱਠੀ ਰੂਹ ਦੀ ਅੰਤਰਮੁਖੀ ਤਸਵੀਰ ਹੈ। ਅੰਤਰਮੁਖੀ-ਭਾਵਾਂ ਦਾ ਨਿਰੂਪਣ ਹੀ ਬਿੰਬ ਦੀ ਵੱਡੀ ਵਿਸ਼ੇਸ਼ਤਾ ਹੈ।

ਕੇਵਲ ਬਿੰਬ ਦੀ ਸਿਰਜਣਾ ਵਿੱਚ ਵੇਖਣ, ਸੁਣਨ, ਸੁੰਘਣ, ਚੱਖਣ ਅਤੇ ਛੂਹਣ ਨਾਲ ਸੰਬੰਧਤ ਗਿਆਨ-ਇੰਦ੍ਰੀਆਂ ਮੁਢਲੀਆਂ-ਸ਼ਕਤੀਆਂ ਵਿੱਚ ਸਹਾਇਕ ਹੁੰਦੀਆਂ ਹਨ, ਪਰ ਪ੍ਰੇਰਨਾ ਅਤੇ ਕਲਪਨਾ-ਸ਼ਕਤੀ ਤੋਂ ਬਿਨਾ ਕੋਈ ਵੀ ਸਫਲ ਬਿੰਬ ਨਹੀਂ ਰਚਿਆ ਜਾ ਸਕਦਾ। ਪ੍ਰੇਰਨਾ ਅਤੇ ਕਲਪਨਾ-ਸ਼ਕਤੀ ਦਾ ਬਿੰਬ ਦੀ ਸਿਰਜਣਾ ਵਿੱਚ ਇਤਨਾ ਮਹੱਤਵ ਹੈ, ਕਿ ਪ੍ਰਸਿਧ ਕਵੀ ਕੀਟਸ[5] ਨੇ ਇਕ ਥਾਂ ਲਿਖਿਆ ਹੈ, "ਕਲਪਨਾ ਦੀ ਤੁਲਨਾ ਬਾਬਾ ਆਦਮ ਦੇ ਸੁਪਨੇ ਨਾਲ ਕੀਤੀ ਜਾ ਸਕਦੀ ਹੈ....ਆਦਮ ਜਾਗਿਆ ਅਤੇ

---

1. C.Day Lewis- The Poetic Image, P.32
2. P.Gurrey- The Appreciation of Poetry, 1955, Pages 39-40
3. ਆਦਿ-ਗ੍ਰੰਥ......................ਪੰਨਾ 506
4. ਆਦਿ-ਗ੍ਰੰਥ......................ਪੰਨਾ 517

5. Keats- Quoted by C.Day Lewis in "The Poetic Image", P.27.

ਉਸਨੇ ਸੱਚ ਨੂੰ ਪਾ ਲਿਆ।" । ਸ਼ੈਲੀ[1] ਨੇ ਕਲਪਨਾ ਜਾਂ ਮੌਲਿਕ-ਖਿਆਲ ਨੂੰ ਕਵਿਤਾ ਤੋਂ [redacted] ਛੁੱਟ ਮਹਿਅਤਾ ਦੀ ਉਸਾਰੀ ਦੇ ਚਾਨਣੀ ਲੈਹਰਾਂ ਵਿੱਚ ਹੀ ਮਹਾਨ-ਮੂਰਤੀ ਮੰਨਿਆ ਹੈ। ਐਲਡਸ ਹਕਸਲੇ[2] ਨੇ ਇਕ ਖਾਸ ਦਵਾਈ ਦਾ ਬੂਟੀ ਪੀਣ ਤੋਂ ਪਿੱਛੋਂ ਅਨੁਭਵ ਦੇ ਦਰਵਾਜ਼ੇ ਖੁੱਲ੍ਹਦੇ ਵੇਖੇ ਸਨ, ਪਰ ਗੁਰੂ ਅਮਰਦਾਸ ਵਰਗੇ ਸੰਤ-ਕਵੀਆਂ ਨੂੰ ਨਸ਼ੀਲੀਆਂ-ਬੂਟੀਆਂ ਪੀਣ ਦੀ ਲੋੜ ਨਹੀਂ। ਉਨ੍ਹਾਂ ਪਾਸ ਰੱਬੀ-ਇਸ਼ਕ ਦੀ ਖੁਮਾਰ ਹੈ, ਜਿਸਦਾ ਨੱਕੋ-ਨੱਕ ਭਰਿਆ ਪਿਆਲਾ ਖੁਦ-ਦਰਬਾਰ ਤੋਂ ਖਸਮ ਨੇ ਆਪ ਬਖ਼ਸ਼ਿਆ ਹੈ, ਜਿਉਂਕਿ :-

ਪਿਰੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ।
(ਰਾਮਕਲੀ ਕੀ ਵਾਰ ਮ:3)[3]

ਇਸੇ ਖੁਮਾਰ ਨਾਲ ਗੁਰੂ ਜੀ ਦੀ ਕਵਿਤਾ ਸੁਆਦਲਾ ਮਸਤ-ਅਨੰਦ ਦਾ ਸਰੋਦੀ-ਸਰੂਰ ਭਰ ਜਾਂਦੀ ਹੈ, ਤਾਂ ਹਰ ਬੋਲ ਆਤਮਕ-ਖੇੜੇ ਦਾ ਚਿੰਨ੍ਹ ਬਣ ਕੇ ਬੋਲ ਉਠਦਾ ਹੈ:-

(ੳ) ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ।
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ।
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ।
(ਰਾਮਕਲੀ ਮ:3 ਅਨੰਦੁ)[4]

(ਅ) ਵਾਜੇ ਪੰਚ ਸਬਦ ਤਿਤੁ ਘਰ ਸਭਾਗੈ ।
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰ ਧਾਰੀਆ ।
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ।
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ।
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ।
(ਰਾਮਕਲੀ ਮ:3 ਅਨੰਦੁ)[4]

ਪਰ ਸਰਬ-ਅਵੱਸਥਾ ਤਕ ਪਹੁੰਚਣ ਤੋਂ ਪਹਿਲਾਂ ਜਿਵੇਂ ਜਿਹੀ ਸਾਧਨਾ ਵਿੱਚੋਂ ਲੰਘਣਾ ਪੈਂਦਾ ਹੈ, ਉਸਦੀ ਤਸਵੀਰ ਵੀ ਸਭਾ ਨਾਲ ਚਿਤਰਣ ਵਾਲੀ ਹੈ:-

ਪੰਡਿਤੁ ਇਖੀ ਵਾਚਦੁ ਕਿਤੀ ਭੇਦੁ ਮਾਰਗਿ ਜਾਣਾ ।
(ਰਾਮਕਲੀ ਮ:3 ਅਨੰਦੁ)[5]

ਕਿਉਂਕਿ ਇਸ ਲੇਖ ਨਾਲੋਂ ਅਸਾਂ ਕੇਵਲ [illegible] ਦੀ ਇੰਦ੍ਰਾਵਲੀ ਬਾਰੇ ਹੀ ਵਿਚਾਰ ਕਰਨੀ ਹੈ, ਜੋ ਵਿਚਾਰਾਂ ਦੀ ਉਸਾਰੀ ਬਾਰੇ ਲਿੱਖੇ ਸਮੁੱਚਾ ਰੂਪ ਆਖਣ ਦੀ ਗੁੰਜਾਇਸ਼ ਨਹੀਂ। ਵੈਸੇ ਮਨ ਦੀ ਨੀਵੀਂ ਅਵਸਥਾ ਅਗਿਆਨਤਾ ਵਾਲੀ ਅਵੱਸਥਾ ਤੋਂ ਉਚੇਰੀ ਗਿਆਨ ਵਾਲੀ ਅਵੱਸਥਾ ਤਕ ਪਹੁੰਚਣ ਦੀ ਗੁਰੂ ਅਮਰਦਾਸ ਜੀ ਨੇ ਰਾਹੀਂ ਰੰਗ-ਬਰੰਗੀਆਂ ਤਸਵੀਰਾਂ ਉਸਾਰ ਕੇ ਰਾਹੀਂ ਦਰਸਾਇਆ ਜਾਂਦੀ ਹੈ। ਨਾਮ ਸਿਮਰਨ ਨੇ ਪਾਪਾਂ ਦੀ ਮੈਲ ਨਾਲ ਮਨ ਭੈੜੀ ਦੇ ਰੂਪੋ ਨੂੰ ਸ਼ੁੱਧ ਕਰਨ ਵਾਲੀ ਸ਼ਿਲਪੀ-ਕਾਰੀ ਢੰਗ ਨਿਭਾਇਆ ਗਿਆ ਹੈ। ਜਿਵੇਂ ਉਹ "ਭੁੱਖਾ ਮਨੁੱਖ" ਅਗਿਆਨਤਾ ਦਾ ਚਿੰਨ੍ਹ ਹੈ ਅਤੇ ਜਿਸ ਦੇ ਉਲਟ ਮਿਠ-ਅਨੰਦਿਤ ਗਿਆਨ ਦੇ ਪ੍ਰਕਾਸ਼ ਨੂੰ ਸੁਖਗੀਆ ਕਰਦਾ ਹੈ:-

---

1. Shelley- Quoted by A.C.Bradley in "Oxford Lectures on Poetry", P.170-72.
2. Alduous Huxley- Doors of Perception, P.
3. ਆਦਿ-ਗ੍ਰੰਥ.................. ਪੰਨਾ 947
4. ਆਦਿ-ਗ੍ਰੰਥ.................. ਪੰਨਾ 917
5. ਆਦਿ-ਗ੍ਰੰਥ.................. ਪੰਨਾ 918

(ੳ) ਮਨਮੁਖ ਦੁੱਖੀਆ ਨਿਤ੍ਹ ਹੈ [illegible] ਤਿਹੁ [illegible] ਨ [illegible] ।

(ਗੂਜਰੀ ਕੀ ਵਾਰ ਮ:3)[1]

(ਅ) ਜਿਨੀ ਨਾਮੁ [illegible] ਪਛਾਣੀ ਪਰਮਾਤੁ [illegible] ਸੇਖਾਣਿਆ ।

(ਮਾਰੂ ਮ:3)[2]

ਪਰ ਕਵੀ ਦੇ ਮਨ ਵਿੱਚ ਬਿੰਬ ਕਿਵੇਂ [illegible] ਹੈ? [illegible] ਨੇ ਬਿੰਬ-ਸਿਰਜਣਾ [illegible] ਤ੍ਰਿਵੇਧ [illegible], ਜੋ [illegible] ਰੂਪਾਂ ਦੇ ਵੇਰਵੇ [illegible] ਬਿੰਬ [illegible], ਜਿਨ੍ਹਾਂ [illegible] ਬਿੰਬ-ਸਿਰਜਣਾ [illegible] ਵਿਚਾਰ [illegible] ਹੈ। [illegible] **ਅਸੰਬੰਧ**[3] ਦੇ **ਬਿੰਬ** ਦੀ ਸਿਰਜਣਾ [illegible] ਦ੍ਰਿਸ਼ਟੀਕੋਣ ਤੋਂ [illegible] ਹੈ:(ੳ) ਯਾਦਾਂ ਦਾ [illegible] (ਜੋ [illegible] ਹੈ),(ਅ) [illegible], ਅਤੇ (ੲ) [illegible] । [illegible] ਤੋਂ [illegible] ਯਾਦਾਂ [illegible] ਪ੍ਰੇਰਣਾ [illegible] ਜਾਂਦਾ ਹੈ। [illegible] (ਜੋ [illegible] ਜਾਂਦੀ ਹੈ) ਦੇ ਦ੍ਰਿਸ਼ਟੀਕੋਣ ਤੋਂ [illegible] ਬਿੰਬ ਦੀ ਸਿਰਜਣਾ [illegible] । ਯਾਦਾਂ ਦਾ [illegible] ਜਾਰਜ ਵੈਲੀ[4] ਦੇ [illegible] ਅਨੁਸਾਰ [illegible] ਹੈ। [illegible] ਵਿੱਚ [illegible] ਹੈ। [illegible] ਬਿੰਬ [illegible] ਦੀ **ਖੇਡ** [illegible] ਹੈ। ਜਾਰਜ ਵੈਲੀ[5] ਆਖਦਾ [illegible] ਹੈ, ਕਿ "[illegible] ਬਿੰਬ ਦਾ [illegible] ( [illegible] ) [illegible],

ਕਿਉਂਕਿ ਬਿੰਬ ਦੇ [illegible] ਦਾ [illegible], [illegible] ਕਵਿਤਾ ਵਿੱਚ [illegible] ਹੋਇਆ।" [illegible] ਬਿੰਬ [illegible] ਦੇ [illegible] ਵਿੱਚ [illegible] "**ਕਾਰਜ**-[illegible]" [illegible], [illegible] ਤੋਂ [illegible] ਹੈ। [illegible] "[illegible] ਦੇ [illegible]" ਵਾਂਗ [illegible] ਹੈ। ਜਾਰਜ ਵੈਲੀ[6] ਨੇ ਬਿੰਬ-ਰਚਨਾ ਦੀ [illegible] ਨੂੰ [illegible] ਆਖਿਆ ਹੈ,"ਕਿਉਂਕਿ [illegible] ਦਾ [illegible] ਬਿੰਬ ਯਾਦਾਂ ਦੇ [illegible] ਵਿੱਚ ਪ੍ਰਵੇਸ਼ ਕਰਦਾ ਹੈ, ਯਾਦਾਂ ਦੇ ਬਿੰਬ [illegible] ਦੇ [illegible] ਯਾਦਾਂ ਦਾ [illegible] **ਨਵੇਂ** [illegible] ਜਾਂਦਾ ਹੈ। ਨਵੇਂ ਬਿੰਬ ਨੂੰ [illegible] ਵਿੱਚ [illegible] **ਪੈਂਦਾ**, ਕਿਉਂਕਿ ("[illegible]" ਦੇ "[illegible]" ਦੇ ਸ਼ਬਦਾਂ ਵਿੱਚ) ਨਵਾਂ ਬਿੰਬ [illegible] ਪ੍ਰਵੇਸ਼ ਕਰਦਾ ਹੈ, ਜਿਵੇਂ [illegible] ( [illegible] ) [illegible] ਦੇ [illegible] ਉੱਤੇ [illegible] ਹੈ।" [illegible] ਵਿੱਚ ਬਿੰਬ [illegible]

---

1. ਆਦਿ-ਗ੍ਰੰਥ.....................ਪੰਨਾ 511
2. ਆਦਿ-ਗ੍ਰੰਥ.....................ਪੰਨਾ 1069

3. John Livingston Lowes-Quoted by George Whalley in "Poetic Process" P.84.
4. George Whalley- Poetic Process- P.85
5. Ibid............................P.85
6. Ibid..............................P.83

ਇਵੇਂ ਹੀ ਪ੍ਰੋ: ਪੂਰਨ ਸਿੰਘ[1] ਦੇ ਭੀ ਸਾਰੇ ਦੇ ਸਾਰੇ ਚਿੰਤਨ ਵਰਗੇ ਵਿਸਮਾਦੀ ਸਿਧਾਂਤ-ਚਿੰਤਨ ਦਾ ਨਕਸ਼ਾ ਬੜੀ ਸ਼ਾਇਰਾਨਾ-ਸੁਰ ਦੁਆਰਾ ਪੇਸ਼ ਕੀਤਾ ਹੈ। ਪੂਰਨ ਸਿੰਘ ਲਿਖਦਾ ਹੈ," ਕਲਾ-ਸਿਰਜਣ ਇਕ ਪਾਰਦਰਸ਼ੀ ਅਨੋਖਾ ਜਿਹਾ ਸ਼ੀਸ਼ਾ ਹੈ, ਜਿਹੜਾ ਕਿ [illegible] ਦੀ ਲੋਰ ਅਦਭੁਤ ਤੇ ਕਰਾਮਾਤੀ ਹੈ, ਜਿਸ ਵਿੱਚ ਕਿਸੇ ਰਚਨਾ ਦੇ ਚਿੰਨ੍ਹ ਨਕਸ਼ ਉਭਰੇ ਰਹਿਣ। ਜਿਸ ਤਾਂ ਜੋ ਅਕਸ [illegible] ਦੇ ਪੈਂਦੇ ਹਨ, ਉਹ ਸਦੀਵ-ਚਿਰ੍ਹ ਹੋ ਨਿਖਰਦੇ ਹਨ, ਉਸ ਵਿਚ ਕੋਈ ਚਾਨਣਾ ਪੈਂਦੀ ਜਾਂਦਾ ਹੈ, ਮਨੁੱਖ ਦੇ ਮਨ ਦੇ ਰੰਗ ਸਾਰੇ ਸਭ ਉਸ ਵਿਚ [illegible] ਦੇ ਪੈਂਦੇ ਹਨ, ਸਭ ਉਹ ਰੂਪ ਧਰ ਕੇ ਉਥੋਂ ਆਪਣੇ ਰੰਗ ਵਿਚ ਨਿਕਲਦੇ ਹਨ।" ਸਾਹਿਤਕ ਰੂਪ ਵਿੱਚ ਲਿਖੇ ਲੇਖ ਦੇ ਪੂਰਨ ਸਿੰਘ ਨੇ ਕਲਾ-ਸਿਰਜਣ ਨੂੰ ਇਕ ਦੂਰ-ਦ੍ਰਿਸ਼ਟਾ ਨਾਲ ਉਪਮਾ ਦਿੱਤੀ ਹੈ, ਜੋ ਵਿੱਚ ਸਾਰੀ ਕਲਾਂ ਦੇ ਸਿਧਾਂਤ-ਚਿੰਨ੍ਹ ਚਮਕਦੇ ਦਿੱਸਦੇ ਹਨ।

ਉਪਰੋਕਤ ਵਿਚਾਰਧਾਰਾ ਦੇ ਆਧਾਰ ਤੇ ਗੁਰੂ ਅਰਜਨਦੇਵ ਜੀ ਬਾਰੇ ਕਿਹਾ ਗਿਆਂ ਕਾਰੇ ਖਾਸ ਧਿਆਨ ਦੇਣ ਯੋਗ ਹੈ। ਇਸ ਗੱਲ ਦੀ ਜਾਣਕਾਰੀ ਰੱਖਣੀ ਜ਼ਰੂਰੀ ਹੈ, ਕਿ ਗੁਰੂ ਅਰਜਨਦੇਵ ਦੇ ਸਾਰੀ ਬਾਣੀ ਗੁਰੂ-ਪਦ ਦੀ ਪ੍ਰਾਪਤੀ ਤੋਂ ਪਿੱਛੋਂ ਰਚੀ ਗਈ ਗੁਰੂ-ਪਦ ਜਾਂ ਪੂਰਨ-ਗਿਆਨ ਦੀ ਪ੍ਰਾਪਤੀ ਜੋ ਹੈ, ਜਿਸਦੇ ਸਭ ਸਿਧਾਂਤਾਂ, ਰਸਾਂ ਅਤੇ ਸਿੱਟਿਆਂ ਉੱਤੇ ਪਰਮੇਸ਼ਰ ਦਾ ਚਾਨਣ ਦੇ ਹੁੰਦਾ ਸੀ। ਪ੍ਰਸ਼ਨ ਉਠਦਾ ਹੈ, ਜੇਕਰ ਪਰਮੇਸ਼ਰ ਆਪ-ਨਿਰਣਾ ਦੇ ਰੂਪ ਵਿੱਚੋਂ ਨਿਕਲ ਕੇ ਗਿਆਨ-ਸ਼ਕਤੀ ਦੀ ਅਨੰਤ-ਸ਼ਕਤਾ ਵਿੱਚ ਪਹੁੰਚ ਕੇ ਬਾਣੀ ਰਚ ਰਹੇ ਸਨ, ਤਾਂ ਉਹਨਾਂ ਦੀ ਸਾਹਿਤ ਵਿੱਚ ਕਿਵੇਂ ਪਈ ਹੈ ਮਾਨਵੀ-ਸ਼ਕਤੀਆਂ (ਵਿਸ਼ੇਸ਼ ਕਰਕੇ ਮਨੁੱਖਾਂ ਨਾਲ ਸੰਬੰਧਿਤ) ਕੀਆਂ ਹਰਕਤਾਂ ਕਿਵੇਂ ਪਈਆਂ ? ਹੋਰ ਗੁਰੂ ਅਰਜਨਦੇਵ ਜੀ ਬਾਣੀ ਵਿੱਚ ਸ਼ਬਦ-ਸ਼ਕਤੀਆਂ ਜਾਂ "ਸ਼ਬਦ-ਰੂਪਾਂ" ਦਾ ਉੱਚੀ ਹੋਣਾ ਹੈ, ਜੋ ਕਿ ਜੋਗ ਦੀ ਸੁਖਮੀਅਤ ਰੂਪ ਵਿਚਾਰ ਸੀ। ਇਸ ਪਾਸੇ ਗੁਰੂ ਸ਼ਬਦ-ਰੂਪਾਰ ਵਿੱਚ "ਰਾਗ ਗਉੜੀ ਪੂਰਬੀ ਮਹੱਲਾ" ਦੁਆਰਾ "[illegible]" ਦੁਆਰਾ ਲਿਖਿਆ ਹੈ, ਤਾਂ ਉਹ ਆਪ ਸ਼ਬਦ-ਰੂਪਾਰ ਤੋਂ ਹੇਠਲੀਆਂ ਪਉੜੀਆਂ ਜਾਂ ਪਉੜੀਆਂ ਤੋਂ ਵੀ ਹੇਠਾਂ ਆਏ, ਬੂਹਾਂ ਅਤੇ ਆਸ਼ੀਆਂ ਵਿੱਚ ਵਿਸਮਾਦਮੱਤੀਆਂ ਰੂਹਾਂ ਦੀ ਪੁਕਾਰ ਕੀ ਹੈ। ਹੇਠਲੀਆਂ ਪਉੜੀਆਂ ਉੱਤੇ ਵਸਦੇ ਮਨੁੱਖਾਂ ਦੀ ਗੱਲ ਕਰ ਕੇ ਉਹਨਾਂ ਨੂੰ "ਸ਼ਬਦ-ਰੂਪਾਰ" ਦੀ ਲੋਰ ਵਿਖਾਉਂਦਾ, ਜਾਂ ਮੌਤਾਂ, ਬੂਹਾਂ ਅਤੇ ਆਸ਼ੀਆਂ ਵਿੱਚ ਰਾਗ-ਧਾਰਿਆ ਧਾਉਂਦੇ "ਜਗਤ ਜਲੰਦੇ" ਦੀ ਪੁੰਜੀ ਰਖੀ ਅਰਜਨਦੇਵ ਨਰਕ ਦੇ ਨਾਲ ਨਵੇਂ ਨਿਸ਼ਚੇ-ਨਿਰ੍ਹ, ਗੁਰੂ ਅਰਜਨਦੇਵ ਦੀ ਗੁਰੂ-ਪਦ ਨੂੰ ਪ੍ਰਾਪਤ ਹੋਈ ਆਤਮਾ ਜਾਂ ਪੂਰਨ-ਪੁਰਖ ਨੂੰ ਕਲਾ-ਸ੍ਰਿਜਕ ਬਣਾਉਂਦੇ ਹਨ। ਇਉਂ ਲੱਗਦਾ ਹੈ, ਕਿ ਗੁਰੂ ਜੀ ਆਪ ਸ਼ਬਦ-ਰੂਪਾਰ ਵਿੱਚ ਪਏ ਹੋਏ ਰੂਹੀਆਂ ਦਾ ਤਮਾਸ਼ਾ ਵੇਖ ਰਹੇ ਸਨ। ਉਹਨਾਂ ਦੀ ਆਪਣੀ ਆਤਮਾ ਪ੍ਰਭੂ ਨਾਲ ਅਭੇਦ ਸੀ ਤੇ ਰੂਹਿਆਨੀ-ਵਾਤਾਵਰਣਾਂ ਤੋਂ ਨਿਰਲੇਪ ਸੀ। ਪਰ ਜਿਸ ਪਾਸੇ ਜਿਧਰ ਉਹਨਾਂ ਨੂੰ ਹਰ ਗੁਰਮੁਖ ਪਿਆਰੇ ਪ੍ਰਭੂ ਦੇ ਰੰਗ ਵਿੱਚ ਰੰਗੇ ਨਜ਼ਰ ਆਉਂਦੇ ਹਨ, ਤਾਂ ਕੂਕੇ ਪਏ ਉਹਨਾਂ ਦੇ ਪਾਰ-ਬ੍ਰਹਮ-ਸ਼ਕਤ ਮਨੁੱਖਾਂ ਦੇ ਨਾਲਾਂ ਦੇ ਨਾਲੇ ਪਰਲੇ ਚੋਰ ਕੇ ਰੂਪ-ਧਰਨਾ ਸ਼ਕਲਾਂ-ਸ਼ਬਦਾਂ ਦੇ ਨਾ ਮੁੱਕਣ ਵਾਲੇ ਸਿਲਸਿਲੇ ਭੀ ਵੇਖਣੀ ਜਾ ਰਹੀ ਹੈ। ਸੋ ਨੂੰ ਇਉਂ, ਸਮੁੱਚਾ ਅਤੇ ਅਧ-ਕਵਿਤ੍ਰ ਰੂਪ ਵਿੱਚ ਭੀ ਗੁਰੂ ਅਰਜਨਦੇਵ ਦੇ ਅਨੇਕਾਂ

---

1. ਪ੍ਰੋ: ਪੂਰਨ ਸਿੰਘ - ਖੁੱਲ੍ਹੇ ਲੇਖ - ਪੰਨਾ 39 (1952 ਐਡੀਸ਼ਨ)

ਬਾਣੀ ਆਪਣੀ ਕਵਿਤਾ ਰਾਹੀਂ ਪਰਗਟ ਕੀਤਾ ਹੈ, ਪਰ ਇਸ ਲੇਖ ਦਾ ਸੰਬੰਧ ਰਸ-ਅਨੁਭੂਤੀ ਦੀ ਥਾਂ ਅਨੁਭੂਤੀ-ਸੱਚ ਨਾਲ ਹੈ। ਰਾਗਾਂ ਦਾ ਪ੍ਰਭਾਵ ਸਵੇਰੇ ਦੇ ਪਹਿਰਿਆਂ ਵਿੱਚ ਵਧੇਰੇ ਉਘੜਦਾ ਹੈ, ਇਸੇ ਲਈ ਸੱਚ ਦਾ ਪਰਭਾਵ ਕਰਨ ਨਹੀਂ ਛੁਟ, ਫਰੇਬ ਅਤੇ ਅਭਿਮਾਨਤਾ ਦੇ ਪੜਦੇ ਚੀਰਦੇ ਰਹੇ ਹਨ। ਮਨਮੁਖ-ਪ੍ਰਾਣੀਆਂ ਵਿੱਚ ਰਹਿ ਕੇ, ਪਈ ਜੀਵ-ਆਤਮਾ ਨੂੰ ਟੁੰਬ ਕੇ ਆਤਮਕ-ਜਾਗ੍ਰਤੀ ਵਿੱਚ ਲਿਆਉਂਦੇ ਰਹੇ। ਗੁਰੂ ਅਮਰਦਾਸ ਨੇ ਅਨੇਕਾਂ ਚਿੰਨ੍ਹਾਂ ਤੇ ਅਲੰਕਾਰਾਂ ਨੂੰ ਮਾਧਿਅਮ ਬਣਾਇਆ ਹੈ, ਤਾਂਜੋ ਸੱਚ ਨੂੰ ਆਸਾਨੀਆਂ ਨਾਲ ਵਿਖਾਇਆ ਜਾਵੇ। ਇਸ ਤਰ੍ਹਾਂ ਸੱਚ ਨੂੰ ਭੂਤ-ਭੂਤਨ ਤੇ ਉਘਾੜਿਆ ਹੈ। ਮਨਮੁਖਾਂ ਨੂੰ ਰੋਗ ਵੱਢਦਾ ਹੈ, ਪਰ ਗੁਰਮਿਰ ਨਹੀਂ ਰਹਿੰਦਾ। ਗੁਰਮੁਖਾਂ ਨੂੰ ਰੋਗ ਲੱਗਦਾ ਹੈ, ਪਰ ਰਾਜ ਨਹੀਂ ਹੁੰਦਾ। ਇਸ ਤਰ੍ਹਾਂ ਗਿਆਨ ਦੀ ਸੂਰਜੀ ਪ੍ਰਤਿ-ਸਵਾਰੀ ਹੋ ਗਈ ਹੈ।

ਪੀ.ਗੁਰੇ[1] ਨੇ ਕਵਿਤਾ ਵਿੱਚ ਸੰਗੀਤ ਦੇ ਮਹੱਤਵ ਨੂੰ ਦਰਸਾਉਂਦਿਆਂ ਲਿਖਿਆ ਹੈ, ਕਿ "ਸੰਗੀਤਾਤਮਕਤਾ ਤੋਂ ਬਿਨਾ ਕਵਿਤਾ ਤੁਕਾਂ-ਤੁਕਾਂਤ ਬਣ ਕੇ ਰਹਿ ਜਾਏਗੀ...ਸੰਗੀਤਾਤਮਕਤਾ ਤਰਕਵਾਦੀ-ਵਿਚਾਰ ਨੂੰ ਉਹ ਅਜਿਹੀ ਪ੍ਰਕਾਸ਼ ਕਰਦੀ ਹੈ, ਜੋ ਜਜ਼ਬਿਆਂ ਨੂੰ ਟੁੰਬ ਸਕੇ।" ਉਸੇ ਪੁਸਤਕ ਵਿੱਚ ਗੁਰੇ[2] ਨੇ ਮੱਤੇ ਦੱਸ ਕੇ ਫ੍ਰੈਂਕ ਹੋਵੇਜ਼ ਦਾ ਹਵਾਲਾ ਦਿੱਤਾ ਜਿਨ੍ਹਾਂ ਜਜ਼ਬਿਆਂ ਨੂੰ "ਮਨੁੱਖੀ-ਵਿਕਾਸ ਦੇ ਸਮੇਂ ਤੋਂ ਜੋੜਦੇ ਹੋਏ" ਦਰਸਾਇਆ ਹੈ। ਜਜ਼ਬਿਆਂ ਦੇ ਬੁੱਲ੍ਹਾਂ ਤੋਂ ਸ਼ਿਸ਼ਰ ਕਰਨ ਦਾ ਮੰਤਵ ਆਪਣੇ ਆਪ ਵਿੱਚ ਸੰਗੀਤ ਹੀ ਅਜੇ ਹੋ ਸਕਦਾ ਹੈ, ਕਿ ਜਜ਼ਬੇ ਇਸਦਾ ਸਹਜ ਰਸਤੇ ਦਾ ਰੂਪ ਧਾਰਨ ਕਰ ਜਾਵੇ।

ਜੋ ਕਵਿਤਾ ਵਿੱਚ ਸੰਗੀਤ ਦੇ ਮਹੱਤਵ ਨੂੰ ਕੋਈ ਉਥਲੇ ਨਹੀਂ ਛੇੜਿਆ ਜਾ ਸਕਦਾ, ਪਰ ਸੰਗੀਤ ਦਾ ਪ੍ਰਯੋਗ ਤਦੋਂ ਹੀ ਉਚਿਤ ਹੈ, ਜਦੋਂ ਇਹ ਉਹ ਮਨੁੱਖੀ-ਭਾਵਾਂ ਨੂੰ ਸਿਖਰ ਤੇ ਕਵਿਤਾ ਵਿਚਲੇ ਸੱਚ ਨੂੰ ਹੋਰ ਪ੍ਰਭਾਵਿਤ ਬਣਾਵੇ। ਇਸ ਪੱਖ ਤੋਂ ਜਿਹੜੇ ਚਿੰਨ੍ਹ ਅਲੌਕਿਕ-ਜੀਵਨ, ਸਮਾਜਕ ਜਾਲ-ਜੰਜਾਲ ਜਾਂ ਜਨ-ਸਧਾਰਨ ਦੇ ਜਜ਼ਬਿਆਂ ਨੂੰ ਟੁੰਬਣ ਵਾਲੇ ਪ੍ਰਕ੍ਰਿਤਕ-ਦ੍ਰਿਸ਼ਾਂ ਦੁਆਰਾ ਉਲੀਕੇ ਜਾਂਦੇ ਹਨ, ਉਹ ਵਧੇਰੇ ਪ੍ਰਭਾਵਸ਼ਾਲੀ ਹੁੰਦੇ ਹਨ, ਕਿਉਂਕਿ ਆਮ ਲੋਕ ਸੰਬੰਧਿਤ ਵਸਤਾਂ, ਪਦਾਰਥਾਂ ਜਾਂ ਦ੍ਰਿਸ਼ਾਂ ਨੂੰ ਵੇਖ ਸਕਦੇ ਹਨ, ਮਾਣ ਸਕਦੇ ਹਨ।

ਗੁਰੂ ਅਮਰਦਾਸ ਜੀ ਕਵਿਤਾ ਵਿੱਚ ਇਹੋ ਗੁਣ ਪ੍ਰਧਾਨ ਹੈ। ਇਸ ਵਿੱਚ ਸ਼ੱਕ ਨਹੀਂ, ਕਿ ਗੁਰਦੇਵ ਨੇ ਸ਼ਬਦ-ਅਲੰਕਾਰ ਅਤੇ ਰਸ-ਪ੍ਰਕਾਸ਼ ਵਰਗੀਆਂ ਗਿਆਨ-ਅਤੀਤ ਅਵਸਥਾਵਾਂ ਦਾ ਵੀ ਨਿਰੂਪਣ ਕੀਤਾ ਹੈ, ਪਰ ਅਜਿਹੀ ਨਿਰੂਪਣਤਾ ਕਰਨ ਸਮੇਂ ਵੀ ਉਨ੍ਹਾਂ ਸਿਧਰੇ ਅਤੇ ਸਧਾਰਨ ਪਦਾਰਥਾਂ ਜਾਂ ਦ੍ਰਿਸ਼ਾਂ ਨੂੰ ਨਹੀਂ ਭੁਲਿਆ, ਸਗੋਂ ਸਧਾਰਨ ਨੂੰ ਅਸਧਾਰਨ ਨਾਲ ਜੋੜ ਕੇ ਨਵਾਂ ਹੀ ਅਸਧਾਰਨ ਵਿਖਾਇਆ ਹੈ, ਜਿਵੇਂ:-

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ।
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ।
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ।
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ।
(ਰਾਮਕਲੀ ਮ:3 ਅਨੰਦੁ)[3]

---

1. P.Gurrey- The Appreciation of Poetry, P.46
2. Frank Howes- (The Borderland of Music and Psychology)-Quoted by P Gurrey in"The Appreciation of Poetry"-P.46
3. ਆਦਿ-ਗ੍ਰੰਥ................ਪੰਨਾ 922

ਦਸਮ-ਦੁਆਰ ਨੂੰ "ਗੁਪਤ-ਦੁਆਰ" ਜਾਂ "ਸਚ ਮਹਿਲ ਰੂਪ ਨਾਉ ਨਵਨਿਧਿ" ਤੇ ਜੀਵਿਤ "ਇਸ ਕਾ ਅੰਤੁ ਨ ਜਾਈ ਪਾਇਆ" ਕਹਿਕੇ ਸਧਾਰਣ ਪਰ ਪ੍ਰਭਾਵੂ ਢੰਗਾਂ ਦੁਆਰਾ ਚਿਤ੍ਰਿਆ ਹੈ। ਦੂਜੇ ਸ਼ਬਦਾਂ ਵਿੱਚ ਕੁਝ ਨਾ ਆਖ ਕੇ ਭੀ ਸਭ ਕੁਝ ਆਖ ਦਿੱਤਾ ਹੈ। ਇਹੋ ਕਲਾ ਦੀ ਸਭ ਤੋਂ ਵੱਡੀ ਖੂਬਿਆਈ ਹੈ।

ਇਸ ਦਾ ਇਹ ਭਾਵ ਨਹੀਂ, ਕਿ ਗੁਰੂ ਅਮਰਦਾਸ ਦੀ ਬਿੰਬਾਵਲੀ ਅਧਿਆਤਮਕ ਆਤਮਕ-ਮੰਡਲਾਂ ਦੀਆਂ ਤਸਵੀਰਾਂ ਉਲੀਕਣ ਤਕ ਸੀਮਤ ਹੈ, ਸਗੋਂ ਇਸਦੇ ਉਲਟ ਗੁਰਦੇਵ ਦੇ ਬਿੰਬਾਂ ਦੀ ਬਹੁ-ਗਿਣਤੀ ਸਮਕਾਲੀ ਸਮਾਜ ਦੇ ਧਾਰਮਕ, ਭਾਈਚਾਰਕ ਅਤੇ ਰਾਜਨੀਤਿਕ ਜੀਵਨ ਦਾ ਨਿਰੂਪਣ ਕਰਦੀ ਹੋਈ ਇਤਿਹਾਸਕ ਅਤੇ ਪ੍ਰਮਾਣਿਕ ਦੋਹਾਂ ਖੇਤਰਾਂ ਵਿੱਚ ਮਹੱਤਤਾ ਦੀ ਅਧਿਕਾਰੀ ਬਣਦੀ ਹੈ।

ਆਧੁਨਿਕ-ਕਵਿਤਾ ਦੇ ਵਿਭਿੰਨ-ਬਿੰਬਾਂ ਦੇ ਟਾਕਰੇ ਵਿੱਚ ਗੁਰੂ ਅਮਰਦਾਸ ਅਤੇ ਬਾਕੀ ਹੋਰ ਮਧਕਾਲੀਨ ਸੰਤ-ਕਵੀਆਂ ਦੇ ਬਿੰਬ ਆਦਰਸ਼ਵਾਦੀ-ਨੀਤੀਆਂ ਦੇ ਸੰਦਰਭ ਨਾਲ ਜੁੜੇ ਹੋਏ ਹਨ। ਜਿਨ੍ਹਾਂ ਬਿੰਬਾਂ ਨੂੰ ਵੇਖ ਕੇ ਪਾਠਕਾਂ ਦੇ ਮਨਾਂ ਨੂੰ ਆਪਣੇ ਆਪ ਹੀ ਪਛਾਣ ਹੋ ਜਾਂਦੀ ਹੈ। ਇਸ ਦਾ ਮੂਲ-ਕਾਰਨ ਇਹੋ ਹੈ, ਕਿ ਸੰਬੰਧਤ ਬਿੰਬਾਂ ਨੂੰ ਵਰਤਣ ਵਾਲੇ ਕਵੀ ਸੱਚ ਦੇ ਸੋਮੇ "ਪ੍ਰਮਾਤਮਾ" ਨਾਲ ਜੁੜੇ ਹੋਏ ਸਨ, ਜਿੱਥੇ ਪਹੁੰਚ ਕੇ ਸਭ ਭਰਮ-ਭੁਲੇਖੇ ਮੁੱਕ ਜਾਂਦੇ ਹਨ। ਇਸਦੇ ਉਲਟ ਸਦਾਚਾਰਕ-ਕੀਮਤਾਂ ਤੋਂ ਲਾਪਰਵਾਹ ਹੋਣ ਕਰਕੇ, ਆਧੁਨਿਕ ਕਵਿਤਾ ਦੇ ਅਨੇਕਾਂ ਬਿੰਬ, ਉਸਦੇ ਪਾਤਰਾਂ ਵਾਂਗ ਹੀ ਟੁੱਟੇ-ਟੁੱਟੇ ਜਾਪਦੇ ਹਨ। ਲਿਊਇਸ[1] ਦੇ ਸ਼ਬਦ ਵਿੱਚ ਸਾਡੀ ਸਚਾਈ ਹੈ, ਕਿ ਜਿਹੜੀ ਕਵਿਤਾ ਨਿਆਂ ਦੇ ਅਤੇ ਸਦਾਚਾਰਕ-ਕੀਮਤਾਂ ਨੂੰ ਝੁਠਲਾਉਂਦੀ ਦੇ ਦਿੰਦੀ ਹੈ........"ਉਸ ਦੇ ਮੂੰਹ-ਮਹੱਤਵ ਦੀਆਂ ਸੰਪੂਰਨ ਕਾਲਪਨਿਕ-ਉਡਾਰੀਆਂ ਦੀ ਉਮੀਦ ਨਹੀਂ ਕੀਤੀ ਜਾ ਸਕਦੀ....ਜੇ ਕਵਿਤਾ ਵਿੱਚ ਨੈਤਿਕ-ਸਾਰ ਨਹੀਂ(ਜੋ "ਕੈਥੋਲਿਕ" ਦੇ ਸ਼ਬਦਾਂ ਵਿੱਚ ਸਾਡੀ ਪ੍ਰਕਿਰਤੀ ਦੇ ਸੰਪੂਰਨ-ਭਾਵ ਦੀ ਉਪਜ ਹੈ), ਤਾਂ ਉਸਦੇ ਬਿੰਬ ਟੁੱਟੇ-ਟੁੱਟੇ ਅਤੇ ਅਜਨਬੀਆਂ ਵਾਂਗ ਇਕ ਦੂਜੇ ਨਾਲ ਅਸੰਬੰਧਤ ਹੋਣਗੇ।" ਇਸ ਦ੍ਰਿਸ਼ਟੀ ਤੋਂ ਗੁਰੂ ਅਮਰਦਾਸ ਰਚਿਤ ਬਿੰਬ ਸਾਰਥਕ ਅਤੇ ਸੰਪੂਰਨ ਹਨ। ਇਸੇ ਕਰਕੇ ਇਹ ਮਨੁੱਖੀ-ਆਦਰਸ਼ਾਂ ਦੀ ਹਰ ਕਦਮ ਉੱਤੇ ਅਗਵਾਈ ਕਰਦੇ ਪ੍ਰਤੀਤ ਹੁੰਦੇ ਹਨ, ਜਿਵੇਂ:-

(ੳ) ਹੀਰਾ ਦੇਖਿ ਤਰੰਗਿਆ ਜਦਾ ਕਿ ਪਾਇਆ ਜਾਇ ।
ਗੁਰਿ ਪੂਰੈ ਮਨ ਕਪਟੇ ਜਿਨ੍ਹ ਜਾਣੇ ਉਪਰ ਪਾਇ ।
(ਵਾਰ ਵਡਹੰਸ ਮ:4 ਸਲੋਕ ਮ:3)[2]

(ਅ) ਕਾਮੁ ਕ੍ਰੋਧੁ ਕਾ ਚੋਲੜਾ ਸਭ ਗਲਿ ਆਏ ਪਾਇ ।
(ਸਲੋਕ ਵਾਰਾਂ ਤੋਂ ਵਧੀਕ)[3]

(ੲ) ਗੂੜੇ ਵੇਸ ਦੇਖਾਵਣੀ ਪਾਖਿਡੁ ਕਾਲਖ ਜਾਇ ।
(ਸੂਹੀ ਕੀ ਵਾਰ ਮ:3)[4]

(ਸ) ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ।
(ਮਾਝ ਮ:3)[5]

---

1. C. Day Lewis- The Poetic Image- P. 133
2. ਆਦਿ-ਗ੍ਰੰਥ..............ਪੰਨਾ 585
3. ਆਦਿ-ਗ੍ਰੰਥ..............ਪੰਨਾ 1414
4. ਆਦਿ-ਗ੍ਰੰਥ..............ਪੰਨਾ 785
5. ਆਦਿ-ਗ੍ਰੰਥ..............ਪੰਨਾ 127

(ਥ) ਮਨ ਮੈਲੁ ਮੈਲ ਮਿਲਣਾਤਾ ।........ (ਗਉੜੀ ਗੁਆਰੇਰੀ ਮ:3)[1]

(ਦ) ਨਾਨਕ ਕੂੜ ਤਰੋਲ ਕਚੁ ਕੇ ਘਰ ਕੀਆ ਸੀਗਾਰੁ ।
(ਵਾਰ ਸੂਹੀ ਕੀ ਮ:3)[2]

(ਧ) ਕਉਮੀ ਏਹੋ ਜੀਹੁ ਹੈ ਸਜਣਾ ਗਇਆ ਵਿਲਾਇ ।
(ਰਾਮਕਲੀ ਕੀ ਵਾਰ ਮ:3)[3]

(ਨ) ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ।
ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ ਕਾਉ ।
(ਸਿਰੀ ਰਾਗੁ ਮ:3)[4]

(ਪ) ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ।
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ।
(ਗਉੜੀ ਬੈਰਾਗਣਿ ਮ:3)[5]

(ਫ) ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ।
ਜਿਤੁ ਪੀਤੈ ਮਤਿ ਦੂਰ ਹੋਇ ਬਰਲੁ ਪਵੈ ਵਿਚਿ ਆਇ ।
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ।
(ਵਾਰ ਬਿਹਾਗੜਾ ਮ:4 ਸਲੋਕ ਮ:3)[6]

ਉਪਰੋਕਤ ਤਸਵੀਰਾਂ ਮਨੁੱਖੀ-ਮਨ ਦੀਆਂ ਹੌਲਨਾਕੀਆਂ ਨਕਾਰਾਤਮਕ-ਸਥਿਤੀਆਂ ਦੀਆਂ ਹਨ। ਕੁਝ ਹੁਣ ਆਸ਼ਾਵਾਦੀ-ਸਥਿਤੀਆਂ ਨੂੰ ਖਿਚ ਰੱਖਣ ਵਾਲੀਆਂ ਮੂਰਤਾਂ ਵੇਖਣਾ:-

(ੳ) ਕਾਇਆ ਬਿਰਖੁ ਪੰਖੀ ਵਿਚਿ ਵਾਸਾ ।
ਅੰਮ੍ਰਿਤੁ ਚੁਗਹਿ ਗੁਰ ਸਬਦਿ ਨਿਵਾਸਾ ।
ਉਡਹਿ ਨ ਮੂਲੇ ਨ ਆਵਹਿ ਨ ਜਾਹੀ ।
ਨਿਜਘਰਿ ਵਾਸਾ ਪਾਇਆ ।............... (ਮਾਰੂ ਮ:3)[7]

(ਅ) ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸਨੂੰ ਲਾਏ ਭਾਉ ।
ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ।
(ਰਾਮਕਲੀ ਕੀ ਵਾਰ ਮ:3)[8]

(ੲ) ਸਦਾ ਰੰਗਿ ਰਾਤੀ ਸਹਜਿ ਮਾਤੀ ।....... (ਰਾਗ ਗਉੜੀ ਮ:3)[9]

(ਸ) ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ।
(ਵਾਰ ਸੂਹੀ ਮ:3)[10]

(ਹ) ਭਤੁ ਸੀਗਾਰੁ ਤੰਬੋਲ ਰਸੁ ਭੋਜਨੁ ਸਾਦੁ ਕਰੇਇ ।
ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ।
(ਵਾਰ ਸੂਹੀ ਮ:3)[10]

(ਕ) ਦੇਖਿ ਪਿਰੁ ਵਿਗਸੀ ਅੰਦਰਹੁ ਸਰਸੀ ਸਚੈ ਸਬਦਿ ਸੁਭਾਇ ।
(ਆਸਾ ਮ:3)[11]

1. ਆਦਿ-ਗ੍ਰੰਥ.................ਪੰਨਾ 159
2. ਆਦਿ-ਗ੍ਰੰਥ.................ਪੰਨਾ 786
3. ਆਦਿ-ਗ੍ਰੰਥ.................ਪੰਨਾ 947
4. ਆਦਿ-ਗ੍ਰੰਥ.................ਪੰਨਾ 30
5. ਆਦਿ-ਗ੍ਰੰਥ.................ਪੰਨਾ 233
6. ਆਦਿ-ਗ੍ਰੰਥ.................ਪੰਨਾ 554
7. ਆਦਿ-ਗ੍ਰੰਥ.................ਪੰਨਾ 1068
8. ਆਦਿ-ਗ੍ਰੰਥ.................ਪੰਨਾ 947
9. ਆਦਿ-ਗ੍ਰੰਥ.................ਪੰਨਾ 568
10. ਆਦਿ-ਗ੍ਰੰਥ.................ਪੰਨਾ 786
11. ਆਦਿ-ਗ੍ਰੰਥ.................ਪੰਨਾ 439

(ਖ) ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ......... (ਸਿਰੀ ਰਾਗੁ ਮ:3)[1]

(ਗ) ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ।
ਅੰਤਰਿ ਚਾਨਣੁ ਅਗਿਆਨ ਅੰਧੇਰੁ ਗਵਾਇਆ ।
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ।
(ਮਾਝ ਮ:3)[2]

(ਘ) ਨਉ ਦਰ ਠਾਕੇ ਧਾਵਤੁ ਰਹਾਏ ।
ਦਸਵੈ ਨਿਜਘਰਿ ਵਾਸਾ ਪਾਏ ।
ਓਥੈ ਅਨਹਦ ਸਬਦ ਵਜੈ ਦਿਨੁ ਰਾਤੀ
ਗੁਰਮਤੀ ਸਬਦੁ ਸੁਣਾਵਣਿਆ ।
(ਮਾਝ ਮ:3)[3]

ਬੇਸ਼ਕ ਗੁਰੂ ਅਮਰਦਾਸ ਦੀ ਕਵਿਤਾ ਵਿੱਚ ਆਪਣੇ ਸਮੇਂ ਦੇ ਰਹੱਸਵਾਦੀ-ਭਾਵ ਵਾਂਗ ਉਪਦੇਸ਼ਾਤਮਕ-ਰੰਗ ਵੀ ਪ੍ਰਧਾਨ ਹੈ, ਫੇਰ ਵੀ ਬਿੰਬਾਂ ਦੀ ਸੁੰਦਰਤਾ ਉਘੜਨੋਂ ਨਹੀਂ ਰਹਿ ਸਕੀ, ਜਿਵੇਂ:-

(ੳ) ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ ।
(ਸਿਰੀ ਰਾਗੁ ਮ:3)[4]

(ਅ) ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ।..(ਸਿਰੀ ਰਾਗੁ ਮ:3)[5]

(ੲ) ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ ਲੁਡਾਇ ।
(ਸਿਰੀ ਰਾਗੁ ਮ:3)[6]

(ਸ) ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ ।
(ਆਸਾ ਮ:3)[7]

ਕਬੀਰ ਤੇ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਕੁਝ ਇਕ ਅਜਿਹੇ ਬਿੰਬਾਂ ਦੀਆਂ ਉਦਾਹਰਨਾਂ ਪੇਸ਼ ਕਰਨੀਆਂ ਵੀ ਅਯੋਗ ਨਹੀਂ ਹੋਣਗੀਆਂ, ਜਿਨ੍ਹਾਂ ਦਾ ਸੰਬੰਧ ਸਿੱਧਾ ਵੇਖਣ, ਸੁਣਨ, ਸੁੰਘਣ, ਛੁਹਣ ਅਤੇ ਚੱਖਣ ਦੀਆਂ ਗਿਆਨ-ਇੰਦ੍ਰੀਆਂ ਨਾਲ ਹੈ। ਇਸ ਵਿੱਚ ਸ਼ੱਕ ਨਹੀਂ, ਕਿ ਗੁਰੂ ਅਮਰਦਾਸ ਦੇ ਬਿੰਬਾਂ ਦੀ ਵਿਸ਼ੇਸ਼ਤਾ ਗਿਆਨ-ਇੰਦ੍ਰੀਆਂ ਤੋਂ ਅਗੇਰੇ ਜੋ ਰੂਹ ਦੀਆਂ ਅੰਤ੍ਰੀਵ-ਭੂਮਿਕਾਵਾਂ ਵਿੱਚ ਜਾ ਉਤਰਨਾ ਹੈ, ਪਰ ਰੂਹ ਨੂੰ ਟੁੰਬਣ ਦੇ ਨਾਲ ਨਾਲ ਅਨੇਕਾਂ ਵਿੱਚ ਗਿਆਨ-ਇੰਦ੍ਰੀਆਂ ਦੀ ਪ੍ਰਗਟ-ਤ੍ਰਿਪਤੀ ਵੀ ਕਰਦੇ ਹਨ। ਇਹੋ ਜਿਹੇ ਕੁਝ ਬਿੰਬਾਂ ਦੀਆਂ ਉਦਾਹਰਨਾਂ ਇਸ ਪ੍ਰਕਾਰ ਹਨ:-

(ੳ) ਰੂਪ ਬਿੰਬ:-

(1) ਮਾਇਆ ਮਗੁ ਸਹਤੁ................ (ਗਉੜੀ ਮ:3)[8]
(2) ਕੁੰਨੇਹਿ ਕੁੰਨੇਹਿ ਮਾਇਆ ਜਾਣੈ ਨਾਹਿ ਝਾਲੀ.. (ਵਾਰ ਮਲਾਰ ਮ:1 ਸਲੋਕ ਮ:3)[9]
(3) ਸਭੈ ਪ੍ਰਣਿਆ ਕਹੁ ਰੇ ਬਬੀਹਾ ਦੇਵੈ ਸਹਜਿ ਸੁਭਾਇ ।
(ਵਾਰ ਮਲਾਰ ਮ:1 ਸਲੋਕ ਮ:3)[9]
(4) ਵਰਦੇ ਧਾਰੇ ਝਉਕਲੀ......... (ਸਲੋਕ ਵਾਰਾਂ ਤੋਂ ਵਧੀਕ)[10]

---

1. ਆਦਿ-ਗ੍ਰੰਥ................ਪੰਨਾ 26
2. ਆਦਿ-ਗ੍ਰੰਥ................ਪੰਨਾ 124
3. ਆਦਿ-ਗ੍ਰੰਥ................ਪੰਨਾ 124
4. ਆਦਿ-ਗ੍ਰੰਥ................ਪੰਨਾ 85
5. ਆਦਿ-ਗ੍ਰੰਥ................ਪੰਨਾ 34
6. ਆਦਿ-ਗ੍ਰੰਥ................ਪੰਨਾ 37
7. ਆਦਿ-ਗ੍ਰੰਥ................ਪੰਨਾ 441
8. ਆਦਿ-ਗ੍ਰੰਥ................ਪੰਨਾ 245
9. ਆਦਿ-ਗ੍ਰੰਥ................ਪੰਨਾ 1280
10. ਆਦਿ-ਗ੍ਰੰਥ................ਪੰਨਾ 1420

(5) ਚਾਰੇ ਕੁੰਡਾ ਝੋਕਿ ਵਰਸਦਾ.... (ਸਲੋਕ ਵਾਰਾਂ ਤੇ ਵਧੀਕ)[1]

(6) ਤਿੰਨੀ ਰੈਣਿ ਚਮਕਿਆ ਵੁਠਾ ਛਹਬਰ ਲਾਇ। (ਵਾਰ ਮਲਾਰ ਮ:1 ਸਲੋਕ ਮ:3)[2]

(7) ਮਨ ਕੁੰਚਰ ਪੀਲਕੁ ਗੁਰੂ ਗਿਆਨ ਕੁੰਡਾ ਜਹ ਖਿੰਚੇ ਤਹ ਜਾਇ। (ਗੂਜਰੀ ਕੀ ਵਾਰ ਮ:3)[3]

(8) ਮਨਮੁਖ ਠੂਠੇ ਸੁਕਿ ਗਏ ਨਾ ਫਲੁ ਤਿੰਨਾ ਛਾਉ। (ਸਿਰੀ ਰਾਗੁ ਮ:3)[4]

(9) ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ। ਕਹਾਂ ਤੁਮਾਰਾ ਜਗਦੀਸ ਗੁਸਾਈ। (ਭੈਰਉ ਮ:3)[5]

(10) ਪਿਰ ਰਲੀਆਲਾ ਜੋਬਨ ਬਾਲਾ।....... (ਵਡਹੰਸ ਮ:3)[6]

(11) ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ। (ਰਾਮਕਲੀ ਮ:3)[7]

(12) ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ। (ਆਸਾ ਮ:3)[8]

(13) ਬਾਝੁ ਗੁਰੂ ਹੈ ਅੰਧ ਗੁਬਾਰਾ।..... (ਮਾਝ ਮ:3)[9]

(ਅ) <u>ਧੁਨੀ ਚਿਤ੍ਰ:-</u>

(ੳ) ਝਿਮਿ ਝਿਮਿ ਅੰਮ੍ਰਿਤੁ ਵਰਸਦਾ .... (ਸਲੋਕ ਵਾਰਾਂ ਤੇ ਵਧੀਕ)[10]

(ਅ) ਹਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ। (ਵਾਰ ਵਡਹੰਸ ਮ:4 ਸਲੋਕ ਮ:3)[11]

(ੲ) ਕਾਲੁ ਨ ਚਾਪੈ ............................(ਮਾਝ ਮ:3)[12]

(ਸ) ਇਹੁ ਸਰੀਰੁ ਜਜਰੀ ਹੈ....................(ਵਡਹੰਸ ਮ:3)[13]

(ਹ) ...................ਆਵ ਘਟੈ ਤਨੁ ਛੀਜੈ। (ਵਡਹੰਸ ਮ:3)[14]

(ਕ) ਰਹਰਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ...(ਸਲੋਕ ਵਾਰਾਂ ਤੇ ਵਧੀਕ)[10]

(ਖ) ਪਗਿ ਖਿਸਿਐ ਰਹਣਾ ਨਹੀ ........... (ਸਿਰੀ ਰਾਗੁ ਮ:3)[15]

(ਗ) ਬਾਬੀਹਾ ਪ੍ਰਿਉ ਪ੍ਰਿਉ ਕਰੇ ............. (ਸਲੋਕ ਵਾਰਾਂ ਤੇ ਵਧੀਕ)[1]

(ੲ) <u>ਛੁਹ-ਚਿਤ੍ਰ:-</u>

(ੳ) ਤਿਸਕੇ ਚਰਨ ਪਖਾਲੀਅਹਿ .......... (ਵਾਰ ਬਿਹਾਗੜਾ ਮ:4 ਸਲੋਕ ਮ:3)[16]

(ਅ) ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ।...(ਗੂਜਰੀ ਕੀ ਵਾਰ ਮ:3)[17]

(ੲ) ਨਾਪਕ ਜਿਵੈ ਪਿਛੋੜੀਐ .......... (ਮਾਰੂ ਕੀ ਵਾਰ ਮ:3)[18]

---

| | |
|---|---|
| 1. ਆਦਿ-ਗ੍ਰੰਥ................ਪੰਨਾ 1419 | 10. ਆਦਿ-ਗ੍ਰੰਥ................ਪੰਨਾ 1420 |
| 2. ਆਦਿ-ਗ੍ਰੰਥ................ਪੰਨਾ 1282 | 11. ਆਦਿ-ਗ੍ਰੰਥ................ਪੰਨਾ 592 |
| 3. ਆਦਿ-ਗ੍ਰੰਥ................ਪੰਨਾ 516 | 12. ਆਦਿ-ਗ੍ਰੰਥ................ਪੰਨਾ 111 |
| 4. ਆਦਿ-ਗ੍ਰੰਥ................ਪੰਨਾ 66 | 13. ਆਦਿ-ਗ੍ਰੰਥ................ਪੰਨਾ 584 |
| 5. ਆਦਿ-ਗ੍ਰੰਥ................ਪੰਨਾ 1154 | 14. ਆਦਿ-ਗ੍ਰੰਥ................ਪੰਨਾ 583 |
| 6. ਆਦਿ-ਗ੍ਰੰਥ................ਪੰਨਾ 568 | 15. ਆਦਿ-ਗ੍ਰੰਥ................ਪੰਨਾ 28 |
| 7. ਆਦਿ-ਗ੍ਰੰਥ................ਪੰਨਾ 910 | 16. ਆਦਿ-ਗ੍ਰੰਥ................ਪੰਨਾ 550 |
| 8. ਆਦਿ-ਗ੍ਰੰਥ................ਪੰਨਾ 441 | 17. ਆਦਿ-ਗ੍ਰੰਥ................ਪੰਨਾ 510 |
| 9. ਆਦਿ-ਗ੍ਰੰਥ................ਪੰਨਾ 116 | 18. ਆਦਿ-ਗ੍ਰੰਥ................ਪੰਨਾ 1088 |

(ਸ) <u>ਰਸ-ਚਿਤ੍ਰ:-</u>

(1) ਸਦਾ ਮੀਠਾ ਕਦੇ ਨ ਫੀਕਾ ਗੁਰਸਬਦੀ ਵੀਚਾਰੁ ।
(ਪ੍ਰਭਾਤੀ ਮ:3)[1]

(2) ..........................ਰਸਨਾ ਰਸਨ ਰਸਾਇ ।
(ਸਿਰੀ ਰਾਗੁ ਮ:3)[2]

(ਹ) <u>ਗੰਧ-ਚਿਤ੍ਰ:-</u>

(1) ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ ।
(ਮਲਾਰ ਮ:3)[3]

(2) ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ ।
(ਮਾਝ ਮ:3)[4]

ਗੁਰੂ ਅਮਰਦਾਸ ਦੀ ਬਾਣੀ ਵਿੱਚ ਬਿੰਬਾਵਲੀ ਦਾ ਉਪਰੋਕਤ ਪੱਖ ਦਰਸਾਉਣ ਤੋਂ ਪਿੱਛੋਂ ਹੁਣ ਅਲੰਕਾਰ-ਸੰਪ੍ਰਦਾਏ ਦੇ ਆਧਾਰ ਉੱਤੇ ਗੁਰਦੇਵ ਦੀ ਬਾਣੀ ਵਿੱਚੋਂ ਅਨੇਕਾਂ ਅਲੰਕਾਰਾਂ ਦੀਆਂ ਸੁੰਦਰ ਵੰਨਗੀਆਂ ਪੇਸ਼ ਕੀਤੀਆਂ ਜਾਣਗੀਆਂ । ਅੰਗ੍ਰੇਜ਼ੀ ਵਿੱਚ ਉਪਮਾ, ਰੂਪਕ, ਦ੍ਰਿਸ਼ਟਾਂਤ, ਅਤਿਕਥਨੀ ਅਤੇ ਅਨੁਪ੍ਰਾਸ ਆਦਿਕ ਅਲੰਕਾਰਾਂ ਦਾ ਵਿਸ਼ੇਸ਼ ਚਰਚਾ ਰਿਹਾ ਹੈ। ਪਰ ਭਾਰਤੀ ਅਲੰਕਾਰ-ਸੰਪ੍ਰਦਾਇ ਅਨੁਸਾਰ ਅਲੰਕਾਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਉਦਾਹਰਨ ਵਜੋਂ ਸੰਸਕ੍ਰਿਤ ਦੇ ਪ੍ਰਾਚੀਨ ਵਿਦਵਾਨ ਆਚਾਰੀਆ ਵਿਸ਼ਵਨਾਥ[5] ਦੇ ਸੈਂਕੜੇ ਸਾਲ ਪੁਰਾਣੇ ਗ੍ਰੰਥ ਵਿੱਚ ਅਲੰਕਾਰਾਂ ਦੀ ਗਿਣਤੀ 75 ਤੋਂ ਵਧੀਕ ਹੈ। ਪੰਜਾਬੀ ਵਿੱਚ ਭਾਈ ਕਾਹਨ ਸਿੰਘ ਨੇ ਭੀ ਗੁਰਸ਼ਬਦ ਅਲੰਕਾਰ[6] ਨਾਮੀ ਗ੍ਰੰਥ ਦੁਆਰਾ ਇਕ ਸੌ ਦੇ ਕਰੀਬ ਅਲੰਕਾਰਾਂ ਦੇ ਲੱਛਣ ਅਤੇ ਉਦਾਹਰਨਾਂ ਪੇਸ਼ ਕੀਤੀਆਂ ਹਨ। ਬੇਸ਼ਕ ਕਿਸੇ ਇਕ ਕਵੀ ਦੀ ਕਵਿਤਾ ਵਿੱਚੋਂ ਸਾਰੇ ਅਲੰਕਾਰਾਂ ਦੀਆਂ ਮਿਸਾਲਾਂ ਢੂੰਡਣੀਆਂ ਅਸੰਭਵ ਹਨ, ਕਿਉਂਕਿ ਕੋਈ ਭੀ ਮਹਾਨ ਕਵੀ ਵਿਸ਼ੇਸ਼ ਕਰਕੇ ਗੁਰੂ ਅਮਰਦਾਸ ਵਰਗਾ ਗੁਰੂ-ਕਵੀ, ਅਲੰਕਾਰਾਂ ਦੀ ਪ੍ਰਦਰਸ਼ਨੀ ਲਈ ਕਵਿਤਾ ਨਹੀਂ ਰਚਦਾ। ਫੇਰ ਭੀ ਗੁਰਦੇਵ ਦੀ ਕਵਿਤਾ ਵਿੱਚੋਂ ਤਿੰਨ ਦਰਜਨ ਤੋਂ ਉੱਪਰ ਅਲੰਕਾਰਾਂ ਦੀਆਂ ਉਦਾਹਰਨਾਂ ਹੇਠਾਂ ਦਿੱਤੀਆਂ ਜਾਂਦੀਆਂ ਹਨ।

## <u>ਉਪਮਾ, ਰੂਪਕ ਅਤੇ ਦ੍ਰਿਸ਼ਟਾਂਤ ਅਲੰਕਾਰ</u>

ਸਭਯ-ਦੇਸ਼ਾਂ ਦੀਆਂ ਬੋਲੀਆਂ ਦੇ ਸਾਹਿਤ ਨੂੰ ਵਾਚਣ ਤੇ ਸਿੱਧ ਹੁੰਦਾ ਹੈ, ਕਿ ਬੋਲੀ ਕਿਸੇ ਦੇਸ਼ ਦੀ ਸਭਿਅਤਾ ਦੇ ਮੁਢਲੇ-ਪੜਾ ਦੀ ਨਿਸ਼ਾਨੀ ਹੈ, ਉਪਮਾ ਵਰਤਣ ਦੀ ਸ਼ੈਲੀ ਅਗਲੇ ਪੜਾ ਦੀ ਅਤੇ ਰੂਪਕ ਰਚਨ ਦੀ ਕਲਾ ਸਭਿਅਤਾ ਦੇ ਸਿਖਰ ਵਲ ਇਸ਼ਾਰਾ ਕਰਦੀ ਹੈ। ਅਰਸਤੂ[7] ਨੇ ਸ਼ਾਇਦ ਇਸੇ ਲਈ ਆਖਿਆ ਸੀ, ਕਿ "ਸਭ ਤੋਂ ਮਹਾਨ ਗੱਲ ਰੂਪਕ ਰਚਨ ਵਿੱਚ ਉਸਤਾਦ ਹੋਣਾ ਹੈ। ਇਹ ਇਕ ਐਸਾ ਗੁਣ ਹੈ, ਜੋ ਦੂਜਿਆਂ ਪਾਸੋਂ ਸਿੱਖਿਆ ਨਹੀਂ ਜਾ ਸਕਦਾ, ਸਗੋਂ ਇਹ ਰੱਬੀ-ਦਾਤ ਜਾਂ "ਜੀਨੀਅਸ" ਦਾ

---

1. ਆਦਿ-ਗ੍ਰੰਥ......................ਪੰਨਾ 1333
2. ਆਦਿ-ਗ੍ਰੰਥ......................ਪੰਨਾ 32
3. ਆਦਿ-ਗ੍ਰੰਥ......................ਪੰਨਾ 1261
4. ਆਦਿ-ਗ੍ਰੰਥ......................ਪੰਨਾ 118
5. ਆਚਾਰੀਆ ਵਿਸ਼ਵਨਾਥ- ਸਾਹਿਤ੍ਯ-ਦਰਪਨ (ਸੰਸਕ੍ਰਿਤ)-ਹਿੰਦੀ ਅਨੁਵਾਦ (ਸਮੇਤ ਵਿਆਖਿਆ)-ਵਿਆਖਿਆਕਾਰ ਡਾ: ਸਤ੍ਯਵ੍ਰਤ, 1957 (ਐਡੀਸ਼ਨ)।
6. ਭਾਈ ਕਾਹਨ ਸਿੰਘ- ਗੁਰਸ਼ਬਦ ਅਲੰਕਾਰ (ਪਹਿਲੀ ਐਡੀਸ਼ਨ)।
7. Aristotle- Quoted by James R. Kreuzer in "Elements of Poetry", Pages 74-75.

ਪ੍ਰਤੀਕ ਹੈ।" ਜੇਮਜ਼ ਕਰਿਊਜ਼ਰ[1] ਨੇ ਉਪਮਾ ਅਤੇ **ਰੂਪਕ** ਦੇ ਮਹੱਤਵ ਨੂੰ ਅਨੁਭਵ ਕਰਦੇ ਹੋਇਆਂ ਉਨ੍ਹਾਂ ਬਾਰੇ ਵਿਸਥਾਰ ਸਹਿਤ ਵਿਚਾਰ ਕੀਤੀ ਹੈ। ਕਿਉਂਕਿ ਉਪਮਾ ਅਤੇ ਰੂਪਕ ਵਾਂਗ ਹੀ ਦ੍ਰਿਸ਼ਟਾਂਤ ਚੀਜ਼ਾਂ ਦੀ ਆਪੋ ਵਿੱਚ ਤੁਲਨਾ ਕਰਦੇ ਹਨ, ਇਸਲਈ ਇਨ੍ਹਾਂ ਤਿੰਨਾਂ ਬਾਰੇ ਅਸਾਂ ਵਿਸ਼ੇਸ਼ ਵਿਚਾਰ ਕਰਨ ਦਾ ਜਤਨ ਕੀਤਾ ਹੈ। ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ ਤਿੰਨਾਂ ਅਲੰਕਾਰਾਂ ਦੇ ਲੱਛਣਾਂ ਵਿੱਚ ਫ਼ਰਕ ਇਸ ਪਰਕਾਰ ਹੈ:-

(ੳ) <u>ਉਪਮਾ:-</u>

ਉਪਮਾ ਸਮੇਂ ਉਪਮੇਯ(ਜਿਸਦੀ ਉਪਮਾ ਕੀਤੀ ਜਾਵੇ) ਦੀ ਉਪਮਾਨ(ਜਿਸ ਨਾਲ ਉਪਮਾ ਕੀਤੀ ਜਾਵੇ) ਨਾਲ ਕੋਈ ਸਾਂਝਾ-ਗੁਣ(ਸਧਾਰਨ-ਧਰਮ) ਸਨਮੁਖ ਰੱਖ ਕੇ ਤੁਲਨਾ ਕੀਤੀ ਜਾਂਦੀ ਹੈ, ਜਿਵੇਂ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ ਮਾਇਆ ਨੂੰ ਨਾਗਣੀ ਨਾਲ ਉਪਮਾ ਦਿੱਤੀ ਗਈ ਹੈ, ਕਿਉਂਕਿ ਮਾਇਆ ਨੇ ਨਾਗਣੀ ਵਾਂਗ ਜਗਤ ਨੂੰ ਘੇਰਿਆ ਹੋਇਆ ਹੈ:-

ਮਾਇਆ ਹੋਈ ਨਾਗਣੀ ਜਗਤਿ ਰਹੀ ਲਪਟਾਇ ।
(ਗੂਜਰੀ ਕੀ ਵਾਰ ਮ:3)[2]

(ਅ) <u>ਰੂਪਕ:-</u>

ਰੂਪਕ ਵਿੱਚ ਉਪਮਾ ਦੇ ਉਲਟ ਉਪਮੇਯ ਨੂੰ ਉਪਮਾਨ ਦਾ ਰੂਪ ਮੰਨ ਲਿਆ ਜਾਂਦਾ ਹੈ, ਜਿਵੇਂ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ ਮਨ ਨੂੰ ਹਾਥੀ, ਗੁਰੂ ਨੂੰ ਮਹਾਵਤ ਅਤੇ ਗਿਆਨ ਨੂੰ ਹਾਥੀ ਦਾ ਕੁੰਡਾ ਮੰਨਿਆ ਗਿਆ ਹੈ:-

ਮਨ ਕੁੰਚਰੁ ਪੀਲਕੁ ਗੁਰੂ ਗਿਆਨ ਕੁੰਡਾ ਜਹ ਖਿੰਚੇ ਤਹ ਜਾਇ ।
(ਗੂਜਰੀ ਕੀ ਵਾਰ ਮ:3)[3]

(ੲ) <u>ਦ੍ਰਿਸ਼ਟਾਂਤ:-</u>

ਦ੍ਰਿਸ਼ਟਾਂਤ ਅਲੰਕਾਰ ਉਸ ਸਮੇਂ ਆਖਿਆ ਜਾਂਦਾ ਹੈ, ਜਦੋਂ ਕਿਸੇ ਪਦਾਰਥ, ਜੀਵ ਜਾਂ ਅਵੱਸਥਾ ਨੂੰ ਠੀਕ ਸਿੱਧ ਕਰਨ ਲਈ ਉਸਦੇ ਤੁੱਲ ਕੋਈ ਦ੍ਰਿਸ਼ਟਾਂਤ ਦਿੱਤਾ ਜਾਵੇ, ਜਿਵੇਂ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ ਮਨਮੁਖ ਦੀ ਭਟਕਣਾ ਨੂੰ ਮਿਰਗ ਦੀ ਮਾਨਸਿਕ-ਅਵੱਸਥਾ ਨਾਲ ਮੇਲ ਕੇ ਸਿੱਧ ਕੀਤਾ ਗਿਆ ਹੈ, ਕਿ ਮਨਮੁਖ ਦੀ ਭਟਕਣ ਉਸਦੀ ਅਗਿਆਨਤਾ ਦਾ ਪ੍ਰਤਿਫਲ ਹੈ:-

ਘਰ ਹੀ ਮਹਿ ਅੰਮ੍ਰਿਤੁ ਭਰਪੂਰ ਹੈ ਮਨਮੁਖਾ ਸਾਦੁ ਨ ਪਾਇਆ ।
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ।
(ਵਾਰ ਸੋਰਠ ਮ:3 ਸਲੋਕ ਮ:3)[4]

ਜਿੱਥੋਂ ਤਕ ਉਪਮਾ ਦਾ ਸੰਬੰਧ ਹੈ, ਜੇਮਜ਼ ਕਰਿਊਜ਼ਰ[5] ਨੇ ਉਸੇ ਵਿੱਚ ਦੋ ਵਿਸ਼ੇਸ਼ਤਾਈਆਂ ਜ਼ਰੂਰੀ ਮੰਨੀਆਂ ਹਨ:(1) ਅਸਮਾਨਤਾ ਵਿੱਚ ਸਮਾਨਤਾ, ਪਰ ਸਮਾਨਤਾ ਇਸ ਹੱਦ ਤਕ ਅਸੁਭਾਵਕ, ਜਿਹੀ

---

1. James R.Kreuzer - Elements of Poetry-Pages 73 to 99.
2. ਆਦਿ-ਗ੍ਰੰਥ................ਪੰਨਾ 510
3. ਆਦਿ-ਗ੍ਰੰਥ................ਪੰਨਾ 516
4. ਆਦਿ-ਗ੍ਰੰਥ................ਪੰਨਾ 644

5. James R.Kreuzer- Ibid.

ਅਤੇ ਗੈਰ-ਕੁਦਰਤੀ ਨਹੀਂ ਹੋਣੀ ਚਾਹੀਦੀ, ਕਿ ਉਹ ਸਰੋਤਿਆਂ ਉਤੇ ਲੋੜੀਂਦਾ ਪ੍ਰਭਾਵ ਨਾ ਪਾ ਸਕੇ । (2) ਦੂਜੇ ਪ੍ਰਭਾਵਸ਼ਾਲੀ-ਉਪਮਾਵਾਂ ਆਮ ਕਰਕੇ ਘਰੋਗੀ-ਜੀਵਨ ਜਾਂ ਨਿੱਤ-ਵਰਤੋਂ ਦੇ ਆਲੇ-ਦੁਆਲੇ ਵਿੱਚੋਂ ਚੁਣੀਆਂ ਜਾਂਦੀਆਂ ਹਨ। ਬੇਸ਼ੱਕ ਅਸਧਾਰਨ-ਦ੍ਰਿਸ਼ਾਂ ਬਾਰੇ ਭੀ ਕੋਈ ਸੰਦੇਹ ਨਹੀਂ, ਪਰ ਸਭ ਤੋਂ ਵੱਡੀ ਕਸਉਟੀ ਇਹ ਹੈ, ਕਿ ਉਪਮਾਵਾਂ ਜਿਉਂਦੀਆਂ-ਜਾਗਦੀਆਂ, ਸੱਚੀਆਂ, ਮੰਨਣ-ਯੋਗ ਅਤੇ ਅਰਥ-ਭਰਪੂਰ ਹੋਣ । ਵੈਸੇ ਕਰਿਊਜ਼ਰ ਨੇ ਉਪਮਾਵਾਂ ਦੀ ਤੀਜੀ ਵਿਸ਼ੇਸ਼ਤਾ ਉਨ੍ਹਾਂ ਦੇ "ਅਨੇਕ-ਪੱਖੀ ਪਸਾਰੇ" ਵਿੱਚ ਦੱਸੀ ਹੈ, ਪਰ ਸਭ ਤੋਂ ਵੱਡੀ ਵਿਸ਼ੇਸ਼ਤਾ ਉਨ੍ਹਾਂ ਦਾ ਘਰੋਗੀ-ਜੀਵਨ ਜਾਂ ਮਨੁੱਖੀ ਆਲੇ-ਦੁਆਲੇ ਨਾਲ ਸੰਬੰਧਤ ਹੋਣਾ ਹੈ। ਗੁਰੂ ਅਮਰਦਾਸ ਦੀ ਬਾਣੀ ਵਿਚਲੀਆਂ ਉਪਮਾਵਾਂ ਵਿੱਚ ਇਹ ਗੁਣ ਪੂਰੇ ਜੋਬਨ ਵਿੱਚ ਉਜਾਗਰ ਹੋਇਆ ਹੈ, ਜਿਵੇਂ ਹੇਠ ਲਿਖੀਆਂ ਉਦਾਹਰਨਾਂ ਦੁਆਰਾ ਸਿੱਧ ਹੁੰਦਾ ਹੈ:-

(ੳ) ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ।
(ਸਲੋਕ ਵਾਰਾਂ ਤੋਂ ਵਧੀਕ)[1]

(ਅ) ਫਾਹੀ ਫਾਥੇ ਮਿਰਗ ਜਿਉ ਸਿਰਿ ਦਿਸੈ ਜਮਕਾਲੁ ।
(ਵਾਰ ਮਲਾਰ ਮ:1 ਸਲੋਕ ਮ:3)[2]

(ੲ) ਮੇਰਾ ਪ੍ਰਭੁ ਮਉਲਿਆ ਸਦਾ ਬਸੰਤੁ । ...(ਬਸੰਤ ਮ:3)[3]

(ਸ) ਸਤਿਗੁਰੁ ਸਚਾ ਹੈ ਬੋਹਿਥਾ ਸਬਦੇ ਭਵਜਲੁ ਤਰਣਾ ।
(ਸਿਰੀ ਰਾਗੁ ਮ:3)[4]

(ਹ) ਹਰਿ ਜੀਉ ਸਫਲਿਓ ਬਿਰਖੁ ਹੈ ਅੰਮ੍ਰਿਤੁ ਜਿਨਿ ਪੀਤਾ ਤਿਸੁ ਤਿਖਾ ਲਹਾਵਣਿਆ ।
(ਮਾਝ ਮ:3)[5]

ਜਿੱਥੋਂ ਤਕ ਰੂਪਕ-ਅਲੰਕਾਰ ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਬਾਣੀ ਵਿੱਚ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ। ਇਕ ਚੰਗਾ ਰੂਪਕ ਭੀ ਆਪਣੇ ਆਲੇ-ਦੁਆਲੇ ਵਿੱਚੋਂ ਹੀ ਉਪਜਦਾ ਹੈ। ਲਿਊਇਸ[6] ਨੇ ਇਕ ਵਧੀਆ ਰੂਪਕ ਦੀ ਜੀਵਨ ਨਾਲ ਤਿੰਨ ਪੱਖੀ ਸਾਂਝ ਵਲ ਸੰਕੇਤ ਕੀਤਾ ਹੈ। ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਇਕ ਉਦਾਹਰਨ ਚੁਣ ਕੇ ਇਸ ਸਾਂਝ ਨੂੰ ਦਰਸਾਇਆ ਜਾਵੇਗਾ:-

ਇਹ ਜਗ ਵਾੜੀ ਮੇਰਾ ਪ੍ਰਭੁ ਮਾਲੀ । ਸਦਾ ਸਮਾਲੇ ਕੋ ਨਾਹੀ ਖਾਲੀ ।
ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ ।
(ਮਾਝ ਮ:3)[7]

ਉਪਰੋਕਤ ਰੂਪਕ ਇਕ ਪਾਸੇ ਜਗਤ ਅਤੇ ਉਸਦੇ ਰਚਨਹਾਰ ਬਾਰੇ ਗਿਆਨ ਕਰਾਉਂਦਾ ਹੈ ਅਤੇ ਦੂਜੇ ਪਾਸੇ ਇਹ ਬਾਗ਼ ਅਤੇ ਬਾਗ਼ ਦੇ ਮਾਲੀ ਨਾਲ ਸਾਡੀ ਸਾਂਝ ਪਾਉਂਦਾ ਹੈ। ਤੀਸਰਾ ਪੱਖ ਇਹ ਭੀ ਹੈ, ਕਿ ਬਾਗ਼, ਮਾਲੀ, ਜਗਤ ਅਤੇ ਜਗਤ ਦੇ ਰਚਨਹਾਰ ਬਾਰੇ ਗੁਰੂ ਅਮਰਦਾਸ ਦਾ ਨਿੱਜੀ-ਅਨੁਭਵ ਭੀ ਇਸੇ ਰੂਪਕ ਦੁਆਰਾ ਪਰਗਟ ਹੋਇਆ ਹੈ। ਇਸਲਈ ਇਸ ਰੂਪਕ ਦੀ ਜੀਵਨ ਨਾਲ ਤਿੰਨ-ਪੱਖੀ ਸਾਂਝ ਹੈ।

ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ ਵੰਨ-ਸੁਵੰਨੇ ਅਲੰਕਾਰਾਂ ਦਾ ਬਿਉਰਾ ਬਣਾਉਣ ਉਪਰੰਤ

---

1. ਆਦਿ-ਗ੍ਰੰਥ..................ਪੰਨਾ 1415
2. ਆਦਿ-ਗ੍ਰੰਥ..................ਪੰਨਾ 1279
3. ਆਦਿ-ਗ੍ਰੰਥ..................ਪੰਨਾ 1173
4. ਆਦਿ-ਗ੍ਰੰਥ..................ਪੰਨਾ 70
5. ਆਦਿ-ਗ੍ਰੰਥ..................ਪੰਨਾ 114

6. C.Day Lewis- The Poetic Image- [illegible].

7. ਆਦਿ-ਗ੍ਰੰਥ..................ਪੰਨਾ 118

ਇਹੋ ਸਿੱਧ ਹੋਇਆ ਹੈ, ਕਿ ਉਨ੍ਹਾਂ ਦੀ ਕਵਿਤਾ ਵਿੱਚ ਬਾਕੀ ਅਲੰਕਾਰ ਦੇ ਟਾਕਰੇ ਵਿੱਚ ਰੂਪਕਾਂ ਦਾ ਪ੍ਰਯੋਗ ਸਭ ਤੋਂ ਵਧੀਕ ਹੋਇਆ ਹੈ। ਇਨ੍ਹਾਂ ਰੂਪਕਾਂ ਦੀ ਵਿਸ਼ੇਸ਼ਤਾ ਭੀ ਪੰਜਾਬ ਦੇ ਘਰੋਗੀ-ਜੀਵਨ ਜਾਂ ਪ੍ਰਕ੍ਰਿਤਕ ਆਲੇ-ਦੁਆਲੇ ਵਿੱਚੋਂ ਵੰਨ-ਸੁਵੰਨੇ ਰੰਗ ਢੂੰਡਣਾ ਹੈ।

ਜਿੱਥੋਂ ਤਕ ਰੂਪਕਾਂ ਨਾਲ ਸੰਬੰਧਤ ਭਾਵਾਂ ਦਾ ਸੰਬੰਧ ਹੈ, ਉਨ੍ਹਾਂ ਨੂੰ ਗੁਰੂ ਅਮਰਦਾਸ ਦੀ ਸਮੁੱਚੀ-ਵਿਚਾਰਧਾਰਾ ਨਾਲੋਂ ਅੱਡ ਨਹੀਂ ਕੀਤਾ ਜਾ ਸਕਦਾ। ਕਾਫੀ ਹੱਦ ਤਕ ਗੁਰੂ ਅਮਰਦਾਸ ਦੀ ਕਵਿਤਾ ਵਿਚਲੇ ਪ੍ਰਤੀਕ ਅਤੇ ਰੂਪਕ ਆਪਣੇ ਭਾਵਾਂ ਦੇ ਪੱਖ ਤੋਂ ਇਕ ਦੂਜੇ ਨਾਲ ਮਿਲਦੇ-ਜੁਲਦੇ ਹਨ। ਉਂਜ ਭੀ ਇਕ ਪ੍ਰਤੀਕ ਅਤੇ ਇਕ ਰੂਪਕ ਵਿੱਚ ਸੂਖਮ ਜਿਹਾ ਹੀ ਅੰਤਰ ਹੁੰਦਾ ਹੈ। ਰੂਪਕ ਵਿੱਚ ਉਪਮੇਯ ਅਤੇ ਉਪਮਾਨ ਆਮ ਕਰਕੇ ਦੋਵੇਂ ਵਿਖਾਈ ਦਿੰਦੇ ਹਨ। ਜੇਕਰ ਉਪਮੇਯ( ਜਿਸਦੀ ਉਪਮਾ ਕੀਤੀ ਜਾਵੇ) ਪਰਗਟ ਦੀ ਥਾਂ ਅਪਰਗਟ ਜਾਂ ਗੁਪਤ ਭੀ ਹੋਵੇ, ਤਾਂ ਭੀ ਉਹ ਜਲਦੀ ਢੂੰਡਿਆ ਜਾ ਸਕਦਾ ਹੈ, ਪਰ ਪ੍ਰਤੀਕ ਵਿੱਚ ਉਪਮਾਨ( ਜਿਸ ਨਾਲ ਉਪਮਾ ਕੀਤੀ ਜਾਵੇ) ਹੀ ਪ੍ਰਧਾਨ ਹੁੰਦਾ ਹੈ ਅਤੇ ਉਪਮੇਯ ਬਾਰੇ ਪਾਠਕ ਜਾਂ ਸਰੋਤੇ ਨੂੰ ਆਪਣੀ ਕਲਪਨਾ-ਸ਼ਕਤੀ ਦੁਆਰਾ ਆਪ ਖੋਜ ਕਰਨੀ ਪੈਂਦੀ ਹੈ। ਪ੍ਰਤੀਕ ਦਾ ਸਭ ਤੋਂ ਵੱਡਾ ਗੁਣ ਉਸਦਾ ਸੁਝਾਊਪੁਣਾ ਹੈ। ਬੇਸ਼ਕ ਗੁਰੂ ਅਮਰਦਾਸ ਦੀ ਬਾਣੀ ਵਿਚਲੇ ਪ੍ਰਤੀਕ ਭੀ ਆਧੁਨਿਕ-ਯੁੱਗ ਦੇ ਕਈ ਪ੍ਰਯੋਗਵਾਦੀ-ਕਵੀਆਂ ਦੁਆਰਾ ਰਚੇ ਗਏ ਪ੍ਰਤੀਕਾਂ ਦੇ ਟਾਕਰੇ ਵਿੱਚ ਜਲਦੀ ਸਮਝ ਵਿੱਚ ਆ ਜਾਣ ਵਾਲੇ ਹਨ, ਪਰ ਰੂਪਕਾਂ ਦੇ ਟਾਕਰੇ ਵਿੱਚ ਉਨ੍ਹਾਂ ਦੇ ਪ੍ਰਤੀਕ ਫੇਰ ਭੀ ਵਧੇਰੇ ਸੁਝਾਊ ਹਨ ਅਤੇ ਪਾਠਕਾਂ ਨੂੰ ਸੋਚਣ ਲਈ ਜ਼ਿਆਦਾ ਮਜਬੂਰ ਕਰਦੇ ਹਨ। ਇਸਦੇ ਉਲਟ ਰੂਪਕਾਂ ਦੁਆਰਾ ਕਵਿਤਾ ਦੇ ਅਰਥ ਜਲਦੀ ਸਪਸ਼ਟ ਹੋ ਜਾਂਦੇ ਹਨ, ਜਿਵੇਂ ਹੇਠ ਲਿਖੇ ਰੂਪਕਾਂ ਤੋਂ ਸਾਫ਼ ਪਰਗਟ ਹੈ:-

(1) ਮਾਇਆ ਸਰੁ ਸਬਲੁ ਵਰਤੈ ਜੀਉ ਕਿਉਕਰ ਤਰਿਆ ਜਾਇ ।
ਰਾਮਨਾਮੁ ਕਰ ਬੋਹਿਥਾ ਜੀਉ ਸਬਦੁ ਖੇਵਟੁ ਵਿਚਿ ਪਾਇ ।
(ਗਉੜੀ ਮ: 3)[1]

(2) ਜਮ ਜਾਗਾਤੀ ਦੂਜੇ ਭਾਇ ਕਰੁ ਲਾਇ ।
(ਮਾਝ ਮ:3)[2]

(3) ਗੁਰ ਪਉੜੀ ਸਬਦੁ ਉਚਾ ਹੋਇ ।.....(ਆਸਾ ਮ:3)[3]

(4) ਕੂੜਿ ਕੀ ਪਾਲਿ ਵਿਚਹੁ ਨਿਕਲੈ ਤਾ ਸਦਾ ਸੁਖੁ ਹੋਇ ।
(ਗੂਜਰੀ ਮ:3)[4]

(5) ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ।
ਪਥਰ ਪਾਪ ਲਦਿਆ ਕਿਉ ਤਰੀਐ ਤਾਰੀ ।
(ਗੂਜਰੀ ਮ:3)[5]

(6) ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤਸਰਿ ਨਾਤਾ ।
(ਗੂਜਰੀ ਮ:3)[6]

---

1. ਆਦਿ-ਗ੍ਰੰਥ..................ਪੰਨਾ 245
2. ਆਦਿ-ਗ੍ਰੰਥ..................ਪੰਨਾ 127
3. ਆਦਿ-ਗ੍ਰੰਥ..................ਪੰਨਾ 363
4. ਆਦਿ-ਗ੍ਰੰਥ..................ਪੰਨਾ 490
5. ਆਦਿ-ਗ੍ਰੰਥ..................ਪੰਨਾ 509
6. ਆਦਿ-ਗ੍ਰੰਥ..................ਪੰਨਾ 510

(7) ਜਗ ਕਊਆ ਮੁਖਿ ਚੁੰਚ ਗਿਆਨੁ । .......... (ਬਿਲਾਵਲ ਮ:3)[1]

(8) ਕਾਮ ਕ੍ਰੋਧ ਕਾ ਚੋਲੜਾ.................... (ਸਲੋਕ ਵਾਰਾਂ ਤੋਂ ਵਧੀਕ)[2]

(9) ਮਾਇਆਧਾਰੀ ਅਤਿ ਅੰਨਾ ਬੋਲਾ ।...... (ਵਾਰ ਗਉੜੀ ਮ:4 ਸਲੋਕ ਮ:3)[3]

(10) ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ।
ਅੰਤਰਿ ਚਾਨਣੁ ਅਗਿਆਨ ਅੰਧੇਰੁ ਗਵਾਇਆ ।.(ਮਾਝ ਮ:3)[4]

(11) ਹਰਿ ਕਾ ਨਾਮ ਸਦਾ ਸੁਖ ਸਾਗਰੁ.... (ਵਡਹੰਸ ਮ:3)[5]

(12) ਮਨਮੁਖ ਮਾਇਆ ਮੋਹੁ ਗੁਬਾਰੁ ਹੈ.... (ਵਡਹੰਸ ਮ:3)[6]

(13) ਗੁਰ ਕਾ ਸਬਦੁ ਅੰਮ੍ਰਿਤੁ ਹੈ.......... (ਸਿਰੀ ਰਾਗੁ ਮ:3)[7]

(14) ਸਬਦੁ ਦੀਪਕੁ ਵਰਤੈ ਤਿਹੁ ਲੋਇ...... (ਧਨਾਸਰੀ ਮ:3)[8]

(15) ਮਨ ਤੂੰ ਜੋਤਿ ਸਰੂਪੁ ਹੈ................ (ਆਸਾ ਮ:3)[9]

(16) ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ।
(ਰਾਮਕਲੀ ਮ:3 ਅਨੰਦੁ)[10]

(17) ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ।
(ਰਾਮਕਲੀ ਕੀ ਵਾਰ ਮ:3)[11]

(18) ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ ।
(ਰਾਮਕਲੀ ਕੀ ਵਾਰ ਮ:3)[11]

(19) ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ ।
(ਮਾਰੂ ਮ:3)[12]

(20) ਸਚਾ ਚਉਕਾ ਸੁਰਤਿ ਕੀ ਕਾਰਾ। ਹਰਿਨਾਮੁ ਭੋਜਨੁ ਸਚੁ ਆਧਾਰਾ ।
(ਮਾਰੂ ਮ:3)[13]

(21) ਗਰੜੁ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ ।
(ਮਲਾਰ ਮ:3)[14]

(22) ਹਰਿਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ।
(ਪ੍ਰਭਾਤੀ ਮ:3)[15]

(23) ਗਿਆਨ ਖੜਗੁ ਪੰਚ ਦੂਤ ਸੰਘਾਰੇ...... (ਸਲੋਕ ਵਾਰਾਂ ਤੋਂ ਵਧੀਕ)[16]

(34) ਹਰਿ ਰਾਸਿ ਮੇਰੀ ਮਨੁ ਵਣਜਾਰਾ ।.. (ਰਾਮਕਲੀ ਮ:3 ਅਨੰਦੁ)[17]

ਜਿੱਥੋਂ ਤਕ ਦ੍ਰਿਸ਼ਟਾਂਤ ਅਲੰਕਾਰ ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਬਾਣੀ ਵਿੱਚ ਇਸ ਦੀਆਂ ਭੀ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ। ਦ੍ਰਿਸ਼ਟਾਂਤ ਦੀ ਰੁਚੀ ਗੁਰਦੇਵ ਦੀ ਬਜ਼ੁਰਗੀ ਅਤੇ ਵਿਸ਼ਾਲ ਜੀਵਨ-ਤਜਰਬੇ ਦੀ ਲਖਾਇਕ ਹੈ। ਇਨ੍ਹਾਂ ਦ੍ਰਿਸ਼ਟਾਂਤਾਂ ਰਾਹੀਂ ਗੁਰੂ ਅਮਰਦਾਸ ਨੇ ਦਿਸਦੇ ਅਤੇ ਅਣਦਿਸਦੇ ਜੀਵਨ ਦੇ ਕਈ ਗੁੱਝੇ-ਭੇਤ ਖੋਲ੍ਹੇ ਹਨ। ਹੇਠ ਲਿਖੇ ਦ੍ਰਿਸ਼ਟਾਂਤ ਵਿਸ਼ੇਸ਼ ਕਰ ਕੇ ਮਾਇਆ ਦੇ

---

1. ਆਦਿ-ਗ੍ਰੰਥ..............ਪੰਨਾ 832
2. ਆਦਿ-ਗ੍ਰੰਥ..............ਪੰਨਾ 1414
3. ਆਦਿ-ਗ੍ਰੰਥ..............ਪੰਨਾ 312
4. ਆਦਿ-ਗ੍ਰੰਥ..............ਪੰਨਾ 124
5. ਆਦਿ-ਗ੍ਰੰਥ..............ਪੰਨਾ 565
6. ਆਦਿ-ਗ੍ਰੰਥ..............ਪੰਨਾ 559
7. ਆਦਿ-ਗ੍ਰੰਥ..............ਪੰਨਾ 35
8. ਆਦਿ-ਗ੍ਰੰਥ..............ਪੰਨਾ 664
9. ਆਦਿ-ਗ੍ਰੰਥ..............ਪੰਨਾ 441
10. ਆਦਿ-ਗ੍ਰੰਥ................ਪੰਨਾ 920
11. ਆਦਿ-ਗ੍ਰੰਥ................ਪੰਨਾ 947
12. ਆਦਿ-ਗ੍ਰੰਥ................ਪੰਨਾ 1048
13. ਆਦਿ-ਗ੍ਰੰਥ.... ............ਪੰਨਾ 1048
14. ਆਦਿ-ਗ੍ਰੰਥ................ਪੰਨਾ 1260
15. ਆਦਿ-ਗ੍ਰੰਥ................ਪੰਨਾ 1346
16. ਆਦਿ-ਗ੍ਰੰਥ................ਪੰਨਾ 1414
17. ਆਦਿ-ਗ੍ਰੰਥ................ਪੰਨਾ 921

ਛਿੰਨ-ਭੰਗਰੇ ਸਰੂਪ, ਮਾਇਆ ਵਿੱਚ ਖਚਤ ਮਨੁੱਖਾਂ, ਉਨ੍ਹਾਂ ਦੇ ਦੁੱਖਾਂ, ਕਸ਼ਟਾਂ ਅਤੇ ਜੰਜਾਲਾਂ ਦੀਆਂ ਤਸਵੀਰਾਂ ਪੇਸ਼ ਕਰਨ ਤੋਂ ਛੁਟ ਗੁਰਮੁਖਾਂ ਦੀ ਰਹਿਣੀ ਅਤੇ ਭੈ-ਭਾਵਨਿ-ਭਗਤੀ ਦੇ ਅਨੂਪਮ-ਚਿਤ੍ਰ ਭੀ ਉਲੀਕਦੇ ਹਨ, ਜਿਵੇਂ:-

(ੳ) ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ।
(ਰਾਮਕਲੀ ਮ:3 ਅਨੰਦੁ)[1]

(ਅ) ਜਿਉ ਜਲ ਉਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ ।
ਜਿਸਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ ।
(ਮਲਾਰ ਮ:3)[2]

(ੲ) ਦੂਜੈ ਲਗੇ ਪਚਿ ਮੁਏ ਮੂਰਖ ਅੰਧ ਗਵਾਰ ।
ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ ।
(ਸਿਰੀ ਰਾਗੁ ਮ:3)[3]

(ਸ) ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ ।
ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ।
(ਮਾਝ ਮ:3)[4]

(ਹ) ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ।
ਜਿਉ ਛੁਟੜਿ ਘਰਿਘਰਿ ਫਿਰੈ ਦੁਹਚਾਰਣਿ ਬਦਨਾਉ ।
(ਸਲੋਕ ਵਾਰਾਂ ਤੋਂ ਵਧੀਕ)[5]

(ਕ) ਕਾਪੜ ਜਿਵੈ ਪਛੋੜੀਐ ਘੜੀ ਮੁਹਤ ਘੜੀਆਲੁ ।
ਨਾਨਕ ਸਚੇ ਨਾਮ ਵਿਣੁ ਸਿਰਹੁ ਨ ਚੁਕੈ ਜੰਜਾਲੁ ।
(ਮਾਰੂ ਕੀ ਵਾਰ ਮ:3)[6]

(ਖ) ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ।
ਨਾਨਕ ਜਮਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ ।
(ਵਾਰ ਸਾਰੰਗ ਮ:4 ਸਲੋਕ ਮ:3)[7]

ਮਨਮੁਖ ਦੇ ਮੈਲੇ-ਮਨ ਅਤੇ ਦੁਰਮਤਿ ਨੂੰ ਦੂਰ ਕਰਨ ਲਈ ਉਪਾਓ ਭੀ ਇਕ ਸੁੰਦਰ ਦ੍ਰਿਸ਼ਟਾਂਤ ਦੁਆਰਾ ਹੀ ਦੱਸਿਆ ਹੈ:-

ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ।
(ਰਾਮਕਲੀ ਕੀ ਵਾਰ ਮ:3)[8]

ਇਸੇ ਤਰ੍ਹਾਂ ਗੁਰਮੁਖਾਂ ਦੀ ਰਹਿਣੀ-ਬਹਿਣੀ ਅਤੇ ਭਗਤਾਂ ਦੇ ਪ੍ਰਭੂ-ਪਿਆਰ ਦੀਆਂ ਦੋ ਮਿਸਾਲਾਂ ਵਰਣਨ-ਯੋਗ ਹਨ:

(ੳ) ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ ।
ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ ।
(ਵਾਰ ਮਲਾਰ ਮ:1 ਸਲੋਕ ਮ:3)[9]

---

1. ਆਦਿ-ਗ੍ਰੰਥ..................ਪੰਨਾ 921
2. ਆਦਿ-ਗ੍ਰੰਥ..................ਪੰਨਾ 1258
3. ਆਦਿ-ਗ੍ਰੰਥ..................ਪੰਨਾ 85
4. ਆਦਿ-ਗ੍ਰੰਥ..................ਪੰਨਾ 125
5. ਆਦਿ-ਗ੍ਰੰਥ..................ਪੰਨਾ 645
6. ਆਦਿ-ਗ੍ਰੰਥ..................ਪੰਨਾ 1088 (1083)
7. ਆਦਿ-ਗ੍ਰੰਥ..................ਪੰਨਾ 1247
8. ਆਦਿ-ਗ੍ਰੰਥ..................ਪੰਨਾ 950
9. ਆਦਿ-ਗ੍ਰੰਥ..................ਪੰਨਾ 1279

(ਅ) **ਜਿਉ ਪੁਰਖੈ** ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ ।
ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ ।
ਤਿਉ ਬਾਣੀ ਭਗਤ ਸਲਾਹਦੇ ਹਰਿਨਾਮੈ ਚਿਤੁ ਲਾਇ ।
ਮਨੁ ਤਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ ।
ਭੈ ਭਗਤੀ ਭਗਤ ਬਹੁ ਲੋਚਦੇ ਪ੍ਰਭੁ ਲੋਚਾ ਪੂਰਿ ਮਿਲਾਇ ।
(ਸ਼ਲੋਕ ਵਾਰਾਂ ਤੋਂ ਵਧੀਕ)[1]

ਕਈ ਵਾਰ ਵਿਚਾਰ ਨੂੰ ਸਪਸ਼ਟ ਕਰਨ ਲਈ ਦ੍ਰਿਸ਼ਟਾਂਤ ਨੂੰ ਲਮਕਾਇਆ ਵੀ ਗਿਆ ਹੈ, ਜਿਵੇਂ:-

ਜਿਉ ਤਨੁ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ ।
ਜੀਉ ਵੰਞੈ ਚਉਖੰਨੀਐ ਸਚੇ ਸੰਦੜੈ ਨੇਹਿ ।
ਨਾਨਕ ਮੇਲੁ ਨ ਚੁਕਈ ਰਾਤੀ ਅਤੈ ਡੇਹਿ ।
(ਵਾਰ ਸੋਰਠ ਮ:4 ਸ਼ਲੋਕ ਮ:3)[2]

## ਕੁਝ ਹੋਰ ਅਲੰਕਾਰ

(1) ਅਨੁਪ੍ਰਾਸ ਅਲੰਕਾਰ:-

ਅਨੁਪ੍ਰਾਸ ਇਕ ਵਿਸ਼ੇਸ਼ ਸ਼ਬਦ-ਅਲੰਕਾਰ ਹੈ। ਬੇਸ਼ਕ ਇਸਦੇ ਕਈ ਹੋਰ ਰੂਪ ਵੀ ਹਨ, ਪਰ ਆਮ ਕਰਕੇ ਕਿਸੇ ਤੁਕ ਵਿੱਚ ਆਦਿ-ਵਿਅੰਜਨਾਂ (ਛੇਕ-ਅਨੁਪ੍ਰਾਸ) ਜਾਂ ਅੰਤ-ਵਿਅੰਜਨਾਂ (ਵ੍ਰਿਤ-ਅਨੁਪ੍ਰਾਸ) ਦੀ ਸਮਾਨਤਾ ਕਾਰਨ ਇਸਦਾ ਜਨਮ ਹੁੰਦਾ ਹੈ, ਜਿਵੇਂ ਗੁਰੂ ਅਮਰਦਾਸ ਦੀ ਬਾਣੀ ਵਿੱਚ:-

(ੳ) ਮਾਇਆ ਮਮਤਾ ਮੋਹਣੀ ........... (ਗੂਜਰੀ ਕੀ ਵਾਰ ਮ:3)[3]
(ਅ) ਭੈਭੰਜਨੁ ਅਤਿ ਪਾਪ ਨਿਖੰਜਨੁ ............. (ਰਾਮਕਲੀ ਮ:3)[4]
(ੲ) ਕਾਇਆ ਨਗਰੁ ਢਹੈ ਢਹਿ ਢੇਰੀ............. (ਮਾਰੂ ਮ:3)[5]
(ਸ) ਗਹਿਰ ਗੰਭੀਰੁ ਗੁਣੀ ਗਹੀਰੁ ............... (ਸਾਰੰਗ ਮ:3)[6]
(ਹ) ਮਨੁ ਮੈਮਤੁ ਮੈਗਲ ਮਿਕਦਾਰਾ............... (ਗਉੜੀ ਗੁਆਰੇਰੀ ਮ:3)[7]
(ਕ) ਸਾਵਣਿ ਸਰਸੀ ਕਾਮਣੀ .................. (ਵਾਰ ਮਲਾਰ ਮ:1 ਸ਼ਲੋਕ ਮ:3)[8]
(ਖ) ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ ।
(ਮਲਾਰ ਮ:3)[9]

ਜਿਵੇਂ ਗੁਰੂ ਅਮਰਦਾਸ ਦੀਆਂ ਉਪ**ਰੋਕਤ** ਤੁਕਾਂ ਤੋਂ ਪਰਗਟ ਹੈ, ਉਨ੍ਹਾਂ ਕਵਿਤਾ ਵਿੱਚ ਅਨੁਪ੍ਰਾਸ ਉਪਜਾਉਣ ਲਈ ਕਿਸੇ ਉਚੇਚ ਤੋਂ ਕੰਮ ਨਹੀਂ ਲਿਆ ਜਾਪਦਾ, ਸਗੋਂ ਸਹਿਜ-ਸੁਭਾ ਕਈ **ਥਾਈਂ** ਇਹ ਰੰਗ ਉਘੜ ਆਇਆ ਹੈ। ਇਸੇ ਕਰਕੇ ਗੁਰੂ ਅਮਰਦਾਸ ਦਾ ਕਾਵਿ-ਅਨੁਭਵ ਅਲੰਕਾਰਾਂ ਦੇ ਮਸਨੂਈ-ਰੰਗ ਤੇ ਮਸਨੂਈ-ਰੂਪ ਦਾ ਬੋਝਲ ਨਹੀਂ ਬਣਿਆ, ਸਗੋਂ ਉਨ੍ਹਾਂ ਉਤੇ ਹਾਵੀ ਹੈ।

(2) ਯਮਕ ਅਲੰਕਾਰ:-

ਜਦੋਂ ਇਕ ਸ਼ਬਦ ਅਨੇਕ ਵਾਰ ਆਏ, ਪਰ ਉਸਦਾ ਅਰਥ ਭਿੰਨ ਹੋਵੇ, ਤਾਂ ਉਸ ਥਾਂ ਯਮਕ ਅਲੰਕਾਰ

---

1. ਆਦਿ-ਗ੍ਰੰਥ.............ਪੰਨਾ 1413
2. ਆਦਿ-ਗ੍ਰੰਥ.............ਪੰਨਾ 644
3. ਆਦਿ-ਗ੍ਰੰਥ..............ਪੰਨਾ 514
4. ਆਦਿ-ਗ੍ਰੰਥ..............ਪੰਨਾ 910
5. ਆਦਿ-ਗ੍ਰੰਥ..............ਪੰਨਾ 1052
6. ਆਦਿ-ਗ੍ਰੰਥ.......ਪੰਨਾ....1234
7. ਆਦਿ-ਗ੍ਰੰਥ.......ਪੰਨਾ ...159
8. ਆਦਿ-ਗ੍ਰੰਥ.......ਪੰਨਾ ...1285
9. ਆਦਿ-ਗ੍ਰੰਥ........ਪੰਨਾ....1261

ਆਖਿਆ ਜਾਂਦਾ ਹੈ, ਜਿਵੇਂ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ ਘਰ ਅਤੇ ਆਤਮਾ ਦਾ ਪ੍ਰਯੋਗ :-

(ੳ) ਘਰੈ ਅੰਦਰਿ ਕੋ ਘਰੁ ਪਾਇ ।........ (ਮਾਰੂ ਮ:3)[1]

(ਅ) ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ.... (ਸਿਰੀ ਰਾਗੁ ਮ:3)[2]

(3) ਉਲਾਸ ਅਲੰਕਾਰ :-

ਉਲਾਸ ਦਾ ਅਰਥ ਹੈ ਪ੍ਰਕਾਸ਼ ਜਾਂ ਚਮਕ। ਇਹ ਅਲੰਕਾਰ ਉਸ **ਸਮੇਂ** ਉਜਾਗਰ ਹੁੰਦਾ **ਹੈ**, ਜਦੋਂ ਕਿਸੇ ਦੇ ਗੁਣ ਅਥਵਾ ਦੋਸ਼ ਤੋਂ ਦੂਸਰੇ ਦੇ ਗੁਣ ਅਥਵਾ ਦੋਸ਼ ਦਾ ਹੋਣਾ ਵਿਖਾਇਆ ਜਾਵੇ। ਇਸ ਅਲੰਕਾਰ ਦੇ ਚਾਰ ਭੇਦ ਹਨ, ਜਿਵੇਂ ਗੁਰੂ ਅਮਰਦਾਸ ਦੀ ਬਾਣੀ ਵਿੱਚ:-

(ੳ) ਗੁਣ ਤੋਂ ਗੁਣ

ਮੁਕਤੇ ਸੇਵੇ ਮੁਕਤਾ ਹੋਵੈ ।.................... (ਮਾਝ ਮ:3)[3]

(ਅ) ਦੋਸ਼ ਤੋਂ ਦੋਸ਼

ਮਨ ਵਿਕਾਰੀ ਵੇੜਿਆ ਵਿਕਾਰਾ ਕਰਮ ਕਮਾਇ ।

(ਸਿਰੀ ਰਾਗੁ ਮ:3)[4]

(ੲ) ਗੁਣ ਤੋਂ ਦੋਸ਼

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ।

(ਵਾਰ ਵਡਹੰਸ ਮ:4 ਸਲੋਕ ਮ:3)[5]

(ਸ) ਦੋਸ਼ ਤੋਂ ਗੁਣ

ਭੈ ਬਿਨੁ ਕਿਉ ਨਿਰਭਉ ਸਚੁ ਪਾਈਐ .... (ਮਾਰੂ ਮ:3)[6]

(4) ਪ੍ਰਮਾਣ ਅਲੰਕਾਰ:-

ਪ੍ਰਮਾਣ ਨੂੰ ਯਥਾਰਥ-ਗਿਆਨ ਦਾ ਕਾਰਨ ਜਾਂ ਸਬੂਤ ਭੀ ਆਖਿਆ ਜਾਂਦਾ ਹੈ। ਅਲੰਕਾਰ-ਸ਼ਾਸਤਰ ਅਨੁਸਾਰ ਇਸਦੇ ਅੱਠ ਭੇਦ ਹਨ, ਪਰ ਹਰ ਕਵੀ ਦੀ ਕਵਿਤਾ ਵਿੱਚ ਸਾਰੇ ਰੂਪ ਬਿਨਾ ਕੋਸ਼ਿਸ਼ ਤੋਂ ਨਹੀਂ ਉਪਜਾਏ ਜਾ ਸਕਦੇ। ਜਿਵੇਂ ਪਿੱਛੇ ਦੱਸਿਆ ਗਿਆ ਹੈ, ਗੁਰੂ ਅਮਰਦਾਸ ਵਰਗੇ ਕਵੀ ਅਲੰਕਾਰਾਂ ਦੀ ਪ੍ਰਦਰਸ਼ਨੀ ਲਈ ਕਵਿਤਾ ਨਹੀਂ ਰਚਦੇ, ਸੋ ਉਨ੍ਹਾਂ ਦੀ ਕਵਿਤਾ ਵਿੱਚੋਂ ਪ੍ਰਮਾਣ ਆਦਿਕ ਅਲੰਕਾਰਾਂ ਦੀਆਂ ਸਾਰੀਆਂ ਕਿਸਮਾਂ ਢੂੰਡਣ ਦੀ ਗੁੰਜਾਇਸ਼ ਨਹੀਂ । ਵੈਸੇ ਗੁਰਬਾਣੀ ਦੇ ਅਨੇਕਾਂ ਵਾਕਾਂ ਵਾਂਗ ਗੁਰੂ ਅਮਰਦਾਸ ਦੀਆਂ ਬੇਸ਼ੁਮਾਰ ਤੁਕਾਂ ਭੀ ਯਥਾਰਥ-ਗਿਆਨ ਦਾ ਸਜੀਵ-ਪ੍ਰਮਾਣ ਬਣ ਚੁੱਕੀਆਂ ਹਨ। ਇਹ ਚਾਰ ਤੁਕਾਂ ਹਾਜ਼ਰ ਹਨ :-

(ੳ) ਕਾਗਦੁ ਹੋਇ ਨ ਉਜਲਾ ਲੋਹੇ ਨਾਵ ਨ ਪਾਰੁ ।...(ਮਾਰੂ ਕੀ ਵਾਰ ਮ:3)[7]

(ਅ) ਊਂਧੈ ਭਾਂਡੈ ਟਿਕੈ ਨ ਕੋਇ ......................... (ਗਉੜੀ ਗੁਆਰੇਰੀ ਮ:3)[8]

(ੲ) ਬਿਨੁ ਰਾਸੀ ਕੋ ਵਥੁ ਕਿਉ ਪਾਏ ।...............(ਮਾਝ ਮ:3)[9]

(ਸ) ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ ।...(ਗੂਜਰੀ ਕੀ ਵਾਰ ਮ:3)[10]

---

1. ਆਦਿ-ਗ੍ਰੰਥ..............ਪੰਨਾ 1068
2. ਆਦਿ-ਗ੍ਰੰਥ..............ਪੰਨਾ 87
3. ਆਦਿ-ਗ੍ਰੰਥ..............ਪੰਨਾ 116
4. ਆਦਿ-ਗ੍ਰੰਥ..............ਪੰਨਾ 88
5. ਆਦਿ-ਗ੍ਰੰਥ..............ਪੰਨਾ 594
6. ਆਦਿ-ਗ੍ਰੰਥ.........................ਪੰਨਾ 1054
7. ਆਦਿ-ਗ੍ਰੰਥ.........................ਪੰਨਾ 1089
8. ਆਦਿ-ਗ੍ਰੰਥ.........................ਪੰਨਾ 158
9. ਆਦਿ-ਗ੍ਰੰਥ.........................ਪੰਨਾ 117
10. ਆਦਿ-ਗ੍ਰੰਥ.........................ਪੰਨਾ 517

(5) ਲੋਕੋਕਤੀ:-

ਲੋਕੋਕਤੀ ਤੋਂ ਭਾਵ ਲੋਕਾਂ ਦੇ ਮੂੰਹ ਚੜ੍ਹੀ ਅਖੌਤ ਜਾਂ ਕਹਾਵਤ ਹੈ। ਕਿਉਂਕਿ ਪੰਦਰ੍ਹਵੀਂ-ਸੋਲ੍ਹਵੀਂ ਸਦੀ ਦੀ ਪੰਜਾਬੀ ਦਾ ਕੋਈ ਵਿਆਕਰਣ ਨਹੀਂ ਮਿਲਦਾ, ਇਸਲਈ ਇਹ ਆਖਣਾ ਮੁਸ਼ਕਿਲ ਹੈ, ਕਿ ਗੁਰਬਾਣੀ ਵਿੱਚ ਸ਼ਾਮਿਲ ਲੋਕੋਕਤੀਆਂ ਗੁਰੂ ਅਮਰਦਾਸ ਅਤੇ ਦੂਸਰੇ ਮਹਾਨ ਪੰਜਾਬੀ ਕਵੀਆਂ ਦੁਆਰਾ ਪ੍ਰਚਲਤ ਹੋਈਆਂ ਜਾਂ ਉਨ੍ਹਾਂ ਤੋਂ ਪਹਿਲਾਂ ਹੀ ਉਹ ਪੰਜਾਬ ਵਿੱਚ ਲੋਕ-ਪ੍ਰਿਯ ਸਨ। ਵੈਸੇ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੀ ਬਾਣੀ ਵਿੱਚ ਕਈ ਅਖਾਣਾਂ ਦੀ ਸਾਂਝ ਇਸ ਗੱਲ ਵਲ ਸੰਕੇਤ ਜ਼ਰੂਰ ਕਰਦੀ ਹੈ, ਕਿ ਸੰਬੰਧਤ ਕਹਾਵਤਾਂ ਲੋਕ-ਪ੍ਰਿਯ ਸਨ, ਜਿਵੇਂ:-

(ੳ) ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ।(ਸਿਰੀ ਰਾਗੁ ਮ:3)[1]
(ਅ) ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ ਕਾਉ । (ਸਿਰੀ ਰਾਗੁ ਮ:3)[2]

(6) ਕਾਵਿਲਿੰਗ ਅਲੰਕਾਰ:-

ਦਲੀਲ ਅਨੁਸਾਰ ਅਰਥ ਦੀ ਪੁਸ਼ਟੀ ਕਰਨ ਸਮੇਂ ਕਾਵਿਲਿੰਗ ਅਲੰਕਾਰ ਉਜਾਗਰ ਹੁੰਦਾ ਹੈ, ਜਿਵੇਂ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ:-

(ੳ) ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ।
(ਸੂਹੀ ਕੀ ਵਾਰ ਮ:3)[3]

(ਅ) ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ।
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ।
(ਸੂਹੀ ਕੀ ਵਾਰ ਮ:3)[4]

(7) ਸ਼ਲੇਸ਼ ਅਲੰਕਾਰ:-

ਜਿਸ ਲਿਖਤ ਵਿੱਚ ਇਕ ਸ਼ਬਦ ਤੋਂ ਅਨੇਕ ਅਰਥ ਉਜਾਗਰ ਹੋਣ, ਉਸ ਥਾਂ ਸ਼ਲੇਸ਼ ਅਲੰਕਾਰ ਆਖਿਆ ਜਾਂਦਾ ਹੈ, ਜਿਵੇਂ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ:-

(ੳ) ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅਦਾਨ ।
(ਵਾਰ ਮਲਾਰ ਮ:1 ਸ਼ਲੋਕ ਮ:3)[5]

(ਅ) ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ ।
(ਸਿਰੀ ਰਾਗੁ ਮ:3)[6]

ਪਹਿਲੀ ਤੁਕ ਵਿੱਚ ਜੀਅਦਾਨ ਦਾ ਅਰਥ ਪ੍ਰਾਣਦਾਨ ਤੋਂ ਛੁੱਟ ਜਲ-ਦਾਨ ਭੀ ਹੈ। ਇਸੇਤਰ੍ਹਾਂ ਦੂਜੀ ਤੁਕ ਵਿੱਚ ਨੀਂਦ ਅਤੇ ਰੈਣ ਤੋਂ ਭਾਵ ਕੇਵਲ ਨੀਂਦ ਜਾਂ ਰਾਤ ਨਹੀਂ, ਸਗੋਂ ਇਹ ਸ਼ਬਦ ਸੁਖ ਅਤੇ ਉਮਰ ਵਲ ਭੀ ਸੰਕੇਤ ਕਰਦੇ ਹਨ ।

---

1. ਆਦਿ-ਗ੍ਰੰਥ....................ਪੰਨਾ 34
2. ਆਦਿ-ਗ੍ਰੰਥ....................ਪੰਨਾ 30
3. ਆਦਿ-ਗ੍ਰੰਥ....................ਪੰਨਾ 787
4. ਆਦਿ-ਗ੍ਰੰਥ....................ਪੰਨਾ 788
5. ਆਦਿ-ਗ੍ਰੰਥ....................ਪੰਨਾ 1284
6. ਆਦਿ-ਗ੍ਰੰਥ....................ਪੰਨਾ 31

### (8) ਵਿਭਾਵਨਾ ਅਲੰਕਾਰ :-

ਜਦੋਂ ਕਾਰਨ ਦੇ ਨਾ ਹੋਣ ਤੇ ਹੀ ਕਾਰਜ ਦੀ ਉਤਪਤੀ ਵਿਖਾਈ ਜਾਵੇ, ਤਾਂ ਵਿਭਾਵਨਾ ਅਲੰਕਾਰ ਹੁੰਦਾ ਹੈ, ਜਿਵੇਂ:-

(ੳ) ਮਨਮੁਖ ਫਿਰਹਿ ਸਦਾ ਦੁਖ ਪਾਵਹਿ ਡੂਬਿ ਮੋਏ ਵਿਣੁ ਪਾਣੀ ।
(ਸੋਰਠ ਮ:3)[1]

(ਅ) ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ।
(ਵਾਰ ਸੋਰਠ ਮ:4 ਸ਼ਲੋਕ ਮ:3)[2]

(ੲ) ਬਿਨੁ ਤਕੜੀ ਤੋਲੈ ਸੰਸਾਰਾ ।................ (ਮਾਝ ਮ:3)[3]

### (9) ਗੂਢੋਕਤੀ ਅਲੰਕਾਰ :-

ਗੂਢੋਕਤੀ ਦਾ ਅਰਥ ਹੈ, ਗੁਪਤ ਕਥਨ ਅਰਥਾਤ ਕੋਈ ਗੱਲ ਆਖਣੀ ਕਿਸੇ ਹੋਰ ਪਰਥਾਇ, ਪਰ ਇਸ਼ਾਰਾ ਕਿਸੇ ਹੋਰ ਪਰਥਾਇ ਕਰਨਾ, ਜਿਵੇਂ ਹੇਠ ਲਿਖੀ ਤੁਕ ਵਿੱਚ "ਵਿਸਟਾ ਕਾ ਕੀੜਾ" ਮਨਮੁਖ ਦੀ ਨੀਚ-ਬਿਰਤੀ ਵਲ ਸੰਕੇਤ ਕਰਦਾ ਹੈ:-

ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ ।
(ਸਿਰੀ ਰਾਗੁ ਮ:3)[4]

### (10) ਅਤਦਗੁਣ ਅਲੰਕਾਰ :-

ਜਿਸ ਥਾਂ ਸੰਗਤ ਦਾ ਕੁਝ ਅਸਰ ਨਾ ਹੋਵੇ ਅਰਥਾਤ ਆਪਣਾ ਹੀ ਗੁਣ ਜਿਉਂ ਦਾ ਤਿਉਂ ਰਹੇ, ਐਸੇ ਕਥਨ ਵਿੱਚ ਅਤਦਗੁਣ ਅਲੰਕਾਰ ਆਖਿਆ ਜਾਂਦਾ ਹੈ। ਗੁਰੂ ਅਮਰਦਾਸ ਦੀ ਬਾਣੀ ਵਿੱਚ ਅਤਦਗੁਣ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ, ਜਿਵੇਂ:-

(ੳ) ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ ।...(ਸਿਰੀ ਰਾਗੁ ਮ:3)[5]
(ਅ) ਸਾਚਿ ਰਤੇ ਭਗਤ ਇਕਰੰਗੀ ਦੂਜਾ ਰੰਗੁ ਨ ਕੋਈ ।.......(ਸੂਹੀ ਮ:3)[6]
(ੲ) ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ
ਤਿਉ ਵਿਚੇ ਗਿਰਹ ਉਦਾਸੁ।................................(ਰਾਮਕਲੀ ਕੀ ਵਾਰ ਮ:3)[7]

### (11) ਸੁਭਾਵੋਕਤੀ ਅਲੰਕਾਰ :-

ਅਤਦਗੁਣ ਅਤੇ ਸੁਭਾਵੋਕਤੀ ਵਿੱਚ ਥੋੜ੍ਹਾ ਹੀ ਅੰਤਰ ਹੈ। ਪਹਿਲੇ ਵਿੱਚ ਨਿੱਜੀ-ਗੁਣ ਅਤੇ ਦੂਜੇ ਵਿੱਚ ਜਾਤਿ-ਸੁਭਾਵ ਨੂੰ ਅਬਦਲ ਵਿਖਾਇਆ ਜਾਂਦਾ ਹੈ, ਜਿਵੇਂ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ ਕਠੋਰ-ਚਿਤ ਦੀ ਕਠੋਰਤਾ ਅਤੇ ਸੱਪ ਦੀ ਜ਼ਹਿਰੀਲੀ-ਰੁਚੀ ਨੂੰ ਅਬਦਲ ਆਖਿਆ ਗਿਆ ਹੈ:-

ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ।
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ।
(ਸੂਹੀ ਮ:3)[8]

---

| | |
|---|---|
| 1. ਆਦਿ-ਗ੍ਰੰਥ................ਪੰਨਾ 602 | 5. ਆਦਿ-ਗ੍ਰੰਥ................ਪੰਨਾ 65 |
| 2. ਆਦਿ-ਗ੍ਰੰਥ................ਪੰਨਾ 643 | 6. ਆਦਿ-ਗ੍ਰੰਥ................ਪੰਨਾ 769 |
| 3. ਆਦਿ-ਗ੍ਰੰਥ................ਪੰਨਾ 110 | 7. ਆਦਿ-ਗ੍ਰੰਥ................ਪੰਨਾ 949 |
| 4. ਆਦਿ-ਗ੍ਰੰਥ................ਪੰਨਾ 28 | 8. ਆਦਿ-ਗ੍ਰੰਥ................ਪੰਨਾ 755 |

(12) <u>ਤਦਗੁਣ ਅਲੰਕਾਰ :-</u>

ਅਤਦਗੁਣ ਦੇ ਉਲਟ ਤਦਗੁਣ ਅਲੰਕਾਰ ਉਸ ਸਮੇਂ ਹੁੰਦਾ ਹੈ, ਜਦੋਂ ਆਪਣਾ ਗੁਣ ਛੱਡ ਕੇ ਸੰਗਤ ਦਾ ਗੁਣ ਧਾਰਨ ਕੀਤਾ ਜਾਵੇ, ਜਿਵੇਂ:-

ਜੋ ਨਿਰਮਲ ਸੇਵੇ ਸੋ ਨਿਰਮਲੁ ਹੋਵੈ ।..............(ਮਾਝ ਮ:3)[1]

(13) <u>ਅਵੱਗਿਆ ਅਲੰਕਾਰ :-</u>

ਅਵੱਗਿਆ ਦਾ ਅਰਥ ਹੈ, ਅਪਮਾਨ ਜਾਂ ਨਿਰਾਦਰ । ਸੋ ਜਿਸ ਥਾਂ ਕਿਸੇ ਗੁਣ ਵਾਲੀ ਵਸਤੂ ਵਿੱਚ ਕੋਈ ਦੋਸ਼ ਮੰਨ ਕੇ ਉਸਦਾ ਤਿਆਗ ਕੀਤਾ ਜਾਵੇ, ਐਸੇ ਕਥਨ ਵਿੱਚ ਅਵੱਗਿਆ ਅਲੰਕਾਰ ਆਖਿਆ ਜਾਂਦਾ ਹੈ, ਜਿਵੇਂ:-

(ੳ) ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ ।

(ਅ) ਧ੍ਰਿਗੁ ਧ੍ਰਿਗੁ ਧ੍ਰਿਗੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ ।

(ਗਉੜੀ ਮ:3)[2]

(ੲ) ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ ।

(ਵਾਰ ਸੂਹੀ ਮ:3)[3]

(14) <u>ਅਨੁੱਗਿਆ ਅਲੰਕਾਰ :-</u>

ਜਿਸ ਗੱਲ ਨੂੰ ਲੋਕ ਬੁਰੀ ਮੰਨਣ, ਉਸ ਵਿਖੇ ਆਪਣੀ ਰੁਚੀ ਅਨੁਸਾਰ ਕੋਈ ਗੁਣ ਮੰਨ ਲੈਣਾ, ਅਨੁੱਗਿਆ ਅਲੰਕਾਰ ਨੂੰ ਉਜਾਗਰ ਕਰਦਾ ਹੈ, ਜਿਵੇਂ:-

ਤਿਨ ਕੀ ਰੇਣੁ ਮਿਲੈ ਤਾਂ ਮਸਤਕਿ ਲਾਈ ਜਿਨ ਸਤਿਗੁਰੁ ਪੂਰਾ ਧਿਆਇਆ ।

(ਭੈਰਉ ਮ:3)[4]

(15) <u>ਉੱਦਾਤ ਅਲੰਕਾਰ :-</u>

ਉੱਦਾਤ ਅਲੰਕਾਰ ਉਸ ਸਮੇਂ ਆਖਿਆ ਜਾਂਦਾ ਹੈ, ਜਦੋਂ ਪਿਆਰੇ ਨਾਲ ਸੰਬੰਧਤ ਵਸਤੂ ਦੀ ਮਹਿਮਾ ਕਰਕੇ ਪਿਆਰੇ ਦਾ ਆਦਰ ਕੀਤਾ ਜਾਵੇ, ਜਿਵੇਂ:-

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ।

(ਸਿਰੀ ਰਾਗੁ ਮ:3)[5]

(16) <u>ਲਲਿਤ ਅਲੰਕਾਰ :-</u>

ਜਦੋਂ ਕੋਈ ਗੱਲ ਇਸ਼ਾਰੇ ਨਾਲ ਸਮਝਾਈ ਜਾਵੇ, ਉਸ ਸਮੇਂ ਲਲਿਤ ਅਲੰਕਾਰ ਉਜਾਗਰ ਹੁੰਦਾ ਹੈ, ਜਿਵੇਂ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ ਤਰਵਰ, ਫਲ, ਪੰਖੇਰੂ ਅਤੇ ਭੰਵਰੇ ਰਾਹੀਂ ਆਤਮਾ, ਪ੍ਰਮਾਤਮਾ, ਪ੍ਰਕ੍ਰਿਤੀ ਅਤੇ ਹਰਿਨਾਮ ਵਲ ਸੰਕੇਤ ਕੀਤੇ ਗਏ ਹਨ:-

(ੳ) ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ।
ਆਵਤ ਜਾਤ ਨ ਦੀਸਹੀ ਨ ਪਰ ਪੰਖੀ ਤਾਹਿ ।

(ਵਾਰ ਬਿਹਾਗੜਾ ਮ:4 ਸਲੋਕ ਮ:3)[6]

(ਅ) ਨਾਨਕ ਤਰਵਰੁ ਏਕੁ ਹੈ ਏਕੋ ਫੁਲੁ ਭਿਰੰਗ ।

(ਮਾਰੂ ਕੀ ਵਾਰ ਮ:3)[7]

---

1. ਆਦਿ-ਗ੍ਰੰਥ....................ਪੰਨਾ 121
2. ਆਦਿ-ਗ੍ਰੰਥ....................ਪੰਨਾ 233
3. ਆਦਿ-ਗ੍ਰੰਥ....................ਪੰਨਾ 786
4. ਆਦਿ-ਗ੍ਰੰਥ....................ਪੰਨਾ 1131
5. ਆਦਿ-ਗ੍ਰੰਥ............ਪੰਨਾ 32
6. ਆਦਿ-ਗ੍ਰੰਥ............ਪੰਨਾ 550
7. ਆਦਿ-ਗ੍ਰੰਥ............ਪੰਨਾ 1089

(17) <u>ਦੀਪਕ ਅਲੰਕਾਰ</u>:-

ਇਸ ਅਲੰਕਾਰ ਦੇ ਕਈ **ਭੇਦ** ਹਨ, ਪਰ ਗੁਰੂ ਅਮਰਦਾਸ ਦੀ ਕਵਿਤਾ ਵਿੱਚ ਵਿਸ਼ੇਸ਼ ਕਰਕੇ ਅਵ੍ਰਿਤਿ-**ਦੀਪਕ** ਪਰਗਟ ਹੋਇਆ ਹੈ। ਅਵ੍ਰਿਤਿ-ਦੀਪਕ ਦੇ **ਅੱਗੋਂ** ਦੋ ਭੇਦ ਹੋਰ ਹਨ:(ੳ) ਪਦਾਵ੍ਰਿਤਿ (ਬਾਰ ਬਾਰ ਇੱਕੋ ਪਦ ਦਾ ਪ੍ਰਕਾਸ਼) ਅਤੇ ਅਰਥਾਵ੍ਰਿਤਿ-ਦੀਪਕ(ਬਾਰ ਬਾਰ ਇੱਕੋ ਅਰਥ ਦਾ ਪ੍ਰਕਾਸ਼), ਜਿਵੇਂ ਗੁਰੂ ਅਮਰਦਾਸ ਦੀ ਬਾਣੀ ਵਿੱਚ:-

(ੳ) ਨਾਮੋ ਬੀਜੇ ਨਾਮੋ ਜੰਮੈ ਨਾਮੋ ਮੰਨਿ ਵਸਾਇ ।.... (ਗਉੜੀ ਮ:3)[1]
(ਅ) ਅਗਮ ਅਗੋਚਰੁ **ਅਲਖ** ਅਪਾਰਾ ।.. ................ (ਮਾਰੂ ਮ:3)[2]

(18) <u>ਉਲੇਖ ਅਲੰਕਾਰ</u>:-

ਜਦੋਂ ਇਕ ਹੀ ਵਸਤੂ ਨੂੰ ਅਨੇਕ ਪੁਰਸ਼ ਆਪਣੀ ਆਪਣੀ ਭਾਵਨਾ ਅਨੁਸਾਰ ਭਿੰਨ ਭਿੰਨ ਬਿਆਨ ਕਰਨ ਜਾਂ ਇਕ ਵਸਤੂ ਨੂੰ ਇਕ ਹੀ ਪੁਰਸ਼ ਅਨੇਕ ਰੂਪਾਂ ਵਿੱਚ ਵੇਖੇ, ਤਾਂ ਉਸ ਸਮੇਂ ਉਲੇਖ ਅਲੰਕਾਰ ਆਖਿਆ ਜਾਂਦਾ ਹੈ, ਜਿਵੇਂ ਗੁਰੂ ਅਮਰਦਾਸ ਦੀ ਬਾਣੀ ਵਿੱਚ:-

ਆਪੇ ਕਰਤਾ ਆਪੇ ਭੁਗਤਾ । ਆਪੇ ਸੰਜਮ ਆਪੇ ਜੁਗਤਾ ।
ਆਪੇ ਨਿਰਮਲੁ ਮਿਹਰਵਾਨੁ ਮਧੁਸੂਦਨੁ ਜਿਸਦਾ ਹੁਕਮ ਨ ਮੇਟਿਆ ਜਾਈ ਹੇ ।
(ਮਾਰੂ ਮ:3)[3]

(19) <u>ਵਿਆਜ-ਨਿੰਦਾ(ਵਿਆਜ-ਸਤੁਤਿ) ਅਲੰਕਾਰ</u>:-

ਇਹ ਵਕ੍ਰੋਕਤੀ ਵਾਂਗ ਹੀ ਇਕ ਟੇਢਾ ਜਿਹਾ ਕਥਨ ਹੁੰਦਾ ਹੈ ਅਤੇ ਉਸਤਤਿ ਦੇ ਓਹਲੇ ਆਮ ਕਰਕੇ ਨਿੰਦਾ ਕੀਤੀ ਜਾਂਦੀ ਹੈ। ਗੁਰੂ ਅਮਰਦਾਸ ਦੀ ਬਾਣੀ ਵਿੱਚ ਇਕ ਥਾਂ ਇਸਦਾ ਸੁੰਦਰ ਪ੍ਰਮਾਣ ਮਿਲਦਾ **ਹੈ**:-

ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ ।
ਨਵਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ ।
ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ ਕੋਇ ।
ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ ।
(ਮਾਰੂ ਕੀ ਵਾਰ ਮ:3)[4]

(20) <u>ਏਕਾਵਲਿ ਅਲੰਕਾਰ</u>:-

ਜੋ ਸ਼ਬਦ ਪਹਿਲਾਂ ਕਥਨ ਕੀਤਾ ਜਾਵੇ, ਉਸਨੂੰ ਦੋਬਾਰਾ ਆਖਣਾ ਅਰਥਾਤ ਸ਼ਬਦਾਂ ਦਾ ਗ੍ਰਹਿਣ ਅਤੇ ਤਿਆਗ ਜਿਸ ਰਚਨਾ ਵਿੱਚ ਹੋਵੇ, ਉਸ ਥਾਂ ਏਕਾਵਲਿ ਅਲੰਕਾਰ ਹੁੰਦਾ ਹੈ, ਜਿਵੇਂ ਹੇਠ ਲਿਖੀਆਂ ਤੁਕਾਂ ਵਿੱਚ "ਸਿਧਿ" ਅਤੇ "ਕਰਾਮਾਤਿ" ਦਾ **ਦੁ**ਹਰਾਉ:-

ਵਿਣੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ।
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸ ਦਾਤਿ ।
ਨਾਨਕ ਗੁਰਮੁਖਿ ਹਰਿਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ।
(ਵਾਰ ਸੋਰਠ ਮ:4 ਸ਼ਲੋਕ ਮ:3)[5]

---

1. ਆਦਿ-ਗ੍ਰੰਥ....................ਪੰਨਾ 246
2. ਆਦਿ-ਗ੍ਰੰਥ....................ਪੰਨਾ 1060
3. ਆਦਿ-ਗ੍ਰੰਥ....................ਪੰਨਾ 1047
4. ਆਦਿ-ਗ੍ਰੰਥ....................ਪੰਨਾ 1090
5. ਆਦਿ-ਗ੍ਰੰਥ....................ਪੰਨਾ 650

(21) ਵਕ੍ਰੋਕਤੀ ਅਲੰਕਾਰ :-

ਵਕ੍ਰੋਕਤੀ ਦਾ ਅਰਥ ਹੈ, ਟੇਢਾ ਕਥਨ । ਕਾਕੋਕਤੀ ਇਸੇ ਅਲੰਕਾਰ ਦਾ ਇਕ ਭੇਦ ਹੈ। ਕਾਕੋਕਤੀ ਵਿੱਚ ਧੁਨੀ ਦੇ ਦਬਾਉ ਨਾਲ ਪਦਾਂ ਤੋਂ ਵਿਰੁਧ ਅਰਥ ਹਾਂ, ਨਾਂਹ ਅਥਵਾ ਪ੍ਰਸ਼ਨ ਪਰਗਟ ਹੁੰਦਾ ਹੈ । ਗੁਰੂ ਅਮਰਦਾਸ ਦੀ ਬਾਣੀ ਵਿੱਚ ਹੇਠ ਲਿਖੀਆਂ ਤੁਕਾਂ ਕਾਕੋਕਤੀ-ਰੂਪ ਦੀਆਂ ਸੁੰਦਰ ਵੰਨਗੀਆਂ ਹਨ :-

(ੳ) ਬਿਨੁ ਮਨ ਮੂਏ ਕੈਸੇ ਹਰਿ ਪਾਇ । .......... (ਧਨਾਸਰੀ ਮ:3)[1]
(ਅ) ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ।..(ਸ਼ਲੋਕ ਵਾਰਾਂ ਤੇ ਵਧੀਕ)[2]

(22) ਪ੍ਰਸਿੱਧ ਅਲੰਕਾਰ :-

ਜਦੋਂ ਕੋਈ ਚੀਜ਼ ਬਿਨਾ ਜਤਨ ਪ੍ਰਾਪਤ ਹੁੰਦੀ ਦੱਸੀ ਜਾਵੇ, ਤਾਂ ਸੰਬੰਧਤ ਕਥਨ ਵਿੱਚ ਪ੍ਰਸਿੱਧ ਅਲੰਕਾਰ ਆਖਿਆ ਜਾਂਦਾ ਹੈ, ਜਿਵੇਂ ਹੇਠ ਲਿਖੀ ਤੁਕ ਰਾਹੀਂ ਇਕ ਦੇ ਨਾਮ ਜਪਣ ਦਾ ਫਲ ਉਸਦੇ ਸਭਨਾਂ ਸੰਬੰਧੀਆਂ ਨੂੰ ਮਿਲਦਾ ਦਰਸਾਇਆ ਗਿਆ ਹੈ :-

ਆਪਿ ਤਰੇ ਸਗਲੇ ਕੁਲ ਤਾਰੇ ਜਿਨੀ ਰਾਮਨਾਮਿ ਲਿਵ ਲਾਗੀ ।
(ਭੈਰਉ ਮ:3)[3]

(23) ਸੰਦੇਹ ਅਲੰਕਾਰ :-

ਜਿਵੇਂ ਨਾਮ ਤੋਂ ਪਰਗਟ ਹੈ, ਸੰਦੇਹ ਅਲੰਕਾਰ ਅਸਲੀਅਤ ਉੱਤੇ ਸ਼ੰਕਾ ਦੀ ਧੁੰਦ ਖਿਲਾਰ ਕੇ ਕਵਿਤਾ ਵਿੱਚ ਸੁੰਦਰਤਾ ਉਤਪੰਨ ਕਰਦਾ ਹੈ। ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਦੁਆਰਾ ਸੰਦੇਹ ਅਲੰਕਾਰ ਪਰਗਟ ਹੋਇਆ ਹੈ :-

ਇਹ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ।
ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ।
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ।
ਇਸੁ ਮਨ ਕਉ ਮਮਤਾ ਕਿਥਹੁ ਲਾਗੀ ।
(ਮਲਾਰ ਮ:3)[4]

(24) ਪ੍ਰਸ਼ਨੋਤਰ ਅਲੰਕਾਰ :-

ਇਹ ਇਕ ਪਰਕਾਰ ਦਾ ਸੁਆਲ-ਜੁਆਬ ਹੁੰਦਾ ਹੈ, ਜਿਵੇਂ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ :-

ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ।
ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ।
(ਰਾਮਕਲੀ ਕੀ ਵਾਰ ਮ:3)[5]

(25) ਪ੍ਰਤਿਸ਼ੇਧ ਅਲੰਕਾਰ :-

ਕਿਸੇ ਵਸਤੂ ਦੇ ਵਾਸਤਵ-ਰੂਪ ਦਾ ਨਿਸ਼ੇਧ ਕਰਕੇ ਉਸ ਵਿੱਚ ਹੋਰ ਰੂਪ ਦੀ ਸੰਭਾਵਨਾ ਕਰਨੀ, ਪ੍ਰਤਿਸ਼ੇਧ ਅਲੰਕਾਰ ਹੈ, ਜਿਵੇਂ :-

ਜਿਨਾ ਸਤਿਗੁਰ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ।
ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ।
(ਸ਼ਲੋਕ ਵਾਰਾਂ ਤੋਂ ਵਧੀਕ)[6]

---

1. ਆਦਿ-ਗ੍ਰੰਥ.................ਪੰਨਾ 665
2. ਆਦਿ-ਗ੍ਰੰਥ.................ਪੰਨਾ 1421
3. ਆਦਿ-ਗ੍ਰੰਥ.................ਪੰਨਾ 1132
4. ਆਦਿ-ਗ੍ਰੰਥ..............ਪੰਨਾ 1261
5. ਆਦਿ-ਗ੍ਰੰਥ..............ਪੰਨਾ 953
6. ਆਦਿ-ਗ੍ਰੰਥ..............ਪੰਨਾ 1418

(26) ਪ੍ਰਤਯਨੀਕ ਅਲੰਕਾਰ :-

ਪ੍ਰਬਲ ਵੈਰੀ ਉੱਤੇ ਵੱਸ ਨਾ ਚੱਲਣ ਤੇ ਉਸਦੇ ਪੱਖ ਦੀ ਵਸਤੂ ਦਾ ਨਿਰਾਦਰ ਕਰਨਾ ਪ੍ਰਤਯਨੀਕ ਅਲੰਕਾਰ ਨੂੰ ਉਜਾਗਰ ਕਰਦਾ ਹੈ, ਜਿਵੇਂ ਸੱਪ ਉੱਤੇ ਵਾਰ ਕਰਨ ਦੀ ਥਾਂ ਉਸਦੀ ਖੁੱਡ ਉੱਤੇ ਵਾਰ ਕਰਨਾ:-

ਵਰਮੀ ਮਾਰੀ ਸਾਪੁ ਨ ਮਰੈ ..........(ਵਾਰ ਵਡਹੰਸ ਮ:4 ਸ੍ਲੋਕ ਮ:3)[1]

(27) ਪੁਨਰਕਤੀ ਵਦਾਭਾਸ ਅਲੰਕਾਰ :-

ਇਹ ਸ਼ਬਦ ਅਲੰਕਾਰ ਹੈ। ਜਦੋਂ ਕਿਸੇ ਵਾਕ ਵਿੱਚ ਪੁਨਰਕਤੀ(ਦੋਬਾਰਾ ਕਿਹਾ ਹੋਇਆ ਵਾਕ) ਦੀ ਝਲਕ ਜਾਪੇ, ਪਰ ਵਾਸਤਵ ਵਿੱਚ ਪੁਨਰਕਤੀ ਨਾ ਹੋਵੇ, ਤਾਂ ਉਸ ਵਾਕ ਵਿੱਚ ਪੁਨਰਕਤੀ ਵਦਾਭਾਸ ਅਲੰਕਾਰ ਆਖਿਆ ਜਾਂਦਾ ਹੈ, ਜਿਵੇਂ ਗੁਰੂ ਅਮਰਦਾਸ ਦੀ ਹੇਠ ਲਿਖੀ ਤੁਕ ਵਿੱਚ ਪਵਿਤ, ਪਾਵਨ ਅਤੇ ਸੁੱਚ, ਤਿੰਨਾਂ ਦੇ ਅਰਥਾਂ ਵਿੱਚ ਵੇਖਣ ਨੂੰ ਸਮਾਨਤਾ ਜਾਪਦੀ ਹੈ, ਪਰ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਤਿੰਨਾਂ ਦੇ ਅਰਥਾਂ ਵਿੱਚ ਭਿੰਨਤਾ ਹੈ:-

ਗੁਰ ਤੇ ਪਵਿਤ ਪਾਵਨ ਸੁਚਿ ਹੋਇ ।..........(ਗਉੜੀ ਗੁਆਰੇਰੀ ਮ:3)[2]

(28) ਕਾਰਣਮਾਲਾ ਅਲੰਕਾਰ :-

ਜਦੋਂ ਕਿਸੇ ਕਾਰਨ ਦਾ ਕਾਰਜ ਕਿਸੇ ਹੋਰ ਦਾ ਕਾਰਨ ਬਣਦਾ ਦਰਸਾਇਆ ਜਾਵੇ, ਐਸੇ ਕਥਨ ਵਿੱਚ ਕਾਰਣਮਾਲਾ ਅਲੰਕਾਰ ਆਖਿਆ ਜਾਂਦਾ ਹੈ। ਉਦਾਹਰਨ ਵਜੋਂ ਗੁਰੂ ਅਮਰਦਾਸ ਦੀ ਹੇਠ ਲਿਖੀ ਤੁਕ ਵਿੱਚ ਲੋਭ ਨੂੰ ਮਨ ਦੀ ਮੈਲ ਦਾ ਕਾਰਨ ਦੱਸਿਆ ਹੈ ਅਤੇ ਮਨ ਦੀ ਮੈਲ ਸਗੋਂ ਮੈਲੇ ਕੰਮਾਂ ਅਤੇ ਉਨ੍ਹਾਂ ਤੋਂ ਉਪਜੇ ਦੁੱਖ ਦਾ ਕਾਰਨ ਬਣਦੀ ਹੈ:-

ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ।
ਮੈਲੇ ਕਰਮ ਕਰੇ ਦੁਖੁ ਪਾਏ ।

(ਮਾਰੂ ਮ:3)[3]

(29) ਹੇਤੁ ਅਲੰਕਾਰ :-

ਜਦੋਂ ਕਾਰਜ ਅਤੇ ਕਾਰਨ ਦਾ ਵਰਣਨ ਇਕ ਸਾਥ ਹੋਵੇ, ਉਸ ਸਮੇਂ ਹੇਤ ਅਲੰਕਾਰ ਉਜਾਗਰ ਹੁੰਦਾ ਹੈ, ਜਿਵੇਂ:-

ਜੋ ਬੀਜੈ ਸੋਈ ਫਲੁ ਪਾਏ ।..........(ਮਾਝ ਮ:3)[4]

(30) ਪਰਯਾਯ ਅਲੰਕਾਰ :-

ਜਿਸ ਥਾਂ ਕ੍ਰਮ-ਪੂਰਵਕ ਅਨੇਕਾਂ ਵਸਤਾਂ ਦਾ ਇੱਕੋ ਆਸਰਾ ਵਰਣਨ ਕੀਤਾ ਜਾਵੇ, ਉਸ ਸਮੇਂ ਪਰਯਾਯ ਅਲੰਕਾਰ ਆਖਿਆ ਜਾਂਦਾ ਹੈ, ਜਿਵੇਂ ਗੁਰੂ ਅਮਰਦਾਸ ਦੀ ਬਾਣੀ ਵਿੱਚ:-

ਹਉਮੈ ਮਮਤਾ ਦੁਰਮਤਿ ਦੁਖ ਨਾਸੁ ।
ਜਬ ਹਿਰਦੈ ਰਾਮਨਾਮ ਗੁਣਤਾਸੁ ।

(ਗਉੜੀ ਮ:3)[5]

---

1. ਆਦਿ-ਗ੍ਰੰਥ..................ਪੰਨਾ 588
2. ਆਦਿ-ਗ੍ਰੰਥ..................ਪੰਨਾ 158
3. ਆਦਿ-ਗ੍ਰੰਥ..................ਪੰਨਾ 1062
4. ਆਦਿ-ਗ੍ਰੰਥ..................ਪੰਨਾ 113
5. ਆਦਿ-ਗ੍ਰੰਥ..................ਪੰਨਾ 232

(31) <u>ਸਮ ਅਲੰਕਾਰ</u> :-

ਸਮ ਅਲੰਕਾਰ ਉਸ ਸਮੇਂ ਆਖਿਆ ਜਾਂਦਾ ਹੈ, ਜਦੋਂ ਸੰਬੰਧਤ ਵਸਤਾਂ ਦਾ ਯੋਗ ਸੰਬੰਧ ਵਰਣਨ ਕੀਤਾ ਜਾਵੇ, ਜਿਵੇਂ ਗੁਰੂ ਅਮਰਦਾਸ ਦੀ ਹੇਠ ਲਿਖੀ ਤੁਕ ਵਿੱਚ ਜੀਵਦਿਆਂ, ਜੀਵਦੇ ਅਤੇ ਜਗਜੀਵਨ ਦਾ ਸੰਬੰਧ :-

ਜੀਵਦਿਆ ਨੋ ਮਿਲੈ ਸੁ ਜੀਵਦੇ ਹਰਿ ਜਗਜੀਵਨ ਉਰਧਾਰਿ ॥

(ਸਲੋਕ ਵਾਰਾਂ ਤੋਂ ਵਧੀਕ)[1]

(32) <u>ਅਨਨੁਯ ਅਲੰਕਾਰ</u> :-

ਜਦੋਂ ਉਪਮੇਯ ਤੋਂ ਭਿੰਨ ਕੋਈ ਹੋਰ ਉਪਮਾਨ ਨਾ ਹੋਵੇ ਅਰਥਾਤ ਉਪਮੇਯ ਨੂੰ ਹੀ ਉਪਮਾਨ ਠਹਿਰਾਇਆ ਜਾਵੇ, ਤਾਂ ਅਨਨੁਯ ਅਲੰਕਾਰ ਪਰਗਟ ਹੁੰਦਾ ਹੈ, ਜਿਵੇਂ:-

ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ ਤੇਰੀ ਕੁਦਰਤਿ ਕਹਣੁ ਨ ਜਾਈ ।

(ਆਸਾ ਮਹਲਾ 3)[2]

(33) <u>ਪਰਯਾਯੋਕਤ ਅਲੰਕਾਰ</u> :-

ਜਦੋਂ ਕਿਸੇ ਵਸਤੂ ਦਾ ਨਾਮ ਨਾ ਲੈ ਕੇ ਪ੍ਰਸਿਧ ਗਿਣਤੀ ਦੁਆਰਾ ਉਸਦਾ ਵਰਣਨ ਕੀਤਾ ਜਾਵੇ, ਤਾਂ ਪਰਯਾਯੋਕਤ ਅਲੰਕਾਰ ਸਿੱਧ ਹੁੰਦਾ ਹੈ, ਜਿਵੇਂ:-

ਏਕਮ ਏਕੈ ਆਪੁ ਉਪਾਇਆ ।
ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ।
ਚਉਥੀ ਪਉੜੀ ਗੁਰਮੁਖ ਊਚੀ
ਸਚੋ ਸਚੁ ਕਮਾਵਣਿਆ ।

(ਮਾਝ ਮ:3)[3]

(34) <u>ਸੂਖਸ਼ਮ ਅਲੰਕਾਰ</u> :-

**ਜਦੋਂ** ਕਿਸੇ ਕਥਨ ਰਾਹੀਂ ਕੋਈ ਬਾਰੀਕ-ਇਸ਼ਾਰਾ ਕੀਤਾ ਜਾਵੇ, ਤਾਂ ਸੂਖਸ਼ਮ ਅਲੰਕਾਰ ਆਖਿਆ ਜਾਂਦਾ ਹੈ, ਜਿਵੇਂ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ:-

ਇਕਿ ਮੂਲਿ ਲਗੇ ਓਨੀ ਸੁਖੁ ਪਾਇਆ ।
ਡਾਲੀ ਲਾਗੇ ਤਿਨੀ ਜਨਮੁ ਗਵਾਇਆ ।

(ਮਾਰੂ ਮ:3)[4]

(35) <u>ਅਨੁਗੁਣ ਅਲੰਕਾਰ</u> :-

ਜਿਸ ਕਥਨ ਵਿੱਚ ਗੁਣ ਦੀ ਪੈਰਵੀ ਕੀਤੀ ਜਾਵੇ, ਉਸ ਥਾਂ ਅਨੁਗੁਣ ਅਲੰਕਾਰ ਆਖਿਆ ਜਾਂਦਾ ਹੈ, ਜਿਵੇਂ ਗੁਰੂ ਅਮਰਦਾਸ ਦੀ ਹੇਠ ਲਿਖੀ ਤੁਕ ਵਿੱਚ :-

ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨ ਵਾਸਾ ।

(ਆਸਾ ਮ:3)[5]

---

1. ਆਦਿ-ਗ੍ਰੰਥ.............ਪੰਨਾ 1418
2. ਆਦਿ-ਗ੍ਰੰਥ.............ਪੰਨਾ 442
3. ਆਦਿ-ਗ੍ਰੰਥ.............ਪੰਨਾ 113
4. ਆਦਿ-ਗ੍ਰੰਥ.............ਪੰਨਾ 1051
5. ਆਦਿ-ਗ੍ਰੰਥ.............ਪੰਨਾ 426

(36) ਪ੍ਰੌਢੋਕਤੀ ਅਲੰਕਾਰ :-

ਜਦੋਂ ਅਕਾਰਨ ਨੂੰ ਕਾਰਨ ਮੰਨ ਲਿਆ ਜਾਵੇ, ਤਾਂ ਪ੍ਰੌਢੋਕਤੀ ਅਲੰਕਾਰ ਪਰਗਟ ਹੁੰਦਾ ਹੈ, ਜਿਵੇਂ ਜੀਭ ਕੁਦਰਤੀ ਲਾਲ ਹੈ, ਪਰ ਗੁਰੂ ਅਮਰਦਾਸ ਇਸ ਥਾਂ ਜੀਭ ਦੀ ਲਾਲੀ ਦਾ ਕਾਰਨ ਭੈ-ਭਾਇ ਰੰਗ ਅਰਥਾਤ ਪ੍ਰੇਮ-ਭਗਤੀ ਨੂੰ ਮੰਨਦੇ ਹਨ:-

ਮਨੁ ਤਨੁ ਰਤਾ ਰਸਨਾ ਰੰਗਿ ਚਲੂਲੀ ਭੈ ਭਾਇ ਰੰਗੁ ਚੜਾਵਣਿਆ ।
(ਮਾਝ ਮ:3)[1]

ਉਪਰੋਕਤ ਅਲੰਕਾਰਾਂ ਤੋਂ ਛੁੱਟ ਗੁਰੂ ਅਮਰਦਾਸ ਦੀ ਬਾਣੀ ਵਿੱਚ ਸ਼ਾਇਦ ਹੋਰ ਭੀ ਅਲੰਕਾਰ ਢੂੰਡੇ ਜਾ ਸਕਣ, ਪਰ ਵਿਸ਼ੇਸ਼ ਕਰਕੇ ਉਨ੍ਹਾਂ ਦੀ ਰਚਨਾ ਇਨ੍ਹਾਂ ਅਲੰਕਾਰਾਂ ਨਾਲ ਹੀ ਸ਼ਿੰਗਾਰੀ ਹੋਈ ਪ੍ਰਤੀਤ ਹੁੰਦੀ ਹੈ। ਜਿਹੜੇ ਅਲੰਕਾਰਾਂ ਦਾ ਲਛਣ ਉੱਪਰ ਨਹੀਂ ਕੀਤਾ ਗਿਆ, ਉਨ੍ਹਾਂ ਵਿੱਚੋਂ ਅਤਿਕਥਨੀ ਅਤੇ ਅਸੰਭਵ ਬਾਰੇ ਨਿਰਣਾ ਕਰਨਾ ਜ਼ਰੂਰੀ ਹੈ। ਕਿਉਂਕਿ ਗੁਰੂ ਅਮਰਦਾਸ ਦਾ ਦਰਜਾ ਇਕ ਕਵੀ ਤੋਂ ਬਿਨਾ ਸਿੱਖ-ਸੰਪ੍ਰਦਾਏ ਵਿੱਚ ਮਹਾਨ ਗੁਰੂ ਦਾ ਭੀ ਹੈ, ਇਸਲਈ ਸ਼ਰਧਾਲੂ-ਸਿੱਖਾਂ ਨੂੰ ਉਨ੍ਹਾਂ ਦੀ ਬਾਣੀ ਵਿੱਚ ਕਿਤੇ ਭੀ ਅਤਿਕਥਨੀ ਜਾਂ ਅਸੰਭਵ ਅਲੰਕਾਰਾਂ ਦਾ ਰੰਗ ਨਜ਼ਰ ਨਹੀਂ ਆ ਸਕਦਾ । ਵੈਸੇ ਧਾਰਮਕ-ਸ਼ਰਧਾ ਤੋਂ ਮੁਕਤ ਵਿਗਿਆਨਕ ਦ੍ਰਿਸ਼ਟੀ ਦੇ ਆਲੋਚਕਾਂ ਨੂੰ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ ਅਤਿਕਥਨੀ ਅਲੰਕਾਰ ਦਾ ਚਮਤਕਾਰ ਵਿਖਾਈ ਦੇਵੇਗਾ:-

(ੳ) ਲਿਖਦਿਆਂ ਲਿਖਦਿਆਂ ਕਾਗਦੁ ਮਸੁ ਖੋਈ ॥
(ਮਾਝ ਮ:3)[2]

(ਅ) ਨਾਨਕ ਹਉ ਹਉ ਕਰਤੇ ਖਪਿ ਮੁਏ ਖੂਹਣਿ ਲਖ ਅਸੰਖ ।
(ਸਲੋਕ ਵਾਰਾਂ ਤੋਂ ਵਧੀਕ)[3]

(ੲ) ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ।
(ਰਾਮਕਲੀ ਮ:3)[4]

(ਸ) ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ ਜਾਣਉ ਬਰਸ ਪਚਾਸਾ ।
(ਸੋਰਠ ਮ:3)[5]

ਇਸੇ ਤਰ੍ਹਾਂ ਹੇਠ ਲਿਖੀਆਂ ਤੁਕਾਂ ਵਿੱਚ ਕਈ ਵਿਦਵਾਨਾਂ ਨੂੰ ਅਸੰਭਵ ਅਲੰਕਾਰ ਦੀ ਸੁੰਦਰ ਵੰਨਗੀ ਨਜ਼ਰ ਆਵੇਗੀ:-

ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ।
ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ।
(ਵਡਹੰਸ ਮ:3)[6]

*.*.*.*.*.*.*.*.*.*.*.*.*.*.*.*.*.*

1. ਆਦਿ-ਗ੍ਰੰਥ.................ਪੰਨਾ 114
2. ਆਦਿ-ਗ੍ਰੰਥ.................ਪੰਨਾ 123
3. ਆਦਿ-ਗ੍ਰੰਥ.................ਪੰਨਾ 1413
4. ਆਦਿ-ਗ੍ਰੰਥ.................ਪੰਨਾ 920
5. ਆਦਿ-ਗ੍ਰੰਥ.................ਪੰਨਾ 601
6. ਆਦਿ-ਗ੍ਰੰਥ.................ਪੰਨਾ 565

## ਸਤਵਾਂ ਅਧਿਆਇ

### ਲੋਕ-ਪ੍ਰਿਯ ਰਚਨਾ "ਅਨੰਦੁ" ਦੀ ਸਾਹਿਤਕ ਅਤੇ ਸਿਧਾਂਤਕ ਮਹਾਨਤਾ

ਇਸ ਵਿੱਚ ਕੋਈ ਸ਼ੱਕ ਨਹੀਂ, ਕਿ ਗੁਰੂ ਅਮਰਦਾਸ ਦੀ ਸਮੁੱਚੀ-ਬਾਣੀ ਵਿੱਚੋਂ ਰਾਮਕਲੀ ਅਨੰਦੁ ਦੀ ਲੋਕ-ਪ੍ਰਿਯਤਾ ਸਭ ਤੋਂ ਵਧੀਕ ਹੈ। ਆਦਿ-ਗ੍ਰੰਥ ਦੀਆਂ ਲੋਕ-ਪ੍ਰਿਯ ਬਾਣੀਆਂ ਵਿੱਚ ਇਸ ਰਚਨਾ ਨੂੰ ਉਹੀ ਅਸਥਾਨ ਪ੍ਰਾਪਤ ਹੈ, ਜੋ ਗੁਰੂ ਨਾਨਕ ਰਚਿਤ "ਜਪੁਜੀ" ਜਾਂ ਗੁਰੂ ਅਰਜਨ ਰਚਿਤ "ਸੁਖਮਨੀ" ਨੂੰ ਲੋਕ-ਦਿਲਾਂ ਵਿੱਚ ਮਿਲ ਚੁੱਕਾ ਹੈ।

ਗੁਰੂ ਅਮਰਦਾਸ ਰਚਿਤ "ਅਨੰਦੁ" ਬਾਣੀ ਦੀ ਲੋਕ-ਪ੍ਰਿਯਤਾ ਦੇ ਕਾਰਨਾਂ ਨੂੰ ਤਿੰਨਾਂ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:(ੳ) ਮਿਥਿਹਾਸਕ ਅਤੇ ਇਤਿਹਾਸਕ ਮਹੱਤਵ, (ਅ) ਕਾਵਿਕ-ਗੁਣ, ਅਤੇ (ੲ) ਅਨੁਭਵ ਦੀ ਮਹਾਨਤਾ। ਹੇਠ ਹਰ ਕਰਮਵਾਰ ਦੇ ਕਾਰਨਾਂ ਬਾਰੇ ਸੰਖੇਪ ਵਿਚਾਰ ਕੀਤੀ ਜਾਵੇਗੀ।

(ੳ) ਮਿਥਿਹਾਸਕ ਅਤੇ ਇਤਿਹਾਸਕ ਮਹੱਤਵ:-

ਮਹਿਮਾ ਪ੍ਰਕਾਸ਼[1] ਅਤੇ ਗੁਰਪ੍ਰਤਾਪ ਸੂਰਜ ਗ੍ਰੰਥ[2] ਆਦਿਕ ਪ੍ਰਾਚੀਨ ਲਿਖਤਾਂ ਵਿੱਚ ਇਕ ਸਾਖੀ "ਅਨੰਦੁ" ਬਾਣੀ ਦੇ ਰਚਨ ਬਾਰੇ ਵੀ ਨਿਰੂਪਣ ਕੀਤੀ ਗਈ ਹੈ, ਜੋ ਅਜੇ ਤਕ ਸਿੱਖ ਸ਼ਰਧਾਲੂਆਂ ਵਿੱਚ ਸਤਿਕਾਰ ਅਤੇ ਪਿਆਰ ਸਹਿਤ ਪੜ੍ਹੀ-ਸੁਣੀ ਜਾਂਦੀ ਹੈ। ਸੰਬੰਧਤ ਸਾਖੀ ਅਨੁਸਾਰ ਗੁਰੂ ਅਮਰਦਾਸ ਨੇ ਰਾਮਕਲੀ ਅਨੰਦ ਦੀ ਰਚਨਾ ਆਪਣੇ ਪੋਤਰੇ (ਬਾਬਾ ਅਨੰਦ ਸਪੁੱਤਰ ਬਾਬਾ ਮੋਹਰੀ) ਦੇ ਜਨਮ ਸਮੇਂ ਕੀਤੀ ਸੀ। ਇਹ ਵੀ ਆਖਿਆ ਜਾਂਦਾ ਹੈ, ਕਿ ਸੰਬੰਧਤ ਬਾਬਾ ਅਨੰਦ ਗੁਰੂ ਅਮਰਦਾਸ ਦੀ ਬੰਸ ਵਿੱਚ ਜਨਮ ਲੈਣ ਤੋਂ ਪਹਿਲਾਂ ਅਰਥਾਤ ਪੂਰਬਲੇ ਜਨਮ ਵਿੱਚ ਜੋਗ-ਮਤ ਦਾ ਸ਼ਰਧਾਲੂ ਸੀ ਅਤੇ ਕਰੜੀ ਤਪੱਸਿਆ ਕਾਰਨ ਰਿਧੀਆਂ ਸਿਧੀਆਂ ਦਾ ਮਾਲਕ ਬਣ ਚੁੱਕਾ ਸੀ। ਪਰ ਜੋਗ-ਮਤ ਦੁਆਰਾ ਕਿਉਂਕਿ ਉਸਨੂੰ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਸੀ ਹੋ ਸਕੀ, ਸੋ ਪੂਰਬਲੇ ਜਨਮ ਵਿੱਚ ਦੇਸ਼ ਭ੍ਰਮਣ ਕਰਦਾ ਹੋਇਆ ਉਹ ਗੋਇੰਦਵਾਲ ਆਣ ਕੇ ਗੁਰੂ ਅਮਰਦਾਸ ਨੂੰ ਮਿਲਿਆ। ਜਦੋਂ ਗੁਰੂ ਅਮਰਦਾਸ ਨੇ ਬ੍ਰਹਮ-ਗਿਆਨ ਦੀ ਬਖ਼ਸ਼ਿਸ਼ ਕਰਨ ਦੀ ਥਾਂ ਉਸਨੂੰ ਇਹ ਆਖਿਆ, ਕਿ ਤੈਨੂੰ ਪ੍ਰਾਲਬਧ ਅਨੁਸਾਰ ਇਕ ਜਨਮ ਹੋਰ ਲੈਣਾ ਪਵੇਗਾ, ਤਾਂ ਸੰਬੰਧਤ ਜੋਗੀ ਨੇ ਅੰਤਮ-ਜਨਮ ਗੁਰੂ ਅਮਰਦਾਸ ਦੇ ਪਰਵਾਰ ਵਿੱਚ ਧਾਰਨ ਦੀ ਪ੍ਰਬਲ-ਇੱਛਾ ਪਰਗਟ ਕੀਤੀ। ਦੂਜੇ ਸ਼ਬਦਾਂ ਵਿੱਚ ਪ੍ਰਾਚੀਨ ਸਾਖੀਕਾਰਾਂ ਨੇ ਬ੍ਰਹਮ-ਗਿਆਨ ਦੀ ਪ੍ਰਾਪਤੀ ਅਤੇ ਆਵਾਗਉਣ ਤੋਂ ਛੁਟਕਾਰੇ ਲਈ ਜੋਗ-ਮਤ ਨਾਲੋਂ ਸਿੱਖ-ਮਤ ਜਾਂ ਗੁਰਮਤਿ ਨੂੰ ਸ੍ਰੇਸ਼ਟ ਦਰਸਾਇਆ ਹੈ।

ਭਾਵੇਂ ਆਧੁਨਿਕ-ਯੁੱਗ ਵਿੱਚ ਆਪਣੇ ਧਰਮ ਦੀ ਸ੍ਰੇਸ਼ਟਤਾ ਦਰਸਾਉਣ ਲਈ ਸ਼ਰਧਾ-ਭਰਪੂਰ ਮਿਥਿਹਾਸਕ-ਕਥਾਵਾਂ ਦੀ ਥਾਂ ਤਰਕਵਾਦੀ-ਵਿਆਖਿਆ ਨੇ ਮੱਲ ਲਈ ਹੈ, ਫੇਰ ਵੀ ਇਹੋ ਜਿਹੀਆਂ ਸਾਖੀਆਂ

1. ਮਹਿਮਾ ਪ੍ਰਕਾਸ਼ (ਹੱਥ-ਲਿਖਤ), ਖਰੜਾ ਨੰ:1151, ਸਿੱਖ ਰੈਫਰੈਂਸ ਲਾਇਬ੍ਰੇਰੀ (ਅੰਮ੍ਰਿਤਸਰ), ਪੰਨੇ 423 ਤੋਂ 425।
2. ਗੁਰਪ੍ਰਤਾਪ ਸੂਰਜ ਗ੍ਰੰਥ......ਰਾਸਿ 1 ਅੰਸੂ 59

ਦੀ ਅਲੌਕਿਕਤਾ-ਮਹਾਨਤਾ ਕਦੇ ਨਹੀਂ ਘੱਟ ਸਕਦੀ ਅਤੇ ਹਠ-ਯੋਗ ਉਤੇ ਸਹਜ-ਮਾਰਗ ਦੀ ਸ੍ਰੇਸ਼ਟਤਾ ਸਾਬਤ ਕਰਨ ਲਈ ਗੁਰਮਤਿ ਦੇ ਸ਼ਰਧਾਲੂਆਂ ਨੂੰ ਇਹ ਸਦਾ ਟੁੰਬਦੀਆਂ ਰਹਿਣਗੀਆਂ। ਗੁਰਦੁਆਰਿਆਂ ਅਤੇ ਡੇਰਿਆਂ ਵਿੱਚ ਗੁਰਬਾਣੀ ਦੀ ਵਿਆਖਿਆ ਕਰਨ ਵਾਲੇ ਸੰਪ੍ਰਦਾਇਕ ਗਿਆਨੀ ਲੋਕ-ਜਜ਼ਬਿਆਂ ਨੂੰ ਹਲੂਣਾ ਦੇਣ ਲਈ ਮਿਥਿਹਾਸਕ ਸਾਖੀਆਂ ਦਾ ਸਹਾਰਾ ਅਕਸਰ ਲੈਂਦੇ ਹਨ। ਉਦਾਹਰਨ ਵਜੋਂ ਅੰਮ੍ਰਿਤਸਰ ਦੇ ਇਕ ਪ੍ਰਸਿਧ ਡੇਰੇ ਨਾਲ ਸੰਬੰਧਤ ਗਿਆਨੀ ਅਮੀਰ ਸਿੰਘ[1] ਰਚਿਤ ਅਨੰਦ-ਸਾਗਰ ਦੇ ਟੀਕੇ ਵਿੱਚ ਉਪਰੋਕਤ ਸਾਖੀ ਤੋਂ ਛੁੱਟ ਇਕ ਹੋਰ ਸਾਖੀ ਅਨੰਦ-ਬਾਣੀ ਦੇ ਰਚਨ ਬਾਰੇ ਲਿਖੀ ਗਈ ਹੈ, ਜੋ ਮਹਿਮਾ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ਸਾਖੀਆਂ ਨਾਲੋਂ ਵੀ ਇਕ ਕਦਮ ਹੋਰ ਅਗੇਰੇ ਹੋ ਕੇ ਸਿੱਖ-ਧਰਮ ਦੀ ਦੂਜੇ ਧਰਮਾਂ ਉੱਤੇ ਸ੍ਰੇਸ਼ਟਤਾ ਨੂੰ ਦਰਸਾਉਂਦੀ ਹੈ। ਸੰਬੰਧਤ ਟੀਕਾਕਾਰ ਨੇ ਰੁੱਖੜ ਜਿਹੇ ਜੋਗੀ ਦੀ ਥਾਂ ਪ੍ਰਸਿਧ ਦੇਵਤਾ ਗਣੇਸ਼ ਨੂੰ ਗੁਰੂ ਅਮਰਦਾਸ ਦੀ ਸੇਵਾ ਵਿੱਚ ਪੇਸ਼ ਕਰਕੇ ਉਸਦਾ ਇਕ ਹੋਰ ਜਨਮ ਗੁਰਦੇਵ ਦੇ ਪੋਤਰੇ (ਅਨੰਦ) ਦੇ ਰੂਪ ਵਿੱਚ ਕਰਵਾਇਆ ਹੈ। ਸੋ ਇਸ ਗੱਲ ਤੋਂ ਅਸੀਂ ਮੁਨਕਰ ਨਹੀਂ ਹੋ ਸਕਦੇ, ਕਿ ਆਧੁਨਿਕ-ਯੁੱਗ ਵਿੱਚ ਵੀ ਮਿਥਿਹਾਸਕ-ਸ਼ੈਲੀਆਂ ਕਹਾਣੀਆਂ ਜਾ ਰਹੀਆਂ ਹਨ, ਬੇਸ਼ਕ ਕਈ ਤਰਕਵਾਦੀ-ਚਿੰਤਕਾਂ ਅਤੇ ਵਿਆਖਿਆ-ਕਾਰਾਂ ਨੇ ਕੁਝ ਪੁਰਾਤਨ ਅਜਿਹੀਆਂ ਮਿਥਿਹਾਸਕ ਰਵਾਇਤਾਂ ਦੇ ਅਰਥ ਬਦਲ ਕੇ ਉਹਨਾਂ ਨੂੰ ਨਵੇਂ ਯੁੱਗ ਦੇ ਅਨੁਕੂਲ ਬਣਾ ਲਿਆ ਹੈ।

ਤਰਕਵਾਦੀ-ਦ੍ਰਿਸ਼ਟੀ ਤੋਂ ਮਹਿਮਾ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਵਿਚਲੇ ਜੋਗੀ ਦਾ ਜੋਗ-ਮਤ ਨੂੰ ਛੱਡ ਕੇ ਗੁਰੂ ਅਮਰਦਾਸ ਦੇ ਪਰਵਾਰ ਵਿੱਚ ਗੁਰਸਿੱਖ ਦੇ ਰੂਪ ਵਿੱਚ ਜਨਮ ਲੈਣਾ ਜੋਗ-ਮਤ ਦੇ ਟਾਕਰੇ ਵਿੱਚ ਸਿੱਖ-ਧਰਮ ਜਾਂ ਗੁਰਮਤਿ ਦੀ ਸ੍ਰੇਸ਼ਟਤਾ ਨੂੰ ਦਰਸਾਉਂਦਾ ਹੈ। ਦੂਜੇ ਸ਼ਬਦਾਂ ਵਿੱਚ ਜੋਗ-ਮਤ ਦੇ ਧਾਰਨੀ ਜੋਗੀ ਦਾ ਆਪਣਾ ਪਿਛਲਾ ਧਰਮ ਛੱਡਣਾ ਉਹਦੀ ਮੌਤ ਹੈ ਅਤੇ ਨਵੇਂ ਮੱਤ (ਗੁਰਮਤਿ) ਨੂੰ ਅਪਣਾਉਣਾ ਨਵਾਂ ਜਨਮ ਧਾਰਨ ਕਰਨ ਦੇ ਬਰਾਬਰ ਹੈ। ਵੈਸੇ ਇਤਿਹਾਸਕ-ਦ੍ਰਿਸ਼ਟੀ ਤੋਂ ਇਹ ਗੱਲ ਮੰਨਣ-ਯੋਗ ਹੈ, ਕਿ ਗੁਰੂ ਅਮਰਦਾਸ ਦੇ ਘਰ ਪੋਤਰਾ ਜੰਮਣ ਸਮੇਂ ਅਨੰਦ-ਬਾਣੀ ਦਾ ਕੀਰਤਨ ਖੁਸ਼ੀ ਦੇ ਸੋਹਿਲੇ ਵਜੋਂ ਗਾਇਨ ਕੀਤਾ ਗਿਆ ਹੋਵੇ, ਪਰ ਇਹ ਆਖਣਾ ਠੀਕ ਨਹੀਂ ਜਾਪਦਾ, ਕਿ ਗੁਰੂ ਅਮਰਦਾਸ ਨੇ ਅਨੰਦ-ਬਾਣੀ ਦੀ ਰਚਨਾ ਆਪਣੇ ਪੋਤਰੇ ਦੇ ਜਨਮ ਤੋਂ ਪ੍ਰੇਰਤ ਹੋ ਕੇ ਕੀਤੀ ਸੀ । ਇਸ ਬਾਰੇ ਅੱਗੇ ਚੱਲ ਕੇ ਵਿਸਥਾਰ ਸਹਿਤ ਵਿਚਾਰ ਕੀਤੀ ਜਾਵੇਗੀ ।

ਬੱਚੇ ਦੇ ਜਨਮ ਸਮੇਂ ਅਨੰਦ-ਬਾਣੀ ਦੇ ਗਾਉਣ ਦਾ ਰਿਵਾਜ ਸ਼ਾਇਦ ਗੁਰੂ ਅਰਜਨ ਦੇਵ ਦੇ ਸਮੇਂ ਪ੍ਰਚਲਤ ਹੋਇਆ ਹੋਵੇ । ਆਖਿਆ ਜਾਂਦਾ ਹੈ, ਕਿ ਹੇਠ ਲਿਖੀਆਂ ਤੁਕਾਂ ਨਾਲ ਸੰਬੰਧਤ ਚਉਪਦਾ ਗੁਰੂ ਅਰਜਨ ਨੇ ਗੁਰੂ ਹਰਿਗੋਬਿੰਦ ਦੇ ਜਨਮ ਸਮੇਂ ਉਚਾਰਨ ਕੀਤਾ ਸੀ:-

ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ।
ਮਿਟਿਆ ਸੋਗੁ ਮਹਾ ਅਨੰਦੁ ਥੀਆ ।
ਗੁਰਬਾਣੀ ਸਖੀ ਅਨੰਦੁ ਗਾਵੈ ।
ਸਾਚੇ ਸਾਹਿਬ ਕੈ ਮਨਿ ਭਾਵੈ ।
(ਆਸਾ ਮ:5)[2]

---

1.ਗਿਆਨੀ ਅਮੀਰ ਸਿੰਘ ਅਤੇ ਗਿਆਨੀ ਕ੍ਰਿਪਾਲ ਸਿੰਘ- ਸੰਪ੍ਰਦਾਇਕ ਟੀਕਾ "ਅਨੰਦ ਸਾਗਰ", 1959, ਪੰਨਾ 3 ਤੋਂ 7(ਪਹਿਲੀ ਉਥਾਨਕਾ) ।

2.ਆਦਿ-ਗ੍ਰੰਥ................ਪੰਨਾ 386

ਇਸੇਤਰ੍ਹਾਂ ਖਾਲਸੇ ਦੇ ਜਨਮ ਸਮੇਂ ਜਾਂ ਖਾਲਸਾ-ਪੰਥ ਨੂੰ ਸਾਜਣ ਸਮੇਂ ਗੁਰੂ ਗੋਬਿੰਦ ਸਿੰਘ ਨੇ ਜਦੋਂ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ, ਤਾਂ ਜਿਹੜੀਆਂ ਪੰਜ ਬਾਣੀਆਂ[1] ਉਸ ਵਕਤ ਪੜ੍ਹੀਆਂ ਗਈਆਂ, ਉਨ੍ਹਾਂ ਵਿੱਚ ਗੁਰੂ ਅਮਰਦਾਸ ਰਚਿਤ "ਅਨੰਦੁ" ਵੀ ਸ਼ਾਮਿਲ ਸੀ। ਅੱਜ ਕੱਲ੍ਹ ਵੀ ਜਦੋਂ ਨਵੇਂ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ, ਤਾਂ ਜਪੁ, ਜਾਪੁ, ਚਉਪਈ ਅਤੇ ਸਵਈਆਂ ਤੋਂ ਛੁੱਟ ਪੰਜਵੀਂ ਬਾਣੀ "ਅਨੰਦੁ" ਦਾ ਪਾਠ ਵੀ ਜ਼ਰੂਰ ਕੀਤਾ ਜਾਂਦਾ ਹੈ। ਵੈਸੇ ਲੱਖਾਂ ਸਿੱਖ ਅਤੇ ਗੈਰ-ਸਿੱਖ ਘਰਾਣਿਆਂ ਵਿੱਚ ਵੀ ਜਪੁਜੀ ਅਤੇ ਸੁਖਮਨੀ ਵਾਂਗ ਅਨੰਦ ਬਾਣੀ ਦਾ ਪਾਠ ਵੀ ਪੂਰੀ ਸ਼ਰਧਾ ਨਾਲ ਰੋਜ਼ਾਨਾ ਕੀਤਾ ਜਾਂਦਾ ਹੈ।

ਥੋੜ੍ਹੇ ਸ਼ਬਦਾਂ ਵਿੱਚ ਸਿਧਾਂਤਕ ਅਤੇ ਇਤਿਹਾਸਕ ਮਹੱਤਵ ਮਿਲਣ ਕਰਕੇ ਗੁਰੂ ਅਮਰਦਾਸ ਰਚਿਤ ਅਨੰਦ ਬਾਣੀ ਸਿੱਖ ਸਦਾਚਾਰ ਅਤੇ ਧਾਰਮਕ-ਮਰਯਾਦਾ ਦਾ ਪ੍ਰਤੀਕ ਬਣ ਚੁੱਕੀ ਹੈ। ਬੱਚੇ ਦੇ ਜਨਮ ਤੋਂ ਜੁਆਨਾਂ ਦੇ ਅਨੰਦ-ਕਾਰਜ (ਵਿਵਾਹ ਦੀ ਰਸਮ) ਅਤੇ ਜੁਆਨਾਂ ਦੇ ਅਨੰਦ-ਕਾਰਜ ਤੋਂ ਬਜ਼ੁਰਗਾਂ ਦੇ ਅੰਤਮ-ਸੰਸਕਾਰ ਤਕ, ਗੱਲ ਕੀ, ਹਰ ਖੁਸ਼ੀ ਤੇ ਗ਼ਮੀ ਦੇ ਸਮੇਂ ਰਾਮਕਲੀ-ਅਨੰਦੁ ਦਾ ਕੀਰਤਨ ਗਾਇਨ ਕੀਤਾ ਜਾਂਦਾ ਹੈ। ਆਮ ਕਰਕੇ ਸ਼ਬਦ-ਕੀਰਤਨ ਅਤੇ ਹੋਰ ਹਰ ਪਰਕਾਰ ਦੇ ਧਾਰਮਕ ਅਤੇ ਕਈ ਕਾਰੋਬਾਰਕ-ਸਮਾਗਮਾਂ ਦੀ ਸਮਾਪਤੀ ਸਮੇਂ ਅਰਦਾਸ ਤੋਂ ਪਹਿਲੇ ਰਾਮਕਲੀ-ਅਨੰਦੁ ਦੀਆਂ ਪੰਜ ਪਉੜੀਆਂ ਪੜ੍ਹ ਕੇ ਅੰਤਲੀ ਪਉੜੀ ਦੁਆਰਾ ਭੋਗ ਪਾਇਆ ਜਾਂਦਾ ਹੈ। ਬਹੁਤੀ ਵਾਰ ਇਨ੍ਹਾਂ ਪਉੜੀਆਂ ਨੂੰ ਸਾਰੀ ਸੰਗਤ ਰਲ ਕੇ ਪੜ੍ਹਦੀ ਹੈ। ਚਾਲੀਵੀਂ ਪਉੜੀ ਅਨੰਦ-ਬਾਣੀ ਦੇ ਮਹਾਤਮ ਦੀ ਹੈ ਅਤੇ ਮਹਿਮਾ ਪ੍ਰਕਾਸ਼[2] ਤੇ ਗੁਰਪ੍ਰਤਾਪ ਸੂਰਜ ਗ੍ਰੰਥ[3] ਅਨੁਸਾਰ ਚਾਲੀਵੀਂ ਪਉੜੀ ਗੁਰੂ ਅਰਜਨ ਦੇਵ ਨੇ ਰਚੀ ਸੀ। ਸੰਬੰਧਤ ਪਉੜੀ ਦੀਆਂ ਤੁਕਾਂ, ਗੁਰੂ ਅਮਰਦਾਸ ਰਚਿਤ ਅਨੰਦ-ਬਾਣੀ ਦੇ ਪੜ੍ਹਨ-ਸੁਣਨ ਦੁਆਰਾ "ਸਗਲ ਮਨੋਰਥ ਪੂਰੇ" ਹੋਣ ਤੋਂ ਬਿਨਾ ਦੁੱਖਾਂ, ਰੋਗਾਂ ਅਤੇ ਸੰਤਾਪਾਂ ਦੇ ਦੂਰ ਹੋਣ ਦਾ ਵਿਸ਼ਵਾਸ ਕਰਾਉਂਦੀਆਂ ਹਨ। ਇਨ੍ਹਾਂ ਤੁਕਾਂ ਨੂੰ ਪੜ੍ਹ ਕੇ ਕੌਣ ਹੈ, ਜੋ ਅਨੰਦ-ਬਾਣੀ ਦੇ ਮਹਾਤਮ ਤੋਂ ਇਨਕਾਰ ਕਰੇ:-

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ।
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ।
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ।
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ।
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ।
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ।
(ਰਾਮਕਲੀ ਮਹਲਾ 3 ਅਨੰਦੁ)[4]

ਵੈਸੇ ਜਿੱਥੋਂ ਤਕ ਸਿੱਖ ਨੌਜੁਆਨਾਂ ਦੇ ਵਿਵਾਹ ਦੀ ਰਸਮ ਦਾ ਸੰਬੰਧ ਹੈ, ਉਸ ਸਮੇਂ ਵੀ ਲਾਵਾਂ ਦੇ ਅੰਤ ਅਰਦਾਸ ਤੋਂ ਪਹਿਲਾਂ ਰਾਮਕਲੀ ਅਨੰਦੁ ਦੀਆਂ ਪੰਜ ਪਉੜੀਆਂ ਅਤੇ ਛੇਵੀਂ ਉੱਪਰ ਲਿਖੀ ਅਨੰਦ-ਮਹਾਤਮ ਦੀ ਪਉੜੀ ਜ਼ਰੂਰ ਪੜ੍ਹੀ ਜਾਂਦੀ ਹੈ। ਸਿੱਖ ਲੜਕੇ ਜਾਂ ਲੜਕੀ ਦੀ ਸ਼ਾਦੀ ਨੂੰ "ਅਨੰਦ-ਕਾਰਜ" ਦਾ ਨਾਮ ਵੀ ਸ਼ਾਇਦ ਇਸੇਲਈ ਦਿੱਤਾ ਗਿਆ ਹੈ, ਕਿ ਇਸ ਅਨੰਦਕਾਰ ਦੁਆਰਾ ਗੁਰਮਤਿ ਦੇ ਰਾਜ-ਮਾਰਗ ਵਲ ਸੰਕੇਤ

1. ਭਾਈ ਕਾਹਨ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1960, ਪੰਨਾ 593
2. ਸਰੂਪਦਾਸ ਭੱਲਾ- ਮਹਿਮਾ ਪ੍ਰਕਾਸ਼ (ਹੱਥ-ਲਿਖਤ), ਖਰੜਾ ਨੰ: 1151, ਸਿੱਖ ਰੈਫਰੈਂਸ ਲਾਇਬ੍ਰੇਰੀ, ਪੰਨਾ 425
3. ਕਵੀ ਸੰਤੋਖ ਸਿੰਘ- ਗੁਰਪ੍ਰਤਾਪ ਸੂਰਜ ਗ੍ਰੰਥ..... ਰਾਸਿ 1 ਅੰਸੂ 59
4. ਆਦਿ-ਗ੍ਰੰਥ.........ਪੰਨਾ 922

ਹੁੰਦਾ ਹੈ, ਜੋ ਅਨੰਦੁ-ਬਾਣੀ ਦਾ ਪ੍ਰਧਾਨ-ਵਿਸ਼ਾ ਹੈ। ਇਸੇਲਈ ਜਾਪਦਾ ਹੈ, ਕਿ ਅਨੰਦ ਦੀ ਮਰਯਾਦਾ ਬਿਨਾ ਗੁਰਸਿੱਖਾਂ ਲਈ ਵਿਵਾਹ ਦਾ ਭੁਗਤਨਾ ਵਿਵਰਜਿਤ ਬਣਾ ਦਿੱਤਾ ਗਿਆ ਸੀ। ਇਸ ਸੰਬੰਧੀ ਵੇਖੋ ਰਤਨ-ਮਾਲ[1] ਵਿੱਚ ਸੰਬੰਧਤ ਸਤਰਾਂ।

(ਅ) ਕਾਵਿ-ਗੁਣ :-

ਕਾਵਿ-ਗੁਣਾਂ ਦੀ ਦ੍ਰਿਸ਼ਟੀ ਤੋਂ ਗੁਰੂ ਅਮਰਦਾਸ ਰਚਿਤ ਰਾਮਕਲੀ ਅਨੰਦੁ ਇਕ ਅਤਿ-ਸੁੰਦਰ ਪ੍ਰਬੰਧ-ਕਾਵਿ ਹੈ। ਜਿੱਥੇ ਸਰੋਦੀ-ਰੂਪ ਵਾਲੇ ਨਿੱਕੇ ਨਿੱਕੇ ਸ਼ਲੋਕਾਂ ਅਤੇ ਪਦਿਆਂ ਦੀ ਰਚਨਾ ਆਮ ਕਰਕੇ ਜਜ਼ਬੇ ਦੇ ਤੀਬਰ-ਵੇਗ ਦੁਆਰਾ ਹੁੰਦੀ ਹੈ, ਉੱਥੇ ਵਿਚਾਰ-ਪ੍ਰਧਾਨ ਲੰਮੇਰੀਆਂ ਰਚਨਾਵਾਂ (ਪ੍ਰਬੰਧ-ਕਾਵਿ ਆਦਿਕ) ਵਿੱਚ ਜਜ਼ਬੇ ਦੀ ਚਾਲ ਕੁਝ ਮੱਠੀ ਪੈ ਜਾਂਦੀ ਹੈ। ਪਰ ਗੁਰੂ ਅਮਰਦਾਸ ਦੇ ਉਪਰੋਕਤ ਪ੍ਰਬੰਧ-ਕਾਵਿ ਦੀ ਵਿਸ਼ੇਸ਼ਤਾ ਇਸ ਗੱਲ ਵਿੱਚ ਹੈ, ਕਿ ਇਹ ਆਰੰਭ ਤੋਂ ਅਖੀਰ ਤਕ ਨਿਮ-ਸਲੰਮੇ ਸਰੋਦੀ-ਗੀਤ ਵਾਂਗ ਜਜ਼ਬੇ ਦੀ ਤਿੱਖੀ-ਲਹਿਰ ਉਤੇ ਨੱਚਦਾ ਤੁਰਿਆ ਜਾਂਦਾ ਹੈ। ਇੰਜ ਜਾਪਦਾ ਹੈ, ਜਿਵੇਂ ਅਨੰਦ-ਬਾਣੀ ਦੀ ਰਚਨਾ ਗੁਰਦੇਵ ਪਾਸੋਂ ਕਿਸੇ ਖਾਸ ਸੰਜੋਗੀ-ਘੜੀ ਮਹਾਨ-ਪ੍ਰੇਰਨਾ ਦੇ ਫਲ-ਸਰੂਪ ਹੋਈ ਹੋਵੇ। ਪਰ ਅਜਿਹੀ ਸੰਜੋਗੀ-ਘੜੀ ਨੂੰ ਕਿਸੇ ਬਾਲਕ ਦੇ ਜਨਮ ਨਾਲ ਜੋੜਨ ਦੀ ਥਾਂ ਗੁਰਦੇਵ ਦੀ ਸਮੁੱਚੀ-ਸ਼ਖ਼ਸੀਅਤ ਨੂੰ ਰੰਗਣ ਵਾਲੀ ਸਹਜ-ਪ੍ਰਾਪਤੀ ਦੀ ਆਨੰਦ-ਦਾਇਕ ਅਵੱਸਥਾ ਆਖਣਾ ਵਧੇਰੇ ਸ਼ੋਭਨੀਕ ਹੈ। ਇਹ ਗੰਗਾ, ਜਮਨਾ ਅਤੇ ਕੁਰਖੇਤਰ ਆਦਿਕ ਪਵਿੱਤਰ-ਅਸਥਾਨਾਂ ਉੱਤੇ ਭਟਕ ਭਟਕ, ਗੁਰੂ-ਦਰ ਪੁੱਜੀ ਜੀਵ-ਆਤਮਾ ਦਾ ਅੰਦਰਲੀ-ਖ਼ੁਸ਼ੀ ਪਾ ਕੇ ਅਧਮੋਈ-ਕਲੀ ਤੋਂ ਅਗੰਮੀ-ਖੇੜੇ ਵਿੱਚ ਆਣ ਚਟਕ ਪੈਣਾ, ਖ਼ੁਸ਼ਬੂਈ ਦੀ ਗੰਢ ਦਾ ਫੁੱਟਣਾ ਜਾਂ ਲੱਖੀ-ਰੰਗ ਦੇ ਇਲਾਹੀ-ਜਾਦੂ ਦਾ ਸਿਰ ਚੜ੍ਹ ਬੋਲ ਪੈਣਾ ਹੈ, ਜਿਵੇਂ:-

ਅਨੰਦੁ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ ।
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ।
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ।
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ।
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ।
(ਰਾਮਕਲੀ ਮ:3 ਅਨੰਦੁ)[2]

ਦੂਜੇ ਸ਼ਬਦਾਂ ਵਿੱਚ ਇਹ ਰਚਨਾ ਇਕ ਮਹਾਨ ਮਿਲਾਪ-ਗੀਤ ਹੈ। ਗੁਰਦੇਵ ਨੇ ਸ਼ਾਇਦ ਇਸੇਲਈ ਇਸ ਪ੍ਰਬੰਧ-ਕਾਵਿ ਨੂੰ "ਸੋਹਿਲਾ" ਅਤੇ "ਮੰਗਲ" ਭੀ ਆਖਿਆ ਹੈ, ਜਿਵੇਂ:-

(ੳ) ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ।
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ।
ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ।
(ਰਾਮਕਲੀ ਮ:3 ਅਨੰਦੁ)[3]

(ਅ) ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ।
ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ।
(ਰਾਮਕਲੀ ਮ:3 ਅਨੰਦੁ)[4]

---
1. ਰਤਨ-ਮਾਲਾ ਬਾਰੇ ਹਵਾਲਾ (ਵੇਖੋ: ਭਾਈ ਕਾਹਨ ਸਿੰਘ-ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1960, ਪੰਨਾ 48)
2. ਆਦਿ-ਗ੍ਰੰਥ..............ਪੰਨਾ 917
3. ਆਦਿ-ਗ੍ਰੰਥ..............ਪੰਨਾ 921
4. ਆਦਿ-ਗ੍ਰੰਥ..............ਪੰਨਾ 922

ਵੈਸੇ ਖਿਆਲਾਂ ਦੀ ਉਸਾਰੀ, ਗਿਆਨ-ਬਣਤਰ ਅਨੁਸਾਰ ਪਰਿਪੂਰਨ ਹੋਣ ਕਰਕੇ ਅਨੰਦੁ-ਬਾਣੀ ਇਕ ਸਫਲ ਪ੍ਰਬੰਧ-ਕਾਵਿ ਹੈ। ਉਨਤਾਲੀ ਦੀਆਂ ਉਨਤਾਲੀ[1] ਪਉੜੀਆਂ ਇੱਕੋ-ਕੇਂਦਰੀ-ਵਿਚਾਰ ਦੀ ਉਸਾਰੀ ਕਰਦੀਆਂ ਹਨ। ਵੱਖ ਵੱਖ ਅਵੱਸਥਾਵਾਂ ਲਈ ਵੱਖੋ ਵੱਖਰੀਆਂ ਪਉੜੀਆਂ ਦੇ ਜੁੱਟ ਹਨ। ਹਰ ਤੁਕ ਪਉੜੀ ਦੇ ਡੰਡਿਆਂ ਵਾਂਗ ਸੰਬੰਧਤ ਪਉੜੀ ਦਾ ਅਨਿਖੜ-ਅੰਗ ਹੈ ਅਤੇ ਇਸੇ ਤਰ੍ਹਾਂ ਹਰ ਪਉੜੀ ਅਨੰਦੁ-ਬਾਣੀ ਦੇ ਕੇਂਦਰੀ-ਵਿਚਾਰ ਨੂੰ ਪ੍ਰਸਾਰਨ, ਵਿਸਥਾਰਨ ਜਾਂ ਸਪਸ਼ਟ ਕਰਨ ਵਿੱਚ ਮਹੱਤਵ-ਪੂਰਨ ਭਾਗ ਲੈਂਦੀ ਹੈ। ਇਸੇ ਲਈ ਇਹ ਰਚਨਾ ਇਕ ਸੁੰਦਰ ਪ੍ਰਬੰਧ-ਕਾਵਿ ਹੈ। ਪਰ ਗੁਰੂ ਨਾਨਕ ਰਚਿਤ "ਜਪੁਜੀ" ਅਤੇ ਗੁਰੂ ਅਰਜਨ ਰਚਿਤ "ਸੁਖਮਨੀ" ਦੇ ਟਾਕਰੇ ਵਿੱਚ ਗੁਰੂ ਅਮਰਦਾਸ ਰਚਿਤ "ਅਨੰਦੁ" ਕੇਂਦਰੀ-ਵਿਸ਼ੇ ਦੇ ਪੱਖ ਤੋਂ ਇਕ ਇਕਹਿਰੀ ਅਤੇ ਪੀਡੀ ਗੋਂਦ ਵਾਲਾ ਪ੍ਰਬੰਧ-ਕਾਵਿ ਹੈ। ਡਾ: ਤਾਰਨ ਸਿੰਘ[2] ਦੇ ਸ਼ਬਦਾਂ ਵਿੱਚ "ਜਪੁਜੀ ਸਾਹਿਬ ਦਾ ਵਿਚਾਰਾਤਮਕ ਪ੍ਰਭਾਵ ਬਹੁ-ਅੰਗੀ ਹੈ, ਪਰ ਅਨੰਦੁ ਸਾਹਿਬ ਦਾ ਪ੍ਰਭਾਵ ਇਕ ਨੁਕਤੇ ਤੇ ਕੇਂਦ੍ਰਤ ਹੋਣ ਦਾ ਹੈ। ਕਵੀ ਸਿੱਧਾ ਆਪਣੇ ਕੇਂਦ੍ਰੀ-ਵਿਸ਼ੇ ਵਲ ਜਾਂਦਾ ਹੈ ਅਤੇ ਉਸੇ ਦੀਆਂ ਸਾਰੀਆਂ ਸੰਭਾਵਨਾਵਾਂ ਪਰਗਟ ਕਰਦਾ ਉਸੇ ਤੇ ਅੰਤ ਕਰਦਾ ਹੈ। ਸੁਖਮਨੀ ਸਾਹਿਬ ਵੀ ਵਿਸ਼ੇ-ਵਸਤੂ ਵਿਚ ਅਨੇਕ-ਪੱਖੀ ਹੈ- ਅਨੰਦੁ ਸਾਹਿਬ ਇਕ-ਪੱਖੀ ਹੈ, ਜਿਸਦਾ ਕੇਂਦ੍ਰ ਅਨੰਦੁ ਹੀ ਹੈ ਅਤੇ ਸਾਰੀ ਰਚਨਾ ਅਨੰਦ ਦੁਆਲੇ ਹੀ ਘੁੰਮਦੀ ਹੈ। ਇਸ ਕਰਕੇ ਭਾਵੇਂ ਇਸ ਰਚਨਾ ਵਿਚ ਜਪੁਜੀ ਤੇ ਸੁਖਮਨੀ ਦੀ ਵਿਸ਼ਾਲਤਾ ਨਹੀਂ ਹੈ, ਪਰ ਇਹ ਆਪਣੇ ਮੰਤਵ ਵਿਚ ਬੜੀ ਦ੍ਰਿੜ੍ਹ ਹੋਣ ਕਰਕੇ ਇਹ ਮਹਾਨ ਕਾਵਿ ਚਮਤਕਾਰ ਹੈ।"

ਰਾਮਕਲੀ-ਅਨੰਦੁ ਦਾ ਦੂਸਰਾ ਕਾਵਿਕ-ਗੁਣ ਇਸਦੀ ਅਨੂਪਮ ਛੰਦ-ਚਾਲ ਹੈ। ਬੇਸ਼ਕ ਰਵਾਇਤੀ-ਪਿੰਗਲ ਦੀ ਦ੍ਰਿਸ਼ਟੀ ਤੋਂ ਪਉੜੀਆਂ ਵਿੱਚ ਮਾਤ੍ਰਾ ਦੀ ਗਿਣਤੀ ਅੱਡ ਅੱਡ ਹੋਣ ਕਾਰਨ ਇਨ੍ਹਾਂ ਨੂੰ ਵਿਖਮ-ਛੰਦਕ ਪਉੜੀਆਂ ਆਖਣਾ ਵਧੇਰੇ ਠੀਕ ਹੈ, ਪਰ ਰਾਗ-**ਵਿਦਿਆ** ਅਨੁਸਾਰ ਇਨ੍ਹਾਂ ਪਉੜੀਆਂ ਵਿੱਚ ਤਾਲ ਦੀ ਇਕਸਾਰਤਾ ਹੈਰਾਨ ਕਰਨ ਵਾਲੀ ਹੈ। ਜਿਸ ਕਿਸੇ ਨੇ ਕਦੇ ਅਨੰਦ-ਬਾਣੀ ਦੀਆਂ ਪਹਿਲੀਆਂ ਪੰਜਾਂ ਪਉੜੀਆਂ ਦਾ ਭੀ ਕੀਰਤਨ ਸੁਣਿਆ ਹੈ, ਉਹ ਤਬਲੇ ਦੇ ਤਾਲ ਤੇ ਨੱਚਦੀਆਂ ਸ਼ਬਦਾਂ ਦੀਆਂ ਧੁਨਾਂ ਦੀ ਸਾਖੀ ਭਰਨ ਬਿਨਾ ਨਹੀਂ ਰਹਿ ਸਕਦਾ । ਤੁਕ ਲੰਮੀ ਹੈ ਜਾਂ ਛੋਟੀ, ਪਰ ਤਾਲ ਕਿਤੇ ਨਹੀਂ ਟੁੱਟਦਾ । ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੇ "ਛੰਤਾਂ" ਵਿੱਚ ਵਰਤੇ ਗਏ "ਕਲਸ" ਛੰਦ ਵਾਂਗ ਰਾਮਕਲੀ ਅਨੰਦੁ ਦੀਆਂ ਪਉੜੀਆਂ ਵਿੱਚ ਭੀ ਆਮ ਕਰਕੇ ਪਹਿਲੀ (ਪੰਜਾਂ ਤੁਕਾਂ ਵਾਲੀਆਂ ਪਉੜੀਆਂ ਵਿੱਚ) ਜਾਂ ਦੂਸਰੀ ਤੁਕ (ਛੇ ਤੁਕਾਂ ਵਾਲੀਆਂ ਪਉੜੀਆਂ ਵਿੱਚ) ਦਾ ਪਿਛਲਾ ਭਾਗ (ਕਈ ਵਾਰ ਮਾਮੂਲੀ ਜਿਹੀ ਬਦਲੀ ਉਪਰੰਤ) ਆਪਣੇ ਤੋਂ ਅਗਲੀ ਤੁਕ ਦਾ ਪਹਿਲਾ ਭਾਗ ਬਣ ਕੇ ਛੰਦ ਦੀ ਚਾਲ ਵਿੱਚ ਨਵਾਂ ਹੁਲਾਰਾ ਪੈਦਾ ਕਰਕੇ ਸਰੋਤਿਆਂ ਦੇ ਕੰਨ-ਰਸ ਵਿੱਚ ਵਾਧਾ ਕਰਦਾ ਹੈ। ਇਸੇ ਤਰ੍ਹਾਂ ਹਰ ਪਉੜੀ ਦੀ ਪਹਿਲੀ ਤੁਕ ਆਮ ਕਰਕੇ ਉਸੇ ਪਉੜੀ ਦੀ ਅੰਤਲੀ ਤੁਕ ਬਣ ਕੇ ਭੀ ਸੰਬੰਧਤ ਪਉੜੀ ਵਿਚਲੇ ਭਾਵ ਨੂੰ ਦ੍ਰਿੜ੍ਹ ਕਰਦੀ ਪ੍ਰਤੀਤ ਹੁੰਦੀ ਹੈ। ਉਦਾਹਰਨ ਵਜੋਂ ਹੇਠ ਲਿਖੀ ਪਉੜੀ ਤਾਲ ਅਤੇ ਭਾਵ ਦੇ ਉਪੱਰ ਕਥਿਤ ਗੁਣਾਂ ਦੀ ਪੁਸ਼ਟੀ ਕਰਨ ਤੋਂ

---

1. ਇਹ ਸਿੱਧ ਸਾਬਤ ਕੀਤਾ ਜਾ ਚੁੱਕਾ ਹੈ, ਕਿ ਗੁਰੂ ਅਮਰਦਾਸ ਨੇ 39 ਪਉੜੀਆਂ ਰਚੀਆਂ ਸਨ (ਵਿਸਥਾਰ ਲਈ ਵੇਖੋ ਇਸੇ ਥੀਸਿਸ ਦਾ ਪੰਨਾ 45)।
2. ਡਾ: ਤਾਰਨ ਸਿੰਘ- ਸਹਜ ਤੇ ਅਨੰਦ (ਪਹਿਲੀ ਐਡੀਸ਼ਨ), 1963, ਪੰਨਾ 214

ਕਵਿਤਾ ਨੂੰ ਸ਼ਿੰਗਾਰਨ ਵਾਲੇ ਅਲੰਕਾਰਕ-ਗੁਣਾਂ ਦੀ ਭੀ ਧਾਰਨੀ ਹੈ:-

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ।
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ।
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ।
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ।
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ।

(ਰਾਮਕਲੀ ਮ:3 ਅਨੰਦੁ)[1]

ਬੋਲੀ ਦੀ ਠੇਠਤਾ, ਬਿਆਨ ਦੀ ਸਰਲਤਾ, ਜਜ਼ਬੇ ਦੀ ਨਿਸ਼ਛਲਤਾ ਅਤੇ ਰਸ ਦੀ ਇਕਾਗਰਤਾ ਦੇ ਕਾਰਨ ਅਨੰਦ-ਬਾਣੀ ਵਿਚਲੇ ਡੂੰਘੇ ਤੋਂ ਡੂੰਘੇ ਭਾਵ ਅਤਿ ਦਰਜੇ ਦੇ ਸਰਲ ਅਤੇ ਸਪਸ਼ਟ ਹੋ ਨਿਬੜੇ ਹਨ।

ਇਹ ਗੁਰਦੇਵ ਦੀ ਕਲਪਨਾ-ਸ਼ਕਤੀ ਦਾ ਚਮਤਕਾਰ ਹੈ, ਕਿ ਉਨ੍ਹਾਂ ਸੂਖਮ ਅਤੇ ਅਸਥੂਲ, ਅਦ੍ਰਿਸ਼ਟ ਅਤੇ ਦ੍ਰਿਸ਼ਟਮਾਨ, ਆਤਮਕ ਅਤੇ ਸਰੀਰਕ ਅਰਥਾਤ ਅੰਤਰਮੁਖੀ ਅਤੇ ਬਾਹਰਮੁਖੀ ਪ੍ਰਕ੍ਰਿਤੀ ਦੀਆਂ ਤਸਵੀਰਾਂ ਨਿੱਕੇ ਨਿੱਕੇ ਸ਼ਬਦਾਂ, ਵਾਕਾਂ, ਚਿੰਨ੍ਹਾਂ ਤੇ ਪ੍ਰਤੀਕਾਂ ਦੁਆਰਾ ਇਤਨੀ ਸਫਲਤਾ ਨਾਲ ਉਲੀਕੀਆਂ ਹਨ, ਕਿ ਉਨ੍ਹਾਂ ਨੂੰ ਸਾਰੀ-ਦੁਨੀਆਂ ਦੇ ਅਧਿਆਤਮਕ-ਸਾਹਿਤ ਵਿੱਚ ਸਤਿਕਾਰ-ਯੋਗ ਅਸਥਾਨ ਮਿਲ ਸਕਦਾ ਹੈ। ਕੁਝ ਇਕ ਉਪਮਾਵਾਂ, ਰੂਪਕਾਂ, ਦ੍ਰਿਸ਼ਟਾਂਤਾਂ, ਕਾਵਿ-ਬਿੰਬਾਂ ਅਤੇ ਪ੍ਰਤੀਕਾਂ ਦੀਆਂ ਉਦਾਹਰਨਾਂ ਹਾਜ਼ਰ ਹਨ:-

(ੳ) ਹਰਿ ਜੋਤਿ ਰਖੀ ਤੁਧੁ ਵਿਚਿ ... 

ਹਰਿ ਜੋਤਿ ਰੂਡਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ।
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ।
(ਪਉੜੀ ਨੰ:38)[2]

(ਅ) ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ...(ਪਉੜੀ ਨੰ:33)[3]

(ੲ) ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ।.(ਪਉੜੀ ਨੰ:29)[3]

(ਸ) ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ।..(ਪਉੜੀ ਨੰਬਰ 10)[4]

(ਹ) ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ।...(ਪਉੜੀ ਨੰ:14)[4]

(ਕ) ਹਰਿ ਰਾਸਿ ਮੇਰੀ ਮਨੁ ਵਣਜਾਰਾ ।.......................(ਪਉੜੀ ਨੰ:31)[3]

(ਖ) ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ।.........(ਪਉੜੀ ਨੰ:25)[5]

(ਗ) ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ।
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ।
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ।
(ਪਉੜੀ ਨੰ:5)[1]

(ਘ) ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ।
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ।.........(ਪਉੜੀ ਨੰ:34)[3]

(ਙ) ਤਹ ਅਨੇਕ ਰੂਪ ਨਾਉ ਨਵਨਿਧਿ ਤਿਸਦਾ ਅੰਤੁ ਨ ਜਾਈ ਪਾਇਆ ।
(ਪਉੜੀ ਨੰ:38)[2]

---

1. ਆਦਿ-ਗ੍ਰੰਥ..............ਪੰਨਾ 917
2. ਆਦਿ-ਗ੍ਰੰਥ..............ਪੰਨਾ 922
3. ਆਦਿ-ਗ੍ਰੰਥ..............ਪੰਨਾ 921
4. ਆਦਿ-ਗ੍ਰੰਥ..............ਪੰਨਾ 918
5. ਆਦਿ-ਗ੍ਰੰਥ..............ਪੰਨਾ 920

ਗੁਰੂ ਅਮਰਦਾਸ ਦੀ ਬੋਲੀ ਅਤੇ ਅਨੁਭਵ ਦਾ ਸੰਬੰਧ ਦਰਸਾਉਣ ਸਮੇਂ (ਵੇਖੋ ਇਸੇ ਥੀਸਿਸ ਦਾ ਪੰਨਾ 204) ਅਸਾਂ ਮਨੁੱਖੀ-ਸਰੀਰ ਨਾਲ ਸੰਬੰਧਤ ਸ਼ਬਦਾਵਲੀ ਦਾ ਵਰਣਨ ਕਰਦਿਆਂ ਇਸ ਗੱਲ ਵਲ ਭੀ ਸੰਕੇਤ ਕੀਤਾ ਸੀ, ਕਿ ਗੁਰਦੇਵ ਨੇ ਸਰੀਰ ਅਤੇ ਸਰੀਰਕ-ਅੰਗਾਂ ਨਾਲ ਇਸ ਤਰ੍ਹਾਂ ਗੱਲਾਂ ਕੀਤੀਆਂ ਹਨ, ਜਿਵੇਂ ਅੱਡ ਅੱਡ ਸਰੀਰਕ-ਅੰਗ ਅੱਡ ਅੱਡ ਮਨੁੱਖੀ-ਜਜ਼ਬਿਆਂ ਦੇ ਪ੍ਰਤੀਕ ਹੋਣ। ਬੇਸ਼ੱਕ ਸੰਬੰਧਤ ਤੁਕਾਂ ਨੂੰ ਇੱਥੇ ਦੁਹਰਾਉਣ ਦੀ ਲੋੜ ਨਹੀਂ, ਪਰ ਇਹ ਸੰਕੇਤ ਕਰਨਾ ਜ਼ਰੂਰੀ ਹੈ, ਕਿ ਗੁਰੂ ਅਮਰਦਾਸ ਦੀ ਬਾਣੀ ਵਿੱਚ ਅਨੁਪ੍ਰਾਸ-ਭਰਿਆ ਵਰਣਨ ਵੇਖਣਾ ਹੋਵੇ, ਤਾਂ ਸੰਬੰਧਤ ਤੁਕਾਂ ਬਾਰ ਬਾਰ ਪੜ੍ਹਨ ਨੂੰ ਜੀਅ ਕਰਦਾ ਹੈ। ਸਰੀਰਕ-ਅੰਗਾਂ ਅਤੇ ਘਰੋਗੀ-ਵਾਤਾਵਰਨ ਦੁਆਰਾ ਸੂਖਮ ਤੋਂ ਸੂਖਮ ਆਤਮਕ-ਭੇਤਾਂ ਨੂੰ ਖੋਲ੍ਹਦੇ ਚਲੇ ਜਾਣਾ, ਗੁਰੂ ਅਮਰਦਾਸ ਦੀ ਸਮੁੱਚੀ-ਬਾਣੀ ਦੀ ਵਿਸ਼ੇਸ਼ਤਾ ਹੈ, ਪਰ ਰਾਮਕਲੀ-ਅਨੰਦੁ ਦੀਆਂ ਪਉੜੀਆਂ ਵਿੱਚ ਇਹ ਕਲਾ ਆਪਣੀਆਂ ਸਿਖਰਾਂ ਨੂੰ ਛੋਹਦੀ ਪ੍ਰਤੀਤ ਹੁੰਦੀ ਹੈ।

ਗੁਰੂ ਨਾਨਕ ਰਚਿਤ "ਜਪੁਜੀ" ਅਤੇ ਗੁਰੂ ਅਰਜਨ ਰਚਿਤ "ਸੁਖਮਨੀ" ਦਾ ਪਾਠ ਬਾਰ ਬਾਰ ਹੋਣ ਕਰਕੇ ਸੰਬੰਧਤ ਬਾਣੀਆਂ ਭੀ ਲੱਖਾਂ ਪੜ੍ਹੇ ਤੇ ਅਨਪੜ੍ਹੇ ਸ਼ਰਧਾਲੂਆਂ ਨੂੰ ਕੰਠ ਹੋ ਚੁੱਕੀਆਂ ਹਨ ਅਤੇ ਜ਼ੁਬਾਨੀ ਯਾਦ ਹੋਣ ਕਰਕੇ ਉਨ੍ਹਾਂ ਦੀ ਬੋਲੀ ਭੀ ਸੁਖੈਨ ਜਾਪਦੀ ਹੈ, ਪਰ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਵਾਚਿਆਂ ਉਨ੍ਹਾਂ ਬਾਣੀਆਂ ਵਿਚਲੀ ਬੋਲੀ ਸੋਲ੍ਹਵੀਂ ਸਦੀ ਦੇ ਪੰਜਾਬੀ ਜਨ-ਸਧਾਰਨ ਦੇ ਇਤਨੇ ਨੇੜੇ ਦੀ ਨਹੀਂ ਜਾਪਦੀ, ਜਿਤਨੀ ਕਿ ਗੁਰੂ ਅਮਰਦਾਸ ਰਚਿਤ ਅਨੰਦ-ਬਾਣੀ ਦੀ ਬੋਲੀ ਉਸ ਸਮੇਂ ਦੇ ਜਨ-ਸਧਾਰਨ ਦੇ ਕਰੀਬ ਪ੍ਰਤੀਤ ਹੁੰਦੀ ਹੈ। ਪਰ ਇਸਦਾ ਇਹ ਕਦਾਚਿਤ ਭਾਵ ਨਹੀਂ, ਕਿ ਅਨੰਦ-ਬਾਣੀ ਵਿਚਲਾ ਅਧਿਆਤਮਕ-ਅਨੁਭਵ ਸਧਾਰਨ-ਪੱਧਰ ਦਾ ਹੈ। ਸਗੋਂ ਇਸਦੇ ਉਲਟ ਇਹ ਆਖਣਾ ਠੀਕ ਹੈ, ਕਿ ਗੁਰੂ ਅਮਰਦਾਸ ਨੇ ਅਧਿਆਤਮਕ-ਜੀਵਨ ਦੇ ਉੱਚੇ ਤੋਂ ਉੱਚੇ ਅਤੇ ਡੂੰਘੇ ਤੋਂ ਡੂੰਘੇ ਭੇਤਾਂ ਨੂੰ ਸੌਖੀ ਤੋਂ ਸੌਖੀ ਬੋਲੀ ਦੁਆਰਾ ਖੋਲ੍ਹਣ ਵਿੱਚ ਅਦੁੱਤੀ-ਸਫਲਤਾ ਪ੍ਰਾਪਤ ਕੀਤੀ ਹੈ। ਅਨੰਦ-ਬਾਣੀ ਵਿੱਚ ਸੰਘਣੇ ਤੋਂ ਸੰਘਣੇ ਵਿਚਾਰਾਂ ਵਿੱਚ ਗੁੰਦੀਆਂ ਤੁਕਾਂ ਭੀ ਅਨੇਕਾਂ ਹਨ ਅਤੇ ਇਸ ਵਿੱਚ ਕੋਈ ਅਤਿਕਥਨੀ ਨਹੀਂ, ਕਿ ਕਈ ਤੁਕਾਂ ਦੀ ਵਿਆਖਿਆ ਵਿੱਚ ਲੰਮੇ ਲੇਖ ਲਿਖੇ ਜਾ ਸਕਦੇ ਹਨ। ਉਦਾਹਰਨ ਵਜੋਂ ਦੋ ਤਿੰਨ ਤੁਕਾਂ ਹੇਠਾਂ ਪੇਸ਼ ਕੀਤੀਆਂ ਜਾਂਦੀਆਂ ਹਨ:-

(ੳ) ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ।......(ਪਉੜੀ ਨੰ:5)[1]
(ਅ) ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥..(ਪਉੜੀ ਨੰ:27)[2]
(ੲ) ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ।...(ਪਉੜੀ ਨੰ:18)[3]
(ਸ) ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ।................................(ਪਉੜੀ ਨੰ:36)[4]

ਉਪਰੋਕਤ ਤੁਕਾਂ ਵਿੱਚੋਂ ਪਹਿਲੀ ਤੁਕ ਤੋਂ ਪ੍ਰਭਾਵਤ ਹੋ ਕੇ ਭਾਈ ਵੀਰ ਸਿੰਘ[5] ਵਰਗੇ **ਮਹਾਨ** ਚਿੰਤਕ ਨੇ "ਸ਼ਬਦ ਦੇ ਭਾਵ ਤੇ ਰਾਗ ਦੀ ਤਾਸੀਰ" ਨਾਮੀ ਲੇਖ ਦੁਆਰਾ, ਸ਼ਬਦ, ਬਾਣੀ ਅਤੇ ਰਾਗ ਦੇ ਜਨਮ

---

1. ਆਦਿ-ਗ੍ਰੰਥ..................ਪੰਨਾ 917
2. ਆਦਿ-ਗ੍ਰੰਥ..................ਪੰਨਾ 920
3. ਆਦਿ-ਗ੍ਰੰਥ..................ਪੰਨਾ 919
4. ਆਦਿ-ਗ੍ਰੰਥ..................ਪੰਨਾ 922
5. ਭਾਈ ਵੀਰ ਸਿੰਘ ਦਾ ਲੇਖ (ਸ਼ਬਦ ਦੇ ਭਾਵ ਤੇ ਰਾਗ ਦੀ ਤਾਸੀਰ)-ਵੇਖੋ: ਗੁਰਮਤਿ ਸੰਗੀਤ ਨਿਰਣਯ (ਦੂਜੀ ਐਡੀਸ਼ਨ), 1958, ਪੰਨਾ 5 ਅਤੇ 6 ।

ਬਾਰੇ ਖੋਜ ਕਰਦਿਆਂ ਇਕ ਤਰ੍ਹਾਂ ਗੁਰੂ ਅਮਰਦਾਸ ਦੇ ਕਾਵਿ-ਅਨੁਭਵ ਨੂੰ ਹੀ ਸ਼ਰਧਾਂਜਲੀ ਪੇਸ਼ ਕੀਤੀ ਹੈ। ਮਨੁੱਖੀ-ਜੀਵਨ ਦੇ ਬੁਨਿਆਦੀ-ਸੁਆਲਾਂ(ਮਨੁੱਖੀ-ਜੀਵਨ ਦਾ ਮਨੋਰਥ, ਮਨਮੋਹਿਨੀ-ਮਾਇਆ ਦੇ ਜਾਲ ਵਿੱਚੋਂ ਨਿਕਲਣ ਦਾ ਉਪਾਰੰ, ਸਹਜ ਅਤੇ ਅਨੰਦੁ ਦੀ ਪ੍ਰਾਪਤੀ, ਆਦਿਕ) ਦਾ ਜੁਆਬ ਢੂੰਡਣ ਲਈ ਵੱਡੇ ਗ੍ਰੰਥਾਂ ਨੂੰ ਫੋਲ੍ਹਣ ਦੀ ਲੋੜ ਨਹੀਂ, ਗੁਰੂ ਅਮਰਦਾਸ ਰਚਿਤ "ਅਨੰਦੁ" ਦੀ ਬਾਣੀ ਅਨੁਸਾਰ ਜੀਵਨ ਨੂੰ ਢਾਲਣ ਨਾਲ "ਸਗਲ ਮਨੋਰਥ ਪੂਰੇ" ਹੋ ਸਕਦੇ ਹਨ। ਪਰ "ਅਨੰਦੁ" ਦੇ ਫਲਸਫੇ ਨੂੰ ਸਮਝਣਾ ਇਤਨਾ ਸੌਖਾ ਨਹੀਂ ਜਿਤਨਾ ਜਾਪਦਾ ਹੈ। ਗੁਰਬਾਣੀ ਦੇ ਸ਼ਬਦਾਰਥ ਨੂੰ ਜਾਣ ਲੈਣਾ ਹੋਰ ਗੱਲ ਹੈ, ਪਰ ਅੰਤ੍ਰੀਵ-ਅਰਥਾਂ ਤਕ ਪਹੁੰਚਣ ਲਈ ਸਰੋਤੇ ਜਾਂ ਸਾਧਕ ਨੂੰ ਆਪਣਾ ਸਮੁੱਚੀ-ਜੀਵਨ ਗੁਰਬਾਣੀ ਦੇ ਆਦਰਸ਼ ਨਾਲ ਇਕਸੁਰ ਕਰਨਾ ਜ਼ਰੂਰੀ ਹੈ। ਅਜਿਹੀ ਇਕਸੁਰਤਾ ਇਕ ਦਿਨ ਵਿੱਚ ਨਹੀਂ ਆਉਂਦੀ । ਇਹ "ਖੰਨਿਅਹੁ ਤਿਖੀ ਵਾਲਹੁ ਨਿਕੀ" ਸਾਧਨਾ ਹੈ। ਪਰ ਇਹ ਹਠ-ਯੋਗ ਦੀ ਥਾਂ ਸਹਜ-ਮਾਰਗ ਦੀ ਸਾਧਨਾ ਹੈ। ਇਸ ਬਾਰੇ ਅੱਗੇ ਚੱਲ ਕੇ ਵਿਸਥਾਰ ਸਹਿਤ ਵਿਚਾਰ ਕੀਤੀ ਜਾਵੇਗੀ ।

(ੲ) <u>ਅਨੁਭਵ ਦੀ ਮਹਾਨਤਾ:-</u>

ਗੁਰੂ ਅਮਰਦਾਸ ਦੀ ਰਚਨਾ "ਅਨੰਦੁ" ਦੇ ਸਿਧਿਰਾਸਕ, ਇਤਿਹਾਸਕ ਅਤੇ ਸਾਹਿਤਕ ਮਹੱਤਵ ਨੂੰ ਦਰਸਾਉਣ ਉਪਰੰਤ ਹੁਣ ਉਸ ਵਿਰਲੇ ਮਹਾਨ ਅਨੁਭਵ ਬਾਰੇ ਵਿਚਾਰ ਕੀਤੀ ਜਾਵੇਗੀ । ਸ਼ਾਇਦ ਅਨੁਭਵ ਦੀ ਮਹਾਨਤਾ ਕਰਕੇ ਹੀ ਕਈ ਪ੍ਰਾਚੀਨ ਟੀਕਾਕਾਰ ਅਤੇ ਵਿਆਖਿਆਕਾਰ ਗੁਰੂ ਨਾਨਕ ਦੀ ਲੋਕ-ਪ੍ਰਿਯ ਰਚਨਾ "ਜਪੁਜੀ" ਵਾਂਗ ਹੀ "ਅਨੰਦੁ" ਬਾਣੀ ਦੇ ਟੀਕੇ ਭੀ ਸਮੇਂ ਸਮੇਂ ਕਰਦੇ ਰਹੇ ਹਨ। ਭਾਸ਼ਾ ਵਿਭਾਗ(ਪਟਿਆਲਾ) ਵਲੋਂ ਛਪੀ "ਹੱਥ-ਲਿਖਤਾਂ ਦੀ ਸੂਚੀ"[2] ਵਿੱਚ ਭੀ 1836 ਅਤੇ 1859 ਬਿਕ੍ਰਮੀ ਦੇ ਦੋ ਪੁਰਾਤਨ ਖਰੜਿਆਂ ਵਲ ਸੰਕੇਤ ਮਿਲਦਾ ਹੈ, ਜੋ ਸੰਬੰਧਤ ਵਿਦਵਾਨਾਂ ਨੇ ਅਨੰਦ-ਬਾਣੀ ਦੀ ਵਿਆਖਿਆ ਵਜੋਂ ਲਿਖੇ ਸਨ। ਪਰ ਆਮ ਕਰਕੇ ਪ੍ਰਾਚੀਨ(ਅਤੇ ਕਾਫੀ ਹੱਦ ਤਕ ਆਧੁਨਿਕ ਭੀ) ਪੰਜਾਬੀ ਵਿਆਖਿਆਕਾਰ, ਅਨੰਦ ਦੇ **ਦਾਰਸ਼ਨਿਕ-ਪਿਛੋਕੜ** ਵਿੱਚ ਜਾਣ ਦੀ ਥਾਂ ਬਾਣੀ ਦੇ ਸ਼ਬਦਾਰਥ ਜਾਂ ਸਧਾਰਨ ਵਿਆਖਿਆ ਤਕ ਹੀ ਰਹਿ ਗਏ ਜਾਪਦੇ ਹਨ। ਉਦਾਹਰਨ ਵਜੋਂ ਸਟੇਟ ਆਰਕਾਈਵਜ਼(ਪਟਿਆਲਾ) ਵਿੱਚ ਪਏ ਰਾਮ ਦਿਆਲ[1](ਅਨੰਦ-ਘਨ ਉਦਾਸੀ ਦਾ ਚੇਲਾ) ਦੇ "ਅਨੰਦ-ਅਰਥ"(ਅਨੰਦ-ਬਾਣੀ ਦੀ ਵਿਆਖਿਆ) ਵਿੱਚੋਂ ਕੁਝ **ਸਤਰਾਂ**(ਜੋ ਰਾਮਕਲੀ-ਅਨੰਦ ਦੀਆਂ ਮੁਢਲੀਆਂ ਤੁਕਾਂ ਨਾਲ ਸੰਬੰਧਤ ਹਨ) ਪੇਸ਼ ਕੀਤੀਆਂ ਜਾਂਦੀਆਂ ਹਨ:-

> "ਜੋ ਜਨਮ ਕੋ ਦੇਣੇ ਵਾਲੀ ਹੈ ਤਿਸਦਾ ਨਾਮ ਮਾਤਾ ਹੈ। ਸੋ ਜਨਮ ਕੇ ਦੇਣੇ ਵਾਲੀ ਕਵਨ ਹੈ। ਕਰਮਗਤਿ । ਜੈਸੇ ਕੋ ਕਰਮ ਕਰਤਾ ਹੈ, ਕਰਮਗਤਿ ਤਿਸਕੋ ਤੈਸਾ ਹੀ ਜਨਮ ਦੇਤੀ ਹੈ। ਤਾਤੇ ਮਾਤਾ ਕਰਮਗਤਿ ਹੈ। ਗੁਰੂ ਅਮਰਦਾਸ ਕਹਤੇ ਹੈ ਕਰਮਗਤਿ ਕੋ। ਹੇ ਮੇਰੀ ਮਾਤਾ ਅਬ ਅਨੰਦ ਭਇਆ। ਜੋ ਕਰਮਗਤਿ ਕਹੇ, ਆਨੰਦ ਕਾ ਹੋਣਾ ਤੋ ਕਠਨ ਹੈ। ਜਿਸਕੋ ਸੁਖ ਹੋਤਾ ਹੈ ਤਿਸਕੋ ਦੁਖ ਭੀ ਹੋਤਾ ਹੈ, ਦੁਖੁ ਕਭੀ ਭੀ ਨ ਹੋਵੇ ਸਦਾ ਸੁਖ ਹੀ ਰਹੇ ਇਸੀ ਕਾ ਨਾਮ ਆਨੰਦ ਹੈ। ਸੋ ਐਸਾ ਹੋਣਾ ਤੋ ਬਹੁਤ ਕਠਨ ਹੈ। ਤੈਨੇ ਐਸਾ ਕਿਆ ਪਾਇਆ ਹੈ ਜੋ ਤੂੰ ਕਹਿਤਾ ਹੈ ਮੇਰੇ ਤਾਈ ਆਨੰਦ ਭਇਆ । ਇਹ ਜੋ ਕਰਮਗਤਿ ਕਾ ਪ੍ਰਸ਼ਨ ਹੈ। ਤਿਸੀ ਕਾ ਉਤਰ ਗੁਰੂ ਅਮਰਦਾਸ ਕਹਿਤੇ ਹੈ, ਸਤਿਗੁਰੂ ਮੈ ਪਾਇਆ । ਸਤਿਪੁਰਖ ਕਾ ਗਿਆਤਾ ਗੁਰੂ

---

1. ਰਾਮ ਦਿਆਲ- ਅਨੰਦ-ਅਰਥ(ਹੱਥ-ਲਿਖਤ) ਖਰੜਾ ਨੰ:691, ਪੰਨਾ 67(ਸਟੇਟ ਆਰਕਾਈਵਜ਼, ਪਟਿਆਲਾ)
2. ਹੱਥ-ਲਿਖਤਾਂ ਦੀ ਸੂਚੀ-(ਭਾਸ਼ਾ-ਵਿਭਾਗ, ਪਟਿਆਲਾ), ਦੂਜੀ ਜਿਲਦ, ਪੰਨਾ 175

ਮੈਂ ਨੇ ਪਾਇਆ ਹੈ। ਤਬੀ ਮੇਰੇ ਸਰਬ ਦੁਖ ਗਏ ਮੈਂ ਆਨੰਦਮਾਨ ਭਇਆ ।"

(ਅਨੰਦ-ਅਰਥ ਹੱਥਲਿਖਤ ਖਰੜਾ)

ਪ੍ਰਸਿਧ ਸੰਪ੍ਰਦਾਇਕ ਗਿਆਨੀਆਂ ਦੁਆਰਾ ਤਿਆਰ ਹੋਏ ਆਦਿ-ਗ੍ਰੰਥ ਦੇ ਫ਼ਰੀਦਕੋਟੀ[1] ਟੀਕੇ ਵਿੱਚ ਭੀ ਅਨੰਦ-ਬਾਣੀ ਦੇ ਫ਼ਲਸਫ਼ੇ ਦਾ ਸਿਧਾਂਤਕ-ਪਿਛੋਕੜ ਨਹੀਂ ਦਰਸਾਇਆ ਗਿਆ । ਰਾਮਕਲੀ ਅਨੰਦੁ ਦੀਆਂ ਮੁਢਲੀਆਂ ਤੁਕਾਂ ਵਿੱਚ ਸੰਕੇਤ ਕੀਤੇ ਦੋ ਬੁਨਿਆਦੀ-ਸ਼ਬਦਾਂ(ਅਨੰਦ ਅਤੇ ਸਹਜ) ਬਾਰੇ ਫ਼ਰੀਦਕੋਟੀ ਟੀਕੇ ਦੇ ਲੇਖਕ ਕੇਵਲ ਇਤਨਾ ਲਿਖ ਕੇ ਹੀ ਚੁੱਪ ਕਰ ਗਏ ਹਨ, ਕਿ:-

"(ਮਾਏ) ਹੇ ਸੰਤਜਨੋ ਮੇਰੀ ਖੁਸੀ ਮੈਂ ਅਨੰਦ ਤੋ ਉਸੀ ਦਿਨ ਭਇਆ ਹੈ ਜਿਸਦਿਨ ਤੇ ਸਤਿਗੁਰੂ ਮੈਂ ਨੇ ਪਾਇਆ ਹੈ। ਜਾਂ ਸਤਿਗੁਰੂ ਪਾਇਆ ਤਾਂ (ਸਹਜ ਸੇਤੀ) ਗਯਾਨੇ ਸੰਯੁਕਤ ਹੂਆ ਹੂੰ, ਇਸੀ ਤੇ ਮੇਰੇ ਮਨ ਮੇ ਖੁਸੀਆਂ ਪ੍ਰਗਟ ਹੋਈਆਂ ਹੈਂ ।"

(ਆਦਿ-ਗ੍ਰੰਥ ਦਾ ਫ਼ਰੀਦਕੋਟੀ ਟੀਕਾ—ਜਿਲਦ ਤੀਜੀ)[1]

ਆਧੁਨਿਕ ਵਿਆਖਿਆਕਾਰਾਂ ਵਿੱਚੋਂ ਡਾ:ਤਾਰਨ ਸਿੰਘ[2] ਨੇ "ਸਹਜ ਤੇ ਅਨੰਦੁ" ਬਾਰੇ ਸਿਧਾਂਤਕ-ਦ੍ਰਿਸ਼ਟੀ ਤੋਂ ਕੁਝ ਵਾਕਫ਼ੀ ਜ਼ਰੂਰੀ ਦਿੱਤੀ ਹੈ, ਪਰ "ਸਹਜ" ਤੇ "ਅਨੰਦੁ" ਦੇ ਮੂਲ-ਸ਼ਬਦਾਂ ਦੇ ਨਿਕਾਸ ਤੇ ਵਿਕਾਸ ਬਾਰੇ ਡਾ:ਤਾਰਨ ਸਿੰਘ ਭੀ ਲਗਪਗ ਚੁੱਪ ਹੀ ਰਿਹਾ ਹੈ।

ਆਨੰਦ ਕੀ ਹੈ, ਸਹਜ ਕੀ ਹੈ ਅਤੇ ਇਨ੍ਹਾਂ ਦਾ ਆਪੋ ਵਿੱਚ ਕੀ ਸੰਬੰਧ ਹੈ, ਇਸ ਬਾਰੇ ਵਿਸਤਾਰ ਸਹਿਤ ਵਿਚਾਰ ਕਰਨ ਦੀ ਲੋੜ ਹੈ। ਇਸੇਤਰ੍ਹਾਂ ਮਧਕਾਲੀਨ ਭਗਤੀ-ਸਾਹਿਤ ਵਿਸ਼ੇਸ਼ ਕਰਕੇ ਗੁਰੂ ਅਮਰਦਾਸ ਦੀ ਬਾਣੀ ਵਿੱਚ "ਅਨੰਦ" ਦਾ ਕੀ ਮਹੱਤਵ ਹੈ, ਇਸ ਬਾਰੇ ਭੀ ਪੂਰੀ ਖੋਜ ਦੀ ਲੋੜ ਹੈ।

ਤੈਤ੍ਰੀਯ ਉਪਨਿਸ਼ਦ[3] ਅਨੁਸਾਰ "ਅਨੰਦ" ਬ੍ਰਹਮ ਦਾ ਵਾਚਕ ਹੈ। ਤੈਤ੍ਰੀਯ ਉਪਨਿਸ਼ਦ ਦੇ ਦੂਜੇ ਭਾਗ(ਬ੍ਰਹਮਾਨੰਦ ਵੱਲੀ)[4] ਵਿੱਚ ਲਿਖਿਆ ਹੈ, ਕਿ ਉਹ ਰਸ ਹੈ। ਉਸ ਰਸ ਨੂੰ ਪਾ ਕੇ ਪੁਰਸ਼ ਆਨੰਦੀ ਹੋ ਜਾਂਦਾ ਹੈ।[5] ਉਹ ਰਸ ਸਭ ਨੂੰ ਆਨੰਦਿਤ ਕਰਦਾ ਹੈ। ਇਸੇਤਰ੍ਹਾਂ ਉਸੇ ਉਪਨਿਸ਼ਦ ਦੇ ਤੀਜੇ ਭਾਗ (ਭ੍ਰਿਗੂ ਵੱਲੀ) ਵਿੱਚ ਮੰਨਿਆ ਗਿਆ ਹੈ, ਕਿ ਪ੍ਰਾਣੀ ਆਨੰਦ ਵਿੱਚੋਂ ਉਗਮਦੇ, ਆਨੰਦ ਦੇ ਆਧਾਰ ਤੇ ਪਲਦੇ ਅਤੇ ਆਨੰਦ ਵਿੱਚ ਹੀ ਅਖੀਰ ਲਯ ਹੋ ਜਾਂਦੇ ਹਨ। ਸੋ ਸਚਮੁਚ ਆਨੰਦ ਬ੍ਰਹਮ ਦਾ ਵਾਚਕ ਹੈ। ਇਸਲਈ ਆਨੰਦ ਦੀ ਪ੍ਰਾਪਤੀ ਭੀ ਬ੍ਰਹਮ ਦੀ ਪ੍ਰਾਪਤੀ ਵਾਂਗ ਹੀ ਮਹੱਤਵ ਰੱਖਦੀ ਹੈ। ਤੈਤ੍ਰੀਯ ਉਪਨਿਸ਼ਦ ਦੇ ਭ੍ਰਿਗੂ-ਵੱਲੀ ਭਾਗ ਵਿੱਚ ਹੀ ਇਕ ਕਥਾ ਸੁਣਾਈ ਗਈ ਹੈ, ਜੋ ਆਨੰਦ ਦੇ ਸੰਸਕ੍ਰਿਤ-ਅਰਥ ਨੂੰ ਸਮਝਣ ਵਿੱਚ ਸਹਾਇਤਾ ਕਰ ਸਕਦੀ ਹੈ। ਸੰਖੇਪਤ ਉਪਨਿਸ਼ਦ ਅਨੁਸਾਰ ਮਹਾਂ-ਰਿਸ਼ੀ ਭ੍ਰਿਗੂ ਨੇ ਇਕ ਦਿਨ ਆਪਣੇ ਪਿਤਾ "ਵਰੁਣ" ਨੂੰ ਬਿਨੈ ਕੀਤੀ, ਕਿ ਮੈਨੂੰ ਬ੍ਰਹਮ-ਗਿਆਨ ਪ੍ਰਦਾਨ ਕਰੋ। ਪਿਤਾ ਨੇ ਬ੍ਰਹਮ-ਗਿਆਨ ਦੀ ਪ੍ਰਾਪਤੀ ਲਈ ਪੁੱਤਰ ਨੂੰ ਤਪ ਕਰਨ ਦਾ ਉਪਦੇਸ਼ ਕੀਤਾ । ਜਦੋਂ ਕਠਨ ਤਪੱਸਿਆ ਪਿੱਛੋਂ ਭ੍ਰਿਗੂ ਨੇ ਇਹ ਸਿੱਧ ਕਰਨਾ ਚਾਹਿਆ, ਕਿ ਅੰਨੁ ਜਾਂ ਖਾਧਾ ਹੀ ਬ੍ਰਹਮ ਹੈ, ਤਾਂ ਪਿਤਾ ਨੇ ਤਾੜਨਾ ਕੀਤੀ, ਬੱਚਾ ਦੋਬਾਰਾ ਤਪ ਕਰਕੇ ਪੱਕਾ ਨਿਰਣਾ ਕਰੋ। ਭ੍ਰਿਗੂ ਨੇ ਮੁੜ ਤਪ ਕਰਕੇ ਇਹ ਸਿੱਧ ਕੀਤਾ, ਕਿ ਪ੍ਰਾਣ ਹੀ

---

1.ਆਦਿ-ਗ੍ਰੰਥ ਦਾ ਫ਼ਰੀਦਕੋਟੀ ਟੀਕਾ(ਜਿਲਦ ਤੀਜੀ),ਫ਼ਰੀਦਕੋਟ,1963 ਬਿਕ੍ਰਮੀ,ਪੰਨੇ 790-791
2.ਡਾ:ਤਾਰਨ ਸਿੰਘ-ਸਹਿਜ ਤੇ ਅਨੰਦੁ -ਪੰਨੇ 10-12
3.Dr.S.Radhakrishnan(Editor & Translator)-The Principal Upanisads-London,1953,P.557
4.Ibid............Pages 548-49.
5.Ibid............P.559.

ਸੂਖਮ ਹੈ, ਪਰ ਪਿਤਾ ਨੇ ਭ੍ਰਿਗੂ ਨੂੰ ਫੇਰ ਤਪੱਸਿਆ ਕਰਨ ਦੀ ਪ੍ਰੇਰਨਾ ਕੀਤੀ । ਤੀਜੀ ਵਾਰ ਕੀਤੀ ਸਾਧਨਾ ਦੇ ਫਲ-ਸਰੂਪ ਭ੍ਰਿਗੂ ਨੂੰ ਸੂਖਮ "ਮਨ" ਦੇ ਰੂਪ ਵਿੱਚ ਅਨੁਭਵ ਹੋਇਆ। ਇਸੇ ਤਰ੍ਹਾਂ ਚੌਥੀ ਵਾਰ ਉਸਨੇ "ਵਿਗਿਆਨ" ਅਤੇ ਅੰਤਮ-ਵਾਰ ਸੂਖਮ ਨੂੰ "ਆਨੰਦ" ਦੇ ਰੂਪ ਵਿੱਚ ਅਨੁਭਵ ਕੀਤਾ । ਸੋ ਆਨੰਦ ਦੇ ਅੰਗ੍ਰੇਜ਼-ਅਰਥ ਤੋਂ ਛੁੱਟ ਆਨੰਦ ਦੀ ਪ੍ਰਾਪਤੀ ਬਾਰੇ ਭੀ ਭ੍ਰਿਗੂ ਦੀ ਕਥਾ ਕੀਮਤੀ ਸੁਝਾਓ ਪੇਸ਼ ਕਰਦੀ ਹੈ। ਡਾ:ਹਜ਼ਾਰੀਪ੍ਰਸ਼ਾਦ ਦਿਵੇਦੀ[1] ਨੇ ਆਪਣੀ ਪੁਸਤਕ "ਸਹਜ ਸਾਧਨਾ" ਵਿੱਚ ਇਸ ਥਾਂ ਭ੍ਰਿਗੂ ਦੇ ਸੂਖਮ ਬਾਰੇ ਭਿੰਨ ਭਿੰਨ ਪਰਕਾਰ ਦੇ ਅਨੁਭਵ ਨੂੰ ਸੰਬੰਧਤ ਰਿਸ਼ੀ ਦੇ ਆਤਮਕ-ਜੀਵਨ ਦੀਆਂ ਵੱਖ ਵੱਖ ਅਵੱਸਥਾਵਾਂ ਦਰਸਾਇਆ ਹੈ। ਡਾ:ਦਿਵੇਦੀ ਨੇ ਉਪਰੋਕਤ ਪੰਜਾਂ ਅਵੱਸਥਾਵਾਂ ਨੂੰ ਭੌਤਿਕ-ਤੱਤ (ਪਿੰਡ ਜਾਂ ਮਾਦਾ), ਬੁੱਧੀ-ਤੱਤ(ਪ੍ਰਾਣ, ਮਨ ਅਤੇ ਵਿਗਿਆਨ) ਅਤੇ ਅਧਿਆਤਮਕ-ਤੱਤ ਆਖ ਕੇ ਅੰਤਮ-ਤੱਤ "ਅਨੰਦ" ਨੂੰ ਸਰਬ-ਸ੍ਰੇਸ਼ਟ ਆਤਮਕ-ਅਵੱਸਥਾ ਆਖਿਆ ਹੈ। ਸੋ ਗੁਰੂ ਅਮਰਦਾਸ ਨੇ ਵੀ ਇਸੇ ਕਦੀ ਅਨੰਦ ਦੀ ਮਹਿਮਾ ਗਾਇਨ ਕੀਤੀ ਹੈ, ਕਿ:-

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ।
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ।
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ।
(ਰਾਮਕਲੀ ਮ:3 ਅਨੰਦੁ)[2]

ਗੁਰੂ ਅਮਰਦਾਸ ਦੀ ਰਚਨਾ ਵਿਚਲਾ "ਅਨੰਦੁ" ਸ਼ਬਦਾਂ ਦੁਆਰਾ ਬਿਆਨ ਨਹੀਂ ਕੀਤਾ ਜਾ ਸਕਦਾ ਅਤੇ ਉਹ "ਸਹਜ" ਵਾਂਗ ਹੀ ਅਕੱਥ ਹੈ। ਸਹਜ ਅਤੇ ਅਨੰਦ ਦਾ ਅਨਿਖੜ-ਸੰਬੰਧ ਹੈ । ਪਰ ਸੁਖ ਅਤੇ ਅਨੰਦ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਕਬੀਰ ਨੇ ਜਿਵੇਂ "ਸਹਜ" ਬਾਰੇ ਆਖਿਆ ਸੀ,"ਸਹਜ ਕੀ ਅਕਥ ਕਥਾ ਹੈ ਨਿਰਾਰੀ"(ਗਉੜੀ ਬੈਰਾਗਣਿ ਕਬੀਰ ਜੀ)[3] ਅਤੇ ਇਕ ਹੋਰ ਥਾਂ ਚੇਤਾਵਨੀ ਦਿੱਤੀ ਸੀ, ਕਿ ਸਭੰਜ ਸਹਜ ਆਖਦੇ ਤਾਂ ਸਾਰੇ ਹਨ, ਪਰ ਸਹਜ ਨੂੰ ਪਹਿਚਾਨਣਾ ਕੋਈ ਕੋਈ ਹੈ। ਗੁਰੂ ਅਮਰਦਾਸ ਨੇ ਇਹੋ ਗੱਲ "ਅਨੰਦ" ਬਾਰੇ ਪੱਕੀ ਕੀਤੀ ਹੈ:-

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ।
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ।
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ।
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ।
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ।
(ਰਾਮਕਲੀ ਮ:3 ਅਨੰਦੁ)[2]

ਅਸਾਂ "ਸੁਖ" ਨਾਮੀ ਸ਼ਬਦ ਨਾਲ "ਸਹਜ" ਨੂੰ ਜੋੜ ਕੇ ਇਸਦਾ ਪ੍ਰਯੋਗ ਕੀਤਾ ਹੈ, ਕਿਉਂਕਿ ਸਧਾਰਨ ਅਰਥਾਂ ਵਾਲਾ ਸ਼ਬਦ "ਸੁਖ" ਅਧਿਆਤਮਕ-ਅਰਥਾਂ ਵਾਲੇ ਸ਼ਬਦ "ਅਨੰਦ" ਦੀ ਥਾਂ ਨਹੀਂ ਲੈ ਸਕਦਾ । ਬੇਸ਼ੱਕ ਗੁਰੂ ਅਮਰਦਾਸ ਅਤੇ ਆਦਿ-ਗ੍ਰੰਥ ਦੇ ਦੂਸਰੇ ਕਈ ਗੁਰੂਆਂ ਅਤੇ ਭਗਤ-ਕਵੀਆਂ ਨੇ ਸੁਖ ਨੂੰ ਆਨੰਦ ਦੇ ਅਰਥਾਂ ਵਿੱਚ ਜਾ ਵਰਤਿਆ ਹੈ, ਪਰ ਸਧਾਰਨ-ਬੁੱਧੀ ਦੇ ਜਗਿਆਸੂਆਂ ਨੂੰ ਆਨੰਦ ਦਾ

---

1. ਡਾ:ਹਜ਼ਾਰੀਪ੍ਰਸ਼ਾਦ ਦਿਵੇਦੀ- ਸਹਜ-ਸਾਧਨਾ- 2020 ਬਿਕ੍ਰਮੀ, ਪੰਨਾ 19
2. ਆਦਿ-ਗ੍ਰੰਥ......................ਪੰਨਾ 917
3. ਆਦਿ-ਗ੍ਰੰਥ......................ਪੰਨਾ 333

ਭਾਵ ਦ੍ਰਿੜ੍ਹ ਕਰਾਉਣ ਲਈ ਗੁਰੂ ਅਮਰਦਾਸ ਨੇ ਕਈ ਥਾਈਂ "ਸੁਖ" ਦੀ ਬਜਾਏ "ਸਦਾ-ਸੁਖ" ਅਤੇ "ਸਹਜ-ਸੁਖ" ਦਾ ਪ੍ਰਯੋਗ ਕੀਤਾ ਹੈ, ਜਿਵੇਂ:-

(ੳ) ਭਰਮੁ ਚੁਕਾਇਆ ਸਦਾ ਸੁਖੁ ਪਾਇਆ ।.......... (ਮਾਝ ਮ:3)[1]
(ਅ) ਤ੍ਰਿਸਨਾ ਤਜਿ ਸਹਜਿ ਸੁਖੁ ਪਾਇਆ ਏਕੋ ਮੰਨਿ ਵਸਾਵਣਿਆ ।
(ਮਾਝ ਮ:3)[2]

ਬੇਸ਼ੱਕ ਅਨੰਦ ਦੀ ਮਹਿਮਾ ਅਕੱਥ ਹੈ, ਫੇਰ ਭੀ ਉਸਨੂੰ ਸੁਖ ਤੋਂ ਉਚੇਰਾ ਵਿਖਾਉਣ ਲਈ ਭੀ ਸ਼ਬਦਾਂ ਦਾ ਸਹਾਰਾ ਹੀ ਲੈਣਾ ਪਵੇਗਾ। ਹਿੰਦੀ ਸਾਹਿਤ-ਕੋਸ਼[3] ਦੇ ਆਧਾਰ ਤੇ ਆਨੰਦ ਅਤੇ ਸੁਖ ਵਿੱਚ ਹੇਠ ਲਿਖਿਆ ਅੰਤਰ ਹੈ। ਸੁਖ ਪਰਿਵਰਤਨਸ਼ੀਲ, ਅਸਥਿਰ ਅਤੇ ਛਿਣ-ਭੰਗਰ ਹੈ। ਆਨੰਦ ਇਸਦੇ ਉਲਟ ਸਦੀਵੀ ਅਤੇ ਸਥਿਰ ਹੈ। ਸੁਖ ਦੁਖ ਨਾਲ ਸੰਬੰਧਤ ਹੈ। ਦੂਜੇ ਸ਼ਬਦਾਂ ਵਿੱਚ ਸੁਖ, ਦੁਖ ਦਾ ਇਕ ਦਵੰਦ ਹੈ। ਪਰ ਆਨੰਦ ਇਸ ਦਵੰਦ ਤੋਂ ਮੁਕਤ ਹੈ। ਸੁਖ ਨੂੰ ਆਨੰਦ-ਲੇਸ਼ ਜਾਂ ਆਨੰਦ ਦੀ ਅਲਪ-ਮਾਤ੍ਰਾ ਕਿਹਾ ਜਾਂਦਾ ਹੈ। ਇਸਦੀ ਤੁਲਨਾ ਵਿੱਚ ਆਨੰਦ ਨੂੰ ਆਨੰਦਘਨ ਦਾ ਨਾਮ ਦਿੱਤਾ ਜਾਂਦਾ ਹੈ। ਗੁਰੂ ਅਰਜਨ ਦੇਵ ਨੇ ਭੀ ਇਕ ਥਾਂ ਲਿਖਿਆ ਹੈ "ਅਨਦੋ ਅਨਦੁ ਘਣਾ" (ਆਸਾ ਮਹਲਾ 5)[4]। ਇਹ ਭੀ ਠੀਕ ਹੈ, ਕਿ ਸੁਖ ਦਾ ਸੰਬੰਧ ਸਰੀਰ ਅਤੇ ਇੰਦ੍ਰੀਆਂ ਨਾਲ ਹੈ ਅਤੇ ਆਨੰਦ ਦਾ ਪ੍ਰਮਾਤਮਾ ਨਾਲ। ਇਸਤਰ੍ਹਾਂ ਸੁਖ ਭੋਗ ਦਾ ਵਿਸ਼ਾ ਹੈ, ਪਰ ਆਨੰਦ ਭੋਗ ਤੋਂ ਉਚੇਰੇ ਅਨੁਭਵ ਦਾ। ਦੂਜੇ ਸ਼ਬਦਾਂ ਵਿੱਚ ਆਨੰਦ ਸਤਿ ਅਤੇ ਚਿੱਤ ਵਾਂਗ ਆਤਮਾ ਦਾ ਇਕ ਲੱਛਣ ਹੈ। ਆਨੰਦ ਹਰ ਸਮੇਂ ਆਤਮਾ ਨਾਲ ਓਤਪੋਤ ਹੈ, ਪਰ ਇਸਦਾ ਅਨੁਭਵ ਹਰ ਇਕ ਨੂੰ ਨਹੀਂ ਹੁੰਦਾ, ਕਿਉਂਕਿ "ਸਹਸਾ" ਦੇ ਚੱਕਰ ਵਿੱਚ ਫਸਿਆ ਮਨ "ਸਹਜ-ਅਨੰਦ" ਨੂੰ ਪ੍ਰਾਪਤ ਨਹੀਂ ਕਰ ਸਕਦਾ।

ਪ੍ਰਸ਼ਨ ਉਠਦਾ ਹੈ, ਸਹਸਾ ਕੀ ਹੈ? ਇਹ ਸੰਸਾ ਹੈ, ਭਰਮ ਹੈ, ਦੁਬਿਧਾ ਹੈ ਜਾਂ ਮਾਇਆ ਵਿੱਚ ਪਰਵਿਰਤ ਮਨ ਦੀ ਆਤਮਕ-ਜੀਵਨ ਵਲੋਂ ਬੇਹੋਸ਼ੀ ਹੈ। ਗੁਰੂ ਅਮਰਦਾਸ ਲਿਖਦੇ ਹਨ:-

(ੳ) ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ।
(ਸਿਰੀ ਰਾਗੁ ਮ:3)[5]
(ਅ) ਅੰਤਰਿ ਸਹਸਾ ਦੁਖੁ ਹੈ ਆਪੈ ਸਿਰਿ ਧੰਧੈ ਮਾਰ ।
ਦੂਜੈ ਭਾਇ ਸੁਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ ।
(ਗੂਜਰੀ ਮ:3)[6]
(ੲ) ਗਣਤ ਗਣੈ ਸੋ ਜਲੈ ਸੰਸਾਰਾ । ਸਹਸਾ ਮੂਲਿ ਨ ਚੂਕੈ ਵਿਕਾਰਾ ।
(ਮਾਰੂ ਮ:3)[7]

ਇਸਦੇ ਉਲਟ "ਸਹਜ" ਅਤੇ "ਅਨੰਦ" ਦੀ ਅਵੱਸਥਾ ਬਿਬੇਕ ਜਾਂ ਗਿਆਨ ਦੀ ਅਵੱਸਥਾ ਹੈ। ਜਦੋਂ ਬਿਬੇਕ ਜਾਂ ਗਿਆਨ ਦੀ ਪ੍ਰਾਪਤੀ ਹੋ ਜਾਵੇ, ਫਿਰ ਜਾਣੋ ਹਰ ਸਮੇਂ ਆਪਣੇ ਅੰਦਰ ਆਨੰਦ ਦਾ ਅਨੁਭਵ ਹੁੰਦਾ ਹੈ, ਜਿਵੇਂ:-

---
1. ਆਦਿ-ਗ੍ਰੰਥ..............ਪੰਨਾ 114
2. ਆਦਿ-ਗ੍ਰੰਥ..............ਪੰਨਾ 111
3. ਹਿੰਦੀ ਸਾਹਿਤ੍ਯ ਕੋਸ਼, 2015 ਬਿਕ੍ਰਮੀ, ਪੰਨਾ 100 (ਦੇਖੋ: ਆਨੰਦਵਾਦ)
4. ਆਦਿ-ਗ੍ਰੰਥ..............ਪੰਨਾ 452
5. ਆਦਿ-ਗ੍ਰੰਥ..............ਪੰਨਾ 36
6. ਆਦਿ-ਗ੍ਰੰਥ..............ਪੰਨਾ 508-509
7. ਆਦਿ-ਗ੍ਰੰਥ..............ਪੰਨਾ 1062

ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ।
ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ।
ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ ।
(ਸੂਹੀ ਮ:3)[1]

ਬੇਸ਼ਕ ਭਾਈ ਕਾਨ੍ਹ ਸਿੰਘ[2] ਨੇ ਆਦਿ-ਗ੍ਰੰਥ ਵਿੱਚ "ਸਹਜ" ਸ਼ਬਦ ਦਾ ਪ੍ਰਯੋਗ ਕਈ ਵੱਖ ਵੱਖ ਅਰਥਾਂ (ਜਨਮਾਂਤਰੂ-ਸੁਭਾ, ਸੁਭਾਵਕਤਾ, ਨਿਰਯਤਨ, ਬਿਬੇਕ, ਗਿਆਨ, ਅਨੰਦ ਅਤੇ ਪਾਰਬ੍ਰਹਮ, ਆਦਿਕ) ਵਿੱਚ ਹੁੰਦਾ ਦਰਸਾਇਆ ਹੈ, ਪਰ "ਉੱਤਰੀ-ਭਾਰਤ ਦੀ ਸੰਤ-ਪਰੰਪਰਾ" ਦੇ ਪ੍ਰਸਿਧ ਵਿਆਖਿਆਕਾਰ ਪਰਸ਼ੁਰਾਮ ਚਤੁਰਵੇਦੀ[3] ਦੇ ਕਥਨ ਅਨੁਸਾਰ "ਸਹਜ ਸ਼ਬਦ ਦਾ ਵਿਉਤਪਤੀ-ਮੂਲਕ-ਅਰਥ ("ਸਹ ਜਾਯਤੇ ਇਤੀ ਸਹਜ:" ਦੇ ਆਧਾਰ ਤੇ) ਜਨਮ ਦੇ ਨਾਲ ਉਤਪੰਨ ਹੋਣ ਵਾਲਾ ਤਥਾ ਇਸੇ ਕਾਰਨ ਕਿਸੇ ਭੀ ਪਦਾਰਥ ਦਾ ਆਪਣਾ ਨੈਸਰਗਿਕ (ਸੁਭਾਵਕ) ਰੂਪ ਹੋਇਆ ਕਰਦਾ ਹੈ, ਪਰੰਤੂ ਪਰਿਭਾਸ਼ਕ ਦ੍ਰਿਸ਼ਟੀ ਤੋਂ ਇਸਦਾ ਪ੍ਰਯੋਗ ਉਸ ਅਨਿਰਵਚਨੀਯ (ਜਿਸਦਾ ਵਰਣਨ ਨਾ ਹੋ ਸਕੇ) ਸਥਿਤੀ ਲਈ ਕੀਤਾ ਗਿਆ ਮਿਲਦਾ ਹੈ, ਜਿਸਨੂੰ "ਨਿਰਵਾਨ" ਦਾ ਨਾਮ ਦਿੱਤਾ ਜਾਂਦਾ ਹੈ ਅਤੇ ਇਸੇ ਪਰਕਾਰ ਇਹ ਪਰਮ-ਤੱਤ ਦੇ ਸਰੂਪ ਦਾ ਬੋਧਕ ਭੀ ਸਮਝਿਆ ਜਾਂਦਾ ਹੈ।" ਦੂਜੇ ਸ਼ਬਦਾਂ ਵਿੱਚ "ਸਹਜ" ਸ਼ਬਦ "ਆਨੰਦ" ਵਾਂਗ ਹੀ ਅਕੱਥ ਹੈ। ਸਹਜ ਨੂੰ ਪ੍ਰਾਪਤ ਹੋਈ ਆਤਮਕ-ਅਵੱਸਥਾ (ਸਹਜ-ਅਵੱਸਥਾ) ਵਿੱਚ ਬਿਬੇਕ, ਗਿਆਨ, ਆਨੰਦ ਅਤੇ ਮਨ ਦੀ ਅਡੋਲਤਾ ਆਦਿਕ ਸਭ ਗੁਣ ਸੁਤੇ-ਸਿਧ ਹੀ ਆ ਜਾਂਦੇ ਹਨ। ਕਿਉਂਕਿ ਗੁਰੂ ਅਮਰਦਾਸ ਦੀ ਬਾਣੀ ਵਿੱਚ "ਸਹਜ" ਸ਼ਬਦ ਦਾ ਪ੍ਰਯੋਗ ਆਮ ਕਰਕੇ ਕਰਮ-ਕਾਂਡ ਅਤੇ ਹਠ-ਯੋਗ ਦੇ ਵਿਰੁਧ "ਸੁਭਾਵਕ" ਸਾਧਨਾ ਦੀ ਪੱਧਤੀ ਨੂੰ ਦ੍ਰਿੜ੍ਹ ਕਰਵਾਉਣ ਲਈ ਹੋਇਆ ਜਾਪਦਾ ਹੈ, ਇਸਲਈ ਸਹਜ ਨਾਲ ਸੁਭਾਵਕਤਾ ਦਾ ਜੁੜਨਾ ਆਵੱਸ਼ਕ ਹੈ।

ਜਿੱਥੋਂ ਤਕ "ਸਹਜ" ਸ਼ਬਦ ਦਾ ਸੰਬੰਧ ਧਰਮ-ਸਾਧਨਾ ਜਾਂ ਫ਼ਲਸਫ਼ੇ ਨਾਲ ਹੈ, ਇਸਦੇ ਪ੍ਰਚਲਤ ਹੋਣ ਬਾਰੇ ਦੋ ਮਤ ਹਨ। ਪਹਿਲਾ ਮਤ ਡਾ: ਧਰਮਵੀਰ ਭਾਰਤੀ[4] ਅਨੁਸਾਰ ਪ੍ਰਬੋਧਚੰਦਰ ਬਾਗਚੀ ਦਾ ਹੈ, ਜੋ ਸਹਜ ਦਾ ਕਲਪਨਾਤਮਕ-ਮੂਲ ਪ੍ਰਾਚੀਨ ਚੀਨੀ-ਧਰਮ ਦੇ ਮੂਲ-ਸਿਧਾਂਤ "ਤਾਓਵਾਦ" ਵਿੱਚ ਢੂੰਡਦਾ ਹੈ। ਪ੍ਰਬੋਧਚੰਦਰ ਬਾਗਚੀ ਅਨੁਸਾਰ "ਸਹਜ" ਸ਼ਬਦ ਚੀਨੀ ਸ਼ਬਦ "ਤਾਓ" ਦਾ ਅਨੁਵਾਦ ਹੈ, ਪਰ ਜਿਵੇਂ ਡਾ: ਧਰਮਵੀਰ ਭਾਰਤੀ ਨੇ ਆਲੋਚਨਾ ਕੀਤੀ ਹੈ, ਇਸ ਬਾਰੇ ਪੱਕੀ ਤਰ੍ਹਾਂ ਕੁਝ ਨਹੀਂ ਆਖਿਆ ਜਾ ਸਕਦਾ। ਉਂਜ "ਤਾਓਵਾਦ" ਬਾਰੇ "ਲਾਓ ਸੀ"[5] (ਜਨਮ 604 ਪੂਰਬ-ਈਸਵੀ) ਬੁੱਧ-ਮਤ ਤੋਂ ਭੀ ਪਹਿਲਾਂ ਵਿਚਾਰ ਪੇਸ਼ ਕਰ ਚੁੱਕਾ ਸੀ ਅਤੇ "ਸਹਜ" ਸ਼ਬਦ (ਜਿਸਦਾ ਪ੍ਰਯੋਗ ਭਾਰਤੀ-ਚਿੰਤਨ ਵਿੱਚ ਵਜ੍ਰਯਾਨੀ-ਸਿੱਧਾਂ ਦੀ ਸਹਜ-ਯਾਨੀ ਪੱਧਤੀ ਸਮੇਂ ਪਹਿਲੀ ਵਾਰ ਹੋਇਆ) ਬਾਰੇ ਉਸਦੀ ਪੁਸਤਕ ਵਿੱਚ ਸੰਕੇਤ ਮਿਲਣਾ ਅਸੰਭਵ ਹੈ।

"ਸਹਜ" **ਸ਼ਬਦ** ਦੇ ਪ੍ਰਚਲਤ ਹੋਣ ਬਾਰੇ ਦੂਜਾ ਮਤ ਪਰਸ਼ੁਰਾਮ ਚਤੁਰਵੇਦੀ[6], ਡਾ: ਹਜ਼ਾਰੀਪ੍ਰਸ਼ਾਦ

---

1. ਆਦਿ-ਗ੍ਰੰਥ................ਪੰਨਾ 772
2. ਭਾਈ ਕਾਨ੍ਹ ਸਿੰਘ-ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1960, ਪੰਨਾ 103
3. ਪਰਸ਼ੁਰਾਮ ਚਤੁਰਵੇਦੀ-(ਵੇਖੋ: ਸਹਜਿਯਾ-ਸੰਪ੍ਰਦਾਇ ਦੀ ਵਿਆਖਿਆ...ਹਿੰਦੀ ਸਾਹਿਤ੍ਯ ਕੋਸ਼, ਪੰਨੇ 826-27)।
4. ਡਾ: ਧਰਮਵੀਰ ਭਾਰਤੀ-(ਵੇਖੋ: ਵਜ੍ਰਯਾਨ ਅਤੇ "ਸਹਜ" ਦੀ ਵਿਆਖਿਆ....ਹਿੰਦੀ ਸਾਹਿਤ੍ਯ ਕੋਸ਼, ਪੰਨੇ 698-99 ਅਤੇ 824)।
5. Lao-tse(author of "Tao-Teh-King")-Quoted in "Encyclopaedia of Religion and Ethics"Vol.XII,1954 Ed.,P.197-201.
6. ਪਰਸ਼ੁਰਾਮ ਚਤੁਰਵੇਦੀ- .........ਉਹੀ

ਦਿਵੇਦੀ[1], ਦਵਾਰਕਾਨਾਥ ਮਿਸ਼ਰ[2] ਅਤੇ ਧਰਮਵੀਰ ਭਾਰਤੀ[3] ਆਦਿਕ ਵਿਦਵਾਨਾਂ ਦਾ ਹੈ, ਜੋ ਸਹਜ ਸ਼ਬਦ ਦਾ ਵਿਕਾਸ ਸਿੱਧਾਂ ਦੇ ਵਜ੍ਰਯਾਨੀ-ਸਕੂਲ ਨਾਲ ਸੰਬੰਧਤ ਸਹਜਯਾਨ ਦੁਆਰਾ ਹੋਇਆ ਮੰਨਦੇ ਹਨ। ਜਿਵੇਂ ਧਰਮਵੀਰ ਭਾਰਤੀ[3] ਨੇ ਦੱਸਿਆ ਹੈ, ਵਜ੍ਰਯਾਨੀ-ਸਕੂਲ ਵਿੱਚ ਦੋ ਤਰ੍ਹਾਂ ਦੇ ਸਾਧਕ ਹੁੰਦੇ ਸਨ: (ੳ) ਸ਼ੈਖਸ਼(ਅਵਿਕਸਿਤ ਮਨ ਵਾਲੇ) ਅਤੇ (ਅ) ਅਸ਼ੈਖਸ਼(ਵਿਕਸਿਤ ਮਨ ਵਾਲੇ)। ਪਹਿਲੀ ਪਰਕਾਰ ਦੇ ਸਾਧਕਾਂ ਨੂੰ ਆਚਾਰ ਦੇ ਸਭ ਨਿਯਮਾਂ(ਕ੍ਰਿਯਾ, ਅਤੇ ਚਰਯਾ ਦਾ ਵਿਧਾਨ)ਦੀ ਪਾਲਣਾ ਕਰੜਾਈ ਨਾਲ ਕਰਨੀ ਪੈਂਦੀ ਸੀ, ਪਰ ਅਸ਼ੈਖਸ਼ ਜਾਂ ਵਿਕਸਿਤ ਮਨ ਵਾਲੇ ਸਾਧਕਾਂ ਨੂੰ "ਕ੍ਰਿਯਾ" ਅਤੇ "ਚਰਯਾ" ਦੀ ਮੁਢਲੀ ਸਾਧਨਾ ਵਲੋਂ ਸੁਤੰਤ੍ਰਤਾ ਸੀ ਅਤੇ ਉਹ ਗੁਰੂ ਦੀ ਸਿੱਖਿਆ ਅਨੁਸਾਰ ਸਿੱਧੇ "ਯੋਗ" ਅਤੇ "ਅਨੁੱਤਰ" ਦੀ ਸਾਧਨਾ ਵਿੱਚ ਪ੍ਰਵੇਸ਼ ਕਰ ਸਕਦੇ ਸਨ। ਦੂਜੇ ਸ਼ਬਦਾਂ ਵਿੱਚ ਉਹ ਵਜ੍ਰ-ਪ੍ਰਾਪਤੀ ਲਈ "ਸਹਿਜ-ਸੁਭਾਵਕ" ਸਾਧਨਾ ਦੇ ਅਧਿਕਾਰੀ ਸਨ। ਅਜਿਹੇ ਸਿੱਧਾਂ ਨੂੰ "ਸਹਜ-ਸਿੱਧ" ਆਖਿਆ ਗਿਆ, ਪਰ ਸਹਜਯਾਨ ਆਪਣੇ ਆਪ ਵਿੱਚ ਕੋਈ ਵੱਖਰੀ ਸੰਪ੍ਰਦਾਇ ਨਹੀਂ, ਸਗੋਂ ਵਜ੍ਰਯਾਨ ਸੰਪ੍ਰਦਾਇ ਦੀ ਹੀ ਇਕ ਸਾਧਨਾ-ਪੱਧਤੀ ਹੈ।

ਉੱਪਰ ਕਥਿਤ ਵਜ੍ਰਯਾਨੀ ਜਾਂ ਸਹਜਯਾਨੀ ਸਿੱਧਾਂ ਦਾ ਸਰੂਪ ਭਾਰਤ ਦੇ ਵੱਖ ਵੱਖ ਇਲਾਕਿਆਂ ਵਿੱਚ ਦਸਵੀਂ ਸਦੀ ਈਸਵੀ ਤਕ ਨਿਰੰਤਰ ਵਿਕਾਸ ਕਰਦਾ ਰਿਹਾ। ਪਰ ਭਗਤੀ-ਕਾਲ ਦੇ ਵੈਸ਼ਨਵ ਜਾਂ ਸੰਤ-ਕਵੀਆਂ ਉੱਤੇ ਉਨ੍ਹਾਂ ਦੀ ਸਾਧਨਾ ਦਾ ਪ੍ਰਭਾਵ ਕਦੋਂ, ਕਿਵੇਂ ਅਤੇ ਕਿੰਨਾ ਕੁ ਪਿਆ, ਇਸ ਬਾਰੇ ਪੱਕੀ ਤਰ੍ਹਾਂ ਕੁਝ ਨਹੀਂ ਆਖਿਆ ਜਾ ਸਕਦਾ। ਇੱਥੋਂ ਤਕ, ਕਿ ਡਾ: ਹਜ਼ਾਰੀਪ੍ਰਸ਼ਾਦ ਦਿਵੇਦੀ[4] ਵਰਗੇ ਵਿਦਵਾਨਾਂ ਨੇ ਗਾਣੇ ਕਲਮਬੰਦ ਕੀਤੀ ਹੈ, ਕਿ "ਨਿਰਗੁਣ-ਮਾਰਗੀ ਸੰਤਾਂ ਨਾਲ ਸਹਜਯਾਨੀ ਵਜ੍ਰਯਾਨੀ ਬੋਧਾਂ ਦਾ ਕੋਈ ਪ੍ਰਤੱਖ ਸੰਬੰਧ ਸਥਾਪਤ ਨਹੀਂ ਕੀਤਾ ਜਾ ਸਕਦਾ, ਫੇਰ ਭੀ "ਕੌਲਾਂ" ਅਤੇ "ਨਾਥਾਂ" ਦੀ ਮਧਿਅਸਥਤਾ ਦੁਆਰਾ ਉਨ੍ਹਾਂ ਦੇ ਬਹੁਤ ਸਾਰੇ ਭਾਵ ਸੰਤਾਂ ਦੀ ਸਾਧਨਾ ਵਿੱਚ ਭੀ ਰੂਪ, ਭੇਖ ਅਤੇ ਸੁਭਾਵ ਬਦਲ ਕੇ ਮਿਲ ਗਏ ਹਨ।" ਇਨ੍ਹਾਂ ਨਾਥਾਂ ਅਤੇ ਕੌਲਾਂ ਦਾ 12ਵੀਂ ਸਦੀ ਈਸਵੀ ਤਕ ਬੋਲ-ਬਾਲਾ ਰਿਹਾ। ਬਾਅਦ ਵਿੱਚ ਰਾਮਾਨੰਦ, ਨਾਮਦੇਵ ਅਤੇ ਕਬੀਰ ਆਦਿਕ ਭਗਤਾਂ ਅਤੇ ਗੁਰੂ ਨਾਨਕ ਆਦਿਕ ਗੁਰੂਆਂ ਦੁਆਰਾ ਨਵੀਂ ਪਰਕਾਰ ਦੇ ਸਹਜ-ਮਾਰਗ ਦਾ ਉਪਦੇਸ਼ ਕੀਤਾ ਗਿਆ।

ਵਜ੍ਰਯਾਨੀ ਸਹਜਯਾਨੀਆਂ, ਨਾਥ-ਪੰਥੀ ਜੋਗੀਆਂ, ਤੰਤ੍ਰਵਾਦੀ-ਸਾਕਤਾਂ ਅਤੇ ਸਹਜਿਯਾ-ਸੰਪ੍ਰਦਾਇ (ਜੋ ਵਿਸ਼ੇਸ਼ ਕਰਕੇ ਬੰਗਾਲ, ਬਿਹਾਰ ਤੇ ਉੜੀਸਾ ਵਿੱਚ ਪ੍ਰਚਲਤ ਰਹੀ) ਦੇ ਸਾਧਕਾਂ ਦੀਆਂ ਸਾਧਨਾ-ਪੱਧਤੀਆਂ ਵਿੱਚ ਕਿਹੜੀਆਂ ਗੱਲਾਂ ਮਿਲਦੀਆਂ ਹਨ ਅਤੇ ਕਿਹੜੀਆਂ ਨਹੀਂ ਮਿਲਦੀਆਂ, ਇਸ ਬਾਰੇ ਵਿਸਥਾਰ ਵਿੱਚ ਜਾਣ ਦੀ ਲੋੜ ਨਹੀਂ, ਨਾ ਹੀ ਇੱਥੇ ਇਹ ਦੱਸਣ ਦੀ ਲੋੜ ਹੈ, ਕਿ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਆਦਿਕ ਸਿੱਖ-ਗੁਰੂਆਂ ਦੁਆਰਾ ਪ੍ਰਚਾਰ ਕੀਤੀ ਗਈ ਸਹਜ-ਸਾਧਨਾ, ਜੈਦੇਵ, ਨਾਮਦੇਵ ਅਤੇ ਕਬੀਰ ਆਦਿਕ

---

1. ਡਾ: ਹਜ਼ਾਰੀਪ੍ਰਸ਼ਾਦ ਦਿਵੇਦੀ- ਸਹਜ-ਸਾਧਨਾ-ਪ੍ਰਕਾਸ਼ਕ: ਮਧਯ-ਪ੍ਰਦੇਸ਼ ਸ਼ਾਸਨ ਸਾਹਿਤਯ ਪ੍ਰੀਸ਼ਦ(ਭੋਪਾਲ), ਪਹਿਲੀ ਐਡੀਸ਼ਨ, ਪੰਨੇ 10-11
2. ਦਵਾਰਕਾਨਾਥ ਮਿਸ਼ਰ- ਵੇਖੋ: ਭੂਮਿਕਾ "ਸਹਜ-ਸਾਧਨਾ" (ਕ੍ਰਿਤ: ਡਾ: ਦਿਵੇਦੀ), ਪੰਨਾ 4
3. ਧਰਮਵੀਰ ਭਾਰਤੀ- ਹਿੰਦੀ ਸਾਹਿਤਯ-ਕੋਸ਼, 2015 ਬਿਕ੍ਰਮੀ, ਵਜ੍ਰਯਾਨ ਅਤੇ ਸਹਜ ਦੀ ਵਿਆਖਿਆ, ਪੰਨੇ 698-99 ਅਤੇ 824
4. ਡਾ: ਹਜ਼ਾਰੀਪ੍ਰਸ਼ਾਦ ਦਿਵੇਦੀ........ਪੂਨਾ..........ਪੰਨਾ 11

ਵੈਸ਼ਨਵ-ਭਗਤਾਂ ਨਾਲੋਂ ਭੀ ਕਈ ਪੱਖਾਂ ਤੋਂ ਅੰਤਰ ਰੱਖਦੀ ਹੈ। ਇੱਥੇ ਕੇਵਲ **ਇਹ ਸੰਕੇਤ** ਕਰਨਾ ਜ਼ਰੂਰੀ ਹੈ, ਕਿ ਗੁਰੂ ਅਮਰਦਾਸ ਦੁਆਰਾ ਦ੍ਰਿੜ੍ਹ ਕੀਤੀ ਗਈ ਸਹਜ-ਸਾਧਨਾ ਨੂੰ "ਗੁਰਮਤਿ ਸਹਜ-ਸਾਧਨਾ" ਆਖ ਕੇ ਬਾਕੀ ਦੇ ਧਰਮਾਂ ਦੀ ਸਾਧਨਾਂ ਨਾਲੋਂ ਨਿਖੇੜਿਆ ਜਾ ਸਕਦਾ ਹੈ।

ਗੁਰੂ ਅਮਰਦਾਸ ਦੁਆਰਾ ਦ੍ਰਿੜ੍ਹ ਕੀਤੀ ਗਈ "ਗੁਰਮਤਿ ਸਹਜ-ਸਾਧਨਾ" ਨੇ ਵਜ੍ਰਯਾਨੀ ਸਹਜ-ਯਾਨੀਆਂ ਦੁਆਰਾ ਕਲਪਿਤ ਸਹਜ, ਸਹਜ-ਸੁਖ, ਸਹਜਾਨੰਦ, ਮਹਾਂ-ਸੁਖ, ਆਦਿਕ ਦੇ ਆਦਰਸ਼ ਨੂੰ ਜ਼ਰੂਰ ਸਵੀਕਾਰ ਕੀਤਾ, ਪਰ ਵਜ੍ਰਯਾਨੀ ਸਹਜ-ਯਾਨੀਆਂ ਦੀ ਸਾਧਨਾ ਨਾਲ ਸੰਬੰਧਤ "ਯੋਗ" ਜਾਂ "ਅਨੁੱਤਰ" ਦੇ ਚੱਕਰਾਂ ਵਿੱਚ ਉਹ ਨਹੀਂ ਪਏ। ਹੇਠ ਲਿਖੀਆਂ ਤੁਕਾਂ ਵਿੱਚ "ਮਹਾਂ-ਅਨੰਦੁ" ਦਾ ਪ੍ਰਯੋਗ ਵਜ੍ਰਯਾਨੀ ਸਹਜਯਾਨੀਆਂ ਦੁਆਰਾ ਕਲਪਿਤ "ਮਹਾਂ-ਸੁਖ" ਤੋਂ ਘੱਟ ਮਹੱਤਵ ਨਹੀਂ ਰੱਖਦਾ:-

ਮਹਾ ਅਨੰਦੁ ਸਹਜ ਭਇਆ ਮਨਿ ਤਨਿ ਸੁਖੁ ਪਾਇਆ ।
(ਆਸਾ ਛੰਤ ਮ:3)[1]

ਗੁਰੂ ਅਮਰਦਾਸ ਦੀ ਬਾਣੀ ਵਿੱਚ ਦੋ ਤਿੰਨ ਥਾਈਂ "ਬਜਰ" ਸ਼ਬਦ ਦਾ ਪ੍ਰਯੋਗ ਭੀ ਮਿਲਦਾ ਹੈ। ਬੇਸ਼ਕ ਗੁਰਸ਼ਬਦ ਰਤਨਾਕਰ ਮਹਾਨ ਕੋਸ਼[2]ਅਤੇ ਸ਼ਬਦਾਰਥ[3]ਦੇ ਲੇਖਕਾਂ ਨੇ ਭੀ "ਬਜਰ-ਕਪਾਟ" ਦਾ ਅਰਥ "ਅਗਿਆਨਤਾ ਦੇ ਪੱਟ" ਕਰਕੇ ਗੱਲ ਮੁਕਾ ਦਿੱਤੀ ਹੈ, ਪਰ ਸਾਡਾ ਖਿਆਲ ਹੈ, ਕਿ ਗੁਰੂ ਅਮਰਦਾਸ ਦੀ ਬਾਣੀ ਵਿੱਚ ਬਜਰ-ਕਪਾਟ ਦਾ ਪ੍ਰਯੋਗ ਡੂੰਘੀ-ਖੋਜ ਦਾ ਪਾਤਰ ਹੈ। ਇਹ ਭੀ ਯਾਦ ਰੱਖਣਾ ਚਾਹੀਦਾ ਹੈ, ਕਿ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਵਿੱਚ ਗੁਰ-ਸੇਵਾ ਦੁਆਰਾ ਬਜਰ-ਕਪਾਟ ਦੇ ਖੁੱਲ੍ਹਣ ਨਾਲ "ਸਦਾ-ਸੁਖ" ਦੀ ਪ੍ਰਾਪਤੀ ਵਲ ਭੀ ਸੰਕੇਤ ਮਿਲਦਾ ਹੈ। ਹਿੰਦੀ ਸਾਹਿਤਯ-ਕੋਸ਼ ਵਿੱਚ "ਵਜ੍ਰ" ਅਤੇ "ਵਜ੍ਰਯਾਨ" ਦੇ ਵਿਆਖਿਆਕਾਰ ਡਾ:ਧਰਮਵੀਰ ਭਾਰਤੀ[4]ਨੇ ਸੰਕੇਤ ਕੀਤਾ ਹੈ, ਕਿ "ਵਜ੍ਰ" ਸਿੱਧਾਂ ਦੀਆਂ ਸਾਧਨਾਵਾਂ ਵਿੱਚ "ਸ਼ੂਨਯ" ਦਾ ਸੂਚਕ ਸੀ। ਡਾ:ਭਾਰਤੀ[5]ਨੇ ਇਹ ਭੀ ਮੰਨਿਆ ਹੈ, ਕਿ ਬਾਅਦ ਵਿੱਚ ਸੂਫ਼ੀਆਂ ਦੁਆਰਾ ਵਜ੍ਰ ਸ਼ਬਦ ਦੇ ਨਾਲ "ਕਪਾਟ" ਸ਼ਬਦ ਭੀ ਜੁੜ ਗਿਆ । ਸੋ ਬੇਸ਼ਕ ਗੁਰੂ ਅਮਰਦਾਸ **ਨੇ ਸਿੱਧਾਂ** ਅਤੇ ਨਾਥਾਂ ਦੀਆਂ ਸਾਧਨਾਵਾਂ ਉੱਤੇ ਕਰੜੀ ਆਲੋਚਨਾ ਭੀ ਕੀਤੀ ਹੈ, ਪਰ ਜਿੱਥੋਂ ਤਕ ਗਿਆਨ, ਸਦਾ-ਸੁਖ, ਮਹਾਂ-ਸੁਖ, ਜਾਂ ਮਹਾਂ-ਅਨੰਦ ਦਾ ਸੰਬੰਧ ਹੈ, ਗੁਰੂ ਅਮਰਦਾਸ ਵਜ੍ਰਯਾਨੀਆਂ ਦੀ ਸੰਬੰਧਤ ਸ਼ਬਦਾਵਲੀ ਤੋਂ ਲਾਭ ਉਠਾ ਸਕਦੇ ਸਨ। ਸੋ ਹੇਠ ਲਿਖੀਆਂ ਤੁਕਾਂ ਵਿੱਚ ਬਜਰ-ਕਪਾਟ ਦਾ **ਪ੍ਰਯੋਗ** ਗਿਆਨ ਦਾ ਦਰਵਾਜ਼ਾ ਖੁੱਲ੍ਹਣ ਵਲ ਸੰਕੇਤ ਕਰਦਾ **ਪ੍ਰਤੀਤ** ਹੁੰਦਾ ਹੈ:-

(ੳ) ਗੁਰਸੇਵਾ ਤੇ ਸਦਾ ਸੁਖੁ ਪਾਇਆ ।
ਹਉਮੈ ਮੇਰਾ ਠਾਕਿ ਰਹਾਇਆ ।
ਗੁਰ ਸਾਖੀ ਮਿਟਿਆ ਅੰਧਿਆਰਾ
ਬਜਰਕਪਾਟ ਖੁਲਾਇਆ ।
(ਮਾਝ ਮ:3)[6]

---

1.ਆਦਿ-ਗ੍ਰੰਥ....................ਪੰਨਾ 441
2.ਭਾਈ ਕਾਨ੍ਹ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼,1960,ਪੰਨਾ 623
3.ਸ਼ਬਦਾਰਥ(ਪ੍ਰਕਾਸ਼ਕ:ਗੁਰਸੇਵਕ ਸਭਾ),ਜਿਲਦ ਪਹਿਲੀ,ਪੰਨਾ 110 ਅਤੇ 124
4.ਡਾ:ਧਰਮਵੀਰ ਭਾਰਤੀ- ਹਿੰਦੀ ਸਾਹਿਤਯ-ਕੋਸ਼, ਪੰਨਾ 698 ਅਤੇ 698-99
5.ਡਾ:ਧਰਮਵੀਰ ਭਾਰਤੀ- ....ਉਹੀ...........ਪੰਨਾ 698
6.ਆਦਿ-ਗ੍ਰੰਥ................ਪੰਨਾ 110

(ਅ) ਹਉਮੈ ਮਾਰਿ ਬਜਰਕਪਾਟ ਖੁਲਾਇਆ ।

(ਮਾਝ ਮ:3)[1]

ਵਿਸ਼ੇਸ਼ਤਰ੍ਹਾਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਕਾਇਆ ਜਾਂ ਸਰੀਰ ਨੂੰ ਸਾਧਨ ਬਾਰੇ ਜੋ ਮਹੱਤਵ ਦਿੱਤਾ ਗਿਆ ਹੈ, ਉਸ ਬਾਰੇ ਭੀ ਕੁਝ ਵਿਸਥਾਰ ਦੀ ਲੋੜ ਹੈ। ਸਿੱਧਾਂ ਅਤੇ ਨਾਥ-ਪੰਥੀਆਂ ਨੇ ਸਰੀਰ ਜਾਂ ਕਾਇਆ ਨੂੰ ਯੋਗ-ਸਾਧਨਾ ਲਈ ਇਤਨਾ ਮਹੱਤਵ ਦਿੱਤਾ ਸੀ, ਕਿ ਉਨ੍ਹਾਂ ਮਨੁੱਖੀ-ਸਰੀਰ ਅੰਦਰ ਵੱਖ ਵੱਖ ਚੱਕਰਾਂ ਦੀ ਕਲਪਨਾ ਕੀਤੀ । ਡਾ:ਪਰਸ਼ੂਰਾਮ ਚਤੁਰਵੇਦੀ[2] ਦੇ ਕਥਨ ਅਨੁਸਾਰ ਸ਼ੈਵ-ਤਾਂਤ੍ਰਿਕਾਂ ਨੇ ਮਨੁੱਖੀ-ਸਰੀਰ ਦੇ ਅੰਦਰ ਸਿਰ ਨਾਲ ਸੰਬੰਧਤ "ਸਹਸ੍ਰਾਰ-ਚੱਕ੍ਰ" ਵਿੱਚ "ਸ਼ਿਵ" ਅਤੇ ਸਰੀਰ ਦੇ ਹੇਠਲੇ ਭਾਗ ਵਿੱਚ ਜਿੱਥੇ "ਮੂਲਾਧਾਰ-ਚੱਕ੍ਰ" ਹੈ, ਉਸ ਵਿੱਚ "ਸ਼ਕਤੀ" ਦੀ ਕਲਪਨਾ ਕੀਤੀ। ਬੇਸ਼ਕ ਹਠ-ਯੋਗੀਆਂ ਦਾ ਆਦਰਸ਼ ਮੂਲਾਧਾਰ-ਚੱਕ੍ਰ ਵਿੱਚੋਂ ਨਿਕਲ ਕੇ ਕਈ ਹੋਰ ਚੱਕ੍ਰਾਂ ਨੂੰ ਵਿੰਨ੍ਹ ਕੇ ਅਖੀਰ ਸਹਸ੍ਰਾਰ-ਚੱਕ੍ਰ ਵਿੱਚ ਜਾ ਪ੍ਰਵੇਸ਼ ਕਰਨਾ ਸੀ, ਪਰ ਕੁਝ ਸਮਾਂ ਪਾ ਕੇ ਸਿੱਧ ਅਤੇ ਨਾਥ-ਯੋਗੀ ਸ਼ਿਵ ਨਾਲ ਸੰਬੰਧਤ ਚੱਕ੍ਰ ਵਿੱਚ ਪਹੁੰਚਣ ਦੀ ਥਾਂ ਹੇਠਲੀ-ਅਵੱਸਥਾ ਅਰਥਾਤ "ਮੂਲਾਧਾਰ" ਜਾਂ ਸ਼ਕਤੀ ਦੇ ਘਰ ਵਿੱਚ ਹੀ ਰੁਕ ਗਏ । ਗੁਰੂ ਅਮਰਦਾਸ ਅਤੇ ਦੂਸਰੇ ਸਿੱਖ-ਗੁਰੂਆਂ ਨੇ ਬੇਸ਼ਕ ਹਠ-ਯੋਗੀਆਂ ਦੇ ਚੱਕ੍ਰਾਂ ਵਿੱਚ ਆਪਣੇ ਅਨੁਯਾਈਆਂ ਨੂੰ ਉਲਝਾਉਣ ਦੀ ਥਾਂ ਸਹਜ-ਮਾਰਗ ਦਾ ਉਪਦੇਸ਼ ਕੀਤਾ ਹੈ, ਪਰ ਮਨੁੱਖੀ-ਸਰੀਰ ਦੇ ਮਹੱਤਵ ਨੂੰ ਉਨ੍ਹਾਂ ਕਿਤੇ ਭੀ ਅੱਖੋਂ ਉਹਲੇ ਨਹੀਂ ਕੀਤਾ । ਗੁਰੂ ਅਮਰਦਾਸ ਨੇ ਆਪਣੀ ਬਾਣੀ ਰਾਹੀਂ ਕਈ ਵਾਰ ਇਹ ਆਖਿਆ ਹੈ, ਕਿ ਇਸ ਕਾਇਆ ਵਿੱਚ ਬ੍ਰਹਿਮੰਡ ਦੇ ਅਲੌਕਿਕ-ਨਜ਼ਾਰੇ ਹਨ। ਯੋਗੀਆਂ ਨੇ ਪਿੰਡ ਵਿੱਚ ਬ੍ਰਹਿਮੰਡ ਦੀ ਕਲਪਨਾ ਕੀਤੀ ਸੀ ਅਤੇ ਗੁਰੂ ਅਮਰਦਾਸ ਆਦਿਕ ਗੁਰੂ ਅਤੇ ਕਈ ਭਗਤ-ਕਵੀ ਭੀ ਇਸ ਗੱਲ ਨੂੰ ਮੰਨਦੇ ਪ੍ਰਤੀਤ ਹੁੰਦੇ ਹਨ।

ਪਰ ਕਾਇਆ ਵਿੱਚੋਂ ਅਨਮੋਲ-ਰਤਨ ਢੂੰਡਣ ਲਈ ਗੁਰੂ ਅਮਰਦਾਸ ਨੇ ਹਠ-ਯੋਗ ਦੀ ਥਾਂ ਗੁਰਮਤਿ ਦੇ ਸਹਜ-ਮਾਰਗ ਨੂੰ ਧਾਰਨ ਕਰਨ ਦਾ ਉਪਦੇਸ਼ ਕੀਤਾ ਹੈ। ਉਨ੍ਹਾਂ ਸਹਜ-ਅਨੰਦ ਦੀ ਪ੍ਰਾਪਤੀ ਲਈ ਸਿੱਧਾਂ ਅਤੇ ਹਠ-ਯੋਗੀਆਂ ਦੀਆਂ ਗੁਹਜ-ਸਾਧਨਾਵਾਂ ਅਤੇ ਪ੍ਰਾਣਾਯਾਮ ਆਦਿਕ ਦਾ ਮੂਲੋਂ ਤਿਆਗ ਕੀਤਾ ਹੈ, ਪਰ ਸਿੱਧਾਂ ਅਤੇ ਹਠ-ਯੋਗੀਆਂ ਦੀਆ ਸਾਧਨਾਵਾਂ ਵਿੱਚ ਕਲਪਿਤ ਮਨ ਦੀ ਇਕਾਗਰਤਾ, ਧਿਆਨ, ਸਮਾਧੀ, ਗਗਨ-ਮੰਡਲ, ਦਸਮ-ਦੁਆਰ, ਅਨਹਤ-ਸ਼ਬਦ, ਸਹਜ-ਸੁਖ, ਮਹਾਂ-ਰਸ, ਅਨੰਦ, ਨਿਜ-ਦ੍ਰਿਸ਼ਟੀ, ਅਮਰਾਪਦ, ਪਰਮਪਦ, ਅੰਮ੍ਰਿਤ-ਰਸ, ਮਾਨ-ਸਰੋਵਰ, ਹੰਸ(ਚਿੱਤ-ਰੂਪੀ), ਚਉਥਾ-ਪਦ, ਉਨਮਨਿ-ਅਵੱਸਥਾ, ਆਦਿਕ ਆਤਮਕ-ਅਵੱਸਥਾਵਾਂ ਦੀ ਪ੍ਰਾਪਤੀ ਵਲ ਭੀ ਕਈ ਥਾਈਂ ਇਸ਼ਾਰਾ ਕੀਤਾ ਹੈ। ਦੂਜੇ ਸ਼ਬਦਾਂ ਵਿੱਚ ਗੁਰੂ ਅਮਰਦਾਸ ਨੇ ਸਿੱਧਾਂ ਅਤੇ ਨਾਥ-ਯੋਗੀਆਂ ਜਾਂ ਹਠ-ਯੋਗੀਆਂ ਦੀਆਂ ਸਾਧਨਾਵਾਂ ਨੂੰ ਬੇਸ਼ਕ ਨਹੀਂ ਅਪਣਾਇਆ, ਪਰ ਉਨ੍ਹਾਂ ਸਭ ਅਵੱਸਥਾਵਾਂ ਦੀ ਪ੍ਰਾਪਤੀ ਗੁਰੋਪਦੇਸ਼ ਜਾਂ ਸਹਜ-ਯੁਕਤ ਗੁਰਮਤਿ ਦੁਆਰਾ ਸੰਭਵ ਮੰਨੀ ਹੈ। ਜੇਕਰ ਆਪਣੇ ਵਿਚਾਰ ਨੂੰ ਰਾਮਕਲੀ-ਅਨੰਦੁ ਤਕ ਹੀ ਸੀਮਤ ਰੱਖੀਏ, ਤਾਂ ਭੀ ਸਾਨੂੰ "ਦਸਮ-ਦੁਆਰ"

---

1. ਆਦਿ-ਗ੍ਰੰਥ..................ਪੰਨਾ 124
2. ਡਾ:ਪਰਸ਼ੂਰਾਮ ਚਤੁਰਵੇਦੀ- ਵੇਖੋ:ਸਹਜਿਯਾ-ਸੰਪ੍ਰਦਾਇ ਬਾਰੇ ਲੇਖ(ਹਿੰਦੀ ਸਾਹਿਤ੍ਯ-ਕੋਸ਼,ਪੰਨਾ 826)।

ਅਤੇ ਅਨਹਦ-ਸ਼ਬਦ(ਜੋ ਹਠ-ਯੋਗੀਆਂ ਦੀ ਸਾਧਨਾ-ਪੱਧਤੀ ਨਾਲ ਭੀ ਸੰਬੰਧਤ ਹਨ) ਬਾਰੇ ਕਈ ਸੰਕੇਤ ਮਿਲਦੇ ਹਨ। ਸੰਬੰਧਤ ਤੁਕਾਂ ਅਤੇ ਪਉੜੀਆਂ ਬਾਰੇ ਅੱਗੇ ਚੱਲ ਕੇ ਵਿਚਾਰ ਕੀਤੀ ਜਾਵੇਗੀ।

ਹੁਣ ਇਹ ਦੁਹਰਾਉਣ ਦੀ ਲੋੜ ਨਹੀਂ, ਕਿ ਆਦਿ-ਗ੍ਰੰਥ ਦੇ ਗੁਰੂ-ਕਵੀਆਂ ਵਿੱਚੋਂ "ਸਹਜ" ਦੀ ਮਹਾਨਤਾ ਬਾਰੇ ਸਭ ਤੋਂ ਵਧੇਰੇ ਭਰਪੂਰ ਅਤੇ ਬਲਵਾਨ ਵਿਆਖਿਆ ਗੁਰੂ ਅਮਰਦਾਸ ਨੇ ਕੀਤੀ ਹੈ। ਗੁਰੂ ਨਾਨਕ ਦੀ ਬਾਣੀ ਵਿੱਚ ਇਸ ਬਾਰੇ ਕਈ ਕੀਮਤੀ-ਸੁਝਾਉ ਜ਼ਰੂਰ ਮਿਲਦੇ ਹਨ, ਪਰ ਸਹਜ ਕੀ ਹੈ, ਇਸਦੇ ਕੀ ਲੱਛਣ ਹਨ ਅਤੇ ਇਸਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਇਸ ਬਾਰੇ ਵਿਸਥਾਰ ਸਹਿਤ ਅਨੁਭਵ ਦਾ ਪ੍ਰਗਟਾਉ ਗੁਰੂ ਅਮਰਦਾਸ ਦੀ ਬਾਣੀ ਦੁਆਰਾ ਹੀ ਮਿਲਦਾ ਹੈ। ਗੁਰੂ ਅਮਰਦਾਸ ਤੋਂ ਪਿੱਛੋਂ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਆਦਿਕ ਗੁਰੂ-ਕਵੀਆਂ ਨੇ ਸਹਜ-ਅਨੁਭਵ ਬਾਰੇ ਜੋ ਕੁਝ ਲਿਖਿਆ ਹੈ, ਉਹ ਗੁਰੂ ਅਮਰਦਾਸ ਦੇ ਵਿਚਾਰਾਂ ਦੇ ਨਾਲ ਮਿਲਦਾ ਜੁਲਦਾ ਹੈ।

ਜਿੱਥੋਂ ਤਕ ਸਹਜ-ਅਵੱਸਥਾ ਨਾਲ ਸੰਬੰਧਤ "ਸਹਜ-ਸੁਖ" ਜਾਂ "ਸਹਜ-ਅਨੰਦ" ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਬਾਣੀ ਵਿੱਚ ਰਾਮਕਲੀ-ਅਨੰਦੁ ਤੋਂ ਬਾਹਰ ਅਰਥਾਤ ਆਦਿ-ਗ੍ਰੰਥ ਵਿੱਚ ਕਈ ਹੋਰ ਥਾਈਂ ਭੀ ਭਰਪੂਰ ਅਤੇ ਬਲਵਾਨ ਅਨੁਭਵ ਮਿਲਦਾ ਹੈ। ਉਦਾਹਰਨ ਵਜੋਂ:-

(1) ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ ।
(ਸਿਰੀ ਰਾਗੁ ਮ:3)[1]

(2) ਭਗਤਾ ਮਨਿ ਆਨੰਦੁ ਹੈ ਸਚੈ ਸਬਦਿ ਰੰਗਿ ਰਾਤੇ ।
ਅਨਦਿਨੁ ਗੁਣ ਗਾਵਹਿ ਸਦ ਨਿਰਮਲ ਸਹਜੇ ਨਾਮਿ ਸਮਾਤੇ ।
(ਸਿਰੀ ਰਾਗੁ ਮ:3)[2]

(3) ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ।
(ਮਾਝ ਮ:3)[3]

(4) ਸਦਾ ਅਨੰਦਿ ਰਹੈ ਦਿਨੁ ਰਾਤੀ ਅਨਦਿਨੁ ਰਹੈ ਲਿਵ ਲਾਈ ।
ਨਾਨਕ ਸਹਜੇ ਹਰਿ ਵਰੁ ਪਾਇਆ ਸਾ ਧਨ ਨਉਨਿਧਿ ਪਾਈ ।
(ਗਉੜੀ ਪੂਰਬੀ ਛੰਤ ਮ:3)[4]

(5) ਸਹਜ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ ।
(ਗਉੜੀ ਬੈਰਾਗਣਿ ਮ:3)[5]

(6) ਸਬਦਿ ਮਰੈ ਤਿਸੁ ਸਦਾ ਅਨੰਦ .......... (ਆਸਾ ਮ:3)[6]

(7) ਸਾਜਨ ਮਨਿ ਆਨੰਦੁ ਹੈ ਗੁਰ ਕਾ ਸਬਦੁ ਵੀਚਾਰ ।
ਅੰਤਰਿ ਸਾਚੁ ਵਸਾਇਆ ਦੁਖੁ ਕਟਿਆ ਚਾਨਣੁ ਕੀਆ ਕਰਤਾਰਿ ।
(ਵਾਰ ਬਿਹਾਗੜਾ ਮ:4 ਸ਼ਲੋਕ ਮ:3)[7]

(8) ਤ੍ਰਿਸਨਾ ਤਜਿ ਸਹਜ ਸੁਖੁ ਪਾਇਆ ।........ (ਮਾਝ ਮ:3)[8]

(9) ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ ।
(ਵਾਰ ਬਿਲਾਵਲ ਮ:4 ਸ਼ਲੋਕ ਮ:3)[9]

---

1. ਆਦਿ-ਗ੍ਰੰਥ................ਪੰਨਾ 36
2. ਆਦਿ-ਗ੍ਰੰਥ................ਪੰਨਾ 69
3. ਆਦਿ-ਗ੍ਰੰਥ................ਪੰਨਾ 122
4. ਆਦਿ-ਗ੍ਰੰਥ................ਪੰਨਾ 245
5. ਆਦਿ-ਗ੍ਰੰਥ................ਪੰਨਾ 163
6. ਆਦਿ-ਗ੍ਰੰਥ..................ਪੰਨਾ 364
7. ਆਦਿ-ਗ੍ਰੰਥ..................ਪੰਨਾ 549
8. ਆਦਿ-ਗ੍ਰੰਥ..................ਪੰਨਾ 111
9. ਆਦਿ-ਗ੍ਰੰਥ..................ਪੰਨਾ 851

(10) ਹਉਮੈ ਦੁਬਿਧਾ ਤਿਨਹਿ ਜਾਇ ਸਹਜੇ ਸੁਖਿ ਸਮਾਈਐ ।
(ਗਉੜੀ ਬੈਰਾਗਣਿ ਮ:3)[1]

(11) ਭਰਮੁ ਚੁਕਾਇਆ ਸਦਾ ਸੁਖੁ ਪਾਇਆ ।
ਗੁਰਪਰਸਾਦੀ ਪਰਮਪਦੁ ਪਾਇਆ । ....... (ਮਾਝ ਮ:3)[2]

(12) ਭਾਣਾ ਮੰਨੇ ਸਦਾ ਸੁਖੁ ਹੋਇ ।............ (ਆਸਾ ਮ:3)[3]

(13) ਗੁਰਸੇਵਾ ਤੇ ਸੁਖੁ ਪਾਈਐ ਹੋਰਥੈ ਸੁਖੁ ਨ ਭਾਲਿ ।
(ਵਾਰ ਬਿਹਾਗੜਾ ਮ:4 ਸ਼ਲੋਕ ਮ:3)[4]

(14) ਨਾਨਕ ਨਾਮਿ ਰਤੇ ਸਦਾ ਅਨਦੁ ਹੈ ਹਰਿ ਮਿਲਿਆ ਕਾਰਜ ਸਾਰੇ ।
(ਆਸਾ ਮ:3 ਛੰਤ)[5]

(15) ਸਦਾ ਅਨੰਦੁ ਸਹਜ ਭਇਆ ਮਨਿ ਤਨਿ ਸੁਖੁ ਪਾਇਆ ।
(ਆਸਾ ਮ:3 ਛੰਤ)[6]

(16) ਗੁਰਮੁਖਿ ਹਰਿ ਰਸੁ ਜਾਪੈ ਹੋਇ ।
ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ ਪੂਰੈ ਭਾਗਿ ਪਰਾਪਤਿ ਹੋਇ ।
(ਧਨਾਸਰੀ ਮ:3)[7]

(17) ਮਨਿ ਅਨਦੁ ਭਇਆ ਮਿਲਿਆ ਹਰਿ ਪ੍ਰੀਤਮੁ ਸਰਸੇ ਸਜਣ ਸੰਤ ਪਿਆਰੇ ।
(ਵਾਰ ਸਾਰੰਗ ਮ:4 ਸ਼ਲੋਕ ਮ:3)[8]

(18) ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ ।
ਗੁਰਪ੍ਰਸਾਦੀ ਬੁਝੀਐ ਸਾਧਨ ਸੁਤੀ ਨਿਚਿੰਦ ।
ਜਿਨ ਕਉ ਪੂਰਬਿ ਲਿਖਿਆ ਤਿਨਾ ਭੇਟਿਆ ਗੁਰ ਗੋਵਿੰਦੁ ।
ਨਾਨਕ ਸਹਜੇ ਮਿਲਿ ਰਹੇ ਹਰਿ ਪਾਇਆ ਪਰਮਾਨੰਦੁ ।
(ਸ਼ਲੋਕ ਵਾਰਾਂ ਤੋਂ ਵਧੀਕ)[9]

ਸਹਜ-ਅਨੰਦ ਅਤੇ ਸਹਜ-ਸੁਖ ਬਾਰੇ ਗੁਰੂ ਅਮਰਦਾਸ ਦੀਆਂ ਉਪਰੋਕਤ ਤੁਕਾਂ ਵੱਖ ਵੱਖ ਰਾਗਾਂ ਵਿੱਚੋਂ ਹਨ, ਜਿਸਲਈ ਰਾਮਕਲੀ-ਰਾਗੁ ਵਿੱਚ ਰਚੀ ਬਾਣੀ "ਅਨੰਦੁ" ਨੂੰ ਗੁਰੂ ਅਮਰਦਾਸ ਦੇ ਪੋਤਰੇ (ਅਨੰਦ) ਨਾਲ ਸੰਬੰਧਤ ਕਰਨਾ ਗੁਰੂ ਅਮਰਦਾਸ ਦੀ ਸਮੁੱਚੀ ਜੀਵਨ-ਫ਼ਿਲਾਸਫ਼ੀ ਨਾਲ ਬੇਇਨਸਾਫ਼ੀ ਕਰਨਾ ਹੈ। ਰਾਮਕਲੀ-ਅਨੰਦੁ ਨਾਮੀ ਬਾਣੀ ਦਾ ਸੰਬੰਧ ਸਹਜ-ਅਨੰਦ ਜਾਂ ਪਰਮ-ਅਨੰਦ ਰੂਪੀ ਬ੍ਰਹਮ ਜਿਤਨਾ ਉੱਚਾ, ਡੂੰਘਾ ਅਤੇ ਵਿਸ਼ਾਲ ਹੈ। ਇਹ ਗੁਰਮਤਿ ਸਹਜ-ਸਾਧਨਾ ਦਾ ਸਿੱਟਾ-ਫਲ ਹੈ, ਜਿਸਦੀ ਮਹਿਮਾ "ਸਹਜ" ਵਾਂਗ ਹੀ ਅਪਰ-ਅਪਾਰ ਹੈ। ਆਮ ਕਰਕੇ "ਸਹਜ" ਤੇ "ਅਨੰਦੁ" ਸਮਾਨ-ਅਰਥਾਂ ਦਾ ਬੋਧ ਕਰਾਉਂਦੇ ਹਨ। ਜਿੱਥੇ ਸਹਜ ਹੈ, ਉੱਥੇ ਅਨੰਦੁ ਆਪਣੇ ਆਪ ਆ ਜਾਂਦਾ ਹੈ। ਇਸੇਤਰ੍ਹਾਂ ਜਿੱਥੇ ਅਨੰਦ ਦਾ ਅਨੁਭਵ ਹੈ, ਉੱਥੇ ਸਹਜ-ਅਵੱਸਥਾ ਦਾ ਹੋਣਾ ਸੁਭਾਵਕ ਹੈ। ਸੰਭਵ ਹੈ, ਰਾਮਕਲੀ-ਰਾਗ ਨਾਲ ਸੰਬੰਧਤ 39 ਪਉੜੀਆਂ ਨੂੰ ਗੁਰਦੇਵ ਨੇ "ਅਨੰਦੁ" ਦਾ ਸਿਰਲੇਖ ਇਸਲਈ ਦਿੱਤਾ ਹੋਵੇ, ਕਿ ਅਨੰਦ ਦਾ

---

1. ਆਦਿ-ਗ੍ਰੰਥ......................ਪੰਨਾ 163
2. ਆਦਿ-ਗ੍ਰੰਥ......................ਪੰਨਾ 114
3. ਆਦਿ-ਗ੍ਰੰਥ......................ਪੰਨਾ 364
4. ਆਦਿ-ਗ੍ਰੰਥ......................ਪੰਨਾ 548
5. ਆਦਿ-ਗ੍ਰੰਥ............ ........ਪੰਨਾ 440
6. ਆਦਿ-ਗ੍ਰੰਥ......................ਪੰਨਾ 441
7. ਆਦਿ-ਗ੍ਰੰਥ......................ਪੰਨਾ 664
8. ਆਦਿ-ਗ੍ਰੰਥ.............. . . . ਪੰਨਾ 1249
9. ਆਦਿ-ਗ੍ਰੰਥ.....................ਪੰਨਾ 1415

ਮਹੱਤਵ ਮਨੁੱਖੀ-ਜੀਵਨ ਵਿੱਚ ਸਰਬ-ਸ੍ਰੇਸ਼ਟ ਹੈ। ਸ੍ਰਿਸ਼ਟੀ ਦੇ ਆਰੰਭ ਤੋਂ ਹੀ ਮਨੁੱਖ ਸਦਾ ਸੁਖ ਦੀ ਪ੍ਰਾਪਤੀ ਲਈ ਵਿਆਕੁਲ ਰਿਹਾ ਹੈ। ਧਰਮ, ਅਰਥ, ਕਾਮ ਅਤੇ ਮੋਖਸ਼ ਸਭ ਪਦਾਰਥਾਂ ਦੇ ਪਿੱਛੇ ਸਦੀਵੀ-ਸੁਖ ਦੀ ਕਲਪਨਾ ਹੈ। ਹਰ ਰਚਨਾ, ਹਰ ਕਲਾ, ਹਰ ਪਰਮਾਰਥ ਦੀ ਸਾਧਨਾ, ਸੇਵਾ, ਭਗਤੀ, ਕਰਮ-ਕਾਂਡ ਅਤੇ ਗਿਆਨ ਪ੍ਰਾਪਤੀ ਇਸੇ ਮਨੋਰਥ ਦੀ ਪੂਰਤੀ ਲਈ ਕੀਤੇ ਜਾਂਦੇ ਹਨ। ਉਪਨਿਸ਼ਦਾਂ ਦੇ ਸਮੇਂ ਤੋਂ ਭਗਤੀ-ਕਾਲ ਤਕ ਅਤੇ ਭਗਤੀ-ਕਾਲ ਤੋਂ ਆਧੁਨਿਕ-ਕਾਲ ਤਕ ਮਨੁੱਖ ਨੇ ਸੁਖ ਦੀ ਤਲਾਸ਼ ਵਿੱਚ ਬੇਸ਼ੁਮਾਰ ਅਨੇਕਾਂ ਦੁੱਖ ਉਠਾਏ ਹਨ, ਪਰ ਉਸਦੇ ਮਨ ਵਿੱਚੋਂ ਸਦੀਵੀ-ਸੁਖ ਦੀ ਇੱਛਾ-ਜਿਗਿਆਸਾ ਅਜੇ ਤਕ ਬੁਝ ਨਹੀਂ ਸਕੀ। ਪੱਛਮ ਵਿੱਚ "ਸੁਖਵਾਦ" ਦਾ ਫਲਸਫਾ ਬੇਸ਼ਕ ਭਾਰਤੀ "ਅਨੰਦਵਾਦ" ਨਾਲੋਂ ਨੀਵੀਂ ਪੱਧਰ ਦਾ ਹੈ ਅਤੇ ਬੇਸ਼ਕ ਬਰਟਰੈਂਡ ਰਸਲ[1] ਦੀ "ਸੁਖ-ਸਾਧਨਾ" ਵੀ ਸਹਜ-ਅਨੰਦ ਦੇ ਟਾਕਰੇ ਵਿੱਚ ਮਹਿਜ਼ ਉਪਰਵਾਰ ਦੀ ਗੱਲ ਹੈ, ਪਰ ਇਸਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ, ਕਿ "ਸੁਖ" ਦੀ ਤਲਾਸ਼ ਪੂਰਬ ਅਤੇ ਪੱਛਮ ਸਭ ਪਾਸੇ ਹੁੰਦੀ ਰਹੀ ਹੈ ਅਤੇ ਹੋ ਰਹੀ ਹੈ। ਸੋ ਗੁਰੂ ਅਮਰਦਾਸ ਨੇ ਮਨੁੱਖੀ-ਮਨ ਦੀ ਨਬਜ਼ ਟੋਹ ਕੇ ਉਸਦੀ ਸਦੀਵੀ-ਭਾਲ ਨੂੰ ਮੰਜ਼ਿਲ ਦੀ ਸੇਧ ਵਿਖਾਈ ਹੈ।

ਇਹ ਗੱਲ ਵੀ ਵਰਣਨ-ਯੋਗ ਹੈ, ਕਿ ਰਾਮਕਲੀ-ਅਨੰਦ ਤੋਂ ਛੁੱਟ ਰਾਮਕਲੀ-ਰਾਗ ਵਿੱਚ ਹੋਰ ਵੀ ਜਿਤਨੀ ਬਾਣੀ ਗੁਰੂ ਅਮਰਦਾਸ ਨੇ ਰਚੀ ਹੈ ਜਾਂ ਕਿਸੇ ਹੋਰ ਗੁਰੂ-ਕਵੀ ਨੇ, ਸਭ ਦਾ ਪ੍ਰਧਾਨ ਵਿਸ਼ਾ ਹਠ-ਯੋਗ ਉੱਤੇ ਆਲੋਚਨਾ ਕਰਕੇ ਸਹਜ-ਮਾਰਗ ਦਾ ਪ੍ਰਚਾਰ ਕਰਨਾ ਹੈ। ਕਿਉਂਕਿ ਸਿੱਧਾਂ ਅਤੇ ਹਠ-ਯੋਗੀਆਂ ਦੀ ਸਾਧਨਾ-ਪੱਧਤੀ ਵਿੱਚ ਮਹਾਂ-ਸੁਖ ਜਾਂ ਮਹਾਂ-ਅਨੰਦ ਦੀ ਪ੍ਰਾਪਤੀ ਬਹੁਤ ਵੱਡਾ ਮਨੋਰਥ ਹੈ, ਸੋ ਹੋ ਸਕਦਾ ਹੈ, ਕਿ ਗੁਰੂ ਅਮਰਦਾਸ ਨੇ ਸਿੱਧਾਂ ਅਤੇ ਹਠ-ਯੋਗੀਆਂ ਦੁਆਰਾ ਕਲਪਿਤ ਮਹਾਂ-ਸੁਖ ਜਾਂ ਮਹਾਂ-ਅਨੰਦ ਨੂੰ ਨਵੇਂ ਅਰਥ ਦੇਣ ਲਈ ਅਤੇ ਮਹਾਂ-ਅਨੰਦ ਦੀ ਪ੍ਰਾਪਤੀ ਲਈ ਸਿੱਧਾਂ ਅਤੇ ਹਠ-ਯੋਗੀਆਂ ਦੀਆਂ ਕੁਸਹਜ-ਸਾਧਨਾਵਾਂ ਅਤੇ ਪ੍ਰਾਣਾਯਾਮ ਆਦਿਕ ਨੂੰ ਔਖੇ ਉਹਲੇ ਕਰਕੇ ਗੁਰਮਤਿ ਦੇ ਅਨੁਯਾਈਆਂ ਨੂੰ ਸਿੱਧਾ, ਸਰਲ ਅਤੇ ਸਪਸ਼ਟ ਰਾਹ ਵਿਖਾਉਣਾ ਹੋਵੇ। ਕੁਝ ਵੀ ਹੈ, ਗੁਰੂ ਅਮਰਦਾਸ ਰਚਿਤ "ਅਨੰਦੁ" ਦਾ ਵਿਸ਼ਾ ਬਹੁਤ ਮਹਾਨ ਹੈ ਅਤੇ ਇਸਦਾ ਪ੍ਰਗਟਾਉ ਕਵਿਤਾ ਦੀ ਅਨੂਪਮ-ਕਲਾ ਦੁਆਰਾ ਕੀਤਾ ਗਿਆ ਹੈ। ਆਰੰਭ ਤੋਂ ਅਖੀਰ ਤਕ ਇੱਕੋ ਮਜ਼ਮੂਨ ਹੈ ਅਨੰਦ ਜਾਂ ਸਹਜ-ਸੁਖ ਦੀ ਪ੍ਰਾਪਤੀ ਅਤੇ ਸਭ ਪਉੜੀਆਂ ਕਿਸੇ ਨਾ ਕਿਸੇ ਰੂਪ ਵਿੱਚ ਸਹਜ-ਸਾਧਨਾ ਲਈ ਸੇਧ ਵਿਖਾਉਂਦੀਆਂ ਹਨ।

ਹੁਣ ਰਾਮਕਲੀ ਅਨੰਦੁ ਦੀਆਂ 39 ਪਉੜੀਆਂ ਦਾ ਭਾਵ ਸੰਖੇਪ ਵਿਆਖਿਆ ਸਮੇਤ ਹੇਠਾਂ ਦਿੱਤਾ ਜਾਂਦਾ ਹੈ। ਵੈਸੇ ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ, ਰਾਮਕਲੀ-ਅਨੰਦੁ ਵਿਚਲੇ ਵਿਚਾਰਾਂ ਨੂੰ ਗੁਰੂ ਅਮਰਦਾਸ ਦੀ ਸਮੁੱਚੀ-ਵਿਚਾਰਧਾਰਾ ਨਾਲੋਂ ਅੱਡ ਨਹੀਂ ਕੀਤਾ ਜਾ ਸਕਦਾ। ਇਸੇਲਈ "ਸਹਜ" ਅਤੇ "ਅਨੰਦ" ਬਾਰੇ ਅਸਾਂ ਵਿਸਥਾਰ ਸਹਿਤ ਵਿਚਾਰ ਕੀਤੀ ਹੈ। ਇਸੇਤਰ੍ਹਾਂ ਇਸਤੋਂ ਅਗਲੇ ਅਧਿਆਇ (ਗੁਰੂ ਅਮਰਦਾਸ ਦਾ ਜੀਵਨ-ਦਰਸ਼ਨ) ਨੂੰ ਸਮਝਣ ਲਈ ਵੀ ਇਸ ਟੋਪ ਵਿੱਚ ਪਰਗਟ ਕੀਤੇ ਗਏ ਵਿਚਾਰਾਂ ਨੂੰ ਉਸ ਨਾਲ

---

1. Bertrand Russel – The Conquest of Happiness, London, 1960.

ਸੰਬੰਧਿਤ ਕਰਨਾ ਲਾਭਵੰਦ ਰਹੇਗਾ ।

ਰਾਮਕਲੀ ਅਨੰਦੁ ਦੀਆਂ ਪਹਿਲੀਆਂ ਪੰਜਾਂ ਪਉੜੀਆਂ ਵਿੱਚ ਅਨੰਦ ਜਾਂ ਸਹਜ-ਸੁਖ( ਬੇਸ਼ੱਕ ਕਈ ਥਾਈਂ ਸਹਜ-ਸੁਖ ਦੀ ਥਾਂ ਕੇਵਲ "ਸੁਖ" ਸ਼ਬਦ ਦਾ ਹੀ ਪ੍ਰਯੋਗ ਮਿਲਦਾ ਹੈ) ਦੀ ਮਹਿਮਾ ਗਾਇਨ ਕਰਕੇ ਉਸਦੀ ਪ੍ਰਾਪਤੀ ਦੇ ਸਾਧਨ ਦੱਸੇ ਗਏ ਹਨ। ਗੁਰੂ ਅਮਰ ਦਾਸ ਦੇ ਕਥਨ ਅਨੁਸਾਰ "ਅਨੰਦ" ਦੀ ਪ੍ਰਾਪਤੀ ਸਹਜ-ਅਵੱਸਥਾ ਸਮੇਤ ਗੁਰੂ ਦੁਆਰਾ ਹੁੰਦੀ ਹੈ ਅਤੇ ਜਦੋਂ ਸਹਜ-ਅਨੰਦ ਜਾਂ ਸਹਜ-ਸੁਖ ਪ੍ਰਾਪਤ ਹੋ ਜਾਵੇ, ਮਨ ਦੀ ਅਵੱਸਥਾ ਬਹੁਤ ਉੱਚੀ ਹੋ ਜਾਂਦੀ ਹੈ। ਕਿਉਂਕਿ ਮਨ ਦਾ ਸੁਭਾਉ ਚੰਚਲ ਹੈ ਅਤੇ ਚੰਚਲਤਾ ਤੇ ਚਪਲਤਾ ਕਰਕੇ ਉਹ ਸੰਕਲਪਾਂ-ਵਿਕਲਪਾਂ ਵਿੱਚ ਉਲਝ ਕੇ ਦੁਖੀ ਹੁੰਦਾ ਹੈ, ਸੋ ਸੰਕਲਪਾਂ-ਵਿਕਲਪਾਂ ਤੋਂ ਬਚਣ ਲਈ ਸਦਾ "ਹਰਿ" ਦੇ ਚਰਨਾਂ ਨਾਲ ਜੁੜੇ ਰਹਿਣਾ ਚਾਹੀਦਾ ਹੈ। ਹਰਿ-ਚਰਨਾਂ ਵਿੱਚ ਮਨ ਨੂੰ ਜੋੜਨ ਦਾ ਅੰਤ੍ਰੀਵ-ਭਾਵ ਪ੍ਰਭੂ ਦੀ ਸਿਫ਼ਤਿ-ਸਾਲਾਹ ਦੁਆਰਾ ਨਾਮ ਨੂੰ ਪ੍ਰਾਪਤ ਕਰਨਾ ਹੈ। ਨਾਮ ਦੀ ਪ੍ਰਾਪਤੀ ਹੁੰਦਿਆਂ ਹੀ ਸਭ ਪਰਕਾਰ ਦੀਆਂ ਭੁੱਖਾਂ( ਅਰਥਾਤ ਤ੍ਰਿਸ਼ਨਾ) ਮਿਟ ਜਾਂਦੀਆਂ ਹਨ। ਭੁੱਖ ਹੀ ਦੁੱਖ ਹੈ। ਜਦੋਂ ਭੁੱਖ ਮਿਟ ਜਾਵੇ, ਮਨ ਸ਼ਾਂਤਿ ਹੋ ਕੇ ਸੁਖ ਅਤੇ ਸਹਜ ਦੇ ਘਰ ਵਿੱਚ ਪ੍ਰਵੇਸ਼ ਕਰਦਾ ਹੈ। ਜਿਸ ਹਿਰਦੇ-ਰੂਪੀ ਘਰ ਵਿੱਚ ਪ੍ਰਭੂ ਦੀ ਕਲਾ( ਸ਼ਕਤੀ) ਦੁਆਰਾ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ, ਉਹ ਘਰ ਭਾਗਾਂ ਵਾਲਾ ਹੋ ਜਾਂਦਾ ਹੈ। ਨਿਰੰਤਰ ਨਾਮ-ਅਭਿਆਸ ਵਿੱਚ ਪੁੱਜੀ ਆਤਮਕ-ਅਵੱਸਥਾ ਹੀ ਸਹਜ-ਅਨੰਦ ਜਾਂ ਸਹਜ-ਸੁਖ ਦੀ ਅਵੱਸਥਾ ਹੈ। ਅਜਿਹੀ ਅਵੱਸਥਾ ਵਿੱਚ ਪਹੁੰਚ ਕੇ ਮਨ ਟਿਕਾਉ ਵਿੱਚ ਆ ਜਾਂਦਾ ਹੈ ਅਤੇ ਕਾਮਾਦਿਕ ਪੰਜ-ਦੂਤ ਵੱਸ ਵਿੱਚ ਆ ਜਾਂਦੇ ਹਨ। ਪੰਜ-ਦੂਤਾਂ ਉਤੇ ਵਸ਼ੀਕਰਨ ਹੋਣ ਤੇ ਮੌਤ ਦਾ ਭਉ ਜਾਂ ਮੌਤ ਦਾ ਦੁੱਖ ਵੀ ਦੂਰ ਹੋ ਜਾਂਦਾ ਹੈ ਅਤੇ ਜਦੋਂ ਕੋਈ ਭਉ ਨਾ ਰਹੇ, ਅਨੰਦ ਦਾ ਪ੍ਰਕਾਸ਼ ਹੁੰਦਾ ਹੈ ਅਤੇ ਅਨੰਦ ਨਾਲ ਸੰਬੰਧਿਤ ਅਨਹਦ-ਸ਼ਬਦ ਧੁਨ ਵਿੱਚੋਂ ਗੂੰਜਣ ਲੱਗ ਪੈਂਦੇ ਹਨ। ਇਹੋ ਦਸਮ-ਦੁਆਰ ਨੂੰ ਪੁੱਜੀ ਅਵੱਸਥਾ ਹੈ, ਜਿਸਦੀ ਮਹਿਮਾ ਰਾਮਕਲੀ-ਅਨੰਦੁ ਦੀ 38ਵੀਂ ਪਉੜੀ ਵਿੱਚ ਗਾਇਨ ਕੀਤੀ ਗਈ ਹੈ। ਕਿਉਂਕਿ ਪਹਿਲੀਆਂ ਪੰਜਾਂ ਪਉੜੀਆਂ ਵਿੱਚ ਅਨੰਦ-ਸਰੂਪ ਬ੍ਰਹਮ, ਸਹਜ ਅਤੇ ਗੁਰੂ-ਮਿਲਾਪ ਦੀ ਖ਼ੁਸ਼ੀ ਨੂੰ ਬਹੁਤ ਸੁੰਦਰ, ਸਰਲ ਅਤੇ ਸਪਸ਼ਟ ਢੰਗ ਨਾਲ ਬਿਆਨਿਆ ਗਿਆ ਹੈ, ਸੋ ਆਮ ਸਿੱਖ ਅਤੇ ਗੈਰਸਿੱਖ ਸ਼ਰਧਾਲੂ ਅਨੇਕ ਪਰਕਾਰ ਦੇ ਸਮਾਗਮਾਂ ਸਮੇਂ ਇਨ੍ਹਾਂ ਪੰਜਾਂ ਪਉੜੀਆਂ ਨੂੰ ਪੜ੍ਹਨ ਉਪਰੰਤ ਅੰਤਲੀ ਪਉੜੀ (ਜੋ ਅਨੰਦ-ਮਹਾਤਮ ਨਾਲ ਸੰਬੰਧਿਤ ਹੈ ਅਤੇ ਗੁਰੂ ਅਰਜਨ ਦੇਵ ਦੀ ਰਚਨਾ ਹੈ) ਦਾ ਪਾਠ ਕਰਕੇ ਭੋਗ ਪਾ ਦਿੰਦੇ ਹਨ। ਸਹਜ-ਅਨੰਦ ਅਤੇ ਸਹਜ-ਸੁਖ ਨਾਲ ਸੰਬੰਧਿਤ ਕੁਝ ਤੁਕਾਂ ਇਸ ਪਰਕਾਰ ਹਨ:-

(ੳ) ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ।
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ।
(ਪਉੜੀ ਨੰ:1)[1]

---

1.ਆਦਿ-ਗ੍ਰੰਥ..................ਪੰਨਾ 917

(ਅ) ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ । .....(ਪਉੜੀ ਨੰ:2)[1]
(ਬ) ਨਾਮੁ ਜਿਨ੍ਹ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ।..........(ਪਉੜੀ ਨੰ:3)[1]
(ਸ) ਕਹਿ ਸਾਂਤਿ ਸੁਖੁ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ।
(ਪਉੜੀ ਨੰ:4)[1]
(ਹ) ਕਹੈ ਨਾਨਕੁ ਤਬ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ।....(ਪਉੜੀ ਨੰ:5)[1]

ਅਸਾਂ ਪਿੱਛੇ ਦੱਸਿਆ ਹੈ, ਕਿ ਮਹਾਂ-ਸੁਖ ਜਾਂ ਮਹਾਂ-ਅਨੰਦ ਦੀ ਪ੍ਰਾਪਤੀ ਲਈ ਸਿੱਧਾਂ ਅਤੇ ਨਾਥ-ਪੰਥੀਆਂ ਜਾਂ ਹਠ-ਯੋਗੀਆਂ ਨੇ ਕਾਇਆ, ਸਰੀਰ ਜਾਂ ਮਨੁੱਖਾ-ਦੇਹੀ ਨੂੰ ਬਹੁਤ ਮਹੱਤਵ ਦਿੱਤਾ ਹੈ। ਗੁਰੂ ਅਮਰਦਾਸ ਨੇ ਵੀ ਰਾਮਕਲੀ-ਅਨੰਦੁ ਅਤੇ ਕਈ ਹੋਰ ਬਾਣੀ ਮਨੁੱਖੀ-ਸਰੀਰ ਨੂੰ ਪਰਮਪਦ, ਸਹਜ ਜਾਂ ਅਨੰਦ ਦੀ ਪ੍ਰਾਪਤੀ ਲਈ ਸਰਬ-ਸ੍ਰੇਸ਼ਟ ਮਾਧਿਅਮ ਮੰਨਿਆ ਹੈ। ਇਕ ਦੋ ਥਾਂ ਉਨ੍ਹਾਂ ਮਨੁੱਖੀ-ਸਰੀਰ ਨੂੰ ਹਰਿਮੰਦਿਰ ਵੀ ਆਖਿਆ ਹੈ। ਪਰ ਨਾਲ ਹੀ ਇਹ ਵੀ ਕਿਹਾ ਹੈ, ਕਿ ਹਰਿਮੰਦਿਰ ਵਿੱਚ ਮਨ ਪਾਪਾਂ ਦੀ ਮੈਲ ਕਾਰਨ ਕਾਲਾ ਹੋ ਕੇ ਲੋਹੇ ਦਾ ਰੂਪ ਹੋ ਚੁੱਕਾ ਹੈ (ਹਰਿਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ)[2], ਜਿਸਨੂੰ ਸੋਨੇ ਵਾਂਗ ਸ਼ੁੱਧ ਜਾਂ ਨਿਰਮਲ ਕਰਨ ਲਈ ਪਾਰਸ-ਰੂਪ ਗੁਰੂ ਅਰਥਾਤ ਗੁਰਸ਼ਬਦ ਦੀ ਲੋੜ ਹੈ (ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ)[2]। ਇਸੇ ਲਈ ਪਹਿਲੀ ਪਉੜੀ ਰਾਹੀਂ ਗੁਰਦੇਵ ਨੇ ਮਨ ਨੂੰ ਸਦਾ ਗੁਰੂ ਦੇ ਹਜ਼ੂਰ ਰਹਿਣ ਦਾ ਗੁਪਤ ਇਸ਼ਾਰਾ ਕੀਤਾ ਹੈ, ਕਿਉਂਕਿ ਗੁਰੂ ਦੀ ਕ੍ਰਿਪਾ ਦੁਆਰਾ ਹੀ ਸਹਜ ਅਤੇ ਅਨੰਦੁ ਦੀ ਪ੍ਰਾਪਤੀ ਹੁੰਦੀ ਹੈ। ਨਾਮ ਦੀ ਪ੍ਰਾਪਤੀ ਵੀ ਗੁਰੂ ਦੁਆਰਾ ਹੀ ਹੁੰਦੀ ਹੈ। ਪਰ ਨਾਮ ਉਸੇ ਨੂੰ ਪ੍ਰਾਪਤ ਹੁੰਦਾ ਹੈ, ਜਿਸ ਉਤੇ ਧੁਰੋਂ ਪ੍ਰਭੂ ਦੀ ਬਖ਼ਸ਼ਿਸ਼ ਹੋਵੇ, ਕਿਉਂਕਿ:-

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ।
(ਪਉੜੀ ਨੰ:5)[1]

ਅਗਲੀਆਂ ਪਉੜੀਆਂ ਰਾਹੀਂ ਦਸਦੇ ਹਨ, ਕਿ ਨਾਮ ਦੀ ਪ੍ਰਾਪਤੀ ਲਈ ਸਭ ਤੋਂ ਪਹਿਲੀ ਲੋੜ "ਸੱਚੀ-ਲਿਵ" ਜਾਂ "ਸੱਚੀ-ਲਗਨ" ਦੀ ਹੈ। ਸੱਚੀ-ਲਿਵ ਤੋਂ ਬਿਨਾ ਮਨੁੱਖਾ-ਦੇਹੀ ਜਾਂ ਮਨੁੱਖਾ-ਜਨਮ (ਜੋ ਗੋਬਿੰਦ ਨੂੰ ਮਿਲਣ ਲਈ ਅੰਤਿਮ-ਅਵਸਰ ਹੈ) ਦਾ ਕੋਈ ਅਰਥ ਨਹੀਂ। ਹਠ-ਯੋਗੀ ਯਮ, ਨਿਯਮ ਅਤੇ ਪ੍ਰਾਣਾਯਾਮ ਆਦਿਕ ਰਾਹੀਂ ਪਰਮਪਦ ਦੀ ਪ੍ਰਾਪਤੀ ਮੰਨਦੇ ਹਨ, ਪਰ ਗੁਰੂ ਅਮਰਦਾਸ ਨੇ ਸਭ ਤੋਂ ਪਹਿਲਾ ਸਬਕ "ਸੱਚੀ-ਲਿਵ" ਨੂੰ ਧਾਰਨ ਕਰਨਾ ਦੱਸਿਆ ਹੈ, ਜਿਸਦੇ ਬਿਨਾ ਹਰ ਪਰਕਾਰ ਦੀ ਸਾਧਨਾ ਵਿਅਰਥ ਹੈ:-

ਸਾਚੀ ਲਿਵੈ ਬਿਨੁ ਦੇਹ ਨਿਮਾਣੀ ।
ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰਿਆ ।..... (ਪਉੜੀ ਨੰ:6)[1]

ਇਹੋ ਲਿਵ ਮਨ ਦੇ ਅੰਦਰੋਂ ਧਾਤੁ (ਮਾਇਆ ਦਾ ਮੋਹ) ਨੂੰ ਮਾਰ ਕੇ ਸਹਜ-ਗਿਆਨ ਅਤੇ ਉਸ ਨਾਲ ਸੰਬੰਧਤ "ਅਨੰਦ" ਦੀ ਪਛਾਣ ਕਰਾਉਂਦੀ ਹੈ। ਪਰ ਸਹਜ ਵਾਂਗ ਅਨੰਦ ਬਾਰੇ ਵੀ ਲੋਕ ਗੱਲਾਂ ਬਹੁਤ ਕਰਦੇ ਹਨ ਕੇ ਅਨੰਦ ਦੀ ਪਛਾਣ ਗੱਲਾਂ ਨਾਲ ਕਿਵੇਂ ਆਵੇ? ਆਨੰਦ ਦੀ ਪ੍ਰਾਪਤੀ ਕੇਵਲ ਗੁਰੂ ਦੁਆਰਾ ਹੁੰਦੀ ਹੈ:-

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ।
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ।
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ।
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ।
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥.....(ਪਉੜੀ ਨੰ:7)[1]

---
1.ਆਦਿ-ਗ੍ਰੰਥ.........ਪੰਨਾ 917 2.ਆਦਿ-ਗ੍ਰੰਥ..........ਪੰਨਾ 1346

ਸਹਜ ਦੀ ਪ੍ਰਾਪਤੀ ਲਈ ਪਹਿਲਾਂ ਮਨ ਵਿੱਚੋਂ ਸਹਸਾ ਦਾ ਦੂਰ ਦੀ ਮੈਲ ਗੁਰੂ ਦੀ ਕ੍ਰਿਪਾ ਦੁਆਰਾ ਦੂਰ ਹੁੰਦੀ ਹੈ। ਜਦੋਂ ਗੁਰਸ਼ਬਦ ਵਿੱਚ ਮਨ ਜੁੜ ਜਾਵੇ, ਤਾਂ ਨਿਰਮਲਤਾ ਵੀ ਮਿਲਦੀ ਹੈ ਅਤੇ ਅਕੱਥ ਹੁੰਦਾ ਹੈ, ਜਿਵੇਂ:-

(ੳ) ਗੁਰਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭ[illegible])

(ਅ) ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ।
ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ।..........(ਪਉੜੀ ਨੰ:9)[1]

ਅਕੱਥ-ਬ੍ਰਹਮ ਦੀ ਸਿਫ਼ਤ-ਸਲਾਹ ਤੋਂ ਬਿਨਾ ਕਿਸੇ ਨੇ ਅਕੱਥ-ਅਨੰਦ ਨੂੰ ਪ੍ਰਾਪਤ ਨਹੀਂ ਕੀਤਾ । ਗੁਰੂ ਦੇ ਭਾਣੇ ਵਿੱਚ ਆਉਣ ਦੀ ਥਾਂ ਜਦੋਂ ਮਨੁੱਖੀ-ਮਨ ਅਕਲੀ-ਚਤੁਰਾਈਆਂ ਵਿੱਚ ਉਲਝ ਜਾਂਦਾ ਹੈ, ਤਾਂ ਸਮਝੋ ਮਾਇਆ ਨੇ ਉਸ ਉੱਪਰ ਆਪਣਾ ਜਾਲ ਪਾ ਲਿਆ ਹੈ। ਮਾਇਆ ਬਹੁ-ਰੂਪਣੀ ਜਾਦੂਗਰਨੀ ਹੈ ਅਤੇ ਕਈ ਰੰਗਾਂ, ਢੰਗਾਂ ਤੇ ਫਰੇਬਾਂ ਨਾਲ ਮਨੁੱਖੀ-ਮਨ ਨੂੰ ਕਾਬੂ ਕਰਦੀ ਹੈ। ਉਦਾਹਰਨ ਵਜੋਂ ਟੱਬਰ, ਕਟੁੰਬ ਜਾਂ ਪਰਵਾਰ ਦਾ ਮੋਹ ਭੀ ਲੋਕਾਂ ਨੂੰ ਸਦੀਵੀ-ਅਨੰਦ ਦੇ ਮਾਰਗ ਵਲੋਂ ਭਟਕਾ ਦਿੰਦਾ ਹੈ। ਸੋ ਗੁਰਦੇਵ ਚੇਤਾਵਨੀ ਦਿੰਦੇ ਹਨ, ਕਿ ਕਟੁੰਬ ਵਿੱਚ ਰਹਿੰਦੇ ਹੋਏ ਸਦੀਵੀ-ਅਨੰਦ ਦੇ ਸੋਮੇ ਅਰਥਾਤ ਸੱਤ-ਰੂਪੀ-ਬ੍ਰਹਮ ਨੂੰ ਜ਼ਰੂਰ ਯਾਦ ਰੱਖੋ:-

(ੳ) ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ।......(ਪਉੜੀ ਨੰ:10)[1]

(ਅ) ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ।
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ।..(ਪਉੜੀ ਨੰ:11)[1]

ਇਸਦਾ ਇਹ ਭਾਵ ਨਹੀਂ, ਕਿ ਗੁਰੂ ਅਮਰਦਾਸ ਕੁਟੰਬ ਜਾਂ ਪਰਵਾਰ ਦੇ ਫ਼ਰਜ਼ਾਂ ਵਲੋਂ ਲਾਪਰਵਾਹੀ ਕਰਨ ਲਈ ਉਕਸਾਉਂਦੇ ਹਨ, ਸਗੋਂ ਇਸਦੇ ਉਲਟ ਉਹ ਕੁਟੰਬ ਤਾਂ ਕੀ ਸ੍ਰਿਸ਼ਟੀ ਦੇ ਹਰ ਜੀਵ-ਜੰਤੂ ਵਿੱਚ ਸਿਰਜਨਹਾਰ ਕਰਤਾਰ ਦੀ ਸਰਬ-ਵਿਆਪਕ ਜੋਤਿ ਦਾ ਪ੍ਰਕਾਸ਼ ਮੰਨਦੇ ਹਨ:-

ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ।
ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ।...(ਪਉੜੀ ਨੰ:12)[1]

ਗੁਰੂ ਅਮਰਦਾਸ ਦਾ ਸਹਜ-ਮਾਰਗ ਦੁਨਿਆਵੀ ਰੰਗ-ਮੰਚ ਤੋਂ ਦੂਰ ਨਹੀਂ ਲਿਜਾਂਦਾ, ਸਗੋਂ "ਵਿਚੇ ਗਿਰਹ ਉਦਾਸੁ" ਦੇ ਸੁਨਹਿਰੀ-ਸਿਧਾਂਤ ਦਾ ਪ੍ਰਚਾਰ ਕਰਦਾ ਹੈ। ਸਿੱਧਾਂ, ਯੋਗੀਆਂ ਅਤੇ ਵੇਦਾਂਤੀਆਂ ਨੇ ਜਗਤ ਨੂੰ ਮਿਥਿਆ ਆਖ ਕੇ ਜੰਗਲਾਂ ਵਿੱਚ ਜਾ ਆਸਣ ਲਗਾਏ ਸਨ। ਪਰ ਗੁਰਦੇਵ ਨੇ ਗ੍ਰਿਹਸਥ ਨੂੰ ਅਪਣਾਇਆ ।

ਗ੍ਰਿਹਸਥ ਨੂੰ ਛੱਡ ਕੇ ਉਦਾਸੀ ਜਾਂ ਬਨ-ਵਾਸੀ ਬਣਨ ਦੀ ਕੀ ਲੋੜ ਹੈ, ਜੇਕਰ ਘਰ ਬੈਠਿਆਂ ਹੀ ਗੁਰੂ ਦੀ ਕ੍ਰਿਪਾ ਦੁਆਰਾ ਉਹ "ਅੰਮ੍ਰਿਤ" ਮਿਲ ਸਕੇ, ਜਿਸਨੂੰ ਰਿਸ਼ੀ, ਮੁਨੀ, ਸਿੱਧ ਅਤੇ ਯੋਗੀ ਤਰਸਦੇ ਰਹੇ:-

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ।
(ਪਉੜੀ ਨੰ:13)[1]

---

1.ਆਦਿ-ਗ੍ਰੰਥ......................ਪੰਨਾ 918

ਕੁਝ "ਅੰਮ੍ਰਿਤ" ਬਾਰੇ ਭੀ ਜਾਣਨਾ ਜ਼ਰੂਰੀ ਹੈ । ਡਾ: ਧਰਮਵੀਰ ਭਾਰਤੀ[1] ਅਨੁਸਾਰ ਹਠ-ਯੋਗੀ ਮਨੁੱਖੀ-ਸਰੀਰ ਵਿੱਚ ਛੇ ਚੱਕਰ ਮੰਨਦੇ ਹਨ ਅਤੇ **ਕੁੰਡਲਿਨੀ** ਨੂੰ ਜਗਾ ਕੇ ਜਦੋਂ ਯੋਗੀ ਇਨ੍ਹਾਂ ਚੱਕਰਾਂ ਨੂੰ ਵਿੰਨ੍ਹਦਾ ਹੋਇਆ ਸਹਸ੍ਰਾਰ-ਚੱਕ੍ਰ ਜਾਂ ਸਹੰਸਰ-ਦਲ-ਕਮਲ ਵਿੱਚ ਪਹੁੰਚਦਾ ਹੈ, ਤਾਂ ਬ੍ਰਹਮਰੰਧਰ(ਭਾਵ ਦਸਮ-ਦੁਆਰ) ਖੁੱਲ੍ਹ ਜਾਂਦਾ ਹੈ ਅਤੇ ਉਸ ਸਮੇਂ ਸਹਸ੍ਰਾਰ-ਚੱਕ੍ਰ ਵਿੱਚੋਂ ਅੰਮ੍ਰਿਤ-ਰਸ ਵਰ੍ਹਨ ਲੱਗਦਾ ਹੈ। ਅੰਮ੍ਰਿਤ-ਰਸ ਦੀ ਪ੍ਰਾਪਤੀ ਹੋਣ ਤੇ ਯੋਗੀ ਨੂੰ ਆਤਮ-ਸਾਖਿਆਤ ਦੀ ਉਪਲਬਧੀ ਹੁੰਦੀ ਹੈ ਅਤੇ ਉਹ "ਅਮਰਾਪਦ" ਦਾ ਅਧਿਕਾਰੀ ਸਮਝਿਆ ਜਾਂਦਾ ਹੈ। ਪਰ ਹਠ-ਯੋਗ ਦੇ ਉਲਟ, ਜਿਵੇਂ ਗੁਰੂ ਅਮਰਦਾਸ ਜੀ ਉਪਰੋਕਤ ਤੁਕ ਤੋਂ ਪਰਗਟ ਹੈ, ਇਨ੍ਹਾਂ ਚੱਕਰਾਂ ਵਿੱਚ ਉਲਝਣ ਤੋਂ ਬਿਨਾ ਹੀ ਅੰਮ੍ਰਿਤਮਈ-ਅਵੱਸਥਾ ਗੁਰੂ ਦੀ ਕ੍ਰਿਪਾ ਦੁਆਰਾ ਸਹਿਜ-ਸੁਭਾ ਪ੍ਰਾਪਤ ਹੋ ਜਾਂਦੀ ਹੈ। ਅੰਮ੍ਰਿਤ ਬਾਰੇ ਸ੍ਰੀ ਗੁਰਦੇਵ ਨੇ ਸਪਸ਼ਟ ਸ਼ਬਦਾਂ ਰਾਹੀਂ ਕਈ **ਥਾਈਂ** ਆਖਿਆ ਹੈ, ਕਿ ਪ੍ਰਭੂ ਦੇ ਨਾਮ ਤੋਂ ਬਿਨਾ ਹੋਰ ਅੰਮ੍ਰਿਤ ਕੋਈ ਨਹੀਂ, ਪਰ ਇਹ ਨਾਮ-ਰੂਪੀ-ਅੰਮ੍ਰਿਤ ਭੀ ਹਰ ਇਕ ਨੂੰ ਨਹੀਂ ਮਿਲਦਾ । ਗੁਰੂ ਦੀ ਕ੍ਰਿਪਾ ਦਾ ਪਾਤਰ ਬਣਨ ਲਈ ਕਾਮ, ਲੋਭ ਅਤੇ ਅਹੰਕਾਰ ਦਾ ਤਿਆਗ ਕਰਕੇ ਭਾਣੇ ਵਿੱਚ ਚੱਲਣਾ ਪੈਂਦਾ ਹੈ। ਇਹ ਗੱਲ ਆਖਣ ਵਿੱਚ ਸੌਖੀ ਹੈ, ਪਰ ਕਮਾਉਣ ਵਿੱਚ ਬਹੁਤ ਔਖੀ ਹੈ। ਗੁਰੂ ਅਮਰਦਾਸ ਅਜਿਹੀ ਕਰਣੀ ਨੂੰ ਤਲਵਾਰ ਦੀ ਧਾਰ ਨਾਲੋਂ ਤੇਜ਼ ਅਤੇ ਵਾਲ ਨਾਲੋਂ ਬਾਰੀਕ ਦਰਸਾਉਂਦੇ ਹਨ:-

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ।
(ਪਉੜੀ ਨੰ:14)[2]

ਪਰ ਇਸਦਾ ਇਹ ਭਾਵ ਨਹੀਂ, ਕਿ ਗੁਰਦੇਵ ਆਪਣੇ ਅਨੁਯਾਈਆਂ ਨੂੰ ਡਰਾਉਂਦੇ ਹਨ, ਸਗੋਂ ਇਸਦੇ ਉਲਟ ਅਗਲੀ ਪਉੜੀ ਰਾਹੀਂ ਹੀ ਉਹ ਸਪਸ਼ਟ ਕਰਦੇ ਹਨ, ਕਿ ਜਿਨ੍ਹਾਂ ਨੂੰ ਪ੍ਰਭੂ ਆਪ ਇਸ ਰਾਹ ਉਤੇ ਪਾਉਂਦਾ ਹੈ, ਉਨ੍ਹਾਂ ਲਈ ਇਹ ਬਿਖਮ-ਮਾਰਗ ਭੀ ਆਸਾਨ ਹੋ ਜਾਂਦਾ ਹੈ:-

ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ ।
(ਪਉੜੀ ਨੰ:15)[3]

ਸੰਬੰਧਿਤ ਸਾਧਕ ਜਾਂ ਸਿੱਖ ਨੂੰ ਗੁਰੂ ਦੇ ਦੁਆਰ ਪੁੱਜ ਕੇ ਅਰਥਾਤ ਗੁਰਸ਼ਬਦ ਅਨੁਸਾਰ **ਕਮਾਈ** ਕਰਨ ਕਰਕੇ ਸਹਜ-ਸੁਖ ਪ੍ਰਾਪਤ ਹੁੰਦਾ ਹੈ। ਗੁਰੂ ਦੁਆਰਾ ਹੀ ਗੁਰਬਾਣੀ ਸੁਣਾਈ ਦਿੰਦੀ ਹੈ, ਜੋ ਪ੍ਰਭੂ ਦੀ ਸਿਫ਼ਤ-ਸਲਾਹ ਦਾ ਸੋਹਿਲਾ ਹੈ ਅਤੇ ਪ੍ਰਭੂ ਦੀ ਸਿਫ਼ਤ-ਸਲਾਹ ਨਾਲ ਮਨ ਪਵਿੱਤਰ ਹੋ ਜਾਂਦਾ ਹੈ। ਇਸਦੇ ਉਲਟ ਕਰਮ-ਕਾਂਡ ਨਾਲ ਮਨ ਵਿੱਚੋਂ ਸਹਸਾ ਦੀ ਮੈਲ ਦੂਰ ਨਹੀਂ ਹੁੰਦੀ ਅਤੇ ਜਦੋਂ ਤਕ ਸਹਸਾ ਦੀ ਮੈਲ ਦੂਰ ਨਾ ਹੋਵੇ, ਸਹਜ ਦੀ ਪ੍ਰਕਾਸ਼ ਕਿਵੇਂ ਹੋਵੇ:-

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ।
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ।
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ।
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ।
(ਪਉੜੀ ਨੰ:18)[3]

1.ਧਰਮਵੀਰ ਭਾਰਤੀ ਵੇਖੋ: ਹਠ-ਯੋਗ ਬਾਰੇ ਲੇਖ(ਹਿੰਦੀ ਸਾਹਿਤ੍ਯ-ਕੋਸ਼, ਪੰਨੇ 880-81)।
2.ਆਦਿ-ਗ੍ਰੰਥ......................ਪੰਨਾ 918
3.ਆਦਿ-ਗ੍ਰੰਥ......................ਪੰਨਾ 919

ਕਰਮ-ਕਾਂਡ ਦੁਆਰਾ ਕੇਵਲ ਬਾਹਰ ਦੀ ਮੈਲ ਉਤਰਦੀ ਹੈ, ਪਰ ਬਾਹਰੋਂ ਨਿਰਮਲ ਹੋਣ ਨਾਲ ਅੰਦਰ ਦੀ ਮੈਲ ਕਿਵੇਂ ਦੂਰ ਹੋਵੇ ? ਵੇਦਾਂ ਵਿੱਚ ਜਿਥੇ ਕਰਮ-ਕਾਂਡ ਦੱਸਿਆ ਹੈ, ਉੱਥੇ ਨਾਲ ਹੀ ਹਰੀ-ਨਾਮ ਨੂੰ ਵੀ ਉੱਤਮ-ਦਰਜਾ ਦਿੱਤਾ ਗਿਆ ਹੈ, ਪਰ ਕਰਮ-ਕਾਂਡੀ ਨਾਮ-ਰੂਪੀ-ਸੱਚ ਨੂੰ **ਗ੍ਰਹਿਣ** ਕਰਨ **ਦੀ** ਥਾਂ ਬਾਹਰਮੁਖੀ ਕਰਮ-ਕਾਂਡ ਤਕ ਹੀ ਰਹਿ ਜਾਂਦਾ ਹੈ, ਇਸਲਈ ਉਹ ਜੀਵਨ ਦੀ ਬਾਜ਼ੀ ਹਾਰ ਜਾਂਦਾ ਹੈ:-

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ।
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ।
(ਪਉੜੀ ਨੰ:19)[1]

ਇਸੇਤਰ੍ਹਾਂ ਹਠ-ਜੋਗੀ ਮਨ ਦੀ ਸ਼ੁੱਧੀ ਲਈ ਨੇਤੀ, ਧੋਤੀ, ਆਦਿਕ ਦੇ ਚੱਕਰਾਂ ਵਿੱਚ ਪੈਂਦੇ ਹਨ। ਪਰ ਗੁਰਮਤਿ ਸਹਜ-ਮਾਰਗ ਦੇ ਅਨੁਯਾਈ ਮਨ ਦੀ ਮੈਲ ਨੂੰ ਦੂਰ ਕਰਨ ਲਈ ਨਾਮ ਦਾ ਅਭਿਆਸ ਕਰਦੇ ਹਨ। ਨਾਮ ਦੁਆਰਾ ਮਨ ਨਿਰਮਲ ਹੋ ਜਾਂਦਾ ਹੈ ਅਤੇ ਮਨ ਦੇ ਨਿਰਮਲ ਹੋਣ ਨਾਲ ਤਨ ਆਪੇ ਨਿਰਮਲ ਹੋ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਗੁਰੂ ਅਮਰਦਾਸ ਤਨ ਅਤੇ ਮਨ ਦੋਹਾਂ ਤਰ੍ਹਾਂ ਦੀ ਸਫ਼ਾਈ ਰੱਖਣ ਦੀ ਪ੍ਰੇਰਣਾ ਕਰਦੇ ਹਨ:-

ਜੀਅਹੁ ਨਿਰਮਲ ਬਾਹਰਹੁ ਨਿਰਮਲ ।
ਬਾਹਰਹੁ ਤੇ ਨਿਰਮਲ ਜੀਅਹੁ ਨਿਰਮਲੁ ਸਤਿਗੁਰ ਤੇ ਕਰਣੀ ਕਮਾਣੀ ।
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ।
(ਪਉੜੀ **ਨੰਬਰ** 20)[1]

ਇਹੋ ਸਹਜ-ਅਨੰਦ ਦੀ ਪ੍ਰਾਪਤੀ ਦਾ ਸਹੀ-ਮਾਰਗ ਹੈ। ਕਰਮ-ਕਾਂਡ ਅਤੇ ਯਮ, ਨਿਯਮ, ਆਸਣ, ਪ੍ਰਾਣਾਯਾਮ, ਆਦਿਕ ਦੀ ਲੋੜ ਨਹੀਂ, ਗੁਰਮਤਿ ਸਹਜ-ਮਾਰਗ ਦਾ ਪਾਂਧੀ ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਆਪਣਾ ਆਪ ਗੁਰੂ (ਜਾਂ ਗੁਰਸ਼ਬਦ) ਨੂੰ ਅਰਪਣ ਕਰਕੇ ਸੁਰਖਰੂ ਹੋ ਜਾਂਦਾ ਹੈ। ਮੁਕਤੀ, ਨਿਰਵਾਣ, ਸਹਜ ਤੇ ਅਨੰਦ ਸਭ ਕੁਝ ਇਸੇ ਰਾਹ ਤੇ ਮਿਲ ਜਾਂਦਾ ਹੈ। ਇਸਦੇ ਉਲਟ ਗੁਰੂ ਤੋਂ ਬੇਮੁਖ (ਮਨਮੁਖ) ਆਵਾਗਵਣ ਦੇ ਗੇੜੇ ਪੈਂਦਾ ਰਹਿ ਜਾਂਦਾ ਹੈ। ਪਹਿਲੀ ਅਵੱਸਥਾ "ਸਨਮੁਖ" (ਜਾਂ ਗੁਰਮੁਖ) ਦੀ ਹੈ ਅਤੇ ਪਿਛਲੀ "ਮਨਮੁਖ" ਦੀ, ਜਿਵੇਂ:-

(ੳ) ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ।
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਇ ।
(ਪਉੜੀ ਨੰ:21)[1]
(ਅ) ਜੇ ਕੋ ਗੁਰ ਤੇ ਵੇਮੁਖ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ।
(ਪਉੜੀ ਨੰ:22)[2]

ਕਿਉਂਕਿ ਸੱਚੇ-ਗੁਰੂ ਦੀ ਬਾਣੀ (ਗੁਰਸ਼ਬਦ) ਦੁਆਰਾ ਸਹਜ-ਅਨੰਦ ਜਾਂ ਗਿਆਨ ਦਾ ਅੰਮ੍ਰਿਤ ਮਿਲਦਾ ਹੈ, ਇਸਲਈ ਸੱਚੇ-ਗੁਰੂ ਦੀ ਬਾਣੀ ਭੀ ਸੱਚੀ ਹੈ। ਇਸਦੇ ਉਲਟ ਮਾਇਆ ਤੋਂ ਪ੍ਰੇਰਤ ਕੱਚੇ-ਗੁਰੂਆਂ ਦੀ ਬਾਣੀ ਕੱਚੀ ਹੈ। ਇਨ੍ਹਾਂ ਪਉੜੀਆਂ ਰਾਹੀਂ ਗੁਰੂ ਅਮਰਦਾਸ ਨੇ ਸੱਚੀ-ਬਾਣੀ ਤੇ ਕੱਚੀ-**ਬਾਣੀ** ਵਿੱਚ ਨਿਖੇੜਾ ਕਰਕੇ

1.ਆਦਿ-ਗ੍ਰੰਥ.................ਪੰਨਾ 919
2.ਆਦਿ-ਗ੍ਰੰਥ.................ਪੰਨਾ 920

ਗੁਰਮਤਿ ਦੇ ਪਾਂਧੀਆਂ ਨੂੰ ਸਦਾ ਲਈ ਕੱਚੀ-ਬਾਣੀ ਦੇ ਵਿਰੁਧ ਚੇਤੰਨ ਕਰ ਦਿੱਤਾ ਹੈ:-

(ੳ) ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ।
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ।.............(ਪਉੜੀ ਨੰ:23)[1]
(ਅ) ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ।
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ।.........(ਪਉੜੀ ਨੰ:24)[1]

ਕਿਉਂਕਿ ਪੂਰੇ-ਗੁਰੂ ਨਾਲ ਮੇਲ ਹੋਣ ਤੋਂ ਪਹਿਲਾਂ ਗੁਰੂ ਅਮਰਦਾਸ ਨੂੰ ਬਹੁਤ ਭਟਕਣਾ ਪਿਆ ਸੀ ਅਤੇ ਪੂਰੇ-ਗੁਰੂ ਦਾ ਸ਼ਬਦ ਮਿਲਦਿਆਂ ਹੀ ਉਨ੍ਹਾਂ ਦੀ ਭਟਕਣ ਖ਼ਤਮ ਹੋ ਗਈ ਸੀ, ਸੋ ਗੁਰਸ਼ਬਦ ਦੀ ਮਹਿਮਾ ਕਰਦਿਆਂ ਉਹ ਵਜਦ ਵਿੱਚ ਆ ਜਾਂਦੇ ਹਨ:-

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ।..........(ਪਉੜੀ ਨੰ:25)[1]

ਗੁਰੂ ਦੇ ਸ਼ਬਦ ਦੁਆਰਾ ਹੀ ਇਹ ਸੋਝੀ ਹੁੰਦੀ ਹੈ, ਕਿ ਸ਼ਿਵ ਅਤੇ ਸ਼ਕਤੀ ਦੋਵੇਂ ਬ੍ਰਹਮ ਦੀ ਖੇਡ ਹਨ ਅਤੇ ਉਸਦੇ ਹੁਕਮ ਅਨੁਸਾਰ ਹੀ ਕਾਰ ਕਰ ਰਹੇ ਹਨ। ਜਿਸ ਸਾਧਕ ਨੂੰ ਇਸ ਗੱਲ ਦੀ ਸਮਝ ਆ ਜਾਵੇ, ਉਹ ਮੁਕਤੀ ਦਾ ਅਧਿਕਾਰੀ ਹੋ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਗੁਰਸ਼ਬਦ ਨੂੰ ਮਨ ਵਿੱਚ ਵਸਾਉਣ ਵਾਲਾ ਜਨਮ ਮਰਨ ਦੇ ਦੁੱਖਾਂ ਤੋਂ ਛੁਟਕਾਰਾ ਪਾ ਕੇ ਸਦੀਵੀ-ਸੁਖ ਨੂੰ ਪ੍ਰਾਪਤ ਕਰਦਾ ਹੈ:-

ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ।.............(ਪਉੜੀ ਨੰ:26)[1]

ਗੁਰਸ਼ਬਦ ਦੇ ਟਾਕਰੇ ਵਿੱਚ ਸਿੰਮ੍ਰਿਤੀਆਂ ਤੇ ਸ਼ਾਸਤ੍ਰਾਂ ਦੁਆਰਾ ਤੱਤ-ਗਿਆਨ ਦੀ ਪਛਾਣ ਨਹੀਂ ਹੁੰਦੀ, ਕਿਉਂਕਿ ਸਿੰਮ੍ਰਿਤੀਆਂ ਤੇ ਸ਼ਾਸਤ੍ਰ ਤਿੰਨਾਂ ਗੁਣਾਂ(ਰਜੋ, ਸਤੋ ਅਤੇ ਤਮੋ) ਦੀ ਹੱਦ ਵਿੱਚ ਰਹਿਣ ਕਰਕੇ ਕੇਵਲ ਪਾਪ-ਪੁੰਨ ਦੀ ਵਿਚਾਰ ਤਕ ਹੀ ਰਹਿ ਜਾਂਦੇ ਹਨ। ਤੱਤ-ਗਿਆਨ ਦੀ ਪ੍ਰਾਪਤੀ ਗੁਰਸ਼ਬਦ ਦੇ ਵਿਚਾਰ ਦੁਆਰਾ ਹੁੰਦੀ ਹੈ, ਕਿਉਂਕਿ ਗੁਰਸ਼ਬਦ ਦੇ ਵਿਚਾਰ ਦੁਆਰਾ ਮਨੁੱਖ ਤਿੰਨਾਂ ਗੁਣਾਂ ਤੋਂ ਉਚੇਰੀ ਸਹਜ-ਅਵੱਸਥਾ ਵਿੱਚ ਪਹੁੰਚ ਜਾਂਦਾ ਹੈ। ਸਹਜ-ਅਵੱਸਥਾ ਸਦਾ-ਜਾਗ੍ਰਤ ਦੀ ਅਵੱਸਥਾ ਹੈ ਅਤੇ ਇਹ ਤੱਤ-ਗਿਆਨ ਗੁਰੂ ਦੀ ਕ੍ਰਿਪਾ ਦੁਆਰਾ ਸੱਚੀ-ਲਿਵ ਲੱਗਣ ਪਿੱਛੋਂ ਹੀ ਹੁੰਦਾ ਹੈ:-

ਗੁਰਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ।
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ।
(ਪਉੜੀ ਨੰ:27)[1]

ਜਦੋਂ ਇਹ ਗਿਆਨ ਹੋ ਜਾਵੇ, ਕਿ ਤੱਤ-ਗਿਆਨ ਜਾਂ ਸਹਜ-ਅਨੰਦ ਦੀ ਪ੍ਰਾਪਤੀ ਹਰੀ ਨਾਲ ਸੱਚੀ-ਲਿਵ ਲਾਉਣ ਨਾਲ ਹੁੰਦੀ ਹੈ, ਤਾਂ ਸਹਜ-ਗਿਆਨੀ ਕ੍ਰਿਪਾ-ਸਾਗਰ-ਰੂਪ ਪ੍ਰਭੂ ਨੂੰ ਕਦੇ ਨਹੀਂ ਭੁਲਦਾ:-

(ੳ) ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ।
(ਅ) ਏਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ।
(ਪਉੜੀ ਨੰ:28)[1]

ਇਹ ਗੱਲ ਕਈ ਹੋਰ ਧਰਮਾਂ ਵਾਲੇ ਭੀ ਮੰਨਦੇ ਹਨ, ਕਿ ਬੱਚਾ ਜਦੋਂ ਮਾਂ ਦੇ ਉਦਰ(ਪੇਟ) ਵਿੱਚ ਹੁੰਦਾ ਹੈ, ਤਾਂ ਜਨਮ-ਮਰਨ ਤੋਂ ਬਚਣ ਲਈ ਉਹ ਪ੍ਰਭੂ ਦੇ ਦਰ ਉਤੇ ਅਰਦਾਸਾਂ ਕਰਦਾ ਹੈ, ਪਰ ਜਦੋਂ

---

1.ਆਦਿ-ਗ੍ਰੰਥ.........................ਪੰਨਾ 920

ਸਹਜ-ਅਨੰਦ ਤੋਂ ਛੁਟਕਾਰਾ ਪਾ ਕੇ ਉਹ ਮਾਇਆ ਦੀ ਖੇਡ ਵਿੱਚ ਆ ਜਾਂਦਾ ਹੈ, ਤਾਂ ਆਪਣੇ ਰਖਿਅਕ (ਪ੍ਰਭੂ) ਨੂੰ ਭੁੱਲ ਜਾਂਦਾ ਹੈ, ਸੋ ਗੁਰੂ ਅਮਰਦਾਸ ਮਨੁੱਖ-ਮਾਤਰ ਨੂੰ ਚੇਤੰਨ ਕਰਦੇ ਹਨ, ਕਿ ਮਾਤ-ਗਰਭ ਤੋਂ ਬਾਹਰ ਅਰਥਾਤ ਸੰਸਾਰ ਵਿੱਚ ਭੀ ਤ੍ਰਿਸ਼ਨਾ ਦੀ ਅੱਗ ਚਾਰੇ ਪਾਸੇ ਲਾਟਾਂ ਛੱਡ ਰਹੀ ਹੈ ਅਤੇ ਇਸਤੋਂ ਬਚਣ ਦਾ ਉਪਾਉ ਭੀ ਕੇਵਲ ਹਰਿ-ਨਾਮ ਹੀ ਹੈ:-

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ।
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ।
(ਪਉੜੀ ਨੰ:29)[1]

ਗੁਰੂ ਅਮਰਦਾਸ ਨੇ ਹਰਿ-ਨਾਮ ਨੂੰ "ਅਨਮੋਲ ਰਤਨ" ਆਖਿਆ ਹੈ। ਇਥੇ ਉਨ੍ਹਾਂ ਇਸ ਪਉੜੀ ਰਾਹੀਂ ਉਨ੍ਹਾਂ ਹਰਿ-ਨਾਮ ਨੂੰ ਸਹਜ-ਅਨੰਦ ਦੇ ਵਪਾਰ ਲਈ ਪੱਕੀ-ਰਾਸਿ ਅਤੇ ਲਿਵ-ਜੁੜੇ-ਮਨ ਨੂੰ ਸੱਚਾ-ਵਣਜਾਰਾ ਪਰਵਾਨਿਆ ਹੈ। ਪਰ ਨਾਲ ਹੀ ਚੇਤੰਨ ਕੀਤਾ ਹੈ, ਕਿ ਹਰਿ-ਨਾਮ-ਰੂਪੀ-ਧਨ ਕੇਵਲ ਉਸੇ ਨੂੰ ਮਿਲਦਾ ਹੈ, ਜੋ ਹਰੀ ਨੂੰ ਚੰਗਾ ਲੱਗਦਾ ਹੈ:-

ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ।
ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ।
(ਪਉੜੀ ਨੰ:31)[1]

ਇਸੇ ਤਰ੍ਹਾਂ ਇਸ ਹੋਰ ਪਉੜੀ ਰਾਹੀਂ ਗੁਰਦੇਵ ਨੇ ਹਰਿ-ਨਾਮ ਨੂੰ ਅਜਿਹਾ-ਰਸ ਆਖਿਆ ਹੈ, ਜਿਸਤੋਂ ਦੁਨੀਆਂ ਦੇ ਸਾਰੇ ਰਸ ਊਣੇ ਜਾਂ ਨੀਵੇਂ ਹਨ। ਗੁਰੂ ਅਮਰਦਾਸ ਨੇ ਨਿੱਜੀ-ਅਨੁਭਵ ਰਾਹੀਂ ਇਹ ਤਜਰਬਾ ਆਪਣਿਆਂ ਨਾਲ ਸਾਂਝਾ ਕੀਤਾ ਹੈ, ਕਿ ਹਰਿ-ਨਾਮ ਦਾ ਰਸ ਜਦੋਂ ਪ੍ਰਾਪਤ ਹੋ ਜਾਵੇ, ਫੇਰ ਕੋਈ ਹੋਰ ਰਸ ਚੰਗਾ ਨਹੀਂ ਲੱਗਦਾ, ਕਿਉਂਕਿ ਹਰਿ-ਨਾਮ ਦਾ ਰਸ ਦੁਨੀਆਂ ਦੇ ਸਭਨਾਂ ਰਸਾਂ ਨਾਲੋਂ ਉੱਚਾ ਹੈ। ਤ੍ਰਿਸ਼ਨਾ ਉਸੇ ਨੂੰ ਕਾਬੂ ਕਰਦੀ ਹੈ, ਜਿਸਦਾ ਮਨ ਅਜੇ ਤ੍ਰਿਪਤ ਨਹੀਂ ਹੋਇਆ, ਪਰ ਹਰਿ-ਨਾਮ ਨਾਲ ਮਨ ਤ੍ਰਿਪਤ ਹੋ ਜਾਂਦਾ ਹੈ, ਸੋ ਤ੍ਰਿਸ਼ਨਾ ਆਪਣਾ ਜਾਲ ਨਹੀਂ ਫੈਲਾ ਸਕਦੀ:-

ਹਰਿ ਰਸੁ ਪਾਇ ਪਲੈ ਪੀਐ ਰਹਿ ਰਜੁ ਬਹੁੜਿ ਨ ਤ੍ਰਿਸਨਾ ਲਾਗੈ ਆਇ ।
(ਪਉੜੀ ਨੰ:32)[1]

ਅਸਲ ਵਿੱਚ ਨਾਮ, ਰਸ, ਅਨੰਦ, ਸਭ ਕੁਝ ਸਾਡੇ ਅੰਦਰ ਹੈ, ਪਰ ਮਾਇਆ ਦੇ ਭਰਮ ਕਰਕੇ ਸਾਨੂੰ ਆਪਣੇ ਅਸਲੇ ਦੀ ਪਛਾਣ ਨਹੀਂ ਹੁੰਦੀ। ਜਦੋਂ ਗੁਰਸ਼ਬਦ ਦੁਆਰਾ ਤੱਤ-ਗਿਆਨ ਜਾਂ ਸਹਜ-ਅਵੱਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ, ਤਾਂ ਪ੍ਰਭੂ ਦੀ ਅੰਸ਼, ਜੋਤਿ ਦੇ ਸਰੂਪ ਵਿੱਚ ਹਰ ਜੀਵ ਦੇ ਅੰਦਰ ਦਿਖਾਈ ਦਿੰਦੀ ਹੈ:-

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ **ਰਖੀ** ਤਾ ਤੂ ਜਗ ਮਹਿ ਆਇਆ ।
(ਪਉੜੀ ਨੰ:33)[1]

ਬੱਸ ਇਹ ਮੋੜ ਹੈ, ਸਹਜ-ਅਨੰਦ ਦੇ ਪਦ ਵਲ ਜਾਣ ਲਈ । ਇਹੋ ਰਮਜ਼ ਹੈ, ਪੱਕੀ-ਭੇਤ ਨੂੰ ਸਮਝਣ ਲਈ । ਜਦੋਂ ਆਪਣੇ ਅੰਦਰ ਪ੍ਰਭੂ ਦੀ ਜੋਤਿ ਜਗਦੀ ਨਜ਼ਰ ਆ ਜਾਵੇ, ਫੇਰ ਦਾਸ ਰਜੁ ਜਾਂਦਾ ਹੈ। ਇੰਜ ਲੱਗਦਾ ਹੈ,

1. ਆਦਿ-ਗ੍ਰੰਥ................ਪੰਨਾ 921

ਜਿਵੇਂ ਨਿਰਾਕਾਰ ਸਾਕਾਰ ਹੋ ਕੇ ਆ ਰਿਹਾ ਹੈ:-

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ।
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ।
ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ।
(ਪਉੜੀ ਨੰ:34)[1]

ਇਹ ਅਵੱਸਥਾ ਸਹਜ-ਸਾਧਨਾ ਦੇ ਸਿਖਰ ਦੀ ਅਵੱਸਥਾ ਹੈ, ਕਿਉਂਕਿ ਪ੍ਰਭੂ ਦੇ ਆਗਮਨ ਦਾ ਸੰਕੇਤ ਸਹਜ-ਅਨੰਦੁ ਦੀ ਪ੍ਰਾਪਤੀ ਦਾ ਸੂਚਕ ਹੈ। ਸਹਜ ਤੇ ਅਨੰਦ ਦੋਵੇਂ ਇੱਕੋ ਗਗਨ-ਪੰਛੀ ਦੇ ਦੋ ਖੰਭ ਹਨ। ਇਹ ਦੋਵੇਂ ਇਕੱਠੇ ਹੀ ਦਰਸ਼ਨ ਦਿੰਦੇ ਹਨ। ਇਸੇ ਪਉੜੀ ਵਿੱਚ "ਅਨਹਦ ਸ਼ਬਦ"( ਅਤੇ ਦਸ਼ਮ-ਦੁਆਰ) ਵਲ ਭੀ ਇਸ਼ਾਰਾ ਹੈ। ਸੋ ਆਤਮਕ-ਵਿਕਾਸ ਦੀ ਇਹ ਪਉੜੀ ਬਹੁਤ ਮਹੱਤਵ ਰੱਖਦੀ ਹੈ।

ਇਸ ਤੋਂ ਉੱਚੀ-ਅਵੱਸਥਾ ਵਿੱਚ ਪਹੁੰਚ ਕੇ ਸਾਧਕ ਇਕ ਪਲ ਭੀ ਹਰੀ-ਨਾਮ ਤੋਂ ਬਿਨਾ ਨਹੀਂ ਰਹਿ ਸਕਦਾ। ਉਸਦੀ ਨਸ ਨਸ ਵਿੱਚ ਨਾਮ ਦੀ ਤਾਰ ਖੜਕਦੀ ਹੈ। ਇਹੋ ਸਰੀਰ ਦੀ ਸਿੱਧੀ ਹੈ, ਇਹੋ ਸਹਜ ਦਾ ਭੇਤ ਹੈ, ਕਿ ਹਰੀ-ਨਾਮ ਦੀ ਤਾਰ ਇਕਰਸ ਰਹੇ:-

ਗੁਰਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ।
ਕਹੈ ਨਾਨਕੁ ਏਹੁ ਸਰੀਰ ਪਰਵਾਣੁ ਹੋਆ ਜਿਨਿ ਸਤਿਗੁਰੁ ਸਿਉ ਚਿਤੁ ਲਾਇਆ ।
(ਪਉੜੀ ਨੰ:35)[2]

ਸਹਜ-ਅਵੱਸਥਾ ਵਿੱਚ ਪਹੁੰਚੇ ਮਹਾਂ-ਪੁਰਖ ਦਾ ਮਨ ਅਤੇ ਹਰ ਗਿਆਨ-ਇੰਦ੍ਰਾ ਉਸਦੇ ਵੱਸ ਵਿੱਚ ਹੁੰਦਾ ਹੈ। ਜਿਸਤਰ੍ਹਾਂ ਸਹਸਾ, ਦੁਬਿਧਾ ਜਾਂ ਮਾਇਆ ਦੇ ਜਾਲ ਵਿੱਚ ਫਸੇ ਮਨਮੁਖ ਦਾ ਮਨ ਅਤੇ ਗਿਆਨ-ਇੰਦ੍ਰੇ ਉਸਨੂੰ ਦੁਸ਼ਮਣਾਂ ਵਾਂਗ ਭਰਮਾਉਂਦੇ, ਭਟਕਾਉਂਦੇ ਅਤੇ ਤੜਫਾਉਂਦੇ ਹਨ, ਇਸੇਤਰ੍ਹਾਂ ਸਹਜ-ਅਵੱਸਥਾ ਨੂੰ ਪੁੱਜੇ ਗੁਰਮੁਖ ਦਾ ਮਨ ਅਤੇ ਗਿਆਨ-ਇੰਦ੍ਰੇ ਮਿੱਤਰਾਂ ਵਾਂਗ ਰਾਹ ਦੁਸਾਉਂਦੇ, ਰਸਤੇ ਪਾਉਂਦੇ ਅਤੇ ਧੀਰਜ ਬੰਨ੍ਹਾਉਂਦੇ ਹਨ। ਇਸ ਭੇਤ ਦਾ ਭੇਤ ਇਹ ਹੈ, ਕਿ ਮਨ ਜਦੋਂ ਆਪਣੇ ਜੋਤਿ-ਸਰੂਪੀ ਆਪੇ ਨੂੰ ਪਛਾਣ ਲੈਂਦਾ ਹੈ, ਤਾਂ ਉਸਦੀਆਂ ਪ੍ਰਵਿਰਤੀਆਂ ਬਦਲ ਜਾਂਦੀਆਂ ਹਨ। ਹੁਣ ਉਹ ਚੀਜ਼ਾਂ ਨੂੰ ਵੇਖਦਾ ਤਾਂ ਹੈ, ਪਰ ਅੰਦਰਲੀ-ਅੱਖ ਨਾਲ । ਹੁਣ ਉਹ ਗੱਲਾਂ ਨੂੰ ਸੁਣਦਾ ਤਾਂ ਹੈ, ਪਰ ਅੰਦਰਲੇ-ਕੰਨਾਂ ਨਾਲ । ਦੂਜੇ ਸ਼ਬਦਾਂ ਵਿੱਚ ਹੁਣ ਉਹ ਹਰ ਪਾਸੇ ਸੱਚ ਨੂੰ ਵੇਖਦਾ ਅਤੇ ਸੱਚ ਨੂੰ ਹੀ ਸੁਣਦਾ ਹੈ। ਉਸਦੇ ਮਨ, ਵਚਨ ਅਤੇ ਕ੍ਰਿਆ ਵਿੱਚ ਆਦਰਸ਼-ਰਹਿਣੀ ਦਾ ਉਤਾਰਾ ਹੁੰਦਾ ਹੈ। ਇਸੇਲਈ ਸਾਰਾ ਸੰਸਾਰ ਉਸਨੂੰ ਹਰੀ ਦਾ ਰੂਪ ਵਿਖਾਈ ਦਿੰਦਾ ਹੈ:-

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ।
(ਪਉੜੀ ਨੰ:36)[2]

ਕੀ ਉਪਰੋਕਤ ਸਿੱਧਾਂਤ ਆਧੁਨਿਕ ਮਨੁੱਖਵਾਦੀ-ਦ੍ਰਿਸ਼ਟੀਕੋਣ ਨਾਲੋਂ ਘੱਟ ਮਹੱਤਵ-ਪੂਰਨ ਹੈ ? ਬੇਸ਼ੱਕ ਆਧੁਨਿਕ ਮਨੁੱਖਵਾਦੀ-ਵਿਚਾਰਾਂ ਨੇ ਦੁਨੀਆਂ ਦੇ ਭਲੇ ਲਈ ਕਈ ਕੰਮ ਕੀਤੇ ਹਨ, ਪਰ ਰੰਗ, ਨਸਲ ਅਤੇ ਧੜੇ-ਬੰਦੀਆਂ ਦੇ ਵਿਤਕਰਿਆਂ ਕਾਰਨ, ਸਮੁੱਚੀ-ਦੁਨੀਆਂ ਨੂੰ ਆਪਣਾ ਕੁਟੰਬ ਕਰਕੇ ਕਿਸੇ ਭੀ ਕੌਮ, ਮੁਲਕ ਜਾਂ ਸਰਕਾਰ ਨੇ ਨਹੀਂ ਵਿਖਾਇਆ । ਦੁੱਖਾਂ ਤੇ ਭੁੱਖਾਂ ਨਾਲ ਲੱਦੀ ਧਰਤੀ ਉੱਤੇ ਤਾਕਤ ਦੇ ਘੋੜੇ

1.ਆਦਿ-ਗ੍ਰੰਥ..............ਪੰਨਾ 921
2.ਆਦਿ-ਗ੍ਰੰਥ..............ਪੰਨਾ 922

ਦੌੜ ਰਹੇ ਹਨ। ਕਦੇ ਤਾਕਤ ਦੇ ਘੋੜੇ ਦੀਆਂ ਵਾਗਾਂ ਇਕ ਮੁਲਕ ਵਿੱਚੋਂ ਖਿੱਚੀਆਂ ਜਾਂਦੀਆਂ ਹਨ ਕਦੇ ਦੂਸਰੇ ਮੁਲਕ ਵਿੱਚੋਂ। ਕੁਝ ਵੀ ਹੈ, ਇਨ੍ਹਾਂ ਘੋੜਿਆਂ ਦੀਆਂ ਖੁਰੀਆਂ ਧਰਤੀ ਦੇ ਸੀਨੇ ਨੂੰ ਛਲਣੀ ਕਰ ਕਰ ਜਾਂਦੀਆਂ ਹਨ। ਸੋ ਲੋੜ ਹੈ, ਕਿ ਦੁਨੀਆਂ ਦੇ ਰਾਜਸੀ-ਆਗੂ ਗੁਰੂ ਅਮਰਦਾਸ ਦੀ ਉਪਰੋਕਤ ਤੁਕ ਨੂੰ ਆਪਣਾ ਆਦਰਸ਼ ਬਣਾਉਣ ਅਤੇ ਸੰਸਾਰ ਨੂੰ ਹਰੀ ਦਾ ਰੂਪ ਜਾਣ ਕੇ ਇਸਦੇ ਹਰ ਜ਼ੱਰੇ ਅਰਥਾਤ ਹਰ ਇਨਸਾਨ ਦੀ ਕਦਰ ਕਰਨ । ਇਸਤਰ੍ਹਾਂ ਦੁਨੀਆਂ ਵਿੱਚੋਂ ਰੰਗ, ਨਸਲ ਅਤੇ ਕੌਮੀਅਤ ਦੀਆਂ ਤੰਗ ਹੱਦਾਂ ਟੁੱਟ ਕੇ ਸਾਰੀ ਦੁਨੀਆਂ ਇਕ ਸਰਬ-ਸਾਂਝਾ-ਭਾਈਚਾਰਾ ਬਣ ਜਾਵੇਗਾ। ਪਰ ਜਦੋਂ ਤਕ ਮਨੁੱਖ ਦੀ ਸੋਚ ਸੁਆਰਥ ਤੋਂ ਉੱਚੀ ਨਹੀਂ ਉਠੇਗੀ, ਉਸਨੂੰ ਗੁਰੂ ਅਮਰਦਾਸ ਦੇ ਵਿਚਾਰ "ਪਲਾਇਨਵਾਦ" ਵਾਂਗ ਯਥਾਰਥ ਤੋਂ ਦੁਰੇਡੇ ਹੀ ਜਾਪਦੇ ਰਹਿਣਗੇ।

ਗੁਰੂ ਅਮਰਦਾਸ ਰਚਿਤ "ਅਨੰਦੁ" ਦਾ ਅਨੁਭਵ ਵਿਅਕਤੀ ਅਤੇ ਸਮਾਜ ਦੋਹਾਂ ਲਈ ਇੱਕੋ ਜਿਹਾ ਲਾਭਦਾਇਕ ਹੈ। ਵਿਅਕਤੀ ਇਸ ਰਾਹੀਂ ਇਕ ਆਦਰਸ਼-ਨਾਗਰਿਕ ਬਣ ਸਕਦਾ ਹੈ **ਅਤੇ** ਸਮਾਜ ਇਕ ਸਰਬ-ਸਾਂਝੇ-ਮਨੁੱਖੀ-ਭਾਈਚਾਰੇ ਦਾ ਰੂਪ ਧਾਰ ਸਕਦਾ ਹੈ, ਜਿਸ ਵਿੱਚ ਹਰ ਵਿਅਕਤੀ ਦਾ ਪੂਰਾ ਸਤਿਕਾਰ ਹੋਵੇ।

ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ, ਕਿ ਗੁਰੂ ਅਮਰਦਾਸ ਨੇ ਸਹਜ ਅਤੇ ਅਨੰਦ ਦੀ ਪ੍ਰਾਪਤੀ ਲਈ ਘਰ-ਬਾਰ ਛੱਡ ਕੇ ਜੰਗਲਾਂ ਵਿੱਚ ਜਾਣ ਦੀ ਲੋੜ ਨਹੀਂ ਦੱਸੀ, ਸਗੋਂ ਗੁਰਸ਼ਬਦ ਦੀ ਕਮਾਈ ਨਾਲ ਮਨ ਅਤੇ ਵੇਖਣ, ਸੁਣਨ, ਬੋਲਣ, ਸੁੰਘਣ ਅਤੇ ਛੋਹਣ ਦੀਆਂ ਗਿਆਨ-ਇੰਦ੍ਰੀਆਂ ਉੱਤੇ ਕਾਬੂ ਪਾ ਕੇ ਜੀਵਨ ਵਿੱਚ ਸੰਤੁਲਨ ਕਾਇਮ ਕਰਨ ਦੀ ਪ੍ਰੇਰਨਾ ਕੀਤੀ ਹੈ। 35ਵੀਂ, 36ਵੀਂ ਅਤੇ 37ਵੀਂ, ਤਿੰਨੇ ਪਉੜੀਆਂ ਗਿਆਨ-ਇੰਦ੍ਰੀਆਂ ਉੱਤੇ ਸਹਿਜ-ਸੁਭਾ ਵਸੀਕਰਨ ਪ੍ਰਾਪਤ ਕਰਨ ਵਲ ਸੰਕੇਤ ਕਰਦੀਆਂ ਹਨ। ਦੂਜੇ ਸ਼ਬਦਾਂ ਵਿੱਚ ਸੈਂਸੇ-ਲਿਵ ਤੋਂ ਬਿਨਾ ਜਿਹੜੀ ਦੇਹੀ ਨੂੰ ਛੇਵੀਂ ਪਉੜੀ ਰਾਹੀਂ "ਦੇਹ ਨਿਮਾਣੀ" ਆਖਿਆ ਸੀ, ਉਸੇ ਦੇਹੀ ਨੂੰ ਅਠੱਤੀਵੀਂ ਪਉੜੀ ਦੁਆਰਾ ਦਸਮ-ਦੁਆਰ ਅਤੇ ਅਨਹਦ-ਸ਼ਬਦਾਂ ਦਾ ਘਰ ਬਣਾ ਦਿੱਤਾ ਹੈ, ਪਰ ਇਹ ਸਾਰੀ ਕਰਾਮਾਤ ਨਾਮ ਦੀ ਹੈ, ਜੋ ਗੁਰੂ ਦੁਆਰਾ ਪ੍ਰਾਪਤ ਹੁੰਦਾ ਦਰਸਾਇਆ ਗਿਆ ਹੈ:-

ਹਰਿ ਜੀਉ ਗੁਫਾ ਅੰਦਰਿ **ਰਖਿ** ਕੈ ਵਾਜਾ ਪਵਣੁ ਵਜਾਇਆ ।
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ।
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ।
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ।
(ਪਉੜੀ ਨੰ:38)[1]

ਜਦੋਂ ਮਨੁੱਖ-ਦੇਹੀ ਜਾਂ ਮਨੁੱਖੀ-ਮਨ ਵਿੱਚ ਦਸਮ-ਦੁਆਰ ਵਾਲੀ ਉੱਚੀ ਆਤਮਕ-ਅਵੱਸਥਾ ਆ ਜਾਵੇ, ਤਾਂ ਉਹ "ਸੋਹਣਾ-ਘਰ" ਬਣ ਜਾਂਦੀ ਹੈ, ਜਿਸਦੀ ਸਿਫਤ ਗੁਰੂ ਅਮਰਦਾਸ ਨੇ 39ਵੀਂ ਪਉੜੀ ਵਿੱਚ ਕੀਤੀ ਹੈ:-

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ । ..........(ਪਉੜੀ ਨੰ:39)[1]

ਚਾਲ੍ਹੀਵੀਂ ਪਉੜੀ (ਜੋ ਅਨੰਦ-ਮਹਾਤਮ ਦੀ ਹੈ ਅਤੇ ਗੁਰੂ ਅਰਜਨ ਦੇਵ ਰਚਿਤ ਹੈ) ਉਸ ਬਾਰੇ ਪਿੱਛੇ ਵਿਚਾਰ ਕੀਤੀ ਜਾ ਚੁੱਕੀ ਹੈ। ਇੱਥੇ ਕੇਵਲ ਇਹ ਸੰਕੇਤ ਕਰਨਾ ਜ਼ਰੂਰੀ ਹੈ, ਕਿ ਗੁਰੂ ਅਰਜਨ ਦੇਵ

1.ਆਦਿ-ਗ੍ਰੰਥ .......................ਪੰਨਾ 922

ਨੇ ਜਿੱਥੇ ਇਹ ਮੰਨਿਆ ਹੈ, ਕਿ ਸੱਚੀ-ਬਾਣੀ (ਭਾਵ ਰਾਮਕਲੀ-ਅਨੰਦੁ) ਨੂੰ ਸੁਣ ਕੇ ਦੁੱਖ, ਰੋਗ ਅਤੇ ਸੰਤਾਪ ਉਤਰ ਜਾਂਦੇ ਹਨ ਅਤੇ ਮਨ ਪੇਡੇ ਵਿੱਚ ਆ ਜਾਂਦਾ ਹੈ, ਉੱਥੇ ਉਨ੍ਹਾਂ ਇਹ ਵੀ ਚੇਤਾਵਨੀ ਕਰਵਾਈ ਹੈ, ਕਿ ਸੰਬੰਧਤ ਬਾਣੀ (ਭਾਵ ਰਾਮਕਲੀ-ਅਨੰਦ) ਨੂੰ ਸਮਝਣਾ ਇਤਨਾ ਆਸਾਨ ਨਹੀਂ ਅਤੇ ਇਸਦਾ ਰਹੱਸ ਕੇਵਲ ਪੂਰੇ-ਗੁਰੂ ਦੁਆਰਾ ਹੀ ਜਾਣਿਆ ਜਾ ਸਕਦਾ ਹੈ:-

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ।
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ।
(ਪਉੜੀ ਨੰ:40)[1]

ਜੋ ਪੂਰੇ-ਗੁਰੂ ਦੀ ਕ੍ਰਿਪਾ ਦੁਆਰਾ ਸਾਨੂੰ ਜਿਤਨੀ ਸਮਝ ਲੱਗੀ ਹੈ, ਅਸਾਂ ਸੰਖੇਪ ਜਿਹੀ ਵਿਆਖਿਆ ਭੀ ਕਰ ਦਿੱਤੀ ਹੈ। ਪਰ ਸਹਜ-ਅਨੰਦ ਦਾ ਅਨੁਭਵ ਇਤਨਾ ਡੂੰਘਾ ਹੈ, ਕਿ ਇਸ ਬਾਰੇ ਸਭ ਕੁਝ ਕਹਿ ਕੇ ਵੀ ਕੁਝ ਨਾ ਕੁਝ ਆਖਣਾ ਬਾਕੀ ਰਹਿ ਜਾਂਦਾ ਹੈ। ਇਹ ਰਚਨਾ ਜਿਤਨੀ ਲੋਕ-ਪ੍ਰਿਯ ਹੈ, ਉਤਨੀ ਹੀ ਵਿਚਾਰਾਂ ਦੇ ਪੱਖ ਤੋਂ ਮਹਾਨ ਵੀ ਹੈ ।

*.*.*.*.*.*.*.*.*.*.*.*.*.*

---

1.ਆਦਿ-ਗ੍ਰੰਥ.....................ਪੰਨਾ 922

ਅਠਵਾਂ ਅਧਿਆਇ

## ਗੁਰੂ ਅਮਰਦਾਸ ਦਾ ਜੀਵਨ-ਦਰਸ਼ਨ

ਪਰਸ਼ੁਰਾਮ ਚਤੁਰਵੇਦੀ[1] ਨੇ ਉੱਤਰੀ-ਭਾਰਤ ਦੀ ਸੰਤ-ਪਰੰਪਰਾ ਦਾ ਦਾਰਸ਼ਨਿਕ ਪਿਛੋਕੜ ਦਰਸਾਉਂਦੇ ਹੋਇਆਂ ਭਗਤੀ-ਸਾਧਨਾ ਦਾ ਮੁੱਢ ਬਿਕ੍ਰਮੀ ਸੰਮਤ ਦੇ ਪੂਰਬ ਤੀਸਰੀ ਸ਼ਤਾਬਦੀ ਵਿੱਚ ਢੂੰਡਿਆ ਹੈ, ਜਦੋਂ ਵਾਸੁਦੇਵ-ਕ੍ਰਿਸ਼ਨ ਦੇ ਨਾਮ ਨਾਲ "ਵਾਸੁਦੇਵ-ਧਰਮ" ਜਾਂ "ਭਾਗਵਤ-ਧਰਮ" ਆਰੰਭ ਹੋਇਆ। ਡਾ:ਰਾਧਾਕ੍ਰਿਸ਼ਨ ਨੇ ਭੀ ਇਹ ਸੰਕੇਤ ਕੀਤਾ ਹੈ, ਕਿ ਬੁਧ ਤੋਂ ਪਿਛਲੇਰੇ-ਕਾਲ ਦੇ ਉਪਨਿਖਦਾਂ ਵਿੱਚ ਸ਼ਿਵ, ਸ਼ਕਤੀ ਅਤੇ ਵਿਸ਼ਨੂੰ ਦੀ ਮਹਿਮਾ ਗਾਇਨ ਕੀਤੀ ਗਈ ਹੈ। ਇਸੇਤਰ੍ਹਾਂ ਡਾ:ਨਾਗਾਰਾਜਾ ਰਾਓ[3] ਨੇ ਭੀ ਮੰਨਿਆ ਹੈ, ਕਿ ਅਵਿਤਾਰਵਾਦ ਦਾ ਆਰੰਭ ਪੌਰਾਣਿਕ-ਯੁੱਗ ਵਿੱਚ ਹੋ ਚੁੱਕਾ ਸੀ।

ਭਗਤੀ-ਸਾਧਨਾ ਦਾ ਬੀਜ ਬੇਸ਼ਕ ਪੌਰਾਣਿਕ-ਯੁੱਗ ਤੋਂ ਭੀ ਪਹਿਲਾਂ ਢੂੰਡਿਆ ਜਾ ਸਕਦਾ ਹੈ, ਪਰ ਭਗਤੀ-ਲਹਿਰ ਦਾ ਸੁਨਹਿਰੀ-ਸਮਾਂ 1200 ਈਸਵੀ ਤੋਂ 1650 ਈਸਵੀ ਤਕ ਹੀ ਮੰਨਿਆ ਜਾਂਦਾ ਹੈ, ਜਦੋਂ ਜੈਦੇਵ, ਰਾਮਾਨੰਦ, ਨਾਮਦੇਵ ਅਤੇ ਕਬੀਰ ਆਦਿਕ ਭਗਤਾਂ, ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਗੁਰੂ ਅਰਜਨ ਆਦਿਕ ਗੁਰੂਆਂ ਅਤੇ ਫ਼ਰੀਦ ਆਦਿਕ ਸੂਫ਼ੀਆਂ ਨੇ ਸਾਰੇ ਦੇਸ਼ ਨੂੰ ਭਗਤੀ ਦੇ ਰੰਗ ਵਿੱਚ ਰੰਗ ਦਿੱਤਾ।

ਜਿੱਥੋਂ ਤਕ ਮਧਕਾਲੀਨ-ਭਾਰਤ ਵਿੱਚ ਰਾਮਾਨੰਦ, ਨਾਮਦੇਵ, ਕਬੀਰ ਅਤੇ ਗੁਰੂ ਨਾਨਕ ਆਦਿਕ ਸੰਤ-ਕਵੀਆਂ ਦੁਆਰਾ ਭਗਤੀ-ਲਹਿਰ ਦੇ ਜ਼ੋਰ ਪਕੜਨ ਦਾ ਸੰਬੰਧ ਹੈ, ਇਸਦੇ ਮੂਲ-ਕਾਰਨ ਦੋ ਸਨ। ਪਹਿਲਾ ਕਾਰਨ ਸੰਬੰਧਤ ਭਗਤਾਂ ਅਤੇ ਗੁਰੂਆਂ ਤੋਂ ਪਹਿਲਾਂ ਦੇ ਭਾਰਤ ਵਿੱਚ ਪ੍ਰਚਲਤ ਵੱਖ ਵੱਖ ਧਰਮਾਂ ਅਤੇ ਸੰਪ੍ਰਦਾਵਾਂ ਦੇ ਆਗੂਆਂ ਅਤੇ ਅਨੁਯਾਈਆਂ ਦੀ ਆਤਮਕ ਅਤੇ ਸਦਾਚਾਰਕ ਗਿਰਾਵਟ ਸੀ, ਜਿਸਨੂੰ ਭਗਤਾਂ ਅਤੇ ਗੁਰੂਆਂ ਨੇ ਦੂਰ ਕਰਨ ਦਾ ਜਤਨ ਕੀਤਾ। ਦੂਜਾ ਕਾਰਨ ਮੁਸਲਮਾਨਾਂ ਦਾ ਭਾਰਤ ਉਤੇ ਆਕਰਮਣ ਸੀ। ਮੁਸਲਮਾਨ ਜਰਵਾਣਿਆਂ (ਮਹਿਮੂਦ ਗ਼ਜ਼ਨਵੀ, ਮੁਹੰਮਦ ਗੌਰੀ, ਆਦਿਕ) ਦੇ ਅਤਿਆਚਾਰ ਤੋਂ ਭੈ-ਭੀਤ ਹੋ ਕੇ ਭਾਰਤ ਦੀ ਲੋਕ-ਆਤਮਾ ਨੇ ਜਾਣੋ ਪ੍ਰਮਾਤਮਾ ਦੇ ਦਰ ਉੱਤੇ ਫ਼ਰਿਆਦ ਕੀਤੀ ਅਤੇ ਉਸੇ ਪ੍ਰਸੰਗ ਵਿੱਚ ਸੰਤਾਂ, ਭਗਤਾਂ, ਗੁਰੂਆਂ ਅਤੇ ਸੂਫ਼ੀਆਂ ਨੇ ਦੁੱਖਾਂ, ਭੁੱਖਾਂ, ਵਹਿਮਾਂ, ਭਰਮਾਂ ਅਤੇ ਡਰ-ਚਿੰਤਾ ਵਿੱਚ ਗ੍ਰਸੀ ਮਨੁੱਖਤਾ ਨੂੰ ਸਮੇਂ ਤੇ ਸਥਾਨ ਦੀਆਂ ਪ੍ਰਸਥਿਤੀਆਂ ਦੇ ਅਨੁਕੂਲ, ਪਰਮ-ਸੁਖ ਦੀ ਪ੍ਰਾਪਤੀ ਲਈ ਭਗਤੀ-ਮਾਰਗ ਦੇ ਉਹਲੇ

---

1. ਪਰਸ਼ੁਰਾਮ ਚਤੁਰਵੇਦੀ- ਉੱਤਰੀ-ਭਾਰਤ ਕੀ ਸੰਤ-ਪਰੰਪਰਾ (ਹਿੰਦੀ), ਪ੍ਰਯਾਗ, 2008 ਬਿ:, ਪੰਨੇ 21-22
2. Dr.S.Radhakrishnan- The Principal Upanisads(Edited),1953,P.21.
3. Dr.P.Nagaraja Rao- Introduction to Vedanta-1959,P.124.

ਟੁੰਬਿਆ ਤੇ ਜਗਾਇਆ ।

ਵੇਦਕ-ਕਾਲ ਵਿੱਚ ਕਰਮ-ਕਾਂਡ ਪ੍ਰਧਾਨ ਸੀ। ਭੋਲੇ-ਭਾਲੇ ਲੋਕ ਪ੍ਰਕ੍ਰਿਤਕ-ਸ਼ਕਤੀਆਂ ਨਾਲ ਸੰਬੰਧਤ ਦੇਵਤਿਆਂ(ਅਗਨੀ, ਵਰੁਣ, ਇੰਦ੍ਰ,ਆਦਿਕ) ਨੂੰ ਰੀਝਾਉਣ ਲਈ ਦੇਵ-ਪੂਜਾ ਕਰਦੇ ਸਨ। ਕੁਝ ਸਮਾਂ ਪਾ ਕੇ ਮੁਢਲੀ ਆਰੀਆ-ਜਾਤੀ ਦੀ ਦੇਵ-ਪੂਜਾ ਅਤੇ ਪਿਤਰ-ਪੂਜਾ ਦੀ ਥਾਂ "ਯੱਗ" ਨੇ ਮੱਲ ਲਈ। ਫਿਰ ਦੇਵ-ਪੂਜਾ ਵਾਂਗ "ਯੱਗ" ਆਦਿਕ ਵਿੱਚ ਭੀ ਪਿਛਲੇਰੇ-ਕਾਲ ਦੇ ਰਿਸ਼ੀਆਂ ਜਾਂ ਚਿੰਤਕਾਂ ਨੇ ਬਾਹਰਮੁਖੀ ਕਰਮ-ਕਾਂਡ ਨੂੰ ਪ੍ਰਧਾਨ ਹੁੰਦਾ ਵੇਖ ਕੇ ਗਿਆਨ ਦੀ ਪ੍ਰਾਪਤੀ ਲਈ ਉਪਨਿਖਦਾਂ ਦਾ ਸਹਾਰਾ ਲਿਆ । ਪਰਸ਼ੁਰਾਮ ਚਤੁਰਵੇਦੀ[1]ਦੇ ਸ਼ਬਦਾਂ ਵਿੱਚ ਗਿਆਨਵਾਦ ਨਾਲ ਤਪੋ-ਵਿਦਿਆ ਦਾ ਮੇਲ ਹੋ ਜਾਣ ਨਾਲ ਇਸੇ ਪਰਕਾਰ ਯੋਗ-ਮਾਰਗ ਦਾ ਆਰੰਭ ਹੋਇਆ ।

ਬੁਧ-ਧਰਮ ਦਾ ਹਿਣਯਾਨੀ-ਸਰੂਪ ਬੇਸ਼ਕ ਇਤਨਾ ਨਾ ਫੈਲ ਸਕਿਆ, ਪਰ ਮਹਾਂਯਾਨੀ-ਸਰੂਪ ਦਾ ਪਸਾਰਾ ਬਹੁਤ ਦੂਰ ਦੂਰ ਤਕ ਹੋਇਆ । ਸ਼ਾਇਦ ਇਸਦਾ ਕਾਰਨ ਇਹ ਸੀ, ਕਿ ਮਹਾਂਯਾਨ ਦਾ ਆਦਰਸ਼ ਹਿਣਯਾਨ ਨਾਲੋਂ ਵਧੇਰੇ ਲੋਕਾਰਥੀ ਸੀ। ਸੁਰਿੰਦਰਨਾਥ ਦਾਸ ਗੁਪਤਾ[2]ਦੇ ਕਥਨ ਅਨੁਸਾਰ ਹਿਣਯਾਨ ਵਿੱਚ ਜਿੱਥੇ ਸ੍ਵੈ-ਮੁਕਤੀ ਪ੍ਰਧਾਨ ਹੈ, ਉੱਥੇ ਮਹਾਂਯਾਨ ਵਿੱਚ ਸਮਾਜ ਦੇ ਕਲਿਆਨ ਦਾ ਆਦਰਸ਼ ਹੈ। ਜਿਵੇਂ ਦਵਾਰਕਾ ਨਾਥ ਮਿਸ਼ਰ[3]ਨੇ ਦੱਸਿਆ ਹੈ, ਮਹਾਂਯਾਨ-ਸਕੂਲ ਦੀਆਂ ਦੋ ਧਾਰਾਵਾਂ ਸਨ:(ੳ) ਪਾਰਮਿਤਾਨਯ, ਅਤੇ (ਅ) ਮੰਤ੍ਰਨਯ। ਦੋਹਾਂ ਦਾ ਨਿਸ਼ਾਨਾ "ਬੁਧਤ੍ਵ" ਦੀ ਪ੍ਰਾਪਤੀ ਹੈ। ਪਾਰਮਿਤਾਨਯ ਵਿੱਚ ਕਰੁਣਾ, ਮੈਤ੍ਰੀ, ਆਦਿਕ ਦੀ ਚਰਚਾ ਪ੍ਰਧਾਨ ਹੈ ਅਤੇ ਪਾਰਮਿਤਾਵਾਂ ਛੇ ਹਨ: ਦਾਨ, ਸ਼ੀਲ, ਸ਼ਾਂਤੀ, ਵੀਰਯ, ਧਿਆਨ ਅਤੇ ਪ੍ਰੱਗਿਆ, ਜਿਨ੍ਹਾਂ ਵਿੱਚੋਂ ਅੰਤਮ "ਪ੍ਰੱਗਿਆ" ਬਹੁਤ ਮਹੱਤਵ-ਪੂਰਨ ਹੈ। ਇਸਦੇ ਉਲਟ ਮੰਤ੍ਰਨਯ ਜਾਂ ਮੰਤ੍ਰਯਾਨ ਦੇ ਅੰਦਰਲੇ ਭੇਦ ਹਨ:ਵਜ੍ਰਯਾਨ, ਕਾਲ-ਚੱਕ੍ਰਯਾਨ ਅਤੇ ਸਹਜਯਾਨ । ਵਜ੍ਰਯਾਨ ਅਤੇ ਕਾਲ-ਚੱਕ੍ਰਯਾਨ ਦੀ ਸਾਧਨਾ ਵਿੱਚ ਮੰਤ੍ਰ ਉੱਤੇ ਜ਼ੋਰ ਦਿੱਤਾ ਜਾਂਦਾ ਹੈ, ਪਰ ਸਹਜਯਾਨ ਵਿੱਚ "ਸਹਜ-ਅਵੱਸਥਾ" ਦੀ ਪ੍ਰਾਪਤੀ ਨੂੰ ਹੀ ਪੂਰਨਤਾ ਦੀ ਸਿੱਧੀ ਮੰਨਿਆ ਜਾਂਦਾ ਹੈ। ਨਿਰਵਾਨ ਅਤੇ ਮਹਾਂ-ਸੁਖ ਉਸੇ ਸਹਜ-ਅਵੱਸਥਾ ਦੇ ਹੀ ਪਰਯਾਏ ਹਨ। ਪਰਸ਼ੁਰਾਮ ਚਤੁਰਵੇਦੀ[4]ਅਤੇ ਧਰਮਵੀਰ ਭਾਰਤੀ[5] ਆਦਿਕ ਵਿਦਵਾਨਾਂ ਨੇ ਸਿੱਧਾਂ ਦੇ ਸਾਹਿਤ ਵਿੱਚ "ਸਹਜ" ਨੂੰ ਹੀ ਨਿਰਵਾਨ, ਸ਼ੁਨਯ, ਮਹਾਂ-ਸੁਖ ਅਤੇ ਪਰਮ-ਤਤ੍ਵ ਆਦਿਕ ਦੇ ਅਰਥਾਂ ਵਿੱਚ ਵਰਤੀਦਿਆਂ ਦਰਸਾਇਆ ਹੈ।

ਪਰ ਸਮਾਂ ਪਾ ਕੇ ਵਜ੍ਰਯਾਨੀ-ਸਿੱਧਾਂ ਵਿੱਚ ਗਿਰਾਵਟ ਆ ਗਈ। ਕਿਤੇ ਉਹ ਤੰਤ੍ਰਵਾਦੀਆਂ ਦੇ ਰੂਪ ਵਿੱਚ ਮੰਤ੍ਰਾਂ, ਜੰਤ੍ਰਾਂ ਅਤੇ ਤੰਤ੍ਰਾਂ ਦੁਆਰਾ ਰਿਧੀਆਂ ਸਿਧੀਆਂ ਦੇ ਚੱਕਰ ਵਿੱਚ ਉਲਝ ਕੇ ਰਹਿ ਗਏ ਅਤੇ ਕਿਤੇ ਮਹਾਂ-ਸੁਖ ਜਾਂ "ਸਹਜ" ਦੀ ਪ੍ਰਾਪਤੀ ਦੇ ਉਹਲੇ ਉਹ ਨੀਚ-ਜਾਤੀ ਦੀਆਂ ਮੁਦ੍ਰਾਵਾਂ[6]ਨਾਲ ਯੋਨੀ-ਸੰਬੰਧ ਅਸਥਾਪਨ ਕਰਕੇ ਬੁਧ ਦੇ ਨਿਰ-ਈਸ਼ਵਰਵਾਦੀ ਸਿਧਾਂਤ ਬਾਰੇ ਲੋਕਾਂ ਵਿੱਚ ਭੁਲੇਖੇ ਵਧਾਉਣ ਲੱਗ

---

1.ਪਰਸ਼ੁਰਾਮ ਚਤੁਰਵੇਦੀ- ਉੱਤਰੀ-ਭਾਰਤ ਕੀ ਸੰਤ-ਪਰੰਪਰਾ- 2008 ਬਿਕ੍ਰਮੀ, ਪੰਨੇ 2021(20-21)

2. S.N.Das Gupta-A History of Indian Philosophy(Vol.2),1957,P.126-27

3.ਦਵਾਰਕਾਪ੍ਰਸ਼ਾਦ ਮਿਸ਼ਰ(ਵੇਖੋ:ਡਾ:ਹਜ਼ਾਰੀਪ੍ਰਸ਼ਾਦ ਦਿਵੇਦੀ ਰਚਿਤ ਪੁਸਤਕ ਸਹਜ-ਸਾਧਨਾ,2020 ਬਿਕ੍ਰਮੀ, ਦੀ ਭੂਮਿਕਾ)।

4.ਪਰਸ਼ੁਰਾਮ ਚਤੁਰਵੇਦੀ- ਪੁਨਾ,.........ਪੰਨੇ 91-93 ਅਤੇ ਹੋਰ ਵੇਖੋ: ਸਹਜਿਯਾ-ਸੰਪ੍ਰਦਾਇ ਬਾਰੇ ਚਤੁਰਵੇਦੀ ਦਾ ਨੋਟ(ਹਿੰਦੀ ਸਾਹਿਤਯ ਕੋਸ਼,ਪੰਨੇ 826-27)।

5.ਧਰਮਵੀਰ ਭਾਰਤੀ- ਵਜ੍ਰਯਾਨ ਅਤੇ ਸਹਜ ਬਾਰੇ ਨੋਟ(ਹਿੰਦੀ ਸਾਹਿਤਯ-ਕੋਸ਼,2015 ਬਿਕ੍ਰਮੀ,ਪੰਨੇ 824-25 ਅਤੇ 698-99

6.ਪਰਸ਼ੁਰਾਮ ਚਤੁਰਵੇਦੀ-ਉੱਤਰੀ-ਭਾਰਤ ਕੀ ਸੰਤ-ਪਰੰਪਰਾ,ਪੰਨਾ 35

ਪਏ। ਬੇਸ਼ਕ ਸ਼ੰਕਰ-ਆਚਾਰੀਆ ਦੇ ਅਦਵੈਤਵਾਦ ਨੇ ਬੋਧੀ-ਭਿਖਸ਼ੂਆਂ ਦਾ ਵਕਾਰ ਭਾਰਤ ਵਿੱਚੋਂ ਕਾਫ਼ੀ ਹੱਦ ਤਕ ਘਟਾ ਦਿੱਤਾ, ਪਰ ਜਿਵੇਂ ਡਾ:ਪੀਤਾਂਬਰ ਦੱਤ ਬੜਥਵਾਲ[1]ਨੇ ਸੰਕੇਤ ਕੀਤਾ ਹੈ,"ਬੁਧ ਦੇ ਨਿਰ-ਈਸ਼ਵਰਵਾਦੀ ਸਿਧਾਂਤਾਂ ਨੇ ਜਨ-ਸਮਾਜ ਦੇ ਹਿਰਦੇ ਵਿੱਚ ਜੋ ਸ਼ੂਨਯਤਾ ਸਥਾਪਤ ਕਰ ਦਿੱਤੀ ਸੀ, ਉਸਦੀ ਪੂਰਤੀ ਸ਼ੰਕਰ-ਆਚਾਰੀਆ ਦਾ ਅਦਵੈਤਵਾਦ ਭੀ ਨਾ ਕਰ ਸਕਿਆ ਅਤੇ ਹੌਲੀ ਹੌਲੀ ਲੋਕਾਂ ਦੀ ਰੁਚੀ ਫੇਰ ਏਕਾਂਤਿਕ-ਧਰਮ ਵਲ ਮੁੜਨ ਲੱਗ ਪਈ ਸੀ"। ਜੈਨ-ਧਰਮ ਦੀਆਂ ਦੋ ਸ਼ਾਖਾਵਾਂ(ਸਵੇਤ-ਅੰਬਰ ਅਤੇ ਦਿਗੰਬਰ)[2] ਮੰਨੀਆਂ ਜਾਂਦੀਆਂ ਹਨ ਅਤੇ ਦਿਗੰਬਰਾਂ ਦੇ ਭੇਖਾਂ ਉੱਤੇ ਗੁਰੂ ਅਮਰਦਾਸ ਦੀ ਬਾਣੀ ਵਿੱਚ ਭੀ ਆਲੋਚਨਾ ਕੀਤੀ ਗਈ ਹੈ।

ਵਜ੍ਰਯਾਨੀ-ਸਿੱਧਾਂ, ਤੰਤ੍ਰਵਾਦੀ-ਸਾਕਤਾਂ ਅਤੇ ਜੈਨ-ਮਤੀ ਦਿਗੰਬਰਾਂ ਤੋਂ ਛੁੱਟ ਭਗਤੀ-ਕਾਲ ਨਾਲ ਸੰਬੰਧਤ ਸੰਤਾਂ, ਭਗਤਾਂ ਅਤੇ ਗੁਰੂ-ਕਵੀਆਂ ਤੋਂ ਪਹਿਲਾਂ ਹਠ-ਯੋਗੀਆਂ ਜਾਂ ਨਾਥ-ਪੰਥੀਆਂ ਦਾ ਭੀ ਭਾਰਤ ਵਿੱਚ ਕਾਫ਼ੀ ਬੋਲ-ਬਾਲਾ ਸੀ। ਹਠ-ਯੋਗੀ ਘਰ-ਸਾਰ ਛੱਡ ਕੇ ਮਠਾਂ ਵਿੱਚ ਰਹਿੰਦੇ ਸਨ ਅਤੇ ਜਦੋਂ ਦੇਸ਼ ਉੱਤੇ ਬਦੇਸ਼ੀ-ਜਰਵਾਣਿਆਂ ਨੇ ਆਕਰਮਣ ਕੀਤਾ, ਤਾਂ ਉਹ ਪਹਾੜਾਂ ਉੱਤੇ ਜਾ ਚੜ੍ਹੇ ਜਾਂ ਤਪੋ-ਬਨਾਂ ਵਿੱਚ ਛੁਪ ਗਏ। ਭਾਈ ਗੁਰਦਾਸ ਨੇ ਇਹੋ ਜਿਹੇ ਸਿੱਧਾਂ ਅਤੇ ਹਠ-ਜੋਗੀਆਂ ਦਾ ਨਕਸ਼ਾ ਇਸ ਪਰਕਾਰ ਖਿੱਚਿਆ ਹੈ:-

(ੳ) ਬਾਬੇ ਡਿੱਠੀ ਪਿਰਥਵੀ ਨਵੇਖੰਡਿ ਜਿੱਥੇ ਤਕਿ ਆਹੀ ।
ਫਿਰਿ ਜਾ ਚੜ੍ਹਿਆ ਸੁਮੇਰ ਪਰ ਸਿੱਧ ਮੰਡਲੀ ਦ੍ਰਿਸ਼ਟੀ ਆਈ ।
ਚੌਰਾਸੀਹ ਸਿਧਿ ਗੋਰਖਾਦਿ ਮਨਿ ਅੰਦਰਿ ਗਣਤੀ ਵਰਤਾਈ ।
(ਵਾਰ ਪਹਿਲੀ ਪਉੜੀ ਨੰ:28)[3]

(ਅ) ਫਿਰਿ ਪੁਛਣਿ ਸਿਧ ਨਾਨਕਾ, ਮਾਤ ਲੋਕ ਵਿਚਿ ਕਿਆ ਵਰਤਾਰਾ ।
ਸਭ ਸਿਧੀ ਇਹ ਬੁੱਝਿਆ ਕਲਿ ਤਾਰਣਿ ਨਾਨਕ ਅਵਤਾਰਾ ।
ਬਾਬੇ ਕਹਿਆ ਨਾਥ ਜੀ, ਸੱਚ ਚੰਦ੍ਰਮਾ ਕੂੜੁ ਅੰਧਾਰਾ ।
ਕੂੜ ਅਮਾਵਸਿ ਵਰਤਿਆ ਹਉ ਭਾਲਣ ਚੜ੍ਹਿਆ ਸੰਸਾਰਾ ।
ਪਾਪ ਗਿਰਾਸੀ ਪ੍ਰਿਥਮੀ ਧਉਲੁ ਖੜਾ ਧਰਿ ਹੇਠਿ ਪੁਕਾਰਾ ।
ਸਿਧ ਛਪ ਬੈਠੇ ਪਰਬਤੀਂ ਕੌਣ ਜਗਤ ਕਉ ਪਾਰ ਉਤਾਰਾ ।
ਜੋਗੀ ਗਿਆਨ ਵਿਹੂਣਿਆ ਨਿਸਦਿਨ ਅੰਗਿ ਲਗਾਇਨ ਛਾਰਾ ।
ਬਾਝੁ ਗੁਰੂ ਡੁੱਬਾ ਜਗ ਸਾਰਾ ।
(ਵਾਰ ਪਹਿਲੀ ਪਉੜੀ ਨੰ:29)[4]

ਦੂਜੇ ਸ਼ਬਦਾਂ ਵਿੱਚ ਭਾਈ ਗੁਰਦਾਸ(ਸੋਲ੍ਹਵੀਂ ਸਦੀ ਈਸਵੀ) ਨੇ ਸਪਸ਼ਟ-ਰੂਪ ਵਿੱਚ ਮੰਨਿਆ ਹੈ, ਕਿ ਜਦੋਂ ਦੇਸ਼ਵਾਸੀ ਗੁਲਾਮੀ ਤੇ ਅਗਿਆਨਤਾ ਦੇ ਹਨੇਰੇ ਵਿੱਚ ਕੁਰਲਾ ਰਹੇ ਸਨ, ਸਿੱਧ ਅਤੇ ਜੋਗੀ ਪਹਾੜਾਂ ਵਿੱਚ ਛੁਪੇ ਬੈਠੇ ਸਨ। ਗੁਰੂ ਨਾਨਕ ਰਚਿਤ "ਸਿਧ-ਗੋਸਟਿ" ਵਿੱਚ ਭੀ ਸੰਕੇਤ ਮਿਲਦੇ ਹਨ, ਕਿ ਸਿੱਧ ਘਰ-ਬਾਰ

1.ਡਾ:ਪੀਤਾਂਬਰ ਦੱਤ ਬੜਥਵਾਲ- ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ(ਹਿੰਦੀ-ਅਨੁਵਾਦ ਡਾ:ਪਰਸ਼ੂਰਾਮ ਚਤੁਰਵੇਦੀ),ਪ੍ਰਥਮ ਸੰਸਕ੍ਰਣ(ਲਖਨਊ),ਪੰਨਾ 71

2.S.N.Das.Gupta- A History of Indian Philosophy(Vol.I),1957,P.170-72

3.ਵਾਰਾਂ ਭਾਈ ਗੁਰਦਾਸ(ਗਿਆਨੀ ਹਜ਼ਾਰਾ ਸਿੰਘ ਦੁਆਰਾ ਸੰਪਾਦਿਕ),ਪ੍ਰਕਾਸ਼ਕ:ਖਾਲਸਾ ਸਮਾਚਾਰ(ਅੰਮ੍ਰਿਤਸਰ) 1951(ਐਡੀਸ਼ਨ),ਪੰਨਾ 37

4.ਉਹੀ.............ਪੰਨਾ 38

ਛੱਡ ਕੇ ਜੰਗਲਾਂ ਤੇ ਬੀਆਬਾਨਾਂ ਵਿੱਚ ਰਹਿਣਾ ਪਸੰਦ ਕਰਦੇ ਸਨ, ਜਿਵੇਂ ਗੁਰੂ ਨਾਨਕ ਨੂੰ ਸਿੱਧਾਂ ਨੇ ਆਪਣੇ ਬਾਰੇ ਦੱਸਿਆ:-

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ।
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ।

(ਰਾਮਕਲੀ ਮ:1 ਸਿਧ ਗੋਸਟਿ)[1]

ਜੇਕਰ ਧਰਮ ਦੇ ਖੇਤਰ ਵਿੱਚ ਗਿਰਾਵਟ ਆ ਚੁੱਕੀ ਸੀ, ਤਾਂ ਸਮਾਜਕ ਅਤੇ ਰਾਜਸੀ-ਖੇਤਰ ਵਿੱਚ ਵੀ ਉਸ ਸਮੇਂ ਭਾਰਤਵਾਸੀਆਂ ਦਾ ਮੰਦਾ ਹੀ ਹਾਲ ਸੀ। ਇਸਤ੍ਰੀ-ਜਾਤੀ, ਜਿਸਨੂੰ ਪ੍ਰਾਚੀਨ-ਭਾਰਤ ਵਿੱਚ ਪੂਰਾ ਸਤਿਕਾਰ ਪ੍ਰਾਪਤ ਸੀ, ਮੁਸਲਮਾਨਾਂ ਦੇ ਹਮਲਿਆਂ ਤੋਂ ਪਿੱਛੋਂ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੀ ਗਈ। ਪ੍ਰਾਣ ਨਾਥ ਚੋਪੜਾ[2]ਨੇ ਸੰਕੇਤ ਕੀਤਾ ਹੈ, ਕਿ "ਅਕਬਰ ਦੇ ਰਾਜ ਵਿੱਚ ਭੀ ਪਰਦੇ ਦੀ ਕਰੜੀ-ਪਾਲਣਾ ਇਸਤ੍ਰੀ-ਜਾਤੀ ਦੇ ਵਕਾਰ ਲਈ ਜ਼ਰੂਰੀ ਸੀ। ਉਚੇਰੀ-ਸ਼੍ਰੇਣੀ ਦੇ ਮੁਸਲਮਾਨ ਅਤੇ ਹਿੰਦੂ ਆਪਣੀਆਂ ਹਵੇਲੀਆਂ ਦੇ ਦੁਆਲੇ ਉੱਚੀਆਂ ਕੰਧਾਂ ਜ਼ਰੂਰ ਖੜੀਆਂ ਕਰਦੇ ਸਨ।" ਲੁਟੇਰਿਆਂ ਤੇ ਜਰਵਾਣਿਆਂ ਤੋਂ ਡਰ ਕੇ ਕਈ ਭਾਰਤਵਾਸੀ ਜੰਮਦੀਆਂ ਕੁੜੀਆਂ ਨੂੰ ਜਾਨੋਂ ਹੀ ਮਾਰ ਦਿੰਦੇ ਸਨ। ਇਸੇਤਰ੍ਹਾਂ "ਸਤੀ" ਦੀ ਰਸਮ ਭੀ ਅਕਬਰ ਦੇ ਰਾਜ ਤਕ ਪ੍ਰਚਲਤ ਰਹੀ, ਬੇਸ਼ੱਕ ਕਾਫੀ ਸਮਾਂ ਪਾ ਕੇ ਅਕਬਰ ਨੇ ਜਬਰੀ-ਸਤੀ ਦੇ ਵਿਰੁਧ ਕਾਨੂੰਨ ਪਾਸ ਕਰ ਦਿੱਤਾ, ਪਰ ਮਨ-ਮਰਜ਼ੀ ਨਾਲ ਸਤੀ ਹੋਣ ਵਾਲੀਆਂ ਦਾ ਕਾਨੂੰਨ ਕੁਝ ਨਹੀਂ ਸੀ ਵਿਗਾੜ ਸਕਦਾ। ਭਗਤੀ-ਕਾਲ ਦੇ ਸਾਰੇ ਕਵੀਆਂ(ਗੁਰੂ ਅਤੇ ਭਗਤੀ-ਕਵੀ ਦੋਵੇਂ) ਵਿੱਚੋਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਹੀ "ਸਤੀ" ਦੀ ਰਸਮ ਵਿਰੁਧ ਸਭ ਤੋਂ ਜ਼ੋਰਦਾਰ ਆਵਾਜ਼ ਉਠਾਈ ਗਈ ਹੈ।

ਦੂਸਰਾ ਸਮਾਜਕ-ਕੋਹੜ ਜਾਤ-ਪਾਤ ਜਾਂ ਵਰਣ-ਭੇਦ ਦਾ ਸੀ। ਸਧਾਰਨ ਪੁਰਸ਼ ਤਾਂ ਇਕ ਪਾਸੇ ਰਹੇ, ਸ਼ੰਕਰ-ਆਚਾਰੀਆ ਵਰਗੇ ਮਹਾਨ ਅਦਵੈਤੀ ਭੀ ਜਾਤਿ-ਅਭਿਮਾਨ ਤੋਂ ਨਾ ਬਚ ਸਕੇ। ਕੇ.ਐਮ.ਮੁਨਸ਼ੀ[3]ਨੇ ਸ਼ੰਕਰ-ਆਚਾਰੀਆ ਦਾ ਜੀਵਨ ਲਿਖਦਿਆਂ ਇਕ ਥਾਂ ਸੰਕੇਤ ਕੀਤਾ ਹੈ, ਕਿ ਜਦੋਂ ਸ਼ਾਸਤ੍ਰਾਰਥ ਵਿੱਚ ਦਿਗਵਿਜੈ ਪ੍ਰਾਪਤ ਕਰਨ ਪਿੱਛੋਂ ਸ਼ੰਕਰ-ਆਚਾਰੀਆ ਬਨਾਰਸ ਦੀ ਇਕ ਗਲੀ ਵਿੱਚੋਂ ਲੰਘ ਰਹੇ ਸਨ, ਤਾਂ ਇਕ ਚੰਡਾਲ ਨੂੰ ਆਪਣੇ ਰਾਹ ਵਿੱਚ ਖੜਾ ਵੇਖ ਕੇ ਉਹ ਕੁਝ ਸੁੰਗੜਨ ਲੱਗ ਪਏ। ਪਰ ਜਦੋਂ ਸੰਬੰਧਤ ਚੰਡਾਲ ਨੇ ਕੁਝ ਦਲੇਰੀ ਕਰਕੇ ਸ਼ੰਕਰ-ਆਚਾਰੀਆ ਨੂੰ ਆਖਿਆ,"ਜੇਕਰ ਬ੍ਰਹਮ ਸਰਬ-ਵਿਆਪਕ ਹੈ, ਤਾਂ ਕੀ ਮੇਰੇ ਵਿੱਚੋਂ ਤੁਹਾਨੂੰ ਬ੍ਰਹਮ ਵਿਖਾਈ ਨਹੀਂ ਦਿੰਦਾ", ਤਾਂ ਅਦਵੈਤਵਾਦੀ-ਸ਼ੰਕਰਆਚਾਰੀਆ ਦੀਆਂ ਅੱਖਾਂ ਖੁੱਲ੍ਹ ਗਈਆਂ।

ਬੇਸ਼ੱਕ ਭਗਤ-ਕਵੀਆਂ ਨੇ ਸ਼ੂਦਰਾਂ ਜਾਂ ਹਰੀਜਨਾਂ ਨੂੰ ਯੋਗ-ਸਤਿਕਾਰ ਦਿੱਤਾ, ਪਰ ਇਤਿਹਾਸ ਗੁਆਹ ਹੈ, ਕਿ ਸ਼ੂਦਰਾਂ ਨੂੰ ਪੂਰਾ ਸਤਿਕਾਰ ਕਦੇ ਭੀ ਪ੍ਰਾਪਤ ਨਹੀਂ ਹੋਇਆ। ਨਾਮਦੇਵ, ਕਬੀਰ, ਸਦਨਾ, ਸੈਣ

---

1.ਆਦਿ-ਗ੍ਰੰਥ.............ਪੰਨਾ 938-39

2. Pran Nath Chopra- Some Aspects of Society and Culture during the Mughal Age (1526-1707), 1963, P.109

3. K.M.Munshi - Living Biographies of Religious Leaders, 1959, P.91

ਅਤੇ ਰਵਿਦਾਸ ਆਦਿਕ ਭਗਤ(ਜੋ ਨੀਵੀਆਂ ਜਾਤਾਂ ਨਾਲ ਸੰਬੰਧਤ ਸਨ) ਸਮਾਂ ਪਾ ਕੇ ਬੇਸ਼ਕ ਵੈਸ਼ਨਮ-ਧਰਮ ਦੇ ਅਨੁਯਾਈਆਂ ਲਈ ਲੋਕ-ਪ੍ਰਿਯ ਨਾਇਕ ਬਣ ਗਏ, ਪਰ ਉਨ੍ਹਾਂ ਦੀ ਜਾਤੀ ਨਾਲ ਸੰਬੰਧਤ ਬਾਕੀ ਸ਼ੂਦਰਾਂ ਨੂੰ ਉਚੇਰੀ-ਜਾਤੀ ਦੇ ਭਾਰਤਵਾਸੀਆਂ ਨੇ ਗੁਰੂ ਨਾਨਕ ਦੇ ਸਮੇਂ ਤਕ ਭੀ ਨਹੀਂ ਸੀ ਅਪਣਾਇਆ। ਸੋ ਗੁਰੂ ਨਾਨਕ ਨੇ ਜਾਤ-ਪਾਤ ਦੇ ਵਿਰੁਧ ਬਾਣੀ ਰਚਨ ਉਪਰੰਤ ਭਾਈ ਲਾਲੋ-ਤਰਖਾਣ ਦੇ ਘਰ ਰੋਟੀ ਖਾ ਕੇ ਉਚੇਰੀ-ਜਾਤੀ ਦੇ ਅਭਿਮਾਨ ਨੂੰ ਤੋੜਿਆ, ਪਰ ਜਿਵੇਂ ਇਸੇ ਸ਼ੋਧ-ਪੱਤਰ ਵਿੱਚ ਗੁਰੂ ਅਮਰਦਾਸ ਦੇ ਜੀਵਨ ਅਤੇ ਸ਼ਖ਼ਸੀਅਤ ਬਾਰੇ ਵਿਚਾਰ ਕਰਦਿਆਂ ਆਖਿਆ ਗਿਆ ਹੈ, ਗੁਰੂ ਨਾਨਕ ਦੇ ਸਮੇਂ ਭੀ ਵਰਣ-ਭੇਦ ਦੇ ਖਾਤਮੇ ਦੀ ਲਹਿਰ ਅਜੇ ਤਕੜੀ ਲੋਕ-ਲਹਿਰ ਨਹੀਂ ਸੀ ਬਣ ਸਕੀ।

ਵੈਸੇ ਇਹ ਗੱਲ ਗੁਰੂ ਅਮਰਦਾਸ ਦੇ ਜੀਵਨ-ਦਰਸ਼ਨ ਅਤੇ ਜੀਵਨ-ਕਰਤਵ ਦੇ ਹੱਕ ਵਿੱਚ ਜਾਂਦੀ ਹੈ, ਕਿ ਉਨ੍ਹਾਂ ਦੇ ਵਿਰੁਧ ਸਮਕਾਲੀ ਬ੍ਰਾਹਮਣਾਂ ਅਤੇ ਖੱਤਰੀਆਂ ਨੇ ਅਕਬਰ ਦੇ ਦਰਬਾਰ ਵਿੱਚ ਮੁਕੱਦਮਾ ਖੜਾ ਕੀਤਾ, ਕਿ ਗੁਰੂ ਅਮਰਦਾਸ ਨੇ ਚਹੁੰ-ਵਰਣਾਂ ਨੂੰ ਰਲਾ-ਮਿਲਾ ਕੇ ਇਕ-ਵਰਣ ਬਣਾ ਦਿੱਤਾ ਹੈ। ਬੇਸ਼ਕ ਗੁਰੂ ਅਮਰਦਾਸ ਆਪਣੇ ਸਮਕਾਲੀ-ਸਮਾਜ ਵਿੱਚੋਂ ਵਰਣ-ਭੇਦ ਜਾਂ ਜਾਤ-ਪਾਤ ਦਾ ਖ਼ਾਤਮਾ ਪੂਰੀ ਤਰ੍ਹਾਂ ਕਰ ਸਕੇ ਜਾਂ ਨਾ, ਪਰ ਇਹ ਗੱਲ ਪੱਕੀ ਹੈ, ਕਿ "ਗੁਰੂ ਕੇ ਲੰਗਰ" ਵਿੱਚ ਸਾਰੀ ਸੰਗਤ(ਕੀ ਬ੍ਰਾਹਮਣ, ਕੀ ਖੱਤਰੀ ਅਤੇ ਕੀ ਸ਼ੂਦਰ) ਨੂੰ ਇੱਕੋ ਪੰਗਤ ਵਿੱਚ ਬਿਠਾ ਕੇ ਉਨ੍ਹਾਂ ਬ੍ਰਾਹਮਣਵਾਦ ਦੇ ਜਾਤਿ-ਅਭਿਮਾਨ ਨੂੰ ਬਹੁਤ ਵੱਡਾ ਝਟਕਾ ਦਿੱਤਾ ਅਤੇ ਨਾਲ ਹੀ ਪੱਛੜੀਆਂ-ਜਾਤਾਂ ਦੇ ਲੋਕਾਂ ਨੂੰ ਸਿਰ ਉੱਚਾ ਕਰਕੇ ਜਿਊਣ ਦੀ ਪ੍ਰੇਰਨਾ ਕੀਤੀ।

ਇਸੇਤਰ੍ਹਾਂ ਗੁਰੂ ਅਮਰਦਾਸ ਨੇ ਗੁਰੂ ਨਾਨਕ ਵਾਂਗ ਹੀ ਬ੍ਰਾਹਮਣਵਾਦ ਦੇ ਕਰਮ-ਕਾਂਡ ਅਰਥਾਤ ਸੰਧਿਆ, ਤ੍ਰਪਣ, ਗਾਇਤ੍ਰੀ, ਵਰਤ, ਨੇਮ, ਸੁੱਚ, ਚਉਕਾ, ਆਦਿਕ ਕਈ ਪਰਕਾਰ ਦੇ ਸ਼ਗਨਾਂ, ਮਹੂਰਤਾਂ, ਵਹਿਮਾਂ, ਭਰਮਾਂ ਅਤੇ ਬਾਹਰਮੁਖੀ-ਅਡੰਬਰਾਂ ਵਿਰੁਧ ਆਪਣੇ ਸਮੇਂ ਦੇ ਭੋਲੇ-ਭਾਲੇ ਲੋਕਾਂ ਨੂੰ ਖ਼ਬਰਦਾਰ ਕੀਤਾ। ਜਾਤ-ਪਾਤ ਅਤੇ ਕਰਮ-ਕਾਂਡ ਆਦਿਕ ਦੀ ਨਿਖੇਧੀ ਭਗਤੀ-ਕਾਲ ਨਾਲ ਸੰਬੰਧਤ ਵੈਸ਼ਨਵ-ਕਵੀਆਂ ਨਾਲੋਂ ਸਿੱਖ-ਗੁਰੂਆਂ ਨੇ ਵਧੇਰੇ ਡੱਟ ਕੇ ਕੀਤੀ ਹੈ।

ਦਰਅਸਲ ਵੈਸ਼ਨਵ-ਧਰਮ(ਜਿਸਦਾ ਮੁੱਢ ਹੇਮਚੰਦਰ[1]ਨੇ ਵਾਸੁਦੇਵ-ਕ੍ਰਿਸ਼ਨ ਦੇ ਸਮੇਂ ਤੋਂ ਹੀ ਮੰਨਿਆ ਹੈ) ਬੇਸ਼ਕ ਮਹਾਂਵੀਰ ਅਤੇ ਬੁਧ ਦੇ ਧਰਮਾਂ ਵਾਂਗ ਬ੍ਰਾਹਮਣੀ-ਕਾਲ ਦੀ ਬਲੀ-ਪੂਜਾ ਅਤੇ ਸੰਬੰਧਤ ਕਰਮ-ਕਾਂਡ ਦੇ ਪ੍ਰਤਿਕਰਮ ਵਜੋਂ ਹੀ ਆਰੰਭ ਹੋਇਆ ਸੀ, ਪਰ ਜਿਵੇਂ ਹੇਮਚੰਦਰ[2]ਨੇ ਸੰਕੇਤ ਕੀਤਾ ਹੈ, "ਮੁਢਲੇ ਵੈਸ਼ਨਵ-ਆਚਾਰੀਆ ਵਿਧੀ-ਯੱਗ ਜਾਂ ਵੇਦਕ-ਬਲੀਦਾਨ-ਪੂਜਾ ਦਾ ਖੁੱਲ੍ਹਾ ਵਿਰੋਧ ਕਰਨ ਤੋਂ ਝਿਜਕਦੇ ਰਹੇ ਅਤੇ ਇਸਦੇ ਉਲਟ ਉਨ੍ਹਾਂ ਅਹਿੰਸਾ ਦੇ ਨਵੇਂ-ਸਿਧਾਂਤ ਉੱਤੇ ਬਲ ਦਿੱਤਾ।" ਬੇਸ਼ਕ ਕਬੀਰ ਆਦਿਕ ਨਿਰਗੁਣਧਾਰਾ ਦੇ ਕਵੀਆਂ ਦੀ ਬਾਣੀ ਵਿੱਚ ਮੂਰਤੀ-ਪੂਜਾ ਅਤੇ ਕਿਸੇ ਹੱਦ ਤਕ ਕਰਮ-ਕਾਂਡ ਦੀ ਭੀ ਕਰੜੀ ਆਲੋਚਨਾ ਮਿਲਦੀ ਹੈ, ਪਰ ਕਰਮ-ਕਾਂਡ ਦਾ ਜਿਤਨਾ ਵਿਰੋਧ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਆਦਿਕ ਗੁਰੂ-ਕਵੀਆਂ ਨੇ ਕੀਤਾ, ਉਹ

1. Hem Chandra Ray Chaudhri....Materials for the Study of the early History of The Vaishnava Sect, 2nd Edition(1936), P.5 & 6

2. Ibid..........P.6 & 7

ਬਹੁਤੇ ਭਗਤ-ਕਵੀਆਂ ਦੇ ਹਿੱਸੇ ਨਹੀਂ ਆਇਆ। ਛੂਤ-ਛਾਤ ਅਤੇ ਜਾਤ-ਪਾਤ ਦਾ ਵਿਰੋਧ ਜ਼ਰੂਰ ਕਈ ਭਗਤ-ਕਵੀਆਂ ਨੇ ਕੀਤਾ, ਪਰ ਜਿਵੇਂ ਹੇਮਚੰਦਰ[1]ਨੇ ਮੰਨਿਆ ਹੈ, ਦੱਖਣ ਦੇ ਅਲਵਰ-ਸੰਤਾਂ ਨੇ ਜਾਤ-ਪਾਤ ਦਾ ਇਤਨਾ ਵਿਰੋਧ ਨਾ ਕੀਤਾ ਅਤੇ ਸ਼ਾਸਤ੍ਰਾਂ ਦਾ ਸਤਿਕਾਰ ਕਾਇਮ ਰੱਖਦੇ ਹੋਇਆਂ ਉਹ ਧਰਮ-ਵਿਰੋਧ ਤੋਂ ਬਚੇ ਰਹੇ।

ਮੈਕਾਲਿਫ[2]ਅਤੇ ਕਈ ਆਧੁਨਿਕ ਇਤਿਹਾਸਕਾਰਾਂ ਨੇ ਭੀ ਗੁਰੂ ਅਮਰਦਾਸ ਨੂੰ (ਗੁਰਮਤਿ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ) ਵੈਸ਼ਨਵ-ਧਰਮ ਦਾ ਅਨੁਯਾਈ ਮੰਨਿਆ ਹੈ। ਹੋ ਸਕਦਾ ਹੈ, ਸੰਬੰਧਤ ਵਿਦਵਾਨਾਂ ਦੀ ਅਜਿਹੀ ਰਾਏ ਗੁਰੂ ਅਮਰਦਾਸ ਦੀਆਂ ਅਹਿੰਸਾਵਾਦੀ-ਪ੍ਰਵਿਰਤੀਆਂ ਅਤੇ ਕਿਸੇ ਹੱਦ ਤਕ ਕੁਰਖੇਤਰ, ਗੰਗਾ ਅਤੇ ਜਮਨਾ ਜੀ ਆਦਿਕ ਪਵਿੱਤਰ-ਅਸਥਾਨਾਂ ਦੀ ਯਾਤ੍ਰਾ ਕਰਨ ਦੇ ਖਿਆਲ ਨੇ ਬਣਾਈ ਹੋਵੇ। ਪਰ ਨਾਮਦੇਵ[3]ਆਦਿਕ ਭਗਤਾਂ ਦੀ ਬਾਣੀ ਵਿੱਚ ਭੀ ਤੀਰਥ-ਯਾਤ੍ਰਾ ਦਾ ਖੰਡਨ ਵੇਖ ਕੇ ਸਿੱਧ ਹੁੰਦਾ ਹੈ, ਕਿ ਤੀਰਥ-ਯਾਤ੍ਰਾ ਵੈਸ਼ਨਵ-ਧਰਮ ਦੇ ਅਨੁਯਾਈਆਂ ਦਾ ਮੁਖ-ਵਿਧਾਨ ਨਹੀਂ। ਸੋ ਗੁਰੂ ਅਮਰਦਾਸ ਨੂੰ ਵੈਸ਼ਨਵ-ਧਰਮ ਨਾਲ ਸੰਬੰਧਤ ਕਰਨ ਦੀ ਲੋੜ ਨਹੀਂ।

ਹੇਮਚੰਦਰ[4]ਅਨੁਸਾਰ ਵੈਸ਼ਨਵ-ਧਰਮ ਦਾ ਮੁਖ ਸਿਧਾਂਤ "ਵਿਸ਼ਨੂੰ"(ਜਿਸਨੂੰ ਭਾਗਵਤ, ਪੁਰਸ਼ੋਤਮ, ਨਾਰਾਇਣ ਅਤੇ ਹਰੀ ਦਾ ਨਾਮ ਭੀ ਦਿੱਤਾ ਗਿਆ ਹੈ) ਅਤੇ ਉਸਦੇ ਅਵਿਤਾਰਾਂ(ਵਾਸੁਦੇਵ-ਕ੍ਰਿਸ਼ਨ ਅਤੇ ਰਾਮਚੰਦਰ ਆਦਿਕ) ਦੀ ਭਗਤੀ ਹੈ। ਪਰ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਆਦਿਕ ਗੁਰੂ-ਕਵੀਆਂ ਦੀ ਬਾਣੀ ਵਿੱਚ "ਵਿਸ਼ਨੂੰ" ਜਾਂ ਉਸਦੇ ਅਵਿਤਾਰਾਂ ਬਾਰੇ ਕਿਤੇ ਭੀ ਭਗਤੀ-ਭਾਵ ਪਰਗਟ ਨਹੀਂ ਕੀਤਾ ਗਿਆ। ਸਗੋਂ ਇਸਦੇ ਉਲਟ, ਗੁਰੂ ਨਾਨਕ ਅਤੇ ਗੁਰੂ ਅਮਰਦਾਸ ਆਦਿਕ ਗੁਰੂ-ਕਵੀਆਂ ਨੇ ਸੰਬੰਧਤ ਅਵਿਤਾਰਾਂ ਅਤੇ ਕਈ ਹੋਰ ਦੇਵਤਿਆਂ(ਬ੍ਰਹਮਾ, ਵਿਸ਼ਨੂੰ ਅਤੇ ਮਹੇਸ ਆਦਿਕ) ਨੂੰ ਤ੍ਰੈਗੁਣਾਂ ਵਿੱਚ ਬੱਝੇ ਆਖ ਕੇ ਉਨ੍ਹਾਂ ਦੀ ਕਰਣੀ ਉੱਤੇ ਆਲੋਚਨਾ ਕੀਤੀ ਹੈ। ਇਸ ਬਾਰੇ ਵਿਸਥਾਰ ਲਈ ਵੇਖੋ ਇਸੇ ਸ਼ੋਧ-ਪ੍ਰਬੰਧ ਦਾ ਚੌਥਾ ਅਧਿਆਇ(ਪੰਨੇ 193 ਤੋਂ 195)। ਤੱਤ-ਕਾਲ ਹਵਾਲੇ ਲਈ ਇੱਥੇ ਇਹ ਸੰਕੇਤ ਕਰਨਾ ਜ਼ਰੂਰੀ ਹੈ, ਕਿ ਗੁਰੂ ਅਮਰਦਾਸ ਨੇ ਅਜਿਹੇ ਅਵਿਤਾਰਾਂ ਨੂੰ "ਅੰਸ਼-ਅਵਿਤਾਰ" ਆਖਿਆ ਹੈ, ਜਿਨ੍ਹਾਂ ਵਿੱਚ ਕਲਾ ਵਧ ਘੱਟ ਹੁੰਦੀ ਹੈ ਅਰਥਾਤ ਕੋਈ ਅਵਿਤਾਰ ਨੌਂ-ਕਲਾ ਅਤੇ ਕੋਈ ਸੋਲ੍ਹਾਂ-ਕਲਾ ਵਾਲਾ ਮੰਨਿਆ ਜਾਂਦਾ ਹੈ। ਪਰ ਸੰਬੰਧਤ ਅਵਿਤਾਰਾਂ ਨੂੰ ਗੁਰੂ ਅਮਰਦਾਸ ਸਪਸ਼ਟ ਸ਼ਬਦਾਂ ਰਾਹੀਂ ਤ੍ਰੈਗੁਣੀ-ਮਾਇਆ ਵਿੱਚ ਬੱਝੇ ਹੀ ਦਰਸਾਉਂਦੇ ਹਨ, ਜਿਵੇਂ:-

ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ ।
ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ ।
(ਗੂਜਰੀ ਕੀ ਵਾਰ ਮ:3)[5]

ਇਸੇ ਤਰ੍ਹਾਂ ਸ਼ੈਵ-ਧਰਮ ਨਾਲ ਸੰਬੰਧਤ "ਸ਼ਿਵ" ਅਤੇ ਬ੍ਰਾਹਮਣੀ-ਮਤ ਨਾਲ ਸੰਬੰਧਤ ਬ੍ਰਹਮਾ ਨੂੰ ਭੀ ਗੁਰੂ ਅਮਰਦਾਸ ਨੇ ਤ੍ਰੈਗੁਣਾਂ ਵਿੱਚ ਹੀ ਬੱਧੇ ਦਰਸਾਇਆ ਹੈ, ਜਿਵੇਂ:-

(ੳ) ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਭੁਲੇ ਹਉਮੈ ਮੋਹੁ ਵਧਾਇਆ ।
(ਵਾਰ ਬਿਲਾਵਲ ਮ:4 ਸ਼ਲੋਕ ਮ:3)[6]

---

1. HemChandra Ray Chaudhri-Early History of The Vaishnava Sect,
2. M.A.Macauliffe- The Sikh Religion(Vol.2),1909,P.32 & P.195-96.
3. ਰਾਮਕਲੀ ਨਾਮਦੇਵ(ਗੰਗਾ ਜਉ ਗੋਦਾਵਰਿ ਜਾਈਐ........),ਆਦਿਗ੍ਰੰਥ....ਪੰਨਾ 973
4. ਹੇਮਚੰਦਰ ਚੌਧਰੀ-......ਪੂਨਾ............ਪੰਨਾ 10
5. ਆਦਿ- .........ਪੰਨਾ516
6. ਆਦਿ- ........ਪੰਨਾ 852

ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ।
ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ।
ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ।
(ਵਡਹੰਸੁ ਮ:3)[1]

ਇਸੇ ਤਰ੍ਹਾਂ ਕਰਮ-ਕਾਂਡ ਅਤੇ ਤੀਰਥ-ਯਾਤ੍ਰਾ ਵਿਰੁਧ ਭੀ ਗੁਰੂ ਅਮਰਦਾਸ ਨੇ ਸਪਸ਼ਟ ਸ਼ਬਦਾਂ ਰਾਹੀਂ ਆਲੋਚਨਾ ਕੀਤੀ ਹੈ। ਜਿੱਥੋਂ ਤਕ ਭਗਤੀ-ਮਾਰਗ ਦਾ ਸੰਬੰਧ ਹੈ, ਗੁਰੂ ਅਮਰਦਾਸ ਨੇ ਗੁਰੂ ਨਾਨਕ ਵਾਂਗ ਹੀ ਦੇਵੀ, ਦੇਵਤਿਆਂ ਅਤੇ ਅਵਿਤਾਰਾਂ ਦੇ ਉਲਟ ਇੱਕੋ-ਈਸ਼ਵਰ ਦੀ ਭਗਤੀ ਨੂੰ ਸਵੀਕਾਰ ਕੀਤਾ ਹੈ। ਜਿੱਥੋਂ ਤਕ ਬ੍ਰਹਮ ਦੇ ਸਰੂਪ ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਬਾਣੀ ਵਿੱਚ "ਨਿਰਗੁਣ" ਅਤੇ "ਸਰਗੁਣ" ਦੋਹਾਂ ਦਾ ਸਤਿਕਾਰ ਕੀਤਾ ਗਿਆ ਹੈ, ਜਿਵੇਂ:-

ਨਿਰਗੁਣ ਸਰਗੁਣੁ ਆਪੇ ਸੋਈ ।
ਤਤੁ ਪਛਾਣੈ ਸੋ ਪੰਡਿਤੁ ਹੋਈ ।
(ਮਾਝ ਮ:3)[2]

ਪਰ ਇੱਥੇ "ਸਰਗੁਣ" ਦਾ ਅਰਥ ਇਤਨਾ ਸੀਮਤ ਨਹੀਂ, ਜਿਤਨਾ ਕਈ ਵੈਸ਼ਨਵ-ਧਰਮ ਦੇ ਅਨੁਯਾਈ ਕਰਦੇ ਹਨ। ਵੈਸ਼ਨਵ-ਧਰਮ ਵਿੱਚ ਜਿੱਥੇ ਰਾਮ ਅਤੇ ਕ੍ਰਿਸ਼ਨ ਆਦਿਕ ਅਵਿਤਾਰ ਪ੍ਰਭੂ ਦੇ ਸਰਗੁਣ-ਸਰੂਪ ਦਾ ਚਮਤਕਾਰ ਹਨ, ਉਥੇ ਗੁਰੂ ਅਮਰਦਾਸ( ਅਤੇ ਕਈ ਦੂਸਰੇ ਗੁਰੂਆਂ) ਦੀ ਬਾਣੀ ਵਿੱਚ "ਸਰਗੁਣ-ਬ੍ਰਹਮ" ਤੋਂ ਭਾਵ ਕੋਈ ਲੋਕ-ਪ੍ਰਿਯ ਦੇਵੀ, ਦੇਵਤਾ, ਅਵਿਤਾਰ ਜਾਂ ਗੁਰੂ ਨਹੀਂ, ਸਗੋਂ ਸਾਰੀ ਸ੍ਰਿਸ਼ਟੀ ਦੇ ਅੰਦਰ ਵਿਆਪਕ ਬ੍ਰਹਮ ਤੋਂ ਹੈ। ਸ੍ਰਿਸ਼ਟੀ ਦੇ ਅੰਦਰ ਸੂਖਮ-ਰੂਪ ਵਿੱਚ ਵਿਆਪਕ ਬ੍ਰਹਮ "ਸਰਗੁਣ-ਬ੍ਰਹਮ" ਹੈ ਅਤੇ ਸ੍ਰਿਸ਼ਟੀ ਤੋਂ ਉਚੇਰਾ ਅਰਥਾਤ ਤ੍ਰੈਗੁਣ-ਅਤੀਤ-ਬ੍ਰਹਮ "ਨਿਰਗੁਣ-ਬ੍ਰਹਮ" ਹੈ। ਪਰ ਪ੍ਰਭੂ ਦੇ ਸਰਗੁਣ-ਸਰੂਪ ਦਾ ਗਿਆਨ ਭੀ ਨਿਰਗੁਣ-ਸਰੂਪ ਦੇ ਗਿਆਨ ਵਾਂਗ ਹੀ ਬਹੁਤ ਮੁਸ਼ਕਿਲ ਹੁੰਦਾ ਹੈ। ਸਹਜ-ਅਵੱਸਥਾ ਵਿੱਚ ਪੁੱਜੇ ਗਿਆਨੀ ਨੂੰ ਹੀ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਬ੍ਰਹਮ ਦੇ ਦਰਸ਼ਨ ਹੋ ਸਕਦੇ ਹਨ। ਇਸੇ ਲਈ ਗੁਰਦੇਵ ਸਧਾਰਨ ਨੇਤ੍ਰਾਂ ਵਿੱਚ ਗਿਆਨ ਦਾ ਸੁਰਮਾ ਪਾਉਂਦੇ ਹੋਏ ਲਿਖਦੇ ਹਨ:-

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿਬਿਨੁ ਅਵਰੁ ਨ ਦੇਖਹੁ ਕੋਈ ।
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ।
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ।
ਗੁਰਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ।
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬਦ੍ਰਿਸਟਿ ਹੋਈ ।
(ਰਾਮਕਲੀ ਮ:3 ਅਨੰਦੁ)[3]

ਗੁਰੂ ਅਮਰਦਾਸ ਦੀਆਂ ਉਪਰੋਕਤ ਤੁਕਾਂ ਅਨੰਦ-ਬਾਣੀ ਦੀ 36ਵੀਂ ਪਉੜੀ ਵਿੱਚੋਂ ਹਨ ਅਤੇ 38ਵੀਂ ਪਉੜੀ ਵਿੱਚ "ਦਸਮ-ਦੁਆਰ" ਦੀ ਮਹਿਮਾ ਗਾਇਨ ਕੀਤੀ ਗਈ ਹੈ। ਦਸਮ-ਦੁਆਰ ਨਾਲ ਹੀ "ਅਨਹਦ-ਸਬਦ" ਦਾ ਸੰਬੰਧ ਹੈ। ਸੋ ਉਪਰੋਕਤ ਤੁਕਾਂ ਦੇ ਪ੍ਰਸੰਗ ਵਿੱਚ ਹੀ "ਅਨਹਦ-ਸਬਦ" ਬਾਰੇ ਇਕ ਸੰਕੇਤ ਕਰਨਾ ਜ਼ਰੂਰੀ ਹੈ।

1.ਆਦਿ-ਗ੍ਰੰਥ........ਪੰਨਾ 559
2.ਆਦਿ-ਗ੍ਰੰਥ........ਪੰਨਾ 128
3.ਆਦਿ-ਗ੍ਰੰਥ........ਪੰਨਾ 922

ਡਾ:ਪ੍ਰੇਮਨਾਰਾਇਣ ਸ਼ੁਕਲ[1]ਨੇ "ਸੰਤ-ਸਾਹਿਤਯ" ਦੀ ਵਿਆਖਿਆ ਕਰਦੇ ਹੋਇਆਂ ਅਨਹਦ-ਸਬਦ ਬਾਰੇ ਲਿਖਿਆ ਹੈ,"ਅਨਹਦ ਕੇਵਲ ਪਿੰਡਗਤ-ਧੁਨੀ ਨਹੀਂ, ਸਗੋਂ ਉਹ ਸੰਪੂਰਨ ਵਿਸ਼ਵ ਵਿੱਚ ਗੂੰਜਦਾ ਰਹਿੰਦਾ ਹੈ।" ਸੋ ਗੁਰੂ ਅਮਰਦਾਸ ਦੀ ਬਾਣੀ ਵਿੱਚ ਭੀ ਅਨਹਦ ਦੀ ਧੁਨੀ ਹਠ-ਯੋਗ ਦੁਆਰਾ ਸੁਣਨ ਦੀ ਥਾਂ ਵਿਸ਼ਵ-ਆਤਮਾ ਨਾਲ ਸਾਂਝ ਪਾ ਕੇ ਸਹਜ-ਮਾਰਗ ਦੁਆਰਾ ਸੁਣਨ ਦਾ ਸੰਕੇਤ ਹੈ।

ਭਾਰਤ ਵਿੱਚ ਇਕ-ਈਸ਼ਵਰਵਾਦ ਦਾ ਸਿਧਾਂਤ ਬੇਸ਼ੁਕ ਵੇਦਕ-ਰਿਚਾਂ ਅਤੇ ਉਪਨਿਖਦਾਂ ਦੇ ਸਮੇਂ ਜਿਤਨਾ ਪੁਰਾਣਾ ਹੈ ਅਤੇ ਬੇਸ਼ੁਕ ਸ਼ੰਕਰ-ਆਚਾਰੀਆ ਦੇ ਅਦਵੈਤਵਾਦ ਅਤੇ ਰਾਮਾਨੁਜ ਆਦਿਕ ਵੈਸ਼ਨਵ ਆਚਾਰੀਆਵਾਂ ਦੇ ਵਸ਼ਿਸ਼ਟ-ਅਦਵੈਤ ਦੁਆਰਾ ਭੀ ਇੱਕੋ-ਈਸ਼ਵਰ ਨੂੰ ਹੀ ਸਾਰੀ ਸ੍ਰਿਸ਼ਟੀ ਦਾ ਕਰਤਾ ਮੰਨਿਆ ਗਿਆ ਹੈ, ਪਰ ਇਸ ਸਿਧਾਂਤ ਨੂੰ ਲੋਕ-ਪ੍ਰਿਯਤਾ ਮੁਸਲਮਾਨਾਂ ਦੇ ਭਾਰਤ ਵਿੱਚ ਆਗਮਨ ਤੋਂ ਪਿੱਛੋਂ ਹੀ ਮਿਲੀ ਜਾਪਦੀ ਹੈ। ਇਸੇਤਰ੍ਹਾਂ ਮੂਰਤੀ-ਪੂਜਾ ਦੇ ਵਿਰੁਧ ਭੀ ਕਬੀਰ ਅਤੇ ਗੁਰੂ ਨਾਨਕ ਆਦਿਕ ਕਵੀਆਂ ਦੀ ਬਾਣੀ ਵਿੱਚ ਜ਼ੋਰਦਾਰ ਆਵਾਜ਼ ਮੁਸਲਮਾਨਾਂ ਦੇ ਭਾਰਤ ਵਿੱਚ ਆਗਮਨ ਤੋਂ ਪਿੱਛੋਂ ਹੀ ਸੁਣਾਈ ਦਿੱਤੀ ਹੈ।

ਸੋ ਇਹੋ ਸਿੱਧ ਹੁੰਦਾ ਹੈ, ਕਿ ਭਗਤੀ-ਲਹਿਰ ਦੇ ਕਵੀਆਂ(ਕਬੀਰ, ਗੁਰੂ ਨਾਨਕ ਅਤੇ ਗੁਰੂ ਅਮਰਦਾਸ ਆਦਿਕ) ਨੂੰ ਇਸਲਾਮ-ਧਰਮ ਦੇ ਇਕ-ਈਸ਼ਵਰਵਾਦੀ ਸਿਧਾਂਤ ਨੇ ਕਾਫੀ ਹੱਦ ਤਕ ਟੁੰਬਿਆ। ਡਾ:ਤਾਰਾ ਚੰਦ[2]ਨੇ ਭੀ ਇਸਲਾਮ ਦਾ ਭਾਰਤੀ-ਸਭਿਆਚਾਰ ਉਤੇ ਪ੍ਰਭਾਵ ਦਰਸਾਉਂਦੇ ਹੋਇਆਂ ਮੰਨਿਆ ਹੈ, ਕਿ ਮਹਿਮੂਦ ਗ਼ਜ਼ਨਵੀ ਦੇ ਹਮਲਿਆਂ ਤੋਂ ਪਿੱਛੋਂ ਜਦੋਂ ਮੁਸਲਮਾਨਾਂ ਦੀ ਵਿਜੇ ਦਾ ਸਦਮਾ ਦੂਰ ਹੋ ਗਿਆ, ਤਾਂ ਹਿੰਦੂਆਂ ਅਤੇ ਮੁਸਲਮਾਨਾਂ ਨੇ ਗੁਆਂਢੀਆਂ ਵਾਂਗ ਰਹਿਣ ਲਈ ਕੋਈ ਰਾਹ ਢੂੰਡਣਾ ਚਾਹਿਆ। ਮੁਸਲਮਾਨਾਂ ਵਿੱਚ ਸੂਫ਼ੀਆਂ ਅਤੇ ਹਿੰਦੂਆਂ ਵਿੱਚੋਂ ਭਗਤ-ਕਵੀਆਂ ਨੇ ਪ੍ਰੇਮ-ਭਗਤੀ ਦੁਆਰਾ ਇਸ ਪੱਖ ਤੋਂ ਕਾਫੀ ਹਿੱਸਾ ਪਾਇਆ। ਬੇਸ਼ੁਕ ਇਸਲਾਮ ਦਾ ਪ੍ਰਭਾਵ ਭਗਤੀ-ਲਹਿਰ ਦੇ ਕੁਝ ਕਵੀਆਂ ਉੱਤੇ ਥੋੜ੍ਹਾ ਹੈ ਅਤੇ ਕੁਝ ਉੱਤੇ ਬਹੁਤਾ, ਪਰ ਇਸਲਾਮ ਦੇ ਇਕ-ਈਸ਼ਵਰਵਾਦੀ ਸਿਧਾਂਤ ਦਾ ਪ੍ਰਭਾਵ ਲਗਪਗ ਸਭ ਮਹਾਨ ਕਵੀਆਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਸਵੀਕਾਰ ਜ਼ਰੂਰ ਕਰ ਲਿਆ।

ਜਿੱਥੋਂ ਤਕ ਗੁਰੂ ਨਾਨਕ ਦਾ ਸੰਬੰਧ ਹੈ, ਡਾ:ਤਾਰਾਚੰਦ[3]ਤੋਂ ਬਿਨਾ ਕਨਿੰਘਮ[4]ਅਤੇ ਜੈਰਾਮ ਮਿਸ਼ਰ[5] ਆਦਿਕ ਲਿਖਾਰੀਆਂ ਨੇ ਇਸਲਾਮ ਅਤੇ ਇਸਲਾਮ ਦੇ ਪੈਗੰਬਰ "ਮੁਹੰਮਦ-ਸਾਹਿਬ" ਦੇ ਕਰਤਵਾਂ ਨਾਲ ਗੁਰੂ ਨਾਨਕ ਦੇ ਕਰਤਵਾਂ ਦੀ ਕਾਫੀ ਸਾਂਝ ਦਰਸਾਈ ਹੈ। ਬੇਸ਼ੁਕ ਗੁਰੂ ਨਾਨਕ ਨੇ ਵਿਸ਼ੇਸ਼ ਕਰਕੇ ਇਸਲਾਮ-ਧਰਮ ਦੇ ਅਨੁਯਾਈਆਂ ਵਿੱਚ ਪ੍ਰਚਲਤ ਬੁਰਾਈਆਂ ਉੱਤੇ ਆਲੋਚਨਾ ਹੀ ਕੀਤੀ ਹੈ, ਪਰ ਫੇਰ ਭੀ ਇਸਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿ ਉਨ੍ਹਾਂ ਦੀ ਬਾਣੀ ਵਿੱਚ ਇਸਲਾਮ-ਧਰਮ ਅਤੇ ਇਸਲਾਮੀ-ਸਭਿਆਚਾਰ ਬਾਰੇ ਬਲਵਾਨ-ਅਨੁਭਵ ਮਿਲਦਾ ਹੈ।

ਪਰ ਗੁਰੂ ਅਮਰਦਾਸ ਦੀ ਬਾਣੀ ਵਿੱਚ ਇਸਲਾਮ-ਧਰਮ ਜਾਂ ਇਸਲਾਮੀ-ਸਭਿਆਚਾਰ ਬਾਰੇ ਵਰਣਨ

1.ਪ੍ਰੇਮਨਾਰਾਇਣ ਸ਼ੁਕਲ- ਸੰਤ-ਸਾਹਿਤਯ(ਹਿੰਦੀ), ਪ੍ਰਕਾਸ਼ਕ:ਗ੍ਰੰਥਮ(ਕਾਨ੍ਹਪੁਰ),1965,ਪੰਨਾ 158

2.Dr.Tara Chand- Influence of Islam on Indian Culture,1954,P.137

3.Ibid............P.169

4.J.D.Cunningham- A History of The Sikhs,1955,P.39-41.

5.ਜੈਰਾਮ ਮਿਸ਼ਰ- ਸ੍ਰੀਗੁਰੂ ਗ੍ਰੰਥ ਦਰਸ਼ਨ(ਹਿੰਦੀ)- ਪ੍ਰਕਾਸ਼ਕ ਸਾਹਿਤਯ ਭਵਨ(ਇਲਾਹਾਬਾਦ),1960,ਪੰਨਾ 56

ਨਾਮ-ਮਾਤਰ ਹੀ ਜਾਪਦਾ ਹੈ। ਇਸਲਾਮੀ-ਸਭਿਆਚਾਰ ਅਤੇ ਇਸਲਾਮ-ਧਰਮ ਨਾਲ ਸੰਬੰਧਤ ਕੇਵਲ ਦੋ ਸ਼ਬਦ(ਅਲਹ ਅਤੇ ਸ਼ੇਖ)ਵਿਸ਼ੇਸ਼ ਕਰਕੇ ਗੁਰੂ ਅਮਰਦਾਸ ਦੀ ਬਾਣੀ ਵਿੱਚ ਆਏ ਹਨ। ਵੈਸੇ ਗੁਰੂ ਨਾਨਕ ਦੇ ਗੁਰਮਤਿ-ਮਾਰਗ ਨਾਲ ਸੰਬੰਧਤ ਹੋਣ ਕਰਕੇ, ਗੁਰੂ ਨਾਨਕ ਦੀ ਵਿਚਾਰਧਾਰਾ ਦਾ ਪ੍ਰਭਾਵ ਸੁਤੇਸਿਧ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਝਲਕਦਾ ਵਿਖਾਈ ਦਿੰਦਾ ਹੈ। ਇਸੇਤਰ੍ਹਾਂ ਕ੍ਬੀਰ ਅਤੇ ਫ਼ਰੀਦ ਆਦਿਕ ਭਗਤਾਂ ਤੇ ਸੂਫ਼ੀਆਂ ਦੀ ਬਾਣੀ ਬਾਰੇ ਭੀ ਗੁਰੂ ਅਮਰਦਾਸ ਦੇ ਦਿਲ ਵਿੱਚ ਕਾਫ਼ੀ ਸ਼ਰਧਾ ਪ੍ਰਤੀਤ ਹੁੰਦੀ ਹੈ। ਫ਼ਰੀਦ ਸ਼ਕਰਗੰਜ ਦੇ ਕੁਝ ਸ਼ਲੋਕਾਂ ਦੇ ਜੁਆਬ ਵਿੱਚ ਤਾਂ ਗੁਰੂ ਅਮਰਦਾਸ ਨੇ ਦੋ ਤਿੰਨ ਸ਼ਲੋਕ ਭੀ ਰਚੇ ਹਨ।

ਜਿੱਥੋਂ ਤਕ ਗੁਰੂ ਅਮਰਦਾਸ ਦੇ ਸਮੇਂ ਦੇਸ਼ ਦੀ ਰਾਜਸੀ-ਹਾਲਤ ਦਾ ਸੰਬੰਧ ਹੈ, ਉਸ ਬਾਰੇ ਭੀ ਕਈ ਥਾਈਂ ਸੰਕੇਤ ਮਿਲਦੇ ਹਨ। ਬੇਸ਼ੱਕ ਗੁਰੂ ਅਮਰਦਾਸ ਨੇ ਕਵਿਤਾ ਗੁਰਗੱਦੀ ਉਤੇ ਬੈਠਣ ਤੋਂ ਪਿੱਛੋਂ ਹੀ ਰਚਨੀ ਸ਼ੁਰੂ ਕੀਤੀ ਪ੍ਰਤੀਤ ਹੁੰਦੀ ਹੈ, ਪਰ ਦੇਸ਼ ਦੇ ਰਾਜਿਆਂ ਮਹਾਰਾਜਿਆਂ ਦੀ ਜਨਤਾ-ਵਿਰੋਧੀ ਨੀਤੀ, ਜੋ ਉਹਨ੍ਹਾਂ ਵਿਸ਼ੇਸ਼ ਕਰਕੇ ਬਚਪਨ ਅਤੇ ਜੁਆਨੀ ਦੇ ਸਮੇਂ ਵੇਖੀ ਸੀ, ਉਸਦਾ ਪ੍ਰਭਾਵ ਉਹਨ੍ਹਾਂ ਦੇ ਮਨ ਉੱਤੇ ਗੁਰਗੱਦੀ ਉੱਤੇ ਬੈਠਣ ਤੋਂ ਪਿੱਛੋਂ ਭੀ ਵਿਖਾਈ ਦਿੰਦਾ ਹੈ। ਗੁਰੂ ਅਮਰਦਾਸ ਦੀ ਜੁਆਨੀ ਦੇ ਸਮੇਂ ਭਾਰਤ ਦੀ ਰਾਜਸੀ-ਹਾਲਤ ਬਹੁਤ ਮੰਦੀ ਸੀ। ਜਿਨ੍ਹਾਂ ਦਿਨਾਂ ਵਿੱਚ ਉਹ ਜਲੰਧਰ ਅਤੇ ਮਾਝੇ ਦੇ ਇਲਾਕੇ ਵਿੱਚ ਦਰਿਆਈ-ਰੇਸ਼ਮ ਦਾ ਬਿਉਪਾਰ ਕਰਦੇ ਸਨ, ਉਨ੍ਹੀਂ ਦਿਨੀਂ ਭਾਰਤ ਵਿੱਚ ਇਬ੍ਰਾਹੀਮ ਲੋਧੀ ਦਾ ਰਾਜ ਸੀ ਅਤੇ ਲਾਹੌਰ ਦਾ ਗਵਰਨਰ ਦੌਲਤ ਖਾਂ ਲੋਧੀ ਸੀ। ਇਬ੍ਰਾਹੀਮ ਲੋਧੀ ਜੇਕਰ ਅੱਯਾਸ਼ ਅਤੇ ਨਾਲਾਇਕ ਸੀ, ਤਾਂ ਦੌਲਤ-ਖਾਂ ਤਾਕਤ ਇਕੱਠੀ ਕਰਨ ਦੇ ਲਾਲਚ ਵਿੱਚ ਇਬ੍ਰਾਹੀਮ ਲੋਧੀ ਦੇ ਵਿਰੁਧ ਸਾਜ਼ਸ਼ ਕਰਕੇ ਬਾਬਰ ਨੂੰ ਭਾਰਤ ਉਤੇ ਹਮਲਾ ਕਰਨ ਲਈ ਭੀ ਉਕਸਾਉਣਾ ਆਪਣੀ ਸ਼ਾਨ ਸਮਝਦਾ ਸੀ। ਜਾਹਨ ਲੇਡਨ[1] ਦੁਆਰਾ ਬਾਬਰ ਦੇ ਸਮੇਂ ਨਾਲ ਸੰਬੰਧਤ "ਵਾਕਿਆਤ" ਦਾ ਅੰਗ੍ਰੇਜ਼ੀ-ਅਨੁਵਾਦ ਪੜ੍ਹਨ ਉਪਰੰਤ ਇਹ ਪਤਾ ਲੱਗਦਾ ਹੈ, ਕਿ ਬਾਬਰ ਨੂੰ ਭਾਰਤ ਉੱਤੇ ਹਮਲਾ ਕਰਨ ਲਈ ਦੌਲਤ-ਖਾਂ ਲੋਧੀ ਨੇ ਉਕਸਾਇਆ ਸੀ। ਬਾਬਰ ਦੇ ਇਕ ਹਮਲੇ ਦਾ ਹਾਲ ਉਸਦੇ ਸਮੇਂ ਨਾਲ ਸੰਬੰਧਤ ਰੀਕਾਰਡਾਂ ਦੇ ਆਧਾਰ ਤੇ ਬਿਆਨ ਕਰਦਾ ਹੋਇਆ, "ਵਾਕਿਆਤ" ਦਾ ਸੰਪਾਦਕ ਅਤੇ ਅਨੁਵਾਦਕ ਜਾਹਨ ਲੇਡਨ[1] ਲਿਖਦਾ ਹੈ, ਕਿ ਬਾਬਰ ਨੇ ਖ਼ੈਬਰ ਦੇ ਦੱਰੇ ਨੂੰ ਪਾਰ ਕਰਕੇ ਲਾਹੌਰ ਉਤੇ ਕਬਜ਼ਾ ਕਰ ਲਿਆ ਅਤੇ ਵਸਦੇ ਬਾਜ਼ਾਰਾਂ ਵਿੱਚ ਕਤਲ-ਇ-ਆਮ ਕਰਕੇ ਬਾਜ਼ਾਰ ਤਬਾਹ ਤੇ ਬਰਬਾਦ ਕਰ ਦਿੱਤੇ। ਕਿਉਂਕਿ ਇਬ੍ਰਾਹੀਮ ਲੋਧੀ ਨਾਲ ਗ਼ੱਦਾਰੀ ਕਰਕੇ ਦੌਲਤ-ਖਾਂ ਲੋਧੀ ਲਾਹੌਰ ਵਿੱਚੋਂ ਪਹਿਲਾਂ ਹੀ ਨੱਠਿਆ ਹੋਇਆ ਸੀ, ਸੋ ਬਾਬਰ ਨੇ ਲਾਹੌਰ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਜਦੋਂ ਆਪਣੀ ਗ਼ੱਦਾਰੀ ਦੇ ਇਵਜ਼ਾਨੇ ਵਿੱਚ ਦੌਲਤ-ਖਾਂ ਨੇ ਲਾਹੌਰ ਦੀ ਹਕੂਮਤ ਬਾਬਰ ਪਾਸੋਂ ਮੰਗੀ, ਤਾਂ ਬਾਬਰ ਨੇ ਲਾਹੌਰ ਦੇਣ ਤੋਂ ਇਨਕਾਰ ਕਰ ਦਿੱਤਾ, ਵੈਸੇ ਉਸਨੂੰ ਜਲੰਧਰ ਤੇ ਸੁਲਤਾਨਪੁਰ ਦੀ ਗਵਰਨਰੀ ਜ਼ਰੂਰ ਦੇ ਦਿੱਤੀ। ਸੰਬੰਧਤ ਰੀਕਾਰਡਾਂ ਵਿੱਚ ਹੀ ਦੌਲਤ-ਖਾਂ ਦੇ ਪੁੱਤਰ ਦੀ ਆਪਣੇ ਪਿਉ ਦੇ ਵਿਰੁਧ ਬਾਬਰ ਨਾਲ ਸਾਜ਼ਸ਼ ਵਲ ਭੀ ਸੰਕੇਤ ਮਿਲਦਾ ਹੈ। ਸੋ ਇਸ ਗੱਲ ਬਾਰੇ ਹੁਣ ਕੋਈ ਸ਼ੰਕਾ ਨਹੀਂ, ਕਿ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੋਹਾਂ ਦੇ ਬਚਪਨ ਅਤੇ ਜੁਆਨੀ ਦੇ ਸਮੇਂ ਦੇਸ਼ ਦੀ ਰਾਜਸੀ-

1. John Leyden- Memoirs of Zahir-ud-Din Muhammad Babur (Translated from Chughtai's Turki), 1921, Oxford, Pages 7 to 9.

ਹਾਲਤ ਅਧੋਗਤੀ ਵਾਲੀ ਸੀ। ਸ਼ਾਇਦ ਗੁਰੂ ਨਾਨਕ ਦੇਵ ਨੇ ਲੋਧੀ-ਪਠਾਨਾਂ ਦੀ ਐਯਾਸ਼ੀ ਅਤੇ ਦੇਸ਼-ਧ੍ਰੋਹੀ ਕਰਕੇ ਹੀ ਹੇਠ ਲਿਖੀਆਂ ਤੁਕਾਂ ਲਿਖੀਆਂ ਸਨ:-

(ੳ) ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ । ...(ਵਾਰ ਮਾਝ ਕੀ ਮ:1)[1]
(ਅ) ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ ।......(ਵਾਰ ਆਸਾ ਮ:1)[2]
(ੲ) ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ।......(ਆਸਾ ਮ:1)[3]

ਇਸੇਤਰ੍ਹਾਂ ਹੀ ਗੁਰੂ ਅਮਰਦਾਸ ਨੇ ਅਜਿਹੇ ਰਾਜਿਆਂ ਦੀ ਐਯਾਸ਼ੀ ਅਤੇ ਨਾਲਾਇਕੀ ਬਾਰੇ ਕਰੜੀ ਆਲੋਚਨਾ ਕਰਕੇ ਉਨ੍ਹਾਂ ਨੂੰ ਰਾਜ-ਗੱਦੀ ਦੇ ਯੋਗ ਨਹੀਂ ਮੰਨਿਆ, ਜਿਵੇਂ:-

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ।
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ।
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ।
(ਮਾਰੂ ਕੀ ਵਾਰ ਮ:3)[4]

ਅਜਿਹੀ ਸਮਾਜਕ-ਚੇਤੰਨਤਾ ਉਸ ਸਮੇਂ ਦੇ ਬਾਕੀ ਸੰਤ-ਕਵੀਆਂ ਵਿੱਚ ਨਹੀਂ ਮਿਲਦੀ। ਨਾਮਦੇਵ ਅਤੇ ਕਬੀਰ ਆਦਿਕ ਭਗਤਾਂ ਨੇ ਉਚੇਰੀ-ਜਾਤੀ ਦੇ ਬ੍ਰਾਹਮਣਾਂ ਦੀਆਂ ਨੀਵੀਂ-ਜਾਤੀ ਦੇ ਲੋਕਾਂ ਉਤੇ ਵਧੀਕੀਆਂ ਦਾ ਵਰਨਣ ਬੇਸ਼ਕ ਕੀਤਾ ਹੈ ਅਤੇ ਇਸੇਤਰ੍ਹਾਂ ਧਾਰਮਕ-ਖੇਤਰ ਵਿੱਚ ਬਾਹਰਮੁਖੀ-ਅਡੰਬਰਾਂ, ਪਾਖੰਡਾਂ ਅਤੇ ਵਹਿਮਾਂ-ਭਰਮਾਂ ਦੀ ਨਿਖੇਧੀ ਭੀ ਬੇਸ਼ਕ ਕੀਤੀ ਹੈ, ਪਰ ਜਿੱਥੋਂ ਤਕ ਦੇਸ਼ ਦੀ ਰਾਜਨੀਤਕ-ਅਵੱਸਥਾ ਦਾ ਸੰਬੰਧ ਹੈ, ਰਾਜ-ਜਾਤੀ ਦੇ ਅਨਿਆਏ ਅਤੇ ਪਰਜਾ ਦੀ ਕਾਇਰਤਾ ਉੱਤੇ ਦਲੇਰੀ ਨਾਲ ਵਿਅੰਗ ਕਰਕੇ ਸਮਾਜ ਅਤੇ ਦੇਸ਼ ਦੇ ਉਧਾਰ ਲਈ ਕੁਰਬਾਨੀਆਂ ਕਰਨ ਦੀ ਰੀਤ ਕੇਵਲ ਗੁਰੂ ਸਾਹਿਬਾਨ ਨੇ ਹੀ ਤੋਰੀ ਹੈ।

ਗੁਰੂ ਨਾਨਕ ਬਾਰੇ ਪ੍ਰਾਚੀਨ ਸਾਖੀਕਾਰਾਂ ਨੇ ਦੱਸਿਆ ਹੈ, ਕਿ ਗੁਰਦੇਵ ਨੂੰ ਵਕਤ ਦੀ ਹਕੂਮਤ ਨੇ ਬੰਦੀਖਾਨੇ ਵਿੱਚ ਪਾਇਆ। ਗੁਰੂ ਅੰਗਦ ਬਾਰੇ ਭੀ ਮੰਨਿਆ ਜਾਂਦਾ ਹੈ, ਕਿ ਜਦੋਂ ਹਮਾਯੂੰ, ਸ਼ੇਰਸ਼ਾਹ ਤੋਂ ਭਾਂਜ ਖਾ ਕੇ ਗੋਇੰਦਵਾਲ ਪਹੁੰਚਾ, ਤਾਂ ਗੁਰੂ ਅੰਗਦ ਨੇ ਇਹ ਆਖ ਕੇ ਉਸਦੀ ਕਾਇਰਤਾ ਨੂੰ ਹਿਲੂਣਿਆ, "ਜਿਹੜੀ ਤਲਵਾਰ ਸ਼ੇਰਸ਼ਾਹ ਦੇ ਸਾਹਮਣੇ ਨਹੀਂ ਉਠ ਸਕੀ, ਉਹ ਫ਼ਕੀਰਾਂ ਉਤੇ ਚਲਾਉਣ ਲੱਗਾ ਹੈਂ?" ਗੁਰੂ ਅਮਰਦਾਸ ਦੇ ਸਮੇਂ ਬੇਸ਼ਕ ਅਕਬਰ ਦੀ ਨੀਤੀ ਕੁਝ ਖੁਲ੍ਹ-ਦਿਲੀ ਵਾਲੀ ਸੀ, ਪਰ ਫੇਰ ਭੀ ਗੁਰੂ ਅਮਰਦਾਸ ਦੀ ਬਾਣੀ ਵਿਚੋਂ ਰਾਜਿਆਂ ਮਹਾਰਾਜਿਆਂ ਦੀ ਨਾਲਾਇਕੀ ਉੱਤੇ ਵਿਅੰਗ, ਇਹ ਦਸਦਾ ਹੈ, ਕਿ ਉਹ ਭਾਰਤ ਦੇ ਰਾਜਸੀ-ਆਗੂਆਂ ਦੀ ਮੁਗਲ-ਸਮਰਾਟਾਂ ਦੇ ਸਨਮੁਖ ਕਾਇਰਤਾ ਵਾਲੀ ਰੁਚੀ ਦੀ ਹਰ ਸਮੇਂ ਨਿਖੇਧੀ ਕਰਦੇ ਸਨ। ਗੁਰੂ ਅਰਜਨ ਦੇਵ ਨੂੰ ਜਹਾਂਗੀਰ ਦੇ ਹੁਕਮ ਨਾਲ ਤਸੀਹੇ ਸਹਿਣੇ ਪਏ ਅਤੇ ਗੁਰੂ ਹਰਿਗੋਬਿੰਦ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕੱਟਣੀ ਪਈ। ਇਸੇਤਰ੍ਹਾਂ ਗੁਰੂ ਹਰਿਰਾਏ ਨੂੰ ਮੁਗਲਾਂ ਨਾਲ ਜੰਗ ਕਰਨ ਲਈ ਮਜਬੂਰ ਹੋਣਾ ਪਿਆ। ਗੁਰੂ ਹਰਿਕ੍ਰਿਸ਼ਨ(ਜੋ ਉਮਰ ਦੇ ਲਿਹਾਜ਼ ਨਾਲ ਮਾਸੂਮ-ਅਵੱਸਥਾ ਵਿੱਚ ਸਨ) ਨੂੰ ਭੀ ਦਿੱਲੀ ਬੁਲਾਇਆ ਗਿਆ ਅਤੇ ਗੁਰੂ ਤੇਗ਼ ਬਹਾਦਰ ਨੂੰ ਔਰੰਗਜ਼ੇਬ ਦੇ ਅਨਿਆਏ ਵਿਰੁਧ ਸ਼ਹਾਦਤ ਦਾ ਜਾਮ ਪੀਣਾ ਪਿਆ। ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦਾ ਸਾਰਾ ਪਰਵਾਰ ਦੇਸ਼, ਕੌਮ ਅਤੇ ਧਰਮ

1.ਆਦਿ-ਗ੍ਰੰਥ............ਪੰਨਾ 145
2.ਆਦਿ-ਗ੍ਰੰਥ.............ਪੰਨਾ 468-69
3.ਆਦਿ-ਗ੍ਰੰਥ.............ਪੰਨਾ 360
4.ਆਦਿ-ਗ੍ਰੰਥ............ਪੰਨਾ 1088

ਲਈ ਕੁਰਬਾਨ ਹੋ ਗਿਆ। ਇਹ ਸਭ ਗੱਲਾਂ ਦਸਦੀਆਂ ਹਨ, ਕਿ ਗੁਰੂ ਸਾਹਿਬਾਨ ਨੇ ਕੇਵਲ ਧਾਰਮਕ, ਸਮਾਜਕ ਅਤੇ ਰਾਜਸੀ ਅਨਿਆਏ ਦੇ ਵਿਰੁਧ ਕਵਿਤਾ ਹੀ ਨਹੀਂ ਰਚੀ, ਸਗੋਂ ਅਮਲੀ-ਰੂਪ ਵਿੱਚ ਅਰਥਾਤ ਆਪਣੇ ਕਰਤਵ ਰਾਹੀਂ ਭੀ ਇਹ ਸਿੱਧ ਕੀਤਾ ਹੈ, ਕਿ ਉਹ ਨਿਰੇ ਫ਼ਿਲਾਸਫ਼ਰ, ਰਹੱਸਵਾਦੀ, ਸੰਤ ਜਾਂ ਧਾਰਮਕ-ਆਗੂ ਹੀ ਨਹੀਂ ਸਨ, ਸਗੋਂ ਦੇਸ਼ ਕਾਲ ਦੀਆਂ ਮਜਬੂਰੀਆਂ ਦੇ ਹੁੰਦੇ ਹੋਇਆਂ, ਉਹ ਮਹਾਨ ਸਮਾਜ-ਸੁਧਾਰਕ ਅਤੇ ਦੇਸ਼-ਭਗਤ ਭੀ ਸਨ।

ਗੁਰੂ ਨਾਨਕ ਅਤੇ ਦੂਸਰੇ ਗੁਰੂ ਸਾਹਿਬਾਨ ਦੀ ਸਮਾਜਕ-ਖੇਤਰ ਵਿੱਚ ਮਹਾਨ ਦੇਣ ਨੂੰ ਹੀ ਮੁਖ ਰੱਖ ਕੇ ਕਨਿੰਘਮ[1], ਗੋਕਲਚੰਦ ਨਾਰੰਗ[2]ਅਤੇ ਜੈਰਾਮ ਮਿਸ਼ਰ[3]ਆਦਿਕ ਲਿਖਾਰੀਆਂ ਨੇ ਉਨ੍ਹਾਂ ਨੂੰ ਭਗਤੀ-ਕਾਲ ਦੇ ਬਾਕੀ ਕਵੀਆਂ (ਰਾਮਾਨੰਦ, ਨਾਮਦੇਵ ਅਤੇ ਕਬੀਰ ਆਦਿਕ) ਨਾਲੋਂ ਇਸ ਪੱਖ ਤੋਂ ਨਿਖੇੜਿਆ ਹੈ।

ਜੈਰਾਮ ਮਿਸ਼ਰ[4]ਨੇ ਇਹ ਭੀ ਮੰਨਿਆ ਹੈ, ਕਿ ਰਾਮਾਨੰਦ ਅਤੇ ਉਸਦੇ ਅਨੁਯਾਈ ਭਗਤਾਂ ਨੇ ਅਵਿਤਾਰਵਾਦ ਨੂੰ ਸਵੀਕਾਰ ਕਰਕ ਕਿਉਂਕਿ ਰਾਮ-ਉਪਾਸ਼ਨਾ ਦੀ ਪ੍ਰਥਾ ਚਲਾਈ, ਇਸਦਾ ਸਿੱਟਾ ਇਹ ਨਿਕਲਿਆ, ਕਿ ਦੇਸ਼ ਵਿੱਚ ਸੰਪ੍ਰਦਾਇਕ-ਅਹੰਗਤਾ ਵਧੀ.....ਵੈਸ਼ਨਵਾਂ, ਸ਼ੈਵਾਂ ਅਤੇ ਸ਼ਾਕਤਾਂ ਦਾ ਪਰਸਪਰਕ-ਵਿਰੋਧ ਘਟਣ ਦੀ ਬਜਾਏ ਵਧਣ ਲੱਗ ਪਿਆ।" ਰਾਮਾਨੰਦ ਤੋਂ ਪਹਿਲਾਂ ਗੋਰਖਨਾਥ ਨੇ ਬੇਸ਼ਕ ਧਾਰਮਕ-ਏਕਤਾ ਦਾ ਪ੍ਰਚਾਰ ਕੀਤਾ ਸੀ, ਪਰ ਗ੍ਰਿਹਸਥ ਦੀ ਥਾਂ ਬ੍ਰਹਮਚਰਯ, ਘਰ ਦੀ ਥਾਂ ਮਠ ਅਤੇ ਸਹਜ-ਸਾਧਨਾ ਦੀ ਥਾਂ ਹਠ-ਯੋਗ ਉੱਤੇ ਬਲ ਦੇਣ ਕਰਕੇ, ਨਾਥ-ਪੰਥੀ ਹੌਲੀ ਹੌਲੀ ਜਨ-ਸਧਾਰਨ ਨਾਲੋਂ ਟੁੱਟਦੇ ਗਏ। ਗੋਰਖਨਾਥ ਤੋਂ ਪਹਿਲਾਂ ਸਿੱਧਾਂ, ਸਾਕਤਾਂ ਅਤੇ ਸ਼ੈਵਾਂ ਵਿੱਚ ਭੀ ਦੇਸ਼ ਦੀਆਂ ਸਮੱਸਿਆਵਾਂ ਲਾਲੋਂ ਅਟੰਕ ਰਹਿਣ ਦੀ ਰੁਚੀ ਸੀ। ਆਚਾਰੀਆ ਨਰੇਂਦਰ ਦੇਵ[5]ਨੇ ਮੰਨਿਆ ਹੈ, ਕਿ ਵਜ੍ਰਯਾਨੀ-ਸਿੱਧਾਂ ਅਤੇ ਤੰਤ੍ਰਵਾਦੀਆਂ ਦੀਆਂ ਸਾਧਨਾਵਾਂ ਦਾ ਤਾਤਪਰਜ ਤੰਤ੍ਰ ਅਤੇ ਇੰਦ੍ਰਜਾਲ ਹੈ ਅਤੇ ਇਨ੍ਹਾਂ ਦੇ ਅਧਿਕਾਰ ਪ੍ਰਾਪਤ ਕਰਨ ਲਈ ਯੋਗ, ਧਿਆਨ, ਪੂਜਾ, ਮੈਤ੍ਰੀ ਅਤੇ ਕਰੁਣਾ ਆਦਿਕ ਦਾ ਅਨੁਸ਼ਠਾਣ ਜ਼ਰੂਰੀ ਹੈ। ਲਗਪਗ ਇਹੋ ਜਿਹੇ ਵਿਚਾਰ ਹੀ ਸਿੱਧਾਂ ਅਤੇ ਤੰਤ੍ਰਵਾਦੀਆਂ ਬਾਰੇ ਡਾ: ਹਜ਼ਾਰੀਪ੍ਰਸ਼ਾਦ ਦਿਵੇਦੀ[6]ਨੇ ਪਰਗਟ ਕੀਤੇ ਹਨ। ਡਾ:ਦਿਵੇਦੀ ਦੇ ਕਥਨ ਅਨੁਸਾਰ ਬੋਧਾਂ, ਸਾਕਤਾਂ ਅਤੇ ਸ਼ੈਵਾਂ ਦੀ ਸਾਧਨਾ-ਪੱਦਤੀ ਵਿੱਚ ਸਿਧੀਆਂ ਨੂੰ ਪ੍ਰਾਪ੍ਤ ਕਰਨ ਦਾ ਜੋ ਅਡੰਬਰ ਹੈ, ਅਨੇਕ ਪਰਕਾਰ ਦੇ ਮੰਤ੍ਰ, ਤੰਤ੍ਰ ਦੀਆਂ ਜਟਿਲ-ਸਾਧਨਾਵਾਂ ਦਾ ਵਿਧਾਨ ਹੈ। ਡਾ:ਦਿਵੇਦੀ ਅਨੁਸਾਰ "ਕਬੀਰ ਨੇ ਉਪਰੋਕਤ ਬੋਧਾਂ, ਸਾਕਤਾਂ ਅਤੇ ਸ਼ੈਵਾਂ ਦੀਆਂ ਸਾਧਨਾਵਾਂ ਦੇ ਵਾਸਤਵ-ਸਤਯ ਨੂੰ ਪਕੜ ਲਿਆ ਅਤੇ ਸਿਧੀਆਂ ਦੇ ਪਿੱਛੇ ਦੌੜਨ ਦੀ ਪ੍ਰਵਿਰਤੀ ਦਾ ਤ੍ਰਿਸਕਾਰ ਕੀਤਾ। ਕਬੀਰ ਨੇ ਇਸ ਸ਼ਬਦ-ਸਾਧਨਾ(ਅਰਥਾਤ ਤੰਤ੍ਰਵਾਦੀਆਂ ਦੀ ਮੰਤ੍ਰ-ਸਾਧਨਾ) ਨੂੰ ਪ੍ਰੇਮ-ਭਗਤੀ ਦੇ ਨਾਲ ਜੋੜ ਦਿੱਤਾ ਹੈ। ਇਸ ਪਰਕਾਰ ਜੋ ਸਾਧਨਾ ਨੀਰਸ ਅਤੇ ਜਟਿਲ ਸੀ, ਉਸਨੂੰ ਸਰਸ ਅਤੇ ਸਹਜ ਬਣਾ ਦਿੱਤਾ ਹੈ। ਸੰਤਾਂ ਦੀ ਇਹ ਬੜੀ ਦੇਣ ਹੈ।"

ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਦੂਸਰੇ ਗੁਰੂ ਸਾਹਿਬਾਨ ਨੇ ਭੀ ਆਪਣੇ ਤੋਂ ਪਹਿਲੇ ਸਮੇਂ ਨਾਲ ਸੰਬੰਧਤ ਸਾਧਨਾ-ਪੱਦਤੀਆਂ ਨਾਲ ਸੰਬੰਧਤ ਕਈ ਚੰਗੀਆਂ ਗੱਲਾਂ ਅਪਣਾ ਲਈਆਂ, ਬੇਸ਼ਕ ਉਨ੍ਹਾਂ ਦੇ ਅਰਥ

1. J.D. Cunningham- History of the Sikhs, 1955, P.38.
2. Gokal Chand Narang- Transformation of Sikhism, 1956(Ed.), P.26

3. ਜੈਰਾਮ ਮਿਸ਼ਰ- ਸ਼੍ਰੀਗੁਰੂ ਗ੍ਰੰਥ ਦਰਸ਼ਨ, 1960, ਪੰਨੇ 50-52
4. ਪੂਨਾ..............ਪੰਨਾ 51
5. ਆਚਾਰੀਆ ਨਰੇਂਦਰ ਦੇਵ......ਬੌਧ-ਧਰਮ ਦਰਸ਼ਨ......ਪਟਨਾ, 1956, ਪੰਨਾ 177
6. ਡਾ: ਹਜ਼ਾਰੀਪ੍ਰਸ਼ਾਦ ਦਿਵੇਦੀ- ਸਹਜ-ਸਾਧਨਾ......ਭੋਪਾਲ, 2020 ਬਿਕ੍ਰਮੀ, ਪੰਨਾ 52

ਦੇਸ਼ ਕਾਲ ਅਤੇ ਆਪਣੇ ਨਿੱਜੀ-ਅਨੁਭਵ ਦੇ ਅਨੁਕੂਲ ਬਦਲ ਲਏ। ਕਨਿੰਘਮ[1]ਨੇ ਭੀ ਗੁਰੂ ਨਾਨਕ ਦੇ ਜੀਵਨ-ਦਰਸ਼ਨ ਬਾਰੇ ਵਿਚਾਰ ਕਰਦਿਆਂ ਇਹੋ ਗੱਲ ਆਖੀ ਹੈ, ਕਿ "ਗੁਰੂ ਨਾਨਕ ਨੇ ਆਪਣੇ ਤੋਂ ਪਹਿਲੇ ਸਾਰੇ ਸੁਧਾਰਕਾਂ ਦੀਆਂ ਚੰਗੀਆਂ ਗੱਲਾਂ ਅਪਣਾ ਲਈਆਂ, ਪਰ ਉਨ੍ਹਾਂ ਦੀਆਂ ਭਿਆਨਕ ਗ਼ਲਤੀਆਂ ਤੋਂ ਉਹ ਬਚੇ ਰਹੇ। ......ਉਨ੍ਹਾਂ ਰਾਮਾਨੰਦ ਅਤੇ ਕਬੀਰ ਦੇ ਉਲਟ ਰੱਬ ਨੂੰ ਮਨੁੱਖ-ਕਾਰੀ ਰੂਪ ਦੇਣ ਦੀ ਥਾਂ ਏਕੰਕਾਰ, ਸੈ-ਭੰ, ਅਕਾਲ-ਮੂਰਤਿ ਅਤੇ ਅਗੋਚਰ ਆਦਿਕ ਦੇ ਉਚਤਮ-ਸਰੂਪ ਵਿੱਚ ਪ੍ਰਤੱਖ ਕੀਤਾ ਹੈ।"

ਡਾ:ਤਾਰਾਚੰਦ[2]ਨੇ ਗੁਰੂ ਨਾਨਕ ਦੇ ਇਕ-ਈਸ਼ਵਰਵਾਦ ਅਤੇ ਸਮਾਜ-ਸੁਧਾਰਕ ਦ੍ਰਿਸ਼ਟੀ-ਕੋਨ ਨੂੰ ਮੁਖ ਰੱਖ ਕੇ ਹੀ ਉਨ੍ਹਾਂ ਨੂੰ ਇਸਲਾਮ-ਧਰਮ ਦੇ ਪੈਗੰਬਰ "ਮੁਹੰਮਦ ਸਾਹਿਬ" ਨਾਲ ਮੇਲਿਆ ਹੈ। ਡਾ:ਤਾਰਾਚੰਦ ਦੇ ਕਥਨ ਅਨੁਸਾਰ,"ਗੁਰੂ ਨਾਨਕ ਦੇਵ, ਕਬੀਰ ਦੇ ਉਲਟ ਪਰਮ-ਅਨੰਦ ਵਿੱਚ ਲੀਨ-ਦ੍ਰਿਸ਼ਟਾ ਨਹੀਂ ਸਨ। ਉਨ੍ਹਾਂ ਦੀ ਆਤਮਾ ਅਣਦਿਸਦੇ-ਮੰਡਲਾਂ ਦੀ ਅਨੰਦਮਈ-ਅਵੱਸਥਾ ਵਿੱਚ ਅਕਸਰ ਉਡਾਰੀਆਂ ਮਾਰਦੀ ਸੀ,........ ਪਰ ਉਹ ਅਪਰੰਪਰ ਤੇ ਅਗੋਚਰ ਅਨੰਦ ਵਿੱਚ ਮੌਜਾਂ ਮਾਣਨ ਦੀ ਥਾਂ ਉਸਤੋਂ ਪ੍ਰੇਰਨਾ ਲੈਂਦੇ ਹੋਇਆਂ, ਧਰਤੀ ਦੇ ਮਨੁੱਖਾਂ ਵਿੱਚ ਵਧੇਰੇ ਦਿਲਚਸਪੀ ਰੱਖਦੇ ਸਨ।" ਡਾ:ਤਾਰਾਚੰਦ[3]ਨੇ ਇਹ ਭੀ ਮੰਨਿਆ ਹੈ," ਕਿ ਗੁਰੂ ਨਾਨਕ ਨੇ ਜਿਹੜੀ ਧਾਰਮਕ-ਲਹਿਰ ਆਰੰਭ ਕੀਤੀ ਸੀ, ਉਸਨੂੰ ਪਿੱਛੋਂ ਆਏ ਗੁਰੂਆਂ ਨੇ ਅੱਗੇ ਤੋਰਿਆ। ਗੁਰੂ ਨਾਨਕ ਦੀ ਧਾਰਮਕ-ਲਹਿਰ ਦਾ ਰੁਖ ਸਦਾਚਾਰਕ ਅਤੇ ਨਿਸ਼ਚਿਤ-ਰੂਪ ਵਿੱਚ ਸੁਧਾਰਕ ਹੋਣ ਕਰਕੇ, ਉਹ ਬਾਕੀ ਦੀਆਂ ਅਜਿਹੀਆਂ ਲਹਿਰਾਂ ਨਾਲੋਂ ਨਿਖੇੜੀ ਜਾ ਸਕਦੀ ਹੈ। ਕਿਉਂਕਿ ਇਸ ਵਿੱਚ ਗ਼ਲਤ-ਕੀਮਤਾਂ ਨਾਲ ਸਮਝੌਤਾ ਕਰਨ ਦੀ ਥਾਂ ਸੰਬੰਧਤ ਕੀਮਤਾਂ ਨਾਲ ਟਕਰਾਉਣ ਜਾਂ ਉਨ੍ਹਾਂ ਵਿਰੁਧ ਬਗ਼ਾਵਤ ਕਰਨ ਦੀ ਰੁਚੀ ਸੀ, ਸੋ ਇਸ ਵਿੱਚ ਸ਼ਹੀਦੀਆਂ ਪਾਉਣ ਦੇ ਨਾਲ ਨਾਲ ਇਕ ਜੱਥੇਬੰਦ-ਧਰਮ ਬਣਨ ਦੀਆਂ ਸੰਭਾਵਨਾਵਾਂ ਭੀ ਸ਼ਾਮਿਲ ਸਨ।" ਪਿਛਲੇਰੇ-ਗੁਰੂਆਂ ਨੂੰ ਦੇਸ਼ ਦੀ ਰਾਜਸੀ-ਤਾਕਤ ਨਾਲ ਉਲਝਦਿਆਂ ਵੇਖ ਕੇ ਕਈ ਇਤਿਹਾਸਕਾਰਾਂ ਨੂੰ ਗੁਰੂਆਂ ਦੇ ਕਰਤਵ ਬਾਰੇ ਟਪਲਾ ਲੱਗਦਾ ਹੈ, ਪਰ ਜਿਵੇਂ ਡਾ:ਤਾਰਾਚੰਦ ਨੇ ਸੰਕੇਤ ਕੀਤਾ ਹੈ, ਬੇਸ਼ਕ ਸੰਬੰਧਤ ਗੁਰੂਆਂ ਦੇ ਸਮੇਂ ਧਾਰਮਕ-ਜੱਥੇਬੰਦੀ ਵਿੱਚ ਕੁਝ ਪਰਿਵਰਤਨ ਆਇਆ, ਪਰ ਸਿੱਖ-ਧਰਮ ਨੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਨੂੰ ਅਬਦਲ-ਰੂਪ ਵਿੱਚ ਹੀ ਧਾਰਨ ਕਰੀ ਰੱਖਿਆ।

ਜਿੱਥੋਂ ਤਕ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਆਦਿਕ ਦੂਸਰੇ ਗੁਰੂਆਂ ਦੁਆਰਾ ਪ੍ਰਚਾਰੇ ਗਏ ਸਿੱਖ-ਧਰਮ ਜਾਂ ਗੁਰਮਤਿ-ਮਾਰਗ ਦਾ ਸੰਬੰਧ ਹੈ, ਇਸਦਾ ਨਿਕਾਸ ਕਿਸੇ ਇਕ ਧਰਮ ਜਾਂ ਫ਼ਲਸਫ਼ੇ ਵਿੱਚੋਂ ਨਹੀਂ ਹੋਇਆ, ਸਗੋਂ ਪੂਰਬ ਅਤੇ ਪੱਛਮ, ਜਿੱਥੇ ਕਿੱਥੇ ਭੀ ਗੁਰੂ ਸਾਹਿਬਾਨ ਗਏ ਅਤੇ ਜਿਨ੍ਹਾਂ ਜਿਨ੍ਹਾਂ ਧਾਰਮਕ-ਸੰਪ੍ਰਦਾਵਾਂ ਜਾਂ ਸਾਧਨਾ-ਪੱਦਤੀਆਂ ਦੇ ਆਗੂਆਂ ਨਾਲ ਉਨ੍ਹਾਂ ਦਾ ਵਾਹ ਪਿਆ, ਜਾਂ ਜੋ ਕੁਝ ਉਨ੍ਹਾਂ ਦੀ ਸੂਖ਼ਸੀਅਤ ਵਿੱਚ ਪ੍ਰਾਚੀਨ-ਗ੍ਰੰਥਾਂ, ਦਾਰਸ਼ਨਿਕ-ਸਿਧਾਂਤਾਂ ਅਤੇ ਨਿੱਜੀ-ਅਨੁਭਵ ਦੁਆਰਾ ਰਚਮਿਚ ਗਿਆ, ਉਸਦਾ ਸੰਘਠਿਤ-ਰੂਪ ਹੀ ਸਿੱਖ-ਧਰਮ ਦੀ ਫ਼ਿਲਾਸਫ਼ੀ ਹੈ। ਦਰਅਸਲ, ਜਿਵੇਂ ਡਾ:ਰਾਧਾਕ੍ਰਿਸ਼ਨਨ[4]ਨੇ ਸੰਕੇਤ ਕੀਤਾ ਹੈ,"ਹਰ ਮੌਲਿਕ-ਧਰਮ ਦਾ ਸੰਚਾਲਕ ਆਪਣੀ ਸ਼ਖ਼ਸੀਅਤ, ਸਮਾਜ ਅਤੇ ਇਤਿਹਾਸਕ-ਪ੍ਰਵਿਰਤੀਆਂ ਅਨੁਸਾਰ ਹੀ ਰੱਬ ਦੇ ਰਹੱਸ ਨੂੰ ਖੋਲ੍ਹਦਾ ਹੈ।" ਸਰ ਜੋਗਿੰਦਰ

1. J.D. Cunningham- A History of The Sikhs, 1955, P.38.
2. Dr. Tara Chand- Influence of Islam on Indian Culture, 1954, P.169.
3. Ibid...............P.177.
4. Dr. Radhakrishnan- The Hindu View of Life-London, 1948, P.25

ਸਿੰਘ[1]ਨੇ ਇਸੇ ਗੱਲ ਨੂੰ ਕਿਸੇ ਹੋਰ ਢੰਗ ਨਾਲ ਆਖਿਆ ਹੈ, ਕਿ" ਗਊਆਂ ਦਾ ਰੰਗ ਵੱਖੋ ਵੱਖਰਾ ਹੁੰਦਾ ਹੈ, ਪਰ ਦੁੱਧ ਦਾ ਰੰਗ ਇੱਕੋ ਜਿਹਾ ਚਿੱਟਾ, ਸੋ ਸੱਚ ਦਾ ਰੰਗ ਭੀ ਨਾ ਬਦਲਦਾ ਹੈ ਅਤੇ ਨਾ ਹੀ ਬਦਲ ਸਕਦਾ ਹੈ।" ਕਿਉਂਕਿ ਰੱਬ, ਤੱਤ-ਗਿਆਨ ਜਾਂ ਪਰਮ-ਅਨੰਦ ਤਕ ਪਹੁੰਚਣ ਦਾ ਮਾਰਗ ਇਕ ਨਹੀਂ, ਸੋ ਹਰ ਯੁੱਗ ਵਿੱਚ ਕੋਈ ਨਾ ਕੋਈ ਮਹਾਂ-ਪੁਰਖ ਨਵਾਂ-ਮਾਰਗ ਪਰਗਟ ਕਰਦਾ ਆਇਆ ਹੈ। ਇਸੇਤਰ੍ਹਾਂ ਗੁਰੂ ਨਾਨਕ ਦੇਵ ਨੇ ਭੀ ਆਪਣੇ ਸਮੇਂ ਦੁਨੀਆਂ ਨੂੰ ਇਕ ਨਵਾਂ-ਮਾਰਗ ਸਿੱਖ-ਧਰਮ ਦੇ ਰੂਪ ਵਿੱਚ ਵਿਖਾਇਆ, ਜਿਸ ਮਾਰਗ ਨੂੰ ਗੁਰੂ ਨਾਨਕ ਤੋਂ ਪਿੱਛੋਂ ਗੁਰੂ ਅੰਗਦ ਅਤੇ ਗੁਰੂ ਅਮਰਦਾਸ ਆਦਿਕ ਕਈ ਗੁਰੂ ਸਾਹਿਬਾਨ ਨੇ ਨਵੇਂ ਸ਼ਬਦਾਂ, ਬਿੰਬਾਂ ਅਤੇ ਅਲੰਕਾਰਾਂ ਦੁਆਰਾ ਸ਼ਿੰਗਾਰਿਆ, ਸੰਵਾਰਿਆ ਅਤੇ ਵਧੇਰੇ ਸਰਲ-ਸਪਸ਼ਟ ਕੀਤਾ।

ਤੁਲਨਾਤਮਕ-ਦ੍ਰਿਸ਼ਟੀ ਤੋਂ ਡਾ:ਤਾਰਨ ਸਿੰਘ[2]ਨੇ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਰਾਮਾਨੁਜ, ਵਲਭ, ਮਾਧਵ, ਚੈਤਨਯ, ਰਾਮਾਨੰਦ, ਕਬੀਰ, ਆਦਿਕ ਦੀ ਚਲਾਈ ਭਗਤੀ-ਲਹਿਰ ਦਾ ਹੀ ਇਕ ਪ੍ਰਗਟਾਉ ਆਖਿਆ ਹੈ। ਉਪਰੋਕਤ ਭਗਤਾਂ ਵਿੱਚੋਂ ਕਬੀਰ ਦੇ ਨਿਰਗੁਣ-ਮਾਰਗ ਨਾਲ ਤਾਂ ਗੁਰੂ ਨਾਨਕ, ਗੁਰੂ ਅਮਰਦਾਸ ਆਦਿਕ ਗੁਰੂ-ਕਵੀਆਂ ਦੀ ਸਾਂਝ ਕਿਸੇ ਹੱਦ ਤਕ ਮੰਨਣ-ਯੋਗ ਹੈ, ਪਰ ਰਾਮਾਨੁਜ, ਵਲਭ, ਮਾਧਵ ਅਤੇ ਚੈਤੰਨਯ ਆਦਿਕ ਦੁਆਰਾ ਪ੍ਰਚਾਰੇ ਗਏ ਅਵਿਤਾਰਵਾਦੀ-ਸਿਧਾਂਤ ਨਾਲ ਸਿੱਖ-ਗੁਰੂਆਂ ਦੀ ਵਿਚਾਰਧਾਰਾ ਮੇਲ ਨਹੀਂ ਖਾਂਦੀ ਜਾਪਦੀ।

ਵੈਸੇ ਮਧਕਾਲੀਨ-ਭਗਤਾਂ ਅਤੇ ਗੁਰੂ ਸਾਹਿਬਾਨ ਦੀ ਭਗਤੀ-ਸਾਧਨਾ ਵਿੱਚ ਕਈ ਗੱਲਾਂ ਦੀ ਸਾਂਝ ਪ੍ਰਤੱਖ ਹੈ। ਡਾ:ਰਾਮਰਤਨ ਭਟਨਾਗਰ[3]ਨੇ "ਭਗਤੀ-ਯੋਗ-ਗ੍ਰੰਥ" ਦੇ ਆਧਾਰ ਤੇ ਮਧਕਾਲੀਨ ਵੈਸ਼ਨਵ-ਭਗਤਾਂ ਦੀ ਭਗਤੀ-ਸਾਧਨਾ ਨਾਲ ਸੰਬੰਧਤ 23 ਵਿਸ਼ੇਸ਼ਤਾਈਆਂ ਦਰਸਾਈਆਂ ਹਨ, ਜਿਨ੍ਹਾਂ ਵਿੱਚੋਂ ਸਿਵਾਏ ਬ੍ਰਹਮਚਰਯ ਅਤੇ ਨਿਸ਼ਵਾਸ-ਭਾਵ(ਜੋ ਵਿਸ਼ੇਸ਼ ਕਰਕੇ ਯੋਗ-ਮਾਰਗ ਨਾਲ ਸੰਬੰਧਤ ਹਨ)ਦੇ ਬਾਕੀ ਦੀਆਂ ਲਗਪਗ ਸਾਰੀਆਂ ਵਿਸ਼ੇਸ਼ਤਾਈਆਂ ਗੁਰੂ ਅਮਰਦਾਸ ਅਤੇ ਦੂਸਰੇ ਗੁਰੂ ਸਾਹਿਬਾਨ ਦੀ ਭਗਤੀ-ਸਾਧਨਾ ਵਿੱਚ ਭੀ ਵਿਖਾਈ ਦਿੰਦੀਆਂ ਹਨ। ਸਾਂਝੀਆਂ ਵਿਸ਼ੇਸ਼ਤਾਈਆਂ ਇਸ ਪਰਕਾਰ ਹਨ:-(1) ਦ੍ਰਿੜ੍ਹ-ਵੈਰਾਗ(2) ਆਸਤਿਕਤਾ(3) ਅਪਰਿਗ੍ਰਹ ਜਾਂ ਆਪਣੇ ਉਤੇ ਕੰਟ੍ਰੋਲ(4)ਉਨਮਨਿ(5)ਮਾਇਆ-ਮੋਹ ਅਤੇ ਆਸ਼ਾ-ਤ੍ਰਿਸ਼ਨਾ ਦਾ ਤਿਆਗ(6) ਸ਼ੀਲ, ਖਿਮਾ, ਧੀਰਜ ਅਤੇ ਦਇਆ(7) ਗਰੀਬੀ(8)ਨਿਰਪਖਤਾ(9)ਅਭਿਮਾਨ ਦਾ ਤਿਆਗ(10)ਸਭ ਪ੍ਰਾਣੀਆਂ ਲਈ ਸਮਾਨ-ਭਾਵ(11)ਨਿਰਵੇਦ(ਸੰਸਾਰਕ-ਵਿਸ਼ਿਆਂ ਵਲੋਂ ਵੈਰਾਗਮਈ-ਭਾਵਨਾ(12) ਗੁਰੂ-ਭਗਤੀ(13) ਸਾਰਗ੍ਰਾਹਿਤਾ (ਸੱਚ ਨੂੰ ਜੀਵਨ ਵਿੱਚ ਧਾਰਨ ਕਰਨਾ(14) ਸਹਜ(15)ਮਾਨਸੀ-ਸੇਵਾ(ਮਲੌਖੀ-ਸੇਵਾ)(16) ਗਿਆਨ ਦਾ ਮਹੱਤਵ (17)ਅਨਹਦ(18) ਸਮਰਪਣ-ਭਾਵ(19)ਬਿਹਬਲ-ਭਗਤੀ(20)ਨੈਕਟਯ-ਭਾਵਨਾ ਅਰਥਾਤ ਪ੍ਰਭੂ ਨਾਲ ਨੇੜਤਾ ਦੀ ਭਾਵਨਾ(21) ਅਖੰਡ-ਯੋਗ। ਬੇਸ਼ਕ ਭਗਤੀ-ਯੋਗ-ਦਰਸ਼ਨ ਵਿੱਚ ਕਥਿਤ ਬਹੁਤੀਆਂ ਵਿਸ਼ੇਸ਼ਤਾਈਆਂ ਸਿੱਖ-ਧਰਮ ਨੇ ਭੀ ਅਪਣਾਈਆਂ ਸਿੱਧ ਹੁੰਦੀਆਂ ਹਨ, ਪਰ ਸਿੱਖ-ਧਰਮ ਪ੍ਰਵਿਰਤੀ-ਮਾਰਗ ਹੋਣ ਕਰਕੇ ਇਸ ਵਿੱਚ ਗ੍ਰਿਹਸਥ ਨੂੰ ਪਹਿਲੀ ਥਾਂ ਦਿੱਤੀ ਗਈ ਹੈ। ਪਰ ਜਿਵੇਂ ਡਾ:ਰਾਮਰਤਨ ਭਟਨਾਗਰ[4]ਨੇ ਸੰਕੇਤ ਕੀਤਾ ਹੈ,

---

1. ਸਰ ਜੋਗਿੰਦਰ ਸਿੰਘ ਅਤੇ ਰਾਜਾ ਦਲਜੀਤ ਸਿੰਘ- ਗੁਰੂ ਨਾਨਕ(ਅੰਗ੍ਰੇਜ਼ੀ), ਪਹਿਲੀ ਐਡੀਸ਼ਨ(ਵੇਖੋ: ਭੂਮਿਕਾ)।
2. ਡਾ:ਤਾਰਨ ਸਿੰਘ- ਗੁਰੂ ਨਾਨਕ, ਚਿੰਤਨ ਤੇ ਕਲਾ- ਅੰਮ੍ਰਿਤਸਰ, 1963, ਪੰਨਾ 175
3. ਡਾ:ਰਾਮਰਤਨ ਭਟਨਾਗਰ- ਮਧਯੁਗੀਨ ਵੈਸ਼ਨਵ-ਸੰਸਕ੍ਰਿਤੀ ਔਰ ਤੁਲਸੀਦਾਸ, 1962, ਪੰਨੇ 72-73
4. ਪੂਨਾ.............ਪੰਨਾ 73

ਭਗਤੀ-ਯੋਗ-ਦਰਸ਼ਨ ਵਿੱਚ ਗ੍ਰਿਹੀ(ਗ੍ਰਿਹਸਥੀ) ਅਤੇ ਬਨਬਾਸੀ ਨੂੰ ਸਮਾਨ-ਮਹੱਤਵ ਦਿੱਤਾ ਗਿਆ ਹੈ। ਇਹ ਇਕ ਬੁਨਿਆਦੀ-ਫ਼ਰਕ ਹੈ, ਸਿੱਖ-ਧਰਮ ਅਤੇ ਕਈ ਮਧਕਾਲੀਨ ਸਾਧਨਾ-ਪੱਦਤੀਆਂ ਵਿੱਚ। ਸਿੱਖ-ਧਰਮ ਵਿੱਚ ਬਨਬਾਸੀ ਲਈ ਕੋਈ ਥਾਂ ਨਹੀਂ।

ਜਿਵੇਂ ਅਸਾਂ ਪਿੱਛੇ ਭੀ ਸੰਕੇਤ ਕੀਤਾ ਹੈ, ਸਿੱਖ-ਧਰਮ, ਫ਼ਲਸਫ਼ੇ ਜਾਂ ਸਿਧਾਂਤਿਕ-ਵਾਦ-ਵਿਵਾਦ ਵਿੱਚ ਉਲਝਣ ਦੀ ਥਾਂ ਸੱਚ ਨੂੰ ਜੀਵਨ ਵਿੱਚ ਧਾਰਨ ਕਰਕੇ ਅਮਲੀ-ਜੀਵਨ ਬਤੀਤ ਕਰਨ ਉੱਤੇ ਜ਼ੋਰ ਦਿੰਦਾ ਹੈ। ਪ੍ਰਿੰਸੀਪਲ ਜੋਧ ਸਿੰਘ[1]ਨੇ ਤਾਂ ਇੱਥੋਂ ਤਕ ਆਖ ਦਿੱਤਾ ਹੈ, ਕਿ "ਸਿੱਖ-ਧਰਮ ਸਾਦਾ ਹੈ ਅਤੇ ਇਸਦੇ ਸਿਧਾਂਤਾਂ ਦਾ ਨਿਚੋੜ ਚਹੁੰ-ਸ਼ਬਦਾਂ ਵਿੱਚ ਕੱਢਿਆ ਜਾ ਸਕਦਾ ਹੈ। ਸੰਬੰਧਤ ਚਾਰ ਸ਼ਬਦ ਹਨ:ਏਕਤਾ, ਸਮਾਨਤਾ,ਸ਼ਰਧਾ ਅਤੇ ਪਿਆਰ। ਪਹਿਲੇ ਦੋ ਸ਼ਬਦ ਰੱਬ ਅਤੇ ਮਨੁੱਖ ਬਾਰੇ ਵਿਚਾਰ ਪਰਗਟ ਕਰਦੇ ਹਨ ਅਤੇ ਪਿਛਲੇ ਦੋ ਸ਼ਬਦਾਂ ਦਾ ਸੰਬੰਧ ਸਿੱਖਾਂ ਦੇ ਵਤੀਰੇ ਜਾਂ ਰਹਿਣੀ ਨਾਲ ਹੈ, ਜਿਸ ਦੁਆਰਾ ਉਹ ਪਰਮ-ਅਨੰਦ ਤਕ ਪਹੁੰਚਦੇ ਹਨ।" ਪ੍ਰਿੰਸੀਪਲ ਤੇਜਾ ਸਿੰਘ[2]ਨੇ ਭੀ ਲਿਖਿਆ ਹੈ, ਕਿ "ਗੁਰੂ ਨਾਨਕ ਨੇ ਵਿਦਿਆ-ਅਭਿਮਾਨੀ ਫ਼ਲਸਫ਼ੇ ਨੂੰ ਧਰਮ ਨਾਲੋਂ ਅੱਡ ਕਰਕੇ ਐਲਾਨ ਕੀਤਾ, ਕਿ ਇਹ ਅਕਲੀ-ਕਲਾਬਾਜ਼ੀਆਂ ਹਨ ਅਤੇ ਧਰਮ ਇਨ੍ਹਾਂ ਦੇ ਉਲਟ ਰੂਹ ਜਾਂ ਆਤਮਾ ਨਾਲ ਸੰਬੰਧਤ ਹੈ।" ਸੋ ਬੇਸ਼ਕ ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਦੂਸਰੇ ਗੁਰੂ ਸਾਹਿਬਾਨ ਨੇ ਸਿਧਾਂਤਿਕ ਵਾਦ-ਵਿਵਾਦ ਵਿੱਚ ਉਲਝਣ ਦੀ ਥਾਂ ਆਪਣੇ ਅਨੁਭਵ ਨੂੰ ਕਵਿਤਾ ਰਾਹੀਂ ਇਸਤਰ੍ਹਾਂ ਪ੍ਰਗਟਾਇਆ ਹੈ, ਜਿਵੇਂ ਉਨ੍ਹਾਂ ਦੀ ਆਤਮਾ ਸਹਜ-ਗਿਆਨ ਦੇ ਰਸ਼ਮੇਂ ਦਾ ਮਧੁਰ ਸੰਗੀਤ ਸਹਿਜ-ਸੁਭਾ ਸੁਣਨ ਉਪਰੰਤ ਵਜਦ ਵਿੱਚ ਗੁਣਗੁਣਾ ਰਹੀ ਹੋਵੇ, ਫ਼ੇਰ ਭੀ ਉਨ੍ਹਾਂ ਦੀ ਬਾਣੀ ਵਿੱਚ ਭਾਰਤ ਦੇ ਸਨਾਤਨੀ-ਗਿਆਨ ਦੀਆਂ ਲਿਸ਼ਕਾਂ ਦੂਰੋਂ ਹੀ ਵਿਖਾਈ ਦੇ ਜਾਂਦੀਆਂ ਹਨ।

ਗੁਰੂ ਅਮਰਦਾਸ ਦਾ ਜੀਵਨ-ਦਰਸ਼ਨ ਮੂਲ-ਰੂਪ ਵਿੱਚ ਗੁਰੂ ਨਾਨਕ ਦੇ ਗੁਰਮਤਿ-ਮਾਰਗ ਨੂੰ ਹੀ ਅੱਗੇ ਤੋਰਦਾ ਹੈ। ਇਸਤੋਂ ਪਹਿਲਾਂ ਕਿ ਗੁਰੂ ਅਮਰਦਾਸ ਦੀ ਬਾਣੀ ਵਿੱਚੋਂ ਸੰਬੰਧਤ ਵਿਚਾਰਾਂ ਬਾਰੇ ਉਦਾਹਰਨਾਂ ਦਿੱਤੀਆਂ ਜਾਣ, ਗੁਰੂ ਨਾਨਕ ਦੇ ਅਤੇ ਸਮੁੱਚੇ ਗੁਰਮਤਿ-ਮਾਰਗ ਦੀਆਂ ਵਿਸ਼ੇਸ਼ਤਾਈਆਂ ਵਲ ਸੰਕੇਤ ਕਰਨਾ ਜ਼ਰੂਰੀ ਹੈ। ਬੇਸ਼ਕ ਡਾ:ਕੋਹਲੀ,[3]ਡਾ:ਤਾਰਨ ਸਿੰਘ[4]ਅਤੇ ਡਾ:ਕਾਲਾ ਸਿੰਘ ਬੇਦੀ[5]ਆਦਿਕ ਕਈ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਗੁਰਮਤਿ-ਮਾਰਗ ਦੀਆਂ ਵਿਸ਼ੇਸ਼ਤਾਈਆਂ ਦਰਸਾਈਆਂ ਹਨ, ਪਰ ਮੂਲ-ਰੂਪ ਵਿੱਚ ਸਭਨਾਂ ਵਿਦਵਾਨਾਂ ਨੇ ਲਗਪਗ ਹੇਠ ਲਿਖੀਆਂ ਨੌ ਵਿਸ਼ੇਸ਼ਤਾਈਆਂ ਨੂੰ ਹੀ ਵੱਖੋ-ਵੱਖਰੇ ਢੰਗ ਨਾਲ ਬਿਆਨ ਕੀਤਾ ਹੈ। ਇਨ੍ਹਾਂ ਵਿਸ਼ੇਸ਼ਤਾਈਆਂ ਨੂੰ ਜੈਰਾਮ ਮਿਸ਼ਰ[6]ਨੇ "ਸ੍ਰੀਗੁਰੂ ਗ੍ਰੰਥਿ ਦਰਸ਼ਨ" ਰਾਹੀਂ ਲੜੀਵਾਰ ਬਿਆਨ ਕੀਤਾ ਹੈ ਅਤੇ ਸੰਖੇਪ-ਸ਼ਬਦਾਂ ਵਿੱਚ ਸੰਬੰਧਤ ਵਿਸ਼ੇਸ਼ਤਾਈਆਂ ਇਸ ਪਰਕਾਰ ਹਨ:-

(1) ਗੁਰੂ ਨਾਨਕ ਦਾ ਧਰਮ ਨਿਵਿਰਤੀ-ਮਾਰਗ ਦੀ ਥਾਂ ਪ੍ਰਵਿਰਤੀ-ਮਾਰਗ ਹੈ।

(2) ਇਸ ਵਿੱਚ ਪਾਖੰਡਾਂ ਅਤੇ ਬਾਹਰਮੁਖੀ-ਅਡੰਬਰਾਂ ਦੀ ਨਿਖੇਧੀ ਪੱਖ-ਪਾਤ ਤੋਂ ਬਿਨਾ ਕੀਤੀ

---

1. Jodh Singh- Some Studies in Sikhism, 1953, P.9
2. Teja Singh- Essays in Sikhism, 1944, P.10
3. Dr.S.S.Kohli- A Critical Study of Adi Granth, 1961, P.284 to 368
4. ਡਾ:ਤਾਰਨ ਸਿੰਘ- ਗੁਰੂ ਨਾਨਕ, ਚਿੰਤਨ ਤੇ ਕਲਾ(1963), ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ(1963
5. ਡਾ:ਕਾਲਾ ਸਿੰਘ ਬੇਦੀ- ਗੁਰੂ ਨਾਨਕ ਦਰਸ਼ਨ, 1965, ਪੰਨੇ 90-93 ਅਤੇ 125-216
6. ਡਾ:ਜੈਰਾਮ ਮਿਸ਼ਰ- ਸ੍ਰੀਗੁਰੂ ਗ੍ਰੰਥ-ਦਰਸ਼ਨ, 1960, ਪੰਨੇ 54 ਤੋਂ 58
ਹੋਰ ਵੇਖੋ: ਡਾ:ਜੈਰਾਮ ਮਿਸ਼ਰ ਰਚਿਤ "ਨਾਨਕ-ਬਾਣੀ", 2018 ਬਿਕ੍ਰਮੀ, ਪੰਨੇ 46-76

ਗਈ ਹੈ। ਨਾ ਹਿੰਦੂ ਬ੍ਰਾਹਮਣਾਂ, ਨਾ ਜੈਨੀਆਂ, ਨਾ ਯੋਗੀਆਂ ਅਤੇ ਨਾ ਹੀ ਮੁਸਲਮਾਨ ਕਾਜ਼ੀਆਂ ਨਾਲ ਰਿਆਇਤ ਕੀਤੀ ਗਈ ਹੈ।

(3) ਗੁਰੂ ਨਾਨਕ ਦੇ ਸਿੱਖ-ਧਰਮ ਵਿੱਚ ਸਮਾਜਕ-ਕੁਰੀਤੀਆਂ (ਜਾਤਿ-ਭੇਦ) ਦਾ ਖੰਡਨ ਕਰਕੇ ਸਭਨਾਂ ਪ੍ਰਾਣੀਆਂ ਵਿੱਚ ਇੱਕੋ-ਪ੍ਰਭੂ ਦੀ ਜੋਤਿ ਦਰਸਾਈ ਗਈ ਹੈ। ਇਸੇਤਰ੍ਹਾਂ ਇਸਤ੍ਰੀ-ਜਾਤੀ ਨੂੰ ਭੀ ਭਾਰਤੀ-ਸਮਾਜ ਵਿੱਚ ਸਤਿਕਾਰ ਦੁਆਇਆ ਗਿਆ ਹੈ।

(4) ਗੁਰੂ ਨਾਨਕ ਦੇ ਧਰਮ ਦੇ ਚੌਥੀ ਵਿਸ਼ੇਸ਼ਤਾ ਇਹ ਹੈ, ਕਿ ਇਹ ਪਹਿਲੇ ਗੁਰੂ ਤੋਂ ਦਸਵੇਂ ਗੁਰੂ ਤਕ ਵਿਕਾਸ-ਮੁਖੀ ਰਿਹਾ ਹੈ ਅਰਥਾਤ ਬਾਹਰਮੁਖੀ-ਪ੍ਰਸਥਿਤੀਆਂ ਦੇ ਅਨੁਕੂਲ ਬੇਸ਼ਕ ਇਸ ਧਰਮ ਦੇ ਬਾਹਰਮੁਖੀ-ਕਰਤਵਾਂ ਵਿੱਚ ਪਰਿਵਰਤਨ ਵਿਖਾਈ ਦਿੰਦਾ ਹੈ, ਪਰ ਧਰਮ ਦੇ ਮੂਲ-ਸਿਧਾਂਤਾਂ ਨੂੰ ਇਸਦੇ ਆਗੂਆਂ ਨੇ ਸਦਾ ਪਕੜੀ ਰੱਖਿਆ ਹੈ।

(5) ਗੁਰੂ ਨਾਨਕ ਦੇ ਧਰਮ ਦੀ ਪੰਜਵੀਂ ਵਿਸ਼ੇਸ਼ਤਾ ਇਹ ਹੈ, ਕਿ ਇਸਨੇ ਭਗਤੀ-ਮਾਰਗ ਨੂੰ ਉਸਦੇ ਦੋਸ਼ਾਂ ਤੋਂ ਬਚਾਈ ਰੱਖਿਆ ਹੈ। ਡਾ:ਜੈਰਾਮ ਮਿਸ਼ਰ ਅਨੁਸਾਰ ਭਗਤੀ-ਮਾਰਗ ਦਾ ਪਹਿਲਾ ਦੋਸ਼ ਇਸ਼ਟ-ਦੇਵ ਦੇ ਨਾਮ-ਭੇਦ ਕਾਰਨ ਪਰਸਪਰ-ਝਗੜਿਆਂ ਦਾ ਉਪਜਨਾ ਹੈ।ਦੂਜਾ ਦੋਸ਼, ਅੰਧੀ-ਸ਼ਰਧਾ ਵਿੱਚ ਫਸ ਕੇ ਵਿਹਾਰਕ-ਗੱਲਾਂ ਵਿੱਚ ਭੀ ਸ੍ਵੈ-ਉੱਦਮ ਕਰਨ ਦੀ ਥਾਂ ਸਭ ਕੁਝ ਇਸ਼ਟ-ਦੇਵ ਉੱਤੇ ਛੱਡ ਕੇ ਆਲਸੀ ਬਣੇ ਰਹਿਣਾ ਹੈ। ਇਸੇਤਰ੍ਹਾਂ ਤੀਜਾ ਦੋਸ਼ ਧਾਰਮਕ-ਅੰਧਵਿਸ਼ਵਾਸ ਕਾਰਨ ਦੰਭੀਆਂ ਦੇ ਚੱਕਰ ਵਿੱਚ ਫਸਣਾ ਹੈ। ਗੁਰੂ ਨਾਨਕ ਨੇ ਭਗਤੀ ਦੇ ਉੱਪਰ ਕਥਿਤ ਦੋਸ਼ਾਂ ਤੋਂ ਸਿੱਖ-ਧਰਮ ਨੂੰ ਬਚਾਉਣ ਲਈ ਸਭ ਤੋਂ ਪਹਿਲਾਂ ਪ੍ਰਮਾਤਮਾ ਨੂੰ ਰੂਪ ਅਤੇ ਆਕਾਰ ਦੀ ਸੀਮਾ ਤੋਂ ਪਰ੍ਹੇ ਰੱਖਿਆ। ਉਨ੍ਹਾਂ ਇਸ਼ਟ-ਦੇਵ ਦੀ ਕਲਪਨਾ ਕੀਤੀ, ਜੋ "ਅਕਾਲ-ਮੂਰਤਿ" ,"ਅਜੋਨੀ" ਅਤੇ ਸੈਭੰ(ਅਰਥਾਤ ਆਪਣੇ ਆਪ ਉਤਪੰਨ ਹੋਣ ਵਾਲਾ)ਹੈ। ਦੂਸਰੇ ਦੋਸ਼ ਤੋਂ ਬਚਣ ਲਈ,ਗੁਰੂ ਨਾਨਕ ਦੇਵ ਨੇ ਨਿਵਿਰਤੀ-ਮਾਰਗ ਨੂੰ ਤਿਆਗ ਕੇ ਪ੍ਰਵਿਰਤੀ-ਮਾਰਗ ਨੂੰ ਗ੍ਰਹਿਣ ਕੀਤਾ। ਡਾ: ਜੈਰਾਮ ਮਿਸ਼ਰ ਨੇ ਗੁਰੂ ਨਾਨਕ ਦੁਆਰਾ ਬਾਬਰ ਦੇ ਹਮਲੇ ਨਾਲ ਸੰਬੰਧਤ ਤੁਕਾਂ ਦਾ ਹਵਾਲਾ ਦਿੰਦੇ ਹੋਇਆਂ ਗੁਰੂ ਨਾਨਕ ਨੂੰ ਸ੍ਵੈਮੁਕਤੀ ਦੀ ਥਾਂ ਲੋਕ-ਕਲਿਆਨ ਜਾਂ ਲੋਕ-ਸੇਵਾ ਤੋਂ ਪ੍ਰਭਾਵਤ ਮੰਨਿਆ ਹੈ। ਇਸੇਤਰ੍ਹਾਂ ਭਗਤੀ-ਮਾਰਗ ਦੇ ਉੱਪਰ ਕਥਿਤ ਕੀਤੇ ਤੀਜੇ ਦੋਸ਼ ਤੋਂ ਬਚਣ ਲਈ ਗੁਰੂ ਨਾਨਕ ਨੇ ਬਾਹਰਮੁਖੀ-ਅਡੰਬਰਾਂ ਦਾ ਤਿਆਗ ਕਰਕੇ ਪ੍ਰੇਮ-ਭਗਤੀ ਉੱਤੇ ਅਧਿਕ ਬਲ ਦਿੱਤਾ।

(6) ਗੁਰੂ ਨਾਨਕ ਦੇ ਧਰਮ ਦੀ ਛੇਵੀਂ ਵਿਸ਼ੇਸ਼ਤਾ ਜਨਤਾ ਦੇ ਨਿਰਾਸ਼ਾਵਾਦ ਨੂੰ ਦੂਰ ਕਰਕੇ ਆਸ਼ਾ, ਵਿਸ਼ਵਾਸ਼ ਅਤੇ ਮਰਦਾਨਗੀ ਦੀ ਭਾਵਨਾ ਨੂੰ ਜਗਾਉਣਾ ਹੈ। ਗੁਰੂ ਨਾਨਕ ਨੇ ਮਨੁੱਖ ਨੂੰ ਪਾਪੀ ਆਖਣ ਦੀ ਥਾਂ ਉਸਦੇ ਸਰੀਰ ਨੂੰ ਪ੍ਰਮਾਤਮਾ ਦੇ ਰਹਿਣ ਲਈ ਪਵਿੱਤਰ-ਅਸਥਾਨ ਦਰਸਾਇਆ ।

(7) ਗੁਰੂ ਨਾਨਕ ਦੇ ਸਿੱਖ-ਧਰਮ ਦੀ ਸਤਵੀਂ ਵਿਸ਼ੇਸ਼ਤਾ ਹਿੰਦੂ ਅਤੇ ਮੁਸਲਮਾਨ ਦੋਹਾਂ ਦੇ ਧਰਮਾਂ ਵਿੱਚ ਸਾਂਝ ਜਾਂ ਮੇਲ ਸਥਾਪਤ ਕਰਨ ਦੀ ਚੇਸ਼ਟਾ ਹੈ। ਗੁਰੂ ਨਾਨਕ ਨੇ ਮੁਸਲਮਾਨਾਂ ਨੂੰ ਸੱਚੇ ਮੁਸਲਮਾਨ ਅਤੇ ਹਿੰਦੂਆਂ ਨੂੰ ਸੱਚੇ-ਹਿੰਦੂ ਅਰਥਾਤ ਬ੍ਰਾਹਮਣਾਂ ਨੂੰ ਸੱਚੇ-ਬ੍ਰਾਹਮਣ ਬਣਨ ਦਾ ਉਪਦੇਸ਼ ਕੀਤਾ ।

(8) ਇਸ ਧਰਮ ਦੀ ਅਠਵੀਂ ਵਿਸ਼ੇਸ਼ਤਾ ਨਿਰਮਾਣਕਾਰੀ-ਪ੍ਰਵਿਰਤੀਆਂ ਨਾਲ ਓਤਪੋਤ ਹੋਣਾ ਹੈ। ਗੁਰੂ ਨਾਨਕ ਨੇ ਕਿਸੇ ਭੀ ਧਰਮ ਨੂੰ ਬੁਰਾ ਨਹੀਂ ਆਖਿਆ, ਸਗੋਂ ਸੰਬੰਧਤ ਧਰਮਾਂ ਵਿੱਚ ਫੈਲੀਆਂ ਬੁਰਾਈਆਂ ਨੂੰ ਹੀ ਬੁਰਾ ਆਖਿਆ ਹੈ।

(9) ਡਾ:ਜੈਰਾਮ ਮਿਸ਼ਰ ਅਨੁਸਾਰ ਸਿੱਖ-ਧਰਮ ਦੀ ਅੰਤਮ ਅਤੇ ਨੌਵੀਂ ਵਿਸ਼ੇਸ਼ਤਾ ਇਹ ਹੈ, ਕਿ ਇਸ ਵਿੱਚ ਸਭ ਧਰਮਾਂ ਦੇ ਪ੍ਰਬਲ ਵਿਵਹਾਰਕ-ਪੱਖ ਅਤਿਅੰਤ-ਉਦਾਰਤਾ ਨਾਲ ਸੰਗ੍ਰਹਿਤ ਕੀਤੇ ਗਏ ਹਨ। ਮੁਸਲਮਾਨਾਂ ਦੇ ਭਾਈਚਾਰੇ ਅਤੇ ਏਕਤਾ ਦਾ ਸਿਧਾਂਤ ਇਸ ਗ੍ਰੰਥ ਵਿੱਚ ਵਿਖਾਈ

ਦਿੰਦਾ ਹੈ, ਉਤਨਾ ਭਾਰਤ ਦੇ ਹੋਰ ਕਿਸੇ ਭੀ ਧਰਮ ਵਿੱਚ ਨਹੀਂ। ਬੋਧਾਂ ਦੇ ਆਦਿ-ਸੰਘਠਣ ਦੀ ਭਾਵਨਾ ਨਾਲ ਇਹ ਧਰਮ ਪ੍ਰਬਲ-ਰੂਪ ਵਿੱਚ ਵਿਆਪਤ ਹੈ। ਇਸੇਤਰ੍ਹਾਂ ਵੈਸ਼੍ਨਵਾਂ ਦੀ ਸੇਵਾ-ਭਾਵਨਾ ਭੀ ਇਸ ਧਰਮ ਦਾ ਪ੍ਰਧਾਨ-ਅੰਗ ਹੈ। ਗੋਰਖਨਾਥ ਅਤੇ ਕਬੀਰ ਦੇ ਜਾਤੀ-ਪ੍ਰਥਾ ਸੰਬੰਧੀ ਕ੍ਰਾਂਤੀਕਾਰੀ-ਵਿਚਾਰਾਂ ਨਾਲ ਭੀ ਇਹ ਧਰਮ ਓਤਪੋਤ ਹੈ।

ਜੇਕਰ ਉਪਰੋਕਤ ਵਿਚਾਰਾਂ ਦੀ ਰੌਸ਼ਨੀ ਵਿੱਚ ਗੁਰੂ ਅਮਰਦਾਸ ਦੇ ਜੀਵਨ-ਦਰਸ਼ਨ ਦਾ ਅਧਿਅਨ ਕੀਤਾ ਜਾਵੇ, ਤਾਂ ਗੁਰੂ ਅਮਰਦਾਸ ਦੀ ਵਿਚਾਰਧਾਰਾ ਮੂਲ-ਰੂਪ ਵਿੱਚ ਗੁਰੂ ਨਾਨਕ ਦੇ ਗੁਰਮਤਿ-ਮਾਰਗ ਨੂੰ ਹੀ ਅੱਗੇ ਤੋਰਦੀ ਪ੍ਰਤੀਤ ਹੁੰਦੀ ਹੈ। ਗੁਰੂ ਨਾਨਕ ਵਾਂਗ ਹੀ ਗੁਰੂ ਅਮਰਦਾਸ ਨੇ ਪ੍ਰਵਿਰਤੀ-ਮਾਰਗ ਦਾ ਪ੍ਰਚਾਰ ਕੀਤਾ ਹੈ। ਉਨ੍ਹਾਂ ਮਠਾਂ ਵਿੱਚ ਰਹਿਣ ਵਾਲੇ ਸਿੱਧਾਂ ਅਤੇ ਹਠ-ਯੋਗੀਆਂ ਦੇ ਉਲਟ ਗ੍ਰਿਹਸਥ ਵਿੱਚ ਰਹਿੰਦੇ ਹੋਇਆਂ ਉਦਾਸ ਰਹਿਣ ਦਾ ਸੁਨਹਿਰੀ-ਅਸੂਲ ਦ੍ਰਿੜ੍ਹ ਕਰਵਾਇਆ। ਇਸੇਤਰ੍ਹਾਂ ਬ੍ਰਾਹਮਣੀ-ਮਤ ਦੇ ਕਰਮ-ਕਾਂਡਾਂ ਅਤੇ ਗਿਆਨ-ਮਾਰਗ ਨਾਲ ਸੰਬੰਧਤ ਕਈ ਧਾਰਮਕ-ਆਗੂਆਂ ਦੇ ਨਿਰੇ ਕਿਤਾਬੀ-ਗਿਆਨ ਦੇ ਵਿਰੁਧ ਉਨ੍ਹਾਂ ਸੱਚ ਨੂੰ ਜੀਵਨ ਵਿੱਚ ਧਾਰਨ ਕਰਨ ਦਾ ਉਪਦੇਸ਼ ਕੀਤਾ। ਜਿੱਥੋਂ ਤਕ ਇਸਲਾਮ-ਧਰਮ ਦਾ ਸੰਬੰਧ ਹੈ, ਗੁਰੂ ਅਮਰਦਾਸ ਨੇ "ਅੱਲ੍ਹਾ"(ਅਲਹ) ਦੀ ਸਿਫ਼ਤਿ ਪ੍ਰਭੂ, ਪਾਰਬ੍ਰਹਮ,ਪ੍ਰਮੇਸ਼ਰ ਵਾਂਗ ਹੀ ਗਾਇਨ ਕੀਤੀ ਹੈ, ਪਰ ਇਹ ਸ਼ਬਦ ਬਹੁਤੀ ਵਾਰ ਨਹੀਂ ਪ੍ਰਯੋਗ ਕੀਤਾ ਗਿਆ। ਇਸੇਤਰ੍ਹਾਂ ਇਕ ਹੋਰ ਸ਼ਬਦ "ਸ਼ੇਖ" ਦੁਆਰਾ ਅਕਲੀ-ਚਤੁਰਾਈਆਂ ਦੇ ਵਿਰੁਧ ਸਹਜ-ਮਾਰਗ ਨੂੰ ਅਪਣਾਉਣ ਉੱਤੇ ਜ਼ੋਰ ਦਿੱਤਾ ਹੈ, ਜਿਵੇਂ:-

ਸੇਖਾ ਚਉਚਕਿਆ ਚਉਵਾਇਆ ਏਹੁ ਮਨੁ ਇਕਤੁ ਘਰਿ ਆਣਿ ।
ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ ।
(ਸੋਰਠ ਕੀ ਵਾਰ ਮ;4 ਸਲੋਕ ਮ:3)[1]

ਜਿੱਥੋਂ ਤਕ ਮਧਕਾਲੀਨ ਧਰਮਾਂ ਜਾਂ ਸਾਧਨਾ-ਪੱਧਤੀਆਂ ਦਾ ਸੰਬੰਧ ਹੈ, ਗੁਰੂ ਅਮਰਦਾਸ ਦੀ ਬਾਣੀ ਵਿੱਚ ਵਿਸ਼ੇਸ਼ ਕਰਕੇ ਬ੍ਰਾਹਮਣਾਂ, ਸਿੱਧਾਂ, ਜੋਗੀਆਂ, ਸੰਨਿਆਸੀਆਂ, ਦਿਗੰਬਰਾਂ, ਮੋਨਧਾਰੀਆਂ, ਬੈਰਾਗੀਆਂ ਅਤੇ ਭਗਉਤੀਆਂ ਦਾ ਵਰਣਨ ਮਿਲਦਾ ਹੈ। ਗੁਰੂ ਅਮਰਦਾਸ ਨੇ ਗੁਰੂ ਨਾਨਕ ਵਾਂਗ ਹੀ ਦੂਸਰੀਆਂ ਧਾਰਮਕ-ਸੰਪ੍ਰਦਾਵਾਂ ਦੇ ਅਨੁਯਾਈਆਂ ਵਿੱਚ ਵਿਆਪਕ ਬੁਰਾਈਆਂ ਉੱਤੇ ਆਲੋਚਨਾ ਕਰਕੇ, ਨਾਲ ਹੀ ਉਨ੍ਹਾਂ ਨੂੰ ਸਹੀ-ਮਾਰਗ ਭੀ ਵਿਖਾਇਆ ਹੈ। ਉਦਾਹਰਨ ਵਜੋਂ ਹੇਠ ਲਿਖੀਆਂ ਤੁਕਾਂ ਰਾਹੀਂ ਗੁਰੂ ਅਮਰਦਾਸ ਨੇ ਸੱਚੇ-ਬ੍ਰਾਹਮਣ, ਸੱਚੇ-ਜੋਗੀ, ਸੱਚੇ-ਬੈਰਾਗੀ, ਸੱਚੇ-ਮੋਨੀ ਅਤੇ ਸੱਚੇ-ਭਗਉਤੀ ਦੇ ਲੱਛਣ ਦਰਸਾ ਕੇ ਜਾਣੋ ਇਹ ਸਿੱਧ ਕੀਤਾ ਹੈ, ਕਿ ਉਨ੍ਹਾਂ ਦਾ ਮਤ ਦੂਸਰੇ ਧਰਮਾਂ ਦਾ ਖੰਡਨ ਕਰਨ ਦੀ ਥਾਂ, ਉਨ੍ਹਾਂ ਦੇ ਅਨੁਯਾਈਆਂ ਦੀਆਂ ਬੁਰਾਈਆਂ ਨੂੰ ਦੂਰ ਕਰਕੇ ਧਰਮ ਦਾ ਰਹੱਸ ਸਮਝਣ ਦੀ ਪ੍ਰੇਰਨਾ ਕਰਦਾ ਹੈ, ਜਿਵੇਂ:-

(1) <u>ਬ੍ਰਾਹਮਣ :-</u>

(ੳ) ਸੋ ਬ੍ਰਾਹਮਣ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ ।
(ਸਿਰੀ ਰਾਗੁ ਮ:3)[2]

(ਅ) ਜਾਤਿ ਕਾ ਗਰਬੁ ਨ ਕਰੀਅਹੁ ਕੋਈ ।
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ।............(ਭੈਰਉ ਮ:3)[3]

---

1.ਆਦਿ-ਗ੍ਰੰਥ...........ਪੰਨਾ 646
2.ਆਦਿ-ਗ੍ਰੰਥ...........ਪੰਨਾ 68
3.ਆਦਿ-ਗ੍ਰੰਥ...........ਪੰਨਾ 1128

(2) ਸੱਚੇ-ਜੋਗੀ:-

(ੳ) ਸੋ ਜੋਗੀ ਜੁਗਤਿ ਸੋ ਪਾਏ ਜਿਸਨੋ ਗੁਰਮੁਖਿ ਨਾਮੁ ਪਰਾਪਤਿ ਹੋਇ ।
(ਵਾਰ **ਬਿਹਾਗੜਾ** ਮ:4 ਸਲੋਕ ਮ:3)[1]

(ਅ) ਸਿਵਨਗਰੀ ਮਹਿ ਆਸਣਿ ਬੈਸੈ ਗੁਰਸਬਦੀ ਜੋਗੁ ਪਾਈ ।
ਧਾਤੁਰਬਾਜੀ **ਸਬਦਿ** ਨਿਵਾਰੇ ਨਾਮੁ ਵਸੈ ਮਨਿ ਆਈ ।
(ਰਾਮਕਲੀ ਮ:3)[2]

(ੲ) ਕਾਇਆਨਗਰੀ ਸਬਦੇ ਖੋਜੇ ਨਾਮੁ ਨਵੰਨਿਧਿ ਪਾਈ ।
ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ।
ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ।
ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ।
(ਰਾਮਕਲੀ ਮ:3)[3]

(ਸ) ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ ।
(ਰਾਮਕਲੀ ਮ:3)[3]

(ਹ) ਸੋ ਜੋਗੀ ਤਤੁ ਗਿਆਨੁ ਬੀਚਾਰੇ ਹਉਮੈ ਤ੍ਰਿਸਨਾ ਮਾਰੀ ।
(ਰਾਮਕਲੀ ਮ:3)[4]

(3) **ਸੱਚੇ-ਬੈਰਾਗੀ:-**

(ੳ) ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ ।
ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪੁ ਪਛਾਣਿਆ ।
ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ ।
(ਵਡਹੰਸ ਮ:3)[5]

(ਅ) ਮਨੁ ਬੈਰਾਗੀ ਜਾ ਸਬਦਿ ਭਉ ਖਾਇ । (ਗਉੜੀ ਮ:3)[6]

(ੲ) ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ।...(ਮਾਝ ਮ:3)[7]

(ਸ) ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ । ...(ਮਾਝ ਮ:3)[8]

(4) ਸੱਚੇ-ਮੋਨੀ:-

ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ।
ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ।.........(ਭੈਰਉ ਮ:3)[9]

(5) ਸੱਚੇ-ਭਗਉਤੀ:-

ਸੋ ਭਗਉਤੀ ਜੋ ਭਗਵੰਤੈ ਜਾਣੈ । ਗੁਰਪਰਸਾਦੀ ਆਪੁ ਪਛਾਣੈ ।
ਧਾਵਤੁ ਰਾਖੈ ਇਕਤੁ ਘਰਿ ਆਣੈ। ਜੀਵਤੁ ਮਰੈ ਹਰਿਨਾਮੁ ਵਖਾਣੈ ।
ਐਸਾ ਭਗਉਤੀ ਉਤਮੁ ਹੋਇ । ਨਾਨਕ ਸਚਿ ਸਮਾਵੈ ਸੋਇ ।
(ਸ੍ਰੀਰਾਗੁ ਕੀ ਵਾਰ ਮ:4 ਸਲੋਕ ਮ:3)[10]

---

1. ਆਦਿ-ਗ੍ਰੰਥ..........ਪੰਨਾ 556
2. ਆਦਿ-ਗ੍ਰੰਥ..........ਪੰਨਾ 909
3. ਆਦਿ-ਗ੍ਰੰਥ..........ਪੰਨਾ 910
4. ਆਦਿ-ਗ੍ਰੰਥ..........ਪੰਨਾ 911
5. ਆਦਿ-ਗ੍ਰੰਥ..........ਪੰਨਾ 569
6. ਆਦਿ-ਗ੍ਰੰਥ..........ਪੰਨਾ 233
7. ਆਦਿ-ਗ੍ਰੰਥ..........ਪੰਨਾ 112
8. ਆਦਿ-ਗ੍ਰੰਥ..........ਪੰਨਾ 117
9. ਆਦਿ-ਗ੍ਰੰਥ..........ਪੰਨਾ 1128
10. ਆਦਿ-ਗ੍ਰੰਥ..........ਪੰਨਾ 88

ਦੂਜੇ ਸ਼ਬਦਾਂ ਵਿੱਚ ਗੁਰੂ ਅਮਰਦਾਸ ਨੇ ਜਾਤਿ, ਜਨਮ ਅਤੇ ਬਾਹਰਮੁਖੀ-ਭੇਖਾਂ ਨੂੰ ਪ੍ਰਭੂ-ਮਿਲਾਪ ਦੇ ਸੰਬੰਧ ਵਿੱਚ ਕੋਈ ਮਹੱਤਵ ਨਹੀਂ ਦਿੱਤਾ। ਉਨ੍ਹਾਂ ਦੇ ਵਿਚਾਰ ਅਨੁਸਾਰ ਬ੍ਰਾਹਮਣ ਉਹੀ ਹੈ, ਜਿਹੜਾ ਬ੍ਰਹਮ ਨੂੰ ਜਾਣ ਲਵੇ। ਇਸੇਤਰ੍ਹਾਂ ਸੱਚਾ-ਬੈਰਾਗੀ ਉਹ ਹੈ, ਜਿਹੜਾ ਵਿਸ਼ਿਆਂ ਵਲੋਂ ਆਪਣੇ ਮਨ ਨੂੰ ਮਾਰ ਕੇ ਸਦਾ ਭਗਤੀ ਵਿੱਚ ਲੱਗਾ ਰਹੇ। ਜਿੱਥੋਂ ਤਕ ਸੱਚੇ-ਜੋਗੀ ਦਾ ਸੰਬੰਧ ਹੈ, ਸ਼ਿਵਨਗਰੀ ਵਿੱਚ ਸੁਰਤਿ ਟਿਕਾਉਣ ਤੋਂ ਛੁੱਟ ਆਸ਼ਾ-ਤ੍ਰਿਸ਼ਨਾ ਨੂੰ ਮਾਰ ਕੇ ਸਹਜ ਵਿੱਚ ਸਮਾਉਣ ਦਾ ਨਾਮ ਹੀ ਜੋਗ ਹੈ। ਗੁਰਦੇਵ ਨੇ ਸੱਚੇ-ਜੋਗੀ ਨੂੰ ਸੁੰਨ-ਅਵੱਸਥਾ ਵਿੱਚ ਸਮਾਧੀ-ਇਸਥਿਤ ਹੋਣ ਦੀ ਪ੍ਰੇਰਨਾ ਕੀਤੀ ਹੈ। ਇਸੇਤਰ੍ਹਾਂ ਮੋਨੀਆਂ ਅਤੇ ਭਗਉਤੀਆਂ ਨੂੰ ਭੀ ਉਨ੍ਹਾਂ ਦੇ ਧਰਮ ਦੁਆਰਾ ਹੀ ਸਿੱਧੇ-ਰਾਹ ਪਾਇਆ ਗਿਆ ਹੈ। ਜਿੱਥੋਂ ਤਕ ਸੰਬੰਧਤ ਜੋਗੀਆਂ ਅਤੇ ਕਰਮ-ਕਾਂਡੀਆਂ ਦੀ ਆਤਮਕ-ਦ੍ਰਿਸ਼ਟੀ ਤੋਂ ਅਧੋਗਤੀ ਦਾ ਸੰਬੰਧ ਹੈ, ਇਸ ਬਾਰੇ ਅੱਗੇ ਚੱਲ ਕੇ ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ ਵਿਚਾਰ ਕੀਤੀ ਜਾਵੇਗੀ।

ਮਨੁੱਖਵਾਦੀ-ਦ੍ਰਿਸ਼ਟੀਕੋਣ ਤੋਂ ਭੀ ਗੁਰੂ ਅਮਰਦਾਸ ਦਾ ਅਸਥਾਨ ਬਹੁਤ ਉੱਚਾ ਹੈ। ਉਨ੍ਹਾਂ ਵਰਣ-ਭੇਦ ਅਤੇ ਜਾਤ-ਪਾਤ ਦੇ ਵਿਰੁਧ ਗੁਰੂ-ਕੇ-ਲੰਗਰ ਦੁਆਰਾ ਅੰਦੋਲਨ ਚਲਾਉਣ ਤੋਂ ਛੁੱਟ, ਆਪਣੀ ਬਾਣੀ ਰਾਹੀਂ ਭੀ ਬਹੁਤ ਜ਼ੋਰਦਾਰ ਵਿਚਾਰ ਪੇਸ਼ ਕੀਤੇ ਗਏ ਹਨ। ਘੁਮਿਆਰ, ਮਿੱਟੀ ਅਤੇ ਮਿੱਟੀ ਦੇ ਭਾਂਡਿਆਂ ਦੇ ਘਰੋਗੀ-ਅਲੰਕਾਰ ਦੁਆਰਾ ਉਨ੍ਹਾਂ ਜਾਤਿ-ਅਭਿਮਾਨੀਆਂ ਨੂੰ ਸਮਝਾਇਆ, ਕਿ ਸਾਰੇ ਮਨੁੱਖ ਇੱਕੋ ਮਿੱਟੀ ਦੇ ਬਣੇ ਹੋਏ ਹਨ, ਇਸਲਈ ਜਾਤ ਅਤੇ ਜਨਮ ਦਾ ਅਭਿਮਾਨ ਝੂਠਾ ਹੈ। ਸਗੋਂ ਗੁਰਦੇਵ ਇਸਤੋਂ ਭੀ ਅੱਗੇ ਗਏ ਹਨ। ਉਨ੍ਹਾਂ ਜਗਤ ਨੂੰ ਹਰੀ ਦਾ ਰੂਪ ਆਖ ਕੇ ਸਾਰੀ ਮਨੁੱਖਤਾ ਨੂੰ ਆਪਣੀ ਗਲਵਕੜੀ ਵਿੱਚ ਘੁੱਟ ਲਿਆ ਹੈ। ਉਦਾਹਰਨ ਵਜੋਂ ਜਦੋਂ ਉਹ ਤ੍ਰਿਸ਼ਨਾ ਦੀ ਅਗਨੀ ਵਿੱਚ ਸੜ ਰਹੇ ਜਗਤ ਦੇ ਉਧਾਰ ਲਈ ਪ੍ਰਮਾਤਮਾ ਦੇ ਦਰ ਉੱਤੇ ਅਰਦਾਸ ਕਰਦੇ ਹਨ, ਤਾਂ ਕੇਵਲ ਆਪਣੇ ਅਨੁਯਾਈਆਂ ਦੇ ਹੱਕ ਵਿੱਚ ਹੀ ਅਰਦਾਸ ਨਹੀਂ ਕਰਦੇ, ਸਗੋਂ ਸਭ ਧਰਮਾਂ ਦੇ ਅਨੁਯਾਈਆਂ ਲਈ ਪ੍ਰਾਰਥਨਾ ਕਰਦੇ ਹਨ। ਇਹ ਭੀ ਆਖਦੇ ਹਨ, ਕਿ ਜਿਸ ਦੁਆਰਿਓਂ ਕੋਈ ਤਰ ਸਕੇ, ਉਸਦਾ ਉਧਾਰ ਉਸੇ ਧਰਮ ਰਾਹੀਂ ਹੋ ਜਾਵੇ। ਸੰਬੰਧਤ ਤੁਕਾਂ ਹਨ:-

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ।

(ਵਾਰ ਬਿਲਾਵਲ ਮ:4 ਸ਼ਲੋਕ ਮ:3)[1]

ਪਰ ਗੁਰੂ ਅਮਰਦਾਸ ਦਾ ਮਨੁੱਖਵਾਦੀ-ਫ਼ਲਸਫ਼ਾ ਆਧੁਨਿਕ ਮਨੁੱਖਵਾਦੀ ਸਿਧਾਂਤ ਦੀ ਥਾਂ ਪ੍ਰਾਚੀਨ ਪ੍ਰਮਾਰਥਵਾਦੀ-ਸਿਧਾਂਤ ਦਾ ਲਖਾਇਕ ਹੈ। ਪ੍ਰਮਾਤਮਾ, ਜੀਵ, ਪ੍ਰਕ੍ਰਿਤੀ ਅਤੇ ਮਨੁੱਖ ਬਾਰੇ ਗੁਰੂ ਅਮਰਦਾਸ ਦਾ ਦ੍ਰਿਸ਼ਟੀਕੋਣ ਬਹੁਤ ਵਿਸ਼ਾਲ ਹੈ। ਇਸ ਬਾਰੇ ਗੁਰੂ ਅਮਰਦਾਸ ਦੀ ਬੋਲੀ ਅਤੇ ਅਨੁਭਵ ਵਾਲੇ ਅਧਿਆਇ ਦੁਆਰਾ ਵਿਸਥਾਰ ਸਹਿਤ ਵਿਚਾਰ ਕੀਤੀ ਜਾ ਚੁੱਕੀ ਹੈ। ਇੱਥੇ ਕੇਵਲ ਇਹ ਸੰਕੇਤ ਕਰਨਾ ਹੀ ਕਾਫੀ ਹੈ, ਕਿ ਗੁਰੂ ਅਮਰਦਾਸ ਨੇ ਪ੍ਰਮਾਤਮਾ ਦਾ ਸਰੂਪ ਚਿਤ੍ਰਣ ਸਮੇਂ ਉਸਨੂੰ ਦੇਸ਼ ਕਾਲ ਦੀ ਹੱਦ ਵਿੱਚ ਬੰਨ੍ਹਣ ਦੀ

1.ਆਦਿ-ਗ੍ਰੰਥ............ਪੰਨਾ 853

ਥਾਂ ਸਰਬ-ਵਿਆਪਕ ਜਾਂ ਅਪਰੰਪਰ ਪਾਰਬ੍ਰਹਮ ਦੇ ਰੂਪ ਵਿੱਚ ਹੀ ਪੇਸ਼ ਕੀਤਾ ਹੈ।

ਗੁਰੂ ਅਮਰਦਾਸ ਦੀ ਵਿਚਾਰਧਾਰਾ ਦੀ ਇਹ ਬਹੁਤ ਵੱਡੀ ਵਿਸ਼ੇਸ਼ਤਾ ਹੈ, ਕਿ ਉਨ੍ਹਾਂ ਆਪਣੇ ਸਮਕਾਲੀ ਦੇਸ਼ਵਾਸੀਆਂ ਨੂੰ ਨਿਰਾਸ਼ਾ ਦੀ ਖੱਡ ਵਿੱਚੋਂ ਬਾਹਰ ਕੱਢਣ ਲਈ ਅਹਿਸਾਸ ਕਰਵਾਇਆ, ਕਿ ਉਹ ਦੁੱਖਾਂ ਤੇ ਭੁੱਖਾਂ ਵਿੱਚ ਰੋਣ ਕੁਰਲਾਉਣ ਨਹੀਂ ਆਏ, ਸਗੋਂ ਸਹਜ ਤੇ ਅਨੰਦ ਦੀ ਪ੍ਰਾਪਤੀ ਲਈ ਮਨੁੱਖਾ-ਦੇਹ ਦੇ ਭਾਗੀ ਬਣੇ ਹਨ। ਗੁਨਾਹ, ਗੁਲਾਮੀ ਅਤੇ ਅਗਿਆਨ ਵਿੱਚ ਭਟਕਦੇ ਇਨਸਾਨਾਂ ਨੂੰ ਉਨ੍ਹਾਂ ਇਸ਼ਾਰੇ ਨਾਲ ਸਮਝਾਇਆ, ਕਿ ਤੁਸੀਂ ਅਸਲੇ ਨੂੰ ਪਛਾਣ ਲਵੋਂ, ਤਾਂ ਜੋਤਿ-ਸਰੂਪ ਹੋ:-

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ।

(ਆਸਾ ਮ:3 ਛੰਤੁ ਘਰੁ 3)[1]

ਇਸੇਤਰ੍ਹਾਂ ਮਨੁੱਖੀ-ਸਰੀਰ(ਜਿਸਦੀ ਕਦਰ ਕਰਨੀ ਬਹੁਤੇ ਦੇਸ਼ਵਾਸੀਆਂ ਨੇ ਛੱਡ ਦਿੱਤੀ ਸੀ) ਨੂੰ ਗੁਰੂ ਅਮਰਦਾਸ ਨੇ ਹਰੀ ਦਾ ਮੰਦਰ ਆਖ ਕੇ, ਇਸ ਵਿੱਚ ਛੁਪੇ ਅਣਮੋਲ-ਰਤਨ ਨੂੰ ਖੋਜਣ ਲਈ ਭੀ ਪ੍ਰੇਰਨ ਕੀਤੀ:-

(ੳ) ਕਾਇਆ ਹਰਿਮੰਦਰ ਹਰਿ ਆਪਿ ਸਵਾਰੇ।
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ।.......(ਮਾਰੂ ਮ;3)[2]

(ਅ) ਦੇਹੀ ਅੰਦਰਿ ਵਸਤੁ ਅਪਾਰਾ । ਆਪੇ
ਆਪੇ ਕਪਟ ਖੁਲਾਵਣਹਾਰਾ ।...............(ਮਾਰੂ ਮ;:3)[3]

(ੲ0 ਸਭਿ ਰਸ ਦੇਹੀ ਅੰਦਰਿ ਪਾਏ ।
ਵਿਰਲੇ ਕਉ ਗੁਰਸਬਦੁ ਬੁਝਾਏ ।...........(ਮਾਰੂ ਮ:3)[3]

ਜਿਵੇਂ ਅਸਾਂ ਪਿੱਛੇ ਦੱਸਿਆ ਹੈ, ਗੁਰੂ ਅਮਰਦਾਸ ਨੇ ਕਿਸੇ ਭੀ ਧਰਮ ਨੂੰ ਬੁਰਾ ਨਹੀਂ ਆਖਿਆ, ਸਗੋਂ ਸੰਬੰਧਤ ਧਰਮਾਂ ਦੇ ਅਨੁਯਾਈਆਂ ਵਿੱਚ ਬੁਰਾਈਆਂ ਨੂੰ ਵੇਖ ਕੇ, ਉਨ੍ਹਾਂ ਨੇ ਬੁਰਾਈਆਂ ਨੂੰ ਦੂਰ ਕਰਨ ਦਾ ਉਪਦੇਸ਼ ਕੀਤਾ ਹੈ। ਇਸਤਰ੍ਹਾਂ ਉਨ੍ਹਾਂ ਦੀ ਵਿਚਾਰਧਾਰਾ ਦੁਨੀਆਂ ਵਿੱਚੋਂ ਝੂਠ, ਫਰੇਬ ਅਤੇ ਦੰਭ ਨੂੰ ਪਿਆਰ ਅਤੇ ਹਮਦਰਦੀ ਸਹਿਤ ਦੂਰ ਕਰਕੇ ਸਚਾਈ ਦਾ ਸੰਚਾਰ ਕਰਦੀ ਹੈ ਅਤੇ ਸਮਾਜ ਨੂੰ ਆਦਰਸ਼-ਸਮਾਜ ਬਣਾਉਣ ਦੀ ਸਮਰੱਥਾ ਰੱਖਦੀ ਹੈ।

ਜਿੱਥੋਂ ਤਕ ਸ੍ਰਿਸ਼ਟੀ-ਰਚਨਾ ਦਾ ਸੰਬੰਧ ਹੈ, ਗੁਰੂ ਅਮਰਦਾਸ ਨੇ ਗੁਰੂ ਨਾਨਕ ਵਾਂਗ ਹੀ ਇੱਕੋ-ਇੱਕ ਈਸ਼ਵਰ ਨੂੰ ਹੀ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਮੰਨਿਆ ਹੈ। ਉਨ੍ਹਾਂ ਇਹ ਭੀ ਆਖਿਆ ਹੈ, ਕਿ ਆਰੰਭ ਵਿੱਚ ਜਦੋਂ ਚੰਨ,ਸੂਰਜ, ਤਾਰੇ,ਆਦਿਕ ਕੁਝ ਭੀ ਨਹੀਂ ਸੀ, ਨਿਰੰਕਾਰ ਸੁੰਨ-ਸਮਾਧ ਵਿੱਚ ਲੀਨ ਸੀ। ਕਈ ਯੁੱਗ ਅਫੁਰ-ਅਵੱਸਥਾ ਦਾ ਧੁੰਧੂਕਾਰਾ ਰਹਿਣ ਉਪਰੰਤ ਜਦੋਂ ਨਿਰੰਕਾਰ ਨੂੰ ਫੁਰਨਾ ਫੁਰਿਆ, ਉਸਨੇ ਮੌਜ ਵਿੱਚ ਆ ਕੇ ਆਪਣਾ ਆਪ ਪਰਗਟ ਕੀਤਾ ਅਤੇ ਬਿਨਾ ਕਿਸੇ ਦੀ ਸਹਾਇਤਾ ਦੇ ਸਾਰੀ ਸ੍ਰਿਸ਼ਟੀ ਨੂੰ "ਸ਼ਬਦ" ਦੁਆਰਾ ਰਚ ਦਿੱਤਾ। ਗੁਰੂ ਅਮਰਦਾਸ ਦੇ ਅਨੁਭਵ ਅਨੁਸਾਰ ਰਚਨਹਾਰ ਆਪਣੀ ਸ੍ਰਿਸ਼ਟੀ ਵਿੱਚ ਵਿਆਪਕ ਹੈ, ਪਰ ਸ੍ਰਿਸ਼ਟੀ ਦੇ ਨਾਸ ਹੋਣ ਤੇ ਭੀ ਉਹ ਕਾਇਮ-ਕਾਇਮ ਰਹੇਗਾ। ਪਿੱਛੇ ਇਹ ਸੰਕੇਤ ਕੀਤਾ ਜਾ ਚੁੱਕਾ ਹੈ,ਕਿ

1.ਆਦਿ-ਗ੍ਰੰਥ.............ਪੰਨਾ 441
2.ਆਦਿ-ਗ੍ਰੰਥ.............ਪੰਨਾ 1059
3.ਆਦਿ-ਗ੍ਰੰਥ.............ਪੰਨਾ 1056

ਗੁਰੂ ਅਮਰਦਾਸ ਨੇ ਪ੍ਰਭੂ ਦੇ ਦੋਹਾਂ ਸਰੂਪਾਂ ਨੂੰ ਮੰਨਿਆ ਹੈ:ਨਿਰਗੁਣ ਭੀ ਅਤੇ ਸਰਗੁਣ ਭੀ। ਗੁਰੂ ਅਮਰਦਾਸ ਦੀ ਬਾਣੀ ਅਨੁਸਾਰ ਪ੍ਰਮਾਤਮਾ ਜੀਵਾਂ ਵਿੱਚ ਜੋਤਿ-ਸਰੂਪ ਹੋ ਕੇ ਵਰਤ ਰਿਹਾ ਹੈ। ਪਰ ਉਨ੍ਹਾਂ ਸੰਸਾਰ ਨੂੰ ਅਨਾਦੀ ਨਹੀਂ ਮੰਨਿਆ। ਜਿਵੇਂ ਸ੍ਰਿਸ਼ਟੀ ਦਾ ਆਰੰਭ "ਸ਼ਬਦ" ਦੁਆਰਾ ਹੁੰਦਾ ਹੈ, ਇਸੇਤਰ੍ਹਾਂ ਇਸਦਾ ਲਯ ਭੀ ਪ੍ਰਭੂ ਦੇ ਸ਼ਬਦ ਦੁਆਰਾ ਹੀ ਹੁੰਦਾ ਹੈ। ਸਭ ਦੇਵੀ, ਦੇਵਤੇ ਪ੍ਰਭੂ ਦੇ ਪੈਦਾ ਕੀਤੇ ਹੋਏ ਹਨ ਅਤੇ ਉਸਦੇ ਹੁਕਮ ਵਿੱਚ ਹੀ ਕਾਰ ਕਰ ਰਹੇ ਹਨ। ਨੇਕੀ ਅਤੇ ਬਦੀ(ਅੰਮ੍ਰਿਤ ਅਤੇ ਬਿਖ) ਇੱਕੋ ਕਰਤਾਰ ਦੀ ਉਪਜ ਹਨ। ਸਾਰੀ ਸ੍ਰਿਸ਼ਟੀ ਜਾਂ ਮਾਇਆ ਦਾ ਮੂਲ ਉਨ੍ਹਾ ਤ੍ਰੈਗੁਣਾਂ( ਰਾਜਸ, ਤਾਮਸ ਅਤੇ ਸਾਤਕ) ਨੂੰ ਦਰਸਾਇਆ ਹੈ। ਇਨ੍ਹਾਂ ਤਿੰਨਾਂ ਗੁਣਾਂ ਵਿੱਚ ਹੀ ਪਸ਼ੂ, ਪੰਖੀ, ਮਨੁੱਖ ਅਤੇ ਦੇਵੀ-ਦੇਵਤੇ ਕਰਮ ਕਰਦੇ ਹਨ। ਜਿਹੜਾ ਗੁਰਮੁਖ ਗੁਰੂ ਦੀ ਸਿੱਖਿਆ ਦੁਆਰਾ ਤ੍ਰੈਗੁਣ-ਅਤੀਤ ਪ੍ਰਭੂ ਦੇ ਨਾਮ ਵਿੱਚ ਲੀਨ ਹੋ ਜਾਂਦਾ ਹੈ, ਉਹ ਤ੍ਰੈਗੁਣੀ-ਮਾਇਆ ਤੋਂ ਉਚੇਰਾ ਉਠ ਜਾਂਦਾ ਹੈ। ਜਨਮ-ਮਰਨ ਤੋਂ ਛੁਟਕਾਰਾ, ਮੁਕਤੀ, ਨਿਰਵਾਨ, ਸਹਜ, ਅਨੰਦ ਅਤੇ ਗਿਆਨ ਸਭ ਕੁਝ ਪ੍ਰਭੂ ਦੇ ਨਾਮ ਦੁਆਰਾ ਹੀ ਪ੍ਰਾਪਤ ਹੁੰਦਾ ਹੈ ਅਤੇ ਨਾਮ ਗੁਰਸਬਦ ਦੁਆਰਾ ਮਿਲਦਾ ਹੈ।

ਗੁਰੂ ਅਮਰਦਾਸ ਦੇ ਵਿਚਾਰ ਅਨੁਸਾਰ ਜੀਵਾਂ ਦੀ ਉਤਪਤੀ ਚਹੁੰ-ਢੰਗਾਂ ਅਰਥਾਤ ਚਾਰ ਖਾਣੀਆਂ ਦੁਆਰਾ ਹੁੰਦੀ ਹੈ। ਚਾਰ ਖਾਣੀਆਂ ਇਹ ਹਨ:ਅੰਡਜ, ਜੇਰਜ, ਸੇਤਜ/ਅਤੇ ਉਤਭੁਜ। ਸਭ ਜੀਵਾਂ ਨੂੰ ਚਉਰਾਸੀ-ਲੱਖ ਜੂਨਾਂ ਵਿੱਚ ਵੰਡਿਆ ਗਿਆ ਹੈ। ਗੁਰੂ ਅਮਰਦਾਸ ਦੇ ਸਿਧਾਂਤ ਅਨੁਸਾਰ ਮੋਹ-ਮਾਇਆ, ਆਸ਼ਾ-ਤ੍ਰਿਸ਼ਨਾ ਅਤੇ ਅਹੰਕਾਰ ਵੱਸ ਕੀਤੇ ਕਰਮਾਂ ਕਾਰਨ ਮਨੁੱਖ ਗਰਭ-ਜੋਨ ਵਿੱਚ ਪੈਂਦਾ ਹੈ। ਕਿਉਂਕਿ ਸਾਰੀ ਸ੍ਰਿਸ਼ਟੀ ਆਪਣੇ ਰਚਨਹਾਰ ਦੇ ਹੁਕਮ ਵਿੱਚ ਕਾਰ ਕਰ ਰਹੀ ਹੈ, ਇਸਲਈ ਰਚਨਹਾਰ-ਕਰਤਾਰ ਦੇ ਹੁਕਮ ਨੂੰ ਸਮਝ ਕੇ ਉਸਦੇ ਭਾਣੇ ਵਿੱਚ ਚੱਲਣ ਨਾਲ ਹੀ ਮਨੁੱਖ ਸੁਖੀ ਹੋ ਸਕਦਾ ਹੈ। ਪ੍ਰਭੂ ਦੇ ਹੁਕਮ ਦੀ ਸਮਝ ਗੁਰੂ ਦੇ ਸ਼ਬਦ ਦੁਆਰਾ ਆਉਂਦੀ ਹੈ ਅਤੇ ਪ੍ਰਭੂ ਦੇ ਭਾਣੇ ਵਿੱਚ ਚੱਲਣ ਦੀ ਜਾਚ ਭੀ ਗੁਰੂ ਦੇ ਭਾਣੇ ਵਿੱਚ ਚੱਲਣ ਨਾਲ ਹੀ ਆਉਂਦੀ ਹੈ। ਵੈਸੇ ਤਾਂ ਗੁਰੂ ਦਾ ਮਹੱਤਵ ਲਗਪਗ ਸਾਰੇ ਧਰਮਾਂ ਨੇ ਮੰਨਿਆ ਹੈ, ਪਰ ਸਿੱਖ-ਧਰਮ ਅਤੇ ਵਿਸ਼ੇਸ਼ ਕਰਕੇ ਗੁਰੂ ਅਮਰਦਾਸ ਦੀ ਬਾਣੀ ਵਿੱਚ "ਗੁਰਸਬਦ", "ਗੁਰੂ-ਭਗਤੀ" ਅਤੇ "ਗੁਰ-ਸੇਵਾ" ਉਤੇ ਜਿਤਨਾ ਬਲ ਦਿੱਤਾ ਗਿਆ ਹੈ, ਉਤਨਾ ਹੋਰ ਕਿਸੇ ਗੁਰੂ ਜਾਂ ਭਗਤ-ਕਵੀ ਦੀ ਬਾਣੀ ਵਿੱਚ ਨਹੀਂ ਮਿਲਦਾ। ਗੁਰੂ ਅਮਰਦਾਸ ਨੇ ਆਪਣੇ ਨਿੱਜੀ-ਅਨੁਭਵ ਦੁਆਰਾ ਇਹ ਪਰਪੱਕ ਕੀਤਾ ਹੈ, ਕਿ "ਸਹਜ-ਅਨੰਦ" ਦੀ ਪ੍ਰਾਪਤੀ ਭੀ ਗੁਰਸਬਦ ਅਰਥਾਤ ਗੁਰੂ ਦੀ ਕਿਰਪਾ ਦੁਆਰਾ ਹੀ ਹੁੰਦੀ ਹੈ।

ਗੁਰੂ ਅਮਰਦਾਸ ਦੀ ਬਾਣੀ ਵਿੱਚ ਜਿਨ੍ਹਾਂ ਗੱਲਾਂ ਉਤੇ ਬਲ ਦਿੱਤਾ ਗਿਆ ਹੈ, ਉਨ੍ਹਾਂ ਬਾਰੇ ਵਿਸਥਾਰ ਸਹਿਤ ਵਿਚਾਰ ਕਰਨ ਤੋਂ ਪਹਿਲਾਂ ਸ੍ਰਿਸ਼ਟੀ-ਰਚਨਾ ਬਾਰੇ ਉੱਪਰ ਕਥਿਤ ਵਿਚਾਰਾਂ ਦੀ ਪੁਸ਼ਟੀ ਵਿੱਚ ਕੁਝ ਇਕ ਤੁਕਾਂ ਇੱਥੇ ਪੇਸ਼ ਕਰਨੀਆਂ ਅਯੋਗ ਨਹੀਂ ਹੋਣਗੀਆਂ, ਜਿਵੇਂ:-

(ੳ) ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ ।
ਆਪੇ ਸ੍ਰਿਸਟਿ ਸਭ ਸਾਜੀਅਨੁ ਆਪਿ ਮਤਿ ਦੀਨੀ ।
(ਰਾਮਕਲੀ ਕੀ ਵਾਰ ਮ:3)[1]

---
1.ਆਦਿ-ਗ੍ਰੰਥ............ਪੰਨਾ 949

(ਅ) ਆਪਣਾ ਆਪੁ ਉਪਾਇਓਨੁ ਤਦਹੁ ਹੋਰ ਨ ਕੋਈ ।
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ।
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈਲੋਈ ।
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ ।
(ਗੂਜਰੀ ਕੀ ਵਾਰ ਮ:3)[1]

**(ਬ)** ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ।
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ।
ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ।
ਬ੍ਰਹਮਾ ਬਿਸਨੁ ਮਹੇਸੁ ਤ੍ਰੈਗੁਣ ਸਿਰਿ ਧੰਧੈ ਲਾਇਆ ।
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ।
(ਗੂਜਰੀ ਕੀ ਵਾਰ ਮ:3)[2]

**(ਸ)** ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮੁ ਵਰਤਾਏ ।
(ਰਾਮਕਲੀ ਮ:3 ਅਨੰਦੁ)[3]

**(ਬ)** ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ।
(ਰਾਮਕਲੀ ਕੀ ਵਾਰ ਮ:3)[4]

(ਕ) ਬ੍ਰਹਮਾ ਬਿਸਨੁ ਮਹੇਸੁ ਤ੍ਰੈਮੂਰਤਿ ਤ੍ਰਿਗੁਣਿ ਭਰਮਿ ਭੁਲਾਈ ।
(ਰਾਮਕਲੀ ਮ:3)[5]

(ਖ) ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ।
(ਸਿਰੀ ਰਾਗੁ ਮ:3)[6]

(ਗ) ਪਉਣ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ।
(ਰਾਮਕਲੀ ਕੀ ਵਾਰ ਮ:3)[7]

(ਘ) ਉਤਪਤਿ ਪਰਲਉ ਸਬਦੇ ਹੋਵੈ।
ਸਬਦੇ ਹੀ ਫਿਰਿ ਓਪਤਿ ਹੋਵੈ। ..................(ਮਾਝ ਮ:3)[8]

---

2

---

ਸਿਧਾਂਤਕ-ਪੱਖ ਤੋਂ ਗੁਰੂ ਅਮਰਦਾਸ ਦੀ ਵਿਚਾਰਧਾਰਾ ਬੇਸ਼ਕ ਮੂਲ-ਰੂਪ ਵਿੱਚ ਗੁਰੂ ਨਾਨਕ ਦੇ ਗੁਰਮਤਿ-ਮਾਰਗ ਨੂੰ ਹੀ ਅੱਗੇ ਤੋਰਦੀ ਪ੍ਰਤੀਤ ਹੁੰਦੀ ਹੈ, ਪਰ ਕੁਝ ਇਕ ਗੱਲਾਂ ਉਤੇ ਵਿਸ਼ੇਸ਼ ਬਲ ਦੇਣ ਕਰਕੇ ਗੁਰੂ ਅਮਰਦਾਸ ਦੀ ਕਾਵਿ-ਸ਼ਖ਼ਸੀਅਤ ਭਗਤੀ-ਕਾਲ ਦੇ ਸਭਨਾਂ ਗੁਰੂਆਂ ਅਤੇ ਭਗਤ-ਕਵੀਆਂ ਦੇ ਝੁਰਮਟ ਵਿੱਚ

---

1.ਆਦਿ-ਗ੍ਰੰਥ..........ਪੰਨਾ 509
2.ਆਦਿ-ਗ੍ਰੰਥ...........ਪੰਨਾ 509
3.ਆਦਿ-ਗ੍ਰੰਥ...........ਪੰਨਾ 920
4.ਆਦਿ-ਗ੍ਰੰਥ...........ਪੰਨਾ 948
5.ਆਦਿ-ਗ੍ਰੰਥ...........ਪੰਨਾ 909(909)
6.ਆਦਿ-ਗ੍ਰੰਥ............ਪੰਨਾ 37
7.ਆਦਿ-ਗ੍ਰੰਥ............ਪੰਨਾ 948
8.ਆਦਿ-ਗ੍ਰੰਥ...........ਪੰਨਾ 117

ਦੂਰੋਂ ਹੀ ਪਛਾਣੀ ਜਾ ਸਕਦੀ ਹੈ। ਸੋ ਉਨ੍ਹਾਂ ਦੇ ਜੀਵਨ-ਦਰਸ਼ਨ ਨੂੰ ਪੂਰੀ ਤਰ੍ਹਾਂ ਸਮਝਣ ਲਈ ਸੰਬੰਧਤ ਵਿਸ਼ੇਸ਼ ਗੱਲਾਂ ਬਾਰੇ ਭੀ ਵਿਚਾਰ ਕਰਨ ਦੀ ਲੋੜ ਹੈ।

ਪਿਛਲੇ ਲੇਖ ਰਾਹੀਂ ਗੁਰੂ ਅਮਰਦਾਸ ਰਚਿਤ "ਅਨੰਦ" ਦੀ ਸਿਧਾਂਤਕ-ਮਹਾਨਤਾ ਬਾਰੇ ਵਿਚਾਰ ਕਰਦਿਆਂ ਸਹਜ ਅਤੇ ਅਨੰਦ ਦਾ ਅੰਤ੍ਰੀਵ-ਭਾਵ ਖੋਲ੍ਹਣ ਦਾ ਜਤਨ ਕੀਤਾ ਗਿਆ ਸੀ। ਗੁਰੂ ਅਮਰਦਾਸ ਦੀ ਬਾਣੀ ਵਿੱਚ ਸਹਜ ਤੇ ਅਨੰਦ, ਦੋ ਸ਼ਬਦਾਂ ਉੱਤੇ ਇਤਨਾ ਬਲ ਦਿੱਤਾ ਗਿਆ ਹੈ, ਕਿ ਉਨ੍ਹਾਂ ਨੂੰ "ਸਹਜ-ਅਨੰਦ ਦਾ ਕਵੀ" ਭੀ ਆਖਿਆ ਜਾ ਸਕਦਾ ਹੈ। ਪਰ ਜਿਵੇਂ ਗੁਰੂ ਅਮਰਦਾਸ ਨੇ ਆਪ ਫ਼ਰਮਾਇਆ ਹੈ, ਅਨੰਦ ਦਾ ਅੰਤ੍ਰੀਵ-ਅਰਥ ਸਮਝਣਾ ਇਤਨਾ ਆਸਾਨ ਨਹੀਂ ਜਿਤਨਾ ਲੋਕ ਖਿਆਲ ਕਰਦੇ ਹਨ। ਗੁਰਦੇਵ ਲਿਖਦੇ ਹਨ:-

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ।
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ।
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ।
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ।
ਕਹੈ ਨਾਨਕੁ ਏਹੁ ਆਨੰਦੁ ਹੈ ਆਨੰਦੁ ਗੁਰ ਤੇ ਜਾਣਿਆ ।

(ਰਾਮਕਲੀ ਮ:3 ਅਨੰਦੁ)[1]

ਤੈਤ੍ਰੀਯ ਉਪਨਿਖਦ ਅਤੇ ਕਈ ਹੋਰ ਗ੍ਰੰਥਾਂ ਦੀ ਗੁਆਹੀ ਦੁਆਰਾ ਇਹ ਸਿੱਧ ਕੀਤਾ ਜਾ ਚੁੱਕਾ ਹੈ, ਕਿ "ਅਨੰਦ" ਬ੍ਰਹਮ ਦਾ ਵਾਚਕ ਹੈ। ਗੁਰੂ ਅਮਰਦਾਸ ਦੀ ਬਾਣੀ ਵਿੱਚ ਭੀ ਅਨੰਦ ਦੀ ਮਹਿਮਾ ਬ੍ਰਹਮ ਵਾਂਗ ਹੀ ਅਕੱਥ ਹੈ। ਇਸੇਤਰ੍ਹਾਂ ਅਨੰਦ ਦੀ ਪ੍ਰਾਪਤੀ ਸਹਜ-ਪ੍ਰਾਪਤੀ ਨਾਲ ਸੰਬੰਧਤ ਹੈ। ਸਹਜ-ਪ੍ਰਾਪਤੀ ਬਾਰੇ ਕਬੀਰ[2]ਨੇ ਗੁਰੂ ਅਮਰਦਾਸ ਤੋਂ ਬਹੁਤ ਸਮਾਂ ਪਹਿਲੇ ਆਖਿਆ ਸੀ, ਕਿ ਸਹਜ ਸਹਜ ਆਖਦੇ ਤਾਂ ਸਾਰੇ ਹਨ, ਪਰ ਸਹਜ ਨੂੰ ਪਹਿਚਾਣਦਾ ਕੋਈ ਕੋਈ ਹੈ। ਜਿਵੇਂ ਅਸਾਂ ਅਨੰਦ-ਬਾਣੀ ਨਾਲ ਸੰਬੰਧਤ ਲੇਖ ਰਾਹੀਂ ਸੰਕੇਤ ਕੀਤਾ ਸੀ, ਕਬੀਰ ਨੇ ਇਕ ਹੋਰ ਥਾਂ ਭੀ ਆਖਿਆ ਹੈ, ਕਿ:-

ਸਹਜ ਕੀ ਅਕਥ ਕਥਾ ਹੈ ਨਿਰਾਰੀ ।

(ਗਉੜੀ ਬੈਰਾਗਣਿ ਕਬੀਰ ਜੀ)[3]

ਸੋ ਕਬੀਰ ਅਤੇ ਗੁਰੂ ਅਮਰਦਾਸ ਦੀਆਂ ਉਪਰੋਕਤ ਚੇਤਾਵਣੀਆਂ ਦੇ ਹੁੰਦੇ ਹੋਇਆਂ ਜਦੋਂ ਸੰਤ ਸਿੰਘ ਸੇਖੋਂ[4] ਵਰਗਾ ਵਿਦਵਾਨ ਗੁਰੂ ਅਮਰਦਾਸ ਰਚਿਤ "ਅਨੰਦ" ਨੂੰ (ਇਕ ਪੁਰਾਣੀ ਰਵਾਇਤ ਅਨੁਸਾਰ, ਜਿਸਦਾ ਪਿਛਲੇ ਲੇਖ ਰਾਹੀਂ ਖੰਡਨ ਕੀਤਾ ਜਾ ਚੁੱਕਾ ਹੈ) ਇਕ ਬੱਚੇ ਦੇ ਜਨਮ ਨਾਲ ਸੰਬੰਧਤ ਕਰਕੇ, ਇਹ ਆਖਦਾ ਹੈ, ਕਿ"ਗੁਰੂ ਜੀ ਨੇ ਇਕ ਸੰਸਾਰਕ ਆਨੰਦ ਦੀ ਘੜੀ ਨੂੰ ਵੀ ਅਧਿਆਤਮਕ ਆਨੰਦ ਵਿਚ ਬਦਲ ਲਇਆ ਹੈ, ਜੋ ਸਿਖ ਦਾ ਪ੍ਰਧਾਨ ਕਰਮ ਹੈ", ਤਾਂ ਇਹੋ ਆਖਣਾ ਪੈਂਦਾ ਹੈ, ਕਿ ਵਿਦਵਾਨ ਲੇਖਕ ਨੇ ਅਨੰਦ ਦੇ ਰਹੱਸ

---

1.ਆਦਿ-ਗ੍ਰੰਥ............ਪੰਨਾ 917
~~2.ਆਦਿ-ਗ੍ਰੰਥ............ਪੰਨਾ~~
2.ਕਬੀਰ ਬਾਰੇ ਵੇਖੋ ਹਵਾਲਾ:ਹਜ਼ਾਰੀਪ੍ਰਸ਼ਾਦ ਦਿਵੇਦੀ ਦੀ ਪੁਸਤਕ "ਸਹਜ-ਸਾਧਨਾ"(2020ਬਿ:),ਪੰਨਾ 5
3.ਆਦਿ-ਗ੍ਰੰਥ............ਪੰਨਾ 333
4.ਸੰਤ ਸਿੰਘ ਸੇਖੋਂ....ਪੰਜਾਬੀ ਕਾਵ ਸ਼ਿਰੋਮਣੀ,1964, ਪੰਨੇ 144-45

ਨੂੰ ਨਹੀਂ ਸਮਝਿਆ। ਹੋਰ ਤਾਂ ਹੋਰ, ਵਿਦਵਾਨ ਲੇਖਕ[1] ਅਨੰਦ ਦੀ ਪੰਜਵੀਂ ਪਉੜੀ( ਜਿਸਦਾ ਸੰਬੰਧ ਆਤਮਕ-ਘ ਨਾਲ ਹੈ, ਜਿਸ ਵਿੱਚ ਸਹਜ-ਅਨੰਦ ਦੀ ਪ੍ਰਾਪਤੀ ਹੋਣ ਤੇ ਅਨਹਤ-ਸ਼ਬਦਾਂ ਦੀ ਧੁਨੀ ਸੁਣਾਈ ਦਿੰਦੀ ਹੈ) ਦਾ ਅਰਥ ਭੀ ਇਸੇ ਛੋਟੇ ਜਿਹੇ ਦਾਇਰੇ ਵਿੱਚ ਖਲੋ ਕੇ ਹੀ ਕਰਦਾ ਪ੍ਰਤੀਤ ਹੁੰਦਾ ਹੈ, ਕਿ "ਪੁਤਰ ਜਾਂ ਪੋਤਰੇ ਦਾ ਜਨਮ ਵਾਹਿਗੁਰੂ ਦੀ ਕਲਾ ਹੈ ਤੇ ਜਿਥੇ ਇਹ ਹੋਵੇ ਉਹ ਘਰ ਸਭਾਗਾ ਹੈ।" ਕਿਉਂਕਿ ਲੇਖਕ ਬਾਣੀ ਅਨੁਸਾਰ ਤੁਰਨ ਦੀ ਥਾਂ ਬਾਣੀ ਨੂੰ ਆਪਣੀ ਬੁੱਧੀ ਅਨੁਸਾਰ ਤੋਰਦਾ ਪ੍ਰਤੀਤ ਹੁੰਦਾ ਹੈ, ਸੋ ਉਸਦੇ ਕਥਨ ਵਿੱਚ ਸ੍ਵੈ-ਵਿਰੋਧ ਉਤਪੰਨ ਹੋ ਗਿਆ ਹੈ ਅਤੇ ਉਹ ਪੰਜਵੀਂ ਪਉੜੀ ਦਾ ਅਰਥ ਬੱਚੇ ਦੇ ਜਨਮ ਨਾਲ ਸੰਬੰਧਤ ਕਰਨ ਉਪਰੰਤ ਨਾਲ ਹੀ ਇਹ ਭੀ ਲਿਖਦਾ ਹੈ, ਕਿ "ਸਮਾਨੰਤਰ ਰੂਪ ਵਿਚ ਜਿਸ ਮਨ ਵਿਚ ਈਸ਼ਵਰ ਆ ਵਸਦਾ ਹੈ ਉਹ ਸਭਾਗਾ ਹੈ।" ਇਸੇਤਰ੍ਹਾਂ ਪੰਜਵੀਂ ਪਉੜੀ ਤੋਂ ਬਾਅਦ ਦੀਆਂ ਪਉੜੀਆਂ ਬਾਰੇ ਉਹ ਲਿਖਦਾ ਹੈ,"ਇਸਤੋਂ ਅੱਗੇ ਚਲ ਕੇ ਸੰਸਾਰਕ ਖ਼ੁਸ਼ੀ ਨੂੰ ਛਡ ਕੇ ਕੇਵਲ ਅਧਿਆਤਮਕ-ਅਨੰਦ ਦੇ ਵਿਸ਼ੇ ਦਾ ਵਿਸਥਾਰ ਕੀਤਾ ਹੈ।" ਇਸਤੋਂ ਇਹ ਸਾਫ਼ ਪਰਗਟ ਹੈ, ਕਿ ਸੇਖੋਂ "ਸੰਸਾਰਕ-ਖ਼ੁਸ਼ੀ" ਦੇ ਨਾਲ ਨਾਲ "ਅਧਿਆਤਮਕ-ਅਨੰਦ" ਨੂੰ ਭੀ ਸਵੀਕਾਰ ਕਰਦਾ ਹੈ। ਫ਼ਰਕ ਕੇਵਲ ਇਤਨਾ ਹੈ, ਕਿ ਉਹ ਸੰਸਾਰਕ-ਖ਼ੁਸ਼ੀ ਨੂੰ ਅਧਿਆਤਮਕ-ਖ਼ੁਸ਼ੀ ਦਾ ਸੋਮਾ ਮੰਨਦਾ ਹੈ, ਪਰ ਅਸਲੀਅਤ ਇਹ ਹੈ, ਕਿ ਅਧਿਆਤਮਕ-ਖ਼ੁਸ਼ੀ ਜਾਂ ਸਹਜ-ਅਨੰਦ ਸੰਸਾਰਕ-ਖ਼ੁਸ਼ੀਆਂ ਤੋਂ ਬਹੁਤ ਉਚੇਰੀ ਅਵੱਸਥਾ ਹੈ ਅਤੇ ਗੁਰੂ ਅਮਰਦਾਸ ਨੇ ਰਾਮਕਲੀ-ਅਨੰਦ ਦੁਆਰਾ ਆਰੰਭ ਤੋਂ ਅਖੀਰ ਤਕ ਇਸੇ ਅਧਿਆਤਮਕ-ਖ਼ੁਸ਼ੀ ਜਾਂ ਸਹਜ-ਅਨੰਦ ਨੂੰ ਹੀ ਆਪਣੇ ਵਿਚਾਰਾਂ ਦਾ ਕੇਂਦਰ ਬਣਾਇਆ ਹੈ। ਇਹ ਇਕ ਭੇਤ ਹੈ, ਜਿਸਨੂੰ ਸਨਮੁਖ ਰੱਖ ਕੇ ਹੀ "ਅਨੰਦ" ਦੇ ਫ਼ਲਸਫ਼ੇ ਅਤੇ ਗੁਰੂ ਅਮਰਦਾਸ ਦੀ ਸ਼ਖ਼ਸੀਅਤ ਨਾਲ ਇਨਸਾਫ਼ ਕੀਤਾ ਜਾ ਸਕਦਾ ਹੈ।

ਅਨੰਦ ਦੀ ਪ੍ਰਾਪਤੀ ਲਈ ਗੁਰੂ ਅਮਰਦਾਸ ਨੇ ਕਿਤੇ ਭੀ ਕਿਸੇ ਬੱਚੇ ਦੇ ਜਨਮ ਜਾਂ ਕਿਸੇ ਹੋਰ ਦੁਨਿਆਵੀ-ਪਦਾਰਥ ਨੂੰ ਸਾਧਨ ਨਹੀਂ ਮੰਨਿਆ, ਸਗੋਂ ਜਿਹੜੀਆਂ ਤੁਕਾਂ ਪਿਛਲੇ ਪੰਨੇ ਉਤੇ ਦੁਹਰਾਈਆਂ ਗਈਆਂ ਹਨ, ਉਨ੍ਹਾਂ ਰਾਹੀਂ ਗੁਰੂ ਅਮਰਦਾਸ ਨੇ "ਅੰਦਰਹੁ ਜਿਨ ਕਾ ਮੋਹੁ ਤੁਟਾ" ਵਲ ਹੀ ਇਸ਼ਾਰਾ ਕੀਤਾ ਹੈ, ਜਾਂਫਿਰ ਗੁਰੂ ਦੀ ਕਿਰਪਾ ਦੁਆਰਾ "ਕਿਲਵਿਖ" ਕੱਟਣ ਅਤੇ ਗਿਆਨ-ਅੰਜਨ( ਗਿਆਨ ਦਾ ਸੁਰਮਾ) ਦੀ ਪ੍ਰਾਪਤੀ ਵਲ ਸੰਕੇਤ ਹੈ। ਜੇਕਰ ਰਾਮਕਲੀ-ਅਨੰਦ ਤੋਂ ਬਾਹਰ ਕਈ ਹੋਰ ਰਾਗਾਂ ਵਿੱਚੋਂ ਭੀ ਗੁਰੂ ਅਮਰਦਾਸ ਦੀ ਬਾਣੀ ਦਾ ਅਧਿਅਨ ਕੀਤਾ ਜਾਵੇ, ਤਾਂ ਉਥੇ ਭੀ ਅਨੰਦ-ਪ੍ਰਾਪਤੀ ਲਈ ਤ੍ਰਿਸ਼ਨਾ, ਦੁਬਿਧਾ, ਭਰਮ, ਭਉ ਅਤੇ ਚਿੰਤਾ ਆਦਿਕ ਦਾ ਨਾਸ਼ ਜ਼ਰੂਰੀ ਮੰਨਿਆ ਗਿਆ ਪ੍ਰਤੀਤ ਹੁੰਦਾ ਹੈ, ਜਿਵੇਂ:-

(ੳ) ਤ੍ਰਿਸਨਾ ਤਜਿ ਸਹਜ ਸੁਖ ਪਾਇਆ । ......(ਮਾਝ ਮ:3)[2]

(ਅ) ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ ।

(ਗਉੜੀ ਬੈਰਾਗਣਿ ਮ:3)[3]

(ੲ) ਭਰਮੁ ਚੁਕਾਇਆ ਸਦਾ ਸੁਖ ਪਾਇਆ ।.......(ਮਾਝ ਮ:3)[4]

1.ਸੰਤ ਸਿੰਘ ਸੇਖੋਂ— ਪੰਜਾਬੀ ਕਾਵ ਸ਼ਿਰੋਮਣੀ—1964, ਪੰਨਾ 145
2.ਆਦਿ-ਗ੍ਰੰਥ............ਪੰਨਾ 111
3.ਆਦਿ-ਗ੍ਰੰਥ............ਪੰਨਾ 163
4.ਆਦਿ-ਗ੍ਰੰਥ...........ਪੰਨਾ 114

(ਸ) ਨਾਨਕ ਸਹਜੈ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ ।
(ਵਾਰ ਬਿਲਾਵਲ ਮ:4 ਸ਼ਲੋਕ ਮ:3)[1]

(ਹ) ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ ।
ਗੁਰਪ੍ਰਸਾਦੀ ਬੁਝੀਐ ਸਾਧਨ ਸੁਤੀ ਨਿਚਿੰਦੁ ।
(ਸ਼ਲੋਕ ਵਾਰਾਂ ਤੋਂ ਵਧੀਕ)[2]

ਤੈਤ੍ਰੀਯ ਉਪਨਿਖਦ[3]ਦੇ ਦੂਜੇ ਭਾਗ(ਬ੍ਰਹਮਾਨੰਦ-ਵੱਲੀ) ਵਿੱਚ ਭੀ ਅਨੰਦਮਈ-ਅਵੱਸਥਾ ਨੂੰ ਨਿਰਭਉ ਜਾਂ ਚਿੰਤ-ਰਹਿਤ ਅਵੱਸਥਾ ਮੰਨਿਆ ਗਿਆ ਹੈ। ਸੋ ਗੁਰੂ ਅਮਰਦਾਸ ਦੀ ਬਾਣੀ ਵਿੱਚ ਅਨੰਦ ਦੀ ਪ੍ਰਾਪਤੀ ਸਮੇਂ "~~xxxx~~ "ਭ੍ਰਮ ਭਉ ਭਾਗੈ" ਅਤੇ "ਚਿੰਤਾ ਧਾਵਤ ਰਹਿ ਗਏ" ਆਦਿਕ ਸੰਕੇਤ ਜਿੱਥੇ ਉਨ੍ਹਾਂ ਦੇ ਨਿੱਜੀ-ਅਨੁਭਵ ਨੂੰ ਸੌਖੇ ਤੋਂ ਸੌਖੇ ਸ਼ਬਦਾਂ ਰਾਹੀਂ ਮੂਰਤੀਮਾਨ ਕਰਦੇ ਹਨ, ਉੱਥੇ ਇਨ੍ਹਾਂ ਵਿਚਾਰਾਂ ਦੀ ਪੁਸ਼ਟੀ ਉਪਨਿਖਦਾਂ ਵਿੱਚ ਕਲਪਿਤ ਅਨੰਦ ਦੇ ਸਿਧਾਂਤ ਦੁਆਰਾ ਭੀ ਹੋ ਜਾਂਦੀ ਹੈ। ਸੰਬੰਧਤ ਉਪਨਿਖਦ ਦੇ ਤੀਜੇ ਭਾਗ(ਭ੍ਰਿਗੂ-ਵੱਲੀ)[4]ਵਿੱਚ ਦੱਸਿਆ ਗਿਆ ਹੈ, ਕਿ ਅਨੰਦਮਈ-ਅਵੱਸਥਾ ਭੌਤਿਕ-ਤੱਤ ਅਤੇ ਬੁੱਧੀ-ਤੱਤ ਦੋਹਾਂ ਤੋਂ ਉਚੇਰੀ ਅਰਥਾਤ ਅਧਿਆਤਮਕ-ਤੱਤ ਨੂੰ ਪ੍ਰਾਪਤ ਕਰਨ ਦੀ ਅਵੱਸਥਾ ਹੈ। ਇਸਲਈ ਅਧਿਆਤਮਕ-ਅਨੰਦ ਦੀ ਤ੍ਰੈਗੁਣ-ਅਤੀਤ-ਅਵੱਸਥਾ ਨੂੰ ਕਿਸੇ ਸੰਸਾਰਕ-ਪਦਾਰਥ ਦੀ ਛਿਨ-ਭੰਗਰੀ ਖ਼ੁਸ਼ੀ ਦਾ ਨਾਮ ਦੇਣਾ ਅਜਿਹੀ ਗ਼ਲਤੀ ਹੈ, ਜਿਸ ਵਲ ਲਿਨ ਯੁਤਾਂਗ[5]ਨੇ ਇਕ ਥਾਂ "ਨਿਰਵਾਨ" ਬਾਰੇ ਲੋਕਾਂ ਵਿੱਚ ਪਏ ਭੁਲੇਖਿਆਂ ਦਾ ਜ਼ਿਕਰ ਕਰਦੇ ਹੋਇਆਂ ਸੰਕੇਤ ਕੀਤਾ ਹੈ।

ਨਿਰਵਾਨ ਜਿਤਨਾ ਹੀ ਮਹਾਨ ਭਾਵ ਸਹਜ-ਅਵੱਸਥਾ ਦਾ ਹੈ, ਜੋ ਗੁਰੂ ਅਮਰਦਾਸ ਦੁਆਰਾ ਕਥਿਤ ਅਨੰਦਮਈ-ਅਵੱਸਥਾ ਦਾ ਹੀ ਦੂਸਰਾ ਨਾਮ ਹੈ। "ਅਨੰਦ ਦੀ ਸਿਧਾਂਤਿਕ-ਵਿਆਖਿਆ" ਕਰਨ ਸਮੇਂ ਪਿਛਲੇ ਲੇਖ ਰਾਹੀਂ ਇਹ ਸਪਸ਼ਟ ਕੀਤਾ ਜਾ ਚੁੱਕਾ ਹੈ, ਕਿ ਗੁਰੂ ਅਮਰਦਾਸ ਨੇ ਸੁਖ ਜਾਂ ਅਨੰਦ ਨੂੰ ਅਨੇਕ ਥਾਈਂ ਸਹਜ ਸ਼ਬਦ ਨਾਲ ਜੋੜ ਕੇ "ਸਹਜ-ਸੁਖ", "ਸਹਜ-ਅਨੰਦ" ਆਦਿਕ ਦੇ ਰੂਪ ਵਿੱਚ ਵਰਤਿਆ ਹੈ( ਵੇਖੋ ਇਸੇ ਸ਼ੋਧ-ਪ੍ਰਬੰਧ ਦੇ ਪੰਨੇ 287 ਅਤੇ 288)। ਪਰਸ਼ੁਰਾਮ ਚਤੁਰਵੇਦੀ[6]ਅਤੇ ਧਰਮਵੀਰ ਭਾਰਤੀ[7]ਨੇ ਭੀ ਸਹਜ ਨੂੰ ਸਿੱਧਾਂ ਅਤੇ ਨਾਥ-ਪੰਥੀਆਂ ਅਤੇ ਕਈ ਭਗਤਾਂ ਦੀ ਬਾਣੀ ਵਿੱਚ ਭੀ ਨਿਰਵਾਨ, ਪਰਮ-ਤੱਤ, ਸ਼ੂਨਯ, ਮਹਾਂ-ਸੁਖ ਅਤੇ ਪਰਮਪਦ ਆਦਿਕ ਦੇ ਵਿਸ਼ਾਲ-ਅਰਥਾਂ ਵਿੱਚ ਪ੍ਰਯੋਗ ਹੋਇਆ ਮੰਨਿਆ ਹੈ। ਸੋ ਗੁਰੂ ਅਮਰਦਾਸ ਦੀ ਬਾਣੀ ਵਿੱਚ ਸਹਜ ਅਤੇ ਅਨੰਦ ਅਰਥਾਤ ਸਹਜ-ਅਨੰਦ ਆਦਿਕ ਦਾ ਪ੍ਰਯੋਗ ਵੇਖ ਕੇ ਸ਼ਬਦਾਂ ਦੇ ਸਧਾਰਨ-ਅਰਥ ਕਰਨ ਦੀ ਥਾਂ ਉਨ੍ਹਾਂ ਦੀ ਅੰਤ੍ਰੀਵ-ਆਤਮਾ ਤਕ ਪਹੁੰਚਣਾ ਚਾਹੀਦਾ ਹੈ।

ਲਿਨ ਯੁਤਾਂਗ[8]ਨੇ ਇਹ ਸੰਕੇਤ ਕੀਤਾ ਹੈ, ਕਿ ਨਿਰਵਾਨ ਦੇ ਅੰਤ੍ਰੀਵ-ਅਰਥਾਂ ਨੂੰ ਬਹੁਤਿਆਂ ਨੇ

---

1. ਆਦਿ-ਗ੍ਰੰਥ..............ਪੰਨਾ 851
2. ਆਦਿ-ਗ੍ਰੰਥ..............ਪੰਨਾ 1415
3.
3. Dr.S.Radhakrishnan- The Principal Upanisads, 1953, P.548-49.
4. Ibid...........P.559
5. Lin Yutang- The Wisdom of India, London, 1949, P.514-516.
6. ਪਰਸ਼ੁਰਾਮ ਚਤੁਰਵੇਦੀ-ਸਹਜਿਯਾ-ਸੰਪ੍ਰਦਾਇ ਬਾਰੇ ਨੋਟ( ਹਿੰਦੀ ਸਾਹਿਤਯ-ਕੋਸ਼, 2015ਬਿ:), ਪੰਨਾ 826 ਅਤੇ ਉੱਤਰੀ-ਭਾਰਤ ਕੀ ਸੰਤ-ਪਰੰਪਰਾ( ਪ੍ਰਥਮ ਸੰਸਕਰਣ), ਪੰਨਾ 92
7. ਧਰਮਵੀਰ ਭਾਰਤੀ- ਸਹਜ ਬਾਰੇ ਨੋਟ( ਹਿੰਦੀ ਸਾਹਿਤਯ-ਕੋਸ਼, ਪੰਨਾ 825)।
8. ਲਿਨ ਯੁਤਾਂਗ- ......ਪੂਨਾ..........ਪੰਨਾ 516

ਨਹੀਂ ਸਮਝਿਆ। ਉਸਨੇ ਬੋਧੀ-ਲਿਖਤਾਂ ਦੇ ਆਧਾਰ ਤੇ ਨਿਰਵਾਨ ਦੀ ਖੋਜ ਕਰਨ ਵਾਲੇ ਚਾਰ ਪਰਕਾਰ ਦੇ ਸਾਧਕ ਮੰਨੇ ਹਨ। ਉਨ੍ਹਾਂ ਵਿੱਚੋਂ ਇਕ ਪਰਕਾਰ ਦੇ ਸਾਧਕ ਉਹ ਹਨ, ਜੋ ਦਿਸਦੇ-ਜੀਵਨ ਦੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਨਿਰਵਾਨ ਨੂੰ ਇਕ ਉਹਲਾ ਸਮਝਦੇ ਹਨ। ਅਜਿਹੇ ਖੋਜੀਆਂ ਦਾ ਵਿਸ਼ਵਾਸ਼ ਹੈ, ਕਿ ਭਵਿਖਤ ਵਿੱਚ ਗਿਆਨ-ਇੰਦ੍ਰੀਆਂ ਅਤੇ ਕਰਮ-ਇੰਦ੍ਰੀਆਂ ਦਾ ਨਾਸ਼ ਹੋਣ ਤੇ ਉਹ ਸੰਸਾਰ ਦੇ ਦੁੱਖਾਂ ਨੂੰ ਮਹਿਸੂਸ ਕਰਨ ਤੋਂ ਬਚ ਜਾਣਗੇ। ਜਿਵੇਂ ਲਿਨ ਯੁਤਾਂਗ ਨੇ ਆਲੋਚਨਾ ਕੀਤੀ ਹੈ, ਅਜਿਹੇ ਪੁਰਸ਼ ਅਗਿਆਨੀ ਹਨ, ਕਿਉਂਕਿ ਉਹ ਨਹੀਂ ਜਾਣਦੇ, ਕਿ ਨਿਰਵਾਨ ਅਤੇ ਵਿਸ਼ਵ-ਮਨ ਇਕ ਦੂਜੇ ਨਾਲ ਇਕਮਿਕ ਹਨ। ਇੰਜ ਜਾਪਦਾ ਹੈ, ਕਿ ਨਿਰਵਾਨ ਦੇ ਰਹੱਸ ਵਾਂਗ ਹੀ ਸਹਜ ਤੇ ਅਨੰਦ ਬਾਰੇ ਭੀ ਬਹੁਤੇ ਲੋਕਾਂ ਨੂੰ ਕੁਝ ਟਪਲਾ ਲੱਗਾ ਹੈ, ਕਿ ਸਹਜ ਜਾਂ ਅਨੰਦ ਦੀ ਪ੍ਰਾਪਤੀ ਦੁਨੀਆਂ ਦੇ ਕਾਰ-ਵਿਹਾਰ ਕਰਦਿਆਂ ਨਹੀਂ ਕੀਤੀ ਜਾ ਸਕਦੀ। ਇਹੋ ਜਿਹਾ ਟਪਲਾ ਹੀ ਸੰਤ ਸਿੰਘ ਸੇਖੋਂ[1] ਨੂੰ ਲੱਗਾ ਜਾਪਦਾ ਹੈ, ਜਦੋਂ ਉਹ ਕਾਹਲੀ ਵਿੱਚ ਗੁਰੂ ਅਮਰਦਾਸ ਦੇ ਵਿਚਾਰ-ਫ਼ਲਸਫ਼ੇ ਨੂੰ "ਤਿਆਗ ਦਾ ਫ਼ਲਸਫ਼ਾ" ਆਖ ਜਾਂਦਾ ਹੈ। ਗੁਰੂ ਅਮਰਦਾਸ ਦੀ ਬਾਣੀ ਬਾਰੇ ਸੰਤ ਸਿੰਘ ਸੇਖੋਂ[1] ਆਲੋਚਨ ਕਰਦਾ ਹੈ, ਕਿ "ਜੇ ਇਸ ਬਾਣੀ ਦੇ ਸ਼ਾਬਦਿਕ ਅਰਥਾਂ ਉਤੇ ਹੀ ਸੰਤੋਖ ਕੀਤਾ ਜਾਵੇ, ਤਾਂ ਸਿਧ ਹੈ ਕਿ ਇਸਦਾ ਪ੍ਰਚਾਰ ਸਾਰਾ ਤਿਆਗ ਦਾ ਪ੍ਰਚਾਰ ਹੈ। ਮਨੁਖ ਨੂੰ ਹੋਰ ਸਭ ਕੁਝ, ਸਭ ਲੋਕ, ਕੁਟੰਬ, ਮਾਇਆ, ਮੋਹ, ਆਦਿਕ ਤਿਆਗ ਕੇ ਹਰੀ ਦੇ ਨਮਿਤ ਜੀਵਨ ਬਤੀਤ ਕਰਨਾ ਯੋਗ ਹੈ। ਤੇ ਇਸ ਮੰਤਵ ਲਈ ਗੁਰੂ ਹੀ ਇਕ ਸਾਧਨ ਹੈ। ਮਨੁਖ ਨੂੰ ਆਪਣਾ ਸਭ ਕੁਝ ਗੁਰੂ ਨੂੰ ਸੌਂਪ ਦੇਣਾ ਚਾਹੀਦਾ ਹੈ।" ਪਰ ਜੇਕਰ ਗੁਰੂ ਅਮਰਦਾਸ ਦੀ ਬਾਣੀ ਦੀ ਰੌਸ਼ਨੀ ਵਿੱਚ ਸੰਤ ਸਿੰਘ ਸੇਖੋਂ ਦੇ ਕਥਨ ਨੂੰ ਵਾਚੀਏ, ਤਾਂ ਸਚਾਈ ਇਸਦੇ ਉਲਟ ਸਿੱਧ ਹੁੰਦੀ ਹੈ। ਗੁਰੂ ਅਮਰਦਾਸ ਦਾ ਵਿਚਾਰ-ਫ਼ਲਸਫ਼ਾ ਸੰਸਾਰ ਨੂੰ ਤਿਆਗਣ ਦਾ ਨਹੀਂ, ਸਗੋਂ ਉਹ ਤਾਂ ਸੰਸਾਰ ਨੂੰ ਹਰੀ ਦਾ ਰੂਪ ਮੰਨਦੇ ਹੋਏ ਜਗਤ ਦੀ ਖੇਡ ਨੂੰ ਇਕ ਵਚਿੱਤ੍ਰ-ਖੇਡ ਆਖ ਕੇ ਸਗੋਂ ਖ਼ੁਸ਼ ਹੁੰਦੇ ਹਨ, ਜਿਵੇਂ:-

(ੳ) ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ।
(ਰਾਮਕਲੀ ਮ:3 ਅਨੰਦੁ)[2]

(ਅ) ਹਰਿਮੰਦਰੁ ਏਹ ਜਗਤੁ ਹੈ..................(ਪ੍ਰਭਾਤੀ ਮ:3)[3]

(ੲ) ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ।
ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ।
(ਰਾਮਕਲੀ ਮ:3 ਅਨੰਦੁ)[4]

(ਸ) ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ।
ਸਤਗੁਰ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ।
(ਸਿਰੀ ਰਾਗੁ ਮ:3)[5]

ਸੰਸਾਰ ਦੇ ਕਾਰ-ਵਿਹਾਰ ਨੂੰ ਛੱਡ ਕੇ ਬਨਬਾਸੀ ਬਣਨ ਦਾ ਉਪਦੇਸ਼ ਗੁਰੂ ਅਮਰਦਾਸ ਨੇ ਕਿਤੇ ਨਹੀਂ ਦਿੱਤਾ, ਸਗੋਂ ਉਹ ਤਾਂ ਇਹੋ ਜਿਹੇ ਬਨਬਾਸੀਆਂ ਜਾਂ ਨਾਮ-ਧਰੀਕ ਸੰਨਿਆਸੀਆਂ ਤੇ ਤਿਆਗੀਆਂ ਉੱਤੇ ਕਰੜੀ ਆਲੋਚਨਾ

---

1. ਸੰਤ ਸਿੰਘ ਸੇਖੋਂ- ਪੰਜਾਬੀ ਕਾਵ ਸ਼ਿਰੋਮਣੀ, 1964, ਪੰਨਾ 159
2. ਆਦਿ-ਗ੍ਰੰਥ.........ਪੰਨਾ 922
3. ਆਦਿ-ਗ੍ਰੰਥ.........ਪੰਨਾ 1346
4. ਆਦਿ-ਗ੍ਰੰਥ.........ਪੰਨਾ 918
5. ਆਦਿ-ਗ੍ਰੰਥ.........ਪੰਨਾ 32

ਕਰਦੇ ਪ੍ਰਤੀਤ ਹੁੰਦੇ ਹਨ। ਗੁਰੂ ਅਮਰਦਾਸ ਦੀ ਬਾਣੀ ਵਿੱਚ ਸਿੱਧਾਂ, ਜੋਗੀਆਂ ਅਤੇ ਕਰਮ-ਕਾਂਡੀਆਂ ਦੇ ਭੇਖਾਂ ਬਾਰੇ ਅਨੇਕਾਂ ਤੁਕਾਂ ਹਨ, ਜੋ ਬਾਰ ਬਾਰ ਇਹ ਵਿਚਾਰ ਪੱਕਾ ਕਰਦੀਆਂ ਹਨ, ਕਿ ਘਰ-ਬਾਰ ਛੱਡ ਕੇ ਤੀਰਥਾਂ ਉੱਤੇ ਭ੍ਰਮਣ ਜਾਂ ਬਾਹਰਮੁਖੀ ਭੇਖਾਂ ਤੇ ਅਡੰਬਰਾਂ ਨਾਲ ਪਰਮਪਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰਦੇਵ ਫੁਰਮਾਉਂਦੇ ਹਨ:-

(ੳ) ਮਨ ਕਾ ਝੂਠਾ ਝੂਠ ਕਮਾਵੈ। ਮਾਇਆ ਨੋ ਫਿਰੈ ਤਪਾ ਸਦਾਵੈ।
ਭਰਮੇ ਭੂਲਾ ਸਭਿ ਤੀਰਥ ਗਹੈ। ਓਹੁ ਤਪਾ ਕੈਸੇ ਪਰਮਗਤਿ ਲਹੈ।
(ਰਾਮਕਲੀ ਕੀ ਵਾਰ ਮ:3)[1]

(ਅ) ਇਕਿ ਭਸਮ ਲਗਾਇ ਫਿਰਹਿ ਭੇਖਧਾਰੀ ।
ਬਿਨੁ ਸਬਦੇ ਹਉਮੈ ਕਿਨਿ ਮਾਰੀ ।
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਭਰਮਿ ਭੇਖਿ ਭਰਮਾਈਐ ਹੇ ।
(ਮਾਰੂ ਮ:3)[2]

(ੲ) ਬਸਤ੍ਰ ਉਤਾਰਿ ਦਿਗੰਬਰੁ ਹੋਗੁ । ਜਟਾਧਾਰਿ ਕਿਆ ਕਮਾਵੈ ਜੋਗੁ ।
ਮਨੁ ਨਿਰਮਲੁ ਨਹੀ ਦਸਵੈ ਦੁਆਰ। ਭ੍ਰਮਿ ਭ੍ਰਮਿ ਆਵੈ ਵਾਰੋ ਵਾਰ ।
(ਬਸੰਤ ਮ:3)[3]

(ਸ) ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ।
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ।
(ਸਲੋਕ ਵਾਰਾਂ ਤੋਂ ਵਧੀਕ)[4]

(ਹ) ਪੜਿ ਪੜਿ ਪੰਡਿਤ ਮੋਨੀ ਥਾਕੇ ਦੇਸੰਤਰ ਭਵਿ ਥਕੇ ਭੇਖਧਾਰੀ ।
ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ।
(ਵਾਰ ਸਾਰੰਗ ਮ:4 ਸਲੋਕ ਮ:3)[5]

(ਕ) ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ।
(ਸਿਰੀ ਰਾਗੁ ਮ:3)[6]

(ਖ) ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ।
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ।...(ਵਡਹੰਸ ਮ:3)[7]

(ਗ) ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ।
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ।
ਭੇਖਧਾਰੀ ਭੇਖ ਕਰਿ ਥਕੇ ਅਠਸਠਿ ਤੀਰਥ ਨਾਇ ।
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ।
(ਵਾਰ ਸੋਰਠ ਮ:4 ਸਲੋਕ ਮ:3)[8]

(ਘ) ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ ।
ਵਰਮੀ ਮਾਰੀ ਸਾਪੁ ਨਾ ਮਰੈ ਤਿਉ ਨਿਗੁਰੇ ਕਰਮ ਕਮਾਹਿ ।
(ਵਾਰ ਵਡਹੰਸ ਮ:4 ਸਲੋਕ ਮ:3)[9]

ਸੋ ਗੁਰਮਤਿ ਵਿੱਚ ਤਿਆਗ ਘਰ-ਬਾਰ ਦਾ ਨਹੀਂ, ਸਗੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ

1.ਆਦਿ-ਗ੍ਰੰਥ..........ਪੰਨਾ 948
2.ਆਦਿ-ਗ੍ਰੰਥ..........ਪੰਨਾ 1046 (1046)
3.ਆਦਿ-ਗ੍ਰੰਥ..........ਪੰਨਾ 1169
4.ਆਦਿ-ਗ੍ਰੰਥ..........ਪੰਨਾ 1420-21
5.ਆਦਿ-ਗ੍ਰੰਥ..........ਪੰਨਾ 1245
6.ਆਦਿ-ਗ੍ਰੰਥ............ਪੰਨਾ 67
7.ਆਦਿ-ਗ੍ਰੰਥ............ਪੰਨਾ 558
8.ਆਦਿ-ਗ੍ਰੰਥ............ਪੰਨਾ 644
9.ਆਦਿ-ਗ੍ਰੰਥ............ਪੰਨਾ 588

ਆਦਿਕ ਵਿਕਾਰਾਂ ਦਾ ਹੈ, ਜੋ ਸਹਜ-ਅਨੰਦ ਦੀ ਪ੍ਰਾਪਤੀ ਦੇ ਰਾਹ ਵਿੱਚ ਰੁਕਾਵਟ ਪਾਉਂਦੇ ਹਨ। ਗੁਰੂ ਅਰਜਨ ਦੇਵ ਨੇ ਠੀਕ ਹੀ ਆਖਿਆ ਹੈ:-

ਤਿਆਗਨਾ ਗਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ।

(ਮਾਰੂ ਮ:5 ਘਰੁ 4 ਅਸਟਪਦੀਆ)[1]

ਇਸੇਤਰ੍ਹਾਂ ਗੁਰੂ ਅਮਰਦਾਸ ਦੀ ਬਾਣੀ ਦੁਆਰਾ ਤ੍ਰਿਸ਼ਨਾ, ਦੁਬਿਧਾ, ਭਰਮ, ਭਉ ਅਤੇ ਚਿੰਤਾ ਆਦਿਕ ਦੇ ਤਿਆਗ ਬਾਰੇ ਉੱਪਰ ਸੰਕੇਤ ਕੀਤਾ ਜਾ ਚੁੱਕਾ ਹੈ। ਜਿੱਥੋਂ ਤਕ ਕਟੁੰਬ , ਪਰਵਾਰ, ਸਮਾਜ ਅਤੇ ਕਾਰ-ਵਿਹਾਰ ਦਾ ਸੰਬੰਧ ਹੈ, ਗੁਰੂ ਅਮਰਦਾਸ ਨੇ ਇਨ੍ਹਾਂ ਦੇ ਤਿਆਗ ਦਾ ਉਪਦੇਸ਼ ਕਿਤੇ ਨਹੀਂ ਦਿੱਤਾ। ਇਤਨਾ ਜ਼ਰੂਰ ਆਖਿਆ ਹੈ, ਕਿ ਇਨ੍ਹਾਂ ਦੇ ਮੋਹ ਵਿੱਚ ਪ੍ਰਚਤ ਹੋ ਕੇ ਮਨੁੱਖ ਨੂੰ ਰੱਬ ਜੇਡਾ ਆਦਰਸ਼ ਨਹੀਂ ਭੁਲਾਉਣਾ ਚਾਹੀਦਾ। ਦੇਸ਼ ਤੇ ਪ੍ਰਦੇਸ਼ ਵਿੱਚ ਇਹੋ ਜਿਹੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ, ਜਦੋਂ ਕਟੁੰਬ ਦੇ ਮੋਹ ਵਿੱਚ ਫਸ ਕੇ ਰਾਜਸੀ-ਆਗੂਆਂ ਨੇ ਦੇਸ਼ ਨੂੰ ਲੁੱਟਿਆ ਹੈ। ਇਸੇਤਰ੍ਹਾਂ ਅੰਨ੍ਹੀ-ਦੇਸ਼ਭਗਤੀ ਭੀ ਦੂਸਰੇ ਮੁਲਕਾਂ ਨੂੰ ਗੈਰ ਸਮਝ ਕੇ ਉਨ੍ਹਾਂ ਉੱਤੇ ਜ਼ੁਲਮ ਢਾਹੁੰਦੀ ਹੈ। ਵਿਅਕਤੀ ਦਾ ਸੁਆਰਥ, ਧੜੇ ਦੀ ਖ਼ੁਦਗ਼ਰਜ਼ੀ ਬਣਦਾ ਹੈ ਅਤੇ ਧੜੇਬੰਦੀ ਜਾਂ ਪਾਰਟੀ ਦੀ ਹਕੂਮਤ ਮੁਲਕਾਂ ਤੇ ਕੌਮਾਂ ਵਿੱਚ ਵੰਡੀਆਂ ਪਾਉਂਦੀ ਹੈ। ਇਹ ਵਾਦ-ਵਿਵਾਦ ਅਤੇ ਤਰਕ-ਵਿਤਰਕਾਂ ਰਾਜਸੀ-ਆਗੂਆਂ, ਨੀਤੀਵਾਨਾਂ ਅਤੇ ਤਰਕਵਾਦੀਆਂ ਦੇ ਸੁਆਰਥੀ-ਦ੍ਰਿਸ਼ਟੀਕੋਨ ਦਾ ਨੰਗੇਜ ਢੱਕਣ ਲਈ ਰੰਗ-ਬਰੰਗੇ ਪਰਦਿਆਂ ਤੋਂ ਵੱਧ ਹੈਸੀਅਤ ਨਹੀਂ ਰੱਖਦੀਆਂ । ਪਰ ਗੁਰੂ ਅਮਰਦਾਸ ਵਰਗਾ ਰਹੱਸਵਾਦੀ-ਕਵੀ ਧੜੇਬੰਦੀ ਤੋਂ ਮੁਕਤ ਹੁੰਦਾ ਹੈ। ਸੋ ਗੁਰਦੇਵ ਕੂੜ ਦੇ ਮੁਲੰਮੇ ਤੇ ਝੂਠ-ਫ਼ਰੇਬ ਦੇ ਰੰਗ-ਬਰੰਗੇ ਪਰਦਿਆਂ ਨੂੰ ਚੀਰ ਕੇ ਮਨੁੱਖਤਾ ਨੂੰ ਖ਼ਬਰਦਾਰ ਕਰਦੇ ਹਨ, ਕਿ ਝੂਠ ਦੀ ਦੁਕਾਨਦਾਰੀ ਸਦਾ ਨਹੀਂ ਚੱਲਦੀ ਰਹਿਣੀ:-

(ੳ) ਕੂੜ ਠਗੀ ਗੁਝੀ ਨ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ ।

(ਵਾਰ ਗਉੜੀ ਮ:4 ਸ਼ਲੋਕ ਮ:3)[2]

(ਅ) ਹਰਿਮੰਦਰ ਏਹ ਜਗਤੁ ਹੈ ਗੁਰ ਬਿਨ ਘੋਰੰਧਾਰ ।

(ਪ੍ਰਭਾਤੀ ਮ:3)[3]

(ੲ) ਹਰਿਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ।

(ਪ੍ਰਭਾਤੀ ਮ:3)[3]

ਰੰਗ-ਰੂਪ, ਅਸਲ, ਨਸਲ ਅਤੇ ਜਾਤ-ਪਾਤ ਦੇ ਭਰਮ ਭੀ ਤਾਂ ਪਰਦੇ ਹੀ ਹਨ, ਜੋ ਅੱਜ ਭੀ ਹਰ ਮੁਲਕ ਤੇ ਹਰ ਕੌਮ ਦੇ ਕ੍ਰੋੜਾਂ ਲੋਕਾਂ ਦੀਆਂ ਅੱਖਾਂ ਉਤੇ ਚੜ੍ਹੇ ਹੋਏ ਹਨ। ਜੇਕਰ ਗੁਰੂ ਅਮਰਦਾਸ ਦਾ ਆਦਰਸ਼ ਕੇਵਲ ਸ੍ਵੈ-ਮੁਕਤੀ ਹੁੰਦਾ, ਤਾਂ ਉਹ ਆਪਣੇ ਸਮਕਾਲੀ-ਸਮਾਜ ਦੀਆਂ ਬੁਰਾਈਆਂ ਨੂੰ ਨੰਗਿਆਂ ਕਰਕੇ ਲੋਕਾਂ ਨੂੰ ਸਿੱਧੇ-ਰਾਹ ਨਾ ਪਾਉਂਦੇ। ਉਨ੍ਹਾਂ ਜਦੋਂ ਮਨੁੱਖ ਅਤੇ ਮਨੁੱਖ ਦੇ ਵਿਚਕਾਰ ਜਾਤਿ-ਅਭਿਮਾਨ ਦਾ ਪਰਦਾ ਲਟਕਦਾ ਵੇਖਿਆ, ਤਾਂ ਉਹ ਮਨੁੱਖ ਦੀ ਮਨੁੱਖ ਦੇ ਹੱਥੋਂ ਨਿਰਾਦਰੀ ਨੂੰ ਸਹਿਣ ਨਾ ਕਰ ਸਕੇ

1. ਆਦਿ-ਗ੍ਰੰਥ................ਪੰਨਾ 1018
2. ਆਦਿ-ਗ੍ਰੰਥ................ਪੰਨਾ 311
3. ਆਦਿ-ਗ੍ਰੰਥ................ਪੰਨਾ 1346

ਅਤੇ ਆਖਿਆ, ਸਭ ਜੀਵ ਇੱਕੋ ਪ੍ਰਮਾਤਮਾ ਨੇ ਪੈਦਾ ਕੀਤੇ ਹਨ ਅਤੇ ਇਸਲਈ ਜਾਤਿ ਅਤੇ ਜਨਮ ਕਰਕੇ ਕੋਈ ਉੱਚਾ ਜਾਂ ਨੀਵਾਂ ਨਹੀਂ:-

(ੳ) ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ।
ਮੰਦਾ ਕਿਸਨੋ ਆਖੀਐ ਸਬਦਿ ਵੇਖਹੁ ਲਿਵ ਲਾਇ ।
(ਸੂਹੀ ਮ:3)[1]

(ਅ) ਚਾਰੇ ਵਰਨ ਆਖੇ ਸਭੁ ਕੋਈ ।
ਬ੍ਰਹਮ ਬਿੰਦ ਤੇ ਸਭ ਓਪਤਿ ਹੋਈ ।...(ਭੈਰਉ ਮ:3)[2]

(ੲ) ਏਕਮੁ ਤੇ ਸਭਿ ਰੂਪ ਹਹਿ ਰੰਗਾ ।
ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ ।..(ਗਉੜੀ ਗੁਆਰੇਰੀ ਮ:3)[3]

(ਸ) ਮਾਟੀ ਏਕ ਸਗਲ ਸੰਸਾਰਾ ।
ਬਹੁਬਿਧਿ ਭਾਂਡੇ ਘੜੈ ਕੁਮ੍ਹਾਰਾ ।.........((ਭੈਰਉ ਮ:3)[4]

ਦਰਅਸਲ, ਸਹਜ-ਅਵੱਸਥਾ ਵਿੱਚ ਪਹੁੰਚਿਆ ਮਹਾਂ-ਪੁਰਖ ਮਨੁੱਖਤਾ ਵਿੱਚ ਵੰਡੀਆਂ ਪਾਉਣ ਵਾਲੀ ਰੰਗ-ਰੂਪ, ਅਸਲ-ਨਸਲ ਅਤੇ ਜਾਤਿ-ਪਾਤ ਦੀਆਂ ਹੱਦਾਂ ਤੋਂ ਬਹੁਤ ਉਚੇਰਾ ਹੁੰਦਾ ਹੈ। ਗੁਰੂ ਅਮਰਦਾਸ ਵਰਗੇ ਕਵੀ ਸਾਰੀ ਮਨੁੱਖਤਾ ਦੇ ਕਵੀ ਹਨ। ਸਿੱਖਾਂ ਨੇ ਬੇਸ਼ੱਕ ਉਨ੍ਹਾਂ ਨੂੰ ਗੁਰੂ ਮੰਨ ਜਿਊਣ-ਮਰਨ ਦੀ ਸਾਂਝ ਪਾਈ ਹੈ, ਪਰ ਗੁਰੂ ਅਮਰਦਾਸ ਵਰਗੇ ਮਹਾਂ-ਪੁਰਖ ਆਪਣੇ ਅਨੁਯਾਈਆਂ ਤੋਂ ਛੁੱਟ ਬਾਕੀ ਮਨੁੱਖਤਾ ਦਾ ਭਲਾ ਭੀ ਉਸੇ ਸੁਹਿਰਦਤਾ ਨਾਲ ਹੀ ਚਾਹੁੰਦੇ ਹਨ। ਜਗਤ ਦੇ ਉਧਾਰ ਲਈ ਪ੍ਰਭੂ ਦੇ ਦਰ ਉਤੇ ਉਨ੍ਹਾਂ ਦੀ ਫ਼ਰਿਆਦ ਸਾਰੀ ਮਨੁੱਖਤਾ ਦੇ ਭਲੇ ਲਈ ਹੈ, ਬੇਸ਼ੱਕ ਕੋਈ ਉਨ੍ਹਾਂ ਦੇ ਧਰਮ ਦਾ ਅਨੁਯਾਈ ਹੋਵੇ ਬੇਸ਼ੱਕ ਕਿਸੇ ਹੋਰ ਧਰਮ ਦਾ ਅਤੇ ਉਹ ਬਾਰ ਬਾਰ ਇਹੋ ਆਖਦੇ ਹਨ:-

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ।
(ਵਾਰ ਬਿਲਾਵਲ ਮ:4 ਸ਼ਲੋਕ ਮ:3)[5]

ਅਸਾਂ ਗੁਰੂ ਅਮਰਦਾਸ ਦੇ ਜੀਵਨ-ਦਰਸ਼ਨ ਨੂੰ ਗੁਰਮਤਿ-ਸਹਜ-ਮਾਰਗ ਦਾ ਨਾਮ ਦਿੱਤਾ ਹੈ। ਬੇਸ਼ੱਕ ਸਹਜ ਸ਼ਬਦ ਬਾਰੇ "ਅਨੰਦ ਦੀ ਸਿਧਾਂਤਿਕ-ਮਹਾਨਤਾ" ਦਰਸਾਉਂਦੇ ਹੋਇਆਂ ਪਿਛਲੇ ਲੇਖ ਰਾਹੀਂ ਬਹੁਤ ਕੁਝ ਆਖਿਆ ਜਾ ਚੁੱਕਾ ਹੈ, ਫੇਰ ਭੀ ਇਸ ਮਾਰਗ ਦੀਆਂ ਵਿਸ਼ੇਸ਼ਤਾਈਆਂ ਨੂੰ ਵਧੇਰੇ ਸਪਸ਼ਟ ਸ਼ਬਦਾਂ ਰਾਹੀਂ ਦਰਸਾਉਣ ਦੀ ਲੋੜ ਹੈ। ਗੁਰੂ ਅਮਰਦਾਸ ਦਾ ਸਹਜ-ਮਾਰਗ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਦਾ ਧਾਰਨੀ ਹੈ:-

(1) ਇਸ ਵਿੱਚ ਗੁਰੂ ਨਾਨਕ ਦੇ ਗੁਰਮਤਿ-ਮਾਰਗ ਦੀਆਂ ਸਾਰੀਆਂ ਵਿਸ਼ੇਸ਼ਤਾਈਆਂ ਹਨ ਅਤੇ ਇਹ ਗੁਰਮਤਿ-ਮਾਰਗ ਦਾ ਹੀ ਦੂਸਰਾ ਨਾਮ ਹੈ। ਕਿਉਂਕਿ ਗੁਰੂ ਅਮਰਦਾਸ ਨੇ ਸਹਜ ਤੇ ਅਨੰਦ ਉਤੇ ਬਹੁਤ ਬਲ ਦਿੱਤਾ ਹੈ, ਇਸਲਈ ਗੁਰੂ ਅਮਰਦਾਸ ਦੇ ਜੀਵਨ-ਦਰਸ਼ਨ ਨੂੰ ਗੁਰਮਤਿ-ਸਹਜ-ਮਾਰਗ ਆਖਿਆ ਜਾ ਸਕਦਾ ਹੈ।

(2) ਗੁਰੂ ਅਮਰਦਾਸ ਦੀ ਵਿਚਾਰਧਾਰਾ ਵਿੱਚ "ਸਹਜ" ਤੇ "ਅਨੰਦ" ਦਾ ਕਾਲਪਨਿਕ-ਮੂਲ ਬੇਸ਼ੱਕ ਬੋਧ-ਧਰਮ ਨਾਲ ਸੰਬੰਧਤ ਵਜ੍ਰਯਾਨੀ-ਸਕੂਲ ਦੀ ਸਹਜਯਾਨ ਸਾਧਨਾ-ਪੱਧਤੀ ਵਿੱਚ ਢੂੰਡਿਆ ਜਾ ਸਕਦਾ ਹੈ ਅਤੇ ਬੇਸ਼ੱਕ ਸਹਜ-ਅਨੰਦ, ਪਰਮ-ਸੁਖ, ਮਹਾਂ-ਅਨੰਦ ਆਦਿਕ ਸ਼ਬਦ ਸਿੱਧਾਂ ਅਤੇ ਨਾਥ-ਪੰਥੀਆਂ ਦੀਆਂ

1.ਆਦਿ-ਗ੍ਰੰਥ.......ਪੰਨਾ 757   2.ਆਦਿ-ਗ੍ਰੰਥ......ਪੰਨਾ 1128   3. ਆਦਿ-ਗ੍ਰੰਥ......160
4.ਆਦਿ-ਗ੍ਰੰਥ.......ਪੰਨਾ 1128   5.ਆਦਿ-ਗ੍ਰੰਥ......ਪੰਨਾ 853

ਸਾਧਨਾ-ਪੱਧਤੀਆਂ ਤੋਂ ਛੁੱਟ ਤੰਤ੍ਰਵਾਦੀਆਂ, ਸਾਕਤਾਂ ਅਤੇ ਕਈ ਹੋਰ ਮਤਾਂ ਦੇ ਸਾਹਿਤ ਵਿੱਚ ਭੀ ਗੂੰਜਦੇ ਹਨ, ਪਰ ਗੁਰੂ ਅਮਰਦਾਸ ਅਤੇ ਸਿੱਖ-ਗੁਰੂਆਂ ਦੀਆਂ ਰਚਨਾਵਾਂ ਵਿੱਚ ਸਹਜ ਅਤੇ ਅਨੰਦ ਦਾ ਸੰਬੰਧ ਕਿਸੇ ਪਰਕਾਰ ਦੇ ਹਠ-ਯੋਗ ਜਾਂ ਮੰਤ੍ਰ, ਤੰਤ੍ਰ ਆਦਿਕ ਦੀਆਂ ਗੁਹਜ-ਸਾਧਨਾਵਾਂ ਨਾਲ ਉੱਕਾ ਨਹੀਂ।

(3) ਗੁਰੂ ਅਮਰਦਾਸ ਦਾ ਗੁਰਮਤਿ-ਸਹਜ-ਮਾਰਗਿ ਸਪਸ਼ਟ ਰੂਪ ਵਿੱਚ ਪ੍ਰਵਿਰਤੀ-ਮਾਰਗਿ ਹੈ। ਇਸ ਵਿੱਚ ਬ੍ਰਹਮਚਰਯ ਦੀ ਥਾਂ ਗ੍ਰਿਹਸਥ, ਭੇਖ ਦੀ ਥਾ ਕੁਦਰਤੀ-ਪਹਿਰਾਵਾ ਅਤੇ ਮਠ ਦੀ ਥਾਂ ਘਰ ਪ੍ਰਧਾਨ ਹੈ। ਪਰ ਘਰ ਤੋਂ ਭਾਵ ਗ੍ਰਿਹਸਥ ਵਿੱਚ ਖੁਚਤ ਹੋਣਾ ਨਹੀਂ, ਸਗੋਂ ਸੰਸਾਰਕ ਤੇ ਵਿਹਾਰਕ ਕਾਰ-ਕਰਦੇ ਹੋਇਆਂ ਆਸ਼ਾ-ਤ੍ਰਿਸ਼ਨਾ ਅਤੇ ਮੋਹ-ਮਾਇਆ ਆਦਿਕ ਵਿਕਾਰਾਂ ਤੋਂ ਇਸਤਰ੍ਹਾਂ ਬਚਣਾ ਹੈ, ਜਿਸਤਰ੍ਹਾਂ ਕਮਲ ਚਿੱਕੜ ਵਿੱਚ ਰਹਿੰਦਾ ਹੋਇਆ ਭੀ ਨਿਰਲੇਪ ਹੈ। ਇਸੇਨੂੰ ਗ੍ਰਿਹਸਥ ਵਿੱਚ ਉਦਾਸ ਹੋਣਾ ਆਖਿਆ ਹੈ ਅਰਥਾਤ ਵਿਹਾਰਕ-ਕੰਮ ਤੇ ਸੰਸਾਰਕ-ਧੰਦੇ ਕਰਦੇ ਹੋਇਆਂ ਚਿੱਤ ਨਿਰੰਕਾਰ ਨਾਲ ਰੱਖਣਾ। "ਗ੍ਰਿਹ ਹੀ ਮਾਹਿ ਉਦਾਸੁ" ਰਹਿਣ ਵਾਲਾ ਘਰ ਨੂੰ ਛੱਡ ਕੇ ਮਠ ਵਲੋਂ ਨਹੀਂ ਦੌੜਦਾ ਅਤੇ ਮਨ ਨੂੰ ਕਾਬੂ ਕਰਨ ਲਈ ਹਠ-ਯੋਗ ਦਾ ਸਹਾਰਾ ਨਹੀਂ ਲੈਂਦਾ, ਸਗੋਂ ਗੁਰਸ਼ਬਦ ਦੁਆਰਾ ਸਹਿਜ-ਸੁਭਾ ਮਨ ਨੂੰ ਜਿੱਤ ਲੈਂਦਾ ਹੈ। ਗੁਰੂ ਨਾਨਕ ਦੇਵ[1] ਨੇ ਭੀ ਆਖਿਆ ਸੀ, ਕਿ "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ"ਅਤੇ ਗੁਰੂ ਅਮਰਦਾਸ ਭੀ "ਸਚੁ ਸੰਜਮੁ ਕਰਣੀ" ਉਤੇ ਜ਼ੋਰ ਦਿੰਦੇ ਹਨ। ਗੁਰੂ ਅਮਰਦਾਸ ਨੇ ਗ੍ਰਿਹਸਥ ਵਿੱਚ ਉਦਾਸ ਰਹਿਣ ਵਾਲੇ ਦੀ ਇਹੋ ਨਿਸ਼ਾਨੀ ਦੱਸੀ ਹੈ, ਕਿਉਂ ਸਭ ਕੰਮ ਕਰਦਾ ਹੋਇਆ ਭੀ ਨਾਮ ਵਿੱਚ ਰੰਗਿਆ ਰਹਿੰਦਾ ਹੈ, ਕਿਉਂਕਿ ਉਸਨੇ ਸੱਚ ਅਤੇ ਸੰਜਮ ਨੂੰ ਆਪਣੇ ਜੀਵਨ ਵਿੱਚ ਧਾਰਨ ਕਰ ਲਿਆ ਹੈ। ਕਿਉਂਕਿ ਗੁਰੂ ਅਮਰਦਾਸ ਦੀ ਬਾਣੀ ਵਿੱਚ "ਗ੍ਰਿਹ ਹੀ ਮਾਹਿ ਉਦਾਸੁ" ਦੇ ਭਾਵ ਨੂੰ ਪ੍ਰਗਟਾਉਣ ਵਾਲੀਆਂ ਅਨੇਕਾਂ ਤੁਕਾਂ ਹਨ, ਸੋ ਕੁਝ ਇਕ ਤੁਕਾਂ ਦਾ ਹਵਾਲਾ ਦੇਣਾ ਅਯੋਗ ਨਹੀਂ ਹੋਵੇਗਾ:-

(ੳ) ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ ।
(ਰਾਮਕਲੀ ਕੀ ਵਾਰ ਮ:3)[2]

(ਅ) ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ।
ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ।ਰਹਾਉ।
ਗੁਰ ਕੈ ਸਬਦਿ ਮਨੁ ਜੀਤਿਆ ਮੁਕਤਿ ਘਰੈ ਮਹਿ ਪਾਇ ।
ਹਰਿ ਕਾ ਨਾਮੁ ਧਿਆਈਐ ਸਤਸੰਗਤ ਮੇਲਿ ਮਿਲਾਇ ।
(ਸਿਰੀ ਰਾਗੁ ਮ:3)[3]

(ੲ) ਗੁਰ ਮਿਲਿਐ ਨਾਮੁ ਪਾਈਐ ਚੂਕੈ ਮੋਹ ਪਿਆਸ ।
ਹਰਿ ਸੇਤੀ ਮਨੁ ਰਵਿ ਰਹਿਆ ਘਰ ਹੀ ਮਾਹਿ ਉਦਾਸੁ ।
(ਸਿਰੀ ਰਾਗੁ ਮ:3)[4]

(ਸ) ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ ।
ਸਤਗੁਰ ਸੇਵਿ ਮੋਹਿ ਪਰਜਲੈ ਘਰਿ ਹੀ ਮਾਹਿ ਉਦਾਸਾ ।
(ਸਿਰੀ ਰਾਗੁ ਮ:3)[5]

1.ਆਦਿ-ਗ੍ਰੰਥ..........ਪੰਨਾ 62(ਸਿਰੀ ਰਾਗੁ ਮ:1)
2.ਆਦਿ-ਗ੍ਰੰਥ..........ਪੰਨਾ 949
3.ਆਦਿ-ਗ੍ਰੰਥ..........ਪੰਨਾ 26
4.ਆਦਿ-ਗ੍ਰੰਥ..........ਪੰਨਾ 26
5.ਆਦਿ-ਗ੍ਰੰਥ..........ਪੰਨਾ 29

(ਹ) ਅਨਹਦੁ ਵਾਜੇ ਨਿਜਘਰਿ ਵਾਸਾ ।
ਨਾਮਿ ਰਤੇ ਘਰ ਮਾਹਿ ਉਦਾਸਾ ।.......(XXX ਗਉੜੀ ਗੁਆਰੇਰੀ ਮ:3)[1]
(ਕ) ਹਿਰਦੈ ਸੂਖੁ ਭਇਆ ਪਰਗਾਸੁ ।
ਗੁਰਮੁਖਿ ਗਾਵਹਿ ਸਚੁ ਗੁਣਤਾਸੁ ।
ਦਾਸਨਿਦਾਸ ਨਿਤ ਹੋਵਹਿ ਦਾਸੁ ।
ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ।
(ਗਉੜੀ ਮ:3)[2]

ਗੁਰੂ ਅਮਰਦਾਸ ਦਾ ਇਹ ਵਿਸ਼ਵਾਸ਼ ਹੈ, ਕਿ ਜਦੋਂ ਹਿਰਦੇ ਵਿੱਚ ਸੱਚ ਦਾ ਨਿਵਾਸ ਹੋ ਜਾਵੇ, ਤਾਂ ਕਟੁੰਬ ਵਿੱਚ ਰਹਿੰਦੇ ਹੋਇਆਂ ਭੀ ਮਨੁੱਖ ਕਟੁੰਬ ਦੇ ਮੋਹ-ਬੰਧਨ ਵਿੱਚ ਨਹੀਂ ਫਸਦਾ:-

ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ।
ਜਾ ਹਿਰਦੈ ਵਸਿਆ ਸਚੁ ਸੋਇ ।
(ਗਉੜੀ ਮ:3)[3]

ਦੂਜੇ ਸ਼ਬਦਾਂ ਵਿੱਚ ਗੁਰਮਤਿ-ਸਹਜ-ਮਾਰਗ ਦਾ ਪਾਂਧੀ ਮਾਇਆ ਦੇ ਅਧੀਨ ਨਹੀਂ ਹੁੰਦਾ, ਸਗੋਂ ਮਾਇਆ ਨੂੰ ਆਪਣੇ ਅਧੀਨ ਕਰ ਲੈਂਦਾ ਹੈ। ਪਰ ਇਹ ਸਭ ਕੁਝ ਗੁਰਸ਼ਬਦ ਦੀ ਕਮਾਈ ਅਤੇ ਨਾਮ ਦੀ ਪ੍ਰਾਪਤੀ ਦੁਆਰਾ ਸਹਿਜ-ਸੁਭਾ ਹੁੰਦਾ ਹੈ, ਕਿਉਂਕਿ ਨਾਮ ਦੁਆਰਾ ਮਨ ਵਿਸ਼ੇ-ਵਿਕਾਰਾਂ ਵਲ ਭਟਕਣ ਦੀ ਥਾਂ ਸਹਜ-ਗਿਆਨ ਦੇ ਅਡੋਲ-ਘਰ ਵਿੱਚ ਟਿਕ ਜਾਂਦਾ ਹੈ। ਜਦੋਂ ਮਨ ਦੁਨੀਆਂ ਵਿੱਚ ਰਹਿੰਦੇ ਹੋਇਆਂ ਤ੍ਰੈਗੁਣ-ਅਤੀਤ-ਪ੍ਰਭੂ ਵਿੱਚ ਜੁੜਿਆ ਰਹੇ, ਉਹੀ ਅਵੱਸਥਾ ਜੀਵਨ-ਮੁਕਤ ਦੀ ਹੈ ਅਤੇ ਇਸੇ ਦਾ ਪ੍ਰਚਾਰ ਗੁਰਮਤਿ ਦਾ ਸਹਜ-ਮਾਰਗਿ ਕਰਦਾ ਹੈ। ਗੁਰਦੇਵ ਫੁਰਮਾਉਂਦੇ ਹਨ:-

ਜੀਵਨਮੁਕਤੁ ਗੁਰਮੁਖਿ ਕੋ ਹੋਈ ।
ਪਰਮ ਪਦਾਰਥ ਪਾਵੈ ਸੋਈ ।
ਤ੍ਰੈਗੁਣ ਮੇਟੇ ਨਿਰਮਲ ਹੋਈ ।
ਸਹਜੇ ਸਾਚਿ ਮਿਲੈ ਪ੍ਰਭੁ ਸੋਈ ।
(ਗਉੜੀ ਮ:3)[4]

ਅਜਿਹੀ ਅਡੋਲ ਆਤਮਕ-ਅਵੱਸਥਾ ਵਿੱਚ ਮਾਇਆ ਕੁਝ ਨਹੀਂ ਵਿਗਾੜ ਸਕਦੀ, ਸਗੋਂ ਦਾਸੀ ਬਣ ਕੇ ਕਾਰ ਕਰਦੀ ਹੈ:-

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ।
(ਗਉੜੀ ਮ:3)[5]

ਇਸਦੇ ਉਲਟ ਮੋਹ-ਮਾਇਆ ਦੀ ਪਕੜ ਵਿੱਚ ਆਇਆ ਜੀਵ, ਆਪਣੀ ਮੰਜ਼ਿਲ ਵਲੋਂ ਬੇਖ਼ਬਰ ਹੋ ਬਿਖ ਦਾ ਕੀੜਾ ਬਣ ਕੇ ਬਿਖ ਵਿੱਚ ਹੀ ਸਮਾ ਜਾਂਦਾ ਹੈ। ਗੁਰੂ ਅਮਰਦਾਸ ਕਟੁੰਬ ਜਾਂ ਪਰਵਾਰ ਨਾਲੋਂ ਨਾਤਾ ਤੋੜਨ ਲਈ ਉਪਦੇਸ਼ ਨਹੀਂ ਕਰਦੇ, ਸਗੋਂ ਕਟੁੰਬ ਜਾਂ ਪਰਵਾਰ ਵਿੱਚ ਰਹਿੰਦੇ ਹੋਇਆਂ ਅਰਥਾਤ ਗ੍ਰਿਹਸਥ ਦੇ ਫ਼ਰਜ਼

---

1.ਆਦਿ-ਗ੍ਰੰਥ............ਪੰਨਾ 161
2.ਆਦਿ-ਗ੍ਰੰਥ............ਪੰਨਾ 232
3.ਆਦਿ-ਗ੍ਰੰਥ............ਪੰਨਾ 232
4.ਆਦਿ-ਗ੍ਰੰਥ............ਪੰਨਾ 232
5.ਆਦਿ-ਗ੍ਰੰਥ............ਪੰਨਾ 231

ਨਿਬਾਹੁੰਦੇ ਹੋਇਆਂ ਪ੍ਰਮਾਤਮਾ ਨੂੰ ਹਰ ਸਮੇਂ ਯਾਦ ਰੱਖਣ ਉੱਤੇ ਜ਼ੋਰ ਦਿੰਦੇ ਹਨ। ਕਿਉਂਕਿ ਮੋਹ-ਮਾਇਆ ਵਿੱਚ ਖੁਚਤ ਹੋਣ ਸਮੇਂ ਪ੍ਰਭੂ ਯਾਦ ਨਹੀਂ ਰਹਿੰਦਾ, ਸੋ ਅਜਿਹੀ ਉਲਾਰ-ਅਵੱਸਥਾ ਨੂੰ ਗੁਰਦੇਵ ਮਨੁੱਖੀ-ਜੀਵਨ ਲਈ ਬਹੁਤ ਘਾਤਕ ਆਖ ਕੇ ਕਾਮ-ਵਿਆਪੀਆਂ ਰੂਹਾਂ ਨੂੰ ਖ਼ਬਰਦਾਰ ਕਰਦੇ ਹਨ:-

ਇਸਤਰੀ ਪੁਰਖ ਕਾਮਿ ਵਿਆਪੇ ਜੀਉ ਰਾਮਨਾਮ ਕੀ ਬਿਧਿ ਨਹੀ ਜਾਣੀ ।
ਮਾਤ ਪਿਤਾ ਸੁਤ ਭਾਈ ਖਰੇ ਪਿਆਰੇ ਜੀਉ ਡੂਬਿ ਮੁਏ ਬਿਨੁ ਪਾਣੀ ।
(ਗਉੜੀ ਪੂਰਬੀ ਮ:3 ਛੰਤੁ)[1]

ਉਪਰੋਕਤ ਤੁਕਾਂ ਵਿੱਚ ਸਭ ਤੋਂ ਵੱਡੀ ਗੱਲ ਕਾਮ-ਵਿਆਪੀਆਂ ਜਿੰਦਾਂ ਦੀ ਨਿੰਦਾ ਨਹੀਂ, ਸਗੋਂ ਰਾਮ-ਨਾਮ ਦੀ ਬਿਧਿ ਜਾਣਨ ਦੀ ਹੈ। ਗੁਰਦੇਵ ਮਾਤ, ਪਿਤਾ, ਸੁਤ(ਪੁੱਤਰ), ਭਾਈ, ਆਦਿਕ ਸਭ ਨੂੰ ਪਿਆਰੇ ਤਾਂ ਮੰਨਦੇ ਹਨ, ਪਰ ਜਦੋਂ ਤਕ ਉਹ ਆਤਮਕ-ਵਿਕਾਸ ਦੇ ਰਾਹ ਵਿੱਚ ਰੋੜਾ ਅਟਕਾਉਂਦੇ ਹਨ, ਓਦੋਂ ਤਕ ਉਹ ਗੁਰਮਤਿ-ਸਹਜ-ਮਾਰਗਿ ਦੇ ਪਾਂਧੀ ਦੇ ਮਿੱਤਰ ਨਹੀਂ ਅਖਵਾ ਸਕਦੇ। ਗੁਰਦੇਵ ਸੱਚਾ-ਮਿੱਤਰ ਕੇਵਲ ਉਸੇ ਨੂੰ ਆਖਦੇ ਹਨ, ਜਿਹੜਾ ਹਰਿਗੁਣ ਗਾਏ ਅਰਥਾਤ ਰੱਬ ਵਲੋਂ ਭੁਲਾਉਣ ਦੀ ਥਾਂ ਉਸਦੀ ਯਾਦ ਥਿਰ ਰੱਖਣ ਲਈ ਸਹਾਇਤਾ ਕਰੇ, ਜਿਵੇਂ:-

ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ ।
ਸੋਈ ਹਮਾਰਾ ਮੀਤੁ ਜੋ ਹਰਿਗੁਣ ਗਾਵੈ ਸੋਇ ।
(ਗਉੜੀ ਮ:3)[2]

ਦਰਅਸਲ ਗੁਰੂ ਅਮਰਦਾਸ ਗ੍ਰਿਹਸਥੀ-ਜੀਵਨ ਨੂੰ ਆਦਰਸ਼-ਜੀਵਨ ਬਣਾਉਣਾ ਚਾਹੁੰਦੇ ਹਨ। ਇਸਲਈ ਉਹ ਸਰੀਰਕ-ਪਿਆਰ ਤੋਂ ਉੱਚੇ ਉਠਣ ਲਈ ਸੰਕੇਤ ਕਰਦੇ ਹਨ। ਜਿੱਥੇ ਕੇਵਲ "ਕਾਮ" ਜਾਂ ਵਿਸ਼ੈ-ਅਗਨੀ ਹੈ, ਉੱਥੇ ਆਮ ਕਰਕੇ ਸੱਚੀ-ਪ੍ਰੀਤ ਨਹੀਂ ਹੁੰਦੀ। ਸੱਚੀ-ਪ੍ਰੀਤ ਗੁਰਦੇਵ ਦੇ ਸ਼ਬਦਾਂ ਵਿੱਚ "ਏਕ ਜੋਤਿ ਦੁਇ ਮੂਰਤੀ" ਦੇ ਆਦਰਸ਼ ਨੂੰ ਸਨਮੁਖ ਰੱਖਦੀ ਹੈ, ਜਿਵੇਂ:-

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ।
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ।
(ਵਾਰ ਸੂਹੀ ਕੀ ਮ:3)[3]

ਬੇਸ਼ਕ ਉਪਰੋਕਤ ਤੁਕਾਂ ਮਨੁੱਖੀ-ਸੰਬੰਧਾਂ ਜਾਂ ਰਿਸ਼ਤੇ-ਨਾਤਿਆਂ ਦੀ ਥਾਂ ਜੀਵ-ਆਤਮਾ-ਰੂਪੀ-ਪਤਨੀ ਅਤੇ ਪ੍ਰਮਾਤਮਾ-ਰੂਪੀ ਪਤੀ ਦੇ ਮਿਲਾਪ ਨਾਲ ਸੰਬੰਧਤ ਹਨ, ਪਰ ਇਨ੍ਹਾਂ ਵਿੱਚ ਦੁਨਿਆਵੀ ਰਿਸ਼ਤਿਆਂ (ਪਤੀ ਅਤੇ ਪਤਨੀ ਦਾ ਪਿਆਰ-ਆਦਰਸ਼) ਨੂੰ ਆਦਰਸ਼-ਰਿਸ਼ਤੇ ਬਣਾਉਣ ਵਲ ਭੀ ਸੰਕੇਤ ਹੈ। ਸੋ ਗੁਰੂ ਅਮਰਦਾਸ ਗ੍ਰਿਹਸਥ ਨੂੰ ਤਿਆਗਣ ਦੀ ਥਾਂ ਗ੍ਰਿਹਸਥ ਵਿੱਚ ਰਹਿੰਦੇ ਹੋਇਆਂ ਆਤਮਕ-ਵਿਕਾਸ ਕਰਨ ਦੀ ਪ੍ਰੇਰਨਾ ਕਰਦੇ ਹਨ। ਇਸ ਪੱਖ ਤੋਂ ਇਹ ਮਾਰਗ ਜਿਤਨਾ ਆਸਾਨ ਜਾਪਦਾ ਹੈ, ਉਤਨਾ ਸੌਖਾ ਨਹੀਂ। ਗੁਰੂ ਅਮਰਦਾਸ ਨੇ ਰਾਮਕਲੀ-ਅਨੰਦ ਦੁਆਰਾ ਭਗਤਾਂ ਦੀ ਨਿਰਾਲੀ-ਚਾਲ ਦੀ ਤਸਵੀਰ ਖਿੱਚਦੇ ਹੋਇਆਂ ਜਿਸ ਮਾਰਗਿ ਨੂੰ ਵਾਲਹੁ ਨਿੱਕਾ ਅਤੇ ਖੰਨਿਅਹੁ ਤਿੱਖਾ ਆਖਿਆ ਹੈ, ਉਹ ਇਹੀ ਸਹਜ-ਮਾਰਗ ਹੈ।

1.ਆਦਿ-ਗ੍ਰੰਥ..........ਪੰਨਾ 245-246
2.ਆਦਿ-ਗ੍ਰੰਥ..........ਪੰਨਾ 233
3.ਆਦਿ-ਗ੍ਰੰਥ..........ਪੰਨਾ 788

(4) ਸਹਜ ਨੂੰ ਗੁਰੂ ਅਮਰਦਾਸ ਨੇ ਪੂਰਨ-ਗਿਆਨ, ਆਤਮਾ ਦੀ ਅਡੋਲਤਾ, ਨਿਰਵਾਨ, ਮੁਕਤੀ, ਪਰਮ-ਅਨੰਦ, ਪਰਮਪਦ, ਤੁਰੀਆ, ਚਉਥਾ-ਪਦ, ਚਉਥੀ-ਪਉੜੀ, ਆਦਿਕ ਦੇ ਅਰਥਾਂ ਵਿੱਚ ਪ੍ਰਯੋਗ ਕੀਤਾ ਹੈ। ਸਹਜ, ਤੁਰੀਆ ਜਾਂ ਚਉਥੇ-ਪਦ ਦੀ ਅਵੱਸਥਾ ਤ੍ਰੈਗੁਣੀ-ਮਾਇਆ ਤੋਂ ਉੱਚੇ ਉੱਠਣ ਦੀ ਅਵੱਸਥਾ ਹੈ, ਜਿਵੇਂ ਗੁਰਦੇਵ ਫੁਰਮਾਉਂਦੇ ਹਨ:-

(ੳ) ਤ੍ਰਿਹੁ ਗੁਣਾ ਵਿਚਿ ਸਹਜੁ ਨ ਉਪਜੈ ਮਾਇਆ ਦੂਜੈ ਭਾਇ ।
(ਅ) ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ।
(ਸਿਰੀ ਰਾਗੁ ਮ:3)[1]
(ੲ) ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ।
(ਗੂਜਰੀ ਕੀ ਵਾਰ ਮ:3)[2]

ਸਹਜ-ਅਵੱਸਥਾ ਪਰਮ-ਸੁਖ ਜਾਂ ਅਨੰਦ ਦੀ ਅਵੱਸਥਾ ਹੈ। ਇਸਦੀ ਪ੍ਰਾਪਤੀ ਨਾਲ ਹੀ ਦਸਮ-ਦੁਆਰ ਅਤੇ ਅਨਹਦ-ਧੁਨੀ ਦਾ ਅਨੁਭਵ ਭੀ ਸਹਿਜ-ਸੁਭਾ ਹੋ ਜਾਂਦਾ ਹੈ। xxx ਜਿਵੇਂ ਪਿੱਛੇ ਸਪਸ਼ਟ ਕੀਤਾ ਜਾ ਚੁੱਕਾ ਹੈ, ਸਹਜ ਦੀ ਪ੍ਰਾਪਤੀ ਲਈ ਘਰ-ਬਾਰ ਛੱਡ ਕੇ ਜੰਗਲਾਂ ਵਿੱਚ ਜਾਣ ਦੀ ਲੋੜ ਨਹੀਂ ਦੱਸੀ ਗਈ, ਸਗੋਂ ਮਾਇਆ ਵਿੱਚ ਨਿਹਕੇਵਲ(ਨਿਰਲੇਪ) ਜਾਂ ਗ੍ਰਿਹਸਥ ਵਿੱਚ ਉਦਾਸ ਰਹਿਣ ਨਾਲ ਸਹਜ, ਤੁਰੀਆ, ਚਉਥੀ-ਪਉੜੀ, ਚਉਥਾ-ਪਦ, ਦਸਮ-ਦੁਆਰ, ਨਿਜਘਰ, ਅਨਹਦ-ਸਬਦ, ਆਦਿਕ ਸਰਬ-ਸ੍ਰੇਸ਼ਟ ਆਤਮਕ-ਅਵੱਸਥਾਵਾਂ ਦਾ ਅਨੁਭਵ ਸਹਿਜ-ਸੁਭਾ ਹੋ ਜਾਂਦਾ ਹੈ। ਅਨਹਦ ਬਾਰੇ ਗੁਰੂ ਅਮਰਦਾਸ ਦੀਆਂ ਤੁਕਾਂ ਹਨ:-

ਅਨਹਦੁ ਵਾਜੇ ਨਿਜਘਰਿ ਵਾਸਾ ।
ਨਾਮਿ ਰਤੇ ਘਰ ਮਾਹਿ ਉਦਾਸਾ ।
(ਗਉੜੀ ਗੁਆਰੇਰੀ ਮ:3)[3]

ਪ੍ਰਭੂ ਦੀ ਸਿਫ਼ਤ ਵਿੱਚ ਗੁਰੂ ਨਾਨਕ ਨੇ ਲਿਖਿਆ ਸੀ, ਕਿ ਉਹ "ਅੰਜਨ ਮਾਹਿ ਨਿਰੰਜਨ" ਅਰਥਾਤ ਮਾਇਆ ਵਿੱਚ ਰਹਿੰਦਾ ਹੋਇਆ ਮਾਇਆ ਤੋਂ ਨਿਰਲੇਪ ਹੈ। ਇਹੋ ਵਿਸ਼ੇਸ਼ਤਾ ਗੁਰੂ ਅਮਰਦਾਸ ਦੁਆਰਾ ਪ੍ਰਚਾਰੇ ਗਏ ਗੁਰਮਤਿ ਸਹਜ-ਮਾਰਗ ਦੀ ਹੈ। ਗੁਰਦੇਵ ਨੇ ਨਿਹਕੇਵਲ ਅਤੇ ਨਿਰਾਲਮ ਸ਼ਬਦਾਂ ਦੇ ਪ੍ਰਯੋਗ ਦੁਆਰਾ ਇਸੇ ਨਿਰਲੇਪਤਾ ਉੱਤੇ ਜ਼ੋਰ ਦਿੱਤਾ ਹੈ:-

(ੳ) ਅਨਦਿਨੁ ਜਪਹਿ ਹਰਿ ਸਾਰੰਗਪਾਣੀ ।
ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ।
(ਗਉੜੀ ਗੁਆਰੇਰੀ ਮ:3)[3]
(ਅ) ਕਾਇਆਨਗਰੀ ਸਬਦੇ ਖੋਜੇ ਨਾਮੁ ਨਵੰਨਿਧਿ ਪਾਈ ।
ਮਨਸਾ ਮਾਹਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ।
ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ।
ਅਦਿਸਟੁ ਸਦਾ ਰਹੇ ਨਿਰਾਲਮੁ ਜੋਤੀ ਜੋਤਿ ਮਿਲਾਈ ।
(ਰਾਮਕਲੀ ਮ:3)[4]

(5) ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ, ਗੁਰੂ ਅਮਰਦਾਸ ਨੇ ਕਰਮ-ਕਾਂਡ ਦੁਆਰਾ ਸਹਜ ਦੀ ਪ੍ਰਾਪਤੀ ਨਹੀਂ ਮੰਨੀ। ਇਸੇਤਰ੍ਹਾਂ ਉਨ੍ਹਾਂ ਕਿਤਾਬੀ-ਗਿਆਨ ਦੁਆਰਾ ਪ੍ਰਾਪਤ ਕੀਤੀਆਂ ਅਕਲੀ-ਚਤੁਰਾਈਆਂ ਨੂੰ

1. ਆਦਿ-ਗ੍ਰੰਥ........ਪੰਨਾ 68
2. ਆਦਿ-ਗ੍ਰੰਥ........ਪੰਨਾ 509
3. ਆਦਿ-ਗ੍ਰੰਥ........ਪੰਨਾ 161-162
4. ਆਦਿ-ਗ੍ਰੰਥ........ਪੰਨਾ 910

ਭੀ ਸਹਜ-ਪ੍ਰਾਪਤੀ ਦੇ ਰਾਹ ਵਿੱਚ ਰੁਕਾਵਟ ਹੀ ਆਖਿਆ ਹੈ:-

(ੳ) ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ।
(ਰਾਮਕਲੀ ਮ:3 ਅਨੰਦੁ)[1]

(ਅ) ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ।
(ਰਾਮਕਲੀ ਮ:3 ਅਨੰਦੁ)[2]

ਕਰਮ-ਕਾਂਡ ਅਤੇ ਕਿਤਾਬੀ-ਗਿਆਨ ਦੀ ਥਾਂ ਗੁਰੂ ਅਮਰਦਾਸ ਨੇ ਸਹਜ-ਪ੍ਰਾਪਤੀ ਲਈ ਗੁਰਸਬਦ ਦੁਆਰਾ ਮਨ ਦੀ ਮੈਲ ਦੂਰ ਕਰਕੇ ਹਰੀ ਨਾਲ ਲਿਵ ਜੋੜਨ ਦਾ ਰਾਹ ਦਰਸਾਇਆ ਹੈ:-

ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ।
ਕਹੈ ਨਾਨਕੁ ਗੁਰਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ।
(ਰਾਮਕਲੀ ਮ:3 ਅਨੰਦੁ)[1]

(6) ਦੂਜੇ ਸ਼ਬਦਾਂ ਵਿੱਚ ਗੁਰੂ ਅਮਰਦਾਸ ਨੇ ਸਹਜ ਤੇ ਅਨੰਦ ਦੀ ਪ੍ਰਾਪਤੀ ਲਈ ਗੁਰੂ ਦੀ ਕਿਰਪਾ ਜਾਂ ਗੁਰਸਬਦ ਦੀ ਕਮਾਈ ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਹੈ। ਗੁਰੂ ਅਮਰਦਾਸ ਦੀ ਬਾਣੀ ਵਿੱਚ ਗੁਰੂ-ਭਗਤੀ, ਗੁਰਸਬਦ, ਗੁਰ-ਸੇਵਾ ਅਤੇ ਗੁਰੂ ਕਾ ਭਾਣਾ ਬਹੁਤ ਵਾਰ ਆਏ ਹਨ। ਵੈਸੇ ਤਾਂ ਗੁਰੂ ਦੇ ਮਹੱਤਵ ਬਾਰੇ ਲਗਪਗ ਸਾਰੇ ਧਰਮਾਂ ਵਿੱਚ ਬਹੁਤ ਕੁਝ ਲਿਖਿਆ ਗਿਆ ਹੈ, ਪਰ ਸਿੱਖ-ਧਰਮ ਜਾਂ ਗੁਰੂ ਅਮਰਦਾਸ ਦੁਆਰਾ ਪ੍ਰਚਾਰੇ ਗਏ ਗੁਰਮਤਿ-ਸਹਜ-ਮਾਰਗ ਵਿੱਚ ਗੁਰੂ-ਭਗਤੀ, ਗੁਰਸਬਦ ਅਤੇ ਗੁਰ-ਸੇਵਾ ਆਦਿਕ (ਗੁਰੂ ਜੀ ਦੇ ਮਹੱਤਵ ਨੂੰ ਦਰਸਾਉਣ ਵਾਲੀ ਸਾਧਨਾ) ਉੱਤੇ ਬਹੁਤ ਬਲ ਦਿੱਤਾ ਗਿਆ ਹੈ। ਸ਼ਾਇਦ ਸਿੱਖ-ਧਰਮ ਨੂੰ ਗੁਰੂ ਉੱਤੇ ਬਹੁਤਾ ਬਲ ਦੇਣ ਕਰਕੇ ਹੀ ਗੁਰਮਤਿ ਆਖਿਆ ਜਾਂਦਾ ਹੈ। ਕੁਝ ਭੀ ਹੈ, ਗੁਰੂ ਅਮਰਦਾਸ ਦੀ ਬਾਣੀ ਵਿੱਚ ਗੁਰੂ ਦੀ ਮਹਿਮਾ ਅਪਾਰ ਹੈ। ਆਦਿ-ਗ੍ਰੰਥ ਨਾਲ ਸੰਬੰਧਤ ਗੁਰੂ-ਕਵੀਆਂ ਅਤੇ ਭਗਤ-ਕਵੀਆਂ ਵਿੱਚੋਂ / ਗੁਰੂ, ਗੁਰਸਬਦ ਅਤੇ ਗੁਰ-ਸੇਵਾ ਦੀ ਮਹਿਮਾ ਵਿੱਚ ਸਭ ਤੋਂ ਬਹੁਤੀਆਂ ਤੁਕਾਂ ਸ਼ਾਇਦ ਗੁਰੂ ਅਮਰਦਾਸ ਨੇ ਹੀ ਲਿਖੀਆਂ ਹਨ। ਸ਼ਾਇਦ ਇਸਦਾ ਕਾਰਨ ਇਹ ਹੈ, ਕਿ ਗੁਰੂ ਅਮਰਦਾਸ ਨੂੰ ਗੁਰੂ ਅੰਗਦ ਦੇ ਰੂਪ ਵਿੱਚ ਪੂਰਾ-ਗੁਰੂ ਅਨੇਕਾਂ ਵਰ੍ਹਿਆਂ ਦੀ ਭਟਕਣਾ ਪਿੱਛੋਂ ਮਿਲਿਆ ਸੀ। ਇਹ ਗੱਲ ਭੀ ਮਹੱਤਵ-ਪੂਰਨ ਹੈ, ਕਿ ਗੁਰੂ ਅਮਰਦਾਸ ਨੂੰ ਸਹਜ ਤੇ ਅਨੰਦ ਦੀ ਪ੍ਰਾਪਤੀ ਗੁਰੂ-ਭਗਤੀ, ਗੁਰੂ-ਸੇਵਾ, ਅਰਥਾਤ ਗੁਰਸਬਦ ਦੀ ਕਮਾਈ ਅਤੇ ਗੁਰੂ ਦੇ ਭਾਣੇ ਵਿੱਚ ਰਹਿ ਕੇ ਗੁਰੂ ਦੀ ਕਿਰਪਾ ਦੁਆਰਾ ਹੋਈ।

ਗੁਰੂ ਅਮਰਦਾਸ ਨੇ ਨਿੱਜੀ-ਅਨੁਭਵ ਅਤੇ ਚਿੰਤਨ ਦੁਆਰਾ ਇਹ ਸਿੱਧ ਕੀਤਾ ਹੈ, ਕਿ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਭੀ ਗੁਰਸਬਦ ਦੁਆਰਾ ਹੁੰਦੀ ਹੈ ਅਤੇ ਸਹਜ-ਅਨੰਦ ਦਾ ਅਨੁਭਵ ਭੀ ਗੁਰੂ ਦੀ ਕਿਰਪਾ ਤੋਂ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਹੇਠ ਲਿਖੀਆਂ ਤੁਕਾਂ ਦੁਆਰਾ ਉਨ੍ਹਾਂ ਦੱਸਿਆ ਹੈ, ਕਿ ਨਾਮ ਤੋਂ ਛੁੱਟ ਬ੍ਰਹਮ ਦੀ ਪਛਾਣ ਭੀ ਗੁਰਸਬਦ ਦੁਆਰਾ ਹੀ ਹੁੰਦੀ ਹੈ। ਇਸੇਤਰ੍ਹਾਂ ਆਸਾ, ਮਨਸਾ, ਤ੍ਰਿਸ਼ਨਾ, ਮਨ-ਤਰੰਗਾਂ, ਮੋਹ, ਗੁਮਾਨ, ਉਸਤਤਿ-ਨਿੰਦਾ, ਹਉਮੈ, ਆਦਿਕ ਮਨੋ-ਵਿਕਾਰਾਂ ਨੂੰ ਨਾਸ਼ ਕਰਕੇ ਮਨ-ਤਨ ਦੀ ਨਿਰਮਲਤਾ ਤੋਂ ਛੁੱਟ ਬਿਬੇਕ, ਗਿਆਨ, ਤ੍ਰਿਭਵਣ-ਸੋਝੀ, ਨਿਜਘਰਿ, ਸਹਜ, ਸਹਜ-ਸੁਖ, ਪਰਮਪਦ, ਅੰਮ੍ਰਿਤਮਈ-ਅਵੱਸਥਾ, ਆਦਿਕ ਸਰਬ-ਸ੍ਰੇਸ਼ਟ ਆਤਮਕ-ਅਵੱਸਥਾਵਾਂ ਦੀ ਪ੍ਰਾਪਤੀ ਗੁਰਸਬਦ ਦੀ ਕਮਾਈ ਦੁਆਰਾ ਹੁੰਦੀ ਹੈ:-

---

1. ਆਦਿ-ਗ੍ਰੰਥ..........ਪੰਨਾ 919
2. ਆਦਿ-ਗ੍ਰੰਥ..........ਪੰਨਾ 918

(1) ਭਾਈ ਰੇ ਗੁਰ ਬਿਨੁ ਸਹਜੁ ਨ ਹੋਇ।.....(ਸਿਰੀ ਰਾਗੁ ਮ:3)[1]

(2) ਬਾਝੁ ਗੁਰੂ ਕੋ ਸਹਜੁ ਨ ਪਾਏ ਗੁਰਮੁਖਿ ਸਹਜਿ ਸਮਾਵਣਿਆ।
(ਮਾਝ ਮ:3)[2]

(3) ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ।.....(ਆਸਾ ਮ:3)[3]

(4) ਗੁਰਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ।
(ਵਾਰ ਬਿਲਾਵਲ ਮ:4 ਸ੍ਲੋਕ ਮ:3)[4]

(5) ਬਿਨੁ ਸਤਿਗੁਰ ਭਗਤਿ ਨ ਹੋਵਈ ਨਾਮਿ ਨ ਲਗੇ ਪਿਆਰੁ ।
(ਸ੍ਲੋਕ ਵਾਰਾਂ ਤੋਂ ਵਧੀਕ)[5]

(6) ਦਿਬਦ੍ਰਿਸਟਿ ਜਾਗੈ ਭਰਮੁ ਚੁਕਾਏ ।
ਗੁਰਪਰਸਾਦਿ ਪਰਮਪਦੁ ਪਾਏ।..........(ਮਾਰੂ ਮ:3)[6]

(7) ਗੁਰ ਤੇ ਗਿਆਨੁ ਨਾਮੁ ਰਤਨੁ ਪਾਇਆ ।
ਮਨਸਾ ਮਾਰਿ ਮਨੁ ਮਾਹਿ ਸਮਾਇਆ ।..(ਮਾਰੂ ਮ:3)[7]

(8) ਗੁਰ ਕੈ ਸਬਦਿ ਪਵਿਤ੍ਰੁ ਸਰੀਰਾ ।........(ਮਾਰੂ ਮ:3)[8]

(9) ਮਨ ਕੇ ਤਰੰਗ ਸਬਦਿ ਨਿਵਾਰੇ ਰਸਨਾ ਸਹਜਿ ਸੁਭਾਈ ।
(ਸਾਰੰਗ ਮ:3)[9]

(10)ਗੁਰ ਕਾ ਸਬਦੁ ਮਨਿ ਵਸੈ ਮਨੁ ਤਨੁ ਨਿਰਮਲੁ ਹੋਇ ।
(ਸਿਰੀ ਰਾਗੁ ਮ:3)[10]

(11)ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ।
(ਸਿਰੀ ਰਾਗੁ ਮ:3)[11]

(12) ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ।
ਪੂਰੇ ਗੁਰ ਕੈ ਸਬਦਿ ਸਮਾਹਿ।......... (ਆਸਾ ਮ:3)[12]

(13) ਗੁਰ ਕੈ ਸਬਦਿ ਸੁਖ ਸਾਂਤਿ ਸਰੀਰ ।...(ਆਸਾ ਮ:3)[12]

(14) ਹਰਿ ਕੀ ਕੀਮਤਿ ਕਿਨ ਬਿਧਿ ਹੋਇ ।
ਹਰਿ ਅਪਰੰਪਰ ਅਗਮ ਅਗੋਚਰੁ ਗੁਰ ਕੈ ਸਬਦਿ ਮਿਲੈ ਜਨੁ ਕੋਇ ।
(ਆਸਾ ਮ:3)[12]

(15) ਸਬਦਿ ਤਰੇ ਜਨ ਸਹਜਿ ਸੁਭਾਇ । (ਆਸਾ ਮ:3)[12]

(16) ਉਸਤਤਿ ਨਿੰਦਾ ਗੁਰਿ ਸਮ ਜਾਣਾਈ।....(ਆਸਾ ਮ:3)[13]

(17) ਨਿਰਮਲ ਬਾਣੀ ਨਿਜਘਰਿ ਵਾਸਾ ।
ਨਾਨਕ ਹਉਮੈ ਮਾਰੇ ਸਦਾ ਉਦਾਸਾ ।....(ਆਸਾ ਮ:3)[13]

(18) ਮੋਹੁ ਗੁਮਾਨੁ ਗੁਰਸਬਦਿ ਜਲਾਏ ।.......(ਆਸਾ ਮ:3)[14]

(7) ਇਸੇਤਰ੍ਹਾਂ ਗੁਰੂ ਅਮਰਦਾਸ ਦੀ ਬਾਣੀ ਵਿੱਚ ਗੁਰ-ਸੇਵਾ ਦੀ ਮਹਿਮਾ ਗਾਇਨ ਕੀਤੀ ਗਈ ਹੈ। ਗੁਰੂ ਅਮਰਦਾਸ ਨੇ ਗੁਰ-ਸੇਵਾ ਦੁਆਰਾ ਨਿਜਘਰਿ, ਸਦਾ-ਸੁਖ, ਤ੍ਰਿਭਵਣ ਦੀ ਸੋਝੀ ਅਤੇ ਪਰਮਗਤਿ

---

1.ਆਦਿ-ਗ੍ਰੰਥ..........ਪੰਨਾ 68
2.ਆਦਿ-ਗ੍ਰੰਥ.........ਪੰਨਾ 125
3.ਆਦਿ-ਗ੍ਰੰਥ........ਪੰਨਾ 425
4.ਆਦਿ-ਗ੍ਰੰਥ........ਪੰਨਾ 852
5.ਆਦਿ-ਗ੍ਰੰਥ........ਪੰਨਾ 1417
6.ਆਦਿ-ਗ੍ਰੰਥ........ਪੰਨਾ 1016
7.ਆਦਿ-ਗ੍ਰੰਥ........ਪੰਨਾ 1044
8.ਆਦਿ-ਗ੍ਰੰਥ........ਪੰਨਾ 1065
9.ਆਦਿ-ਗ੍ਰੰਥ.............ਪੰਨਾ 1233
10.ਆਦਿ-ਗ੍ਰੰਥ...........ਪੰਨਾ 32
11.ਆਦਿ-ਗ੍ਰੰਥ...........ਪੰਨਾ 35
12.ਆਦਿ-ਗ੍ਰੰਥ...........ਪੰਨਾ 361
13.ਆਦਿ-ਗ੍ਰੰਥ...........ਪੰਨਾ 362
14.ਆਦਿ-ਗ੍ਰੰਥ...........ਪੰਨਾ 364

ਆਦਿਕ ਦੀ ਪ੍ਰਾਪਤੀ ਵਲ ਸੰਕੇਤ ਕੀਤਾ ਹੈ। ਗੁਰਦੇਵ ਨੇ ਗੁਰ-ਸੇਵਾ ਨੂੰ "ਤਪਾਂ ਸਿਰਿ ਤਪੁ ਸਾਰੁ" ਭੀ ਆਖਿਆ ਹੈ। ਜੇਕਰ ਭਾਈ ਕਾਹਨ ਸਿੰਘ[1] ਵਾਂਗ ਗੁਰ-ਸੇਵਾ ਦਾ ਸੀਮਤ-ਅਰਥ ਲਈਏ, ਤਾਂ ਇਹ ਗੁਰੂ ਦੀ ਟਹਿਲ ਨਾਲ ਸੰਬੰਧ ਰੱਖਦੀ ਹੈ। ਪਰ ਜੇਕਰ ਗੁਰ-ਸੇਵਾ ਦੇ ਅਰਥ ਵਿਸ਼ਾਲ-ਦ੍ਰਿਸ਼ਟੀਕੋਨ ਅਨੁਸਾਰ ਕੀਤਾ ਜਾਵੇ, ਤਾਂ ਗੁਰ-ਸੇਵਾ ਤੋਂ ਭਾਵ ਗੁਰੂ ਦੇ ਸਬਦ, ਗੁਰੂ ਦੇ ਭਾਣੇ ਅਰਥਾਤ ਆਪਾ-ਭਾਵ ਮਿਟਾ ਕੇ ਗੁਰੂ ਦੇ ਦੱਸੇ ਮਾਰਗ ਉੱਤੇ ਚੱਲਣਾ ਹੈ। ਇਸੇ ਤਰ੍ਹਾਂ ਗੁਰਸ਼ਬਦ ਦੀ ਕਮਾਈ, ਨਾਮ-ਅਭਿਆਸ, ਗੁਰੂ-ਘਰ, ਸਤਿਸੰਗਤ ਅਤੇ ਸਾਰੇ ਜਗਤ ਦੀ ਸੇਵਾ ਕਰਨਾ ਹੈ। ਗੁਰੂ ਅਮਰਦਾਸ ਨੇ ਕਈ ਥਾਈਂ ਜਗਤ ਨੂੰ ਹਰੀ ਦਾ ਰੂਪ ਆਖਿਆ ਹੈ ਅਤੇ ਗੁਰੂ ਸਾਹਿਬਾਨ ਨੇ ਜਗਤ ਦੇ ਉਧਾਰ ਲਈ ਅਨੇਕਾਂ ਕੁਰਬਾਨੀਆਂ ਭੀ ਕੀਤੀਆਂ ਹਨ। ਕਿਉਂਕਿ ਸਿੱਖ-ਧਰਮ ਵਿੱਚ ਗੁਰੂ ਤੋਂ ਭਾਵ "ਗੁਰਸਬਦ"( ਸਬਦੁ ਗੁਰੂ ਸੁਰਤਿ ਧੁਨਿ ਚੇਲਾ....ਰਾਮਕਲੀ ਮ:1 ਸਿਧ-ਗੋਸਟਿ)[2] ਹੈ, ਸੋ ਗੁਰੂ ਤੋਂ ਭਾਵ ਗੁਰਸਬਦ ਹੀ ਕਰਨਾ ਠੀਕ ਹੈ ਅਤੇ ਸੇਵਾ ਤੋਂ ਭਾਵ( ਵਿਸ਼ੇਸ਼ ਕਰਕੇ ਜਦੋਂ ਗੁਰੂ ਸਾਹਿਬਾਨ ਜੋਤੀ ਜੋਤਿ ਸਮਾਉਣ ਉਪਰੰਤ ਸਭ ਸ਼ਰਧਾਲੂਆਂ ਵਿੱਚ ਜੋਤਿ-ਸਰੂਪ ਹੋ ਕੇ ਵਰਤ ਰਹੇ ਹਨ) ਧਰਮ, ਸਮਾਜ, ਦੇਸ਼ ਅਤੇ ਜਗਤ ਦੀ ਸੇਵਾ ਹੈ।

ਸੇਵਾ ਕਰਨ ਸਮੇਂ ਸੇਵਕ ਦੀ ਹਉਮੈ ਸਭ ਤੋਂ ਪਹਿਲਾਂ ਨਾਸ਼ ਹੁੰਦੀ ਹੈ ਅਤੇ ਸ਼ਰਧਾ, ਪਿਆਰ ਅਤੇ ਨਿਰਮਾਣਤਾ-ਭਾਵ ਕਾਰਨ ਪ੍ਰਭੂ ਦੀ ਰਜ਼ਾ ਵਿੱਚ ਜੀਵਨ ਜਿਊਣ ਦੀ ਜਾਚ ਆਉਂਦੀ ਹੈ। ਗੁਰੂ ਅਤੇ ਪ੍ਰਭੂ ਦੇ ਭਾਣੇ ਵਿੱਚ ਰਹਿਣ ਕਰਕੇ ਤ੍ਰਿਭਵਣ ਦੀ ਸੋਝੀ ਤੋਂ ਛੁੱਟ ਸਹਜ ਅਤੇ ਪਰਮ-ਅਨੰਦ ਦੀ ਪ੍ਰਾਪਤੀ ਭੀ ਸਹਿਜ-ਸੁਭਾ ਹੋ ਜਾਂਦੀ ਹੈ। ਗੁਰੂ ਅਮਰਦਾਸ ਨੇ ਗੁਰ-ਸੇਵਾ ਦੀ ਮਹਿਮਾ ਇਸ ਪਰਕਾਰ ਗਾਇਨ ਕੀਤੀ ਹੈ:-

(1) ਗੁਰਸੇਵਾ ਤੇ ਸੁਖੁ ਪਾਈਐ ਹੋਰਥੈ ਸੁਖੁ ਨ ਭਾਲਿ ।
(ਬਿਹਾਗੜੇ ਕੀ ਵਾਰ ਮ:4 ਸ਼ਲੋਕ ਮ:3)[3]

(2) ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ।..(ਸਿਰੀ ਰਾਗੁ ਮ:3)[4]

(3) ਗੁਰਸੇਵਾ ਤੇ ਜੁਗ ਚਾਰੇ ਜਾਤੇ ।...... (ਮਾਝ ਮ:3)[5]

(4) ਗੁਰਸੇਵਾ ਤੇ ਹਰਿਨਾਮੁ ਪਾਇਆ।....... (ਮਾਝ ਮ:3)[6]

(5) ਸਤਿਗੁਰੁ ਸੇਵੇ ਸਦਾ ਮਨੁ ਨਿਰਮਲੁ ਨਿਜਘਰਿ ਵਾਸਾ ਪਾਵਣਿਆ ।
(ਮਾਝ ਮ:3)[7]

(6) ਹਰਿ ਮਹਾ ਗੁਰਭਗਤੀ ਪਾਈਐ ਸਹਜੇ ਮੰਨਿ ਵਸਾਵਣਿਆ ।
(ਮਾਝ ਮ:3)[6]

(7) ਗੁਰਸੇਵਾ ਤੇ ਤ੍ਰਿਭਵਣ ਸੋਝੀ ਹੋਇ। .....(ਆਸਾ ਮ:3)[8]

(8) ਸਤਿਗੁਰੁ ਸੇਵਹਿ ਪਰਮਗਤਿ ਪਾਵਹਿ ਨਾਮਿ ਮਿਲੈ ਵਡਿਆਈ ।
(ਭੈਰਉ ਮ:3)[9]

---

1.ਭਾਈ ਕਾਹਨ ਸਿੰਘ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1960, ਪੰਨਾ 311
2.ਆਦਿ-ਗ੍ਰੰਥ..........ਪੰਨਾ 943
3.ਆਦਿ-ਗ੍ਰੰਥ..........ਪੰਨਾ 548
4.ਆਦਿ-ਗ੍ਰੰਥ..........ਪੰਨਾ 34
5.ਆਦਿ-ਗ੍ਰੰਥ..........ਪੰਨਾ 111
6.ਆਦਿ-ਗ੍ਰੰਥ..........ਪੰਨਾ 116
7.ਆਦਿ-ਗ੍ਰੰਥ..........ਪੰਨਾ 120
8.ਆਦਿ-ਗ੍ਰੰਥ..... .....ਪੰਨਾ 423
9.ਆਦਿ-ਗ੍ਰੰਥ..........ਪੰਨਾ 1131

(8) ਇਸੇਤਰ੍ਹਾਂ ਗੁਰੂ ਦੇ ਭਾਣੇ ਵਿੱਚ ਚੱਲਣ ਦੇ ਫਲ-ਸਰੂਪ ਅਹੰਕਾਰ ਦਾ ਨਾਸ ਹੋ ਕੇ ਸਹਜ ਅਤੇ ਸਦਾ-ਸੁਖ ਦੀ ਪ੍ਰਾਪਤੀ ਹੁੰਦੀ ਹੈ, ਜਿਵੇਂ:-

(1) ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ।
(ਸਿਰੀ ਰਾਗੁ ਮ:3)[1]

(2) ਮਨੁ ਤਨੁ ਅਰਪੀ ਆਪੁ ਗਵਾਈ ਚਲਾ ਸਤਿਗੁਰ ਭਾਏ ।
(ਸਿਰੀ ਰਾਗੁ ਮ:3)[2]

(3) ਨਾਨਕ ਗੁਰ ਕੈ ਭਾਣੈ ਜੇ ਚਲਹਿ ਸਹਜੇ ਸਚਿ ਸਮਾਹਿ ।
(ਸਾਰੰਗ ਕੀ ਵਾਰ ਮ:4 ਸਲੋਕ ਮ:3)[3]

(4) ਭਾਣਾ ਮੰਨੇ ਸਦਾ ਸੁਖੁ ਹੋਇ ।........... (ਆਸਾ ਮ:3)[4]

(9) ਗੁਰੂ ਅਮਰਦਾਸ ਨੇ ਸਹਜ ਦੀ ਪ੍ਰਾਪਤੀ ਲਈ ਮਨੁੱਖੀ-ਸਰੀਰ ਨੂੰ ਬਹੁਤ ਮਹੱਤਵ ਦਿੱਤਾ ਹੈ। ਦੇਹੀ ਜਾਂ ਸਰੀਰ ਨੂੰ ਪ੍ਰਭੂ ਦਾ ਨਿਵਾਸ-ਅਸਥਾਨ(ਹਰਿਮੰਦਰ) ਆਖਣ ਤੋਂ ਛੁੱਟ ਉਨ੍ਹਾਂ ਦੇਹੀ ਜਾਂ ਕਾਇਆ ਵਿੱਚ ਬ੍ਰਹਿਮੰਡ ਦੇ ਅਨੇਕਾਂ ਨਜ਼ਾਰੇ ਵਿਖਾਏ ਹਨ। ਜਿਵੇਂ "ਬੋਧ-ਧਰਮ-ਦਰਸ਼ਨ" ਦੇ ਲੇਖਕ ਆਚਾਰੀਆ ਨਰੇਂਦਰ ਦੇਵ[5] ਨੇ ਸੰਕੇਤ ਕੀਤਾ ਹੈ, ਸਹਜਯਾਨੀ-ਸਾਧਨਾ ਦੀ ਸੰਚਾਲਕ "ਲਖਮੀਕਰਾ" (ਜੋ 687 ਤੋਂ 717 ਈਸਵੀ ਦੇ ਵਿਚਕਾਰਲੇ ਸਮੇਂ ਨਾਲ ਸੰਬੰਧਤ ਪ੍ਰਸਿਧ ਗਿਆਨ-ਸਿੱਧ "ਇੰਦ੍ਰ-ਭੂਤੀ" ਦੀ ਭੈਣ ਸੀ) ਨੇ ਆਪਣੇ ਗ੍ਰੰਥ "ਅਦਯ-ਸਿੱਧਿ" ਰਾਹੀਂ ਤਪੱਸਿਆ, ਕ੍ਰਿਯਾ ਅਤੇ ਮੂਰਤੀ-ਪੂਜਾ ਦਾ ਖੰਡਨ ਕਰਦੇ ਹੋਇਆਂ ਮਨੁੱਖੀ-ਸਰੀਰ ਨੂੰ ਸਰਬ-ਦੇਵਾਂ ਦਾ ਨਿਵਾਸ-ਅਸਥਾਨ ਆਖ ਕੇ ਇਸੇ ਦਾ ਧਿਆਨ ਕਰਨਾ ਆਪਣੇ ਵਿਧਾਨ ਵਿੱਚ ਸ਼ਾਮਿਲ ਕੀਤਾ। ਇਸ ਵਿੱਚ ਸ਼ੱਕ ਨਹੀਂ, ਕਿ ਗੁਰੂ ਅਮਰਦਾਸ(ਅਤੇ ਦੂਸਰੇ ਗੁਰੂ ਸਾਹਿਬਾਨ) ਨੇ ਮਨੁੱਖੀ-ਸਰੀਰ ਦੀ ਖੋਜ ਨੂੰ ਬਹੁਤ ਮਹੱਤਵ ਦਿੱਤਾ ਹੈ, ਪਰ ਉਨ੍ਹਾਂ ਦੀ ਸਹਜ-ਸਾਧਨਾ ਸਹਜਯਾਨੀਆਂ ਜਾਂ ਸਿੱਧਾਂ ਅਤੇ ਤੰਤ੍ਰਵਾਦੀਆਂ ਦੀਆਂ ਗੁਹਜ-ਸਾਧਨਾਵਾਂ ਦੇ ਟਾਕਰੇ ਵਿੱਚ ਬਹੁਤ ਸਰਲ ਅਤੇ ਸਪਸ਼ਟ ਹੈ। ਇਸੇਤਰ੍ਹਾਂ ਸਹਜ-ਸਾਧਨਾ ਦੇ ਨਾਮ ਉੱਤੇ ਭਾਰਤ ਵਿੱਚ ਕਈ ਸਾਧਨਾ-ਪੱਧਤੀਆਂ ਇਹੋ ਜਿਹੀਆਂ ਭੀ ਚੱਲਦੀਆਂ ਰਹੀਆਂ ਹਨ, ਜਿਨ੍ਹਾਂ ਵਿੱਚ ਸਰੀਰ ਇਤਨਾ ਪ੍ਰਧਾਨ ਹੋ ਗਿਆ ਸੀ, ਕਿ ਉਸ ਦੇ ਫਲ-ਸਰੂਪ ਕਈ ਤਰ੍ਹਾਂ ਦੀਆਂ ਸਦਾਚਾਰਕ-ਊਣਤਾਈਆਂ ਸੰਬੰਧਤ ਸਾਧਨਾ-ਪੱਧਤੀਆਂ ਦੇ ਅਨੁਯਾਈਆਂ ਵਿੱਚ ਆ ਗਈਆਂ। ਸੋ ਗੁਰੂ ਅਮਰਦਾਸ ਦੀ ਬਾਣੀ ਵਿੱਚ ਸਰੀਰ ਨੂੰ ਜੇ ਕੋਈ ਮਹੱਤਵ ਦਿੱਤਾ ਗਿਆ ਹੈ, ਤਾਂ ਉਹ ਕੇਵਲ "ਤਨ ਵਿੱਚੋਂ ਮਨ" ਢੂੰਡਣ ਅਰਥਾਤ ਆਪਣੇ ਅੰਦਰੋਂ ਸਹਜ-ਗਿਆਨ ਪ੍ਰਾਪਤ ਕਰਨ ਦਾ ਲਖ੍ਯਸ਼ ਉਨ੍ਹਾਂ ਪ੍ਰਚਾਰਿਆ ਹੈ। ਕਿਉਂਕਿ ਉਹ ਜਾਣਦੇ ਸਨ, ਕਿ ਸਰੀਰ ਨੂੰ ਬਹੁਤਾ ਮਹੱਤਵ ਦੇਣ ਦਾ ਅਰਥ ਕਈ ਅਗਿਆਨੀ ਉਲਟ ਭੀ ਸਮਝ ਸਕਦੇ ਹਨ, ਸੋ ਉਨ੍ਹਾਂ ਅਜਿਹੇ ਅਗਿਆਨੀਆਂ ਨੂੰ ਵਿਕਾਰਾਂ ਵਲੋਂ ਮੋੜਨ ਲਈ ਇਹ ਭੀ ਨਾਲ ਹੀ ਆਖਿਆ ਹੈ, ਕਿ ਇਹ ਸਰੀਰ ਜਜਰੀ ਹੈ ਅਤੇ ਇਸਲਈ ਇਸਦਾ ਕੋਈ ਭਰੋਸਾ ਨਹੀਂ। ਇਸੇਤਰ੍ਹਾਂ ਜੇਕਰ ਸਰੀਰ ਨੂੰ "ਹਰਿਮੰਦਰ" ਆਖਿਆ ਹੈ, ਤਾਂ ਨਾਲ ਹੀ ਚੇਤੰਨ ਕੀਤਾ ਹੈ, ਕਿ ਹਰੀ ਦੇ

---

1. ਆਦਿ-ਗ੍ਰੰਥ..........ਪੰਨਾ 65
2. ਆਦਿ-ਗ੍ਰੰਥ..........ਪੰਨਾ 68
3. ਆਦਿ-ਗ੍ਰੰਥ..........ਪੰਨਾ 1249
4. ਆਦਿ-ਗ੍ਰੰਥ..........ਪੰਨਾ 364
5. ਆਚਾਰੀਆ ਨਰੇਂਦਰ ਦੇਵ— ਬੋਧ-ਧਰਮ ਦਰਸ਼ਨ, 1956, ਪੰਨਾ 177

ਇਸ ਮੰਦਰ ਵਿੱਚ ਮਨ ਲੋਹੇ ਵਾਂਗ ਕਾਲਾ ਹੋ ਚੁੱਕਾ ਹੈ ਅਤੇ ਇਸਦੀ ਕਾਲਖ਼ ਪਾਰਸ-ਰੂਪੀ ਗੁਰੂ ਜਾਂ ਗੁਰਸ਼ਬਦ ਦੁਆਰਾ ਹੀ ਦੂਰ ਹੋ ਸਕਦੀ ਹੈ।

(10) ਗੁਰਮਤਿ ਸਹਜ-ਮਾਰਗ ਦਾ ਪ੍ਰਚਾਰ ਕਰਦੇ ਹੋਇਆਂ ਗੁਰੂ ਅਮਰਦਾਸ ਨੇ ਕਿਸੇ ਭੀ ਧਰਮ ਨੂੰ ਬੁਰਾ ਨਹੀਂ ਆਖਿਆ, ਸਗੋਂ ਵੱਖ ਵੱਖ ਧਰਮਾਂ ਦੇ ਅਨੁਯਾਈਆਂ ਵਿੱਚ ਬੁਰਾਈਆਂ ਨੂੰ ਵੇਖ ਕੇ ਉਨ੍ਹਾਂ ਉਸਾਰੂ-ਆਲੋਚਨਾ ਕਰਦੇ ਹੋਇਆਂ ਉਨ੍ਹਾਂ ਨੂੰ ਸਿੱਧੇ-ਰਾਹ ਪਾਉਣ ਦਾ ਜਤਨ ਕੀਤਾ ਹੈ। ਇਸੇ ਲੇਖ ਵਿੱਚ ਪਿੱਛੇ ਦੱਸਿਆ ਜਾ ਚੁੱਕਾ ਹੈ, ਕਿ ਗੁਰਦੇਵ ਨੇ ਬ੍ਰਾਹਮਣ, ਜੋਗੀ, ਮੋਨੀ, ਬੈਰਾਗੀ, ਭਗਉਤੀ ਅਤੇ ਸ਼ੇਖ ਆਦਿਕ ਦੁਆਰਾ ਬਾਹਰਮੁਖੀ-ਅਡੰਬਰਾਂ ਅਤੇ ਅਕਲੀ-ਚਤੁਰਾਈਆਂ ਦਾ ਖੰਡਨ ਕਰਕੇ ਸਹਿਜ-ਸੁਭਾ ਭਗਤੀ-ਸਾਧਨਾ ਕਰਨ ਦੀ ਪ੍ਰੇਰਨਾ ਕੀਤੀ ਹੈ।

(11) ਪ੍ਰਮਾਤਮਾ, ਜੀਵ, ਪ੍ਰਕ੍ਰਿਤੀ ਅਤੇ ਮਨੁੱਖ ਬਾਰੇ ਗੁਰੂ ਅਮਰਦਾਸ ਦਾ ਦ੍ਰਿਸ਼ਟੀਕੋਨ ਬਹੁਤ ਵਿਸ਼ਾਲ ਹੈ। ਜਿਵੇਂ ਗੁਰੂ ਅਮਰਦਾਸ ਦੀ ਬੋਲੀ ਅਤੇ ਅਨੁਭਵ ਵਾਲੇ ਲੇਖ ਦੁਆਰਾ ਅਤੇ ਇਸੇ ਹੱਥਲੇ-ਲੇਖ ਦੁਆਰਾ ਭੀ ਸਿੱਧ ਕੀਤਾ ਜਾ ਚੁੱਕਾ ਹੈ, ਗੁਰੂ ਅਮਰਦਾਸ ਦਾ ਜੀਵਨ-ਆਦਰਸ਼ ਸਾਰੀ ਮਨੁੱਖਤਾ ਨੂੰ ਗਲਵਕੜੀ ਵਿੱਚ ਲੈਣਾ ਹੈ। ਉਹ ਜਾਤਿ-ਪਾਤ, ਅਮੀਰ-ਗਰੀਬ, ਪੜ੍ਹੇ-ਅਨਪੜ੍ਹ, ਕਿਸੇ ਪਰਕਾਰ ਦੀ ਹੱਦਬੰਦੀ ਨੂੰ ਪਰਵਾਨ ਨਹੀਂ ਕਰਦੇ। ਇਸਤ੍ਰੀ-ਜਾਤੀ ਅਤੇ ਮਰਦ-ਜਾਤੀ ਨੂੰ ਉਨ੍ਹਾਂ ਸਮਾਨ-ਸਤਿਕਾਰ ਦਿੱਤਾ ਹੈ। ਉਨ੍ਹਾਂ ਦੀ ਕਵਿਤਾ ਵਿੱਚ ਰੱਬੀ-ਭੇਤਾਂ ਨੂੰ ਖੋਲ੍ਹਣ ਲਈ ਘੁਮਿਆਰਾਂ, ਝਿਊਰੀਆਂ, ਮਰਜੀਵੜਿਆਂ ਤੇ ਹੋਰ ਕਈ ਨੀਵੀਆਂ ਜਾਤਾਂ ਦੇ ਕਾਮਿਆਂ ਤੇ ਕਿਰਤੀਆਂ ਨੂੰ ਭੀ ਅਲੰਕਾਰ ਬਣਾ ਕੇ ਬ੍ਰਾਹਮਣਾਂ, ਖੱਤਰੀਆਂ ਅਤੇ ਸੌਦਾਗਰਾਂ-ਸਰਾਫ਼ਾਂ ਆਦਿਕ ਜਿਤਨਾ ਹੀ ਸਤਿਕਾਰ ਦਿੱਤਾ ਗਿਆ ਹੈ।

(12) ਸੋ ਗੁਰੂ ਅਮਰਦਾਸ ਦਾ ਗੁਰਮਤਿ ਸਹਜ-ਮਾਰਗ ਸਾਰੀ ਦੁਨੀਆਂ ਦੇ ਲੋਕਾਂ ਨੂੰ ਆਦਰਸ਼-ਸਮਾਜ ਬਣਾ ਕੇ ਸਦੀਵੀ-ਸੁਖ ਲਈ ਰਸਤਾ ਵਿਖਾ ਸਕਦਾ ਹੈ। ਗੁਰੂ ਅਮਰਦਾਸ ਦਾ ਸਹਜ-ਆਦਰਸ਼ ਰੱਬ ਜੇਡਾ ਵਿਸ਼ਾਲ ਹੈ। ਉਨ੍ਹਾਂ ਦਾ "ਅਨੰਦ" ਬਾਰੇ ਦ੍ਰਿਸ਼ਟੀਕੋਨ ਭੀ ਬ੍ਰਹਮ ਜਿਤਨਾ ਹੀ ਮਹਾਨ ਹੈ। ਪਰ ਉਨ੍ਹਾਂ ਦੁਆਰਾ ਪ੍ਰਚਾਰੇ ਗਏ "ਸਹਜ" ਤੇ "ਅਨੰਦ" ਪਲਾਇਨਵਾਦ ਵਾਂਗ ਸੁਪਨਮਈ-ਆਦਰਸ਼ ਨਹੀਂ, ਸਗੋਂ ਗੁਰਦੇਵ ਨੇ ਆਪਣੇ ਜੀਵਨ ਵਿੱਚ ਸਹਜ-ਅਨੰਦ ਦੇ ਫ਼ਲਸਫ਼ੇ ਨੂੰ ਕਮਾਉਣ ਪਿੱਛੋਂ ਹੀ ਉਸਦੀ ਵਿਆਖਿਆ ਕੀਤੀ ਹੈ। ਉਨ੍ਹਾਂ ਤੋਂ ਪਿੱਛੋਂ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਆਦਿਕ ਗੁਰੂ-ਸਾਹਿਬਾਨ ਨੇ ਭੀ ਸਹਜ-ਅਨੰਦ ਦੀ ਪ੍ਰਾਪਤੀ ਦੇ ਗੁਰਮਤਿ-ਮਾਰਗ ਨੂੰ ਅੱਗੇ ਦਾ ਅੱਗੇ ਤੋਰਿਆ ਹੈ। ਇੱਥੋਂ ਤਕ, ਕਿ ਸ਼ਾਹ-ਹੁਸੈਨ ਵਰਗਾ ਸੂਫ਼ੀ ਭੀ ਗੁਰੂ ਅਮਰਦਾਸ ਤੋਂ ਕੁਝ ਸਮਾਂ ਪਿੱਛੋਂ (ਗੁਰੂ ਅਰਜਨ ਦੇਵ ਦੇ ਸਮੇਂ) ਆਖਣ ਲੱਗ ਪਿਆ ਸੀ, "ਸਾਨੂੰ ਸਹਿਜ ਰੰਝਾ ਲੈ ਨੀ ਜਿੰਦੇ"। ਅੱਜ ਭੀ ਦੁਨੀਆਂ ਨੂੰ ਸਹਜ ਤੇ ਅਨੰਦ ਦੀ ਲੋੜ ਹੈ, ਪਰ ਜਦੋਂ ਤਕ ਗੁਰਸ਼ਬਦ ਦੁਆਰਾ ਦੁਨੀਆਂ ਆਪਣੇ ਅੰਦਰੋਂ ਸਹਜ-ਅਨੰਦ ਨੂੰ ਨਹੀਂ ਖੋਜੇਗੀ, ਪੁਲਾੜ-ਯਾਤ੍ਰਾ ਦੁਆਰਾ ਚੰਨ ਵਿੱਚ ਪਹੁੰਚ ਕੇ ਭੀ ਸ਼ਾਇਦ ਸਦੀਵੀ-ਸੁਖ ਨਾ ਮਿਲੇ।

*.*.*.*.*.*.*.*.*.*.*.*.*.*.*.*

## ਉਪਸੰਹਾਰ

ਗੁਰੂ ਅਮਰਦਾਸ ਦੇ ਜੀਵਨ, ਸ਼ਖ਼ਸੀਅਤ ਅਤੇ ਬਾਣੀ ਦੇ ਅਨੇਕਾਂ ਪੱਖਾਂ ਬਾਰੇ ਡੂੰਘੀ ਅਤੇ ਵਿਸ਼ਾਲ ਖੋਜ ਕਰਨ ਉਪਰੰਤ ਇਹੋ ਸਿੱਧ ਹੁੰਦਾ ਹੈ, ਕਿ ਉਹ ਮਧਕਾਲੀਨ ਭਾਰਤ ਦੇ ਇਕ ਮਹਾਨ ਰਹੱਸਵਾਦੀ, ਸੰਤ, ਕਵੀ, ਗੁਰੂ ਅਤੇ ਸਮਾਜ-ਸੁਧਾਰਕ ਸਨ।

ਰਹੱਸਵਾਦੀ ਜਾਂ ਸੰਤ ਦੇ ਰੂਪ ਵਿੱਚ ਗੁਰੂ ਅਮਰਦਾਸ ਦਾ ਅਸਥਾਨ ਫ਼ਰੀਦ ਸ਼ਕਰਗੰਜ, ਕਬੀਰ ਅਤੇ ਗੁਰੂ ਨਾਨਕ ਵਰਗੇ ਜਗਤ-ਪ੍ਰਸਿਧ ਮਹਾਂ-ਪੁਰਖਾਂ ਦੀ ਕਤਾਰ ਵਿੱਚ ਹੈ। ਕਵੀ ਦੇ ਰੂਪ ਵਿੱਚ ਭੀ ਉਨ੍ਹਾਂ ਦਾ ਦਰਜਾ ਬਹੁਤ ਉੱਚਾ ਹੈ। ਡੂੰਘੇ ਤੋਂ ਡੂੰਘੇ ਅਧਿਆਤਮਕ-ਭੇਤਾਂ ਨੂੰ ਸੌਖੇ ਤੋਂ ਸੌਖੇ ਢੰਗ ਨਾਲ ਆਖਣ ਵਿੱਚ ਗੁਰੂ ਅਮਰਦਾਸ ਨੂੰ ਕਮਾਲ ਹਾਸਲ ਹੈ।

ਪਰ ਇਸਦਾ ਇਹ ਭਾਵ ਨਹੀਂ, ਕਿ ਗੁਰੂ ਅਮਰਦਾਸ ਦੀ ਕਵਿਤਾ ਦਾ ਕਲਾ-ਪੱਖ ਮਹਾਨ ਨਹੀਂ, ਸਗੋਂ ਇਹ ਆਖਣਾ ਵਧੇਰੇ ਠੀਕ ਹੈ, ਕਿ ਗੁਰੂ ਅਮਰਦਾਸ ਦੀ ਕਵਿਤਾ ਵਿੱਚ ਕਲਾ ਦੀ ਪ੍ਰਦਰਸ਼ਨੀ ਦੀ ਥਾਂ ਸੋਚ ਦਾ ਦਰਸ਼ਨ ਉਸਦੀ ਕੁਦਰਤੀ-ਸੁੰਦਰਤਾ ਅਰਥਾਤ ਬੇਥਵੇ ਅਤੇ ਬੇਮੇਚੇ ਅਲੰਕਾਰਾਂ ਦੇ ਬੇਲੋੜੇ ਹਾਰ-ਸ਼ਿੰਗਾਰ ਤੋਂ ਬਿਨਾ ਨਿਰਛਲ-ਰੂਪ ਵਿੱਚ ਹੁੰਦਾ ਹੈ। ਵੰਨ-ਸੁਵੰਨੇ ਅਲੰਕਾਰ, ਬਿੰਬ ਅਤੇ ਪ੍ਰਤੀਕ ਆਏ ਤਾਂ ਹਨ, ਪਰ ਸਹਿਜ-ਸੁਭਾ, ਜਿਵੇਂ ਉਨ੍ਹਾਂ ਦਾ ਜਨਮ ਸੰਬੰਧਤ ਵਿਚਾਰਾਂ ਦੇ ਨਾਲ ਹੀ ਹੋਇਆ ਹੋਵੇ। ਇਸੇਲਈ ਗੁਰੂ ਅਮਰਦਾਸ ਦੇ ਅਲੰਕਾਰ ਅਤੇ ਪ੍ਰਤੀਕ ਸੋਚ ਨੂੰ ਜੰਦਰਾ ਮਾਰਨ ਦੀ ਥਾਂ ਵਿਚਾਰਾਂ ਨੂੰ ਸਪਸ਼ਟ ਕਰਨ ਤੋਂ ਛੁੱਟ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਵਿੱਚ ਭੀ ਸਹਾਇਤਾ ਕਰਦੇ ਹਨ।

ਇਹੋ ਵਿਸ਼ੇਸ਼ਤਾ ਗੁਰੂ ਅਮਰਦਾਸ ਦੀ ਬਾਣੀ ਵਿੱਚ ਪ੍ਰਯੋਗ ਕੀਤੇ ਗਏ ਰਾਗਾਂ, ਰਾਗਨੀਆਂ, ਕਾਵਿ-ਭੇਦਾਂ ਅਤੇ ਵੰਨ-ਸੁਵੰਨੇ ਛੰਦਾਂ ਵਿੱਚ ਵੇਖੀ ਜਾ ਸਕਦੀ ਹੈ। ਡੇਢ ਦਰਜਨ ਦੇ ਕਰੀਬ ਰਾਗਾਂ, ਰਾਗਨੀਆਂ, ਇਕ ਦਰਜਨ ਤੋਂ ਵਧੀਕ ਕਾਵਿ-ਭੇਦਾਂ (ਉਪ-ਭੇਦਾਂ ਸਮੇਤ) ਅਤੇ ਤਿੰਨਾਂ ਦਰਜਨਾਂ ਤੋਂ ਵਧੀਕ ਛੰਦਾਂ ਦੇ ਪ੍ਰਯੋਗ ਬਾਰੇ ਵਿਸਥਾਰ ਸਹਿਤ ਵਿਚਾਰ ਕੀਤੀ ਜਾ ਚੁੱਕੀ ਹੈ। ਇਹ ਭੀ ਸਿੱਧ ਕੀਤਾ ਜਾ ਚੁੱਕਾ ਹੈ, ਕਿ ਰਾਗਾਂ, ਰਾਗਨੀਆਂ, ਕਾਵਿ-ਭੇਦਾਂ ਅਤੇ ਛੰਦ-ਪ੍ਰਬੰਧ ਦੇ ਪੱਖ ਤੋਂ ਗੁਰੂ ਅਮਰਦਾਸ ਦੀ ਕਵਿਤਾ ਦਾ ਮਧਕਾਲੀਨ-ਭਾਰਤ ਦੀ ਰਾਗ-ਪਰੰਪਰਾ ਅਤੇ ਪਿੰਗਲ-ਸ਼ਾਸਤਰ ਨਾਲ ਅਨਿਖੜ ਸੰਬੰਧ ਹੈ। ਪਰ ਨਾਲ ਹੀ ਇਹ ਭੀ ਸਿੱਧ ਕੀਤਾ ਜਾ ਚੁੱਕਾ ਹੈ, ਕਿ ਗੁਰੂ ਅਮਰਦਾਸ ਦੀ ਮਹਾਨ ਸ਼ਖਸੀਅਤ ਨੇ ਮਧਕਾਲੀਨ ਰਾਗ-ਪਰੰਪਰਾ ਜਾਂ ਰਵਾਇਤੀ ਛੰਦ-ਪ੍ਰਬੰਧ ਨੂੰ ਆਪਣੇ ਅਨੁਭਵ ਜਾਂ ਵਿਚਾਰਾਂ ਦੇ ਪ੍ਰਗਟਾਉ ਉਤੇ ਹਾਵੀ ਨਹੀਂ ਹੋਣ ਦਿੱਤਾ, ਸਗੋਂ ਰਾਗਾਂ, ਰਾਗਨੀਆਂ, ਕਾਵਿ-ਭੇਦਾਂ ਅਤੇ ਛੰਦ-ਪ੍ਰਬੰਧ ਨੂੰ

ਆਪਣੇ ਭਾਵਾਂ ਦੇ ਵੇਗ ਦੇ ਪਿੱਛੇ ਤੋਰਿਆ ਹੈ। ਸੋ ਰੂਪਕ-ਪੱਖ ਤੋਂ ਭੀ ਗੁਰੂ ਅਮਰਦਾਸ ਦੀ ਕਾਵਿ-ਕਲਾ ਦਾ ਨਿਵੇਕਲਾ-ਰੰਗ ਹੈ ਅਤੇ ਇਸ ਪੱਖ ਤੋਂ ਭੀ ਉਨ੍ਹਾਂ ਦਾ ਅਸਥਾਨ ਭਾਰਤ ਦੇ ਸ੍ਰਿਰੋਮਣੀ ਸੰਤ-ਕਵੀਆਂ ਵਿੱਚ ਹੈ।

ਜਿੱਥੋਂ ਤਕ ਗੁਰੂ ਅਮਰਦਾਸ ਦੀ ਬੋਲੀ ਦਾ ਸੰਬੰਧ ਹੈ, ਪੰਦਰ੍ਹਵੀਂ ਤੇ ਸੋਲ੍ਹਵੀਂ ਸਦੀ ਦੀ ਮਾਝੀ (ਅੰਮ੍ਰਿਤਸਰ ਦੇ ਆਸ-ਪਾਸ ਦੀ ਬੋਲੀ) ਦੀ ਉਸਤੋਂ ਵਧੇਰੇ ਪ੍ਰਮਾਣੀਕ ਵੰਨਗੀ ਕਿਤੇ ਨਹੀਂ ਮਿਲਦੀ। ਜੋ ਲੋਕ ਸਿੱਖ-ਗੁਰੂਆਂ ਦੀ ਬੋਲੀ ਨੂੰ ਹਿੰਦੀ, ਬ੍ਰਜੀ ਜਾਂ ਸੰਤ-ਭਾਖਾ ਆਖ ਕੇ ਚੁੱਪ ਕਰ ਜਾਂਦੇ ਹਨ, ਉਨ੍ਹਾਂ ਲਈ ਗੁਰੂ ਅਮਰਦਾਸ ਦੀ ਬਾਣੀ ਵਿੱਚ ਵਰਤੀ ਗਈ ਪੰਜਾਬੀ ਇਕ ਬਹੁਤ ਵੱਡੀ ਵੰਗਾਰ ਹੈ। ਗੁਰੂ ਅਮਰਦਾਸ ਦੀ ਬੋਲੀ ਵਿੱਚੋਂ ਉਸ ਸਮੇਂ ਦੀ ਲੋਕ-ਬੋਲੀ ਜਾਂ ਜਨ-ਸਧਾਰਨ ਦੀ ਬੋਲੀ ਦੀਆਂ ਧੁਨੀਆਂ ਅਤੇ ਮੁਹਾਵਰਾ ਇਤਨਾ ਸਪਸ਼ਟ ਅਤੇ ਉਜਾਗਰ ਹੈ, ਕਿ ਉਨ੍ਹਾਂ ਦੀ ਬੋਲੀ ਦਾ ਅਧਿਅਨ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਅਰਥਾਤ ਪੰਜਾਬੀ ਬੋਲੀ ਦੇ ਵਿਕਾਸ ਦੀ ਦ੍ਰਿਸ਼ਟੀ ਤੋਂ ਕਿਸੇ ਭੀ ਪ੍ਰਾਚੀਨ ਪੰਜਾਬੀ ਕਵੀ ਨਾਲੋਂ ਘੱਟ ਮਹੱਤਵ ਨਹੀਂ ਰੱਖਦਾ। ਫ਼ਰੀਦ ਸ਼ਕਰਗੰਜ, ਗੁਰੂ ਨਾਨਕ ਅਤੇ ਗੁਰੂ ਅਮਰਦਾਸ ਪ੍ਰਾਚੀਨ ਪੰਜਾਬੀ ਦੇ ਤਿੰਨ ਪ੍ਰਤਿਨਿਧ ਕਵੀ ਹਨ। ਕਿਉਂਕਿ ਫ਼ਰੀਦ ਦੀ ਕਵਿਤਾ ਮਾਝੀ ਦੀ ਥਾਂ ਉਸ ਸਮੇਂ ਦੀ ਮੁਲਤਾਨੀ ਜਾਂ ਲਹਿੰਦੀ ਦੀ ਪ੍ਰਤਿਨਿਧਤਾ ਕਰਦੀ ਹੈ ਅਤੇ ਗੁਰੂ ਨਾਨਕ ਦਾ ਜਨਮ ਭੀ ਤਲਵੰਡੀ (ਜ਼ਿਲਾ ਸ਼ੇਖੂਪੁਰਾ-ਪਾਕਿਸਤਾਨ) ਅਰਥਾਤ ਪੱਛਮੀ-ਪੰਜਾਬ ਵਿੱਚ ਹੋਣ ਉਪਰੰਤ ਉਨ੍ਹਾਂ ਦੀ ਬੋਲੀ ਨੇ ਫ਼ਾਰਸੀ, ਅਰਬੀ ਅਤੇ ਮਧਕਾਲੀਨ-ਭਾਰਤ ਦੀ ਪਰੰਪਰਾਗਤ-ਬੋਲੀ ਦਾ ਸੰਘਣਾ ਪ੍ਰਭਾਵ ਕਬੂਲ ਕੀਤਾ ਹੈ, ਸੋ ਗੁਰੂ ਨਾਨਕ ਦੀ ਕਵਿਤਾ ਵਿਚਲੀ ਬੋਲੀ ਉਸ ਸਮੇਂ ਦੀ ਮਾਝੀ ਦੀ ਸ਼ੁੱਧ-ਰੂਪ ਵਿੱਚ ਪ੍ਰਤਿਨਿਧਤਾ ਨਹੀਂ ਕਰ ਸਕਦੀ। ਗੁਰੂ ਅੰਗਦ ਦੇਵ ਨੇ ਜ਼ਰੂਰ ਗੁਰੂ ਅਮਰਦਾਸ ਤੋਂ ਪਹਿਲਾਂ ਬਾਣੀ ਰਚੀ, ਪਰ ਅੱਵਲ ਉਨ੍ਹਾਂ ਦੀ ਬਾਣੀ ਆਕਾਰ ਦੇ ਪੱਖ ਤੋਂ ਬਹੁਤ ਥੋੜ੍ਹੀ ਹੈ, ਦੂਸਰੇ ਜਿਵੇਂ ਮੈਕਾਲਿਫ਼[1] ਨੇ ਮੰਨਿਆ ਹੈ, ਗੁਰੂ ਅੰਗਦ ਦਾ ਜਨਮ "ਮੱਤੇ ਦੀ ਸਰਾਂ" (ਜ਼ਿਲਾ ਫ਼ੀਰੋਜ਼ਪੁਰ) ਵਿੱਚ ਅਰਥਾਤ ਮਾਲਵੇ ਦੀ ਧਰਤੀ ਉੱਤੇ ਹੋਇਆ। ਸੋ ਪ੍ਰਾਚੀਨ ਪੰਜਾਬੀ ਕਵੀਆਂ ਵਿੱਚੋਂ ਅੰਮ੍ਰਿਤਸਰ ਦੇ ਆਸ ਪਾਸ ਦੇ ਇਲਾਕੇ ਨਾਲ ਸੰਬੰਧਤ ਗੁਰੂ ਅਮਰਦਾਸ ਹੀ ਇੱਕੋ-ਇੱਕ ਅਜਿਹੇ ਕਵੀ ਹਨ, ਜਿਨ੍ਹਾਂ ਦੀ ਕਵਿਤਾ ਆਦਿ-ਗ੍ਰੰਥ ਵਿੱਚ ਸੁਰੱਖਿਅਤ ਹੈ ਅਤੇ ਉਸ ਰਾਹੀਂ ਪੰਦਰ੍ਹਵੀਂ-ਸੋਲ੍ਹਵੀਂ ਸਦੀ ਦੀ ਮਾਝੀ ਜਾਂ ਅੰਮ੍ਰਿਤਸਰ ਦੇ ਆਸ-ਪਾਸ ਦੀ ਪੰਜਾਬੀ ਦਾ ਸਰਵੇਖਣ ਕੀਤਾ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਆਖਿਆ ਜਾ ਸਕਦਾ ਹੈ, ਕਿ ਗੁਰੂ ਅਮਰਦਾਸ ਪ੍ਰਾਚੀਨ ਪੰਜਾਬੀ ਦੇ ਚੋਣਵੇਂ ਕਵੀ ਅਤੇ ਅੰਮ੍ਰਿਤਸਰ ਦੇ ਆਸ-ਪਾਸ ਦੀ ਬੋਲੀ ਦੇ ਸਭ ਤੋਂ ਪੁਰਾਣੇ ਕਵੀ ਹਨ।

ਜਿੱਥੋਂ ਤਕ ਗੁਰੂ ਅਮਰਦਾਸ ਦੀ ਵਿਚਾਰਧਾਰਾ ਦਾ ਸੰਬੰਧ ਹੈ, ਮੂਲ-ਰੂਪ ਵਿੱਚ ਬੇਸ਼ਕ ਉਨ੍ਹਾਂ ਗੁਰੂ ਨਾਨਕ ਦੇ ਗੁਰਮਤਿ-ਮਾਰਗ ਨੂੰ ਹੀ ਅੱਗੇ ਤੋਰਿਆ ਹੈ, ਪਰ ਦੋਹਾਂ ਗੁਰੂ-ਕਵੀਆਂ ਦੀ ਸ਼ਖ਼ਸੀਅਤ ਦਾ

1. M.A. Macauliffe- The Sikh Religion (Vol. 2), 1909, P.1

ਵਿਕਾਸ ਵੱਖੋ ਵੱਖਰੀਆਂ ਪ੍ਰਸਥਿਤੀਆਂ ਅਨੁਸਾਰ ਹੋਣ ਕਰਕੇ, ਉਨ੍ਹਾਂ ਦੇ ਵਿਚਾਰਾਂ ਦੀ ਸੇਧ ਇਕ ਹੁੰਦੇ ਹੋਇਆਂ ਭੀ ਦੋਹਾਂ ਦੇ ਅਨੁਭਵ ਦੇ ਪ੍ਰਗਟਾਉ ਦੀਆਂ ਵਿਸ਼ੇਸ਼ਤਾਈਆਂ ਆਪੋ ਆਪਣੀਆਂ ਹਨ। ਗੁਰੂ ਨਾਨਕ ਦਾ ਅਨੁਭਵ-ਖੇਤਰ ਬਹੁਤ ਵਿਸ਼ਾਲ ਹੈ ਅਤੇ ਸੱਚ ਨੂੰ ਆਮ ਕਰਕੇ ਸੁੰਦਰ ਅਲੰਕਾਰਾਂ ਅਤੇ ਬਿੰਬਾਂ ਦੁਆਰਾ ਇਸ਼ਾਰਿਆਂ ਨਾਲ ਹੀ ਸਮਝਾਇਆ ਗਿਆ ਹੈ, ਪਰ ਗੁਰੂ ਅਮਰਦਾਸ ਦਾ ਅਨੁਭਵ ਗੁਰਮਤਿ ਦੇ ਕੇਂਦਰੀ-ਫਲਸਫੇ ਦੇ ਦੁਆਲੇ ਹੀ ਘੁੰਮਦਾ ਹੈ। ਦੂਜੇ ਇਸ ਵਿਚਲਾ ਸੱਚ ਘੱਟ ਅਲੰਕ੍ਰਿਤ ਹੋਣ ਕਰਕੇ ਵਧੇਰੇ ਸਰਲ ਅਤੇ ਸਪਸ਼ਟ ਹੈ। ਕਿਉਂਕਿ ਗੁਰੂ ਅਮਰਦਾਸ ਨੇ ਸਹਜ, ਅਨੰਦ, ਗੁਰੂ-ਭਗਤੀ, ਗੁਰਸ਼ਬਦ ਅਤੇ ਗੁਰੂ-ਸੇਵਾ ਆਦਿਕ ਕੁਝ ਅਧਿਆਤਮਕ-ਵਿਸ਼ਿਆਂ ਉੱਤੇ ਵਿਸ਼ੇਸ਼ ਬਲ ਦਿੱਤਾ ਹੈ ਅਤੇ ਆਪਣੇ ਨਿੱਜੀ-ਅਨੁਭਵ ਦੁਆਰਾ ਉਨ੍ਹਾਂ ਬਾਰੇ ਮੌਲਿਕ ਅਤੇ ਵਿਸਥਾਰ-ਪੂਰਵਕ ਵਿਚਾਰ ਪਰਗਟ ਕੀਤੇ ਹਨ, ਸੋ ਇਸ ਬਾਰੇ ਕੋਈ ਸ਼ੰਕਾ ਨਹੀਂ ਰਹਿ ਜਾਂਦਾ, ਕਿ ਗੁਰੂ ਅਮਰਦਾਸ ਨੇ ਗੁਰੂ ਨਾਨਕ ਦੇ ਗੁਰਮਤਿ-ਮਾਰਗ ਨੂੰ ਵਧੇਰੇ ਸਰਲ ਅਤੇ ਸਪਸ਼ਟ ਕਰਕੇ ਉਸਦੇ ਪ੍ਰਚਾਰ ਨੂੰ ਵਧਾਇਆ ਫੁਲਾਇਆ ਹੈ।

ਕਈ ਪ੍ਰਚੀਨ ਸਾਖੀਕਾਰਾਂ ਤੋਂ ਛੁੱਟ ਮੈਲਕਮ, ਕਨਿੰਘਮ ਅਤੇ ਮੈਕਾਲਿਫ਼ ਆਦਿਕ ਪੱਛਮੀ ਲੇਖਕਾਂ ਨੇ ਭੀ ਸੰਕੇਤ ਕੀਤਾ ਹੈ, ਕਿ ਗੁਰੂ ਅਮਰਦਾਸ ਨੇ ਗੁਰਮਤਿ ਦੇ ਪ੍ਰਚਾਰ ਲਈ ਭਾਰਤ ਦੇ ਵੱਖ ਵੱਖ ਇਲਾਕਿਆਂ ਵਿੱਚ "ਬਾਈ-ਮੰਜੀਆਂ" ਅਸਥਾਪਨ ਕੀਤੀਆਂ। ਬੇਸ਼ਕ ਗੁਰੂ ਅਮਰਦਾਸ ਦੁਆਰਾ "ਬਾਈ-ਮੰਜੀਆਂ" ਦੀ ਅਸਥਾਪਨਾ ਬਾਰੇ ਭਰੋਸੇ-ਯੋਗ ਗਵਾਹੀਆਂ ਨਹੀਂ ਮਿਲਦੀਆਂ, ਪਰ ਇਸ ਗੱਲ ਬਾਰੇ ਕਈ ਪ੍ਰਮਾਣ ਜ਼ਰੂਰ ਮਿਲਦੇ ਹਨ, ਕਿ ਗੁਰੂ ਅਮਰਦਾਸ ਦੇ ਸਮੇਂ ਗੁਰਮਤਿ ਦਾ ਪ੍ਰਚਾਰ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਕਈ ਪ੍ਰਾਂਤਾਂ ਵਿੱਚ ਭੀ ਹੋਇਆ। ਇਸੇਤਰ੍ਹਾਂ ਗੁਰੂ ਨਾਨਕ ਵਾਂਗ ਗੁਰੂ ਅਮਰਦਾਸ ਦੁਆਰਾ ਵਰੋਸਾਏ ਸਿੱਖਾਂ ਵਿੱਚ ਬਿਨਾ ਜਾਤ-ਪਾਤ ਦੇ ਵਿਤਕਰੇ ਦੇ ਬ੍ਰਾਹਮਣ, ਖੱਤਰੀ, ਵੈਸ਼ ਅਤੇ ਕਈ ਸ਼ੂਦਰ (ਛੀਂਬੇ, ਤਰਖਾਣ, ਲੋਹਾਰ, ਆਦਿਕ) ਭੀ ਸ਼ਾਮਿਲ ਸਨ। ਕਈ ਪ੍ਰਾਚੀਨ ਲਿਖਤਾਂ ਅਨੁਸਾਰ ਗੁਰੂ ਅਮਰਦਾਸ ਦੇ ਸ਼ਰਧਾਲੂਆਂ ਵਿੱਚ ਕਈ ਮੁਸਲਮਾਨ ਭੀ ਸਨ।

ਇਸ ਬਾਰੇ ਭੀ ਕਈ ਪ੍ਰਮਾਣ ਮਿਲਦੇ ਹਨ, ਕਿ ਗੁਰੂ ਅਮਰਦਾਸ ਨੇ ਸਿੱਖ-ਸਮਾਜ ਦੀ ਜੱਥੇਬੰਦੀ ਲਈ ਭੀ ਕਈ ਉਪਰਾਲੇ ਕੀਤੇ। ਹਰ ਸਾਲ ਵਿਸਾਖੀ ਦੇ ਮੇਲੇ ਦਾ ਪ੍ਰਬੰਧ ਕਰਕੇ ਵੱਖ ਵੱਖ ਇਲਾਕਿਆਂ ਦੇ ਸਿੱਖਾਂ ਅਤੇ ਸ਼ਰਧਾਲੂਆਂ ਨੂੰ ਇਕੱਠੇ ਕਰਨ ਦੀ ਪਿਰਤ ਗੁਰੂ ਅਮਰਦਾਸ ਨੇ ਹੀ ਪਾਈ ਸੀ। ਇਸੇਤਰ੍ਹਾਂ ਗੋਇੰਦਵਾਲ ਵਿੱਚ ਬਾਉਲੀ ਤਿਆਰ ਕਰਨ ਉਪਰੰਤ ਉਨ੍ਹਾਂ ਗੁਰਮਤਿ ਦੇ ਪ੍ਰਚਾਰ ਲਈ ਕਈ ਇਹੋ ਜਿਹੇ ਕੰਮ ਕੀਤੇ, ਕਿ ਗੋਇੰਦਵਾਲ ਸਿੱਖ-ਧਰਮ ਦੇ ਪ੍ਰਚਾਰ ਦਾ ਬਹੁਤ ਵੱਡਾ ਕੇਂਦਰ ਬਣ ਗਿਆ।

ਸਾਹਿਤ, ਵਿਸ਼ੇਸ਼ ਕਰਕੇ ਗੁਰਬਾਣੀ ਦੀ ਸੰਭਾਲ ਲਈ ਭੀ ਗੁਰੂ ਅਮਰਦਾਸ ਨੇ ਗੁਰੂ ਅਰਜਨ ਦੇਵ ਦੀ ਬਾਲ-ਵਰੇਸ ਵਿੱਚ ਹੀ ਗੁਰੂ ਨਾਨਕ, ਗੁਰੂ ਅੰਗਦ, ਕਬੀਰ, ਫ਼ਰੀਦ, ਨਾਮਦੇਵ ਅਤੇ ਕਈ ਹੋਰ ਭਗਤਾਂ ਦੀ ਬਾਣੀ ਭੀ ਇਕੱਤਰ ਕਰਵਾ ਲਈ ਸੀ। ਬਾਬੇ ਮੋਹਨ ਦੀਆਂ ਜਿਹੜੀਆਂ ਪੋਥੀਆਂ ਤੋਂ ਗੁਰੂ ਅਰਜਨ ਦੇਵ ਨੇ ਆਦਿ-ਗ੍ਰੰਥ ਦੀ ਸੰਪਾਦਨਾ ਸਮੇਂ ਲਾਭ ਉਠਾਇਆ ਸੀ, ਉਨ੍ਹਾਂ ਦੇ ਅਸਲ ਲੇਖਕ ਬਾਰੇ ਪੱਕੀ ਤਰ੍ਹਾਂ ਕੁਝ

ਨਹੀਂ ਆਖਿਆ ਜਾ ਸਕਦਾ, ਪਰ ਇਕ ਦੋ ਪ੍ਰਮਾਣ ਅਜਿਹੇ ਮਿਲਦੇ ਹਨ, ਜੋ ਸੰਕੇਤ ਕਰਦੇ ਹਨ, ਕਿ ਸੰਬੰਧਤ ਪੋਥੀਆਂ ਗੁਰੂ ਅਮਰਦਾਸ ਗੁਰਗੱਦੀ ਦੇ ਸਮੇਂ ਹੀ ਤਿਆਰ ਕੀਤੀਆਂ ਗਈਆਂ ਸਨ।

ਇਹ ਗੱਲ ਭੀ ਗੁਰੂ ਅਮਰਦਾਸ ਦੀ ਕਾਵਿ-ਸ਼ਖ਼ਸੀਅਤ ਨੂੰ ਮਹਾਨ ਬਣਾਉਂਦੀ ਹੈ, ਕਿ ਉਨ੍ਹਾਂ ਜਗਤ-ਪ੍ਰਸਿਧ ਕਵੀ ਫ਼ਰੀਦ ਸ਼ੁਕਰਗੰਜ ਦੇ ਕੁਝ ਸ਼ਲੋਕਾਂ ਵਿਚਲੀ ਵਿਚਾਰਧਾਰਾ ਨਾਲ ਅਸੰਮਤੀ ਪਰਗਟ ਕਰਦੇ ਹੋਇਆਂ ਸੰਬੰਧਤ ਸ਼ਲੋਕਾਂ ਦੇ ਜੁਆਬ ਵਿੱਚ ਆਪ ਭੀ ਕੁਝ ਸ਼ਲੋਕ ਲਿਖੇ। ਕੋਈ ਮਹਾਨ ਕਵੀ ਹੀ ਕਿਸੇ ਮਹਾਨ ਕਵੀ ਉਤੇ ਆਲੋਚਨਾ ਕਰਨ ਦੀ ਦਲੇਰੀ ਕਰ ਸਕਦਾ ਹੈ। ਬੇਸ਼ੱਕ ਗੁਰੂ ਅਮਰਦਾਸ ਤੋਂ ਪਹਿਲਾਂ ਇਸ ਬਾਰੇ ਗੁਰੂ ਨਾਨਕ ਪਿਰਤ ਪਾ ਚੁੱਕੇ ਸਨ, ਫੇਰ ਭੀ ਗੁਰੂ ਅਮਰਦਾਸ ਨੂੰ ਇਕ ਮਹਾਨ ਕਵੀ ਹੋਣ ਤੋਂ ਛੁੱਟ ਪੰਜਾਬੀ ਦੇ ਮੋਢੀ ਆਲੋਚਕਾਂ ਵਿੱਚ ਭੀ ਗਿਣਿਆ ਜਾ ਸਕਦਾ ਹੈ।

ਇਕ ਰਹੱਸਵਾਦੀ ਦੇ ਰੂਪ ਵਿੱਚ ਗੁਰੂ ਅਮਰਦਾਸ ਦਾ ਰੱਬ ਬਾਰੇ ਦ੍ਰਿਸ਼ਟੀਕੋਣ ਬਹੁਤ ਮਹਾਨ ਹੈ। ਉਨ੍ਹਾਂ ਗੁਰੂ ਨਾਨਕ ਵਾਂਗ ਹੀ ਰੱਬ ਨੂੰ ਅਜੋਨੀ, ਆਪਣੇ ਆਪ ਪਰਗਟ ਹੋਣ ਵਾਲਾ ਅਤੇ ਅਵਿਨਾਸ਼ੀ ਮੰਨਿਆ ਹੈ। ਅਵਿਤਾਰਵਾਦ ਦੇ ਸਿਧਾਂਤ ਨਾਲ ਅਸੰਮਤੀ ਪਰਗਟ ਕਰਕੇ ਉਨ੍ਹਾਂ ਆਪਣਾ ਇਸ਼ਟ-ਦੇਵ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਮੰਨਿਆ। ਇਸਤਰ੍ਹਾਂ ਗੁਰੂ ਅਮਰਦਾਸ ਦਾ ਅਧਿਆਤਮਕ-ਅਨੁਭਵ ਸਾਰੀ ਮਨੁੱਖਤਾ ਲਈ ਸਾਂਝਾ ਬਣ ਜਾਂਦਾ ਹੈ। ਇਹ ਗੱਲ ਭੀ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਹੋਰ ਵਿਸ਼ਾਲ ਬਣਾਉਂਦੀ ਹੈ, ਕਿ ਉਨ੍ਹਾਂ ਗੁਰੂ ਨਾਨਕ ਵਾਂਗ ਹੀ ਬ੍ਰਹਮ ਦੇ ਦੋਵੇਂ ਸਰੂਪ (ਨਿਰਗੁਣ ਅਤੇ ਸਰਗੁਣ) ਪਰਵਾਨ ਕੀਤੇ ਹਨ।

ਕਿਉਂਕਿ ਗੁਰੂ ਅਮਰਦਾਸ ਦਾ ਜੀਵਨ-ਦਰਸ਼ਨ ਗੁਰਮਤਿ ਸਹਜ-ਮਾਰਗ ਦਾ ਧਾਰਨੀ ਹੈ, ਇਸਲਈ ਉਨ੍ਹਾਂ ਬ੍ਰਹਮ, ਪ੍ਰਭੂ, ਗਿਆਨ, ਸਹਜ ਜਾਂ ਅਨੰਦ ਦੀ ਪ੍ਰਾਪਤੀ ਲਈ ਘਰ-ਬਾਰ ਛੱਡ ਕੇ ਜੰਗਲਾਂ ਵਿੱਚ ਜਾਣ ਦੇ ਉਲਟ ਗ੍ਰਿਹਸਥ ਵਿੱਚ ਰਹਿੰਦੇ ਹੋਇਆਂ ਉਦਾਸ ਰਹਿਣ ਦਾ ਹੀ ਉਪਦੇਸ਼ ਦਿੱਤਾ ਹੈ। ਕਿਉਂਕਿ ਗੁਰੂ ਅਮਰਦਾਸ ਬਾਹਰਮੁਖੀ-ਅਡੰਬਰਾਂ ਅਤੇ ਭੇਖਾਂ ਦੀ ਥਾਂ ਸਭ ਧਰਮਾਂ ਵਿੱਚ ਵਿਆਪਕ ਸੱਚ ਅਤੇ ਸੰਜਮ ਦੀ ਕਰਣੀ ਨੂੰ ਅਪਣਾਉਣ ਉੱਤੇ ਜ਼ੋਰ ਦਿੰਦੇ ਹਨ, ਇਸਲਈ ਉਨ੍ਹਾਂ ਦੀ ਵਿਚਾਰਧਾਰਾ ਦੁਨੀਆਂ ਵਿੱਚੋਂ ਝੂਠ-ਫ਼ਰੇਬ ਅਤੇ ਬਾਹਰਮੁਖੀ-ਅਡੰਬਰਾਂ ਨੂੰ ਖ਼ਤਮ ਕਰਕੇ ਮਨੁੱਖੀ-ਸਮਾਜ ਨੂੰ ਆਦਰਸ਼-ਭਾਈਚਾਰੇ ਵਿੱਚ ਬਦਲਣ ਦੀ ਸਮਰੱਥਾ ਰੱਖਦੀ ਹੈ।

ਗੁਰੂ ਅਮਰਦਾਸ ਦੀ ਬਾਣੀ ਵਿੱਚ "ਸੱਚੀ-ਲਿਵ" ਉੱਤੇ ਭੀ ਬਹੁਤ ਬਲ ਦਿੱਤਾ ਗਿਆ ਹੈ। ਸੱਚੀ-ਲਿਵ ਤੋਂ ਬਿਨਾ ਉਨ੍ਹਾਂ ਮਨੁੱਖਾ-ਦੇਹ (ਜਾਂ ਮਨੁੱਖਾ-ਜੀਵਨ) ਨੂੰ ਨਿਮਾਣੀ ਜਾਂ ਤੁੱਛ ਆਖਿਆ ਹੈ। ਇਸਦੇ ਉਲਟ ਸੱਚੀ-ਲਿਵ ਦੁਆਰਾ ਇਹੋ ਦੇਹੀ ਜਾਂ ਇਹੋ ਜੀਵਨ ਸਹਜ-ਅਨੰਦ, ਨਿਰਵਾਣ, ਦਸਮ-ਦੁਆਰ, ਅਨਹਦ ਆਦਿਕ ਸਰਬ-ਸ੍ਰੇਸ਼ਟ ਅਵਸਥਾਵਾਂ ਦਾ ਅਧਿਕਾਰੀ ਹੋ ਜਾਂਦਾ ਹੈ। ਕਿਉਂਕਿ ਆਧੁਨਿਕ-ਯੁਗ ਵਿੱਚ ਸੱਚੀ-ਲਿਵ ਨਾ ਹੋਣ ਦੇ ਬਰਾਬਰ ਹੈ, ਇਸੇਲਈ ਪਦਾਰਥਕ-ਵਿਕਾਸ ਦੇ ਹੁੰਦੇ ਹੋਇਆਂ ਭੀ ਮਨੁੱਖ ਦੁਖੀ ਹੈ। ਸੋ ਗੁਰੂ ਅਮਰਦਾਸ ਦੀ ਵਿਚਾਰਧਾਰਾ ਸੱਚੀ-ਲਿਵ ਦਾ ਪ੍ਰਚਾਰ ਕਰਦੀ ਹੋਈ ਜਿੱਥੇ ਅਧਿਆਤਮਕ-ਜੀਵਨ ਦੀ ਪ੍ਰੇਰਨਾ-ਸਰੋਤ ਬਣ ਸਕਦੀ ਹੈ, ਉੱਥੇ ਇਸ ਦੁਆਰਾ ਅਜੋਕੇ-ਸਮਾਜ ਵਿੱਚੋਂ ਲਬ, ਲੋਭ ਅਤੇ ਕਾਮ-ਗ੍ਰਸਿਆ ਪਿਆਰ ਪਿੱਛੇ ਪੈ ਕੇ ਆਤਮਕ-ਰੰਗ ਵਾਲਾ ਆਦਰਸ਼-ਪਿਆਰ ਅੱਗੇ ਆ ਸਕਦਾ ਹੈ। ਇਸੇ ਆਦਰਸ਼-ਪਿਆਰ

ਦੁਆਰਾ ਇਕ ਪਤੀ ਆਦਰਸ਼-ਪਤੀ ਅਤੇ ਇਕ ਪਤਨੀ ਆਦਰਸ਼-ਪਤਨੀ ਬਣ ਕੇ "ਏਕ ਜੋਤਿ ਦੁਇ ਮੂਰਤੀ" ਦੇ ਸਿਧਾਂਤ ਅਨੁਸਾਰ ਗ੍ਰਿਹਸਥ ਵਿੱਚ ਰਹਿੰਦੇ ਹੋਏ ਭੀ ਸਹਜ-ਅਨੰਦ ਦੀ ਅਵੱਸਥਾ ਨੂੰ ਪ੍ਰਾਪਤ ਹੋ ਸਕਦੇ ਹਨ।

ਮਨੁੱਖਵਾਦੀ ਦ੍ਰਿਸ਼ਟੀ ਤੋਂ ਗੁਰੂ ਅਮਰਦਾਸ ਦੀ ਬਾਣੀ ਵਿਚਲੇ ਵਿਚਾਰਾਂ ਦਾ ਬਹੁਤ ਮਹੱਤਵ ਹੈ। ਉਨ੍ਹਾਂ ਜਾਤ-ਪਾਤ, ਵਰਣ-ਭੇਦ ਅਤੇ ਊਚ-ਨੀਚ ਦੇ ਵਿਰੁਧ ਆਵਾਜ਼ ਉਠਾ ਕੇ ਸਾਰੀ ਦੁਨੀਆਂ ਨੂੰ ਇੱਕੋ ਬ੍ਰਹਮ ਦੀ ਅੰਸ਼ ਦੱਸਿਆ ਹੈ। ਉਨ੍ਹਾਂ ਦੇ ਸਮੇਂ ਭੀ ਗੁਰੂ ਨਾਨਕ ਦੇ ਸਮੇਂ ਵਾਂਗ ਹੀ ਇਸਤ੍ਰੀ-ਜਾਤੀ ਦੀ ਹਾਲਤ ਤਰਸ-ਯੋਗ ਸੀ। ਉਸਨੂੰ (ਕਈ ਜਾਤੀਆਂ ਵਿੱਚ) ਮਰਦ ਦੀ ਮਿਰਤੂ ਸਮੇਂ ਨਾਲ ਹੀ ਚਿਤਾ ਤੇ ਚੜ੍ਹਨਾ ਪੈਂਦਾ ਸੀ। ਸੋ ਗੁਰੂ ਅਮਰਦਾਸ ਨੇ ਇਸਤ੍ਰੀ-ਜਾਤੀ ਦੇ ਉਧਾਰ ਲਈ ਇਤਨੀ ਜ਼ੋਰਦਾਰ ਆਵਾਜ਼ ਨਾਲ "ਸਤੀ ਦੀ ਰਸਮ" ਨੂੰ ਬੰਦ ਕਰਨ ਬਾਰੇ ਵਿਚਾਰ ਪਰਗਟ ਕੀਤੇ, ਕਿ ਉਨ੍ਹਾਂ ਤੋਂ ਕੁਝ ਸਮਾਂ ਪਿੱਛੋ ਹੀ ਅਕਬਰ ਨੂੰ ਜਬਰੀ-ਸਤੀ ਹੋਣ ਬਾਰੇ ਕਾਨੂੰਨ ਪਾਸ ਕਰਨਾ ਪੈ ਗਿਆ। ਸਤੀ ਦੀ ਰਸਮ ਦੇ ਵਿਰੁਧ ਆਵਾਜ਼ ਉਠਾਉਣ ਵਾਲਿਆਂ ਵਿੱਚ ਗੁਰੂ ਅਮਰਦਾਸ ਦਾ ਨਾਮ ਸੁਨਹਿਰੀ-ਅੱਖਰਾਂ ਵਿੱਚ ਲਿਖਿਆ ਜਾਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਇਸ ਰਸਮ ਦੇ ਵਿਰੁਧ ਉਸ ਸਮੇਂ ਆਵਾਜ਼ ਉਠਾਈ ਜਦੋਂ ਬਾਕੀ ਭਗਤ-ਕਵੀ ਲਗਪਗ ਚੁੱਪ ਸਨ।

ਅਖੀਰ ਤੇ ਇਹ ਸੰਕੇਤ ਕਰਨਾ ਭੀ ਜ਼ਰੂਰੀ ਹੈ, ਕਿ ਗੁਰੂ ਅਮਰਦਾਸ ਦੇ ਮਨੁੱਖਵਾਦੀ-ਵਿਚਾਰਾਂ ਦਾ ਆਧੁਨਿਕ-ਯੁੱਗ ਵਿੱਚ ਭੀ ਬਹੁਤ ਮਹੱਤਵ ਹੈ। ਪੂਰਬ ਅਤੇ ਪੱਛਮ ਦੋਹੀਂ ਥਾਈਂ ਅੱਜ ਭੀ ਰੰਗ, ਨਸਲ ਅਤੇ ਜਾਤ-ਪਾਤ ਤੋਂ ਛੁੱਟ ਅਮੀਰ-ਗਰੀਬ ਅਤੇ ਹਾਕਮ-ਮਹਿਕੂਮ ਦੇ ਝਗੜੇ ਆਏ ਦਿਨ ਛਿੜੇ ਰਹਿੰਦੇ ਹਨ। ਇਨ੍ਹਾਂ ਝਗੜਿਆਂ ਦੇ ਪਿੱਛੇ ਮਨੁੱਖ ਦਾ ਸੁਆਰਥ ਅਤੇ ਅਗਿਆਨ ਹੈ। ਲੋੜ ਹੈ, ਕਿ ਮਨੁੱਖ ਆਪਣੇ ਅਸਲੇ ਨੂੰ ਪਹਿਚਾਣੇ। ਗੁਰੂ ਅਮਰਦਾਸ ਮਨੁੱਖੀ-ਮਨ ਨੂੰ ਬਾਰ ਬਾਰ ਆਖਦੇ ਹਨ, ਕਿ ਤੂੰ ਜੋਤਿ-ਸਰੂਪ ਹੈਂ ਅਤੇ ਆਪਣੇ ਮੂਲ ਨੂੰ ਪਛਾਣ। ਜਦੋਂ ਗੁਰਸ਼ਬਦ ਦੁਆਰਾ ਮਿਲੀ ਰੌਸ਼ਨੀ ਨਾਲ ਮਨੁੱਖ ਨੇ ਆਪਣੇ ਅਸਲੇ ਨੂੰ ਪਛਾਣ ਲਿਆ, ਤਾਂ ਉਸਨੂੰ ਬਾਕੀ ਦੀ ਦੁਨੀਆਂ ਭੀ ਇੱਕੋ-ਬ੍ਰਹਮ ਦੀ ਹੀ ਅੰਸ਼ ਨਜ਼ਰ ਆਉਣ ਲੱਗ ਪਵੇਗੀ। ਫਿਰ ਉਹ ਧੜੇਬੰਦੀ ਤੋਂ ਉੱਚਾ ਉਠ ਕੇ ਗੁਰੂ ਅਮਰਦਾਸ ਵਾਂਗ ਰੱਬ ਦੀ ਦਰਗਾਹ ਵਿੱਚ ਇਹੋ ਅਰਦਾਸ ਕਰੇਗਾ, ਕਿ ਜਿਸਤਰ੍ਹਾਂ ਭੀ ਹੋ ਸਕੇ, ਤ੍ਰਿਸ਼ਨਾ ਦੀ ਅੱਗ ਵਿੱਚ ਸੜ ਰਹੇ ਜਗਤ ਨੂੰ ਬਚਾ ਲੈ। ਧਰਮ, ਦੁਆਰ, ਸੰਪ੍ਰਦਾਏ, ਧੜਾ ਜਾਂ ਪਾਰਟੀ ਗੁਰੂ ਅਮਰਦਾਸ ਦੇ ਸਰਬ-ਸਾਂਝੇ-ਦ੍ਰਿਸ਼ਟੀਕੋਣ ਨੂੰ ਕੈਦ ਨਹੀਂ ਕਰ ਸਕਦੇ, ਕਿਉਂਕਿ ਗੁਰੂ ਅਮਰਦਾਸ ਮਨੁੱਖੀ-ਸਰੀਰ ਨੂੰ "ਹਰਿਮੰਦਰ" ਆਖਕੇ ਉਸਦਾ ਸਤਿਕਾਰ ਕਰਦੇ ਹਨ। ਇਹੋ ਵਿਅਕਤੀ ਦੇ ਸਤਿਕਾਰ ਦਾ ਭੇਤ ਹੈ। ਇਸੇਤਰ੍ਹਾਂ ਸਾਰੇ ਵਿਅਕਤੀਆਂ ਵਿੱਚ ਵਿਆਪਕ ਵਿਸ਼ਵ-ਆਤਮਾ ਦਾ ਗਿਆਨ ਰੰਗ-ਰੂਪ, ਅੰਸ਼, ਨਸਲ ਅਤੇ ਵਰਣ-ਭੇਦ ਦੇ ਝਗੜੇ ਮਿਟਾ ਕੇ ਸਾਰੀ ਮਨੁੱਖਤਾ ਨੂੰ ਇਕ ਧਾਗੇ ਵਿੱਚ ਪਰੋ ਸਕਦਾ ਹੈ। ਪਰ ਅਜਿਹਾ ਤਾਂ ਹੀ ਹੋ ਸਕਦਾ ਹੈ, ਜੇਕਰ ਸਾਰੀ ਦੁਨੀਆਂ ਦੇ ਨੀਤੀਵਾਨ ਗੁਰੂ ਅਮਰਦਾਸ ਦੀਆਂ ਹੇਠ ਲਿਖੀਆਂ ਤੁਕਾਂ ਨੂੰ ਸਦਾ ਯਾਦ ਰੱਖਣ, ਕਿ:-

(ੳ) ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ।
(ਸੂਹੀ ਮ:3)[1]

(ਅ) ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ।
(ਰਾਮਕਲੀ ਮ:3 ਅਨੰਦੁ)[2]

***************************

1.ਆਦਿ-ਗ੍ਰੰਥ..........757
2.ਆਦਿ-ਗ੍ਰੰਥ...........922

## ਸਹਾਇਕ ਗ੍ਰੰਥਾਂ ਦੀ ਸੂਚੀ

### ਅੰਗ੍ਰੇਜ਼ੀ


1. Allport, Gordon W.--- Personality, 1959, London, Constable & Co. Ltd.

2. Apte, V.S.--- The Practical Sanskrit-English Dictionary, Part I (1957) and Part II (1958). (Prasad Prakashan, Poona)

3. Archer, J.C.---The Sikhs (1946 Edition).

4. Arnold Mathew---Essays in Criticism, 3rd Edition, London, Macmillan.

5. Bahri, Hardev---Lahandi Phonology. 1962, Allahabad, Bharati Press Publications.

6. Bailey, T. Graham---Studies in Northern Indian Languages, 1938, London, Lund Humphries & Co.

7. Bhatkhande, V.N.---A Comparative Study of Some of The Music Syste of the 15th, 16th, 17th and 18th Centuries, 1st Edition, Published by Dr.& Mrs. Malinibai Sukthankar, Malabar Hall, Bombay.

8. Bishan Swarup---Theory of Indian Music, 2nd Indian Edition (1950), Swarup Brothers, Allahabad.

9. Bloomfield, Leonard---Language, 1958, London, George Allen & Unwin Ltd.,

10. Bradley, A.C.---Oxford Lectures on English Poetry, 1950, London, Macmillan & Co. Ltd.,

11. Bradley, F.H.---Essays on Truth and Reality, 1950, Oxford, The Clarendon Press.

12. -do- Appearance and Reality, 1955, Oxford, The Clarendon Press.

13. Caudwell, Christopher---Illusion and Reality, 1956 (Indian Edition), New Delhi, People's Publishing House Ltd.,

14. Chase, Stuart---Power of Words, 1955, London, Phoenix House Ltd.,

15. Chatterji, Suniti Kumar---Indo Aryan and Hindi, 1st Edition (1942), Ahmedabad, Gujrat Vernacular Society.

16. Chhajju Singh, Bawa---The Ten Gurus and their teachings, 1903, Lahore, Punjab Printing Works.

17. Chopra, Pran Nath---Some Aspects of Society and Culture during the Mughal Age (1526-1707), 1963, Agra, Shiva Lal Agarwala & Co. (P) Ltd.,

18. Collins, J. Churton---Sidney's Apologie for Poetrie, 1947, Oxford, The Clarendon Press.

19. Cunningham, J.D.---A History of The Sikhs, Indian Edition(1955), Delhi, S. Chand & Company.

20. Danielou, Alain---Northern Indian Music(Vol.2), 1954, Barnet (Herthfordshire), Halcyon Press(Barnet) Ltd.,

21. Das Gupta, Surendranath---A History of Indian Philosophy(Vol.1), 1957, London, Cambridge University Press

22. Devaraja, N.K.---An Introduction to Shankara's Theory of Knowled 1962, Varanasi, Moti Lal Banarsi Dass.

23. Elias-A-Elias---English Arabic Dictionary, 10th Edition(1958), Cairo(Egypt), Elias Modern Press.

24. Eliot, T.S.---Selected Essays, 1963, London, Faber and Faber.

25. Elliot-Dowson---History of India(as told by its own Historians) Vol.No.V and Vol.No.VI, 1964, Allahabad, Kitab Mahal.

26. Encyclopaedia Americana, Vol.No.21 and Vol.No.26(1951 Edition), New York, Americana Corporation.

27. Encyclopaedia Brittanica, Vol.No.17 and Vol.No.21(1950 Edition), London, Encyclopaedia Brittanica Ltd.,

28. Encyclopaedia of Religion and Ethics(Edited by James Hasting's), Vol.No.11 and Vol.No.12 and also Vol.No.9(1954 Edition), Edinburg, T.& T. Clark.

29. Gongoly, O.C.---Ragas and Raginis, 1935, Nalanda Publishers, Bombay.

30. Greenlees, Duncan---The Gospel of The Guru Granth Sahib, 1952, Adyar, Theosophical Publishing House.

31. Grierson, George Abraham---Linguistic Survey of India, Vol.No. I Part I(1927), Vol.No.8 Part I(1919) and Vol.No.IX Part I(1916), Calcutta, Supdt., Govt. Printing.

32. Gune, P.D.---An Introduction to Comparative Philology(Edited by N.P.Gune), 1950, Poona, Poona Oriental Book House.

33. Gurrey, P.---The Appreciation of Poetry, 1955, London, Oxford University Press.

34. Hemchandra Ray Chaudhri---Materials for the Study of the Early History of the Vaishnava Sect, 2nd Edition(1936), University of Calcutta.

35. Huxley, Aldous---The doors of Perception, 1954, Harper & Brothers, New York.

36. Ibbetson, Denzil and Maclagan, Edward---A Glossory of The Tribes and Castes of Panjab & N.W.F.P.(Vol.I), 1919, Lahore, Supdt., Govt. Printing, Panjab.

37. Imperial Gazetteer of India (Vol.5), 1908, Oxford, Clarendon Press.

38. Jesperson, Otto---Language, 1954, London, George Allen & Unwin Ltd.

39. Jodh Singh---Life of Guru Amar Dass Ji, 1953, Ludhiana, Lahore Book Shop.

40. -do- Some Studies in Sikhism, 1953, Ludhiana, Lahore Book Shop.

41. Jogindra Singh & Raja Daljit Singh---Guru Nanak (1st Edition), New Delhi, The Unity Publishers.

42. Katre, S.M.---Some Problems of Historical Linguistics in Indo-Aryan, 1944, University of Bombay.

43. Khazan Singh---History and Philosophy of the Sikh Religion (Part I), 1914, Lahore, Nawalkishore Press.

44. Khushwant Singh---The Sikhs, 1953, London, George Allen & Unwin Ltd.,

45. Kohli, Surindar Singh---A Critical Study of Adi Granth, 1961, New Delhi, The Punjabi Writers' Cooperative Industrial Society Ltd.,

46. -do- Outlines of the Sikh Thought, 1966, New Delhi, Punjabi Prakashak.

47. Kreuzer, James R.---Elements of Poetry, 1955, Macmillan & Co. Ltd.,

48. Lane, Edward William---Arabic-English Lexicon (Book I Part VI), New York, Fredrick Ungar Publishing Co.

49. Latif, Syed Mohammad---History of Panjab, 1891, Calcutta, Calcutta Central Press Co. Ltd.,

50. Lewis, C. Day---The Poetic Image, 1951, London, Jonathan Cape.

51. Leyden, John & William Erskine---The Memoirs of Zahir-ud-Din Muhammad Babar (Vol. I), 1921, Humphry Millford, Oxford University Press.

52. Macauliffe, M.A.---The Sikh Religion (Vol. No. 2 and 3), 1909, Oxford, The Clarendon Press.

53. Macdonell, Arthur Anthony---A Vedic Grammar, Indian Edition (1958), Oxford University Press.

54. May, Rollo---Symbolism in Religion and Literature, 1960, New York.

55. Mohan Singh---History of Panjabi Literature, 2nd Edition, 1956, Amritsar, Kasturi Lal & Sons.

56. -do- An Introduction to Panjabi Literature, 1951, Amritsar, Nanak Singh Pustakmala.

57. Munshi, K.M.---Living Biographies of Religious Leaders, 1959, Bombay, Bhartiya Vidya Bhavan.

58. Muralydhar BanerjiX---The Desinama Mala of HemaChandra (Edited with the help of two Mss. of Pischel's edition of 1880), 1930, Calcutta University Press.

59. Nagaraja, P.Rao---Introduction to Vedanta, 1958, Bombay, Bharatiya Vidya Bhavan.

60. Narang, GokalChand---Transformation of Sikhism, 1956, New Delhi, New Book Society of India.

61. Peace, M.L.---Shri Guru Amar Das, 1960, Published by Dr.D.S. Bhalla, Ferozepore.

62. Pei, Mario.A.---The World's Chief Languages, 1947, George Allen and Unwin Ltd.,

63. Pishcel, R.---Comparative Grammar of the Prakrit Languages (English Translation by S.Jha), 1957, Varanasi, Moti Lal Banarsi Das.

64. Prajnanananda, Swami---Historical Development of Indian Music, 1960, Calcutta, Firma K.L. Makhopadhyay.

65. Dr. Radhakrishnan, Sarvpalli---The Principal Upanisads, 1953, London, George Allen & Unwin Ltd.,

66. -do- The Hindu View of Life, 1948, London, London, George Allen & Unwin Ltd.,

67. Rawlinson, H.G.---India (A Short Cultural History), 1948, London, The Cresset Press.

68. Read, Herbert---Selected Writings, 1963, London, Faber and Faber.

69. Russel, Bertrand---The Conquest of Happiness, 1960, London, George Allen & Unwin Ltd.,

70. Sambamoorthy, P.---History of Indian Music, 1960, Madras, The Indian Music Publishing House.

71. Schlauch, Margaret---The Gift of Tongues, 1945, New York, The Viking Press.

72. Senior, John---Way down and Way Out (The Occult in Symbolist Literature), 1959, New York, Cornell University Press

73. Sewaram Singh---The Divine Master, 1930, Lahore, Rai Sahib M.Gulab Singh & Sons.

74. Sher Singh---Philosophy of Sikhism, 1943, Lahore, Sikh University Press.

75. Sircar, Dines Chandra---A Grammar of the Prakrit Language, 1943, University of Calcutta.

76. Steingass, F.---A Comprehensive PersianEnglish Dictionary, 4th Edition(1957), London, Routledge & Kegan Paul Ltd.,

77. Susil Gupta- The Sikh Religion(A Symposium by Macauliffe, Malcolm and others), 1958, Calcutta, Susil Gupta (India) Pvt. Ltd.,

78. Tagare, Ganesh Vasudev---Historical Grammar of Apbhramsa, 1st Edition(1948), Daccan College Post Graduate Research Institute, Poona.

79. Tara Chand---Influence of Islam on Indian Culture, 1954, Allahabad, The Indian Press(Publications) Ltd.,

80. Teja Singh & Ganda Singh---A Short History of the Sikhs(Vol.1 1950, Bombay, Orient Longmans Ltd.,

81. Teja Singh---Essays in Sikhism, 1944, Lahore, Sikh University Press.

82. Trumpp, Ernest---Adi Granth, 1877, London, W.M.H. Allen & Co.

83. Underhill, Evelyn---Mysticism, 1957 Edition, London, Methuen and Co. Ltd.,

84. Urban, Wilbur Marshall---Language and Reality, 1939, London, George Allen & Unwin Ltd.,

85. Vendryes, J.---Language(Translated by Paul Radin), 1952, London, Routledge & Kegan Paul Ltd.,

86. Vossler, Karl---The Spirit of Language in Civilization (Translated by Oscar Oeser), 1951, London, Routledge & Kegan Paul Ltd.,

87. Werner, Hein & Bernard Kaplan---Symbol Formation, 1963, New York, John Wiley & Sons.

88. Whalley, George---Poetic Process, 1953, Routledge & Kegan Paul.

89. Whitney, William Dwight---Sanskrit Grammar, 1950, Oxford University Press.

90. Wispits, Lewis---The Religious Renaissance of the German Humanists, 1963, Cambridge, Harvard University Press.

91. Woodroffe, John---Shakti and Shakta, 2nd Edition, 1920, London, Luzac and Co.

92. Yutang, Lin----The Wisdom of India, 1949, London, Michael Joseph Ltd.,

## ਪੰਜਾਬੀ

93. ਆਦਿ-ਗ੍ਰੰਥ(1430 ਪੰਨਿਆਂ ਵਾਲੀ ਬੀੜ)।

94. ਆਦਿ-ਗ੍ਰੰਥ(ਫ਼ਰੀਦਕੋਟੀ ਟੀਕਾ)—ਮਹਾਰਾਜਾ ਫ਼ਰੀਦਕੋਟ, ਫ਼ਰੀਦਕੋਟ, 1963 ਬਿਕ੍ਰਮੀ।

95. ਅਮੀਰ ਸਿੰਘ, ਗਿਆਨੀ ਅਤੇ ਕ੍ਰਿਪਾਲ ਸਿੰਘ, ਗਿਆਨੀ—ਅਨੰਦ ਸਾਗਰ, ਪਹਿਲੀ ਐਡੀਸ਼ਨ(1959), ਪ੍ਰਕਾਸ਼ਕ: ਜਵਾਹਰ ਸਿੰਘ ਕ੍ਰਿਪਾਲ ਸਿੰਘ(ਅੰਮ੍ਰਿਤਸਰ)।

96. ਅਰੁਨ, ਵਿਦਿਆ ਭਾਸਕਰ—ਪੰਜਾਬੀ ਭਾਸ਼ਾ ਦਾ ਇਤਿਹਾਸ, 1956, ਲੁਧਿਆਣਾ, ਪੰਜਾਬੀ ਸਾਹਿਤ ਅਕਾਡਮੀ।

97. ਸਾਈਂਦਾਸ ਮਸੰਦ— ਵੱਡੀ ਜਨਮ-ਸਾਖੀ ਬਾਬਾ ਹੰਦਾਲ(ਛੰਦਬੰਦ), 1912, ਜੰਡਿਆਲਾ, ਨਿਰੰਜਨੀਆਂ ਪੰਥ।

98. ਸਾਹਿਬ ਸਿੰਘ—ਗੁਰਬਾਣੀ ਵਿਆਕਰਣ, 1951, ਅੰਮ੍ਰਿਤਸਰ(ਪ੍ਰਕਾਸ਼ਕ ਪ੍ਰੋ: ਸਾਹਿਬ ਸਿੰਘ)।

99. ਸੇਖੋਂ, ਸੰਤ ਸਿੰਘ—ਪੰਜਾਬੀ ਬੋਲੀ ਦਾ ਇਤਿਹਾਸ, 1961, ਭਾਸ਼ਾ-ਵਿਭਾਗ, ਪਟਿਆਲਾ।

100. " " "—ਪੰਜਾਬੀ ਕਾਵ ਸ਼ਿਰੋਮਣੀ, 1964(ਪਹਿਲੀ ਐਡੀਸ਼ਨ), ਲੁਧਿਆਣਾ, ਲਾਹੌਰ ਬੁਕ ਸ਼ਾਪ।

101. ਸੰਤੋਖ ਸਿੰਘ ਭਾਈ— ਗੁਰਪ੍ਰਤਾਪ ਸੂਰਜ ਗ੍ਰੰਥ(ਭਾਈ ਵੀਰ ਸਿੰਘ ਦੁਆਰਾ ਸੰਪਾਦਿਤ), ਪ੍ਰਕਾਸ਼ਕ: ਖਾਲਸਾ ਸਮਾਚਾਰ, ਅੰਮ੍ਰਿਸਰ, 1954(ਤੀਜੀ ਐਡੀਸ਼ਨ)।

102. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ—ਪੋਥੀ ਪਹਿਲੀ(ਦੂਜੀ ਐਡੀਸ਼ਨ), 1944, ਲਾਹੌਰ, ਸ਼ਬਦਾਰਥ ਗੁਰਬਾਣੀ ਟ੍ਰਸਟ।
ਪੋਥੀ ਦੂਜੀ(ਦੂਜੀ ਐਡੀਸ਼ਨ), 1945, ਲਾਹੌਰ, .....ਪੁਨਾ
ਪੋਥੀ ਤੀਜੀ(ਤੀਜੀ ਐਡੀਸ਼ਨ), 1956, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਅੰਮ੍ਰਿਤਸਰ)।
ਪੋਥੀ ਚੌਥੀ(ਤੀਜੀ ਐਡੀਸ਼ਨ), 1957, ਅੰਮ੍ਰਿਤਸਰ.....ਪੁਨਾ

103. ਹਜ਼ਾਰਾ ਸਿੰਘ, ਗਿਆਨੀ—ਟੀਕਾ ਵਾਰਾਂ ਭਾਈ ਗੁਰਦਾਸ, 1951, ਪ੍ਰਕਾਸ਼ਕ: ਖਾਲਸਾ ਸਮਾਚਾਰ(ਅੰਮ੍ਰਿਤਸਰ)।

104. ਪੰਜਾਬੀ ਹੱਥਲਿਖਤਾਂ ਦੀ ਸੂਚੀ—(ਭਾਗ ਦੂਜਾ)—1963, ਭਾਸ਼ਾ ਵਿਭਾਗ(ਪਟਿਆਲਾ)।

105. ਕਾਹਨ ਸਿੰਘ, ਭਾਈ—ਗੁਰਸ਼ਬਦ ਰਤਨਾਕਰ ਮਹਾਨ ਕੋਸ਼(ਦੂਜੀ ਐਡੀਸ਼ਨ), 1960, ਪਟਿਆਲਾ, ਭਾਸ਼ਾ-ਵਿਭਾਗ

106. " " " —ਗੁਰੁਛੰਦ ਦਿਵਾਕਰ(ਪਹਿਲੀ ਐਡੀਸ਼ਨ), ਪ੍ਰਕਾਸ਼ਕ: ਦਰਬਾਰ ਨਾਭਾ

107. " " " —ਗੁਰਸ਼ਬਦ ਅਲੰਕਾਰ(ਪਹਿਲੀ ਐਡੀਸ਼ਨ)।

108. " " " —ਗੁਰਮਤਿ ਪ੍ਰਭਾਕਰ, ਪ੍ਰਕਾਸ਼ਕ: ਗੁਰਮਤਿ ਪ੍ਰੈਸ(ਅੰਮ੍ਰਿਤਸਰ)।

109. " " " —ਗੁਰਮਤਿ ਸੁਧਾਕਰ, .......ਪੁਨਾ

110. ਕੋਹਲੀ, ਸੁਰਿੰਦਰ ਸਿੰਘ—ਪੰਜਾਬੀ ਸਾਹਿਤ ਦਾ ਇਤਿਹਾਸ(ਤੀਜੀ ਐਡੀਸ਼ਨ), 1950, ਲੁਧਿਆਣਾ, ਲਾਹੌਰ ਬੁਕ [illegible] ਸ਼ਾਪ।

111. ਗਿਆਨ ਸਿੰਘ, ਗਿਆਨੀ—ਪੰਥ-ਪ੍ਰਕਾਸ਼।

112. ਗੁਰਦਾਸ, ਭਾਈ—ਵਾਰਾਂ(ਸੰਪਾਦਿਤ), ਪ੍ਰਕਾਸ਼ਕ: ਖਾਲਸਾ ਸਮਾਚਾਰ(ਅੰਮ੍ਰਿਤਸਰ), 1951 ਐਡੀਸ਼ਨ।

113. ਗੁਰਮਤਿ ਸੰਗੀਤ ਨਿਰਣਯ(ਪੰਜ ਭਾਗ), 1958 ਐਡੀਸ਼ਨ, ਅੰਮ੍ਰਿਤਸਰ, ਚੀਫ਼ ਖਾਲਸਾ ਦੀਵਾਨ।

114. ਗੋਪਾਲ ਸਿੰਘ—ਪੰਜਾਬੀ ਸਾਹਿਤ ਦਾ ਇਤਿਹਾਸ(ਤੀਜੀ ਐਡੀਸ਼ਨ), 1952, ਦਿੱਲੀ, ਜਸਵੰਤ ਪਬਲੀਕੇਸ਼ਨਜ਼।

115. " " —ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ-ਵਿਸ਼ੇਸ਼ਤਾ, 1958, ਦਿੱਲੀ, ਪੰਜਾਬੀ ਐਕਾਡੇਮੀ।

116. ਜੱਗੀ, ਰਤਨ ਸਿੰਘ—ਗੁਰੂ ਨਾਨਕ ਬਾਣੀ (ਸੰਪਾਦਿਤ), 1968, ਮਦਾਨ ਪਬਲਿਸ਼ਰਜ਼ (ਪਟਿਆਲਾ)।

117. ਠਾਕਰ ਸਿੰਘ, ਗਿਆਨੀ—ਸ੍ਰੀ ਗੁਰਦੁਆਰੇ ਦਰਸ਼ਨ, 1934, ਅੰਮ੍ਰਿਤਸਰ।

118. ਤਾਰਨ ਸਿੰਘ— ਸਹਿਜ ਤੇ ਅਨੰਦ (ਪਹਿਲੀ ਐਡੀਸ਼ਨ), ਅੰਮ੍ਰਿਤਸਰ, ਫ਼ਕੀਰ ਸਿੰਘ ਐਂਡ ਸਨਜ਼।

119. " " —ਗੁਰੂ ਨਾਨਕ, ਚਿੰਤਨ ਤੇ ਕਲਾ, 1963, ਅੰਮ੍ਰਿਤਸਰ, ਕਸਤੂਰੀ ਲਾਲ ਐਂਡ ਸਨਜ਼।

120 " " —ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ-ਇਤਿਹਾਸ, 1963 (ਪਹਿਲੀ ਐਡੀਸ਼ਨ)।

121. ਤੇਜਾ ਸਿੰਘ, ਪ੍ਰਿੰਸੀਪਲ—ਸਾਹਿਤ ਦਰਸ਼ਨ, 1951, ਪਟਿਆਲਾ, ਪ੍ਰਕਾਸ਼ ਪੁਸਤਕਾਲਾ।

122. " " " — ਸ਼ਬਦਾਂਤਕ ਲਗਾਂ-ਮਾਤ੍ਰਾ ਦੇ ਗੁੱਝੇ ਭੇਦ, 1949 ਐਡੀਸ਼ਨ।

123. ਤੇਜਾ ਸਿੰਘ, ਸੋਢੀ— ਜੀਵਨ ਗੁਰੂ ਅਮਰਦਾਸ ਜੀ (ਪਹਿਲੀ ਐਡੀਸ਼ਨ), ਅੰਮ੍ਰਿਤਸਰ।

124. ਦੁਨੀ ਚੰਦ—ਪੰਜਾਬੀ ਵਿਆਕਰਣ, 1964, ਪ੍ਰਕਾਸ਼ਕ: ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨਜ਼ ਬਿਊਰੋ, ਚੰਡੀਗੜ੍ਹ।

125. ਪੂਰਨ ਸਿੰਘ—ਖੁਲ੍ਹੇ ਲੇਖ, 1952 ਐਡੀਸ਼ਨ, ਅਤਰ ਚੰਦ ਕਪੂਰ ਐਂਡ ਸਨਜ਼ (ਦਿੱਲੀ)।

126. ਪ੍ਰੇਮ ਪ੍ਰਕਾਸ਼ ਸਿੰਘ—ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪਹਿਲੀ ਐਡੀਸ਼ਨ (1955), ਲੁਧਿਆਣਾ, ਲਾਹੌਰ ਬੁਕ ਸ਼ਾਪ।

127. ਬਿਸ਼ਨ ਸਿੰਘ, ਸਾਹਬ ਸਿੰਘ, ਪਹੌੜੀ-ਵਾਲੇ—ਮਹਿਮਾ ਪ੍ਰਕਾਸ਼ (ਸ੍ਰੀ ਗੁਰੂ ਅਮਰਦੇਵ), ਪਹਿਲੀ ਐਡੀਸ਼ਨ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ।

128. ਬੇਦੀ, ਕਾਲਾ ਸਿੰਘ—ਗੁਰੂ ਨਾਨਕ ਦਰਸ਼ਨ, 1965, ਦਿੱਲੀ, ਪੰਜਾਬੀ ਪ੍ਰਕਾਸ਼ਕ।

129. ਭੰਗੂ, ਰਤਨ ਸਿੰਘ— ਪੰਥ ਪ੍ਰਕਾਸ਼।

130. ਰਣਧੀਰ ਸਿੰਘ, ਭਾਈ— ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣਯ (ਪਹਿਲੀ ਐਡੀਸ਼ਨ)।

131. ਰਣਧੀਰ ਸਿੰਘ, ਰੀਸਰਚ-ਸਕਾਲਰ—ਉਦਾਸੀ ਸਿੱਖਾਂ ਦੀ ਵਿਥਿਆ (ਪਹਿਲੀ ਐਡੀਸ਼ਨ), 2016 ਬਿਕ੍ਰਮੀ, ਅੰਮ੍ਰਿਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

132. ਵੀਰ ਸਿੰਘ, ਭਾਈ—ਸ਼ਬਦਾਰਥ ਅਤੇ ਪ੍ਰਯਾਵਾਂ "ਗੁਰਪ੍ਰਤਾਪ ਸੂਰਜ-ਗ੍ਰੰਥ (ਕ੍ਰਿਤ ਕਵੀ ਸੰਤੋਖ ਸਿੰਘ), 1954 ਅੰਮ੍ਰਿਤਸਰ, ਖਾਲਸਾ ਸਮਾਚਾਰ।

## ਹਿੰਦੀ

133. ਸਕਸੈਨਾ, ਬਾਬੂ ਰਾਮ—ਸਾਮਾਨਯ ਭਾਸ਼ਾ-ਵਿਗਿਆਨ (ਪੰਜਵੀਂ ਐਡੀਸ਼ਨ), ਪ੍ਰਯਾਗ, ਹਿੰਦੀ ਸਾਹਿਤਯ ਸਮੇਲਨ।

134. ਸ਼ਿਆਮ ਸੁੰਦਰ ਦਾਸ—ਭਾਸ਼ਾ-ਵਿਗਿਆਨ (ਪੰਜਵੀਂ ਐਡੀਸ਼ਨ), 2007 ਬਿਕ੍ਰਮੀ, ਪ੍ਰਯਾਗ, ਇੰਡੀਅਨ ਪ੍ਰੈਸ ਲਿਮੇਟਿਡ।

135. ਸ਼ੁਕਲ, ਰਾਮ ਚੰਦ੍ਰ—ਹਿੰਦੀ ਸਾਹਿਤਯ ਕਾ ਇਤਿਹਾਸ, 2015 ਬਿਕ੍ਰਮੀ, ਕਾਂਸ਼ੀ, ਨਾਗਰੀ ਪ੍ਰਚਾਰਨੀ ਸਭਾ।

136. ਚਤੁਰਵੇਦੀ, ਪਰਸ਼ੁਰਾਮ—ਉੱਤਰੀ-ਭਾਰਤ ਕੀ ਸੰਤ-ਪਰੰਪਰਾ, 2008 ਬਿਕ੍ਰਮੀ, ਪ੍ਰਯਾਗ, ਭਾਰਤੀ ਭੰਡਾਰ।

137. ਜੈਰਾਮ ਮਿਸ਼ਰ—ਸ੍ਰੀ ਗੁਰੂ ਗ੍ਰੰਥ ਦਰਸ਼ਨ, 1960 ਇਲਾਹਾਬਾਦ, ਸਾਹਿਤਯ ਭਵਨ ਪ੍ਰਾਈਵੇਟ ਲਿਮੇਟਿਡ।

138.ਜੈਰਾਮ ਮਿਸ਼ਰ—ਨਾਨਕ ਵਾਣੀ,2018 ਬਿਕ੍ਰਮੀ,ਪ੍ਰਕਾਸ਼ਕ ਮਿਤ੍ਰ ਪ੍ਰਕਾਸ਼ਨ ਪ੍ਰਾਈਵੇਟ ਲਿਮੇਟਿਡ, ਇਲਾਹਾਬਾਦ ।

139.ਟੇਕਚੰਦ ਅਤੇ ਵੇਦਪਾਲ—ਆਦਰਸ਼ ਆਲੋਚਨ,1960, ਜਲੰਧਰ, ਰਾਜ ਪਬਲੇਸ਼ਰਜ਼(ਰਜਿਸਟਰਡ)।

140.ਤਿਵਾੜੀ,ਭੋਲਾ ਨਾਥ—ਭਾਸ਼ਾ ਵਿਗਿਆਨ,1867 ਇਲਾਹਾਬਾਦ,ਕਿਤਾਬ ਮਹੱਲ,ਇਲਾਹਾਬਾਦ ।

141.ਦਲੀਪ ਚੰਦਰ ਬੇਦੀ—"ਪੰਜਾਬ ਦਾ ਸੰਗੀਤ"(ਵੇਖੋ ਹਵਾਲਾ :ਭਾਰਤਯ ਸੰਗੀਤ ਕਾ ਇਤਿਹਾਸ)।

142.ਦਿਵੇਦੀ,ਹਜ਼ਾਰੀਪ੍ਰਸ਼ਾਦ—ਸਹਜ-ਸਾਧਨਾ,2020 ਬਿਕ੍ਰਮੀ,ਭੋਪਾਲ, ਮਧਯ ਪ੍ਰਦੇਸ਼ ਸਾਹਿਤਯ-ਪ੍ਰੀਸ਼ਦ ਭੁਪਾਲ)।

143.ਨਰੇਂਦਰ ਦੇਵ,ਆਚਾਰੀਆ—ਬੌਧ-ਧਰਮ ਦਰਸ਼ਨ,ਬਿਹਾਰ ਰਾਸ਼ਟਰ-ਭਾਸ਼ਾ [illegible] ਪਰਿਸ਼ਦ,ਪਟਨਾ, 1956 ਈਸਵੀ।

144.ਭਟਨਾਗਰ,ਰਾਮ ਰਤਨ—ਮਧਯ-ਯੁਗੀਨ ਵੈਸ਼ਨਵ ਸੰਸਕ੍ਰਿਤੀ ਔਰ ਤੁਲਸੀਦਾਸ,1962,ਦਿੱਲੀ, ਹਿੰਦੀ ਸਾਹਿਤਯ ਸੰਸਾਰ ।

145.ਬੜਥਵਾਲ,ਪੀਤਾਂਬਰ ਦੱਤ—ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ(ਅਨੁਵਾਦਕ:ਪਰਸ਼ੁਰਾਮ ਚਤੁਰਵੇਦੀ), ਲਖਨਊ,ਅਵਧ ਪਬਲੇਸ਼ਿੰਗ ਹਾਊਸ (ਪਹਿਲੀ ਐਡੀਸ਼ਨ)

146.ਭੋਲਾਦਾਸ ਪ੍ਰਗਿਆਰਖਸ਼ੂ(ਸੰਪਾਦਕ)—ਸੁਆਮੀ ਨਿਤੰਦ ਕ੍ਰਿਤ ਸਤਯ-ਸਿਧਾਂਤ "ਪ੍ਰਕਾਸ਼",ਦੂਜੀ ਐਡੀਸ਼ਨ, ਪ੍ਰਕਾਸ਼ਕ:ਭੋਲਾਦਾਸ ਪ੍ਰਗਿਆਰਖਸ਼ੂ,ਗ੍ਰਾਮ ਮਾਜਰਾ(ਜ਼ਿਲਾ ਰੁਹਤਕ)।

147.ਵਰਮਾ,ਧੀਰੇਂਦਰ—ਹਿੰਦੀ ਸਾਹਿਤਯ-ਕੋਸ਼(ਸੰਪਾਦਿਤ),2015 ਬਿਕ੍ਰਮੀ,ਵਾਰਾਨਸੀ,ਗਿਆਨ ਮੰਡਲ।

148. " "——ਹਿੰਦੀ ਸਾਹਿਤਯ(ਪ੍ਰਥਮ-ਖੰਡ ਕੀ ਭੂਮਿਕਾ),1962,ਪ੍ਰਯਾਗ,ਭਾਰਤੀਯ ਹਿੰਦੀ ਪ੍ਰੀਸ਼ਦ ।

149. " " —ਹਿੰਦੀ ਸਾਹਿਤਯ(ਦੂਸਰੇ ਖੰਡ ਕੀ ਭੂਮਿਕਾ),2015 ਬਿਕ੍ਰਮੀ,ਪ੍ਰਕਾਸ਼ਕ:..ਪੂਨਾ

150.ਸ਼ੁਕਲ,ਪ੍ਰੇਮ ਨਾਰਾਇਣ—ਸੰਤ ਸਾਹਿਤਯ, 1965,ਪ੍ਰਕਾਸ਼ਕ:ਗ੍ਰੰਥਮ(ਕਾਨ੍ਹਪੁਰ) ।


## ਸੰਸਕ੍ਰਿਤ


151.ਵਿਸ਼ਨੂੰ ਸਹਸ੍ਰਨਾਮ ਸਤੋਤ੍ਰਮ—ਗੀਤਾ ਪ੍ਰੈਸ(ਗੋਰਖਪੁਰ) ।

152.ਵਿਸ਼ਵਨਾਥ,ਆਚਾਰੀਆ—ਸਾਹਿਤਯ ਦਰਪਨ(ਹਿੰਦੀ ਟੀਕਾ—ਟੀਕਾਕਾਰ ਡਾ:ਸਤਯਵ੍ਰਤ),1957, ਚੌਖੰਭਾ ਵਿਦਿਆ ਭਵਨ,ਵਾਰਾਨਸੀ ।

153.ਸ਼੍ਰੀਮਦ ਭਗਵਤ ਗੀਤਾ—ਗੀਤਾ ਪ੍ਰੈਸ(ਗੋਰਖਪੁਰ),2007 ਬਿਕ੍ਰਮੀ ।


## ਉਰਦੂ


154. ਮਸਊਦ-ਉਲ-ਹਸਨ ਸਦੀਕੀ(ਸੰਪਾਦਕ)— ਇੰਤਖ਼ਾਬ ਕਲਾਮ-ਇ-ਦਾਗ਼, ਪ੍ਰਕਾਸ਼ਕ ਹਾਲੀ ਪਬਲੇਸ਼ਿੰਗ ਹਾਊਸ, ਦਿੱਲੀ,1960

155.ਪ੍ਰਤਾਪ ਸਿੰਘ—ਆਈਨਾ-ਇ-ਖੇਮਕਰਨ,ਖੇਮਕਰਨ,1925, ਪ੍ਰਕਾਸ਼ਕ ਪ੍ਰਤਾਪ ਸਿੰਘ ।

## ਹੱਥ-ਲਿਖਤ ਖਰੜੇ

156.ਮੋਹਸਨ ਫ਼ਾਨੀ ਰਚਿਤ ਦਬਿਸਤਾਨ-ਇ-ਮਜ਼ਾਹਿਬ (ਫ਼ਾਰਸੀ) ਖਰੜਾ ਨੰ:1353, ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ।

157. ਸੋਹਨ ਲਾਲ ਰਚਿਤ ਉਮਦਤੁਲ-ਤਵਾਰੀਖ਼(ਦਫ਼ਤਰ ਅੱਵਲ)(ਫ਼ਾਰਸੀ), ਖਰੜਾ ਨੰ:280 ਸਿੱਖ ਰੈਫ਼ਰੈਂਸ ਲਾਇਬ੍ਰੇਰੀ(ਅੰਮ੍ਰਿਤਸਰ) ।

158.ਸਰੂਪਦਾਸ ਭੱਲਾ ਰਚਿਤ ਮਹਿਮਾ-ਪ੍ਰਕਾਸ਼, ਖਰੜਾ ਨੰ:1151, ਸਿੱਖ ਰੈਫ਼ਰੈਂਸ ਲਾਇਬ੍ਰੇਰੀ(ਅੰਮ੍ਰਿਤਸਰ)।

159.ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀ-ਨਾਮਾ, ਖਰੜਾ ਨੰ:291, ਸਿੱਖ ਰੈਫ਼ਰੈਂਸ ਲਾਇਬ੍ਰੇਰੀ (ਅੰਮ੍ਰਿਤਸਰ)।

160.ਗੰਡਾ ਸਿੰਘ—ਮਾਖ਼ਜ਼ ਤਾਰੀਖ਼-ਇ-ਸਿੱਖਾਂ(ਉਰਦੂ), ਸਿੱਖ ਰੈਫ਼ਰੈਂਸ ਲਾਇਬ੍ਰੇਰੀ(ਅੰਮ੍ਰਿਤਸਰ)।

161.ਬਖ਼ਤ ਮੱਲ ਰਚਿਤ ਖ਼ਾਲਸਾ-ਨਾਮਾ(ਫ਼ਾਰਸੀ), ਖਰੜਾ ਨੰ:1006(1006), ਸਟੇਟ ਆਰਕਾਈਵਜ਼ (ਪਟਿਆਲਾ)।

162.ਕਵੀ ਬੀਰ ਸਿੰਘ ਰਚਿਤ ਗੁਰਕੀਰਤ ਪ੍ਰਕਾਸ਼, ਖਰੜਾ ਨੰ:682, ਸਟੇਟ ਆਰਕਾਈਵਜ਼(ਪਟਿਆਲਾ)।

163.ਅਨੰਦ-ਘਨ ਉਦਾਸੀ ਸਕੂਲ ਨਾਲ ਸੰਬੰਧਤ "ਅਨੰਦ ਅਰਥ"—ਖਰੜਾ ਨੰ:691(ਜਿਸ ਵਿੱਚ ਅਨੰਦ-ਅਰਥ ਭੀ ਸ਼ਾਮਿਲ ਹੈ), ਸਟੇਟ ਆਰਕਾਈਵਜ਼(ਪਟਿਆਲਾ)।

164.ਜਨਮ-ਸਾਖੀ ਭਾਈ ਬਾਲਾ(ਗੁਰੂ ਅਮਰਦਾਸ ਦੀ ਸਾਖੀ ਸਮੇਤ), ਖਰੜਾ ਨੰ:342, ਸਟੇਟ ਆਰਕਾਈਵਜ਼(ਪਟਿਆਲਾ)।

165.ਕਵੀ ਸਰੂਪਦਾਸ ਭੱਲਾ ਰਚਿਤ ਮਹਿਮਾ-ਪ੍ਰਕਾਸ਼, ਖਰੜਾ ਨੰ:176, ਭਾਸ਼ਾ ਵਿਭਾਗ(ਪਟਿਆਲਾ) ਲਾਇਬ੍ਰੇਰੀ ।

166.ਆਦਿ-ਬਾਣੀ ਤੇ ਸਾਖੀਆਂ(ਗੁਰੂ ਅਮਰਦਾਸ ਦੀਆਂ ਗੋਸ਼ਟਾਂ ਸਮੇਤ), ਖਰੜਾ ਨੰ:678, ਸੈਂਟਰਲ ਪਬਲਿਕ ਲਾਇਬ੍ਰੇਰੀ(ਪਟਿਆਲਾ)।

167.ਸਾਖੀਆਂ ਬਾਬਾ ਨਾਨਕ ਤੇ ਗੁਰੂ ਅਮਰਦਾਸ, ਖਰੜਾ ਨੰ:1173, ਪੰਜਾਬ ਯੂਨੀਵਰਸਿਟੀ(ਚੰਡੀਗੜ੍ਹ) ਲਾਇਬ੍ਰੇਰੀ।

168.ਸਿੱਖਾਂ ਦੀ ਭਗਤ-ਮਾਲ(ਰਚਿਤ ਭਾਈ ਮਨੀ ਸਿੰਘ), ਖਰੜਾ ਨੰ:1137, ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ(ਚੰਡੀਗੜ੍ਹ)।

169. Guru Nanak as a Poet-Dr.Taran Singh's Thesis approved for PhD, Panjab University Library, Mss. No. 294.553

170.ਕਵੀ ਸਰੂਪਦਾਸ ਭੱਲਾ ਰਚਿਤ ਮਹਿਮਾ-ਪ੍ਰਕਾਸ਼ ਹੱਥ-ਲਿਖਤ ਖਰੜਾ, ਭਾਈ ਵੀਰ ਸਿੰਘ ਪੁਸਤਕਾਲਯ(ਡੇਰ੍ਹਾਦੂਨ)।

171.ਆਦਿ-ਗ੍ਰੰਥ ਦੀਆਂ ਦੋ ਪ੍ਰਾਚੀਨ-ਬੀੜਾਂ(ਰਾਮ-ਰਾਏ ਦਰਬਾਰ, ਡੇਰ੍ਹਾਦੂਨ ਦਾ ਪੁਸਤਕਾਲਯ)।

## ਮਾਸਕ-ਪੱਤਰ

172. ਸੰਗੀਤ(ਹਿੰਦੀ)—ਵਿਸ਼ੇਸ਼-ਅੰਕ.........ਜਨਵਰੀ 1964

*.*.*.*.*.*.*.*.*.*.*.*.*.*.*.*.